# ਪੰਜਾਬੀ ਸਾਹਿਤ ਦਾ ਇਤਿਹਾਸ

(850–2017 ਈਸਵੀ)

## ਭਾਰਤੀ ਸਭਿਆਚਾਰ ਦੇ ਪ੍ਰਸੰਗ ਵਿਚ

# History of Punjabi Literature

(850-2017 A.D.)

with special reference to Indian culture

by

Dr.Tarsem Lal

File No. CCRT/SF-3/145/2015

## Senior Fellowship for 2013-2014

in the field of Literature, Sub-Field (Punjabi)

Soft copy of the Research Work i.e. page 2 to 207

date of submission 30-04-2018

From

Tarsem Lal (Dr.S.Tarsem) S/o Sh. Lekh Ram Goyal
Sant Colony, Stadium Road, Malerkotla-148023, Punjab, India
Mobile : 095015-36644
e-mail : starsemnazria@gmail.com

## ਅੰਦਰਲੀ ਝਾਤ


| | |
|---|---|
| ਪੰਜਾਬੀ ਸਾਹਿਤ ਦਾ ਭਾਸ਼ਾਈ, ਸਭਿਆਚਾਰਕ, ਸਾਹਿਤਕ ਪਿਛੋਕੜ | 3 |
| ਪੰਜਾਬੀ ਸਾਹਿਤ ਦਾ ਨਿਕਾਸ ਤੇ ਵਿਕਾਸ | 6 |
| ਆਦਿ ਕਾਲ ਦਾ ਸਮਾਂ ਅਤੇ ਸਭਿਆਚਾਰਕ-ਰਾਜਸੀ ਪਰਿਪੇਖ | 9 |
| ਨਾਥ ਜੋਗੀਆਂ ਦਾ ਸਾਹਿਤ | 14 |
| ਬੀਰ ਰਸੀ ਕਾਵਿ ਧਾਰਾ | 21 |
| ਸੂਫ਼ੀ ਮੱਤ ਤੇ ਸ਼ੇਖ਼ ਫ਼ਰੀਦ | 28 |
| ਭਗਤੀ ਲਹਿਰ | 37 |
| ਮੱਧ ਕਾਲ | 52 |
| ਮੱਧ ਕਾਲੀਨ ਗੁਰਮਤਿ ਸਾਹਿਤ | 55 |
| ਮੱਧ ਕਾਲੀਨ ਕਿੱਸਾ-ਕਾਵਿ | 77 |
| ਮੱਧ ਕਾਲੀਨ ਸੂਫ਼ੀ ਕਾਵਿ | 87 |
| ਮੱਧ ਕਾਲੀਨ ਬੀਰ ਰਸੀ ਕਾਵਿ ਧਾਰਾ | 90 |
| ਮੱਧ ਕਾਲੀਨ ਪੰਜਾਬੀ ਵਾਰਤਕ/ਗੱਦ | 97 |
| ਉਤਰ ਮੱਧ ਕਾਲ (ਭਾਗ ਪਹਿਲਾ) 1700-1800 ਈ. | 105 |
| ਸੂਫ਼ੀ ਤੇ ਇਸਲਾਮੀ ਕਾਵਿ | 108 |
| ਭਗਤੀ ਕਾਵਿ | 114 |
| ਵਾਰਤਕ ਧਾਰਾ | 118 |
| 18ਵੀਂ ਸਦੀ ਦਾ ਕਿੱਸਾ-ਕਾਵਿ | 121 |
| 18ਵੀਂ ਸਦੀ ਦੀ ਬੀਰ ਰਸੀ ਪੰਜਾਬੀ ਕਵਿਤਾ | 125 |
| ਉੱਤਰ ਮੱਧ-ਕਾਲ (ਭਾਗ ਦੂਜਾ) 1800-1850 ਈ. | 127 |
| ਕਿੱਸਾ ਕਾਵਿ | 129 |
| ਬੀਰ ਰਸੀ ਕਾਵਿਧਾਰਾ | 134 |
| ਸੂਫ਼ੀ ਤੇ ਇਸਲਾਮੀ ਕਾਵਿ (1800-1850 ਈ.) | 138 |
| ਭਗਤੀ ਕਾਵਿ | 139 |
| ਪਿਛਲੇ ਮੱਧ ਕਾਲ (1800-1850 ਈ.) ਦੀ ਵਾਰਤਕ | 141 |
| ਆਧੁਨਿਕ ਪੰਜਾਬੀ ਕਵਿਤਾ (1850-2015 ਤਕ) | 143 |
| ਆਧੁਨਿਕ ਪੰਜਾਬੀ ਨਾਟਕ | 159 |
| ਆਧੁਨਿਕ ਗਲਪ ਸਾਹਿਤ/ਨਾਵਲ | 166 |

ਨਿੱਕੀ ਕਹਾਣੀ 179
ਵਾਰਤਕ 190
ਆਲੋਚਨਾ 201

# ਪੰਜਾਬੀ ਸਾਹਿਤ ਦਾ ਭਾਸ਼ਾਈ, ਸਭਿਆਚਾਰਕ, ਸਾਹਿਤਕ ਪਿਛੋਕੜ

ਕੋਈ ਵੀ ਬੋਲੀ ਜਾਂ ਭਾਸ਼ਾ ਖੁੰਬ ਵਾਂਗ ਪੈਦਾ ਨਹੀਂ ਹੁੰਦੀ। ਇਸ ਪਿੱਛੇ ਇਕ ਨਿਰੰਤਰ ਘਟਨਾਕ੍ਰਮ ਹੁੰਦਾ ਹੈ, ਜਿਸ ਵਿਚ ਬਿਨਸਨ, ਵਿਗਸਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ ਅਤੇ ਇਕ ਸਟੇਜ ਅਜਿਹੀ ਆਉਂਦੀ ਹੈ ਕਿ ਉਸ ਭਾਸ਼ਾ ਦਾ ਵਿਕਸਤ ਰੂਪ ਦੋ ਸ਼ਕਲਾਂ ਵਿਚ ਸਾਡੇ ਸਾਹਮਣੇ ਆਉਂਦਾ ਹੈ। ਪਹਿਲਾ ਤੇ ਵਧੇਰੇ ਪ੍ਰਚੱਲਿਤ ਰੂਪ ਲੋਕ ਬੋਲੀ ਦਾ ਹੁੰਦਾ ਹੈ ਅਤੇ ਦੂਜਾ ਰੂਪ ਸਾਹਿਤਕ ਭਾਸ਼ਾ ਦਾ ਹੁੰਦਾ ਹੈ।

ਪੰਜਾਬੀ ਉਤਰੀ ਭਾਰਤ ਦੀਆਂ ਵਿਕਸਤ ਭਾਸ਼ਾਵਾਂ ਵਿਚੋਂ ਇਕ ਹੈ। ਡਾ.ਮੋਹਨ ਸਿੰਘ ਦੀਵਾਨਾ ਅਨੁਸਾਰ ਹੋਰਾਂ ਆਧੁਨਿਕ ਭਾਰਤੀ ਬੋਲੀਆਂ, ਹਿੰਦੀ, ਮਰਾਠੀ, ਬੰਗਾਲੀ ਵਾਂਗ ਪੰਜਾਬੀ ਬੋਲੀ ਵੀ, ਆਪਣੇ ਵਰਤਮਾਨ ਸਰੂਪ ਵਿਚ, 9ਵੀਂ-10ਵੀਂ ਸਦੀ ਤੋਂ ਵਿਕਾਸ ਪਾ ਕੇ 12ਵੀਂ-13ਵੀਂ ਸਦੀ ਤਕ ਇਕ ਸੁਤੰਤਰ ਭਾਸ਼ਾ ਬਣੀ ਪ੍ਰਤੀਤ ਹੁੰਦੀ ਹੈ। ਹੋਰ ਵਿਦਵਾਨਾਂ ਨੇ ਵੀ 9ਵੀਂ-10ਵੀਂ ਸਦੀ ਤੋਂ ਪੰਜਾਬੀ ਸਾਹਿਤ ਦੇ ਆਰੰਭ ਹੋਣ ਦੀ ਧਾਰਨਾ ਨੂੰ ਪ੍ਰਵਾਨ ਕਰ ਲਿਆ ਹੈ।

ਲੋਕ ਸਾਹਿਤ, ਨਾਥਾਂ-ਜੋਗੀਆਂ ਦੇ ਭਜਨ ਤੇ ਪਦੇ, ਮਸਊਦ ਦਾ 'ਸੱਸੀ-ਪੁੰਨੂੰ', ਅੱਦੈਮਾਨ ਦਾ 'ਸਨੇਹ ਰਾਕਸ', ਬੀਰ-ਰਸੀ ਵਾਰਾਂ, ਫ਼ਰੀਦ ਬਾਣੀ ਅਤੇ 'ਇਕਾਦਸ਼ੀ ਮਹਾਤਮ' ਜਿਹੀ ਵਾਰਤਕ ਰਚਨਾ ਆਦਿ ਨਾਲ ਪੰਜਾਬੀ ਸਾਹਿਤ ਆਪਣੇ ਮੁਢਲੇ ਪੜਾਵਾਂ ਦਾ ਪ੍ਰਮਾਣ ਬਣਦਾ ਹੈ। ਜਿਵੇਂ ਅਸੀਂ ਪਹਿਲਾਂ ਕਿਹਾ ਹੈ, ਇਹ ਪ੍ਰਾਪਤੀਆਂ ਨਿਰਾਆਧਾਰ ਅਤੇ ਕਿਸੇ ਇਕਦਮ ਹੋਣ ਵਾਲੇ ਉਸਾਰ ਦਾ ਸਿੱਟਾ ਨਹੀਂ। ਇਹਨਾਂ ਪਿੱਛੇ ਪੰਜਾਬੀ ਦਾ ਭਾਸ਼ਾਈ ਤੇ ਸਭਿਆਚਾਰਕ ਪਿਛੋਕੜ ਹੈ, ਜੋ ਇਸ ਦੀ ਬੁਨਿਆਦ ਬਣਦਾ ਹੈ।

ਪੰਜਾਬੀ ਕੋਲ ਸਾਹਿਤ ਦਾ ਇਕ ਅਮੀਰ ਵਿਰਸਾ ਮੌਜੂਦ ਸੀ। ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ਾਂ ਦਾ ਵਿਸ਼ਾਲ ਸਾਹਿਤ ਸੀ ਜੋ ਰੂਪ ਦੇ ਪੱਖ ਤੋਂ ਬੜਾ ਨਿਪੁੰਨ, ਪਕੇਰਾ ਤੇ ਅਨੂਪਮ ਸੀ। ਇਸ ਸਾਹਿਤ ਦਾ ਵਸਤੂ ਦਾਰਸ਼ਨਿਕ, ਅਧਿਆਤਮਕ ਤੇ ਕਾਲਪਨਿਕ ਪੱਖ ਤੋਂ ਬੜਾ ਵਿਸ਼ਾਲ, ਉਤਮ ਤੇ ਆਦਰਯੋਗ ਸੀ। ਕਥਾਵਾਂ, ਪ੍ਰੀਤ ਰੁਮਾਂਸ ਦੇ ਭਰਪੂਰ ਖ਼ਜ਼ਾਨੇ ਉਹਨਾਂ ਸਾਹਿਤਾਂ ਵਿਚ ਮਿਲਦੇ ਹਨ। ਉਹ ਸਾਹਿਤ ਵੇਦਾਂ ਤੋਂ ਸ਼ੁਰੂ ਹੋ ਕੇ ਸ਼ਾਸਤਰਾਂ, ਸਿਮਰਤੀਆਂ, ਪੁਰਾਣਾਂ, ਉਪਨਿਸ਼ਦਾਂ, ਮਹਾਂ-ਕਾਵਾਂ, ਨਾਟਕਾਂ, ਨੀਤੀਆਂ ਤੇ ਹੋਰ ਕਈ ਪ੍ਰਕਾਰ ਦੇ ਗ੍ਰੰਥਾਂ ਤਕ ਪਸਰਿਆ ਹੋਇਆ ਹੈ। ਰਾਮਾਇਣ ਤੇ ਮਹਾਂਭਾਰਤ ਜਿਹੇ ਮਹਾਂ-ਕਾਵਿ, ਕਾਲੀ ਦਾਸ ਤੇ ਭਾਸ ਜਿਹੇ ਉਤਮ ਨਾਟਕਕਾਰਾਂ ਦੀਆਂ ਰਚਨਾਵਾਂ ਸਾਰੀਆਂ ਹੀ ਇਸ ਸਮੇਂ ਤੋਂ ਪਹਿਲਾਂ ਪੈਦਾ ਹੋ ਚੁੱਕੀਆਂ ਸਨ। ਇਹਨਾਂ ਤੋਂ ਬਿਨਾਂ ਭਾਸ਼ਾ ਦੇ ਖੇਤਰ ਵਿਚ ਵੀ ਇਹ ਸਾਹਿਤ ਰੂਪ ਕਾਫ਼ੀ ਉਨਤੀ ਕਰ ਚੁੱਕੇ ਸਨ। ਬਹੁਤ ਸਾਰੇ ਵਿਆਕਰਣੀ ਤੇ ਭਾਸ਼ਾ-ਖੋਜੀ ਇਸ ਸਮੇਂ ਤਕ ਹੋ ਚੁੱਕੇ ਸਨ। ਟੈਕਸਲਾ ਯੂਨੀਵਰਸਿਟੀ ਕਾਫ਼ੀ ਸਮੇਂ ਤਕ ਹਰ ਪ੍ਰਕਾਰ ਦੀ ਵਿਦਿਆ ਲਈ ਇਕ ਉਘਾ ਕੇਂਦਰ ਰਹਿ ਚੁੱਕੀ ਸੀ। ਇਹਨਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਹੋਇਆਂ ਇਹ ਕਿਵੇਂ ਹੋ ਸਕਦਾ ਹੈ ਕਿ ਪੰਜਾਬੀ ਭਾਸ਼ਾ ਉਸ ਸਾਰੇ

ਸਾਹਿਤਕ ਵਿਰਸੇ ਤੋਂ ਨਿਰਲੇਪ ਰਹਿੰਦੀ ਅਤੇ ਉਸ ਤੋਂ ਕੋਈ ਲਾਭ ਨਾ ਉਠਾਉਂਦੀ ਹੋਈ ਮੁੜ ਨਵੇਂ ਸਿਰਿਉਂ ਆਪਣੀਆਂ ਬਿਲਕੁਲ ਅੱਡਰੀਆਂ ਤੇ ਨਿਵੇਕਲੀਆਂ ਲੀਹਾਂ ਤੋਰਦੀ।

ਸਾਡੇ ਸਾਹਿਤ ਵਿਚ ਬਹੁਤ ਸਾਰੀਆਂ ਕਥਾਵਾਂ ਦਰਸ਼ਨ ਤੇ ਹੋਰ ਸ਼ਬਦਾਵਲੀ ਅਤੇ ਕਈ ਪ੍ਰਕਾਰ ਦੇ ਸਾਹਿਤਕ ਰੂਪ, ਵਿਸ਼ੇਸ਼ ਕਰਕੇ ਕਵਿਤਾ ਦੇ ਅਜਿਹੇ ਹਨ, ਜਿੰਨ੍ਹਾਂ ਲਈ ਅਸੀਂ ਉਹਨਾਂ ਸਾਹਿਤਾਂ ਦੇ ਰਿਣੀ ਹਾਂ। ਉਦਾਹਰਨ ਵਜੋਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਤੇ ਕੁਝ ਹੱਦ ਤਕ ਪਿੱਛੋਂ ਵੀ ਸ਼ਲੋਕ ਤੇ ਪਦੇ (ਸ਼ਬਦ) ਕਵਿਤਾ ਦਾ ਪ੍ਰਚੱਲਿਤ ਰੂਪ ਰਹੇ ਹਨ ਅਤੇ ਇਹ ਰੂਪ ਅਸੀਂ ਪਿਤਰੀ ਬੋਲੀਆਂ ਦੇ ਸਾਹਿਤਾਂ ਤੋਂ ਹੀ ਲਏ ਹਨ। ਇਸੇ ਤਰ੍ਹਾਂ ਕਈ ਹੋਰ ਛੰਦ ਤੇ ਕਾਵਿ-ਰੂਪ ਹਨ ਜੋ ਸਿੱਧੇ ਜਾਂ ਟੇਢੇ ਰੂਪ ਵਿਚ ਉਹਨਾਂ ਸਾਹਿਤਾਂ ਤੋਂ ਹੀ ਆਏ ਹਨ।

ਪੰਜਾਬੀ ਭਾਸ਼ਾ ਤੇ ਸਾਹਿਤ ਦਾ ਦੂਜਾ ਆਧਾਰ ਅਰਬੀ, ਫ਼ਾਰਸੀ ਭਾਸ਼ਾਵਾਂ ਅਤੇ ਸੈਮਟਿਕ ਕਲਚਰ ਹੈ। ਅਸੀਂ ਵਸਤੂ ਸਮੱਗਰੀ ਅਤੇ ਵਿਧਾ ਦੇ ਪੱਖ ਤੋਂ ਅਰਬੀ, ਫ਼ਾਰਸੀ ਅਤੇ ਤੁਰਕੀ ਆਦਿ ਭਾਸ਼ਾਵਾਂ ਤੋਂ ਵੀ ਬਹੁਤ ਕੁਝ ਗ੍ਰਹਿਣ ਕੀਤਾ ਹੈ। ਭਾਵੇਂ ਮੁਸਲਮਾਨ ਹਾਕਮਾਂ ਨੇ ਆਪਣੇ ਰਾਜਸੀ ਤੇ ਮਜ਼੍ਹਬੀ ਉਦੇਸ਼ਾਂ ਲਈ ਇਹਨਾਂ ਭਾਸ਼ਾਵਾਂ ਦਾ ਪ੍ਰਚਲਨ ਕੀਤਾ, ਪਰ ਇਹਨਾਂ ਭਾਸ਼ਾਵਾਂ ਦੀ ਸ਼ਬਦਾਵਲੀ ਅਤੇ ਸਾਹਿਤ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਭਾਵੇਂ ਇਹ ਅਸਰ ਸਾਹਿਤ ਦੇ ਪ੍ਰਾਰੰਭਕ ਕਾਲਾਂ ਵਿਚ ਏਨਾ ਨਹੀਂ ਪਿਆ, ਜਿੰਨਾਂ ਇਸ ਤੋਂ ਪਿਛਲੇ ਕਾਲਾਂ ਵਿਚ, ਪ੍ਰੰਤੂ ਇਹ ਮੰਨਣਾ ਹੀ ਪੈਂਦਾ ਹੈ ਕਿ ਇਹ ਵੀ ਸਾਡੇ ਸਾਹਿਤ ਦੇ ਪਹਿਲੇ ਵਿਰਸਿਆਂ ਵਿਚੋਂ ਹਨ।

ਸ਼ਾਇਦ ਇਸੇ ਆਧਾਰ ਉਤੇ ਡਾ.ਮੋਹਨ ਸਿੰਘ ਦੀਵਾਨਾ ਨੇ ਇਹ ਕਿਹਾ ਹੈ ਕਿ ਪੰਜਾਬੀ ਸਾਹਿਤ ਕੋਈ ਨਵਾਂ ਨਹੀਂ ਸੀ ਜਨਮਿਆਂ, ਸਗੋਂ ਪਹਿਲੇ ਕਲਾਸੀਕਲ ਸਾਹਿਤਾਂ ਦਾ ਮਾਧਿਅਮ ਹੀ ਬਦਲਾਇਆ ਗਿਆ ਸੀ। ਸੋ, ਇਹ ਗੱਲ ਸਪਸ਼ਟ ਹੈ ਕਿ ਬਹੁਤ ਸਮੇਂ ਤਕ ਸਾਡੇ ਸਾਹਿਤਕਾਰ ਪੁਰਾਣੇ ਵਿਸ਼ਿਆਂ ਦੇ ਆਧਾਰ ’ਤੇ ਪੰਜਾਬੀ ਰਚਨਾਵਾਂ ਰਚਦੇ ਰਹੇ ਹਨ ਜਾਂ ਫੇਰ ਉਹਨਾਂ ਹੀ ਕਾਵਿ-ਰੂਪਾਂ ਵਿਚ ਨਵੇਂ ਵਿਸ਼ਿਆਂ ਨੂੰ ਢਾਲਦੇ ਰਹੇ ਹਨ।

ਇਸ ਤਰ੍ਹਾਂ ਇਕ ਪਾਸੇ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਸਾਹਿਤ ਅਤੇ ਦੂਜੇ ਪਾਸੇ ਅਰਬੀ, ਫ਼ਾਰਸੀ ਅਤੇ ਤੁਰਕੀ ਭਾਸ਼ਾਵਾਂ ਦਾ ਸਾਹਿਤ ਪੰਜਾਬੀ ਸਾਹਿਤ ਦੀ ਬੁਨਿਆਦ ਬਣਦਾ ਹੈ। ਸੰਸਕ੍ਰਿਤ ਦੇ ਵੇਦ, ਰਾਮਾਇਣ, ਮਹਾਂਭਾਰਤ, ਉਪਨਿਸ਼ਦ, ਦਰਸ਼ਨ, ਪੁਰਾਣਿਕ ਕਥਾਵਾਂ, ਪੰਚ-ਤੰਤਰ, ਹਿਤੋ-ਉਪਦੇਸ਼, ਪਾਨਣੀ ਦਾ ਵਿਆਕਰਣ ਅਤੇ ਸਾਹਿਤ-ਸਿਧਾਂਤ ਪੰਜਾਬੀ ਬੋਲੀ ਤੇ ਸਾਹਿਤ ਨੂੰ ਅਮੀਰ ਆਧਾਰ ਪ੍ਰਦਾਨ ਕਰਦੇ ਹਨ ਤਾਂ ਦੂਜੇ ਪਾਸੇ ਅਰਬੀ ਵਿਚ ਇਸਲਾਮੀ ਸੰਦੇਸ਼ ਦੀ ਮੁਕੱਦਸ ਕਿਤਾਬ ‘ਕੁਰਾਨ’, ਫ਼ਿਰਦੌਸ਼ੀ ਦਾ ‘ਸ਼ਾਹਨਾਮਾ’, ਸ਼ੇਖ਼ ਸਾਅਦੀ ਦੀਆਂ ਪ੍ਰਸਿੱਧ ਰਚਨਾਵਾਂ ‘ਗੁਲਸਤਾਂ ਤੇ ਬੋਸਤਾਂ’, ਉਮਰ ਖ਼ਿਆਮ ਦੀਆਂ ਰੁਬਾਈਆਂ, ਅਰਬੀ ਅਰੂਜ਼ ਆਦਿ ਪੰਜਾਬੀ ਬੋਲੀ ਤੇ ਸਾਹਿਤ ਦੇ ਵਿਕਾਸ ਦਾ ਅਮੀਰ ਵਿਰਸਾ ਬਣੀਆਂ।

ਸ਼ੇਖ਼ ਫ਼ਰੀਦ ਦੇ ਸ਼ਲੋਕ ਤੇ ਸ਼ਬਦਾਂ ਨੂੰ ਪੜ੍ਹ ਕੇ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਉਹਨਾਂ ਤੋਂ ਪਹਿਲਾਂ ਵੀ ਪੰਜਾਬੀ ਵਿਚ ਢੇਰ ਸਾਰਾ ਸਾਹਿਤ ਰਚਿਆ ਗਿਆ ਹੋਵੇਗਾ। ਇਸ ਸਾਹਿਤ ਰਚਨਾ ਦਾ ਆਧਾਰ ਪੰਜਾਬ ਦਾ ਉਸ ਸਮੇਂ ਦਾ ਉਹ ਸਭਿਆਚਾਰ ਹੋਵੇਗਾ, ਜਿਸ ਦੀ ਪਹਿਲੀ ਨੁੱਕਰ ਜੇ ਭਾਰਤੀ ਸੰਸਕ੍ਰਿਤੀ ਨਾਲ ਜੁੜਦੀ ਹੈ ਤਾਂ ਦੂਜਾ ਸਿਰਾ ਸਾਮੀਂ ਸਭਿਆਚਾਰ ਨਾਲ ਜਾ ਜੁੜਦਾ ਹੈ। ਸਾਹਿਤਕਾਰ ਭਾਵੇਂ ਨਾਥ-ਜੋਗੀ ਸਨ ਜਾਂ ਅਬਦੁਰ ਰਹਿਮਾਨ ਤੇ ਫ਼ਰੀਦ, ਦੋਹਾਂ ਦੀ ਭਾਸ਼ਾ ਵਿਚ ਘੱਟ ਜਾਂ ਵੱਧ ਮਾਤਰਾ ਵਿਚ ਭਾਰਤੀ ਭਾਸ਼ਾਵਾਂ ਦਾ ਪ੍ਰਭਾਵ ਹੈ ਤੇ ਸਾਮੀਂ ਭਾਸ਼ਾਵਾਂ ਦਾ

ਵੀ। ਇਸ ਤਰ੍ਹਾਂ ਹੀ ਰਸਮੋ-ਰਿਵਾਜ, ਕਾਰ-ਵਿਹਾਰ ਅਤੇ ਧਾਰਮਿਕ ਅਕੀਦਤ ਪਸੰਦੀ ਵਿਚ ਵੀ ਇਹ ਸਾਂਝੀ ਝਲਕ ਸਾਡੇ ਮੁਢਲੇ ਸਾਹਿਤ ਤੋਂ ਲੈ ਕੇ ਮੱਧ ਕਾਲੀ ਤੇ ਉਤਰ ਮੱਧ ਕਾਲੀ ਸਾਰੇ ਸਾਹਿਤ ਵਿਚ ਵੇਖੀ ਜਾ ਸਕਦੀ ਹੈ।

ਸਾਡੇ ਕਾਵਿ-ਰੂਪਾਂ ਵਿਚ ਭਾਰਤੀ ਰੂਪ ਸ਼ਲੋਕ, ਦੋਹਾ ਅਤੇ ਮੁਕਤਕ ਕਾਵਿ ਦੇ ਕਈ ਹੋਰ ਰੂਪਾਕਾਰ ਭਾਰਤੀ ਪ੍ਰੰਪਰਾ ਦੀ ਦੇਣ ਹਨ। ਵਾਰ ਸਾਹਿਤ ਭਾਵੇਂ ਪੰਜਾਬੀ ਦਾ ਮੌਲਿਕ ਕਾਵਿ-ਰੂਪ ਮੰਨਿਆ ਜਾਂਦਾ ਹੈ ਪਰ ਇਸ ਦਾ ਆਧਾਰ ਭਾਰਤ ਦਾ ਉਹ ਪ੍ਰਬੰਧ-ਕਾਵਿ ਹੈ ਜੋ ਰਾਮਾਇਣ ਤੇ ਮਹਾਂਭਾਰਤ ਵਿਚ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਹੀ ਪੰਜਾਬੀ ਦਾ ਕਿੱਸਾ ਕਾਵਿ ਜੇ ਇਕ ਪਾਸੇ ਸਾਮੀਂ ਕਲਚਰ ਦੇ ਅਨਿੱਖੜਵੇਂ ਬ੍ਰਿਤਾਂਤ ਕਾਵਿ 'ਮਸਨਵੀ' ਦੇ ਕਈ ਲੱਛਣ ਆਪਣੇ ਅੰਦਰ ਸਮੋਈ ਬੈਠਾ ਹੈ ਤਾਂ ਦੂਜੇ ਪਾਸੇ ਭਾਰਤ ਦੀ ਕਥਾ ਵਿਧੀ ਨੂੰ ਵੀ ਆਪਣਾ ਆਧਾਰ ਬਣਾਉਣ ਦਾ ਪ੍ਰਤੀਕ ਬਣਾਉਂਦਾ ਹੈ।

ਫ਼ਰੀਦ ਬਾਣੀ ਤੇ ਵਿਸ਼ੇਸ਼ ਤੌਰ 'ਤੇ ਗੁਰਬਾਣੀ ਭਾਰਤੀ ਧਾਰਮਿਕ ਸਾਹਿਤ ਦੀ ਅਨੁਕਰਣਸ਼ੀਲਤਾ ਦਾ ਸਿੱਟਾ ਹੈ, ਜਿਸ ਵਿਚ ਸਾਡੇ ਅਮੀਰ ਦਾਰਸ਼ਨਿਕ ਪੱਖ ਦੇ ਦਰਸ਼ਨ ਹੁੰਦੇ ਹਨ। ਇਸ ਤਰ੍ਹਾਂ ਹੀ ਮੱਧ ਕਾਲੀ ਸੂਫ਼ੀ ਸਾਹਿਤ ਦੇ ਇਕ ਪਾਸੇ ਵਿਦਾਂਤ ਦਾ ਅਨੁਕਰਣ ਕਰਦਾ ਹੈ ਤਾਂ ਦੂਜੇ ਪਾਸੇ ਇਰਾਨੀ ਸੂਫ਼ੀ ਵਿਚਾਰ ਪ੍ਰਬੰਧ ਦੀਆਂ ਕਈ ਵਿਸ਼ੇਸ਼ਤਾਵਾਂ ਨੂੰ ਆਪਣੀ ਸਿਰਜਣਾਤਮਕਤਾ ਦਾ ਆਧਾਰ ਬਣਾਉਂਦਾ ਹੈ।

ਪੰਜਾਬੀ ਸਾਹਿਤ ਦਾ ਆਦਿ-ਕਾਲ (850-1526 ਈ.) ਮੱਧ ਤੇ ਉਤਰ ਮੱਧ-ਕਾਲ (1500 ਤੋਂ 1850 ਈ.) ਵਿਚਲੀਆਂ ਬ੍ਰਿਤਾਂਤ ਰਚਨਾਵਾਂ ਵਿਚ ਨਾ ਕੇਵਲ ਭਾਸ਼ਾਗਤ ਤੇ ਵਿਚਾਰਧਾਰਕ ਸਾਂਝ ਪ੍ਰਤੀਤ ਹੁੰਦੀ ਹੈ, ਸਗੋਂ ਪੂਰਾ ਦਾ ਪੂਰਾ ਕਥਾ-ਪ੍ਰਬੰਧ ਵੀ ਸਾਂਝਾ ਹੈ। ਸੱਸੀ ਪੁੰਨੂੰ, ਯੂਸਫ਼ ਜ਼ੁਲੈਖਾਂ ਆਦਿ ਪ੍ਰੀਤ ਕਹਾਣੀਆਂ ਸਾਮੀਂ ਕਲਚਰ ਦੀ ਦੇਣ ਹਨ ਤਾਂ ਨਲ ਦਮਯੰਤੀ, ਭਰਥਰੀ ਹਰੀ, ਪੂਰਨ ਭਗਤ, ਰਾਜਾ ਰਸਾਲੂ, ਗੋਪੀ ਚੰਦ ਆਦਿ ਸਭ ਭਾਰਤੀ ਸਭਿਆਚਾਰ ਨਾਲ ਓਤ-ਪੋਤ ਹਨ। ਇਹ ਸਾਮੀਂ ਤੇ ਭਾਰਤੀ ਕਲਚਰ ਦਾ ਇਕ ਦੂਜੇ ਵਿਚ ਇਕਸੁਰ ਹੋਣ ਦਾ ਸਬੂਤ ਹੈ ਕਿ ਮੁਸਲਮਾਨ ਕਵੀਆਂ ਨੇ ਪੁਰਾਤਨ ਭਾਰਤੀ ਭਾਸ਼ਾਵਾਂ ਵਿਚੋਂ ਨਾ ਕੇਵਲ ਸ਼ਬਦਾਵਲੀ ਹੀ ਲਈ, ਸਗੋਂ ਵਿਚਾਰ-ਪ੍ਰਬੰਧ ਨੂੰ ਵੀ ਗ੍ਰਹਿਣ ਕੀਤਾ। ਦੂਜੇ ਪਾਸੇ ਹਿੰਦੂ ਕਵੀਆਂ ਨੇ ਇਸਲਾਮੀ ਜੀਵਨ ਨਾਲ ਸਬੰਧਤ ਰਹੁ-ਰੀਤਾਂ ਨੂੰ ਬੜੀ ਅਕੀਦਤ ਪਸੰਦੀ ਨਾਲ ਸਾਹਿਤਕ ਰੂਪ ਪ੍ਰਦਾਨ ਕੀਤਾ। ਸਾਮੀਂ ਅਤੇ ਵਿਦੇਸ਼ੀ ਕਹਾਣੀਆਂ ਨੂੰ ਪੰਜਾਬੀ ਰੰਗ ਵਿਚ ਢਾਲ ਕੇ ਪੇਸ਼ ਕੀਤਾ। ਸਿੱਟਾ ਇਹ ਨਿੱਕਲਿਆ ਕਿ ਅਰਬੀ ਤੇ ਫ਼ਾਰਸੀ ਦੇ ਸੈਂਕੜੇ ਹੀ ਨਹੀਂ, ਸਗੋਂ ਹਜ਼ਾਰਾਂ ਸ਼ਬਦ ਅਜਿਹੇ ਹਨ ਜੋ ਸੰਸਕ੍ਰਿਤ ਨਾਲੋਂ ਪੰਜਾਬੀ ਲੇਖਕਾਂ ਤੇ ਆਮ ਲੋਕਾਂ ਨੂੰ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਜਾਪਦੇ ਹਨ।

– – – – –

# ਪੰਜਾਬੀ ਸਾਹਿਤ ਦਾ ਨਿਕਾਸ ਤੇ ਵਿਕਾਸ

ਹੋਰਾਂ ਆਧੁਨਿਕ ਭਾਰਤੀ ਭਾਸ਼ਾਵਾਂ ਵਾਂਗ ਪੰਜਾਬੀ ਸਾਹਿਤ ਦੇ ਆਰੰਭ ਸਬੰਧੀ ਵੀ ਭਿੰਨ-ਭਿੰਨ ਰਾਵਾਂ ਪਾਈਆਂ ਜਾਂਦੀਆਂ ਹਨ। ਡਾ.ਮੋਹਨ ਸਿੰਘ ਦੀਵਾਨਾ ਪੰਜਾਬੀ ਸਾਹਿਤ ਦਾ ਮੁੱਢ ਨਾਥ ਜੋਗੀਆਂ ਦੇ ਭਜਨਾਂ ਤੋਂ ਮੰਨਦਾ ਹੈ। ਇਹ ਨਾਥ ਜੋਗੀ 9ਵੀਂ-10ਵੀਂ ਸਦੀ ਤੋਂ 14ਵੀਂ-15ਵੀਂ ਸਦੀ ਤਕ ਉਤਰੀ ਭਾਰਤ ਵਿਚ ਆਪਣਾ ਵਿਸ਼ੇਸ਼ ਪ੍ਰਭਾਵ ਰਖਦੇ ਸਨ। ਇਹਨਾਂ ਨਾਥਾਂ ਜੋਗੀਆਂ ਨੇ ਉਸ ਸਮੇਂ ਦੀ ਬੋਲੀ ਵਿਚ ਭਜਨਾਂ ਦੀ ਰਚਨਾ ਕੀਤੀ। ਬਿਲਕੁਲ ਇਸੇ ਤਰ੍ਹਾਂ ਹੀ 12ਵੀਂ ਸਦੀ ਵਿਚ ਹੋਏ ਸ਼ੇਖ਼ ਫ਼ਰੀਦ ਅਤੇ 13ਵੀਂ ਤੋਂ 14ਵੀਂ-15ਵੀਂ ਸਦੀ ਵਿਚਕਾਰ ਹੋਏ ਭਗਤਾਂ ਨੇ ਵੀ ਆਪਣੇ ਅਧਿਆਤਮਕ ਅਨੁਭਵ ਨੂੰ ਆਪਣੀ ਲੋਕ ਬੋਲੀ ਵਿਚ ਢਾਲਿਆ। ਇਹਨਾਂ ਵਿਦਵਾਨਾਂ ਦੀਆਂ ਰਚਨਾਵਾਂ ਸਬੰਧੀ ਹੁਣ ਤਕ ਕਿੰਤੂ-ਪ੍ਰੰਤੂ ਹੁੰਦਾ ਰਹਿੰਦਾ ਹੈ।

ਇਕ ਲੰਬਾ ਸਮਾਂ ਪੰਜਾਬੀ ਸਾਹਿਤ ਤੇ ਖੋਜ ਦੇ ਖੇਤਰ ਵਿਚ ਡਾ.ਮੋਹਨ ਸਿੰਘ ਦੀਵਾਨਾ ਦੇ ਇਸ ਨਿਰਣੇ ਨੂੰ ਪ੍ਰਵਾਨ ਕਰ ਲਿਆ ਗਿਆ ਸੀ ਕਿ ਨਾਥ ਜੋਗੀ ਸਾਡੇ ਮੋਢੀ ਕਵੀ ਹਨ। ਲੋਕ ਗੀਤ ਪੰਜਾਬੀ ਸਾਹਿਤ ਦਾ ਸਭ ਤੋਂ ਮੁਢਲਾ ਸਾਹਿਤਕ ਵਿਰਸਾ ਹਨ। ਭਗਤਾਂ ਦੀ ਬਾਣੀ ਵੀ ਪੰਜਾਬੀ ਸਾਹਿਤ ਦਾ ਅਨਿੱਖੜਵਾਂ ਅੰਗ ਹੈ। ਆਦਿ ਕਾਲ (850-1526 ਈ.) ਵਿਚ ਲਿਖੀਆਂ ਬੀਰ ਰਸੀ ਵਾਰਾਂ ਵੀ ਪੰਜਾਬੀ ਸਾਹਿਤ ਦੇ ਆਰੰਭ ਨੂੰ ਨਿਸ਼ਚਿਤ ਕਰਨ ਲਈ ਚੋਖੀ ਸਮੱਗਰੀ ਪ੍ਰਦਾਨ ਕਰਦੀਆਂ ਹਨ ਪ੍ਰੰਤੂ ਪ੍ਰਿੰ.ਸੰਤ ਸਿੰਘ ਸੇਖੋਂ, ਡਾ.ਮੋਹਨ ਸਿੰਘ ਦੀਵਾਨਾ ਦੇ ਨਾਥ-ਜੋਗੀਆਂ ਦੀ ਕਵਿਤਾ ਬਾਰੇ ਮੱਤ ਨੂੰ ਆਂਸ਼ਿਕ ਤੌਰ 'ਤੇ ਪ੍ਰਵਾਨ ਕਰਦਾ ਹੋਇਆ ਨਾਥਾਂ-ਜੋਗੀਆਂ ਦੀ ਕਵਿਤਾ ਦੇ ਅੱਜ-ਕੱਲ੍ਹ ਪ੍ਰਚੱਲਿਤ ਰੂਪ ਨੂੰ ਲੋਕ ਅਨੁਵਾਦ ਮੰਨਦਾ ਹੈ। ਪ੍ਰਿੰ.ਸੰਤ ਸਿੰਘ ਸੇਖੋਂ ਅਨੁਸਾਰ, ''ਲੋਕ-ਅਨੁਵਾਦ ਜਾਂ ਰੂਪਾਂਤਰ ਸਾਹਿਤਕ ਅਨੁਵਾਦਾਂ ਜਾਂ ਰੂਪਾਂਤਰਾਂ ਤੋਂ ਇਸ ਭਾਂਤ ਵੱਖਰੇ ਹੁੰਦੇ ਹਨ ਕਿ ਇਹਨਾਂ ਵਿਚ ਪੁਰਾਤਨ ਸ਼ਬਦ ਜਾਂ ਪਦ ਸਹਿਜ ਸੁਭਾਵ ਹੀ ਨਵੀਨ ਸ਼ਬਦਾਂ ਤੇ ਪਦਾਂ ਵਿਚ ਬਦਲ ਗਏ ਹੁੰਦੇ ਹਨ ਤੇ ਵਾਕ ਜਾਂ ਤੁਕ ਦਾ ਰੂਪ ਨਹੀਂ ਬਦਲਿਆ ਹੁੰਦਾ।'' ਇਸ ਦੇ ਨਾਲ ਹੀ ਪ੍ਰਿੰ.ਸੇਖੋਂ ਪੰਜਾਬੀ ਸਾਹਿਤ ਦੇ ਮੁੱਢ ਨੂੰ 9ਵੀਂ ਸਦੀ ਤੋਂ ਹੋਇਆ ਮੰਨਦਾ ਹੈ ਅਤੇ ਅੱਦੈਮਾਨ ਦੀ ਰਚਨਾ ਦਾ ਹਵਾਲਾ ਦਿੰਦਾ ਹੋਇਆ ਕਹਿੰਦਾ ਹੈ, ''ਨੌਵੀਂ-ਦਸਵੀਂ ਸਦੀ ਦੇ ਮੁਲਤਾਨ ਨਿਵਾਸੀ, ਕਵੀ ਅੱਦੈਮਾਨ (ਅਬਦੁਰ-ਰਹਮਾਨ) ਦੀ ਰਚਨਾ 'ਸਨੇਹ ਰਾਸਕ' ਪੂਰਨ ਭਾਂਤ ਪਰਾਕ-ਪੰਜਾਬੀ ਅਪਭਰੰਸ਼ ਹੈ। ਇਸ ਵਿਚ ਆਧੁਨਿਕ ਪੰਜਾਬੀ ਦੇ ਕਈ ਵਿਸ਼ੇਸ਼ ਰੂਪ ਸਾਕਾਰ ਹੋਏ ਪ੍ਰਤੀਤ ਹੁੰਦੇ ਹਨ, ਪਰ ਅੱਦੈਮਾਨ ਦੀ ਰਚਨਾ ਦੀ ਬੋਲੀ ਉਸ ਸਮੇਂ ਦੇ ਸੁਭਾਵ ਅਨੁਸਾਰ ਆਪਣੇ ਸਮੇਂ ਤੋਂ ਪੁਰਾਣੀ ਸਾਹਿਤਕ ਰੂੜ੍ਹੀ ਵਾਲੀ ਅਪਭਰੰਸ਼ ਹੈ। ਉਸ ਸਮੇਂ ਦੀ ਲੋਕ-ਭਾਖਾ ਇਸ ਤੋਂ ਜ਼ਰੂਰ ਵੱਖਰੀ, ਵਿਕਸਤ, ਆਧੁਨਿਕ-ਸਰੂਪੀ, ਵਿਯੋਗਾਤਮਕ ਬੋਲੀ ਬਣ ਰਹੀ ਹੋਵੇਗੀ।'' ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' ਪੁਸਤਕ ਵਿਚ ਆਪਣੀ ਵਿਗਿਆਨਕ ਖੋਜ ਨਾਲ ਸਾਬਤ ਕੀਤਾ ਹੈ ਕਿ ਪੰਜਾਬੀ ਸਾਹਿਤ ਦਾ ਸ੍ਰੀ ਗਣੇਸ਼ 10ਵੀਂ ਸਦੀ ਵਿਚ ਅੱਦੈਮਾਨ (ਅਬਦੁਰ-ਰਹਮਾਨ) ਦੀ ਸਾਹਿਤ ਰਚਨਾ 'ਸੰਦੇਸ਼ ਰਾਸਕ' ਨਾਲ ਹੋ ਗਿਆ ਸੀ ਭਾਵੇਂ ਪੰਜਾਬੀ ਭਾਸ਼ਾ ਹਾਲੀਂ ਆਪਣੇ ਆਪ ਵਿਚ ਅਪਭਰੰਸ਼ ਅਵਸਥਾ ਵਾਲੇ ਅੰਸ਼ ਰੱਖਦੀ ਸੀ।

ਭਾਰਤ ਦੇ ਪ੍ਰਸਿੱਧ ਭਾਸ਼ਾ ਵਿਗਿਆਨੀ ਅਤੇ ਵਿਦਵਾਨ ਡਾ.ਰਾਹੁਲ ਸ਼ੰਕਰਤਾਇਨ ਨੇ ਭਾਰਤੀ ਬੋਲੀਆਂ ਦੀ ਖੋਜ ਕਰਦਿਆਂ ਹੋਇਆਂ ਦਾਅਵਾ ਕੀਤਾ ਹੈ ਕਿ ਭਾਰਤੀ ਬੋਲੀਆਂ, ਜਿੰਨ੍ਹਾਂ ਵਿਚ ਪੰਜਾਬੀ ਵੀ ਸ਼ਾਮਲ ਹੈ, ਅੱਠਵੀਂ ਸਦੀ ਵਿਚ ਸਾਹਿਤਕ ਲੀਹਾਂ ਵਿਚ ਪ੍ਰਵੇਸ਼ ਕਰ ਚੁੱਕੀਆਂ ਸਨ। ਜਿਹੜੀ ਭਾਸ਼ਾ 9ਵੀਂ ਸਦੀ ਵਿਚ ਆਪਣੀ ਸ਼ਕਲ-ਸੂਰਤ ਅਖ਼ਤਿਆਰ ਕਰ ਚੁੱਕੀ ਹੋਵੇ, ਉਸ ਵਿਚ ਦਸਵੀਂ ਸਦੀ ਵਿਚ ਸਾਹਿਤ ਰਚਨਾ ਕਿਉਂ ਨਹੀਂ ਹੋ ਸਕਦੀ?

ਇਸ ਲਈ 9ਵੀਂ-10ਵੀਂ ਸਦੀ ਵਿਚ ਸਿਰਜਿਆ ਗਿਆ ਨਾਥ ਜੋਗੀਆਂ ਦਾ ਸਾਹਿਤ ਪੰਜਾਬੀ ਦਾ ਆਪਣਾ ਸਾਹਿਤ ਹੈ।

ਡਾ.ਕਾਲਾ ਸਿੰਘ ਬੇਦੀ ਨੇ 7ਵੀਂ ਸਦੀ ਤੋਂ ਲੈ ਕੇ 10ਵੀਂ ਸਦੀ ਤਕ ਪੰਜਾਬੀ ਬੋਲੀ ਦੀ ਗਰਭ ਅਵਸਥਾ ਪ੍ਰਵਾਨ ਕੀਤੀ ਹੈ। ਉਹਨਾਂ ਦੀ ਖੋਜ ਮੁਤਾਬਕ ਵੀ 10ਵੀਂ ਸਦੀ ਤਕ ਪੰਜਾਬੀ ਸਾਹਿਤ ਰਚਨਾ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਬਾਵਾ ਬੁੱਧ ਸਿੰਘ ਪੰਜਾਬੀ ਸਾਹਿਤ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਮੰਨਦੇ ਹਨ। ਉਹਨਾਂ ਦੇ ਖ਼ਿਆਲ ਫ਼ਰੀਦ ਬਾਣੀ ਦੇ ਕਰਤਾ ਦੋਵੇਂ ਫ਼ਰੀਦ ਅਰਥਾਤ ਸ਼ੇਖ਼ ਫ਼ਰੀਦ ਅਤੇ ਫ਼ਰੀਦ ਸਾਨੀ (ਸ਼ੇਖ਼ ਬ੍ਰਹਮ) ਹੋ ਸਕਦੇ ਹਨ। ਉਹ 10ਵੀਂ-11ਵੀਂ ਸਦੀ ਤੋਂ ਪੰਜਾਬੀ ਸਾਹਿਤ ਦਾ ਮੁੱਢ ਮੰਨਦੇ ਹਨ। ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਨੂੰ ਛੱਡ ਕੇ ਅਸਲੀ ਪੰਜਾਬੀ ਸਾਹਿਤ ਦਾ ਆਰੰਭ ਉਹ ਗੁਰੂ ਸਾਹਿਬਾਨ ਦੀ ਬਾਣੀ ਤੋਂ ਹੀ ਸਮਝਦੇ ਹਨ।

ਕੁਝ ਹੋਰ ਵਿਦਵਾਨਾਂ ਨੇ ਪੰਜਾਬੀ ਸਾਹਿਤ ਦਾ ਆਰੰਭ ਜਾਂ ਮੁੱਢ ਗੁਰੂ ਨਾਨਕ ਦੇਵ ਜੀ (1469-1539 ਈ.) ਦੇ ਸਮੇਂ ਤੋਂ ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਿਰਜਿਆ ਜਾਂ ਉਪਜਿਆ ਸਾਹਿਤ ਪੰਜਾਬੀ ਦੇ ਘੇਰੇ ਵਿਚ ਸ਼ਾਮਲ ਨਹੀਂ ਕੀਤਾ, ਸਗੋਂ ਉਸ ਨੂੰ ਸੰਧੁਕੜੀ ਭਾਸ਼ਾ ਵਾਲਾ ਸਾਹਿਤ ਮੰਨ ਕੇ ਰੱਦ ਕਰ ਦਿੱਤਾ ਹੈ। ਇਸ ਵਿਚਾਰ ਦੇ ਮੋਢੀ ਡਾ.ਗੋਪਾਲ ਸਿੰਘ ਦਰਦੀ ਮੰਨੇ ਜਾਂਦੇ ਹਨ। ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਵਿਚ ਸਮਲਿਤ ਫ਼ਰੀਦ ਬਾਣੀ ਨੂੰ ਵੀ ਫ਼ਰੀਦ ਸ਼ਕਰਗੰਜ ਦੀ ਬਾਣੀ ਨਹੀਂ ਸੀ ਮੰਨਿਆ, ਜਿੰਨ੍ਹਾਂ ਦਾ ਸਮਾਂ 1173-1266 ਈ. ਹੈ। ਪ੍ਰਿੰ.ਸੰਤ ਸਿੰਘ ਸੇਖੋਂ ਵੀ ਗੁਰੂ ਗ੍ਰੰਥ ਵਿਚ ਆਏ ਇਹਨਾਂ ਸ਼ਲੋਕਾਂ ਨੂੰ 12ਵੀਂ-13ਵੀਂ ਸਦੀ ਦੀ ਰਚਨਾ ਮੰਨਦਾ ਹੈ ਪਰ ਨਾਲ ਹੀ ਉਹ ਕਹਿੰਦਾ ਹੈ, "ਸ਼ੇਖ਼ ਫ਼ਰੀਦ ਦੀ 13ਵੀਂ ਸਦੀ ਦੀ ਮੁਲਤਾਨੀ, ਗੁਰੂ ਗਰੰਥ ਸਾਹਿਬ ਵਿਚ (16ਵੀਂ ਸਦੀ) ਸੰਕਲਿਤ ਹੋਣ ਸਮੇਂ ਕੁਝ ਇਸ ਭਾਂਤ ਬਦਲ ਗਈ ਦਿਸਦੀ ਹੈ :

ਗੁਰੂ ਗ੍ਰੰਥ ਸਾਹਿਬ ਵਿਚ :

ਫ਼ਰੀਦਾ ਰੋਟੀ ਮੇਰੀ ਕਾਠ ਦੀ ਲਾਵਣ ਮੇਰੀ ਭੁੱਖ।
ਜਿਹੜੇ ਖਾਣਗੇ ਚੋਪੜੀ ਘਣੇ ਸਹਿਣਗੇ ਦੁੱਖ।

ਇਕ ਹੱਥ-ਲਿਖਤ ਵਿਚ :

ਫ਼ਰੀਦਾ ਰੋਟੀ ਮੈਂਡੀ ਕਾਠ ਦੀ ਲਾਵਣ ਮੈਂਡੀ ਭੁੱਖ।
ਜਿਹੜੇ ਖਾਵਸਣਿ ਚੋਪੜੀ ਘਣੇ ਸਹਿਸਣਿ ਦੁੱਖ।

ਇਸ ਭਾਂਤ ਪਹਿਲੇ ਤੇ ਪਿਛਲੇ ਰੂਪਾਂ ਵਿਚ ਕੋਈ ਮੂਲ-ਰੂਪੀ ਭੇਦ ਨਹੀਂ ਹੁੰਦਾ। ਥੋੜ੍ਹੇ ਬਹੁਤ ਸ਼ਬਦ-ਰੂਪ ਜਾਂ ਪਦ-ਰੂਪ ਭੇਦ ਹੋ ਜਾਂਦੇ ਹਨ।

ਪ੍ਰੋ.ਪਿਆਰਾ ਸਿੰਘ ਭੋਗਲ ਆਦਿ-ਕਾਲ ਵਿਚ ਹੋਏ ਭਗਤਾਂ ਦੀ ਬਾਣੀ ਨੂੰ ਪੰਜਾਬੀ ਰਚਨਾਵਾਂ ਮੰਨਣ ਤੋਂ ਇਨਕਾਰੀ ਹੈ। ਨਾਮਦੇਵ, ਰਵਿਦਾਸ, ਕਬੀਰ, ਧੰਨਾ, ਕਮਾਲ, ਤ੍ਰਿਲੋਚਨ ਆਦਿ ਭਗਤ ਕਵੀ ਪੰਜਾਬੀ ਨਹੀਂ ਸਨ। ਪਰ ਅਸੀਂ ਉਹਨਾਂ ਦੀ ਬਾਣੀ ਨੂੰ ਆਂਸ਼ਿਕ ਰੂਪ ਵਿਚ ਪੰਜਾਬੀ ਮੰਨਦੇ ਹਾਂ। ਪ੍ਰੰਤੂ ਇਹ ਨਿਸ਼ਚਿਤ ਹੈ ਕਿ ਭਗਤ ਕਵੀ ਭ੍ਰਮਣ ਕਰਦੇ ਹੋਏ ਪੰਜਾਬ ਵਿਚ ਵੀ ਆਏ ਅਤੇ ਕੁਝ ਪੰਜਾਬੀ ਭਗਤ ਇਹਨਾਂ ਮਹਾਨ ਸ਼ਖ਼ਸੀਅਤਾਂ ਕੋਲ ਗਏ। ਇਸ ਅਦਾਨ-ਪ੍ਰਦਾਨ ਵਿਚੋਂ ਭਗਤ ਕਵੀਆਂ ਦੀ ਰਚਨਾ ਵਿਚ ਕੁਝ ਪੰਜਾਬੀ ਅੰਸ਼ ਆ ਜਾਣਾ ਕੋਈ ਅਸੰਭਵ ਗੱਲ ਨਹੀਂ।

ਭਾਵੇਂ ਇਹ ਅੰਸ਼ ਭਾਸ਼ਾ ਰੂਪਾਂਤਰਣ ਦੇ ਤੌਰ ’ਤੇ ਵੀ ਆਏ ਹੋਣ ਪਰ ਇਹ ਗੱਲ ਮੰਨ ਲੈਣਾ ਅਪ੍ਰਸੰਗਕ ਨਹੀਂ ਹੈ ਕਿ ਪੰਜਾਬੀ ਬੋਲੀ 12ਵੀਂ-13ਵੀਂ ਸਦੀ ਈਸਵੀ ਵਿਚ ਆਪਣੇ ਨਿੱਖਰੇ ਰੂਪ ਵਿਚ ਪ੍ਰਚੱਲਿਤ ਹੋ ਚੁੱਕੀ ਸੀ। ਨਾਮਦੇਵ ਨੇ ਤਾਂ ਜੀਵਨ ਦਾ ਕਾਫ਼ੀ ਸਮਾਂ ਪੰਜਾਬ (ਗੁਰਦਾਸਪੁਰ) ਵਿਚ ਗੁਜ਼ਾਰਿਆ। ਇਸ ਲਈ ਉਹਨਾਂ ਦੀ ਪਿਛਲੇ ਦੌਰ ਦੀ ਬਾਣੀ ਵਿਚ ਪੰਜਾਬੀ ਅੰਸ਼ ਆ ਜਾਣਾ ਸੁਭਾਵਿਕ ਸੀ।

ਦੁਨੀਆਂ ਦੀ ਹਰ ਬੋਲੀ ਦੇ ਸਾਹਿਤ ਵਿਚ ਪਹਿਲਾਂ ਕਵਿਤਾ ਨੇ ਜਨਮ ਲਿਆ। ਉਸ ਤੋਂ ਢੇਰ ਚਿਰ ਬਾਅਦ ਵਾਰਤਕ ਹੋਂਦ ਵਿਚ ਆਈ। ਡਾ.ਤ੍ਰਿਲੋਚਨ ਸਿੰਘ ਬੇਦੀ ਨੇ ਆਪਣੀ ਵਿਗਿਆਨਕ ਖੋਜ ਸਦਕਾ ਸਾਬਤ ਕੀਤਾ ਹੈ ਕਿ 13ਵੀਂ ਸਦੀ ਵਿਚ ਰਚੀ ਗਈ ਪੰਜਾਬੀ ਦੀ ਵਾਰਤਕ ਪੁਸਤਕ ‘ਇਕਾਦਸ਼ੀ ਮਹਾਤਮ’ ਪੰਜਾਬੀ ਦੀ ਪਹਿਲੀ ਵਾਰਤਕ ਜਾਂ ਗੱਦ ਰਚਨਾ ਹੈ। ਜੇ 13ਵੀਂ ਸਦੀ ਵਿਚ ਪੰਜਾਬੀ ਵਿਚ ਵਾਰਤਕ ਹੋਂਦ ਵਿਚ ਆ ਚੁੱਕੀ ਸੀ, ਤਾਂ 10ਵੀਂ ਸਦੀ ਵਿਚ ਪੰਜਾਬੀ ਕਵਿਤਾ ਕਿਉਂ ਨਹੀਂ ਰਚੀ ਜਾ ਸਕਦੀ ਸੀ। ਇਸ ਲਈ ਨਾਥ ਜੋਗੀਆਂ ਅਤੇ ਭਗਤਾਂ ਦੀ ਕਾਵਿ-ਰਚਨਾ ਪੰਜਾਬੀ ਦਾ ਆਪਣਾ ਸਾਹਿਤ ਹੈ।

ਡਾ.ਮੋਹਨ ਸਿੰਘ ਦੀਵਾਨਾ ਨੇ ‘ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼’ ਵਿਚ ਸਪਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਹੁਤ ਸਮਾਂ ਪਹਿਲਾਂ ਕਵੀਆਂ ਨੂੰ ਛੱਡ ਕੇ ਸਾਧਾਰਨ ਜਨਤਾ ਆਪਣੇ ਮਨੋਰੰਜਨ ਦਾ ਸਾਧਨ ਲੋਕ-ਸਾਹਿਤ ਜਾਂ ਲੋਕ ਗੀਤਾਂ ਨੂੰ ਬਣਾ ਚੁੱਕੀ ਸੀ। ਜੇ ਜਨ-ਸਾਧਾਰਨ ਜਾਂ ਅਨਪੜ੍ਹ ਲੋਕਾਂ ਦੇ ਦਿਲਾਂ ਵਿਚੋਂ ਪੰਜਾਬੀ ਸਾਹਿਤ ਸੋਮੇ ਦੀ ਤਰ੍ਹਾਂ ਆਪਮੁਹਾਰਾ ਹੀ ਉਤਪੰਨ ਹੋ ਸਕਦਾ ਹੈ ਤਾਂ ਵਿਦਵਾਨਾਂ ਜਾਂ ਸਾਹਿਤ ਰਚੇਤਿਆਂ ਲਈ ਸਾਹਿਤ ਸਿਰਜਣਾ ਕਰਨੀ ਕੋਈ ਔਖਾ ਕਾਰਜ ਨਹੀਂ ਸੀ। ਪ੍ਰਿੰ.ਸੰਤ ਸਿੰਘ ਸੇਖੋਂ ਨੇ ਵੀ ਡਾ.ਦੀਵਾਨਾ ਦੇ ਮੱਤ ਨੂੰ ਪ੍ਰਤੱਖ ਤੇ ਪ੍ਰੋਖ ਦੋਵਾਂ ਰੂਪਾਂ ਵਿਚ ਪ੍ਰਵਾਨ ਕੀਤਾ ਹੈ।

ਡਾ.ਮੋਹਨ ਸਿੰਘ ਦੀਵਾਨਾ ਨੇ ਕੁਝ ਸਾਹਿਤਕ ਰੂਪਾਂ ਦਾ ਵੇਰਵਾ ਦੇ ਕੇ ਦਾਅਵਾ ਕੀਤਾ ਹੈ ਕਿ ਇਹ ਲਿਖਤਾਂ ਇਕਦਮ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਆਪਣੀ ਸ਼ਕਲ ਸੂਰਤ ਵਿਚ ਨਹੀਂ ਆ ਗਈਆਂ, ਸਗੋਂ ਗੁਰੂ ਨਾਨਕ ਦੇਵ ਜੀ ਤੋਂ ਕਾਫ਼ੀ ਸਮਾਂ ਪਹਿਲਾਂ ਇਹਨਾਂ ਦਾ ਵਿਰਸਾ ਜ਼ਰੂਰ ਹੋਵੇਗਾ। ਜਿਵੇਂ ਕਾਫ਼ੀ, ਸ਼ਲੋਕ, ਚੌਪਦੇ, ਦੁਪਦੇ ਛੰਦ, ਕਬਿੱਤ, ਅਸ਼ਟਪਦੀ, ਦੋਤੁਕੀ, ਚੌਤੁਕੀ, ਪੰਚ-ਪਦੀ, ਸੋਹਲੇ ਆਦਿ।

ਉਪਰੋਕਤ ਦਲੀਲਾਂ ਦੇ ਆਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਦਾ ਆਰੰਭ 9ਵੀਂ-10ਵੀਂ ਸਦੀ ਤੋਂ ਹੋ ਚੁੱਕਾ ਸੀ। ਲੋਕ ਸਾਹਿਤ, ਨਾਥਾਂ-ਜੋਗੀਆਂ ਦੇ ਭਜਨ ਅਤੇ ਅੱਦੈਮਾਨ ਦਾ ‘ਸੰਦੇਸ਼ ਰਾਸਕ’ ਪੰਜਾਬੀ ਸਾਹਿਤ ਦੀਆਂ ਕੁਝ ਮੁਢਲੀਆਂ ਰਚਨਾਵਾਂ ਹਨ। ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਅਤੇ ਬੀਰ-ਰਸੀ ਵਾਰਾਂ ਦੀ ਰਚਨਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਾਹਿਤ ਤੇ ਵਿਸ਼ੇਸ਼ ਤੌਰ ’ਤੇ ਕਵਿਤਾ ਵਿਕਾਸ ਦੀਆਂ ਲੀਹਾਂ ’ਤੇ ਪੈ ਚੁੱਕੀ ਸੀ। 13ਵੀਂ ਸਦੀ ਦੀ ਵਾਰਤਕ ਰਚਨਾ ‘ਇਕਾਦਸ਼ੀ ਮਹਾਤਮ’ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਕੁਝ ਹੋਰ ਵਾਰਤਕ ਰਚਨਾ ਅਤੇ ਚੰਗੀ ਕਵਿਤਾ ਕਾਫ਼ੀ ਸਮਾਂ ਪਹਿਲਾਂ ਪੰਜਾਬੀ ਵਿਚ ਲਿਖੀ ਜਾਣੀ ਸ਼ੁਰੂ ਹੋ ਚੁੱਕੀ ਸੀ। 9ਵੀਂ-10ਵੀਂ ਸਦੀ ਦੀ ਰਚਨਾ ‘ਸੰਦੇਸ਼ ਰਾਸਕ’ ਤੋਂ ਸਪਸ਼ਟ ਹੈ ਕਿ ਪੰਜਾਬੀ ਦਾ ਸਾਹਿਤਕ ਰੂਪ ਅਜੇ ਵੀ ਆਪਣਾ ਨਿਸ਼ਰੂਪ ਸੀ। ਲੋਕ ਬੋਲੀ ਦਾ ਮੁਹਾਵਰਾ ਇਸ ਤੋਂ ਬਹੁਤ ਵੱਧ ਨਿੱਖਰ ਚੁੱਕਾ ਸੀ। ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਤੇ ਸ਼ਬਦਾਂ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਅਰਬੀ ਤੇ ਫ਼ਾਰਸੀ ਸ਼ਬਦਾਵਲੀ ਚੋਖੀ ਮਾਤਰਾ ਵਿਚ ਸਾਹਿਤ ਰਚਨਾ ਦਾ ਅੰਗ ਬਣ ਚੁੱਕੀ ਸੀ।

ਸਾਹਿਤਕ ਰੂਪਾਂ ਦੇ ਲਿਹਾਜ ਨਾਲ ਪੰਜਾਬੀ ਆਪਣੇ ਆਰੰਭਲੇ ਦੌਰ ਤੋਂ ਹੀ ਬਹੁ-ਰੂਪਤਾ ਤੇ ਵੰਨ-ਸੁਵੰਨਤਾ ਦੀ ਧਾਰਨੀ ਬਣ ਚੁੱਕੀ ਸੀ।

ਮੱਧ ਕਾਲ (1500 ਤੋਂ 1708) ਅਤੇ ਉਤਰ ਮੱਧ ਕਾਲ (1708 ਤੋਂ 1800) ਵਿਚ ਪੰਜਾਬੀ ਪੂਰੀ ਤਰ੍ਹਾਂ ਸਾਹਿਤ ਦੇ ਹਰ ਰੂਪ ਨੂੰ ਭਾਸ਼ਾ ਅਤੇ ਵਿਚਾਰ ਦੇ ਪੱਧਰ ’ਤੇ ਅਭਿਵਿਅਕਤੀ ਦੇਣ ਦੇ ਸਮਰੱਥ ਸੀ। ਗੁਰਮਤਿ, ਸੂਫ਼ੀ, ਬ੍ਰਿਤਾਂਤ ਕਾਵਿ (ਕਿੱਸਾ, ਵਾਰਾਂ ਤੇ ਜੰਗਨਾਮੇ) ਅਤੇ ਬਹੁਤ ਸਾਰੇ ਛੁਟੇਰੇ ਕਾਵਿ-ਰੂਪ ਜਿੱਥੇ ਵਿਚਾਰਧਾਰਕ ਪੱਧਰ ’ਤੇ ਆਪਣੀ ਨਿਵੇਕਲੀ ਪਛਾਣ ਬਣਾ ਚੁੱਕੇ ਸਨ, ਉਥੇ ਭਾਸ਼ਾ ਅਤੇ ਹੋਰ ਕਲਾ-ਜੁਗਤਾਂ ਦੇ ਆਧਾਰ ’ਤੇ ਵੀ ਇਹਨਾਂ ਵਿਚਲੀ ਹੁਨਰਮੰਦੀ ਪੰਜਾਬੀ ਨੂੰ ਇਕ ਸਫਲ ਸਾਹਿਤਕ ਭਾਸ਼ਾ ਦਾ ਰੂਪ ਪ੍ਰਦਾਨ ਕਰ ਚੁੱਕੀ ਸੀ। ਅਰਬੀ ਤੇ ਫ਼ਾਰਸੀ ਭਾਸ਼ਾ ਦੇ ਨਾਲ-ਨਾਲ ਕੁਝ ਤੁਰਕੀ ਸ਼ਬਦਾਵਲੀ ਵੀ ਤਤਸਮ ਤੇ ਤਦਭਵ ਰੂਪ ਵਿਚ ਪੰਜਾਬੀ ਦਾ ਅਨਿੱਖੜਵਾਂ ਅੰਗ ਬਣ ਚੁੱਕੀ ਸੀ। ਢੇਰ ਸਾਰੀ ਵਾਰਤਕ ਰਚਨਾ ਵੀ ਸਾਡੀ ਇਸ ਵਿਕਾਸ ਰੇਖਾ ਨੂੰ ਹੋਰ ਪੱਕਿਆਂ ਕਰਦੀ ਹੈ।

ਅੰਗਰੇਜ਼ਾਂ ਦੇ ਸਮੇਂ (1850) ਤੋਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਪੂੰਜੀਵਾਦੀ ਦੌਰ ਵਿਚ ਪ੍ਰਵੇਸ਼ ਕਰਦਾ ਹੈ। ਭਾਰਤੀ ਵਿਰਸਾ ਅਤੇ ਪੱਛਮੀ ਸਾਹਿਤ ਦੋਵੇਂ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦੇ ਹਨ। ਸਿੱਟੇ ਵਜੋਂ ਕਵਿਤਾ ਵਿਚ ਨਵੀਂ ਰੂਹ ਭਰੀ ਜਾਂਦੀ ਹੈ। ਨਿੱਕੀਆਂ ਕਵਿਤਾਵਾਂ, ਗੀਤ, ਰੁਬਾਈ, ਨਜ਼ਮ, ਗ਼ਜ਼ਲ ਆਦਿ ਕਾਵਿ-ਰੂਪ ਪ੍ਰਚੱਲਿਤ ਹੁੰਦੇ ਹਨ। ਨਿੱਕੀ ਕਹਾਣੀ, ਨਾਵਲ, ਨਾਟਕ, ਇਕਾਂਗੀ, ਨਿਬੰਧ, ਜੀਵਨੀ, ਸਫ਼ਰਨਾਮਾ ਆਦਿ ਦੇ ਭਿੰਨ-ਭਿੰਨ ਰੂਪ ਹੌਲੀ-ਹੌਲੀ ਆਪਣੀਆਂ ਨਵੀਆਂ ਸਿਖਰਾਂ ਛੂੰਹਦੇ ਹਨ। ਭਾਰਤ-ਪਾਕਿ ਵੰਡ ਕਾਰਨ ਭਾਰਤੀ ਪੰਜਾਬ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਦੀ ਥਾਂ ਸੰਸਕ੍ਰਿਤ ਦਾ ਪ੍ਰਭਾਵ ਵਧਦਾ ਹੈ। ਦੂਜੇ ਪਾਸੇ ਪਾਕਿਸਤਾਨੀ ਪੰਜਾਬ ਵਿਚ ਅਰਬੀ-ਫ਼ਾਰਸੀ ਪ੍ਰਭਾਵ ਜਿਉਂ ਤੇ ਤਿਉਂ ਬਰਕਰਾਰ ਰਹਿੰਦਾ ਹੈ। ਯੂਰਪੀਨ ਕੌਮਾਂ ਦੇ ਭਾਰਤ ਵਿਚ ਪ੍ਰਵੇਸ਼ ਨਾਲ ਅੰਗਰੇਜ਼ੀ, ਫਰਾਂਸੀ ਅਤੇ ਪੁਰਤਗੇਜ਼ੀ ਭਾਸ਼ਾਵਾਂ ਦਾ ਦਖਲ ਜੋ ਚੋਖੀ ਮਾਤਰਾ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਅੰਗ ਬਣ ਚੁੱਕਾ ਸੀ, ਦੋਹਾਂ ਪੰਜਾਬਾਂ ਵਿਚ ਨਾ ਕੇਵਲ ਬਰਕਰਾਰ ਰਹਿੰਦਾ ਹੈ, ਸਗੋਂ ਕਈ ਹਾਲਤਾਂ ਵਿਚ ਵਧ ਵੀ ਜਾਂਦਾ ਹੈ। ਸਾਡੀ ਆਲੋਚਨਾ, ਜਿਸ ਨੂੰ ਅਸੀਂ ਹੁਣ ਵਿਕਸਤ ਆਲੋਚਨਾ ਵੀ ਕਹਿ ਦਿੰਦੇ ਹਾਂ, ਯੂਰਪੀਨ ਆਲੋਚਨਾ ਪ੍ਰਣਾਲੀਆਂ ਦੀ ਜਾਂ ਕਿਸੇ ਹੱਦ ਤਕ ਅਮਰੀਕੀ ਆਲੋਚਨਾ ਪ੍ਰਣਾਲੀਆਂ ਦੀ ਗ਼ੁਲਾਮ ਬਣ ਕੇ ਰਹਿ ਜਾਂਦੀ ਹੈ।

ਪੰਜਾਬੀ ਸਾਹਿਤ ਦਾ ਨਿਕਾਸ ਤੇ ਵਿਕਾਸ ਜਿਹੜੇ ਪੜਾਵਾਂ ਵਿਚੋਂ ਦੀ ਗੁਜ਼ਰਿਆ ਹੈ, ਉਸ ਦੀ ਗਤੀ ਅਤੇ ਤੌਰ-ਤਰੀਕਾ ਇਕਸਾਰ ਨਹੀਂ ਹੈ। ਅਜਿਹਾ ਹੁੰਦਾ ਵੀ ਨਹੀਂ ਹੈ, ਪਰ ਸਾਨੂੰ ਸੰਤੁਸ਼ਟੀ ਹੈ ਕਿ ਹੁਣ ਪੰਜਾਬੀ ਸਾਹਿਤ ਤੇ ਵਿਸ਼ੇਸ਼ ਤੌਰ ’ਤੇ ਇਸ ਦੇ ਕਈ ਰੂਪਾਕਾਰ ਵਿਸ਼ਵ ਸਾਹਿਤ ਨਾਲ ਮੋਢਾ ਮੇਚਣ ਦੇ ਸਮਰੱਥ ਹਨ।

– – – – –

## ਆਦਿ ਕਾਲ ਦਾ ਸਮਾਂ ਅਤੇ ਸਭਿਆਚਾਰਕ-ਰਾਜਸੀ ਪਰਿਪੇਖ

ਪੰਜਾਬੀ ਸਾਹਿਤ ਦਾ ਮੁੱਢ ਪੰਜਾਬੀ ਦਾ ਲੋਕ ਸਾਹਿਤ ਬੰਨ੍ਹਦਾ ਹੈ। ਨਾਥਾਂ-ਜੋਗੀਆਂ ਦੇ ਭਜਨ ਤੇ ਪਦੇ, ਬੀਰ ਰਸੀ ਵਾਰਾਂ, ਅੱਦੈਮਾਨ ਦੀ ਰਚਨਾ ‘ਸੰਦੇਸ਼ ਰਾਸਕ’ ਆਦਿ ਸਾਹਿਤਕ ਰਚਨਾਵਾਂ ਆਦਿ-ਕਾਲ ਦਾ ਮੁੱਢ ਬੰਨ੍ਹਣ ਲਈ ਆਧਾਰ-ਭੂਤ ਸਮੱਗਰੀ ਬਣਦੀਆਂ ਹਨ। ਸ਼ੇਖ਼ ਫ਼ਰੀਦ (1173-1266) ਦੇ ਸ਼ਬਦਾਂ ਤੇ ਸ਼ਲੋਕਾਂ ਨਾਲ ਪੰਜਾਬੀ ਸਾਹਿਤ ਦੇ ਮੁੱਢ ਨੂੰ ਇਕ ਪੱਖੀ ਤੇ ਮਜ਼ਬੂਤ ਬੁਨਿਆਦ ਮਿਲ ਜਾਂਦੀ ਹੈ। ‘ਇਕਾਦਸ਼ੀ ਮਹਾਤਮ’ ਜਿਹੀ ਵਾਰਤਕ

ਰਚਨਾ ਪੰਜਾਬੀ ਸਾਹਿਤ ਦਾ ਮੁੱਢ ਨਾ ਕੇਵਲ ਕਵਿਤਾ, ਸਗੋਂ ਵਾਰਤਕ ਪੱਖੋਂ ਵੀ ਭਵਿੱਖ ਦੀਆਂ ਵੱਡੀਆਂ ਪ੍ਰਾਪਤੀਆਂ ਦਾ ਆਧਾਰ ਬਣਦਾ ਹੈ।

ਮੁੱਢ ਵਿਚ ਕੁਝ ਵਿਦਵਾਨਾਂ ਦੀਆਂ ਰਾਵਾਂ ਨੇ ਨਾਥਾਂ-ਜੋਗੀਆਂ ਦੀਆਂ ਰਚਨਾਵਾਂ ਨੂੰ ਪੰਜਾਬੀ ਸਾਹਿਤ ਵਿੱਚੋਂ ਕੱਢ ਕੇ ਪੰਜਾਬੀ ਸਾਹਿਤ ਦੇ ਮੁੱਢ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ। ਇਹ ਨਾਥ-ਜੋਗੀਆਂ ਨੇ 8ਵੀਂ-9ਵੀਂ ਸਦੀ ਤੋਂ 14ਵੀਂ-15ਵੀਂ ਸਦੀ ਤਕ ਪੰਜਾਬ, ਉਤਰੀ ਭਾਰਤ ਦੀਆਂ ਕੁਝ ਹੋਰ ਰਿਆਸਤਾਂ ਵਿਚ ਆਪਣਾ ਵਿਸ਼ੇਸ਼ ਪ੍ਰਭਾਵ ਪਾਇਆ। ਇਹਨਾਂ ਦੇ ਭਜਨ ਤੇ ਪਦੇ, ਭਾਵੇਂ ਪੂਰੀ ਤਰ੍ਹਾਂ ਪੰਜਾਬੀ ਰੂਪ ਗ੍ਰਹਿਣ ਕਰਦੇ ਪ੍ਰਤੀਤ ਨਹੀਂ ਹੁੰਦੇ ਪ੍ਰੰਤੂ ਉਹਨਾਂ ਦਾ ਸੁਭਾ ਪੰਜਾਬੀ ਹੈ। ਇਸ ਤਰ੍ਹਾਂ ਅੱਦੈਮਾਨ ਦੀ 'ਸੰਦੇਸ਼ ਰਾਸਕ' ਜਿਹੀ ਅਪਭ੍ਰੰਸ਼ ਦੇ ਪਿੰਡੇ ਵਾਲੀ ਰਚਨਾ ਵੀ ਪੰਜਾਬੀ ਰਚਨਾ ਹੈ। ਨਾਥ-ਜੋਗੀਆਂ ਦੀਆਂ ਇਹਨਾਂ ਰਚਨਾਵਾਂ ਨੂੰ ਪੰਜਾਬੀ ਸਾਹਿਤ ਵਿਚ ਸ਼ਾਮਲ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀ ਸਾਹਿਤ ਦਾ ਮੁੱਢ 9ਵੀਂ ਸਦੀ ਵਿਚ ਬੱਝ ਚੁੱਕਿਆ ਸੀ। ਇਸ ਗੱਲ ਦੀ ਨਿਸ਼ਾਨਦੇਹੀ ਡਾ.ਮੋਹਨ ਸਿੰਘ ਦੀਵਾਨਾ ਨੇ 'ਪੰਜਾਬੀ ਸਾਹਿਤ ਦੀ ਮੁਖ਼ਤਸਰ ਤਾਰੀਖ਼' ਵਿਚ ਕੀਤੀ ਅਤੇ ਕੁਝ ਇਕ ਵਿਦਵਾਨਾਂ ਨੂੰ ਛੱਡ ਕੇ ਬਾਕੀ ਸਾਰੇ ਵਿਦਵਾਨਾਂ ਨੇ ਇਸ ਨੂੰ ਪ੍ਰਵਾਨ ਕਰ ਲਿਆ। ਪ੍ਰਿੰ.ਸੰਤ ਸਿੰਘ ਸੇਖੋਂ ਨੇ ਅੱਦੈਮਾਨ ਦੀ 'ਸੰਦੇਸ਼ ਰਾਸਕ' ਨੂੰ ਪੰਜਾਬੀ ਰਚਨਾ ਮੰਨ ਕੇ ਪੰਜਾਬੀ ਸਾਹਿਤ ਦੇ ਮੁੱਢ ਨੂੰ ਨਿਸ਼ਚਿਤ ਰੂਪ ਵਿਚ 9ਵੀਂ ਸਦੀ ਨਾਲ ਜੋੜ ਦਿੱਤਾ।

ਭਾਵੇਂ ਡਾ.ਕਰਨੈਲ ਸਿੰਘ ਥਿੰਦ ਨਾਥਾਂ-ਜੋਗੀਆਂ ਦੀਆਂ ਰਚਨਾਵਾਂ ਅਤੇ ਪ੍ਰੋ.ਪਿਆਰਾ ਸਿੰਘ ਭੋਗਲ ਭਗਤ ਬਾਣੀ ਨੂੰ ਪੰਜਾਬੀ ਸਾਹਿਤ ਨਹੀਂ ਮੰਨਦੇ। ਪਰ ਅਨੇਕਾਂ ਇਤਿਹਾਸਕ ਹਵਾਲੇ ਅਜਿਹੇ ਹਨ, ਜਿੰਨ੍ਹਾਂ ਨੇ ਇਹਨਾਂ ਰਚਨਾਵਾਂ ਨੂੰ ਪੰਜਾਬੀ ਰਚਨਾਵਾਂ ਮੰਨਣ ਲਈ ਆਧਾਰ ਤਿਆਰ ਕਰ ਦਿੱਤਾ ਹੈ। ਇੱਥੋਂ ਤਕ ਕਿ ਰਾਹੁਲ ਸ਼ੰਕਰਤਾਇਨ ਜਿਹੇ ਵਿਦਵਾਨ ਅਤੇ ਡਾ.ਕਾਲਾ ਸਿੰਘ ਬੇਦੀ ਵਰਗੇ ਭਾਸ਼ਾ ਵਿਗਿਆਨੀ 8ਵੀਂ-9ਵੀਂ ਸਦੀ ਤੋਂ ਹੀ ਪੰਜਾਬੀ ਸਾਹਿਤ ਦਾ ਆਰੰਭ ਮੰਨਦੇ ਹਨ ਅਤੇ ਇਹਨਾਂ ਰਚਨਾਵਾਂ ਨੂੰ ਜਾਂ ਤਾਂ ਪੰਜਾਬੀ ਦੀਆਂ ਮੰਨਦੇ ਹਨ ਜਾਂ ਪੰਜਾਬੀ ਤੋਂ ਪ੍ਰਭਾਵਿਤ ਮੰਨਦੇ ਹਨ।

12ਵੀਂ-13ਵੀਂ ਸਦੀ ਵਿਚ ਹੋਏ ਸ਼ੇਖ਼ ਫ਼ਰੀਦ ਦੀਆਂ ਰਚਨਾਵਾਂ ਸਬੰਧੀ ਵੀ ਹੁਣ ਨਿਤਾਰਾ ਹੋ ਚੁੱਕਾ ਹੈ। ਪ੍ਰੋ. ਸਾਹਿਬ ਸਿੰਘ, ਪ੍ਰੋ.ਪ੍ਰੀਤਮ ਸਿੰਘ, ਡਾ.ਗੁਲਵੰਤ ਸਿੰਘ, ਡਾ.ਪ੍ਰੇਮ ਪ੍ਰਕਾਸ਼ ਸਿੰਘ, ਪ੍ਰਿੰ.ਸੰਤ ਸਿੰਘ ਸੇਖੋਂ ਆਦਿ ਵਿਦਵਾਨਾਂ ਦੀਆਂ ਦਲੀਲਾਂ ਨੂੰ ਰੱਦ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਸ਼ੇਖ਼ ਫ਼ਰੀਦ ਦੇ ਨਾਂ ਹੇਠ 'ਆਦਿ ਗ੍ਰੰਥ' ਵਿਚ ਦਰਜ ਸ਼ਲੋਕ ਉਸ ਫ਼ਰੀਦ ਦੇ ਹਨ ਜੋ 1173-1266 ਈ. ਵਿਚ ਹੋਇਆ। ਡਾ.ਗੋਪਾਲ ਸਿੰਘ ਵਰਗੇ ਵਿਦਵਾਨ ਨੇ ਵੀ ਆਪਣੀ ਭੁੱਲ ਨੂੰ ਸੋਧਦੇ ਹੋਇਆਂ ਇਹ ਪ੍ਰਵਾਨ ਕੀਤਾ ਕਿ ਇਹ ਸ਼ਲੋਕ ਗੁਰੂ ਨਾਨਕ ਦੇ ਕਿਸੇ ਸਮਕਾਲੀ ਫ਼ਰੀਦ ਦੇ ਨਹੀਂ।

ਉਪਰੋਕਤ ਰਚਨਾਵਾਂ ਦਾ ਰਚਨਾ ਕਾਲ ਅਸੀਂ 850 ਤੋਂ 1526 ਈ. ਮੰਨਦੇ ਹਾਂ ਅਤੇ ਇਸ ਸਮੇਂ ਨੂੰ ਆਦਿ-ਕਾਲ ਕਹਿੰਦੇ ਹਾਂ। ਭਾਵੇਂ ਕੁਝ ਵਿਦਵਾਨਾਂ ਨੇ ਰਾਜਨੀਤਿਕ ਆਧਾਰ ਉਤੇ ਆਦਿ-ਕਾਲ ਨੂੰ 1526 ਅਰਥਾਤ ਬਾਬਰ ਦੇ ਭਾਰਤ ਉਤੇ ਹਮਲੇ ਨਾਲ ਜੋੜ ਕੇ ਪੇਸ਼ ਕਰਦਿਆਂ ਇਸ ਕਾਲ ਨੂੰ 850-1526 ਈ. ਮੰਨਿਆ ਹੈ। ਇਹਨਾਂ ਵਿਚੋਂ ਕੁਝ ਵਿਦਵਾਨਾਂ ਨੇ ਇਸ ਕਾਲ ਨੂੰ ਗੋਰਖ ਕਾਲ, ਫ਼ਰੀਦ ਕਾਲ, ਪੂਰਵ ਨਾਨਕ ਕਾਲ, ਬੀਰ ਗਾਥਾ ਕਾਲ, ਪੂਰਵ ਮੁਗ਼ਲ ਕਾਲ ਆਦਿ ਨਾਮ ਦਿੱਤੇ ਹਨ। ਕਿਸੇ ਲੇਖਕ ਦੇ ਨਾਂ ਉਤੇ ਨਾਮਕਰਣ ਕਰਨਾ ਤਾਂ ਦੂਜੇ

ਸਮਕਾਲੀ ਸਾਹਿਤਕਾਰਾਂ ਨਾਲ ਬੇਇਨਸਾਫ਼ੀ ਹੈ। ਬੀਰ ਗਾਥਾ ਕਾਲ ਨਾਮ ਰੱਖਣਾ ਨਿਰੀ ਹਿੰਦੀ ਸਾਹਿਤ ਦੀ ਕਾਲ ਵੰਡ ਦੀ ਨਕਲ ਹੈ। ਇਸ ਪਿੱਛੇ ਕੋਈ ਤਕੜਾ ਤਰਕ ਨਹੀਂ ਬਣਦਾ। ਰਾਜ ਘਰਾਣਿਆਂ ਨਾਲ ਜੋੜ ਕੇ ਨਾਮਕਰਣ ਕਰਨਾ ਕੋਈ ਸਾਹਿਤਕ ਕਾਰਜ ਨਹੀਂ। ਇਸ ਲਈ ਇਸ ਕਾਲ ਦਾ ਨਾਉਂ ਆਦਿ-ਕਾਲ ਜਾਂ ਆਰੰਭਕ ਕਾਲ ਹੀ ਹੋ ਸਕਦਾ ਹੈ।

ਹੁਣ ਜਿੱਥੋਂ ਤਕ ਇਸ ਕਾਲ ਦੇ ਆਰੰਭ ਦਾ ਸਵਾਲ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਗੋਰਖ ਤੇ ਅੱਦੈਮਾਨ ਦੀਆਂ ਰਚਨਾਵਾਂ ਨੂੰ ਸਾਹਮਣੇ ਰੱਖਦਿਆਂ ਅਤੇ ਲੋਕ ਸਾਹਿਤ ਦੇ ਆਧਾਰ ਨੂੰ ਪ੍ਰਵਾਨ ਕਰਦਿਆਂ ਪੰਜਾਬੀ ਸਾਹਿਤ ਸਿਰਜਣਾ ਦਾ ਆਰੰਭ 850 ਈ. ਤੋਂ ਮੰਨਿਆ ਜਾ ਸਕਦਾ ਹੈ ਤੇ ਇਸ ਕਾਲ ਖੰਡ ਦੀ ਸਮਾਂ ਸੀਮਾ ਮਿੱਥਣ ਲਈ ਗੁਰਮਤਿ ਸਾਹਿਤ ਸਿਰਜਣਾ ਦਾ ਆਰੰਭ ਆਦਿ-ਕਾਲ ਦਾ ਅੰਤਿਮ ਬਿੰਦੂ ਸਮਝਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ (1469) ਦੇ ਜਨਮ ਤੋਂ ਤਿੰਨ ਦਹਾਕੇ ਪਿੱਛੋਂ ਜੇ ਗੁਰਮਤਿ ਸਾਹਿਤ ਦਾ ਆਰੰਭ ਮੰਨੀਏ ਤਾਂ ਆਦਿ ਕਾਲ ਦਾ ਸਮਾਂ 800 ਤੋਂ 1500 ਈ. ਵੀ ਹੋ ਸਕਦਾ ਹੈ।

### ਸਭਿਆਚਾਰਕ-ਰਾਜਸੀ ਪਰਿਪੇਖ

ਅਸੀਂ ਪੰਜਾਬੀ ਸਾਹਿਤ ਦਾ ਆਦਿ ਕਾਲ 850 ਤੋਂ 1526 ਈ. ਵਿਚਕਾਰ ਮੰਨਿਆ ਹੈ। ਇਹ ਸਮਾਂ ਰਾਜਸੀ ਤੌਰ ’ਤੇ ਗੜਬੜ ਦਾ ਸੀ। ਕਦੇ ਕਦੇ ਜੇ ਅਮਨ ਕਾਇਮ ਹੋ ਵੀ ਜਾਂਦਾ ਤਾਂ ਛੇਤੀ ਹੀ ਮੁੜ ਗੜਬੜ ਤੇ ਜੁਗਗਰਦੀ ਸ਼ੁਰੂ ਹੋ ਜਾਂਦੀ। ਸਮੁੱਚੇ ਤੌਰ ’ਤੇ ਇਕ ਬੰਨੇ ਹਿੰਦੂ-ਸ਼ਾਹੀ ਢਹਿੰਦੀਆਂ ਕਲਾਂ ਵੱਲ ਜਾ ਰਹੀ ਸੀ ਅਤੇ ਦੂਜੇ ਬੰਨੇ ਮੁਸਲਮਾਨਾਂ ਦਾ ਰਾਜ ਸਹਿਜੇ ਸਹਿਜੇ ਪੱਕਾ ਹੋ ਰਿਹਾ ਸੀ। 983 ਤੇ 987 ਈ. ਵਿਚ ਅਮੀਰ ਸੁਬਕਤਦੀਨ ਨੇ ਪੰਜਾਬ ਵਿਚ ਹੱਲੇ ਸ਼ੁਰੂ ਕਰ ਦਿੱਤੇ ਸਨ। ਉਸ ਵੇਲੇ ਏਥੇ ਜੈਪਾਲ ਦਾ ਰਾਜ ਸੀ, ਜਿਸ ਦੀ ਰਾਜਧਾਨੀ ਬਠਿੰਡਾ ਸੀ। 1001 ਈ. ਵਿਚ ਜੈਪਾਲ ਦੀ ਮੌਤ ਦੇ ਨਾਲ ਹੀ ਪੰਜਾਬ ਵਿਚੋਂ ਲਗਭਗ ਹਿੰਦੂ-ਸ਼ਾਹੀ ਦਾ ਖਾਤਮਾ ਹੋ ਗਿਆ ਅਤੇ ਇਸ ਦੇ ਨਾਲ ਹੀ ਹਿੰਦੂ ਤੇ ਬੋਧੀ ਸਾਹਿਤਕ ਤੇ ਸਭਿਆਚਾਰਕ ਰਹੁ-ਰੀਤੀਆਂ ਦਾ ਵੀ। ਜੈਪਾਲ ਤੋਂ ਬਾਅਦ ਗਜ਼ਨੀ ਖ਼ਾਨਦਾਨ ਦੇ ਰਾਜ ਸਮੇਂ ਲਾਹੌਰ ਨੂੰ ਕਾਫ਼ੀ ਵਿਸ਼ੇਸ਼ਤਾ ਮਿਲ ਚੁੱਕੀ ਸੀ। ਮਹਿਮੂਦ ਗਜ਼ਨੀ ਦੇ ਹਮਲਿਆਂ ਨਾਲ ਦੇਸ਼ ਵਿਚ ਇਕ ਤਰ੍ਹਾਂ ਦੀ ਅਸ਼ਾਂਤੀ ਜਿਹੀ ਫੈਲੀ ਹੋਈ ਸੀ। ਇਸ ਲਈ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਮੁਸਲਮਾਨਾਂ ਦਾ ਸਭਿਆਚਾਰਕ ਪ੍ਰਭਾਵ ਪੰਜਾਬ ਵਾਸੀਆਂ ਨੇ ਸਹਿਣ ਕਰਨਾ ਸ਼ੁਰੂ ਕਰ ਦਿੱਤਾ ਸੀ ਜਾਂ ਨਹੀਂ? ਹਾਂ, ਇਕ ਗੱਲ ਸਪਸ਼ਟ ਹੈ ਕਿ ਜੇ ਕੋਈ ਅਜਿਹਾ ਪ੍ਰਭਾਵ ਪਿਆ ਹੈ ਤਾਂ ਉਹ ਰਾਜਸੀ ਤਾਕਤ ਕਰਕੇ ਜ਼ੋਰਾ-ਜਬਰੀ ਦਾ ਹੀ ਸੀ। ਮੁਸਲਮਾਨੀ ਸਭਿਅਤਾ ਨੂੰ ਫੈਲਾਉਣ ਲਈ ਇਸ ਸਮੇਂ ਹਰ ਯੋਗ ਅਯੋਗ ਸਾਧਨ ਵਰਤੇ ਗਏ। ਜਿੱਥੇ ਵੀ ਇਹ ਲੋਕ ਜਾਂਦੇ, ਉਥੇ ਨਾਲ ਹੀ ਇਹਨਾਂ ਦੇ ਧਰਮ ਪ੍ਰਚਾਰਕ ਇਸਲਾਮ ਦਾ ਪ੍ਰਚਾਰ ਕਰਦੇ। ਕਈਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ, ਕਈ ਡਰਦੇ ਬਣ ਗਏ ਅਤੇ ਬ੍ਰਾਹਮਣਾਂ ਦੇ ਜਾਤ-ਪਾਤ ਦੇ ਬੰਧਨਾਂ ਤੋਂ ਤੰਗ ਆ ਚੁੱਕੇ ਆਮ ਲੋਕਾਂ ਨੇ ਵੀ ਇਸਲਾਮ ਧਰਮ ਹੇਠ ਪਨਾਹ ਲਈ। ਮਹਾਤਮਾ ਬੁੱਧ ਤੋਂ ਮਗਰੋਂ ਬੋਧੀਆਂ ਦੇ ਕੁਝ ਹਿੱਸੇ ਨੇ ਉਸ ਦੀ ਬੁੱਤ ਪੂਜਾ ਵੀ ਸ਼ੁਰੂ ਕਰ ਦਿੱਤੀ ਸੀ ਅਤੇ ਪਿੱਛੋਂ ਜਦੋਂ ਉਤਰੀ ਭਾਰਤ ਵਿਚ ਬ੍ਰਾਹਮਣਵਾਦ ਨੇ ਗੁਪਤ ਕਾਲ ਵਿਚ ਮੁੜ ਜ਼ੋਰ ਫੜਿਆ ਤਾਂ ਹਿੰਦੂ ਅਵਤਾਰਾਂ, ਰਾਮ ਤੇ ਕ੍ਰਿਸ਼ਨ ਦੀ ਵੀ ਬੁੱਤ ਪੂਜਾ ਹੋਣ ਲੱਗੀ। ਮੁਸਲਮਾਨ ਬੁੱਤ ਪੂਜਾ ਦੇ ਵਿਰੁੱਧ ਸਨ ਅਤੇ ਮੂਰਤੀਆਂ ਨੂੰ ਤੋੜਨਾ ਤੇ ਮੰਦਰਾਂ ਨੂੰ ਢਾਹੁਣਾ ਸਵਾਬ (ਪੁੰਨ) ਸਮਝਦੇ

ਸਨ। ਇਸ ਲਈ ਮੁਸਲਮਾਨਾਂ ਦੇ ਰਾਜਸੀ ਪ੍ਰਭਾਵ ਕਾਰਨ ਉਤਰੀ ਭਾਰਤ ਵਿਚੋਂ ਬੁੱਤ ਪੂਜਾ ਲਗਭਗ ਖ਼ਤਮ ਹੋ ਹੀ ਗਈ। ਏਹੀ ਕਾਰਨ ਹੈ ਕਿ 8ਵੀਂ-10ਵੀਂ ਸਦੀ ਵਿਚ ਹੋਏ ਜੋਗੀਆਂ ਤੇ ਪਿੱਛੋਂ ਹੋਏ ਭਗਤਾਂ ਵਿਚ ਬੁੱਤ ਪੂਜਾ ਨੂੰ ਨਿੰਦਿਆ ਹੀ ਗਿਆ ਹੈ, ਸਲਾਹਿਆ ਨਹੀਂ। ਪਰ ਮੁਸਲਮਾਨੀ ਰਾਜ ਦੀ ਠੀਕ ਸਥਾਪਨਾ 1206 ਈ. ਵਿਚ ਕੁਤਬਦੀਨ ਐਬਕ ਦੇ ਰਾਜ ਨਾਲ ਸ਼ੁਰੂ ਹੋਈ। ਇਸ ਸਮੇਂ ਤੋਂ ਹੀ ਮੁਸਲਮਾਨਾਂ ਦਾ ਸਭਿਆਚਾਰਕ ਪ੍ਰਭਾਵ ਸੂਫ਼ੀ ਫ਼ਕੀਰਾਂ, ਦਰਵੇਸ਼ਾਂ ਤੇ ਪੀਰਾਂ ਦੀ ਸਿੱਖਿਆ ਰਾਹੀਂ ਪੈਣਾ ਸ਼ੁਰੂ ਹੁੰਦਾ ਹੈ। ਇਸ ਕਾਲ ਵਿਚ ਪੰਜਾਬ ਨੇ ਮੁਸਲਮਾਨੀ ਸਾਹਿਤਕ, ਸਭਿਆਚਾਰਕ ਤੇ ਦਾਰਸ਼ਨਿਕ ਅਸਰ ਨੂੰ ਗ੍ਰਹਿਣ ਕੀਤਾ। ਇਹੀ ਕਾਰਨ ਹੈ ਕਿ ਪਿੱਛੋਂ ਹੋਏ ਭਗਤ ਕਵੀਆਂ ਵਿਚ ਅਤੇ ਕੁਝ ਹੱਦ ਤਕ ਗੁਰੂ ਸਾਹਿਬਾਨ ਵਿਚ ਵੀ ਮੁਸਲਮਾਨੀ ਵਿਚਾਰਧਾਰਾ ਦੇ ਅੰਸ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਪ੍ਰਭਾਵ ਪ੍ਰਤੱਖ ਹੈ। ਦੂਜੇ ਬੰਨੇ ਭਾਵੇਂ ਮੁਸਲਮਾਨਾਂ ਦੇ ਸਭਿਆਚਾਰਕ ਕੇਂਦਰ ਇਸ ਸਮੇਂ ਤਕ ਮੁਲਤਾਨ, ਲਾਹੌਰ, ਸਿਆਲਕੋਟ, ਪਾਨੀਪਤ ਤੇ ਅਜਮੇਰ ਆਦਿ ਥਾਵਾਂ ’ਤੇ ਸਥਾਪਤ ਹੋ ਚੁੱਕੇ ਸਨ ਤੇ ਪੂਰੇ ਜੋਸ਼ ਨਾਲ ਇਸਲਾਮੀ ਪ੍ਰਚਾਰ ਵਿਚ ਜੁਟੇ ਹੋਏ ਸਨ, ਪ੍ਰੰਤੂ ਫੇਰ ਵੀ ਇਹ ਕਹਿਣਾ ਅਯੋਗ ਨਹੀਂ ਕਿ ਉਹ ਵੀ ਏਥੋਂ ਦੇ ਸਥਾਨਕ ਤੇ ਧਾਰਮਿਕ ਅਸਰਾਂ ਤੋਂ ਪ੍ਰਭਾਵਿਤ ਹੋਣੋ ਨਾ ਰਹਿ ਸਕੇ। ਬਾਬਾ ਫ਼ਰੀਦ ਦੀ ਕਵਿਤਾ ਤੋਂ ਹੀ ਇਹ ਅਸਰ ਪ੍ਰਤੱਖ ਦਿਸਣ ਲੱਗ ਪੈਂਦਾ ਹੈ। ਕਈ ਬਾਦਸ਼ਾਹਾਂ ਨੇ ਲੋਕਾਂ ਨੂੰ ਮੁਸਲਮਾਨ ਬਣਾਉਣ ਵਿਚ ਏਨੀ ਹਠ-ਧਰਮੀ ਕੀਤੀ ਕਿ ਏਥੋਂ ਦੇ ਸਾਹਿਤਕ ਤੇ ਸਭਿਆਚਾਰਕ ਵਿਰਸੇ ਨੂੰ ਤਬਾਹ ਕਰਨ ਲਈ ਪੂਰਾ ਜ਼ੋਰ ਲਾਇਆ। ਸ਼ਾਇਦ ਏਹੀ ਕਾਰਨ ਹੈ ਕਿ ਇਸ ਸਮੇਂ ਦਾ ਬਹੁਤਾ ਸਾਹਿਤ ਨਹੀਂ ਮਿਲਦਾ। ਜਿੱਥੇ ਮੁਸਲਮਾਨ ਬਾਦਸ਼ਾਹਾਂ ਨੇ ਰਾਜਸੀ ਬਲ ਹੇਠ ਲੋਕਾਂ ਨੂੰ ਮੁਸਲਮਾਨ ਬਣਾਇਆ, ਉਥੇ ਬਾਬਾ ਫ਼ਰੀਦ ਵਰਗੇ ਉਘੇ ਦਰਵੇਸ਼ਾਂ ਤੇ ਆਗੂਆਂ ਨੇ ਵੀ ਆਪਣੀ ਸ਼ਖ਼ਸੀਅਤ ਅਤੇ ਸਿੱਖਿਆ ਦੁਆਰਾ ਇਸ ਸਬੰਧ ਵਿਚ ਉਹ ਕੰਮ ਕੀਤਾ ਜੋ ਸ਼ਾਹੀ ਯਤਨ ਕਦੇ ਵੀ ਨਹੀਂ ਸਨ ਕਰ ਸਕਦੇ। ਏਸੇ ਕਾਲ ਵਿਚ ਵਿੱਦਿਆ ਅਰਬੀ, ਫ਼ਾਰਸੀ ਤੇ ਤੁਰਕੀ ਆਦਿ ਬੋਲੀਆਂ ਵਿਚ ਦਿੱਤੀ ਜਾਣ ਲੱਗ ਪਈ ਸੀ। ਮੁਗ਼ਲ ਰਾਜ ਤੋਂ ਪਹਿਲਾਂ ਗੌਰੀ, ਗ਼ੁਲਾਮ, ਖ਼ਿਲਜੀ, ਤੁਗ਼ਲਕ, ਸੱਯਦ ਤੇ ਲੋਧੀ ਵੰਸ਼ਾਂ ਦਾ ਰਾਜ ਪੰਜਾਬ ਵਿਚ ਰਿਹਾ।

ਜਿਵੇਂ ਰਾਜਸੀ ਤੌਰ ’ਤੇ ਇਹ ਸਮਾਂ ਜੁਗਗਰਦੀ ਤੇ ਗੜਬੜ ਦਾ ਸੀ, ਤਿਵੇਂ ਹੀ ਸਮਾਜਕ ਖੇਤਰ ਵਿਚ ਬੜੀ ਮੰਦਹਾਲੀ ਸੀ। ਬੁੱਧ ਮੱਤ ਦੇ ਅਸਰ ਕਰਕੇ ਲੋਕਾਂ ਵਿਚ ਅਹਿੰਸਕ ਰੁਚੀਆਂ ਪ੍ਰਬਲ ਸਨ ਪਰ ਇਸ ਮੱਤ ਦੀਆਂ ਚੰਗਿਆਈਆਂ ਲੋਕਾਂ ਵਿਚ ਖ਼ਤਮ ਹੋ ਚੁੱਕੀਆਂ ਸਨ। ਅੱਯਾਸ਼ੀ ਵਧ ਚੁੱਕੀ ਸੀ ਤੇ ਰਾਜ ਤੇ ਪਰਜਾ ਦੋਹਾਂ ਦਾ ਆਚਰਣ ਗਿਰ ਚੁੱਕਾ ਸੀ। ਜਨਮ ਦੇ ਆਧਾਰ ’ਤੇ ਜਾਤ-ਪਾਤ ਦੀ ਵੰਡ ਬਹੁਤ ਪੱਕੀ ਹੋ ਗਈ ਸੀ। ਇਸ ਲਈ ਆਮ ਲੋਕਾਂ ਵਿਚ ਬੜੀ ਅਸੰਤੁਸ਼ਟਤਾ ਫੈਲੀ ਹੋਈ ਸੀ। ਪਰ ਜਦੋਂ ਬਾਅਦ ਵਿਚ ਮੁਸਲਮਾਨਾਂ ਦੇ ਹੱਲੇ ਹੋਣੇ ਸ਼ੁਰੂ ਹੋਏ ਤਾਂ ਲੋਕਾਂ ਨੇ ਸ਼ੈਵ-ਮੱਤ ਨੂੰ ਅਪਣਾ ਲਿਆ।

ਇਸ ਕਾਲ ਦੇ ਪਹਿਲੇ ਦੌਰ ਵਿਚ ਅਰਥਾਤ ਹਿੰਦੂ ਸ਼ਾਹੀ ਦੇ ਅੰਤਲੇ ਸਮੇਂ ਤੱਕ ਪੰਜਾਬ ਵਿਚ ਜੋਗੀਆਂ ਦਾ ਬੜਾ ਜ਼ੋਰ ਰਿਹਾ। ਇਹਨਾਂ ਜੋਗੀਆਂ ਨੇ ਆਮ ਲੋਕਾਂ ਨੂੰ ਸਿੱਧੇ ਰਾਹ ਪਾਉਣ, ਵਰਣ-ਭੇਦ ਮਿਟਾਉਣ ਅਤੇ ਐਸ਼ ਵਾਲੇ ਜੀਵਨ ਨੂੰ ਹਟਾਉਣ ਲਈ ਬਹੁਤ ਯਤਨ ਕੀਤੇ। ਏਕਤਾ ਇਹਨਾਂ ਦਾ ਨਾਅਰਾ ਸੀ। ਜੋਗ-ਪੰਥੀਆਂ ਨੇ ਬੁੱਧ ਵਾਂਗ ਏਥੋਂ ਦੀ ਭਾਸ਼ਾ ਨੂੰ ਆਪਣੇ ਪ੍ਰਚਾਰ ਤੇ ਸਾਹਿਤ ਦਾ ਸਾਧਨ ਬਣਾਇਆ। ਲੋਕ-ਭਾਸ਼ਾ ਦਾ ਇਹ ਰੰਗ ਅਤੇ ਉਕਤ ਦਰਜ ਵਿਚਾਰ-ਪ੍ਰਬੰਧ ਤੇ ਭਾਵ-ਪ੍ਰਬੰਧ ਅਸੀਂ ਆਦਿ ਕਾਲ ਦੇ ਨਾਥਾਂ-ਜੋਗੀਆਂ ਅਰਥਾਤ ਗੋਰਖ ਨਾਥ, ਚਰਪਟ ਨਾਥ, ਰਤਨ ਨਾਥ, ਚੌਰੰਗੀ ਨਾਥ ਅਤੇ ਗੋਪੀ ਚੰਦ ਆਦਿ ਦੇ ਭਜਨਾਂ ਤੇ ਪਦਿਆਂ ਵਿਚੋਂ ਵੇਖ ਸਕਦੇ ਹਾਂ। ਭਾਵੇਂ ਜੋਗ ਮੱਤ ਤੇ ਇਸ

ਤੋਂ ਪਹਿਲਾਂ ਦੇ ਸਿੱਧ ਤੇ ਨਾਥ ਆਦਿ ਲੋਕ-ਧਰਮ ਨਹੀਂ ਸਨ ਫਿਰ ਵੀ ਇਹਨਾਂ ਦਾ ਉਸ ਸਮੇਂ ਦੇ ਸਾਹਿਤ ਤੇ ਸਭਿਆਚਾਰ ਉਤੇ ਕਾਫ਼ੀ ਪ੍ਰਭਾਵ ਹੈ।

ਮੁਸਲਮਾਨਾਂ ਦੇ ਚੜ੍ਹਦੀ ਕਲਾ ਵਿਚ ਆਉਣ ਨਾਲ ਸੂਫ਼ੀ ਮੱਤ ਦਾ ਜ਼ੋਰ ਵਧ ਗਿਆ। ਇਹ ਮੱਤ ਵੀ ਮੁਸਲਮਾਨਾਂ ਦੇ ਨਾਲ ਹੀ ਪੰਜਾਬ ਵਿਚ ਆਇਆ, ਪਰੰਤੂ ਇਸ ਕਾਲ ਦੇ ਸੂਫ਼ੀਆਂ ਨੂੰ ਅਸੀਂ ਪਹਿਲੇ ਦੌਰ ਦੇ ਸੂਫ਼ੀ ਹੀ ਮੰਨਾਂਗੇ। ਇਹਨਾਂ ਸੂਫ਼ੀਆਂ ਨੇ ਮੁਸਲਮਾਨ ਹਾਕਮਾਂ ਨਾਲ ਆਪਣੇ ਸਬੰਧ ਰੱਖੇ ਅਤੇ ਆਪਣੀ ਸਿੱਖਿਆ ਦੁਆਰਾ ਬਹੁਤ ਸਾਰੇ ਨੀਵੀਆਂ ਜਾਤਾਂ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਅਜਿਹੇ ਸੂਫ਼ੀਆਂ ਦੀ ਕਤਾਰ ਵਿਚ ਹੀ ਬਾਬਾ ਫ਼ਰੀਦ ਆਉਂਦੇ ਹਨ।

ਇਸ ਦੌਰ ਦੀ ਤੀਜੀ ਧਾਰਮਿਕ ਤੇ ਸਭਿਆਚਾਰਕ ਲਹਿਰ ਭਗਤੀ ਮਾਰਗ ਹੈ। ਭਾਰਤ ਦੇ ਪਹਿਲੇ ਦਾਰਸ਼ਨਿਕ ਤੇ ਧਾਰਮਿਕ ਮੱਤਾਂ ਤੇ ਏਧਰੋਂ ਮੁਸਲਮਾਨੀ ਪ੍ਰਭਾਵਾਂ ਨੂੰ ਨਿਚੋੜ ਕੇ ਸਮੇਂ ਦੀਆਂ ਲੋੜਾਂ ਅਨੁਸਾਰ ਢਾਲ ਕੇ ਭਗਤੀ ਲਹਿਰ ਦਾ ਜਨਮ ਹੋਇਆ, ਜਿਸ ਨੇ ਸਮੇਂ ਦੀਆਂ ਲੋੜਾਂ ਅਨੁਕੂਲ ਲੋਕਾਂ ਨੂੰ ਨਵੀਂ ਚੇਤਨਤਾ ਤੇ ਸ਼ਰਧਾ ਭਰਪੂਰ ਦ੍ਰਿਸ਼ਟੀਕੋਣ ਦਿੱਤਾ। ਇਕ ਬੰਨੇ ਭਗਤੀ ਲਹਿਰ ਗਿਆਨ ਤੇ ਵਿਵੇਕ ਉਤੇ ਨਿਰਭਰ ਸੀ ਅਤੇ ਦੂਜੇ ਬੰਨੇ ਭਗਤੀ ਭਾਵਾਂ ਉਤੇ। ਪ੍ਰਮਾਤਮਾ ਦੇ ਨਿਰਗੁਣ ਤੇ ਸਰਗੁਣ, ਨਿਰਾਕਾਰ ਤੇ ਸਾਕਾਰ, ਏਕ ਤੇ ਅਨੇਕ ਸਰੂਪ ਇਸ ਮੱਤ ਵਿਚ ਇਕਸੁਰ ਹੋ ਜਾਂਦੇ ਹਨ। ਨਾਮਦੇਵ, ਰਾਮਾਨੰਦ, ਕਬੀਰ, ਰਵਿਦਾਸ, ਪੀਪਾ ਆਦਿ ਇਸ ਕਾਲ ਦੇ ਉਘੇ ਭਗਤ ਹਨ। ਪਰੰਤੂ ਇਸ ਮੱਤ ਦਾ ਸਿਖਰ ਪੰਜਾਬ ਵਿਚ ਉਪਜੇ ਸਿੱਖ ਮੱਤ ਨੂੰ ਹੀ ਕਿਹਾ ਜਾ ਸਕਦਾ ਹੈ, ਜਿਸ ਨੇ ਆਪਣੇ ਦੁਆਲੇ ਬਹੁਤ ਵੱਡੇ ਆਤਮਕ, ਸਭਿਆਚਾਰਕ, ਸਮਾਜਕ ਅਤੇ ਰਾਜਸੀ ਘੇਰੇ ਨੂੰ ਸੰਗਠਤ ਕਰ ਲਿਆ ਸੀ। ਪਿੱਛੋਂ ਸੂਫ਼ੀ ਫ਼ਕੀਰ ਵੀ ਇਸ ਲਹਿਰ ਦੇ ਅਸਰਾਂ ਤੋਂ ਬਚ ਨਾ ਸਕੇ।

ਪੰਜਾਬ ਵਿਚ ਭਗਤ ਨਾਮਦੇਵ ਨੇ ਆ ਕੇ ਨਿਵਾਸ ਕੀਤਾ ਅਤੇ ਆਪਣੀ ਬਾਣੀ ਪੰਜਾਬੀ ਵਿਚ ਵੀ ਰਚੀ ਜੋ ਪਿੱਛੋਂ ਗੁਰੂ ਗਰੰਥ ਸਾਹਿਬ ਵਿਚ ਵੀ ਦਰਜ ਕੀਤੀ ਗਈ।

ਇਸ ਸਮੇਂ ਜੋਗੀ, ਸਿੱਧ, ਸਾਧੂ ਆਦਿ ਟੋਲੀਆਂ ਬਣਾ ਬਣਾ ਕੇ ਫਿਰਦੇ ਸਨ। ਮੇਲਿਆਂ ਉਤੇ ਜਾਂਦੇ ਅਤੇ ਬਹਿਸਾਂ ਤੇ ਸੰਵਾਦ ਹੁੰਦੇ। ਦੂਜੇ ਬੰਨੇ ਮੁਸਲਮਾਨ ਸੂਫ਼ੀ ਫ਼ਕੀਰ, ਦਾਨਸ਼ਮੰਦ ਤੇ ਪੀਰ ਆਪਣੇ ਅੱਡਿਆਂ ’ਤੇ ਬਹਿ ਕੇ ਆਪਣੇ ਮੱਤ ਦਾ ਪ੍ਰਚਾਰ ਕਰਦੇ। ਅਜਿਹੀ ਧਾਰਮਿਕ ਖਿੱਚੋਤਾਣ ਦਾਰਸ਼ਨਿਕ ਤੇ ਸਮਾਜਿਕ ਪੱਖ ਤੋਂ ਆਮ ਸੀ। ਸਭਿਆਚਾਰਕ ਤੌਰ ’ਤੇ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਤੇ ਬਾਹਰੋਂ ਆਇਆ ਮੁਸਲਮਾਨੀ ਸਭਿਆਚਾਰ ਘੁਲਮਿਲ ਰਹੇ ਸਨ। ਇਸ ਕਾਲ ਦੀਆਂ ਰਚਨਾਵਾਂ ਵਿਚ ਭਾਰਤੀ ਭਾਸ਼ਾਵਾਂ ਨਾਲ ਅਰਬੀ, ਫ਼ਾਰਸੀ ਤੇ ਤੁਰਕੀ ਦਾ ਸਹਿਜ ਸੰਗਮ ਸਾਡੇ ਇਸ ਮੱਤ ਦੀ ਪੁਸ਼ਟੀ ਕਰਦਾ ਹੈ।

ਹਿੰਦੂਆਂ ਤੋਂ ਨਵੇਂ ਬਣੇ ਮੁਸਲਮਾਨ ਕੁਝ ਆਪਣੇ ਪਹਿਲੇ ਸਭਿਆਚਾਰ ਨੂੰ ਕਾਇਮ ਰੱਖ ਰਹੇ ਸਨ ਅਤੇ ਦੂਜੇ ਬੰਨੇ ਬਾਹਰੋਂ ਆਏ ਇਸਲਾਮੀ ਪ੍ਰਭਾਵ ਨੂੰ ਵੀ ਗ੍ਰਹਿਣ ਕਰ ਰਹੇ ਸਨ। ਏਹੀ ਹਾਲ ਮੁਸਲਮਾਨੀ ਸਭਿਆਚਾਰ ਦਾ ਸੀ। ਸਾਹਿਤ ਵਿਚ ਸਾਨੂੰ ਇਹਨਾਂ ਦੋਹਾਂ ਸੰਸਕ੍ਰਿਤੀਆਂ, ਦਰਸ਼ਨਾਂ ਤੇ ਧਾਰਮਿਕ ਵਿਸ਼ਵਾਸਾਂ ਦਾ ਮਿਸ਼ਰਨ ਮਿਲਦਾ ਹੈ। ਜਿਸ ਤਰ੍ਹਾਂ ਇਸ ਕਾਲ ਦੀ ਰਾਜਸੀ ਤੇ ਸਮਾਜਿਕ ਦਸ਼ਾ ਸੀ, ਉਸ ਅਨੁਸਾਰ ਹੀ ਸਾਹਿਤ ਰਚਨਾ ਦੀ ਸੰਭਾਵਨਾ ਹੋ ਸਕਦੀ ਸੀ।

ਸਾਮੰਤਵਾਦੀ/ਜਾਗੀਰਦਾਰੀ ਰਾਜ-ਪ੍ਰਬੰਧ ਵਿਚ ਜ਼ਰ-ਜ਼ੋਰੋ-ਜ਼ਮੀਨ ਲਈ ਛੋਟੀਆਂ ਵੱਡੀਆਂ ਲੜਾਈਆਂ ਹੋਣਾ ਸੁਭਾਵਿਕ ਸਨ। ਉਂਜ ਵੀ ਪੰਜਾਬੀ ਸੁਭਾ ਬੀਰ ਭਾਵੀ ਰਿਹਾ ਹੈ। ਇਸ ਲਈ ਬੀਰ ਰਸੀ ਵਾਰਾਂ ਦਾ ਇਸ ਕਾਲ ਖੰਡ ਵਿਚ ਰਚਿਆ ਜਾਣਾ ਵੀ ਸੁਭਾਵਿਕ ਸਭਿਆਚਾਰਕ ਵਰਤਾਰੇ ਦਾ ਸਿੱਟਾ ਹੈ।

ਇਸ ਕਾਲ ਖੰਡ ਵਿਚ ਪਰਜਾ ਜਾਂ ਆਮ ਲੋਕ ਜਾਗੀਰਦਾਰਾਂ ਸਾਹਮਣੇ ਬੇਬਸ ਅਤੇ ਨਿਸੱਤੇ ਮਹਿਸੂਸ ਕਰਦੇ ਸਨ, ਜਿਸ ਲਈ ਭਗਤੀ ਲਹਿਰ ਅਤੇ ਸੂਫ਼ੀ ਦਰਵੇਸ਼ਾਂ ਦੀ ਬਾਣੀ ਉਹਨਾਂ ਦਾ ਢਾਰਸ ਬੰਨ੍ਹਦੀ ਹੈ ਅਤੇ ਅਧਿਆਤਮਕ ਲਹਿਰ ਵੀ ਇਹ ਮੁਢਲੇ ਦੌਰ ਵਿਚ ਜ਼ੁਲਮ ਵਿਰੁੱਧ ਬਿਲਕੁਲ ਹੀ ਨਿਸੱਤੀ ਹੋਣ ਦੀ ਥਾਂ ਡਟਣ ਦੀ ਵੀ ਪ੍ਰੇਰਨਾ ਗ੍ਰਹਿਣ ਕਰਦੀ ਹੈ। ਭਗਤਾਂ ਵਿਚੋਂ ਰਵਿਦਾਸ ਤੇ ਕਬੀਰ ਅਤੇ ਫ਼ਰੀਦ ਜੀ ਦੀ ਬਾਣੀ ਵਿਚੋਂ ਅਜਿਹੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਆਦਿ-ਕਾਲ ਦੇ ਰਾਜਸੀ-ਸਭਿਆਚਾਰਕ ਪਰਿਪੇਖ ਸਬੰਧੀ ਚਰਚਾ ਕਰਦਿਆਂ ਇਕ ਗੱਲ ਸਦਾ ਯਾਦ ਰੱਖਣੀ ਬਣਦੀ ਹੈ। ਇਹ ਦੌਰ ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ ਕਿ ਲੜਾਈਆਂ ਅਤੇ ਬਦਅਮਨੀ ਦਾ ਦੌਰ ਸੀ। ਅਜਿਹੇ ਸਮੇਂ ਵਿਚ ਵੱਡੀ ਮਾਤਰਾ ਵਿਚ ਸਾਹਿਤ ਰਚਿਆ ਜਾਣਾ ਸੰਭਵ ਨਹੀਂ ਹੁੰਦਾ। ਜੇ ਰਚਿਆ ਵੀ ਜਾਵੇ ਤਾਂ ਉਸ ਦੇ ਸਾਂਭੇ ਜਾਣ ਦੀ ਵੀ ਗਰੰਟੀ ਨਹੀਂ ਬਣਦੀ। ਇਹ ਗੱਲ ਬਿਲਕੁਲ ਹੀ 9ਵੀਂ ਤੋਂ 16ਵੀਂ ਸਦੀ ਦੇ ਪਹਿਲੇ ਦੋ-ਤਿੰਨ ਦਹਾਕਿਆਂ ਦੇ ਕਾਲ ਖੰਡ ਉਤੇ ਢੁਕਦੀ ਹੈ। ਕਈ ਅਜਿਹੇ ਬਾਹਰੀ ਪ੍ਰਮਾਣ ਮਿਲਦੇ ਹਨ ਕਿ ਇਸ ਕਾਲ ਖੰਡ ਵਿਚ ਕਾਫ਼ੀ ਸਾਹਿਤਕ ਰਚਨਾ ਹੋਈ ਹੋਵੇਗੀ ਪਰ ਬਦਅਮਨੀ ਕਾਰਨ ਸਾਂਭੀ ਨਹੀਂ ਜਾ ਸਕੀ ਹੋਵੇਗੀ। ਛਾਪੇ ਦੀ ਅਣਹੋਂਦ ਕਾਰਨ ਵੀ ਇਸ ਦੇ ਸਾਂਭੇ ਜਾਣ ਸਬੰਧੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਇਹ ਸਮਾਂ ਮਹਾਂ-ਕਾਵਿ ਦੀ ਰਚਨਾ ਦੇ ਅਨੁਕੂਲ ਨਹੀਂ ਸੀ। ਮੁਸਲਮਾਨਾਂ ਦੇ ਸ਼ਾਹੀ ਵਿਰੋਧ ਦੇ ਕਾਰਨ ਪ੍ਰਾਚੀਨ ਸੰਸਕ੍ਰਿਤ ਨਾਟਕ ਦੀਆਂ ਸੁਨਹਿਰੀ ਰਵਾਇਤਾਂ ਨੂੰ ਵੀ ਸੁਰਜੀਤ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਜੇ ਸੰਭਾਵਨਾ ਸੀ ਤਾਂ ਪ੍ਰੀਤ-ਕਥਾਵਾਂ ਤੇ ਵਾਰਾਂ ਦੀ ਜੋ ਭਾਵੇਂ ਸਾਨੂੰ ਬਹੁਤੀਆਂ ਨਹੀਂ ਮਿਲਦੀਆਂ ਪਰੰਤੂ ਫਿਰ ਵੀ ਉਹਨਾਂ ਦੇ ਥੋੜ੍ਹੇ ਬਹੁਤ ਨਮੂਨੇ ਜ਼ਰੂਰ ਮਿਲਦੇ ਹਨ ਜਿਵੇਂ ਕਿ ਅਸੀਂ ਪਹਿਲਾਂ ਵੀ ਲਿਖ ਆਏ ਹਾਂ ਕਿ ਬਦਅਮਨੀ ਦੇ ਇਸ ਦੌਰ ਵਿਚ ਇਸ ਖੰਡ-ਕਾਵਿ ਦੇ ਸੰਭਾਲੇ ਜਾਣ 'ਤੇ ਵੀ ਹੋਰ ਰਚਨਾਵਾਂ ਵਾਂਗ ਸ਼ੰਕਾ ਪ੍ਰਗਟਾਈ ਜਾ ਸਕਦੀ ਹੈ।

ਸੋ, ਅਸੀਂ ਕਹਿ ਸਕਦੇ ਹਾਂ ਕਿ ਸਾਡਾ ਸਾਰਾ ਸਾਹਿਤ ਨਾ ਮਿਲਣ ਕਾਰਨ ਆਦਿ-ਕਾਲ ਦਾ ਸਭਿਆਚਾਰਕ-ਰਾਜਸੀ ਪਰਿਪੇਖ ਪੂਰੇ ਦਾ ਪੂਰਾ ਸਾਹਿਤਕ ਰੂਪ ਗ੍ਰਹਿਣ ਕਰਨ ਸਬੰਧੀ ਵੀ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

\- - - - -

## ਨਾਥ ਜੋਗੀਆਂ ਦਾ ਸਾਹਿਤ

ਪੰਜਾਬੀ ਸਾਹਿਤ ਦਾ ਮੁੱਢ ਲੋਕ ਸਾਹਿਤ ਅਤੇ ਨਾਥ-ਜੋਗੀਆਂ ਦੀ ਰਚਨਾ ਤੋਂ ਮੰਨਿਆਂ ਜਾਂਦਾ ਹੈ। ਇਸ ਤੋਂ ਪਹਿਲਾਂ ਅਸੀਂ ਪੰਜਾਬੀ ਵਿਚ ਨਾਥ-ਜੋਗੀਆਂ ਦੀਆਂ ਰਚਨਾਵਾਂ ਉਤੇ ਵਿਚਾਰ ਕਰੀਏ, ਇਹ ਜ਼ਰੂਰੀ ਹੈ ਕਿ ਨਾਥ-ਜੋਗੀਆਂ ਦੇ ਪਿਛੋਕੜ ਅਤੇ ਇਸ ਮੱਤ ਦੇ ਬੁਨਿਆਦੀ ਅਸੂਲਾਂ ਨੂੰ ਸਮਝਣ ਦਾ ਯਤਨ ਕਰੀਏ।

ਨਾਥ-ਜੋਗੀਆਂ ਸਬੰਧੀ ਭਾਰਤੀ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੋ.ਕਿਰਪਾਲ ਸਿੰਘ ਕਸੇਲ, ਡਾ.ਪਰਮਿੰਦਰ ਸਿੰਘ ਅਤੇ ਡਾ.ਗੋਬਿੰਦ ਸਿੰਘ ਲਾਂਬਾ ਆਪਣੀ ਪੁਸਤਕ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਵਿਚ ਲਿਖਦੇ ਹਨ—''ਪੰਜਾਬੀ ਸਾਹਿਤ ਦਾ ਮੁੱਢ ਅਸੀਂ ਨਾਥ-ਜੋਗੀਆਂ ਦੇ ਸਾਹਿਤ ਤੋਂ ਮੰਨ ਸਕਦੇ ਹਾਂ। ਇਹ ਕੰਨ-ਪਾਟੇ ਜੋਗੀ ਤੇ ਨਾਥ, 8ਵੀਂ-9ਵੀਂ ਤੇ 10ਵੀਂ ਸਦੀ ਵਿਚ ਉਤਰ-ਪੱਛਮੀ ਭਾਰਤ ਵਿਚ ਵਿਚਰਦੇ ਰਹੇ ਹਨ। ਪੰਜਾਬ ਤੇ ਰਾਜਸਥਾਨ ਨੂੰ ਇਹਨਾਂ ਦਾ ਮੂਲ ਕੇਂਦਰ ਮੰਨਿਆ ਗਿਆ ਹੈ।'' ਭਾਵੇਂ ਜੋਗ ਮੱਤ ਦਾ ਜਨਮ ਇਸ ਸਮੇਂ ਤੋਂ ਢੇਰ ਚਿਰ ਪਹਿਲਾਂ ਉਪਨਿਸ਼ਦਾਂ ਦੇ ਸਮੇਂ ਹੋ ਚੁੱਕਿਆ ਸੀ ਅਤੇ ਉਪਨਿਸ਼ਦਾਂ, ਗੀਤਾ ਤੇ ਹੋਰ ਪੁਰਾਣੇ ਗ੍ਰੰਥਾਂ ਵਿਚ ਜੋਗ ਬਾਰੇ ਭਿੰਨ ਭਿੰਨ ਪ੍ਰਕਾਰ ਦਾ ਵਰਣਨ ਆਉਂਦਾ ਹੈ, ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਇਸ ਮੱਤ ਦਾ ਸਭ ਤੋਂ ਵੱਧ ਜ਼ੋਰ ਉਪਰੋਕਤ ਸਮੇਂ ਵਿਚ ਹੀ ਰਿਹਾ ਹੈ।

ਕਈ ਵਿਚਾਰਵਾਨਾਂ ਦਾ ਇਹ ਖ਼ਿਆਲ ਹੈ ਕਿ ਬੁੱਧ-ਮੱਤ ਤੋਂ ਬਾਅਦ ਜਦੋਂ ਫੇਰ ਬ੍ਰਾਹਮਣਾਂ ਦਾ ਜ਼ੋਰ ਵਧਿਆ ਤਾਂ ਬਹੁਤ ਸਾਰੇ ਬੋਧੀ ਭਿਖਸ਼ੂ ਸਿੱਧਾਂ ਦੇ ਰੂਪ ਵਿਚ ਆ ਨਿੱਕਲੇ। ਸਿੱਧ ਦਾ ਅੱਖਰੀ ਅਰਥ ਵੀ ਸਾਧਨਾ ਅਰਥਾਤ ਕਿਸੇ ਕੰਮ ਦੀ ਸਿੱਧੀ ਲਈ ਮਨ ਨੂੰ ਕਾਬੂ ਕਰਨਾ ਅਤੇ ਸਾਧਣਾ ਹੈ।

ਲਗਭਗ ਏਹੀ ਅਰਥ ਜੋਗ ਸ਼ਬਦ ਦੇ ਹਨ। ਡਾ.ਮੋਹਨ ਸਿੰਘ ਅਨੁਸਾਰ ਜੋਗ ਦੇ ਅੱਖਰੀ ਅਰਥ ਜੁੜਨਾ ਹੈ। ਆਪਣੇ ਮਨ ਨੂੰ ਇਸ ਤਰ੍ਹਾਂ ਸਾਧਣਾ ਕਿ ਉਨਮਨ ਦੀ ਅਵਸਥਾ ਵਿਚ ਪੁੱਜ ਜਾਵੇ। ਸੰਸਕ੍ਰਿਤ ਸ਼ਬਦ ਯੋਗ, ਪੰਜਾਬੀ ਵਿਚ ਜੋਗ ਬਣ ਗਿਆ ਹੈ। ਇਸ ਦੇ ਅਰਥ ਹਨ 'ਜੁੜਨਾ' ਅਰਥਾਤ ਮਨ ਦੀ 'ਸਾਧਨਾ' ਰਾਹੀਂ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨਾ। ਡਾ.ਮੋਹਨ ਸਿੰਘ ਅਨੁਸਾਰ ਇਸ ਮੱਤ ਦਾ ਆਰੰਭ ਅਥਰਵੇਦ ਤੋਂ ਹੋਇਆ ਹੈ, ਪਰੰਤੂ ਡਾ.ਰਾਧਾ ਕ੍ਰਿਸ਼ਨਨ ਇਸ ਗੱਲ ਨਾਲ ਸਹਿਮਤ ਨਹੀਂ। ਉਹ ਜੋਗ ਦਾ ਬੀਜ ਉਪਨਿਸ਼ਦਾਂ ਵਿਚੋਂ ਹੀ ਲਭਦੇ ਹਨ। ਡਾ.ਸ਼ੇਰ ਸਿੰਘ ਅਨੁਸਾਰ ਜੋਗ ਮੱਤ ਬੁੱਧ ਤੇ ਸ਼ੈਵ ਮੱਤ ਦੇ ਮੇਲ ਤੋਂ ਹੋਂਦ ਵਿਚ ਆਇਆ ਹੈ। ਪਰ ਅਸੀਂ ਇਤਿਹਾਸਕ ਪ੍ਰਮਾਣਾਂ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਬੁੱਧ ਧਰਮ ਪਿੱਛੋਂ ਸਿੱਧਾਂ ਦਾ ਜ਼ੋਰ ਰਿਹਾ ਅਤੇ ਸਿੱਧਾਂ ਵਿਚ ਆਈਆਂ ਬੁਰਾਈਆਂ—ਆਚਰਣਹੀਣਤਾ ਅਤੇ ਕਰਾਮਾਤਾਂ ਦੇ ਪ੍ਰਤਿਕਰਮ ਵਜੋਂ ਜੋਗ ਮੱਤ ਹੋਂਦ ਵਿਚ ਆਇਆ।

ਜੋਗੀ ਸੰਜਮ ਦਾ ਖਾਂਦੇ, ਬਿੰਦ ਨੂੰ ਰੋਕਦੇ, ਕੰਨਾਂ ਵਿਚ ਮੁੰਦਰਾਂ ਪਾਉਂਦੇ, ਬਿਭੂਤੀ ਮਲਦੇ, ਸਿੰਗੀ ਤੇ ਨਾਦ ਆਦਿ ਵਜਾਉਂਦੇ ਸਨ। ਗੋਰਖ ਤੇ ਚਰਪਟ ਨੇ ਇਹਨਾਂ ਸਾਰੇ ਬਾਹਰਮੁਖੀ ਭੇਖਾਂ ਨੂੰ ਨਿੰਦਿਆ ਅਤੇ ਆਤਮਕ ਸ਼ੁੱਧੀ ਨੂੰ ਹੀ ਸਭ ਤੋਂ ਵੱਡਾ ਜੋਗ ਮੰਨਿਆ ਹੈ। ਭਾਵੇਂ ਜੋਗ ਮੱਤ ਆਤਮਕ ਸਾਧਨਾ ਦਾ ਮੱਤ ਸੀ ਪਰੰਤੂ ਫਿਰ ਵੀ ਇਸ ਨੇ ਸਮਾਜਕ ਖੇਤਰ ਵਿਚ ਬਹੁਤ ਸਾਰਾ ਕੰਮ ਕੀਤਾ। ਲੋਕਾਂ ਵਿਚੋਂ ਅੱਯਾਸ਼ੀ ਦੂਰ ਕਰਨ ਦਾ ਯਤਨ ਕੀਤਾ, ਰਾਜਿਆਂ ਨੂੰ ਆਪਣੇ ਸ਼ਿਸ਼ ਬਣਾ ਕੇ ਸੁਧਾਰਿਆ, ਵਰਣ ਭੇਦ ਮਿਟਾਇਆ। ਬਹੁਤ ਸਾਰੇ ਮੁਸਲਮਾਨ ਵੀ ਜੋਗੀ ਬਣ ਗਏ। ਭੰਡਾਰੇ ਤੇ ਲੰਗਰ ਦਾ ਰਿਵਾਜ ਚਲਾਇਆ। ਜੋਗੀਆਂ ਦੀ ਵੱਖਰੀ ਰਹਿਰਾਸ ਨੂੰ ਪ੍ਰਚੱਲਤ ਕੀਤਾ, ਮੇਲਿਆਂ ਦਾ ਰਿਵਾਜ ਪਾਇਆ, ਬਾਕੀ ਮੱਤਾਂ ਵਾਲਿਆਂ ਨਾਲ ਬਹਿਸ ਮੁਬਾਹਸੇ ਵੀ ਕੀਤੇ। ਜੋਗ ਸਾਧਨਾਂ ਦੇ ਨਾਲ ਆਪਣੇ ਆਪ ਨੂੰ ਸਮਾਜ ਸੇਵਕ ਵੀ ਬਣਾਇਆ ਅਤੇ ਆਪਣੇ ਰਚੇ ਸਾਹਿਤ ਦੁਆਰਾ ਲੋਕਾਂ ਨੂੰ ਸਿੱਖਿਆ ਦਿੱਤੀ।

ਪੰਜਾਬੀ ਸਾਹਿਤ ਵਿਚ ਨਾਥ-ਜੋਗੀਆਂ ਦੀਆਂ ਰਚਨਾਵਾਂ ਨੂੰ ਸਥਾਨ ਦੇਣ ਵਾਲਾ ਡਾ.ਮੋਹਨ ਸਿੰਘ ਦੀਵਾਨਾ ਪਹਿਲਾ ਖੋਜੀ ਹੈ। ਉਸ ਨੇ ਆਪਣੇ ਸਾਹਿਤ ਦੇ ਇਕ ਇਤਿਹਾਸ ਵਿਚ (ਪੰਜਾਬੀ ਸਾਹਿਤ ਦੀ ਮੁਖ਼ਤਸਰ ਤਵਾਰੀਖ਼) ਪੰਜਾਬੀ ਦੇ ਮੁਢਲੇ ਦੌਰ ਨੂੰ ਨਾਥ-ਜੋਗੀਆਂ ਦਾ ਸਮਾਂ ਵੀ ਕਿਹਾ ਹੈ। ਇਸ ਸਬੰਧ ਵਿਚ ਅਸੀਂ ਇਹਨਾਂ ਨਾਥਾਂ-ਜੋਗੀਆਂ

ਦੇ 9ਵੀਂ-10ਵੀਂ ਸਦੀ ਤੋਂ 14ਵੀਂ-15ਵੀਂ ਸਦੀ ਹੋਣ ਤਕ ਦੇ ਉਹ ਪ੍ਰਮਾਣ ਲੈਂਦੇ ਹਾਂ ਜੋ ਇਹ ਸਿੱਧ ਕਰਦੇ ਹਨ ਕਿ ਇਹ ਨਾਥ-ਜੋਗੀ ਪੰਜਾਬ ਦੀ ਧਰਤੀ ਉਤੇ ਜ਼ਰੂਰ ਹੋਏ ਹੋਣਗੇ ਅਤੇ ਉਹਨਾਂ ਨੇ ਕੁਝ ਰਚਨਾ ਵੀ ਜ਼ਰੂਰ ਕੀਤੀ ਹੋਵੇਗੀ।

1. ਪੰਜਾਬੀ ਲੋਕ ਗੀਤਾਂ ਵਿਚ ਨਾਥਾਂ-ਜੋਗੀਆਂ ਦਾ ਜ਼ਿਕਰ ਆਮ ਮਿਲਦਾ ਹੈ। ਲੋਕ ਗੀਤ ਸਾਡੇ ਸਾਹਿਤ ਦਾ ਮੁਢਲਾ ਹਿੱਸਾ ਹਨ। ਇਕ ਲੋਕ ਗੀਤ ਵੇਖੋ :

   ਜੋਗੀ ਉੱਤਰ ਪਹਾੜੋਂ ਆਏ, ਚਰਖੇ ਦੀ ਘੂੰਕ ਸੁਣ ਕੇ।

2. ਡਾ.ਮੋਹਨ ਸਿੰਘ ਦੀਵਾਨਾ ਨੇ 'ਪੰਜਾਬੀ ਸਾਹਿਤ ਦੀ ਮੁਖ਼ਤਸਰ ਤਵਾਰੀਖ਼' ਵਿਚ ਲਿਖਿਆ ਹੈ— ਜ਼ਿਹਲਮ ਜ਼ਿਲ੍ਹੇ ਵਿਚ ਗੁਰੂ ਗੋਰਖ ਨਾਥ ਦਾ ਟਿੱਲਾ ਮਸ਼ਹੂਰ ਸਥਾਨ ਹੈ। ਪਿਸ਼ੌਰ ਵਿਚ ਗੁਰੂ ਗੋਰਖ ਨਾਥ ਦੀ ਹੱਟੜੀ ਪ੍ਰਸਿੱਧ ਹੈ। ਬਾਬੇ ਰਤਨ ਦਾ ਡੇਰਾ ਪਿਸ਼ੌਰ ਵਿਚ ਹੈ, ਇਸੇ ਦਾ ਡੇਰਾ ਬਠਿੰਡੇ ਵਿਚ ਮੌਜੂਦ ਹੈ। ਚੌਰੰਗੀ ਨਾਥ (ਪੂਰਨ ਭਗਤ) ਦੀ ਧੂਣੀ ਅਬੋਹਰ ਵਿਚ ਹੈ, ਇਸ ਦਾ ਖੂਹ ਸਿਆਲਕੋਟ ਵਿਚ ਵੀ ਹੈ, ਜਿਸ ਨੂੰ 'ਪੂਰਨ ਦਾ ਖੂਹ' ਕਹਿੰਦੇ ਹਨ। ਚਰਪਟ ਨਾਥ ਰਿਆਸਤ ਚੰਬੇ ਦੇ ਰਾਜਗੁਰੂ ਹੋਏ। ਇਸ ਤਰ੍ਹਾਂ ਪੰਜਾਬ ਦਾ ਚੱਪਾ-ਚੱਪਾ ਨਾਥ ਜੋਗੀਆਂ ਦੇ ਪਦ-ਚਿੰਨ੍ਹਾਂ ਦੀ ਯਾਦ ਤਾਜ਼ਾ ਕਰਦਾ ਹੈ।''

3. ਇਹਨਾਂ ਨਾਥਾਂ ਤੇ ਜੋਗੀਆਂ ਦੇ ਪ੍ਰਭਾਵ ਦਾ ਇਸ ਗੱਲ ਤੋਂ ਵੀ ਪਤਾ ਲਗਦਾ ਹੈ ਕਿ ਮੱਧ ਕਾਲ ਵਿਚ ਹੋਏ ਮਹਾਨ ਗੁਰੂ ਨਾਨਕ ਦੇਵ ਜੀ (1469-1539) ਨੇ ਆਪਣੀ ਬਾਣੀ ਵਿਚ ਕਈ ਥਾਵਾਂ 'ਤੇ ਜੋਗੀਆਂ ਨੂੰ ਸੰਬੋਧਨ ਕਰਕੇ ਆਪਣੀ ਗੱਲ ਕਹੀ ਹੈ। ਗੁਰਬਾਣੀ ਵਿਚ ਰਾਮਕਲੀ, ਬਿਲਾਵਲ, ਸੂਹੀ ਤੇ ਆਸਾ ਰਾਸ ਦੇ ਬਹੁਤ ਸਾਰੇ ਸ਼ਬਦ, ਸਿੱਧ ਗੋਸ਼ਟਿ ਅਤੇ ਜਪੁਜੀ ਆਦਿ ਅਜਿਹੀਆਂ ਰਚਨਾਵਾਂ ਹਨ ਜਿਹੜੀਆਂ ਇਹ ਸਿੱਧ ਕਰਦੀਆਂ ਹਨ ਕਿ ਗੁਰੂ ਨਾਨਕ ਤੋਂ ਪਹਿਲਾਂ ਅਤੇ ਉਹਨਾਂ ਦੇ ਸਮਕਾਲੀ ਧਾਰਮਿਕ ਆਗੂਆਂ ਅਤੇ ਜੋਗੀਆਂ ਦਾ ਚੰਗਾ ਖਾਸਾ ਪ੍ਰਭਾਵ ਸੀ।

4. ਇਹਨਾਂ ਜੋਗੀਆਂ ਦੇ ਪੰਜਾਬ ਤੇ ਰਾਜਸਥਾਨ ਵਿਚ ਟਿਕਾਣਿਆਂ ਤੋਂ ਇਲਾਵਾ ਇਹਨਾਂ ਦੀਆਂ ਰਚਨਾਵਾਂ ਸਬੰਧੀ ਵੀ ਪੰਜਾਬੀ ਦੇ ਬਹੁਤ ਸਾਰੇ ਵਿਦਵਾਨਾਂ ਨੇ ਚਰਚਾ ਕੀਤੀ ਹੈ। ਡਾ.ਮੋਹਨ ਸਿੰਘ ਦੀਵਾਨਾ, ਡਾ.ਗੁਲਵੰਤ ਸਿੰਘ ਅਤੇ ਡਾ.ਜੀਤ ਸਿੰਘ ਸੀਤਲ ਉਹਨਾਂ ਨੂੰ ਪੰਜਾਬੀ ਦੇ ਮੋਢੀ ਕਵੀ ਮੰਨਦੇ ਹਨ। ਡਾ.ਜੀਤ ਸਿੰਘ ਸੀਤਲ ਅਤੇ ਡਾ.ਗੁਲਵੰਤ ਸਿੰਘ ਦਾ 'ਪੰਜਾਬੀ ਸਾਹਿਤ ਵਿਚ ਪ੍ਰਮੁੱਖ ਝੁਕਾਉ' ਪੁਸਤਕ ਵਿਚ ਇਹ ਲਿਖਣਾ ਵੀ ਬੜਾ ਮਹੱਤਵਪੂਰਨ ਹੈ—ਪੰਜਾਬੀ ਸਾਹਿਤ ਦੇ ਆਦਿ ਕਾਲ ਵਿਚ ਨਾਥ-ਜੋਗੀਆਂ ਨੇ ਬੜੀ ਸ਼ਲਾਘਾ ਯੋਗ ਸਾਹਿਤ ਰਚਨਾ ਕੀਤੀ। ਇਹਨਾਂ ਨੇ ਭਾਰਤ ਵਿਚ ਆਸਾਮ ਤੋਂ ਲੈ ਕੇ ਬਲੋਚਸਤਾਨ ਤਕ ਤੇ ਕੰਧਾਰ ਗਜ਼ਨੀ ਤੋਂ ਲੈ ਕੇ ਦੱਖਣ ਤੀਕ, ਨੇਪਾਲ ਤੋਂ ਲੈ ਕੇ ਜਗਨ ਨਾਥ ਪੁਰੀ ਤਕ ਸਭ ਥਾਂ ਗੋਰਖ ਦੇ ਨਾਮ ਨੂੰ ਚਮਕਾਇਆ ਤੇ ਉਸ ਦੇ ਪ੍ਰਭਾਵ ਹੇਠ ਢੇਰ ਸਾਰੇ ਅਧਿਆਤਮਕ ਸਾਹਿਤ ਦੀ ਉਤਪਤੀ ਕੀਤੀ।

5. ਨਰਿੰਦਰ ਧੀਰ ਨੇ ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ (ਭਾਸ਼ਾ ਵਿਭਾਗ, ਪੰਜਾਬ) ਵਿਚ ਨਾਥ ਜੋਗੀਆਂ ਵਿਚ ਸੁਧਾਰ ਦੀ ਲਹਿਰ ਦਾ ਸਮਾਂ 8ਵੀਂ-9ਵੀਂ ਸਦੀ ਤੋਂ ਮੰਨਿਆ ਹੈ ਅਤੇ ਗੋਰਖ ਨਾਥ ਨੂੰ ਇਸ ਲਹਿਰ ਦਾ ਮੋਢੀ ਮੰਨਿਆ ਹੈ।

6. ਭਾਵੇਂ ਨਰਿੰਦਰ ਧੀਰ ਨੇ 84 ਤੋਂ 137 ਨਾਥਾਂ ਜਾਂ ਸਿੱਧ ਜੋਗੀਆਂ ਦਾ ਜ਼ਿਕਰ ਕੀਤਾ ਹੈ ਪਰੰਤੂ ਡਾ.ਮੋਹਨ ਸਿੰਘ ਨੇ 8ਵੀਂ-9ਵੀਂ ਸਦੀ ਤੋਂ ਮੱਧ ਕਾਲ ਤਕ ਹੋਏ ਜੋਗੀਆਂ ਵਿਚ ਮਛੰਦਰ ਨਾਥ, ਗੋਰਖ ਨਾਥ, ਰਤਨ ਨਾਥ, ਧਰਮ

ਦਾਸ, ਬਿਸ਼ਨ ਦਾਸ, ਨਿਰਪੁਤ, ਗੁਰਦਾਸ, ਜੋਧਾ ਰਾਮ, ਮਥਰਾ ਦਾਸ, ਸਾਈਂ ਦਾਸ, ਭਵਾਨੀ ਦਾਸ, ਲਛਮਣ ਦਾਸ, ਧਰਮ ਦਾਸ, ਪੰਜਾਬ ਦਾਸ, ਗੁਸਾਈਂ ਸਾਈ ਦਾਸ, ਬ੍ਰਹਿਮ ਦਾਸ ਆਦਿ ਜੋਗੀਆਂ ਦੀ ਸੂਚੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਦਿੱਤੀ ਹੈ।

ਉਪਰੋਕਤ ਤੱਥਾਂ ਤੇ ਵਿਦਵਾਨਾਂ ਦੀਆਂ ਰਾਵਾਂ ਤੋਂ ਇਹਨਾਂ ਨਾਥ ਜੋਗੀਆਂ ਦੇ ਨਾਵਾਂ-ਥਾਵਾਂ ਅਤੇ ਕਾਲ-ਖੰਡ ਦਾ ਪਤਾ ਲਗਦਾ ਹੈ। ਪਰ ਸੁਆਲ ਪੈਦਾ ਹੁੰਦਾ ਕਿ ਇਹ ਪੰਜਾਬੀ ਸਾਹਿਤ ਦੇ ਉਸਰੱਈਏ ਸਨ। ਭਾਵੇਂ ਉਪਰੋਕਤ ਵਿਦਵਾਨਾਂ ਵਿਚੋਂ ਵਧੇਰੇ ਵਿਦਵਾਨ ਉਹਨਾਂ ਨੂੰ ਪੰਜਾਬੀ ਸਾਹਿਤ ਦੇ ਆਦਿ-ਕਾਲ ਨਾਲ ਜੋੜਦੇ ਹਨ ਅਤੇ ਕੁਝ ਵਿਦਵਾਨ ਉਹਨਾਂ ਨੂੰ ਪੰਜਾਬੀ ਸਾਹਿਤ ਦੇ ਮੋਢੀ ਕਵੀ ਮੰਨਦੇ ਹਨ। ਪਰ ਪ੍ਰਿੰ.ਸੰਤ ਸਿੰਘ ਸੇਖੋਂ ਦਾ ਮੱਤ ਹੈ ਕਿ ਨਾਥ ਜੋਗੀਆਂ ਦੇ ਭਜਨ ਜਾਂ ਪਦੇ ਜੋ ਅੱਜ ਕੱਲ੍ਹ ਪ੍ਰਚੱਲਤ ਹਨ, ਉਹ ਅਸਲ ਵਿਚ ਲੋਕ ਅਨੁਵਾਦ ਹਨ। ਪ੍ਰਿੰ.ਸੇਖੋਂ ਦਾ ਇਹ ਵੀ ਮੱਤ ਹੈ ਕਿ ਇਹਨਾਂ ਨਾਥ ਜੋਗੀਆਂ ਦੀ ਭਾਸ਼ਾ ਵਿਚ ਹਿੰਦਵੀ ਜਾਂ ਹਿੰਦਕੋ ਦਾ ਪ੍ਰਭਾਵ ਹੈ। ਪੂਰਬੀ ਪੰਜਾਬ ਦੀ ਬੋਲੀ ਅੱਦੈਮਾਨ/ਅਬਦੁਰ ਰਹਮਾਨ ਅਤੇ ਸ਼ੇਖ਼ ਫ਼ਰੀਦ ਦੇ ਸਮੇਂ ਅਜੇ ਤਕ ਪੰਜਾਬੀ ਸਰੂਪੀ ਨਹੀਂ ਸੀ ਬਣੀ। ਪ੍ਰੋ.ਪਿਆਰਾ ਸਿੰਘ ਭੋਗਲ ਤੇ ਡਾ.ਕਰਨੈਲ ਸਿੰਘ ਥਿੰਦ ਵੀ ਨਾਥਾਂ ਜੋਗੀਆਂ ਨੂੰ ਪੰਜਾਬੀ ਸਾਹਿਤ ਦੇ ਰਚਨਹਾਰੇ ਪ੍ਰਵਾਨ ਨਹੀਂ ਕਰਦੇ। ਪਰੰਤੂ ਗਿਆਨੀ ਹੀਰਾ ਸਿੰਘ ਦਰਦ ਦਾ ਵਿਚਾਰ ਹੈ—ਪੰਜਾਬੀ ਸਾਹਿਤ ਦਾ ਸਭ ਤੋਂ ਪੁਰਾਣਾ ਰੂਪ ਜੋ ਸਾਨੂੰ ਮਿਲਦਾ ਹੈ, ਉਹ ਜੋਗੀਆਂ ਤੇ ਨਾਥਾਂ ਦੇ ਭਜਨ ਹਨ। ਅਸੀਂ ਵੀ ਡਾ.ਮੋਹਨ ਸਿੰਘ ਦੀਵਾਨਾ, ਗਿਆਨੀ ਹੀਰਾ ਸਿੰਘ ਦਰਦ, ਪ੍ਰੋ.ਗੁਲਵੰਤ ਸਿੰਘ, ਡਾ.ਜੀਤ ਸਿੰਘ ਸੀਤਲ ਅਤੇ ਪੰਜਾਬੀ ਦੇ ਬਹੁਤ ਸਾਰੇ ਹੋਰ ਵਿਦਵਾਨਾਂ ਨਾਲ ਸੰਮਤੀ ਪ੍ਰਗਟ ਕਰਦੇ ਹੋਏ ਪੰਜਾਬੀ ਲੋਕ ਗੀਤਾਂ, ਨਾਥਾਂ ਜੋਗੀਆਂ ਦੀਆਂ ਰਚਨਾਵਾਂ ਅਤੇ ਅੱਦੈਮਾਨ ਦੀ 'ਸੰਦੇਸ਼ ਰਾਸਕ' ਨੂੰ ਪੰਜਾਬੀ ਦਾ ਮੁਢਲਾ ਸਾਹਿਤ ਮੰਨਦੇ ਹਾਂ।

ਸਾਡਾ ਮੱਤ ਹੈ ਕਿ 8ਵੀਂ-9ਵੀਂ ਸਦੀ ਵਿਚ ਹੀ ਪੰਜਾਬੀ ਬੋਲੀ ਅਪਭ੍ਰੰਸ਼ ਤੋਂ ਮੁਕਤ ਹੋਣੀ ਸ਼ੁਰੂ ਹੋ ਗਈ ਸੀ। ਇਸ ਦੇ ਦੋ ਰੂਪ ਸਨ। ਇਕ ਰੂਪ ਲਹਿੰਦੀ ਪੰਜਾਬੀ ਦਾ ਸੀ ਜੋ ਅੱਦੈਮਾਨ ਅਤੇ ਸ਼ੇਖ਼ ਫ਼ਰੀਦ ਦੀਆਂ ਰਚਨਾਵਾਂ ਵਿਚ ਵੇਖਿਆ ਜਾ ਸਕਦਾ ਹੈ ਅਤੇ ਦੂਜਾ ਰੂਪ ਸਾਡੇ ਲੋਕ ਗੀਤਾਂ ਤੇ ਨਾਥਾਂ ਜੋਗੀਆਂ ਦੇ ਭਜਨਾਂ ਵਿਚ ਵੇਖਿਆ ਜਾ ਸਕਦਾ ਹੈ, ਜਿਸ ਨੂੰ ਅਸੀਂ ਪੂਰਬੀ ਪੰਜਾਬੀ ਕਹਿ ਸਕਦੇ ਹਾਂ। ਇਹਨਾਂ ਨਾਥ ਜੋਗੀਆਂ ਵਿਚ ਸਭਨਾਂ ਨੇ ਭਜਨਾਂ ਜਾਂ ਪਦਿਆਂ ਦੀ ਰਚਨਾ ਨਹੀਂ ਕੀਤੀ, ਉਹਨਾਂ ਵਿਚੋਂ ਜਿੰਨ੍ਹਾਂ ਦੀ ਰਚਨਾ ਨੂੰ ਪੰਜਾਬੀ ਦੇ ਕੁਝ ਵਿਦਵਾਨਾਂ ਨੇ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਸਥਾਨ ਦਿੱਤਾ ਹੈ, ਉਹਨਾਂ ਦੀ ਸੰਖੇਪ ਚਰਚਾ ਅਤੇ ਪੰਜਾਬੀ ਸਾਹਿਤ ਵਿਚ ਉਹਨਾਂ ਦੇ ਯੋਗਦਾਨ ਨੂੰ ਹੇਠ ਲਿਖੇ ਅਨੁਸਾਰ ਪੇਸ਼ ਕਰਦੇ ਹਾਂ :

**ਗੋਰਖ ਨਾਥ**

ਜੋਗ ਮੱਤ ਵਿਚ ਗੋਰਖ ਨਾਥ ਸਭ ਤੋਂ ਵੱਧ ਸਤਿਕਾਰ ਦੇ ਪਾਤਰ ਮੰਨੇ ਜਾਂਦੇ ਹਨ। ਰਾਹੁਲ ਸ਼ੰਕਰਤਾਇਨ ਅਨੁਸਾਰ ਉਹਨਾਂ ਦਾ ਸਮਾਂ 809 ਈ. ਤੋਂ 949 ਈ. ਤਕ ਦਾ ਹੈ, ਪਰੰਤੂ ਡਾ.ਮੋਹਨ ਸਿੰਘ ਦੀਵਾਨਾ ਅਨੁਸਾਰ ਗੋਰਖ ਨਾਥ ਦਾ ਸਮਾਂ 940–1040 ਈ. ਵਿਚਕਾਰ ਦਾ ਹੈ।

**ਚਰਪਟ ਨਾਥ**

ਗੋਰਖ ਨਾਥ ਦੇ ਚੇਲੇ ਚਰਪਟ ਨਾਥ, ਚੌਰੰਗੀ ਨਾਥ, ਰਤਨ ਨਾਥ ਹੋਏ ਹਨ। ਕਈ ਲੇਖਕ ਚਰਪਟ ਨੂੰ ਗੋਰਖ ਦਾ ਗੁਰੂ ਭਾਈ ਤੇ ਕਈ ਉਹਨਾਂ ਨੂੰ ਬਾਲ ਨਾਥ ਦਾ ਚੇਲਾ ਕਹਿੰਦੇ ਹਨ। ਬਾਲ ਨਾਥ ਵੀ ਗੋਰਖ ਨਾਥ ਦਾ ਚੇਲਾ ਸੀ।

ਡਾ.ਮੋਹਨ ਸਿੰਘ ਚਰਪਟ ਨਾਥ ਦਾ ਜੀਵਨ ਸਮਾਂ 890 ਈ. ਤੋਂ 990 ਈ. ਦੇ ਦਰਮਿਆਨ ਦਾ ਦਸਦੇ ਹਨ। ਇਹ ਚੰਬਾ ਰਿਆਸਤ ਦੇ ਰਾਜਾ ਸਾਇਲ ਵਰਮਾ ਦਾ ਗੁਰੂ ਸੀ।

**ਚੌਰੰਗੀ ਨਾਥ**

ਚੌਰੰਗੀ ਨਾਥ ਦਾ ਸਮਾਂ 1000 ਤੋਂ 1100 ਈ. ਮੰਨਿਆ ਜਾ ਸਕਦਾ ਹੈ। ਹਿੰਦੀ ਵਿਦਵਾਨ ਸ੍ਰੀ ਅਯੋਧਿਆ ਸਿੰਘ ਉਪਾਧਿਆਇ ਚੌਰੰਗੀ ਨਾਥ ਨੂੰ ਪੂਰਨ ਭਗਤ ਦਾ ਵੱਡਾ ਭਰਾ ਮੰਨਦਾ ਹੈ ਪਰੰਤੂ ਡਾ.ਮੋਹਨ ਸਿੰਘ ਦੀਵਾਨਾ ਨੇ ਕਿਸੇ ਹੋਰ ਹਵਾਲੇ ਨਾਲ ਉਸ ਨੂੰ ਪੂਰਨ ਭਗਤ ਹੀ ਮੰਨਿਆ ਹੈ ਅਤੇ ਉਸ ਦਾ ਗੁਰੂ ਮਛੰਦਰ ਨਾਥ ਨੂੰ ਦੱਸਿਆ ਹੈ। ਪ੍ਰਾਣ-ਸੰਗਲੀ ਚੌਰੰਗੀ ਨਾਥ ਦੀ ਇੱਕੋ ਇਕ ਸਾਹਿਤਕ ਰਚਨਾ ਹੈ।

**ਰਤਨ ਨਾਥ**

ਰਤਨ ਨਾਥ ਨੂੰ ਹਾਜੀ ਰਤਨ ਜਾਂ ਬਾਬਾ ਰਤਨ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਉਸ ਦੀ ਇਕ ਰਚਨਾ ਗੋਰਖ ਬਾਣੀ ਵਿਚ ਮਿਲਦੀ ਹੈ। ਇਕ ਵਿਦਵਾਨ ਦਾ ਇਹ ਵੀ ਮੱਤ ਹੈ ਕਿ ਉਸ ਨੇ ਪਿੱਛੋਂ ਇਸਲਾਮ ਧਾਰਨ ਕਰ ਲਿਆ ਸੀ।

**ਗੋਪੀ ਚੰਦ**

ਗੋਪੀ ਚੰਦ ਰਾਜਾ ਮਾਣਕ ਚੰਦ ਅਤੇ ਮਾਤਾ ਮੈਣਾਵੰਤੀ ਦਾ ਪੁੱਤਰ ਸੀ। ਉਹ ਗੋਰਖ ਦਾ ਚੇਲਾ ਤੇ ਚਰਪਟ ਦਾ ਗੁਰੂ ਭਾਈ ਵੀ ਮੰਨਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਆਪਣੀ ਮਾਤਾ ਦੀ ਪ੍ਰੇਰਨਾ ਕਾਰਨ ਜੋਗ ਮੱਤ ਧਾਰਨ ਕੀਤਾ।

ਡਾ.ਪਰਮਿੰਦਰ ਸਿੰਘ ਤੇ ਪ੍ਰੋ.ਕਿਰਪਾਲ ਸਿੰਘ ਕਸੇਲ ਨੇ ਉਪਰੋਕਤ ਨਾਥਾਂ ਜੋਗੀਆਂ ਦੀਆਂ ਰਚਨਾਵਾਂ ਦੇ ਅਧਿਅਨ ਪਿੱਛੋਂ ਇਹ ਸਿੱਟਾ ਕੱਢਿਆ ਹੈ ਕਿ ਜੋਗੀਆਂ ਦੇ ਰਚੇ ਸਾਹਿਤ ਦਾ ਸਿਰ ਸਦਕਾ ਪੰਜਾਬੀ ਬੋਲੀ ਦੀ ਉਤਪਤੀ ਦੀ ਪ੍ਰਾਚੀਨਤਾ ਤੇ ਕਵਿਤਾ ਦੀ ਅਨੂਪਮਤਾ ਤੇ ਸ੍ਰੇਸ਼ਟਤਾ ਦਾ ਗਿਆਨ ਹੁੰਦਾ ਹੈ ਅਤੇ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ 9ਵੀਂ-10ਵੀਂ ਸਦੀ ਤਕ ਨਿਸ਼ਚਿਤ ਤੇ ਵਿਕਸਿਤ ਰੂਪ ਗ੍ਰਹਿਣ ਕਰ ਚੁੱਕੀ ਸੀ ਤੇ ਇਸ ਵਿਚ ਹਰ ਪ੍ਰਕਾਰ ਦਾ ਸਾਹਿਤ ਰਚਿਆ ਜਾਂਦਾ ਰਿਹਾ ਹੋਵੇਗਾ।

**ਨਾਥ-ਜੋਗੀਆਂ ਦੇ ਸਾਹਿਤ ਦੀ ਸਮਾਜਿਕ/ਸਭਿਆਚਾਰਕ ਤੇ ਸਾਹਿਤਕ ਮਹਾਨਤਾ**

ਨਾਥਾਂ-ਜੋਗੀਆਂ ਨੇ ਕਾਫ਼ੀ ਮਾਤਰਾ ਵਿਚ ਭਜਨ, ਸ਼ਬਦ, ਪਦੇ ਆਦਿ ਲਿਖੇ ਹੋਣਗੇ ਪਰ ਉਹ ਸਾਰੇ ਸਾਡੇ ਤਕ ਨਹੀਂ ਪੁੱਜੇ। ਉਹਨਾਂ ਦੀਆਂ ਜਿੰਨੀਆਂ ਕੁ ਰਚਨਾਵਾਂ ਸਾਨੂੰ ਮਿਲੀਆਂ ਹਨ, ਉਹਨਾਂ ਵਿਚੋਂ ਕੁਝ ਕੁ ਦੇ ਆਧਾਰ 'ਤੇ ਅਸੀਂ ਉਹਨਾਂ ਦੀ ਸਮਕਾਲੀ ਸਮਾਜ ਨੂੰ ਦੇਣ ਅਤੇ ਸਾਹਿਤਕ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰ ਸਕਦੇ ਹਾਂ ਜੋ ਪਿੱਛੋਂ ਜਾ ਕੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਵਿਕਾਸ ਰੇਖਾ ਦਾ ਆਧਾਰ ਬਣਦੀਆਂ ਹਨ।

1. ਸਾਹਿਤ ਰਚਨਾ ਕਰਨਾ ਨਾਥ ਜੋਗੀਆਂ ਦਾ ਮਕਸਦ ਨਹੀਂ ਸੀ। ਧਾਰਮਿਕ ਆਗੂਆਂ ਵਿਚ ਆਇਆ ਪਤਨ ਤੇ ਆਚਰਣਹੀਣਤਾ ਨੂੰ ਦੂਰ ਕਰਕੇ ਉਹਨਾਂ ਵਿਚ ਆਤਮਿਕ ਉੱਚਤਾ ਪੈਦਾ ਕਰਨਾ ਉਹਨਾਂ ਦਾ ਮੁਢਲਾ ਉਦੇਸ਼ ਸੀ। ਇਸ ਲਈ ਉਹਨਾਂ ਦਾ ਇਹ ਸਾਹਿਤ ਉਪਯੋਗੀ ਸਾਹਿਤ ਦੀ ਜਾਂ ਆਦਰਸ਼ਵਾਦੀ ਸਾਹਿਤ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਇਸ ਵੰਨਗੀ ਦੀ ਉਦਾਹਰਨ ਵੇਖੋ :

ਜੋ ਘਰ ਤਿਆਗ ਕਹਾਵੇ ਜੋਗੀ, ਘਰ ਵਾਸੀ ਕੋ ਕਹੈ ਜੋ ਭੋਗੀ।
ਅੰਤਰ ਭਾਵ ਨਾ ਪਰਖੇ ਜੋਈ, ਗੋਰਖ ਆਖੇ ਮੂਰਖ ਸੋਈ। (ਚਰਪਟ ਨਾਥ)

ਖਾਟੇ ਝਰੇ, ਸਲੂਣੇ ਖਰੇ, ਮੀਠੋ ਉਪਜੈ ਰੋਗ,
ਕਹੇ ਗੋਰਖ ਸੁਣਹੁ ਸਿੱਧੋ, ਅੰਨ ਪਾਣੀ ਜੋਗ। (ਗੋਰਖ ਨਾਥ)

ਸਾਹਿਬਾਂ ਤੇ ਮਨ ਮੀਰ ਸਾਹਿਬਾਂ
ਲੂਟਿਆ ਪਵਨ ਭੰਡਾਰ
ਸਾਹਿਬਾਂ ਤੋਂ ਪੰਚ ਤਤਿ ਸਾਹਿਬ
ਸੋਇਬਾ ਤੋਂ ਨਿਰੰਜਨ ਨਰਿੰਕਾਰ (ਚੌਰੰਗੀ ਨਾਥ)

ਰੂਪਾ ਮੁਹੰਮਦ, ਸੋਨਾ ਖੁਦਾਈ, ਦੁਹੂੰ ਵਿਚ ਦੁਨੀਆਂ ਗੋਤਾ ਖਾਈ
ਬਾਬਾ ਰਤਨ ਹਾਜੀ ਐਸੀ ਕਹੈਂ, ਸਭਤੇ ਨਿਆਰਾ ਰਹੇ। (ਰਤਨ ਨਾਥ)

ਉਪਰੋਕਤ ਟੂਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਕ ਈਸ਼ਵਰ ਵਿਚ ਭਰੋਸਾ, ਵਿਸ਼ੇ-ਵਕਾਰਾਂ ਤੋਂ ਨਿਰਲੇਪਤਾ ਅਤੇ ਆਪਣੇ ਆਪ ਨੂੰ ਪਰਮ ਮਨੁੱਖ ਜਾਂ ਸਿੱਧ ਬਣਾਉਣ ਦੀ ਪ੍ਰਬਲ ਇੱਛਾ ਇਹਨਾਂ ਦੀਆਂ ਰਚਨਾਵਾਂ ਦਾ ਮੁਢਲਾ ਤੇ ਬੁਨਿਆਦੀ ਉਦੇਸ਼ ਸੀ।

2. ਗੁਰੂ ਦੀ ਅਗਵਾਈ ਨੂੰ ਪ੍ਰਵਾਨ ਕਰਨਾ ਅਤੇ ਉਸ ਦੇ ਦੱਸੇ ਮਾਰਗ ’ਤੇ ਚੱਲਣਾ ਨਾਥ ਕਵੀਆਂ ਦੀ ਵਸਤੂ ਸਮੱਗਰੀ ਦਾ ਇਕ ਹੋਰ ਜੁਜ਼ ਹੈ :

ਗੁਰੂ ਆਗੇ ਚੇਲਾ ਹੋਇਬਾ,
ਇਹੋ ਬਾਤ ਪਰਬੀਨਾ। (ਚਰਪਟ ਨਾਥ)

ਗੁਰੂ ਹਮਾਰੇ ਗੋਰਖ ਬੋਲੀਐ। ਚਰਪਟ ਹੈ ਗੁਰਭਾਈ ਜੀ।
ਯੈਂ ਕੇ ਸ਼ਬਦ ਹਮਕੂ, ਗੁਰੂ ਗੋਰਖ ਨਾਥ ਕੀਯਾ।
ਸੋਵੋ ਲਿਯਖਿਆ ਮੈਣਾਵੰਤੀ ਮਾਈ ਜੀ। (ਗੋਪੀ ਚੰਦ)

3. ਨਾਥ ਜੋਗੀਆਂ ਨੇ ਆਪਣੇ ਵਿਵਹਾਰਕ ਜੀਵਨ ਵਿਚ ਇਕ ਨਾਥ ਜਾਂ ਜੋਗੀ ਵਜੋਂ ਧਾਰਨ ਕੀਤੀਆਂ ਵਸਤਾਂ ਦਾ ਵੇਰਵਾ ਵੀ ਆਪਣੀ ਬਾਣੀ ਵਿਚ ਦਿੱਤਾ ਹੈ। ਇਹਨਾਂ ਵਸਤਾਂ ਵਿਚ ਮੁੰਦਰਾਂ ਜਾਂ ਕੁੰਡਲ, ਸਿੰਗੀ, ਰੁਦਰਾਖਸ਼, ਮੇਖਲਾ, ਪਵਿਰਤੀ, ਖੱਪਰ, ਚਿੱਪੀ, ਭਿੰਗਰੀ, ਧੰਧਾਰੀ ਆਦਿ ਸ਼ਾਮਲ ਹਨ ਪਰੰਤੂ ਇਹਨਾਂ ਜੋਗੀਆਂ ਦਾ ਇਹ ਵੀ ਮੰਨਣਾ ਹੈ ਕਿ ਇਹਨਾਂ ਦੀ ਵਰਤੋਂ ਤਦ ਹੀ ਸਾਰਥਕ ਹੈ ਜੇ ਆਤਮਾ ਨੂੰ ਉਸ ਦੇ ਅਨੁਕੂਲ ਬਣਾਇਆ ਹੋਵੇ। ਚਰਪਟ ਦੀਆਂ ਇਹ ਸਤਰਾਂ ਵੇਖੋ :

ਬਾਹਿਰੀ ਉਲਟਿ ਭਉਨਿ ਨਹੀਂ ਜਾਉਂ,

ਕਾਹੇ ਕਾਰਨਿ ਕਾਂਨਿਨ ਕਾ ਚੀਰਾ ਖਾਉਂ,
ਬਿਭੂਤਿ ਨਾ ਲਗਾਉਂ, ਜਿਉਂ ਤਰਿ ਉਤਰਿ ਜਾਇ
ਖਰ ਜਿਉਂ ਧੂੜਿ, ਲੇਟੇ ਮੇਰੀ ਬਲਾਇ।
ਸੇਲੀ ਨਾ ਬਾਧੋਂ ਲੇਵੋਂ ਨਾ ਮਿਰਗਾਨੀ, ਉਢੋਂ ਨਾ ਖਿੰਥਾ ਜਿ ਹੋਇ ਪੁਰਾਨੀ
ਪਤ੍ਰ ਨਾ ਪੂਜੋਂ, ਡੰਡਾ ਨਾ ਉਠਾਵੋਂ, ਕੁਤੇ ਕੀ ਨਿਆਈ ਮਾਂਗਨੇ ਨ ਜਾਉ
ਬਾਸੀ ਕਰਿ ਕੇ ਭੁਗਤਿ ਨਾ ਖਾਵੋਂ, ਸੰਧਿਆ ਦੇਖ ਸਿੰਗੀ ਨਾ ਬਜਾਵੋਂ
ਦੁਆਰੈ, ਦੁਆਰੈ ਧੂਆਂ ਨਾ ਪਾਵੋਂ, ਭੇਖਿ ਕਾ ਜੋਗੀ ਮੈਂ ਨ ਕਹਾਵੋਂ
ਆਤਿਮਾ ਕਾ ਜੋਗੀ ਚਰਪਟ ਲਾਉਂ।

4. ਮੇਲੇ ਲਾਉਣਾ ਜਾਂ ਭੰਡਾਰੇ ਕਰਨਾ ਨਾਥ ਜੋਗੀਆਂ ਦਾ ਸਮਾਜਿਕ ਜੀਵਨ ਵਿਚ ਵਿਚਰਨ ਦਾ ਸਭ ਤੋਂ ਵੱਡਾ ਪ੍ਰਮਾਣ ਹੈ ਪਰੰਤੂ ਉਸ ਸਮੇਂ ਦੀ ਜਾਗੀਰਦਾਰੀ ਚੇਤਨਾ ਅਨੁਸਾਰ ਉਹ ਅਜਿਹੇ ਸਮਾਜਿਕ ਜੀਵਨ ਨੂੰ ਪ੍ਰਵਾਨ ਨਹੀਂ ਕਰਦੇ ਜੋ ਆਚਰਣਹੀਣਤਾ ਪੈਦਾ ਕਰੇ। ਸੋ, ਇਸ ਪ੍ਰਭਾਵ ਅਧੀਨ ਉਹ ਇਸਤਰੀ ਨੂੰ ਬਘਿਆੜੀ ਜਾਂ ਨਾਗਣ ਤਕ ਵੀ ਕਹਿ ਜਾਂਦੇ ਹਨ :

ਦਾਮਿ ਕਾਢਿ ਬਾਘਨਿ ਲੈ ਆਇਆ,
ਮਾਉ ਕਹੇ ਮੇਰਾ ਪੁਤ ਬੇਆਹਿਆ।
ਗੀਲੀ ਲਕੜੀ ਕਉ ਘੁਨ ਲਾਇਆ,
ਤਿਨ ਡਾਲ ਮੂਲ ਸਣਿ ਖਾਇਆ।

ਇਹਨਾਂ ਵਿਸ਼ਾਗਤ ਲੱਛਣਾਂ ਤੋਂ ਇਲਾਵਾ ਨਾਥ-ਜੋਗੀਆਂ ਦੀ ਰਚਨਾ ਵਿਚ ਕੁਝ ਸਾਹਿਤਕ ਖ਼ੂਬੀਆਂ ਵੀ ਹਨ।

5. ਨਾਥ ਜੋਗੀਆਂ ਨੇ ਸ਼ਲੋਕ ਜਾਂ ਸਾਖੀਆਂ, ਪਦ ਜਾਂ ਸ਼ਬਦ, ਰਾਗਾਂ, ਸਤਿਵਾਰੇ, ਤਿੱਥ ਆਦਿ ਸਾਹਿਤਕ ਰੂਪਾਂ ਵਿਚ ਰਚਨਾ ਕਰਕੇ ਇਹਨਾਂ ਸਾਹਿਤਕ ਰੂਪਾਂ ਨੂੰ ਪ੍ਰਚੱਲਿਤ ਕਰਨ ਦਾ ਯਤਨ ਕੀਤਾ। ਗੋਰਖ ਨਾਥ ਦੀ ਬਾਣੀ ਦੋਹਿਆਂ, ਸ਼ਲੋਕਾਂ, ਪਦਿਆਂ ਅਤੇ ਸ਼ਬਦਾਂ ਵਿਚ ਹੈ। ਇਸ ਤਰ੍ਹਾਂ ਹੀ ਚਰਪਟ ਦੇ ਕੁਝ ਭਜਨ ਤੇ ਸ਼ਬਦ ਬਹੁਤ ਪ੍ਰਸਿੱਧ ਹਨ।
6. ਭਾਵੇਂ ਪ੍ਰਿੰ.ਸੰਤ ਸਿੰਘ ਸੇਖੋਂ (ਸਾਡੇ ਉਪਰ ਦੱਸਣ ਅਨੁਸਾਰ) ਨਾਥ ਜੋਗੀਆਂ ਦੀ ਪੰਜਾਬੀ ਨੂੰ ਪੰਜਾਬੀ ਨਹੀਂ ਮੰਨਦਾ ਪਰੰਤੂ ਅਸੀਂ ਇਸ ਨੂੰ ਪੂਰਬੀ ਪੰਜਾਬ ਦੀ ਉਸ ਦੌਰ ਦੀ ਪੰਜਾਬੀ ਹੀ ਮੰਨਦੇ ਹਾਂ ਜੋ ਹਿੰਦੀ ਨਾਲ ਕਾਲਗਤ ਤੌਰ ’ਤੇ ਮੇਲ ਨਹੀਂ ਖਾਂਦੀ। ਹਾਂ, ਕੁਝ ਸ਼ਬਦ ਜੋ ਅੱਜ ਪੰਜਾਬੀ ਮੰਨੇ ਜਾਂਦੇ ਹਨ, ਉਹ ਉਸ ਸਮੇਂ ਦੇ ਹਿੰਦੀ ਸਾਹਿਤ ਵਿਚ ਮਿਲਦੇ ਹਨ। ਬਿਲਕੁਲ ਉਵੇਂ ਪੰਜਾਬੀ ਹਿੰਦੀ ਦੇ ਕੁਝ ਸਾਂਝੇ ਸ਼ਬਦ ਨਾਥਾਂ ਜੋਗੀਆਂ ਦੀ ਬਾਣੀ ਨਾਲ ਇਹ ਪੰਜਾਬੀ ਬੋਲੀ ਦੇ ਅਪਭ੍ਰੰਸ਼ਾਂ ਵਿਚੋਂ ਮੁਕਤ ਹੋਣ ਦਾ ਪਹਿਲਾ ਪੜਾ ਹੈ।
7. ਨਾਥ ਜੋਗੀਆਂ ਦਾ ਪ੍ਰਗਟਾ ਢੰਗ ਕਿਤੇ ਕਿਤੇ ਬੜਾ ਸਰਲ ਅਤੇ ਸੁਖੇਰਾ ਹੈ ਜੋ ਉਸ ਸਮੇਂ ਦੀ ਸਧਾਰਨ ਤੇ ਅਨਪੜ੍ਹ ਜਨਤਾ ਲਈ ਮਾਰਗ ਦਰਸ਼ਕ ਬਣਦਾ ਹੈ। ਜਿਵੇਂ :

ਇਕ ਲਾਲ ਪਟਾ ਇਕ ਸੇਤ ਪਟਾ।
ਇਕ ਤਿਲਕ ਜਨੇਊ, ਲਮਕ ਜਟਾ।
ਜਬ ਨਹੀਂ ਉਲਟੀ ਪ੍ਰਾਣ ਘਟਾ।

ਤਬ ਚਰਪਟ ਭੂਲੇ ਸਭ ਪੇਟ ਨਟਾ।

ਜਬ ਆਵੇਗੀ ਕਾਲੀ ਘਟਾ, ਤਬ ਛੋੜ ਜਾਏਂਗੇ ਲਟਾ ਪਟਾ। (ਚਰਪਟ ਨਾਥ)

8. ਇਕ ਮਹਾਨ ਕਵੀ ਦੀ ਨਿਸ਼ਾਨੀ ਇਹ ਵੀ ਹੁੰਦੀ ਹੈ ਕਿ ਉਸ ਦੀਆਂ ਕਾਵਿ-ਪੰਗਤੀਆਂ ਅਟੱਲ ਸਚਾਈਆਂ ਬਣ ਕੇ ਲੋਕਾਂ ਦੇ ਮੂੰਹ ਚੜ੍ਹ ਜਾਂਦੀਆਂ ਹਨ। ਨਾਥਾਂ ਜੋਗੀਆਂ ਦੀਆਂ ਅਨੇਕਾਂ ਸਤਰਾਂ ਅਜਿਹੀਆਂ ਹਨ ਜੋ ਅੱਜ ਕੱਲ੍ਹ ਅਖਾਣਾਂ ਵਜੋਂ ਆਮ ਵਰਤੀਆਂ ਜਾਂਦੀਆਂ ਹਨ :

ਮਨ ਚੰਗਾ ਤਉ ਕਠੌਤੀ ਮੇਂ ਗੰਗਾ।

ਜਿਸ ਕਾ ਕਾਮ, ਤਿਸੀ ਕੋ ਸਾਜੇ, ਔਰ ਕਰੇ ਤੋ ਠੀਂਗਾ ਵਾਜੇ।

9. ਨਾਥ ਜੋਗੀਆਂ ਦੇ ਸਾਹਿਤ ਦਾ ਪ੍ਰਭਾਵ ਅਸੀਂ ਮੱਧ ਕਾਲ (1500 ਤੋਂ 1708 ਈ.) ਦੇ ਸਾਹਿਤ ਉਤੇ ਵੇਖਦੇ ਹਾਂ। ਗੁਰਬਾਣੀ ਵਿਚ ਨਾਥ ਜੋਗੀਆਂ ਦਾ ਵੇਰਵਾ ਮਿਲਦਾ ਹੈ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੋਰਖ ਨਾਥ ਬਾਰੇ ਲਿਖਿਆ ਹੈ :

ਬਾਬਾ ਗੋਰਖ ਜਾਗੋ

ਬੋਲੈ ਗੋਰਖ ਸਤ ਸਰੂਪ

ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ :

ਪੁੰਨ ਹਰ ਗੋਰਖ ਕੋ ਉਪਰਾਜਾ

ਸਿਖ ਕਰੋ ਤਿੰਨ ਹੂੰ ਵਡਰਾਜਾ

ਉਪਰੋਕਤ ਵਿਚਾਰ-ਵਟਾਂਦਰੇ ਉਪਰੰਤ ਅਸੀਂ ਇਸ ਸਿੱਟੇ ’ਤੇ ਪੁੱਜਦੇ ਹਾਂ ਕਿ ਨਾਥ ਜੋਗੀਆਂ ਦੀਆਂ ਰਚਨਾਵਾਂ ਦਾ ਪੰਜਾਬੀ ਸਾਹਿਤ ਵਿਚ ਬੁਨਿਆਦੀ ਮਹੱਤਵ ਹੈ। ਉਹਨਾਂ ਦੀ ਬਾਣੀ ਨੂੰ ਪੰਜਾਬੀ ਤੋਂ ਅੱਡ ਕਰਕੇ ਨਹੀਂ ਵੇਖਿਆ ਜਾ ਸਕਦਾ।

– – – – –

# ਬੀਰ ਰਸੀ ਕਾਵਿ ਧਾਰਾ

**ਬੀਰ ਰਸ**

ਭਾਰਤੀ ਸਾਹਿਤ ਵਿਚ ਰਸ ਸਿਧਾਂਤ ਦਾ ਬੜਾ ਮਹੱਤਵ ਹੈ। ਭਰਤ ਮੁਨੀ ਨੇ ਸਭ ਤੋਂ ਪਹਿਲਾਂ ਆਪਣੇ ਗਰੰਥ ‘ਨਾਟਯ ਸ਼ਾਸਤਰ’ ਵਿਚ ਰਸ ਸਿਧਾਂਤ ਦਾ ਖੁਲ੍ਹ ਕੇ ਉਲੇਖ ਕੀਤਾ। ਕਾਵਿ ਖੇਤਰ ਵਿਚ ਰਸ ਦਾ ਭਾਵ ਹੈ ਆਨੰਦ ਜਾਂ ਸਵਾਦ। ਨਾਟਯ ਸ਼ਾਸਤਰ ਵਿਚ ਭਰਤ ਮੁਨੀ ਨੇ ਰਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਰਸਹੀਣ ਛੰਦ-ਬੱਧ ਰਚਨਾ ਕਵਿਤਾ ਨਹੀਂ, ਪਰ ਰਸੀਲੇ ਬੋਲ ਕਵਿਤਾ ਹਨ। ਵਿਆਸ ਵੀ ਰਸ ਨੂੰ ਕਵਿਤਾ ਦੀ ਆਤਮਾ ਕਹਿੰਦਾ ਹੈ। ਆਚਰਯ ਵਿਸ਼ਵ ਨਾਥ ਲਿਖਦਾ ਹੈ—“ਵਾਕਯੰ ਰਸਾਤਮਕੰ ਕਾਵਿੰ” ਅਰਥਾਤ ਹਰ ਰਸ ਵਾਲਾ ਵਾਕ ਕਵਿਤਾ ਹੁੰਦਾ ਹੈ। ਕਵੀ ਵੱਲੋਂ ਕਿਸੇ ਖ਼ਾਸ ਯਤਨ ਕੀਤੇ ਬਿਨਾਂ ਹੀ ਕਵਿਤਾ ਦੇ ਮਜ਼ਮੂਨ ਤੇ ਕਵੀ ਦੇ ਅਨੁਭਵ ਅਨੁਸਾਰ ਉਸ ਦੇ ਬੋਲਾਂ ਵਿਚ ਰਸ ਭਰ ਜਾਂਦਾ ਹੈ।

ਸਾਹਿਤ ਵਿਚ ਨੌਂ ਰਸਾਂ ਦਾ ਉਲੇਖ ਮਿਲਦਾ ਹੈ :

1. ਸ਼ਿੰਗਾਰ ਰਸ
2. ਬੀਰ ਰਸ
3. ਰੌਦਰ ਰਸ
4. ਕਰੁਣਾ ਰਸ
5. ਅਦਭੁਤ ਰਸ
6. ਵੀਭਤਸ ਰਸ
7. ਭਿਆਨਕ ਰਸ
8. ਹਾਸ ਰਸ
9. ਸ਼ਾਤ ਰਸ

ਵਾਤਸਲਯ ਰਸ ਨੂੰ ਵੀ ਹੁਣ ਰਸ ਸਿਰਲੇਖ ਅਧੀਨ ਵਿਚਾਰਿਆ ਜਾਂਦਾ ਹੈ।

ਕਾਵਿ ਰਸ ਆਪਣੇ ਪ੍ਰਭਾਵ ਰਾਹੀਂ ਪਾਠਕ ਵਿਚ ਜੋ ਤਿੰਨ ਗੁਣ ਪੈਦਾ ਕਰਦਾ ਹੈ, ਉਹ ਹਨ—ਮਧੁਰਤਾ, ਓਜ ਤੇ ਪ੍ਰਸਾਦ। ਬੀਰ ਰਸ ਦਿਲ ਨੂੰ ਸਾਧਾਰਨ ਹਾਲਤ ਤੋਂ ਵਧੇਰੇ ਹਰਕਤ ਅਥਵਾ ਜੋਸ਼ ਵਿਚ ਲੈ ਆਉਂਦਾ ਹੈ। ਇਹ ਓਜ ਗੁਣ ਦੇ ਪ੍ਰਸਾਰ ਦੀ ਅਵਸਥਾ ਹੈ। ਰੌਦਰ ਰਸ ਤੇ ਭਿਆਨਕ ਰਸ ਬੀਰ ਰਸ ਦੇ ਸਹਾਇਕ ਰਸ ਹਨ। ਪ੍ਰੋ.ਪਿਆਰਾ ਸਿੰਘ ਪਦਮ ਸ਼ਿੰਗਾਰ ਰਸ ਦੇ ਨਾਲ ਨਾਲ ਬੀਰ ਰਸ ਨੂੰ ਵੀ ਰਸਾਂ ਦਾ ਬਾਦਸ਼ਾਹ ਮੰਨਦਾ ਹੈ। ਪੰਜਾਬੀ ਸਾਹਿਤ ਦਾ ਆਰੰਭ ਜਿੱਥੇ ਨਾਥਾਂ-ਜੋਗੀਆਂ ਦੀ ਕਵਿਤਾ ਤੋਂ ਮੰਨਿਆਂ ਜਾਂਦਾ ਹੈ, ਉਥੇ ਸਾਡਾ ਲੋਕ ਸਾਹਿਤ ਵੀ ਬੀਰ ਰਸੀ ਸਾਹਿਤ ਦੀ ਉਤਪਤੀ ਨਾਲ ਪੰਜਾਬੀ ਸਾਹਿਤ ਦੇ ਮੁੱਢ ਬੰਨ੍ਹਣ ਵਿਚ ਸਭ ਤੋਂ ਸ਼ਕਤੀਸ਼ਾਲੀ ਭੂਮਿਕਾ ਨਿਭਾਉਂਦਾ ਹੈ।

ਨਾ ਕੇਵਲ ਪੰਜਾਬੀ ਸਾਹਿਤ ਵਿਚ, ਸਗੋਂ ਸਮੂਹ ਵਿਸ਼ਵ ਦੇ ਇਤਿਹਾਸ ਵਿਚ ਬੀਰ ਰਸ ਨੂੰ ਆਦਰ ਯੋਗ ਸਥਾਨ ਪ੍ਰਾਪਤ ਰਿਹਾ ਹੈ। ਪ੍ਰਾਚੀਨ ਕਬੀਲਾਦਾਰੀ ਸਮਾਜ ਤੋਂ ਲੈ ਕੇ ਸਾਮੰਤਵਾਦੀ ਯੁਗ ਵਿਚ ਇਸ ਨੇ ਕਈ ਰੂਪਾਂ ਵਿਚ ਸਾਹਿਤ ਜਾਂ ਕਾਵਿ ਨੂੰ ਜਨਮ ਦਿੱਤਾ। ਗੀਤ, ਕਥਾ ਕਾਵਿ ਜਾਂ ਬੈਲਡ, ਮਹਾਂ ਕਾਵਿ, ਫ਼ਾਰਸੀ ਕਵਿਤਾ ਵਿਚਲੇ ਸ਼ਾਹਨਾਮੇ, ਪੰਜਾਬੀ ਬੀਰ ਰਸੀ ਵਾਰਾਂ, ਜੰਗਨਾਮੇ ਅਤੇ ਕੁਝ ਹੋਰ ਫੁਟਕਲ ਕਾਵਿ ਸਭ ਇਸ ਦੇ ਅਦੁੱਤੀ ਪ੍ਰਮਾਣਾਂ ਨੂੰ ਸਾਖਿਆਤ ਕਰਦੇ ਹਨ। ਬੀਰ ਰਸੀ ਕਾਵਿ ਵਿਚ ਕਿਸੇ ਸਮਾਜ ਦਾ ਉਭਰਦਾ ਸੰਘਰਸ਼ਮਈ ਤੇ ਆਦਰਸ਼ਕ ਵਿਕਾਸ ਦਾ ਪੱਖ ਤੇਜੱਸਵੀ ਰੂਪ ਵਿਚ ਚਮਕਦਾ ਹੈ।

ਪੰਜਾਬੀ ਬੀਰ ਰਸੀ ਕਾਵਿ ਦੀ ਉਤਪਤੀ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਪੰਜਾਬ ਇਕ ਸਰਹੱਦੀ ਸੂਬਾ ਹੈ। ਭਾਰਤ ਉਤੇ ਮੁੱਢ ਕਦੀਮ ਤੋਂ ਜੋ ਵੀ ਹਮਲੇ ਹੋਏ, ਦੁਸ਼ਮਣਾਂ ਨਾਲ ਦੋ ਹੱਥ ਕਰਨ ਲਈ ਪੰਜਾਬੀਆਂ ਨੂੰ ਹੀ ਰਣ-ਭੂਮੀ ਵਿਚ ਨਿੱਤਰਨਾ ਪਿਆ। ਰੋਜ਼ ਰੋਜ਼ ਦੀਆਂ ਲੜਾਈਆਂ ਕਾਰਨ ਸੂਰਬੀਰ ਅੱਕ-ਥੱਕ ਵੀ ਜਾਂਦੇ ਸਨ। ਉਹਨਾਂ ਵਿਚ ਮੁੜ ਜੋਸ਼ ਪੈਦਾ ਕਰਨ ਲਈ ਜੋ ਕਵਿਤਾ ਗਾਈ ਜਾਂਦੀ, ਉਹ ਬੀਰ ਰਸੀ ਕਵਿਤਾ ਤੋਂ ਬਿਨਾਂ ਕੋਈ ਹੋਰ ਨਹੀਂ ਸੀ ਹੋ ਸਕਦੀ। ਦੂਜਾ ਕਾਰਨ ਇਹ ਸੀ ਕਿ ਪੰਜਾਬੀ ਵਿਦੇਸ਼ੀ ਹਮਲੇ ਨਾ ਹੋਣ ਦੀ ਸੂਰਤ ਵਿਚ ਵੀ ਆਪਸ ਵਿਚ ਲੜਦੇ ਰਹਿੰਦੇ ਸਨ। ਖ਼ਾਸ ਤੌਰ 'ਤੇ ਸਾਮੰਤਵਾਦੀ ਦੌਰ ਵਿਚ ਛੋਟੇ ਛੋਟੇ ਰਾਜੇ ਤੇ ਜਾਗੀਰਦਾਰਾਂ ਦੀਆਂ ਮੁੱਠ-ਭੇੜਾਂ ਅਕਸਰ ਹੁੰਦੀਆਂ ਰਹਿੰਦੀਆਂ। ਕਈ ਵਾਰ ਛੋਟੇ ਜਾਗੀਰਦਾਰਾਂ ਦੀਆਂ ਲੜਾਈਆਂ ਕਿਸੇ ਕੇਂਦਰੀ ਸ਼ਾਸਕ ਨਾਲ ਵੀ

ਹੁੰਦੀਆਂ। ਇਸ ਤਰ੍ਹਾਂ ਵੀ ਬੀਰ ਰਸੀ ਸਾਹਿਤ ਸੂਰਬੀਰਾਂ ਵਿਚ ਉਤਸ਼ਾਹ ਪੈਦਾ ਕਰਨ ਹਿਤ ਰਚਿਆ ਜਾਂਦਾ ਰਿਹਾ। ਰਾਜਸਥਾਨ ਵਿਚ ਵੀ ਸੂਰਬੀਰ ਰਾਜਪੂਤਾਂ ਦੀ ਸੂਰਬੀਰਤਾ ਦੇ ਗੁਣ ਗਾਉਣ ਲਈ ਚਾਰਣ ਜਾਂ ਭੱਟ ਬੀਰ ਰਸੀ ਕਵਿਤਾ ਲਿਖਦੇ ਅਤੇ ਰਾਜਿਆਂ ਦੇ ਦਰਾਂ 'ਤੇ ਖੜ੍ਹ ਕੇ ਗਾਉਂਦੇ। ਸੋ, ਪੰਜਾਬ ਤੇ ਰਾਜਸਥਾਨ ਵਿਚ 8ਵੀਂ-9ਵੀਂ ਸਦੀ ਤੋਂ ਪਿੱਛੋਂ ਜਿਹੜਾ ਵੀ ਬੀਰ ਰਸੀ ਸਾਹਿਤ ਮਿਲਦਾ ਹੈ, ਉਹਨਾਂ ਦੇ ਕਰਤਾ ਚਾਰਣ, ਭੱਟ, ਮਰਾਸੀ ਜਾਂ ਢਾਡੀ ਮੰਨੇ ਜਾਂਦੇ ਹਨ। ਹਿੰਦੀ ਦਾ ਰਾਇਸੋ ਜਾਂ ਰਾਸੋ ਸਾਹਿਤ ਰਚਨ ਵਾਲਿਆਂ ਨੂੰ ਰਾਓ ਵੀ ਆਖਿਆ ਜਾਂਦਾ ਹੈ।

ਪੰਜਾਬੀ ਸਾਹਿਤ ਦੇ ਮੁੱਢ ਤੋਂ ਹੀ ਬੀਰ ਰਸੀ ਸਾਹਿਤ ਸਾਨੂੰ ਮੁੱਖ ਤੌਰ 'ਤੇ ਵਾਰਾਂ ਦੇ ਰੂਪ ਵਿਚ ਮਿਲਦਾ ਹੈ। ਉਂਜ ਜੰਗਨਾਮਾ ਅਤੇ ਕੁਝ ਹੋਰ ਕਵੀਆਂ ਦੇ ਕਾਵਿ ਵਿਚੋਂ ਵੀ ਕਦੇ-ਕਦੇ ਬੀਰ ਰਸ ਫੁਟਦਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਅਸੀਂ ਪੰਜਾਬੀ ਬੀਰ ਰਸ ਨੂੰ ਰੂਪਾਕਾਰਕ ਆਧਾਰ 'ਤੇ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ :

1. ਵਾਰ
2. ਜੰਗਨਾਮਾ
3. ਫੁਟਕਲ ਕਾਵਿ

**ਵਾਰ**

ਵਾਰ ਪੰਜਾਬ ਤੇ ਰਾਜਸਥਾਨ ਦੇ ਵਿਸ਼ੇਸ਼ ਰਾਜਸੀ, ਆਰਥਿਕ ਤੇ ਸਮਾਜਕ ਹਾਲਾਤ ਤੋਂ ਪੈਦਾ ਹੋਈ। ਇਹਨਾਂ ਹਾਲਾਤ ਵਿਚ ਸੂਰਮਤਾਈ, ਜੀਵਨ-ਆਦਰਸ਼ ਬਣ ਗਈ। ਡਾ.ਗੰਡਾ ਸਿੰਘ ਅਨੁਸਾਰ ਵਾਰ ਸ਼ਬਦ ਦਾ ਮੁੱਢ ਵ੍ਰਿ (ਸੰਸਕ੍ਰਿਤ ਕ੍ਰਿ) ਧਾਤੂ ਤੋਂ ਹੈ, ਜਿਸ ਤੋਂ 'ਵਾਰੀ' ਜਾਂ 'ਵੈਰੀ' (ਬਹਾਦਰ, ਦੁਸ਼ਮਣ) ਅਰਥਾਤ ਵਾਰ ਕਰਨ ਵਾਲਾ ਜਾਂ ਵਾਰ ਰੋਕਣ ਵਾਲਾ, 'ਵਾਹਰ' (ਕਿਸੇ ਦੂਸਰੇ ਉਤੇ ਹੱਲਾ ਕਰਨ ਲਈ ਜਾਂ ਪਰਾਏ ਹੱਲੇ ਨੂੰ ਰੋਕਣ ਲਈ ਜਮ੍ਹਾਂ ਹੋਏ ਮਨੁੱਖਾਂ ਦਾ ਇਕੱਠ) ਅਤੇ 'ਵਾਹਰੀ' ਜਾਂ 'ਵਾਹਰੂ' ਸ਼ਬਦ ਬਣੇ ਹਨ। ਇਸ ਤੋਂ ਇਲਾਵਾ ਵਾਰ ਸ਼ਬਦ ਪੰਜਾਬੀ ਵਿਚ ਹੋਰ ਵੀ ਅਨੇਕਾਂ ਅਰਥਾਂ ਵਿਚ ਵਰਤਿਆ ਗਿਆ ਹੈ। ਜਿਵੇਂ ਕਿ ਹੱਲਾ ਕਰਨਾ (ਵਾਰ ਕਰਨਾ) ਜਾਂ ਸੱਟ ਮਾਰਨਾ, ਬਦਲਾ ਲੈਣਾ (ਵਾਰੀ ਲਾਹੁਣਾ, ਕੁਰਬਾਨ ਜਾਂ ਸਦਕੇ ਜਾਣਾ, ਵਾਰੀ ਜਾਂ ਵਾਰੇ ਜਾਣਾ) ਅਤੇ ਘੇਰਾ ਪਾਉਣਾ ਆਦਿ। ਭੱਟ ਤੇ ਢਾਡੀ ਲੋਕ ਬੀਰ ਗੀਤਾਂ ਨੂੰ ਵਧੇਰੇ ਪ੍ਰਭਾਵ ਪਾਉਣ ਲਈ ਵਾਰ ਵਾਰ ਦੁਹਰਾਂਦੇ ਸਨ ਅਤੇ ਹੋ ਸਕਦਾ ਹੈ ਕਿ 'ਵਾਰ' ਨਾਂ ਇਸੇ ਕਾਰਨ ਹੀ ਪਿਆ ਹੋਵੇ। ਵਾਰ ਜਾਂ ਬਾਰ ਦਾ ਅਰਥ ਦਰਵਾਜ਼ਾ ਵੀ ਹੈ। ਭੱਟ ਜਾਂ ਮਰਾਸੀ ਲੋਕ ਆਪਣੇ ਸਰਪ੍ਰਸਤਾਂ ਦੇ ਦਰਾਂ ਜਾਂ ਦਰਵਾਜ਼ਿਆਂ 'ਤੇ ਖਲੋ ਕੇ ਉਹਨਾਂ ਨੂੰ ਆਪਣੀ ਰਚਨਾ ਸੁਣਾਂਦੇ ਸਨ ਅਤੇ ਸ਼ਾਇਦ ਇਸ ਕਰਕੇ ਹੀ ਬੀਰ-ਕਾਵਿ ਦੀ ਇਸ ਤਰ੍ਹਾਂ ਦੀ ਰਚਨਾ ਦਾ ਨਾਂ 'ਵਾਰ' ਪੈ ਗਿਆ।

ਅਸਲ ਵਿਚ ਵਾਰ ਸਾਮੰਤਵਾਦੀ ਦੌਰ ਦਾ ਉਹ ਖੰਡ-ਕਾਵਿ ਹੈ, ਜਿਸ ਵਿਚ ਯੁੱਧ ਦੇ ਵੇਰਵਿਆਂ ਨੂੰ ਮੁੱਖ ਤੌਰ 'ਤੇ ਪਾਉੜੀਆਂ ਵਿਚ ਨਿਸ਼ਾਨੀ ਜਾਂ ਸਿਰਖੰਡੀ ਛੰਦ ਰਾਹੀਂ ਕਾਵਿ-ਬੱਧ ਕੀਤਾ ਜਾਂਦਾ ਹੈ। ਸੂਰਬੀਰ ਦਾ ਜਸ ਗਾਉਣਾ, ਯੁੱਧ ਭੂਮੀ ਦੇ ਨਜ਼ਾਰੇ ਉਘਾੜਨਾ ਤੇ ਪ੍ਰਮੁੱਖ ਰੂਪ ਵਿਚ ਬੀਰ ਰਸ ਪੈਦਾ ਕਰਨਾ, ਇਸ ਕਾਵਿ ਰੂਪਾਕਾਰ ਦੇ ਮੁੱਖ ਪ੍ਰਯੋਜਨ ਹਨ।

**ਜੰਗਨਾਮਾ**

ਪੰਜਾਬੀ ਬੀਰ ਰਸੀ ਕਾਵਿ ਦਾ ਦੂਜਾ ਪ੍ਰਮੁੱਖ ਰੂਪਾਕਾਰ ਜੰਗਨਾਮਾ ਹੈ। ਪ੍ਰੋ.ਪਿਆਰਾ ਸਿੰਘ ਭੋਗਲ ਅਨੁਸਾਰ ਜੰਗਨਾਮਾ ਪੰਜਾਬੀ ਵਿਚ ਇਸਲਾਮੀ ਕਵਿਤਾ ਦਾ ਨਮੂਨਾ ਹੈ। ਕਰਬਲਾ ਦੀ ਉਹ ਲੜਾਈ, ਜਿਸ ਵਿਚ ਹਸਨ ਤੇ ਹੁਸੈਨ ਸ਼ਹੀਦ ਹੋ ਗਏ ਸਨ। ਮੁਸਲਮਾਨ ਕਵੀਆਂ ਨੇ ਜੰਗਨਾਮੇ ਦੇ ਰੂਪ ਵਿਚ ਪੰਜਾਬੀ ਵਿਚ ਵਾਰ ਵਾਰ ਲਿਖੀ ਹੈ।

ਇਹ ਜੰਗਨਾਮੇ ਧਾਰਮਿਕ ਸ਼ਰਧਾ ਦਾ ਨਮੂਨਾ ਤਾਂ ਹਨ ਪਰ ਉਚੀ ਪੱਧਰ ਦੀ ਬੀਰ ਰਸੀ ਕਵਿਤਾ ਦਾ ਨਮੂਨਾ ਨਹੀਂ ਹਨ। ਉਂਜ ਵੀ ਪੰਜਾਬੀ ਵਿਚ ਜਿਹੜੇ ਜੰਗਨਾਮੇ ਜਾਂ ਕਿੱਸਾ ਰੂਪ ਵਿਚ ਲਿਖੇ ਲੜਾਈ ਦੇ ਬਿਰਤਾਂਤ ਮਿਲਦੇ ਹਨ, ਉਹਨਾਂ ਵਿਚੋਂ ਕੁਝ ਨੂੰ ਛੱਡ ਕੇ ਬਾਕੀ ਸਭ ਸਧਾਰਨ ਪੱਧਰ ਦੀ ਕਵਿਤਾ ਹੈ। ਇਹਨਾਂ ਵਿਚ ਕਰਬਲਾ ਦੀ ਲੜਾਈ ਤੋਂ ਇਲਾਵਾ ਸਥਾਨਕ ਮੁੱਠ-ਭੇੜਾਂ ਨੂੰ ਇਸ ਕਾਵਿ ਰੂਪਾਕਾਰ ਦੀ ਵਸਤੂ ਸਮੱਗਰੀ ਬਣਾਇਆ ਗਿਆ ਹੈ।

**ਫੁਟਕਲ ਬੀਰ ਰਸੀ ਸਾਹਿਤ**

ਵਾਰਾਂ ਤੇ ਜੰਗਨਾਮਿਆਂ ਤੋਂ ਇਲਾਵਾ ਭਗਤਾਂ ਦੀ ਬਾਣੀ, ਗੁਰਬਾਣੀ ਅਤੇ ਕਿੱਸਾ ਕਾਵਿ ਵਿਚ ਵੀ ਕਿਤੇ ਕਿਤੇ ਬੀਰ ਰਸੀ ਕਾਵਿ ਦੇ ਬੜੇ ਹੀ ਪ੍ਰਭਾਵਸ਼ਾਲੀ ਨਮੂਨੇ ਮਿਲਦੇ ਹਨ।

**ਪੰਜਾਬੀ ਬੀਰ ਰਸੀ ਕਾਵਿ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ**

ਇਸ ਤੋਂ ਪਹਿਲਾਂ ਕਿ ਅਸੀਂ ਪੰਜਾਬੀ ਬੀਰ ਰਸੀ ਕਾਵਿ ਦੀਆਂ ਤੇ ਖ਼ਾਸ ਤੌਰ ’ਤੇ ਵਾਰ ਕਾਵਿ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੀ ਚਰਚਾ ਕਰੀਏ, ਆਦਿ ਕਾਲ (850 ਤੋਂ 1500 ਈ.), ਮੱਧ ਕਾਲ (1500 ਤੋਂ 1708 ਈ.) ਅਤੇ 1708 ਤੋਂ 1850 ਈ.) ਵਿਚ ਰਚੇ ਬੀਰ ਰਸੀ ਕਾਵਿ ਦੀ ਇਕ ਸੂਚੀ ਤਿਆਰ ਕਰ ਲਈਏ। ਇਥੇ ਇਹ ਗੱਲ ਵੀ ਵਿਸ਼ੇਸ਼ ਧਿਆਨ ਮੰਗਦੀ ਹੈ ਕਿ ਆਦਿ ਕਾਲ ਤੇ 1708 ਈ. ਦੇ ਮੱਧ ਕਾਲੀ ਕਾਲ ਖੰਡ ਵਿਚ ਵਾਰਾਂ ਹੀ ਪੰਜਾਬੀ ਬੀਰ ਰਸੀ ਕਾਵਿ ਦਾ ਮੁੱਖ ਜੁਜ਼ ਹਨ। ਇਸ ਤੋਂ ਇਲਾਵਾ ਭਗਤਾਂ ਤੇ ਗੁਰੂਆਂ ਦੀ ਬਾਣੀ ਤੇ ਕਿੱਸਾ ਕਾਵਿ ਵਿਚ ਵੀ ਕੁਝ ਬੀਰ ਰਸੀ ਅੰਸ਼ ਮਿਲਦੇ ਹਨ। ਜੰਗਨਾਮਾ ਪਿਛਲੇ ਮੱਧ ਕਾਲ ਅਰਥਾਤ 18ਵੀਂ ਸਦੀ ਦੀ ਉਪਜ ਹੈ।

**ਪਹਿਲਾ ਦੌਰ (ਆਦਿ ਕਾਲ)**

ਜਿਵੇਂ ਕਿ ਅਸੀਂ ਪਹਿਲਾਂ ਵੀ ਕਹਿ ਆਏ ਹਾਂ ਕਿ ਵਾਰ ਕਾਵਿ ਨਾਲ ਪੰਜਾਬੀ ਬੀਰ ਰਸੀ ਕਾਵਿ ਦਾ ਮੁੱਢ ਬੱਝਦਾ ਹੈ। ਇਸ ਕਾਵਿ ਨੂੰ ਗਾਉਣ ਵਾਲੇ ਢਾਡੀ ਜਾਂ ਮਰਾਸੀ ਸਨ। ਉਹਨਾਂ ਦੇ ਯੋਗਦਾਨ ਸਬੰਧੀ ਮੱਧ ਕਾਲੀ ਕਵੀਆਂ ਨੇ ਚੋਖਾ ਉਲੇਖ ਕੀਤਾ ਹੈ। ਜਿਵੇਂ :

ਹਉਂ ਢਾਡੀ ਵੇਕਾਰ ਕਾਰੇ ਲਾਇਆ

(ਗੁਰੂ ਨਾਨਕ ਦੇਵ ਜੀ)

ਦਾਣਾ, ਘਾਹ, ਸ਼ਰਾਬ ਪਿਆਏ, ਢਾਡੀ ਭਲੇ ਸਦਾਏ

(ਦਮੋਦਰ)

ਸਿਮਰ ਮੁਰੀਦਾਂ ਢਾਡੀਆਂ ਸਤਿਗੁਰ ਬਖਸ਼ੰਦੇ (ਭਾਈ ਗੁਰਦਾਸ)

ਕੋਈ ਕਿੱਤਾ ਜਾਂ ਕਸਬ ਮਹਾਨ ਸਾਹਿਤਕਾਰਾਂ ਦਾ ਧਿਆਨ ਉਦੋਂ ਹੀ ਖਿਚਦਾ ਹੈ ਜਦੋਂ ਉਸ ਨੂੰ ਪ੍ਰਚੱਲਤ ਹੋਇਆਂ ਢੇਰ ਸਮਾਂ ਹੋ ਜਾਵੇ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਬੀਰ ਰਸੀ ਵਾਰਾਂ 16ਵੀਂ ਸਦੀ ਤੋਂ ਢੇਰ ਚਿਰ ਪਹਿਲਾਂ ਪੰਜਾਬ ਵਿਚ ਪ੍ਰਚੱਲਤ ਹੋ ਕੇ ਢਾਡੀਆਂ ਰਾਹੀਂ ਆਮ ਗਾਈਆਂ ਜਾਂਦੀਆਂ ਹੋਣਗੀਆਂ। ਦੂਜੇ ਗੁਰੂ ਨਾਨਕ ਦੇਵ ਜੀ ਦੁਆਰਾ 16ਵੀਂ ਸਦੀ ਦੇ ਆਰੰਭ ਵਿਚ ਹੀ ਆਪਣੇ ਦਾਰਸ਼ਨਿਕ ਭਾਵਾਂ ਨੂੰ ਪ੍ਰਗਟਾਉਣ ਲਈ ਵਾਰਾਂ ਰਚਨਾਂ ਵੀ ਇਸ ਗੱਲ ਦਾ ਸਬੂਤ ਹੈ ਕਿ ਉਹਨਾਂ ਤੋਂ ਪਹਿਲਾਂ ਇਹ ਕਾਵਿ ਰੂਪਾਕਾਰ ਬੜਾ ਪ੍ਰਭਾਵਸ਼ਾਲੀ ਮਾਧਿਅਮ ਬਣ ਚੁੱਕਾ ਹੋਵੇਗਾ।

ਡਾ.ਮੋਹਨ ਸਿੰਘ ਦੀਵਾਨਾ ਨੇ ਅਮੀਰ ਖੁਸਰੋ ਦੀ 'ਤੁਗ਼ਲਕ ਸ਼ਾਹ ਦੀ ਵਾਰ' ਨੂੰ ਆਦਿ ਕਾਲੀ ਬੀਰ ਰਸੀ ਸਾਹਿਤ ਵਿਚ ਸ਼ਾਮਲ ਕੀਤਾ ਹੈ ਪਰੰਤੂ ਅਮੀਰ ਖੁਸਰੋ ਹਿੰਦੀ ਕਵੀ ਸੀ ਅਤੇ ਇਹ ਵਾਰ ਕਿਤੋਂ ਮਿਲਦੀ ਵੀ ਨਹੀਂ, ਜਿਸ ਲਈ ਅਸੀਂ ਇਸ ਨੂੰ ਮੁਢਲੇ ਵਾਰ ਕਾਵਿ ਵਿਚ ਸ਼ਾਮਲ ਨਹੀਂ ਕਰ ਸਕਦੇ। ਇਸ ਤਰ੍ਹਾਂ ਹੀ ਅਸੀਂ ਕੁਝ ਵਿਦਵਾਨਾਂ ਦੁਆਰਾ ਚੰਦਰ ਬਰਦਾਈ ਤੇ ਪ੍ਰਿਥਵੀ ਰਾਜ ਰਾਸੋ ਨੂੰ ਪੰਜਾਬੀ ਬੀਰ ਰਸੀ ਸਾਹਿਤ ਸਮਝਣ ਦੀ ਭੁੱਲ ਨੂੰ ਵੀ ਨਹੀਂ ਦੁਹਰਾ ਸਕਦੇ। ਪੰਡਤ ਤਾਰਾ ਸਿੰਘ ਨਰੋਤਮ ਨੇ ਸਭ ਤੋਂ ਪਹਿਲਾਂ ਆਪਣੀ ਪੁਸਤਕ 'ਗੁਰਮਤਿ ਨਿਰਣਯ ਸਾਗਰ' ਵਿਚ ਉਹਨਾਂ ਵਾਰਾਂ ਦੇ ਨਮੂਨੇ ਦਰਜ ਕੀਤੇ, ਜਿਹੜੀਆਂ ਆਦਿ ਕਾਲ ਵਿਚ ਰਚੀਆਂ ਗਈਆਂ। ਇਹਨਾਂ ਨੂੰ ਧੁਨੀਆਂ ਦੀਆਂ ਵਾਰਾਂ ਕਿਹਾ ਜਾਂਦਾ ਹੈ, ਕਿਉਂਕਿ ਆਦਿ ਗ੍ਰੰਥ ਵਿਚ ਦਰਜ ਕੁਝ ਵਾਰਾਂ ਨੂੰ ਇਹਨਾਂ ਦੀਆਂ ਧੁਨੀਆਂ 'ਤੇ ਗਾਉਣ ਦਾ ਆਦੇਸ਼ ਹੈ। ਇਹ ਛੇ ਵਾਰਾਂ ਇਸ ਪ੍ਰਕਾਰ ਹਨ :

1. ਰਾਇ ਕਮਾਲ ਤਥਾ ਮਉਜ ਦੀ ਵਾਰ (ਗਉੜੀ ਦੀ ਵਾਰ ਮਹੱਲਾ 5)
2. ਟੁੰਡੇ ਅਸਰਾਜੇ ਦੀ ਵਾਰ (ਆਸਾ ਦੀ ਵਾਰ ਮਹੱਲਾ 1)
3. ਸਿਕੰਦਰ ਇਬਰਾਹੀਮ ਦੀ ਵਾਰ (ਗੁਜਰੀ ਦੀ ਵਾਰ ਮਹੱਲਾ 3)
4. ਲੱਲਾ ਬਹਿਲੀਮਾ ਦੀ ਵਾਰ (ਵਡਹੰਸ ਦੀ ਵਾਰ ਮਹੱਲਾ 4)
5. ਹਸਨੇ ਮਹਿਮੇ ਦੀ ਵਾਰ (ਸਾਰੰਗ ਦੀ ਵਾਰ ਮਹੱਲਾ 4)
6. ਮੂਸੇ ਦੀ ਵਾਰ (ਕਾਨ੍ਹੜੇ ਦੀ ਵਾਰ ਮਹੱਲਾ 4)

ਇੱਥੇ ਅਸੀਂ ਉਪਰੋਕਤ ਸਾਰੀਆਂ ਵਾਰਾਂ ਦੀ ਪਿੱਠ-ਭੂਮੀ ਤੇ ਉਹਨਾਂ ਵਿਚ ਦਰਜ ਪਉੜੀਆਂ ਦਾ ਨਮੂਨਾ ਦੇ ਕੇ ਸਬੰਧਤ ਵਾਰ ਵਿਚ ਹੋਈ ਲੜਾਈ, ਵਾਰਕਾਰ ਵੱਲੋਂ ਦਿੱਤੀਆਂ ਤਸ਼ਬੀਹਾਂ ਅਤੇ ਵਾਰ ਵਿਚਲੇ ਭਾਸ਼ਾਈ ਮਹੱਤਵ ਨੂੰ ਉਜਾਗਰ ਕਰਨ ਦਾ ਯਤਨ ਕਰਾਂਗੇ :

**1. ਰਾਇ ਕਮਾਲ ਤਥਾ ਮਉਜ ਦੀ ਵਾਰ**

ਇਸ ਵਾਰ ਵਿਚ ਰਾਇ ਕਮਾਲ ਅਤੇ ਉਸ ਦੇ ਭਤੀਜੇ ਮਉਜ ਦੀ ਲੜਾਈ ਦਾ ਵਰਣਨ ਹੈ। ਇਸ ਲੜਾਈ ਵਿਚ ਮਉਜ ਨੇ ਆਪਣੇ ਪਿਤਾ ਸਾਰੰਗ ਦੀ ਮੌਤ ਦਾ ਬਦਲਾ ਲੈਣ ਹਿਤ ਆਪਣੇ ਚਾਚੇ ਰਾਇ ਕਮਾਲ ਨਾਲ ਰਣ-ਭੂਮੀ ਵਿਚ ਦੋ ਹੱਥ ਕੀਤੇ। ਮਉਜ ਨੇ ਆਪਣੇ ਮਾਮਿਆਂ ਦੀ ਸਹਾਇਤਾ ਨਾਲ ਰਾਇ ਕਮਾਲ ਵਿਰੁੱਧ ਜਿਹੜੀ ਲੜਾਈ ਲੜੀ, ਉਸ ਵਿਚ ਰਾਇ ਕਮਾਲ ਮਾਰਿਆ ਗਿਆ ਅਤੇ ਮਉਜ ਦੀ ਜਿੱਤ ਹੋਈ। ਇਸ ਵਾਰ ਵਿਚੋਂ ਜਿਹੜੀਆਂ ਗਿਣਤੀ ਦੀਆਂ ਕੁਝ ਪਉੜੀਆਂ ਉਪਲਬਧ ਹਨ, ਉਹਨਾਂ ਵਿਚੋਂ ਹੇਠ ਲਿਖੀ ਪਉੜੀ ਸਾਡਾ ਧਿਆਨ ਖਿਚਦੀ ਹੈ :

ਰਾਣਾ ਰਾਇ ਕਮਾਲ ਦੀ, ਰਣ ਭਾਰਾ ਬਾਹੀ।

ਮਉਜ ਦੀ ਤਲਵੰਡੀਓਂ, ਚੜ੍ਹਿਆ ਸਾਬਾਹੀ।
ਢਾਲੀਂ ਅੰਬਰ ਛਾਇਆ, ਫੁੱਲੇ ਅੱਕ ਕਾਹੀ।
ਜੁਟੇ ਆਹਮੋ ਸਾਹਮਣੇ ਨੇਜੇ ਝਲਕਾਹੀ।
ਮਉਜੇ ਘਰ ਵਧਾਈਆਂ, ਘਰ ਚਾਚੇ ਧਾਹੀਂ।

**2. ਟੁੰਡੇ ਅਸਰਾਜੇ ਦੀ ਵਾਰ**

ਇਸ ਵਾਰ ਵਿਚ ਰਾਜੇ ਸਾਰੰਗ ਦੇ ਪੁੱਤਰ ਅਸਰਾਜ ਦੀ ਬੀਰ ਕਹਾਣੀ ਹੈ। ਇਹੀ ਕਹਾਣੀ ਪੂਰਨ ਭਗਤ ਦੇ ਕਿੱਸੇ ਦਾ ਭੁਲੇਖਾ ਵੀ ਪਾਉਂਦੀ ਹੈ। ਅਸਰਾਜ ਨੇ ਪੂਰਨ ਵਾਂਗ ਮਤਰੇਈ ਮਾਂ ਦੀ ਕਾਮ-ਕ੍ਰੀੜਾ ਪ੍ਰਵਾਨ ਨਾ ਕੀਤੀ, ਜਿਸ ਕਾਰਨ ਪੂਰਨ ਵਾਂਗ ਉਸ ਨੂੰ ਮੌਤ ਦੀ ਸਜ਼ਾ ਦਾ ਹੁਕਮ ਹੋਇਆ ਪਰ ਜੱਲਾਦਾਂ ਨੇ ਅਸਰਾਜ ਦੀ ਇਕ ਬਾਂਹ ਵੱਢ ਕੇ ਉਸ ਨੂੰ ਮੁਕਤ ਕਰ ਦਿੱਤਾ। ਪਿੱਛੋਂ ਅਸਰਾਜ ਨੂੰ ਕਿਸੇ ਹੋਰ ਥਾਂ ਦੀ ਰਾਜਗੱਦੀ ਮਿਲ ਗਈ। ਅਖੀਰ ਅਸਰਾਜ ਸਾਰੰਗ ਦੀ ਸਹਾਇਤਾ ਵਾਸਤੇ ਪਹੁੰਚਿਆ, ਜਿਸ ਵਿਚ ਟੁੰਡੇ ਅਸਰਾਜ ਦੇ ਬਾਹੂਬਲ ਨੂੰ ਵਾਰਕਾਰ ਨੇ ਜਿਹੜੀਆਂ ਪਉੜੀਆਂ ਵਿਚ ਪੇਸ਼ ਕੀਤਾ ਹੈ, ਉਹਨਾਂ ਵਿਚੋਂ ਕੁਝ ਸਤਰਾਂ ਇਸ ਪ੍ਰਕਾਰ ਹਨ :

ਭਬਕਿਓ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।
ਖ਼ਾਨ ਸੁਲਤਾਨ ਬਡ ਸੂਰਮੇ, ਵਿਚ ਰਣ ਦੇ ਗੱਜੇ।
ਖ਼ਤ ਲਿਖੇ ਟੁੰਡੇ ਅਸਰਾਜ ਨੂੰ, ਪਾਤਸ਼ਾਹੀ ਅੱਜੇ।
ਟਿਕਾ ਸਾਰੰਗ ਬਾਪ ਨੇ, ਦਿਤਾ ਭਰ ਲੱਜੇ।
ਫਤਹ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ।

**3. ਸਿਕੰਦਰ ਇਬਰਾਹੀਮ ਦੀ ਵਾਰ**

ਇਸ ਵਾਰ ਵਿਚ ਇਬਰਾਹੀਮ ਵੱਲੋਂ ਕਿਸੇ ਗਰੀਬ ਬ੍ਰਾਹਮਣੀ ਨੂੰ ਆਪਣੇ ਕਾਮ ਜਾਲ ਵਿਚ ਫਸਾਉਣ ਦਾ ਪ੍ਰਸੰਗ ਹੈ ਪਰੰਤੂ ਸਿਕੰਦਰ ਇਬਰਾਹੀਮ ਦੀ ਇਸ ਬਦਨੀਤੀ ਨੂੰ ਜਿਸ ਤਰ੍ਹਾਂ ਭਾਂਜ ਦਿੰਦਾ ਹੈ, ਉਸ ਸੰਘਰਸ਼ ਨੂੰ ਵਾਰਕਾਰ ਨੇ ਹੇਠ ਲਿਖੀ ਪਉੜੀ ਵਿਚ ਸਾਕਾਰ ਕੀਤਾ ਹੈ :

ਸਿਕੰਦਰ ਕਹੇ ਬਰਾਹਮ ਨੂੰ, ਇਕ ਗਲ ਹੈ ਕਾਈ।
ਤੇਰੀ ਸਾਡੀ ਰਣ ਵਿਚ, ਅੱਜ ਪਈ ਲੜਾਈ।
ਤੂੰ ਨਾਹੀਂ ਕਿ ਮੈਂ ਨਾਹੀਂ, ਇਹ ਹੁੰਦੀ ਆਈ।
ਰਾਜਪੂਤੀ ਜਾਤੀ ਨੱਸਿਆਂ, ਰਣ ਲਾਜ ਮਰਾਹੀਂ।
ਲੜੀਏ ਆਹਮੋ ਸਾਹਮਣੇ, ਜੋ ਕਰੇ ਸੋ ਸਾਈਂ।

**4. ਲਲਾ ਬਹਿਲੀਮਾ ਦੀ ਵਾਰ**

ਇਸ ਵਾਰ ਵਿਚ ਕਾਂਗੜੇ ਦੇ ਦੋ ਯੋਧਿਆਂ ਵਿਚਕਾਰ ਪਾਣੀ ਦੇ ਮਸਲੇ ਉਤੇ ਹੋਈ ਲੜਾਈ ਦਾ ਵਰਣਨ ਹੈ। ਇਸ ਵਾਰ ਵਿਚ ਕਾਂਗੜੇ ਖੇਤਰ ਦਾ ਇਕ ਪਾਸੇ ਰਾਜਾ ਲਲਾ ਹੈ ਅਤੇ ਦੂਜੇ ਪਾਸੇ ਬਹਿਲੀਮਾ। ਦੋਹਾਂ ਦੀ ਟੱਕਰ ਨੂੰ ਜਿਸ ਪਉੜੀ ਵਿਚ ਅਭੀਵਿਅਕਤੀ ਮਿਲੀ ਹੈ, ਉਹ ਹੇਠ ਲਿਖੇ ਅਨੁਸਾਰ ਹੈ :

ਕਾਲ ਲਲਾ ਦੇ ਦੇਸ਼ ਦਾ, ਖੋਹਿਆ ਬਹਿਲੀਮਾ।

ਹਿੱਸਾ ਛੱਟਾ ਮਨਾਇਕੈ, ਜਲ ਨਹਿਰੋਂ ਦੀਨਾ।
ਫਿਰਾਹੁਨ ਹੋਏ ਲਲਾ ਨੇ, ਰਣ ਮੰਡਿਆ ਧੀਮਾਂ।
ਭੇੜ ਦੋਹਾਂ ਵਿਚ ਮੱਚਿਆ, ਸੱਟ ਪਈ ਅਜ਼ੀਮਾਂ।
ਸਿਰ ਧੜ ਡਿਗੇ ਖੇਤ ਵਿਚ, ਜਿਉਂ ਵਾਹਣ ਢੀਮਾਂ।

**5. ਹਸਨੇ ਮਹਿਮੇ ਦੀ ਵਾਰ**

ਇਸ ਵਾਰ ਵਿਚ ਦੋ ਰਾਜਪੂਤ ਸਰਦਾਰਾਂ ਦੀ ਲੜਾਈ ਦਾ ਵਰਣਨ ਹੈ। ਮਹਿਮਾ ਕਿਸੇ ਤਰ੍ਹਾਂ ਹਸਨੇ ਨੂੰ ਕੈਦ ਕਰ ਲੈਂਦਾ ਹੈ ਪਰ ਹਸਨਾ ਰਾਤ ਨੂੰ ਕਿਵੇਂ ਨਾ ਕਿਵੇਂ ਬਚ ਨਿਕਲਦਾ ਹੈ। ਉਹ ਮਹਿਮੇ ਵਿਰੁੱਧ ਲੜਨ ਲਈ ਫ਼ੌਜ ਲੈ ਕੇ ਰਣ-ਭੂਮੀ ਵਿਚ ਆ ਨਿੱਤਰਦਾ ਹੈ। ਦੋਹਾਂ ਵਿਚ ਗਹਿਗੱਚ ਲੜਾਈ ਹੁੰਦੀ ਹੈ ਪਰ ਹਸਨਾ ਲੜਾਈ ਵਿਚ ਮਾਰਿਆ ਜਾਂਦਾ ਹੈ। ਇਸ ਵਾਰ ਦੀ ਪਉੜੀ ਦੀਆਂ ਸਿਰਫ਼ ਦੋ ਸਤਰਾਂ ਸਾਡੇ ਹੱਥ ਲੱਗੀਆਂ ਹਨ। ਜਾਪਦਾ ਹੈ ਕਿ ਵਾਰਕਾਰ ਹਸਨੇ ਦੀ ਥਾਂ ਮਹਿਮੇ ਦਾ ਹਮਾਇਤੀ ਹੈ। ਹੇਠ ਲਿਖੀਆਂ ਦੋ ਤੁਕਾਂ ਸਾਡੇ ਇਸ ਮੱਤ ਦੀ ਪੁਸ਼ਟੀ ਕਰਦੀਆਂ ਹਨ :

ਹਸਨੇ ਮਹਿਮਾ ਰਾਣਿਆ, ਦੋਹਾਂ ਉਠਾਈ ਦਲ।
ਮਹਿਮਾ ਹਸਨਾ ਮਾਰਿਆ, ਦੁਧ ਤੋਂ ਮੱਖੀ ਗਈ ਟਲ।

**6. ਮੂਸੇ ਦੀ ਵਾਰ**

ਮੂਸਾ ਇਕ ਬੀਰ ਯੋਧਾ ਹੈ। ਉਸ ਦੀ ਮੰਗੇਤਰ ਦਾ ਵਿਆਹ ਜਿਸ ਵਿਅਕਤੀ ਨਾਲ ਹੁੰਦਾ ਹੈ, ਮੂਸਾ ਉਸ ਨਾਲ ਯੁੱਧ ਲੜਦਾ ਹੈ ਪਰੰਤੂ ਉਸ ਔਰਤ ਦੇ ਜਤ-ਸਤ ਦੇ ਵਾਸਤੇ ਪਾਉਣ ਕਾਰਨ ਮੂਸਾ ਉਸ ਨੂੰ ਉਸ ਦੇ ਪਹਿਲੇ ਪਤੀ ਨੂੰ ਹੀ ਸੌਂਪ ਦਿੰਦਾ ਹੈ।

ਉਪਰੋਕਤ ਛੇ ਵਾਰਾਂ ਦਾ ਇਤਿਹਾਸਕ ਮਹੱਤਵ ਇਹ ਹੈ ਕਿ ਇਹਨਾਂ ਦੀਆਂ ਧੁਨਾਂ ਅਨੁਸਾਰ ਗੁਰੂ ਸਾਹਿਬਾਨ ਦੁਆਰਾ ਰਚੀਆਂ ਵਾਰਾਂ ਦੇ ਗਾਉਣ ਦਾ ਹੁਕਮ ਹੈ। ਇਸ ਸਬੰਧੀ ਅਸੀਂ ਇਹਨਾਂ ਵਾਰਾਂ ਦੇ ਨਾਲ ਹੀ ਗੁਰੂ ਸਾਹਿਬਾਨ ਦੁਆਰਾ ਰਚੀਆਂ ਅਤੇ ਆਦਿ ਗ੍ਰੰਥ ਵਿਚ ਦਰਜ ਵਾਰਾਂ ਸਬੰਧੀ ਉਪਰ ਸੰਕੇਤ ਕਰ ਆਏ ਹਾਂ। ਇਹਨਾਂ ਛੇ ਵਾਰਾਂ ਦੀਆਂ ਹੋਰ ਪਉੜੀਆਂ ਵੀ ਹੋਣਗੀਆਂ ਜੋ ਸਮੇਂ ਦੀ ਧੂੜ ਵਿਚ ਗੁਆਚ ਗਈਆਂ। ਪਰ ਗੁਰੂ ਅਰਜਨ ਦੇਵ ਦੇ ਸਮੇਂ ਤਕ 15ਵੀਂ ਸਦੀ ਤੋਂ ਵੀ ਪਹਿਲਾਂ ਲਿਖੀਆਂ ਇਹ ਵਾਰਾਂ ਨੂੰ ਰਾਗੀ-ਢਾਡੀ ਜ਼ਰੂਰ ਗਾਉਂਦੇ ਹੋਣਗੇ ਪਰ ਉਹਨਾਂ ਦਾ ਅਸਲੀ ਰੂਪ ਹੁਣ ਉਪਲਬਧ ਨਹੀਂ ਹੈ। ਜੋ ਕੁਝ ਵੀ ਸਾਡੇ ਸਾਹਮਣੇ ਹੈ, ਉਸ ਤੋਂ ਹੇਠ ਲਿਖੇ ਤੱਥ ਉਜਾਗਰ ਹੁੰਦੇ ਹਨ :

1. 9ਵੀਂ-10ਵੀਂ ਸਦੀ ਤੋਂ 15ਵੀਂ ਸਦੀ ਤਕ ਉਤਰੀ ਭਾਰਤ ਛੋਟੇ-ਛੋਟੇ ਖੇਤਰਾਂ ਵਿਚ ਵੰਡਿਆ ਹੋਇਆ ਸੀ, ਜਿੰਨ੍ਹਾਂ ਦੇ ਮਾਲਕ ਜ਼ਰ, ਜ਼ੋਰੋ, ਜ਼ਮੀਨ ਲਈ ਲੜਾਈਆਂ ਕਰਦੇ ਰਹਿੰਦੇ ਸਨ। ਲੜਾਈ ਦਾ ਕਾਰਨ ਹਉਮੈਂ ਜਾਂ ਧੌਂਸ ਦਾ ਵਿਖਾਵਾ ਕਰਨਾ ਵੀ ਸੀ।
2. ਲੜਾਈ ਦਾ ਕਾਰਨ ਨਿਰੋਲ ਖੇਤਰੀ ਸੀ ਤੇ ਹਰ ਖੇਤਰ ਦੇ ਢਾਡੀ ਜਾਂ ਵਾਰਕਾਰ ਆਪਣੀ ਰੋਟੀ-ਰੋਜ਼ੀ ਲਈ ਕਿਸੇ ਨਾ ਕਿਸੇ ਸਰਦਾਰ ਨਾਲ ਜੁੜੇ ਹੋਏ ਸਨ ਪਰ ਲੜਾਈ ਦਾ ਵਰਣਨ ਕਰਨ ਸਮੇਂ ਕਿਸੇ ਹੱਦ ਤਕ ਨਿਰਪੱਖ ਰਹਿੰਦੇ ਸਨ।

3. ਵਾਰ ਰਚਣ ਲਈ ਇਹ ਢਾਡੀ ਨਿਸ਼ਾਨੀ ਛੰਦ ਦੇ ਵੱਖ-ਵੱਖ ਤੋਲਾਂ ਨੂੰ ਵਾਰ ਰਚਨਾ ਦਾ ਮਾਧਿਅਮ ਬਣਾਉਂਦੇ ਸਨ। ਬੀਰ ਰਸ ਇਹਨਾਂ ਵਾਰਾਂ ਦੀ ਜਿੰਦ-ਜਾਨ ਸੀ ਪਰ ਕਿਤੇ-ਕਿਤੇ ਰੌਦਰ ਰਸ ਜਾਂ ਭਿਆਨਕ ਰਸ ਦਾ ਰੰਗ ਵੀ ਝਲਕਦਾ ਹੈ।
4. ਅਲੰਕਾਰਾਂ ਵਿਚੋਂ ਮੁੱਖ ਤੌਰ ’ਤੇ ਦ੍ਰਿਸ਼ਟਾਂਤ ਜਾਂ ਉਪਮਾ ਅਲੰਕਾਰਾਂ ਦੀ ਵਰਤੋਂ ਹੋਈ ਪਰ ਬਹੁਤੀ ਕਲਾਮਈ ਨਹੀਂ।
5. ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮੱਧ-ਕਾਲ ਤੋਂ ਬਹੁਤ ਪਹਿਲਾਂ ਵਾਰਾਂ ਵਿਚ ਆਈ ਭਾਸ਼ਾ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਦੀ ਠੁੱਕ ਉਸੇ ਤਰ੍ਹਾਂ ਬੱਝ ਚੁੱਕੀ ਸੀ ਜਾਂ ਉਸ ਤੋਂ ਵੀ ਬਿਹਤਰ ਜੋ 11ਵੀਂ-12ਵੀਂ ਸਦੀ ਵਿਚ ਹੋਏ ਸ਼ੇਖ਼ ਫ਼ਰੀਦ ਦੇ ਸ਼ਲੋਕਾਂ ਵਿਚ ਉਪਲਬਧ ਹੈ।

ਉਪਰੋਕਤ ਵਾਰਾਂ ਦੇ ਅਧਿਐਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਇਸ ਦੌਰ ਵਿਚ ਢਾਡੀਆਂ ਨੇ ਹੋਰ ਵੀ ਵਾਰਾਂ ਰਚੀਆਂ ਹੋਣਗੀਆਂ, ਕਿਉਂਕਿ ਵਾਰ ਰਚਣਾ ਤੇ ਗਾਉਣਾ ਢਾਡੀਆਂ ਜਾਂ ਮਰਾਸੀਆਂ ਦਾ ਮੁੱਖ ਧੰਦਾ ਸੀ। ਇਹ ਤੱਥ ਉਹਨਾਂ ਹਵਾਲਿਆਂ ਤੋਂ ਵੀ ਸਿੱਧ ਹੋ ਜਾਂਦਾ ਹੈ ਜੋ ਕਰਮ ਸਿੰਘ ਹਿਸਟੋਰੀਅਨ ਅਤੇ ਹੋਰ ਇਤਿਹਾਸਕਾਰਾਂ ਨੇ ਉਤਰੀ ਭਾਰਤ ਦੇ ਢਾਡੀਆਂ ਨਾਲ ਕੀਤੀਆਂ ਮੁਲਾਕਾਤਾਂ ਵਿਚ ਦਰਜ ਹੈ।

\- - - - -

## ਸੂਫ਼ੀ ਮੱਤ ਤੇ ਸ਼ੇਖ਼ ਫ਼ਰੀਦ

**ਸੂਫ਼ੀ ਮੱਤ**

ਪੰਜਾਬੀ ਸਾਹਿਤ ਵਿਚ ਸ਼ੇਖ਼ ਫ਼ਰੀਦ ਦੀ ਆਮਦ ਨਾਲ ਜਿੱਥੇ ਸੂਫ਼ੀ ਮੱਤ ਦਾ ਆਗਮਨ ਹੁੰਦਾ ਹੈ, ਉਥੇ ਸਾਹਿਤਕ ਪੱਧਰ ਉਤੇ ਮੁਢਲੇ ਕਾਲ (850-1526 ਈ.) ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਜਿਹੜੀ ਅਮੀਰੀ ਪ੍ਰਦਾਨ ਹੋਈ, ਉਸ ਨਾਲ 11ਵੀਂ-12ਵੀਂ ਸਦੀ ਵਿਚ ਹੀ ਪੰਜਾਬੀ ਜ਼ੁਬਾਨ ਨੂੰ ਇਕ ਵਿਸ਼ੇਸ਼ ਮੁਕਾਮ ਹਾਸਲ ਹੋਇਆ।

ਸੂਫ਼ੀ ਅਰਬੀ ਦਾ ਸ਼ਬਦ ਹੈ, ਜਿਸ ਦੇ ਅੱਖਰੀ ਅਰਥ ਹਨ—ਸਾਫ਼ ਦਿਲ ਨੇਕ ਆਦਮੀ। ਸੂਫ਼ੀ ਲੋਕ ਆਰੰਭ ਵਿਚ ਉੱਨ ਦਾ ਕਾਲਾ ਚੋਗਾ ਪਹਿਨਦੇ ਸਨ। ਇਸ ਲਈ ਉਹਨਾਂ ਨੂੰ ਸੂਫ਼ੀ ਆਖਿਆ ਜਾਣ ਲੱਗ ਪਿਆ। ਕਾਲੇ ਵੇਸ ਵੱਲ ਬਾਬਾ ਫ਼ਰੀਦ ਜੀ ਨੇ ਵੀ ਸੰਕੇਤ ਕੀਤਾ ਹੈ :

> ਕਾਲੇ ਮੈਂਢੇ ਕੱਪੜੇ ਕਾਲਾ ਮੈਂਢਾ ਵੇਸ
> ਗੁਨਹੀ ਭਰਿਆ ਮੈਂ ਫਿਰਾਂ, ਲੋਕ ਕਹਿਣ ਦਰਵੇਸ਼।

ਇਕ ਇਹ ਵੀ ਮੱਤ ਪ੍ਰਚੱਲਤ ਹੈ ਕਿ ਸੂਫ਼ੀ ਸ਼ਬਦ ਸਫ਼ ਤੋਂ ਬਣਿਆ ਹੈ। ਸਫ਼ ਦੇ ਅਰਥ ਹਨ—ਕਤਾਰ। ਜਿਹੜੇ ਲੋਕ ਕਤਾਰ ਵਿਚ ਖੜੋ ਕੇ ਨਮਾਜ਼ ਪੜ੍ਹਦੇ ਸਨ, ਉਹਨਾਂ ਨੂੰ ਸੂਫ਼ੀ ਕਿਹਾ ਜਾਣ ਲੱਗਿਆ।

ਸੂਫ਼ੀ ਮੱਤ ਦਾ ਜਨਮ ਹਜ਼ਰਤ ਮੁਹੰਮਦ ਸਾਹਿਬ ਤੋਂ ਹੀ ਸਮਝਣਾ ਚਾਹੀਦਾ ਹੈ। ਭਾਵੇਂ ਆਮ ਵਿਚਾਰ ਹੈ ਕਿ ਹਜ਼ਰਤ ਅਲੀ ਏਸ ਮੱਤ ਦੇ ਮੋਢੀ ਹਨ। ਸੂਫ਼ੀ ਮੱਤ ਦਾ ਜਨਮ ਕੇਂਦਰ ਵੀ ਇਸਲਾਮ ਵਾਂਗ ਅਰਬ ਹੀ ਹੈ। ਡਾ.ਲਾਜਵੰਤੀ ਰਾਮਾਕ੍ਰਿਸ਼ਨਾ ਦਾ ਇਹ ਵੀ ਮੱਤ ਹੈ ਕਿ ਸੂਫ਼ੀ ਮੱਤ ਹਿੰਦੂ ਭਗਤੀ ਮੱਤ ਦੇ ਵੇਦਾਂਤ ਦੀ ਮੁਸਲਮਾਨੀ ਸੂਰਤ ਹੈ।

ਅਰਬ ਦੇ ਸੂਫ਼ੀ ਮੱਤ ਨੂੰ ਅਸੀਂ 'ਸੈਮਟਿਕ' ਸੂਫ਼ੀ ਮੱਤ ਕਹਿ ਸਕਦੇ ਹਾਂ। ਇਸ ਮੱਤ ਦੇ ਦੋ ਵੱਡੇ ਕੇਂਦਰ ਕੂਫ਼ਾ ਤੇ ਬਸਰਾ ਸਨ। ਸਭ ਤੋਂ ਪਹਿਲਾਂ ਸੂਫ਼ੀ ਨਾਂ ਕੂਫ਼ਾ ਦੇ ਅਬੂ ਹਾਸ਼ਮ ਵਾਸਤੇ ਵਰਤਿਆ ਗਿਆ। ਇਹਨਾਂ ਸੂਫ਼ੀਆਂ ਦਾ ਸਭ ਤੋਂ ਵੱਡਾ ਅਸੂਲ ਰੱਬ ਦੀ ਰਜ਼ਾ ਵਿਚ ਰਹਿਣਾ ਸੀ ਅਤੇ ਇਹ ਰੱਬੀ ਗਿਆਨ ਦੀ ਪ੍ਰਾਪਤੀ ਨਾਲੋਂ ਪਵਿੱਤਰਤਾ, ਤਿਆਗ ਤੇ ਨਫ਼ਸ ਦੇ ਕਾਬੂ ਉਤੇ ਜ਼ਿਆਦਾ ਜ਼ੋਰ ਦਿੰਦੇ ਸਨ।

ਜਦੋਂ ਇਸਲਾਮ ਹੋਰਨਾਂ ਦੇਸ਼ਾਂ ਵਿਚ ਫੈਲਿਆ ਤਾਂ ਹੋਰ ਵਿਚਾਰਧਾਰਾਵਾਂ ਦਾ ਅਸਰ ਵੀ ਇਸ ਮੱਤ ਉਤੇ ਪੈਣਾ ਕੁਦਰਤੀ ਸੀ। ਖ਼ਾਸ ਕਰਕੇ ਇਰਾਨੀਆਂ ਦੇ ਆਰੀਆਈ ਪ੍ਰਭਾਵਾਂ ਨੇ ਇਸ ਦਾ ਰੂਪ ਤੇ ਮੁਹਾਂਦਰਾ ਹੀ ਬਦਲ ਦਿੱਤਾ। ਯੂਨਾਨੀ ਫ਼ਿਲਾਸਫ਼ਰਾਂ ਦੇ ਸਿਧਾਂਤ, ਨਵ ਅਫ਼ਲਾਤੂਨੀ ਵਿਚਾਰਾਂ, ਬੁੱਧ ਮੱਤ, ਵੇਦਾਂਤ, ਈਸਾਈ ਵਿਚਾਰਧਾਰਾ ਤੇ ਹੋਰ ਭਾਰਤੀ ਮੱਤਾਂ ਨੇ ਸੂਫ਼ੀ ਮੱਤ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਕਈ ਤਾਂ ਸੂਫ਼ੀ ਮੱਤ ਦਾ ਜਨਮ ਹੀ ਇਰਾਨ ਵਿਚ ਹੋਇਆ ਸਮਝਦੇ ਹਨ। ਉਹਨਾਂ ਦਾ ਵਿਚਾਰ ਹੈ ਕਿ ਸੂਫ਼ੀ ਮੱਤ ਸੈਮਟਿਕ ਪ੍ਰਭਾਵਾਂ ਵਿਰੁੱਧ ਆਰੀਆਈ ਪ੍ਰਤੀਕਰਮ ਹੈ। ਇਹਨਾਂ ਮੱਤਾਂ ਦੇ ਪ੍ਰਭਾਵ ਹੇਠ ਪਹਿਲੇ ਵਿਦਵਾਨ ਸੂਫ਼ੀ ਵੀ ਇਸਲਾਮੀ ਸਿਧਾਂਤਾਂ ਨੂੰ ਸ਼ੰਕਾਵਾਦੀ ਦ੍ਰਿਸ਼ਟੀ ਨਾਲ ਤੱਕਣ ਲੱਗੇ। ਜਿੱਥੇ ਅਰਬ ਦਾ ਸੂਫ਼ੀ ਮੱਤ ਤਿਆਗਵਾਦੀ ਤੇ ਜ਼ੁਹਦ ਦਾ ਉਪਾਸ਼ਕ ਹੈ, ਉਥੇ ਇਰਾਨ ਦਾ ਸੂਫ਼ੀ ਮੱਤ ਰਹੱਸਵਾਦੀ ਅਤੇ ਪ੍ਰੇਮਾ-ਭਗਤੀ ਮਾਰਗ ਵਾਲਾ ਸਰੂਪ ਰਖਦਾ ਹੈ। ਅਰਬੀ ਪ੍ਰਮਾਤਮਾ ਦੀ ਵਿਸ਼ੇਸ਼ ਤੇ ਇੱਕੋ ਹੋਂਦ ਦੇ ਕਾਇਲ ਹਨ ਪਰੰਤੂ ਈਰਾਨੀ ਸੂਫ਼ੀਆਂ ਨੇ ਪ੍ਰਮਾਤਮਾ ਨੂੰ ਹਾਜ਼ਰ-ਨਾਜ਼ਰ ਤੇ ਸਰਬ ਵਿਆਪਕ ਸਮਝਿਆ ਹੈ। ਇਰਾਨੀ ਸੂਫ਼ੀ ਆਪਣੇ ਚੰਗੇ ਗੁਣਾਂ ਕਰਕੇ ਬੜੀ ਛੇਤੀ ਪ੍ਰਸਿੱਧ ਹੋ ਗਏ। ਮਨਸੂਰ ਦਾ ਅਨੁਲਹੱਕ ਦਾ ਨਾਅਰਾ ਇਸਲਾਮ ਵਿਰੁੱਧ ਬਗ਼ਾਵਤ ਸਮਝਿਆ ਜਾਣ ਲੱਗਾ ਅਤੇ ਇਸੇ ਕਰਕੇ ਕਈ ਅਜਿਹੇ ਸੂਫ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ।

ਇਹ ਸੂਫ਼ੀ ਪਹਿਲੇ ਸੂਫ਼ੀਆਂ ਦੇ ਬਿਲਕੁਲ ਉਲਟ ਸ਼ਰ੍ਹਾ ਦੇ ਵਿਰੁੱਧ ਸ਼ਰਾਬ ਆਦਿ ਪੀਂਦੇ ਤੇ ਵਜਦ ਵਿਚ ਆ ਕੇ ਨੱਚਦੇ ਤੇ ਗਾਉਂਦੇ ਸਨ।

8ਵੀਂ ਸਦੀ ਤੋਂ 14ਵੀਂ-15ਵੀਂ ਸਦੀ ਤਕ ਸੰਸਾਰ ਦੇ ਵੱਖੋ-ਵੱਖ ਦੇਸ਼ਾਂ ਵਿਚ ਸੂਫ਼ੀ ਮੱਤ ਵਧਿਆ-ਫੁੱਲਿਆ। ਪੰਜਾਬੀ ਸਾਹਿਤ ਵਿਚ ਸੂਫ਼ੀ ਮੱਤ ਦਾ ਨਿਕਾਸ ਜਾਂ ਵਿਕਾਸ ਮੁਸਲਮਾਨਾਂ ਦੀ ਆਮਦ ਨਾਲ ਹੀ ਹੋਇਆ। ਦਾਦਾ ਗੰਜ ਬਖ਼ਸ਼ 11ਵੀਂ ਸਦੀ ਵਿਚ ਭਾਰਤ ਦੇ ਸਭ ਤੋਂ ਪਹਿਲੇ ਸੂਫ਼ੀ ਫ਼ਕੀਰ ਮੰਨੇ ਜਾਂਦੇ ਹਨ। ਬਾਬਾ ਫ਼ਰੀਦ ਸ਼ਕਰ ਗੰਜ ਪੰਜਾਬੀ ਸੂਫ਼ੀ ਮੱਤ ਜਾਂ ਪੰਜਾਬੀ ਸੂਫ਼ੀ ਕਾਵਿ ਦੇ ਨਿਰਮਾਤਾ ਕਹੇ ਜਾ ਸਕਦੇ ਹਨ।

## ਸ਼ੇਖ਼ ਫ਼ਰੀਦ ਦਾ ਜੀਵਨ ਤੇ ਰਚਨਾ

ਸ਼ੇਖ਼ ਫ਼ਰੀਦ ਸੂਫ਼ੀ ਕਵਿਤਾ ਦੇ ਹੀ ਨਹੀਂ, ਸਗੋਂ ਸਮੁੱਚੀ ਪੰਜਾਬੀ ਕਵਿਤਾ ਦੇ ਪਹਿਲੇ ਵੱਡੇ ਕਵੀ ਮੰਨੇ ਜਾਂਦੇ ਹਨ। ਆਪ ਜੀ ਦੇ ਜਨਮ, ਜਨਮ ਸਥਾਨ ਅਤੇ ਉਮਰ ਸਬੰਧੀ ਭਾਵੇਂ ਕਈ ਭੁਲੇਖੇ ਵੀ ਪਾਏ ਜਾਂਦੇ ਹਨ ਪਰੰਤੂ ਪੰਜਾਬੀ ਸਾਹਿਤ ਦੇ ਇਤਿਹਾਸਕਾਰ ਇਸ ਤੱਥ 'ਤੇ ਇਕਮਤ ਹਨ ਕਿ ਫ਼ਰੀਦ ਦਾ ਜਨਮ 1173 ਈ. ਅਤੇ ਮੌਤ 1266 ਈ. ਵਿਚ ਹੋਈ ਅਤੇ ਆਪ ਨੇ 93 ਸਾਲ ਦੀ ਉਮਰ ਭੋਗੀ। ਭਾਵੇਂ ਉਮਰ ਸਬੰਧੀ ਇਕ ਮਤ ਇਹ ਵੀ ਹੈ ਕਿ ਫ਼ਰੀਦ ਜੀ 95 ਸਾਲ ਦੀ ਉਮਰ ਭੋਗ ਕੇ ਸੰਸਾਰ ਤੋਂ ਵਿਦਾ ਹੋਏ। ਆਪ ਦਾ ਜਨਮ ਮੁਲਤਾਨ (ਹੁਣ ਪਾਕਿਸਤਾਨ) ਦੇ 8-10 ਕਿਲੋਮੀਟਰ ਨੇੜੇ ਪਿੰਡ ਖੋਤਵਾਲ ਵਿਚ ਹੋਇਆ ਜੋ ਅੱਜ ਕੋਠੋਵਾਲ ਦੇ ਨਾਂ 'ਤੇ ਪ੍ਰਸਿੱਧ ਹੈ। ਆਪ ਦੇ ਮਾਤਾ

ਕੁਰੈਸ਼ਮ ਖ਼ਾਤੂਨ ਅਤੇ ਵਾਲਿਦ ਜਮਾਲਉਦੀਨ ਸੁਲੇਮਾਨ ਸਨ ਅਤੇ ਇਹ ਜੋੜੀ ਪੂਰੀ ਤਰ੍ਹਾਂ ਧਾਰਮਿਕ ਤੇ ਸਦਾਚਾਰਕ ਮੁੱਲਾਂ ਨਾਲ ਪ੍ਰਣਾਈ ਹੋਈ ਸੀ।

ਸ਼ੇਖ਼ ਫ਼ਰੀਦ ਨੇ ਕਈ ਥਾਵਾਂ ਉਤੇ ਜਾ ਕੇ ਵੱਖ-ਵੱਖ ਭਾਸ਼ਾਵਾਂ ਅਤੇ ਧਾਰਮਿਕ ਅਕੀਦਿਆਂ ਸਬੰਧੀ ਵਾਕਫ਼ੀਅਤ ਹਾਸਲ ਕੀਤੀ। ਪਰ ਆਪ ਦਾ ਸਬੰਧ ਚਿਸ਼ਤੀ ਸੰਪਰਦਾਇ ਨਾਲ ਦੱਸਿਆ ਜਾਂਦਾ ਹੈ ਅਤੇ ਆਪ ਦੇ ਮੁਰਸ਼ਦ ਸਨ—ਬਖ਼ਤਿਆਰ ਕਾਕੀ। ਪਰ ਆਪ ਨੇ ਇਹ ਸਾਰੀ ਤਾਲੀਮ ਕਿਸੇ ਇਕ ਥਾਂ ਰਹਿ ਕੇ ਹਾਸਲ ਨਹੀਂ ਕੀਤੀ, ਸਗੋਂ ਆਪ ਦੇ ਵਿਸ਼ਾਲ ਗਿਆਨ ਦਾ ਆਧਾਰ ਆਪ ਦੇ ਉਹ ਸਫ਼ਰ ਹਨ ਜੋ ਏਸ਼ੀਆ ਅਤੇ ਅਫ਼ਰੀਕਾ ਦੇ ਇਸਲਾਮੀ ਮੁਲਕਾਂ ਅਤੇ ਭਾਰਤ ਦੇ ਉਹ ਸਭ ਵੱਡੇ ਧਾਰਮਿਕ ਥਾਵਾਂ ਨਾਲ ਹੈ ਜੋ ਉਸ ਸਮੇਂ ਆਪਣੇ ਵਿਸ਼ੇਸ਼ ਨਾਮਣੇ ਕਾਰਨ ਇਸਲਾਮ ਦੇ ਪ੍ਰਚਾਰ ਲਈ ਪ੍ਰਸਿੱਧ ਸਨ।

ਭਾਵੇਂ ਪੰਜਾਬੀ ਵਿਚ ਸ਼ੇਖ਼ ਫ਼ਰੀਦ ਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ 4 ਸ਼ਬਦ (ਦੋ ਸ਼ਬਦ ਰਾਗ ਆਸਾ ਵਿਚ ਅਤੇ ਦੋ ਰਾਗ ਸੂਹੀ ਲਲਿਤ ਵਿਚ) ਅਤੇ 112 ਸ਼ਲੋਕ ਹਨ, ਜਿੰਨ੍ਹਾਂ ਵਿਚੋਂ 18 ਸ਼ਲੋਕ ਗੁਰੂ ਸਾਹਿਬਾਨ ਦੇ ਹਨ। ਪਰ ਅਰਬੀ ਤੇ ਫ਼ਾਰਸੀ ਦੇ ਵਿਸ਼ਾਲ ਗਿਆਨ ਭੰਡਾਰ ਦੇ ਮਾਲਕ ਹੋਣ ਕਾਰਨ ਆਪ ਦੀਆਂ ਤਿੰਨ ਪੁਸਤਕਾਂ ਵਾਰਤਕ ਵਿਚ ਅਤੇ ਇਕ ਪੁਸਤਕ ਸ਼ਾਇਰੀ ਨਾਲ ਸਬੰਧਤ ਦੱਸੀ ਜਾਂਦੀ ਹੈ। ਉਪਰੋਕਤ ਸ਼ਲੋਕਾਂ ਤੋਂ ਇਲਾਵਾ ਸ਼ੇਖ਼ ਫ਼ਰੀਦ ਦੇ 83 ਹੋਰ ਸ਼ਲੋਕ ਵੀ ਹਨ, ਜਿੰਨ੍ਹਾਂ ਸਬੰਧੀ ਕਈ ਮਤਭੇਦ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦ ਤੇ ਸ਼ਲੋਕ ਹੀ ਆਪ ਦੀ ਪ੍ਰਤੀਨਿਧ ਬਾਣੀ ਮੰਨੀ ਗਈ ਹੈ। ਪਹਿਲਾਂ ਇਹ ਵਿਵਾਦ ਵੀ ਚਲਦਾ ਰਿਹਾ ਹੈ ਕਿ ਇਹ ਸ਼ਲੋਕ ਸ਼ੇਖ਼ ਫ਼ਰੀਦ ਦੇ ਨਾ ਹੋ ਕੇ ਮੱਧ ਕਾਲ (1526-1708 ਈ.) ਵਿਚ ਹੋਏ ਫ਼ਰੀਦ ਸਾਨੀ ਦੇ ਹਨ ਪਰੰਤੂ ਅਕੱਟ ਦਲੀਲਾਂ ਕਾਰਨ ਇਹ ਵਿਵਾਦ ਹੁਣ ਖ਼ਤਮ ਹੋ ਚੁੱਕਾ ਹੈ। ਫ਼ਰੀਦ ਜੀ ਨੇ ਪੰਜਾਬੀ ਸੂਫ਼ੀ ਕਾਵਿ ਪਰੰਪਰਾ ਜਾਂ ਪ੍ਰਣਾਲੀ ਦਾ ਰਹੱਸਯ ਉਦਘਾਟਨ ਕੀਤਾ।

ਜਿੱਥੇ ਪੰਜਾਬੀ ਸੂਫ਼ੀ ਕਾਵਿ ਜਾਂ ਸੂਫ਼ੀ ਮੱਤ ਵਿਚ ਇਸਲਾਮ ਦੇ ਵਿਚਾਰਧਾਰਕ ਪਛਾਣ-ਚਿੰਨ੍ਹ ਅਕੀਦਤ ਪਸੰਦੀ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ, ਉਥੇ ਇਹ ਕਵਿਤਾ ਪਹਿਲੇ ਪੜਾ ਦੇ ਸੂਫ਼ੀ ਕਾਵਿ ਸਿਰਲੇਖ ਅਧੀਨ ਵਾਚੀ ਜਾ ਸਕਦੀ ਹੈ। ਡਾ.ਲਾਜਵੰਤੀ ਰਾਮਾਕ੍ਰਿਸ਼ਨਾ ਨੇ ਪਹਿਲੇ ਪੜਾ ਦੇ ਸੂਫ਼ੀ ਕਾਵਿ ਨੂੰ ਪਹਿਲੇ ਸਥਾਨ 'ਤੇ ਰੱਖਿਆ ਹੈ। ਅਜਿਹੇ ਕਾਵਿ ਵਿਚ ਕਵੀ ਦੇ ਸੂਫ਼ੀ ਮੱਤ ਨਾਲ ਪ੍ਰਤੀਬੱਧ ਹੋਣ ਦੇ ਬਾਵਜੂਦ, ਉਸ ਦੀ ਸ਼ਰ੍ਹਾ-ਸ਼ਰੱਈਅਤ ਅਰਥਾਤ ਇਸਲਾਮ ਵਿਚ ਨਿਸ਼ਠਾ ਬਰਕਰਾਰ ਰਹਿੰਦੀ ਹੈ। ਪੰਜਾਬੀ ਕਵਿਤਾ ਵਿਚ ਸ਼ੇਖ਼ ਫ਼ਰੀਦ ਇਸ ਧਾਰਾ ਦੇ ਹੀ ਸੂਫ਼ੀ ਕਵੀ ਹਨ ਜਦਕਿ ਉਸ ਤੋਂ ਪਿੱਛੋਂ ਦੇ ਸਾਰੇ ਸੂਫ਼ੀ ਕਵੀ ਸ਼ਰ੍ਹਾ-ਸ਼ਰੱਈਅਤ ਨੂੰ ਫ਼ਰੀਦ ਵਾਂਗ ਪ੍ਰਵਾਨ ਨਹੀਂ ਕਰਦੇ ਜਾਂ ਮੁੱਢੋਂ-ਸੁੱਢੋਂ ਹੀ ਇਸ ਕੱਟੜਪੰਥੀ ਰੁਝਾਨ ਨੂੰ ਰੱਦ ਕਰਦੇ ਹਨ।

ਪੰਜਾਬੀ ਸਾਹਿਤ ਦੇ ਇਤਿਹਾਸ ਅਨੁਸਾਰ ਸ਼ੇਖ਼ ਫ਼ਰੀਦ ਆਦਿ ਕਾਲ (850-1526 ਈ.) ਦੇ ਇਕੋ ਇਕ ਅਤੇ ਸਮੁੱਚੇ ਪੁਰਾਤਨ ਪੰਜਾਬੀ ਕਾਵਿ ਦੇ ਪ੍ਰਮੁੱਖ ਕਵੀ ਹਨ।

### ਸ਼ਰ੍ਹਾ/ਸ਼ਰੱਈਅਤ ਦੀ ਪ੍ਰਵਾਨਗੀ

ਜਿੱਥੋਂ ਤਕ ਸੂਫ਼ੀਵਾਦ ਅਤੇ ਫ਼ਰੀਦ ਕਾਵਿ ਦਾ ਸਬੰਧ ਹੈ, ਉਸ ਵਿਚ ਜਿੱਥੇ ਕੁਝ ਨੁਕਤੇ ਸਮੁੱਚੇ ਸੂਫ਼ੀਵਾਦ ਦੀ ਪ੍ਰਤੀਨਿਧਤਾ ਕਰਦੇ ਹਨ, ਉਥੇ ਇਸਲਾਮ ਤੇ ਸੂਫ਼ੀ ਮੱਤ ਦੀ ਸਾਂਝ ਸਬੰਧੀ ਸ਼ੇਖ਼ ਫ਼ਰੀਦ ਦੀ ਵਿਚਾਰਧਾਰਾ ਬੜੀ

ਸਪਸ਼ਟ ਹੈ। ਸ਼ੇਖ਼ ਫ਼ਰੀਦ ਸ਼ਰ੍ਹਾ ਦੀ ਪਾਬੰਦੀ ਦਾ ਕਾਇਲ ਹੈ। ਇਹੋ ਕਾਰਨ ਹੈ ਕਿ ਡਾ.ਮੋਹਨ ਸਿੰਘ ਦੀਵਾਨਾ ਫ਼ਰੀਦ ਨੂੰ ਪਹਿਲੇ ਪੜਾ ਦਾ ਸੂਫ਼ੀ ਕਵੀ ਮੰਨਦਾ ਹੈ। ਫ਼ਰੀਦ ਸੂਫ਼ੀ ਤੋਂ ਪਹਿਲਾਂ ਪੱਕਾ ਮੁਸਲਮਾਨ ਜਾਪਦਾ ਹੈ। ਉਸ ਲਈ ਸ਼ਰ੍ਹਾ-ਸ਼ਰੱਈਅਤ ਦੀ ਪਾਬੰਦੀ ਅਰਥਾਤ ਪੰਜੇ ਵਕਤ ਨਮਾਜ਼ ਪੜ੍ਹਨਾ ਮੁਢਲਾ ਤੇ ਬੁਨਿਆਦੀ ਕੰਮ ਹੈ :

ਫ਼ਰੀਦਾ, ਬੇਨਿਵਾਜ਼ਾ ਕੁਤਿਆ, ਇਹ ਨਾ ਭਲੀ ਰੀਤ।
ਕਬਹੂੰ ਚਲ ਨਾ ਆਇਆ, ਪੰਜੇ ਵਖਤ ਮਸੀਤ।

ਉਠ ਫ਼ਰੀਦਾ ਸੁਤਿਆ, ਸੁਬਹ ਨਿਵਾਜ਼ ਗੁਜ਼ਾਰ।
ਜੋ ਸਿਰ ਸਾਈਂ ਨਾ ਨਿਵੇ, ਸੋ ਸਿਰ ਕਪੁ ਉਤਾਰ।

**ਰੱਬ ਦੀ ਸਰਬ-ਵਿਆਪਕਤਾ**

ਸ਼ੇਖ਼ ਫ਼ਰੀਦ ਅਨੁਸਾਰ ਰੱਬ ਸਰਬ ਵਿਆਪਕ ਹੈ। ਜਗਤ ਉਸ ਈਸ਼ਵਰ ਦਾ ਪਾਸਾਰਾ ਹੈ ਅਤੇ ਉਹ ਈਸ਼ਵਰ ਸ੍ਰਿਸ਼ਟੀ ਰੂਪ ਵਿਚ ਆਪ ਹੀ ਪ੍ਰਗਟ ਹੋ ਰਿਹਾ ਹੈ। ਉਸ ਦਾ ਵਿਸ਼ਵਾਸ ਹੈ ਕਿ ਇਸ਼ਕ ਦੇ ਮਾਰਗ ’ਤੇ ਚੱਲਣ ਵਾਲਾ ਸੂਫ਼ੀ ਸਾਧਕ ਇੰਨਾ ਖੁਲ੍ਹ-ਦਿਲਾ ਹੋ ਜਾਂਦਾ ਹੈ ਕਿ ਉਸ ਨੂੰ ਹਰ ਜੀਵ ਵਿਚ ਪ੍ਰਮਾਤਮਾ ਦਿਸਣ ਲੱਗ ਜਾਂਦਾ ਹੈ। ਦੁਨੀਆਂ ਦੀ ਹਰ ਚੀਜ਼ ਉਸ ਨੂੰ ਆਪਣੇ ਮਾਸ਼ੂਕ (ਰੱਬ) ਦਾ ਰੂਪ ਹੀ ਜਾਪਦੀ ਹੈ। ਰੱਬ ਪ੍ਰਤੀ ਇਸ ਦ੍ਰਿਸ਼ਟੀ ਦਾ ਕਾਰਨ ਭਾਰਤੀ ਅਧਿਆਤਮਵਾਦੀ ਨਜ਼ਰੀਆ ਵੀ ਹੈ। ਫ਼ਰੀਦ ਦਾ ਹੇਠ ਲਿਖਿਆ ਸ਼ਲੋਕ ਸਾਡੇ ਇਸ ਮੱਤ ਦੀ ਪੁਸ਼ਟੀ ਕਰਦਾ ਹੈ :

ਇਕੁ ਫਿਕਾ ਨਾ ਗਾਲਾਇ ਸਭਨਾ ਮੈਂ ਸਚਾ ਧਣੀ।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇਂ

ਸ਼ੇਖ਼ ਫ਼ਰੀਦ ਅਨੁਸਾਰ ਹਰ ਪ੍ਰਾਣੀ ਸਰਬ-ਸ਼ਕਤੀਮਾਨ ਪ੍ਰਭੂ ਦਾ ਅੰਸ਼ ਮਾਤਰ ਹੈ ਅਤੇ ਹਰ ਜੀਵ ਨੇ ਮਰਨ ਤੋਂ ਪਿੱਛੋਂ ਰੱਬ ਦੇ ਦਰਬਾਰ ਵਿਚ ਪੇਸ਼ ਹੋਣਾ ਹੈ। ਜੀਵਾਤਮਾ ਉਸ ਪ੍ਰਭੂ ਤੋਂ ਵਿਛੜੀ ਹੋਈ ਹੈ ਅਤੇ ਉਸ ਨੂੰ ਮੁੜ ਮਿਲ ਸਕਣ ਲਈ ਤਰਲੇ ਕਰਦੀ ਹੈ। ਉਸ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ‘ਇਸ਼ਕ’ ਹੈ, ਜੋ ਜੀਵ-ਆਤਮਾ ਉਸ ਪ੍ਰਭੂ ਨੂੰ ਇਸ਼ਕ ਕਰਦੀ ਹੈ, ਉਹ ਹਮੇਸ਼ਾ ਪ੍ਰਭੂ ਦੇ ਰੰਗ ਵਿਚ ਰੰਗੀ ਰਹਿੰਦੀ ਹੈ :

ਰਤੇ ਇਸ਼ਕ ਖ਼ੁਦਾਇ ਰੰਗਿ ਦੀਦਾਰ ਕੇ।

**ਗੁਰੂ ਦਾ ਮਹੱਤਵ**

ਸ਼ੇਖ਼ ਫ਼ਰੀਦ ਦੀ ਕਵਿਤਾ ਵਿਚ ਗੁਰੂ ਦਾ ਬੜਾ ਮਹੱਤਵ ਹੈ ਅਤੇ ਉਸ ਦੀ ਬਾਣੀ ਵਿਚ ਇਕ ਤੋਂ ਵੱਧ ਥਾਵਾਂ ’ਤੇ ਗੁਰੂ ਦੀ ਸ਼ਕਤੀ ਨੂੰ ਪ੍ਰਵਾਨ ਕੀਤਾ ਗਿਆ ਹੈ। ਸ਼ੇਖ਼ ਫ਼ਰੀਦ ਤਾਂ ਗੁਰੂ ਤੋਂ ਬਿਨਾਂ ਉਸ ਸਰਬ-ਸ਼ਕਤੀਮਾਨ ਵਿਚ ਵਿਲੀਨ ਹੋਣ ਦੀ ਕਲਪਨਾ ਨੂੰ ਪ੍ਰਵਾਨ ਹੀ ਨਹੀਂ ਕਰਦਾ :

ਬੋਲੀਐ ਸਚ ਧਰਮ ਝੂਠ ਨਾ ਬੋਲੀਐ।
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।

## ਵਕਾਰਾਂ ਨੂੰ ਤਿਆਗਣ ਦੀ ਪ੍ਰੇਰਨਾ

ਸ਼ੇਖ਼ ਫ਼ਰੀਦ ਅਨੁਸਾਰ ਰੱਬ ਨਾਲ ਸੱਚਾ-ਸੁੱਚਾ ਇਸ਼ਕ ਅਤੇ ਗੁਰੂ ਦੀ ਅਗਵਾਈ ਦਾ ਮੁੱਲ ਵੀ ਤਦੇ ਪੈਂਦਾ ਹੈ ਜੇ ਜੀਵਨ ਉਹਨਾਂ ਪਦਾਰਥਕ ਵਸਤਾਂ ਦਾ ਤਿਆਗ ਕਰੇ ਜੋ ਜੀਵ ਨੂੰ ਕੁਰਾਹੇ ਪਾਉਂਦੀਆਂ ਹਨ। ਇਸ ਵਿਚਾਰ ਨੂੰ ਸਮੁੱਚੇ ਭਾਰਤੀ ਸੂਫ਼ੀ ਸੰਤਾਂ ਨੇ ਬੜੇ ਹੀ ਚਿੰਨ੍ਹਮਈ ਢੰਗ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਸ਼ੇਖ਼ ਫ਼ਰੀਦ ਨੇ ਧਨ-ਦੌਲਤ ਤੇ ਹੋਰ ਲਾਲਸਾਵਾਂ ਨੂੰ ਤਿਆਗਣ ਸਬੰਧੀ ਬੜੇ ਹੀ ਜ਼ੋਰਦਾਰ ਢੰਗ ਨਾਲ ਜੀਵ ਨੂੰ ਹੋੜਨ ਜਾਂ ਰੋਕਣ ਦਾ ਯਤਨ ਕੀਤਾ ਹੈ :

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ।
ਫ਼ਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ।

ਫ਼ਰੀਦਾ ਕੋਠੇ ਮੰਡਪ ਮਾੜੀਆਂ ਉਸਾਰਦੇ ਭੀ ਗਏ।
ਕੂੜਾ ਸਉਦਾ ਕਰਿ ਗਏ ਗੋਰੀਂ ਆਏ ਪਏ।

ਫ਼ਰੀਦਾ ਕੋਠੇ ਮੰਡਪ ਮਾੜੀਆਂ ਏਤਬ ਨਾ ਲਾਏ ਚਿਤੁ।
ਮਿਟੀ ਪਈ ਅਤੋਲਵੀਂ ਕੋਇ ਨਾ ਹੋਸੀ ਮਿਤੁ।

## ਮੌਤ ਤੇ ਨਾਸ਼ਵਾਨਤਾ ਦਾ ਸੰਕਲਪ

ਸ਼ੇਖ਼ ਫ਼ਰੀਦ ਵਿਸ਼ੇਸ਼ ਤੌਰ 'ਤੇ ਮੌਤ ਸਬੰਧੀ ਆਪਣਾ ਸਪਸ਼ਟ ਨਜ਼ਰੀਆ ਪੇਸ਼ ਕਰਦਾ ਹੋਇਆ ਜਿੱਥੇ ਪਦਾਰਥਾਂ ਤੋਂ ਮੁਕਤ ਹੋਣ ਲਈ ਜੀਵ ਨੂੰ ਪ੍ਰੇਰਨਾ ਦਿੰਦਾ ਹੈ, ਉਥੇ ਇਸ ਪਦਾਰਥਕ ਨਾਸ਼ਵਾਨਤਾ ਦੇ ਪ੍ਰਸੰਗ ਵਿਚ ਵੀ ਜੋ ਕੁਝ ਕਹਿੰਦਾ ਹੈ, ਉਹ ਨਿਰਾਸ਼ਾਵਾਦ ਦੀ ਕੋਟੀ ਵਿਚ ਰੱਖ ਕੇ ਵੀ ਪੰਜਾਬੀ ਵਿਦਵਾਨਾਂ ਨੇ ਵਿਚਾਰਿਆ ਹੈ :

ਚਲਿ ਚਲਿ ਗਈਆਂ ਪੰਖੀਆਂ ਜਿੰਨ੍ਹੀ ਵਸਾਏ ਤੱਲ।
ਫ਼ਰੀਦਾ ਸਰੁ ਭਰਿਆ ਭੀ ਚਲਸੀ, ਥੱਕੇ ਕਵਲ ਇਕੱਲ।

ਬੁਢਾ ਹੋਆ ਸ਼ੇਖ਼ ਫ਼ਰੀਦੁ, ਕੰਬਣਿ ਲੱਗੀ ਦੇਹਿ।
ਜੇ ਸਉ ਵਰ੍ਹਿਆਂ ਜੀਵਣਾ, ਭੀ ਤਨੁ ਹੋਸੀ ਖੇਹਿ।
ਫ਼ਰੀਦਾ ਮਉਤੈ ਦਾ ਬੰਨਾ ਏਵੈ ਦਿਸੈ, ਜਿਉਂ ਦਰੀਆਵੈ ਢਾਹਾ।
ਅਗੈ ਦੋਜ਼ਕ ਤਪਿਆ ਸੁਣੀਐ, ਹੂਲ ਪਵੈ ਕਾਹਾਹਾ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮੌਤ ਤੇ ਨਾਸ਼ਵਾਨਤਾ ਨੂੰ ਡਰ ਤੇ ਸਹਿਮ ਦੀ ਹੱਦ ਤਕ ਕੇਵਲ ਫ਼ਰੀਦ ਜੀ ਨੇ ਹੀ ਕਾਵਿਆਇਆ ਹੈ।

### ਨੇਕ ਭਾਵੀ ਬਣਨ ਦੀ ਪ੍ਰੇਰਨਾ

ਫ਼ਰੀਦ ਨੇਕ ਅਮਲਾਂ ਦੀ ਸਿੱਖਿਆ ਦਿੰਦਾ ਹੈ, ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਇਹ ਨੇਕ ਅਮਲ ਹੀ ਜੀਵ ਨੂੰ ਪ੍ਰਭੂ ਪਿਆਰ ਦੀ ਪ੍ਰਵਾਨਗੀ ਦੁਆ ਸਕਦੇ ਹਨ। ਇਹਨਾਂ ਨੇਕ ਅਮਲਾਂ ਵਿਚ ਸੱਚ, ਅਹਿੰਸਾ, ਨਿਮਰਤਾ, ਸਹਿਣਸ਼ੀਲਤਾ, ਮਿਠਾਸ ਆਦਿ ਪ੍ਰਮੁੱਖ ਗੁਣ ਆ ਜਾਂਦੇ ਹਨ। ਇਹ ਸਭ ਗੁਣ ਲਗਭਗ ਸਭ ਧਰਮਾਂ ਤੇ ਮੱਤ-ਮਤਾਂਤਰਾਂ ਵਿਚ ਸਾਂਝੇ ਹਨ। ਇੱਥੇ ਸਾਮੀਂ ਤੇ ਭਾਰਤੀ ਕਲਚਰ ਦਾ ਸੰਗਮ ਹੋਇਆ ਮਿਲਦਾ ਹੈ। ਕੁਝ ਉਦਾਹਰਨਾਂ ਵੇਖੋ :

ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖ ਨਾ ਲੇਖ।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ।

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ।
ਦੇਹੀ ਰੋਗੁ ਨ ਲੱਗਈ ਪਲੈ ਸਭੁ ਕਿਛੁ ਪਾਇ।

ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।

ਨਿਵਣੁ ਸੁ ਅਖਰੁ ਖਿਵਣੁ ਗੁਣੁ ਜਿਹਬਾ ਮਣੀਆ ਮੰਤੁ।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ।
ਫ਼ਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ।

ਰੋਟੀ ਮੇਰੀ ਕਾਠ ਦੀ, ਲਾਵਣ ਮੇਰੀ ਭੁੱਖ।
ਜਿਨ੍ਹਾਂ ਖਾਧੀ ਚੋਪੜੀ, ਘਣੇ ਸਹਿਣਗੇ ਦੁੱਖ।

### ਰਜ਼ਾ ਦਾ ਸੰਕਲਪ

ਰਜ਼ਾ ਦਾ ਸੰਕਲਪ ਇਸਲਾਮੀ ਵਿਚਾਰਧਾਰਾ ਦੀ ਦੇਣ ਹੈ। ਗੁਰਮਤਿ ਧਾਰਾ ਦੇ ਕਵੀਆਂ ਨੇ ਵੀ ਇਹ ਸੰਕਲਪ ਉਥੋਂ ਹੀ ਗ੍ਰਹਿਣ ਕੀਤਾ ਹੈ। ਸੋ, ਫ਼ਰੀਦ ਰੱਬ ਦੀ ਰਜ਼ਾ, ਉਸ ਦੀ ਮਿਹਰ, ਉਸ ਕਿਰਪਾਲੂ ਦੀ ਕਿਰਪਾ ਦ੍ਰਿਸ਼ਟੀ ਨੂੰ ਉਸ ਤਕ ਅੱਪੜ ਕੇ ਉਸ ਵਿਚ ਅਭੇਦ ਹੋਣ ਤਕ ਦੀ ਮੰਜ਼ਿਲ ਦਾ ਕਾਵਿ-ਰੁਪਾਂਤਰਣ ਵੀ ਕਰਦਾ ਹੈ। ਉਦਾਹਰਨ ਵੇਖੋ :

ਸਰਵਰ ਪੰਖੀ ਹੇਕੜੋ ਫਾਹੀਫਾਲ ਪਚਾਸ।
ਇਹ ਤਨ ਲਹਰੀ ਗਡੁ ਥਿਆ, ਸਚੇ ਤੇਰੀ ਆਸ।

**ਇਸਲਾਮ ਪ੍ਰਤੀ ਨਿਸ਼ਠਾ ਬਨਾਮ ਮਨੁੱਖੀ ਆਜ਼ਾਦੀ ਦਾ ਸੰਕਲਪ**

ਫ਼ਰੀਦ ਦੀ ਰਚਨਾ ਵਿਚਲਾ ਸੂਫ਼ੀਵਾਦ ਇਸਲਾਮੀ ਪ੍ਰਭਾਵ ਨੂੰ ਵੀ ਕਬੂਲ ਕਰਦਾ ਹੈ, ਜਿਸ ਵਿਚ ਅੱਲ੍ਹਾ, ਨਮਾਜ਼ ਤੇ ਮਸਜਿਦ ਪ੍ਰਤੀ ਬੇਪਨਾਹ ਭਾਵ-ਬੋਧ ਦਾ ਹਾਂ-ਵਾਚਕ ਪ੍ਰਗਟਾਵਾ ਹੈ। ਪਰੰਤੂ ਅਜਿਹੇ ਸ਼ਬਦ ਤੇ ਸ਼ਲੋਕ ਗਿਣਤੀ ਵਿਚ ਘੱਟ ਹਨ। ਬਹੁਤੀ ਫ਼ਰੀਦ ਬਾਣੀ ਵਿਚ ਸੂਫ਼ੀ ਮਤ ਦੀਆਂ ਉਹ ਸਾਰੀਆਂ ਧਾਰਨਾਵਾਂ ਆਉਂਦੀਆਂ ਹਨ, ਜਿੰਨ੍ਹਾਂ ਅਨੁਸਾਰ ਇਸ਼ਕ, ਸਦਭਾਵਨਾ, ਨਿਮਰਤਾ ਤੇ ਸਹਿਣਸ਼ੀਲਤਾ ਦੇ ਗੁਣ ਮਨੁੱਖੀ ਜੀਵਨ ਲਈ ਬੇਹੱਦ ਮਹੱਤਵਪੂਰਨ ਹਨ। ਅੱਲ੍ਹਾ, ਨਮਾਜ਼ ਅਤੇ ਮਸਜਿਦ ਪ੍ਰਤੀ ਨਿਸ਼ਠਾ ਸਬੰਧੀ ਅਸੀਂ ਉਪਰ ਜ਼ਿਕਰ ਕਰ ਆਏ ਹਾਂ। ਇਥੇ ਅਸੀਂ ਉਸ ਦੇ ਮਾਨਵਤਾਵਾਦੀ ਚਰਿੱਤਰ ਉਘਾੜਦੀ ਜਿਹੜੀ ਰਚਨਾ ਪੇਸ਼ ਕਰਨਾ ਚਾਹੁੰਦੇ ਸੀ, ਉਹ ਵੀ ਕਿਸੇ ਹਵਾਲੇ ਅਧੀਨ ਪਹਿਲਾਂ ਦੇ ਚੁੱਕੇ ਹਾਂ।

**ਸਮਾਜਕ ਚੇਤਨਾ**

ਫ਼ਰੀਦ ਭਾਵੇਂ ਕਾਜ਼ੀ-ਮੁੱਲਾਂ ਦੇ ਤਾਂ ਪ੍ਰੋਖ ਰੂਪ ਵਿਚ ਸ਼ਰ੍ਹਾ ਦੇ ਪ੍ਰਭਾਵ ਅਧੀਨ ਹੱਕ ਵਿਚ ਹੀ ਭੁਗਤਦਾ ਹੈ, ਪਰੰਤੂ ਮਨੁੱਖੀ ਆਜ਼ਾਦੀ ਸਬੰਧੀ ਉਸ ਦਾ ਸਮਾਜ ਮੁਖੀ ਪੈਂਤੜਾ ਸਾਡਾ ਵਿਸ਼ੇਸ਼ ਧਿਆਨ ਖਿੱਚਦਾ ਹੈ :

ਫ਼ਰੀਦਾ ਬਾਰ ਪਰਾਏ ਬੈਸਣਾ, ਸਾਈਂ ਮੁਝੇ ਨਾ ਦੇਹ।
ਜੇ ਤੂੰ ਇਵੇਂ ਰੱਖਸੀ, ਸਿਰ ਸਰੀਰੋਂ ਲੇਹ।

**ਫ਼ਰੀਦ ਕਾਵਿ ਦਾ ਪ੍ਰਤੀਕਾਤਮਕ ਤੇ ਅਲੰਕ੍ਰਿਤ ਰੂਪ**

ਸ਼ੇਖ਼ ਫ਼ਰੀਦ ਨੂੰ ਭਾਵੇਂ ਮੁਲਾਣਿਆਂ ਦਾ ਉਹ ਡਰ ਤਾਂ ਨਹੀਂ ਸੀ, ਜੋ ਇਰਾਨੀ ਸੂਫ਼ੀ ਫ਼ਕੀਰਾਂ ਨੂੰ ਸੀ ਪਰ ਭਾਰਤੀ ਕਾਵਿ-ਸ਼ੈਲੀ ਅਤੇ ਇਰਾਨੀ ਪ੍ਰਭਾਵ ਦਾ ਅਨੁਕਰਣ ਕਰਦਾ ਹੋਇਆ ਉਹ ਆਪਣੇ ਭਾਵ ਪ੍ਰਬੰਧ ਨੂੰ ਪ੍ਰਤੀਕਾਂ, ਰੂਪਕਾਂ ਤੇ ਉਪਮਾਵਾਂ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਉਸ ਨੇ ਕੰਤ, ਸੁਹਾਗਣ ਤੇ ਡੁਹਾਗਣ ਆਦਿ ਰੂਪਕਾਂ/ਪ੍ਰਤੀਕਾਂ ਰਾਹੀਂ ਆਪਣੇ ਰਹੱਸਵਾਦੀ ਪਿਆਰ ਦਾ ਪ੍ਰਗਟਾਵਾ ਕੀਤਾ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।

ਸ਼ੇਖ਼ ਫ਼ਰੀਦ ਨੇ ਇਸ਼ਕ ਦੀ ਬਿਰਤੀ ਜੁੜਨ ਲਈ ਸੁਹਾਗਣ ਅਤੇ ਬਿਰਤੀ ਟੁੱਟਣ ਲਈ ਡੁਹਾਗਣ ਦਾ ਜੋ ਪ੍ਰਤੀਕ ਵਰਤਿਆ, ਉਹ ਨਿਰੋਲ ਪੰਜਾਬੀ ਪ੍ਰਤੀਕ ਸੀ। ਇਸ ਤਰ੍ਹਾਂ ਹੀ ਕੋਇਲ ਦਾ ਪ੍ਰਤੀਕ ਵੀ ਨਿਰੋਲ ਭਾਰਤੀ/ਪੰਜਾਬੀ ਪ੍ਰਤੀਕ ਹੈ :

ਕਾਲੀ ਕੋਇਲ ਤੂੰ ਕਿਤ ਗੁਣ ਕਾਲੀ
ਅਪਣੇ ਪ੍ਰੀਤਮ ਕੇ ਹਿਉ ਬਿਰਹੋਂ ਜਾਲੀ।

ਹੰਸ, ਬਗਲਾ, ਕੂੰਜ ਆਦਿ ਪੰਛੀਆਂ ਦੇ ਪ੍ਰਤੀਕ ਵੀ ਭਾਰਤੀ ਪਰੰਪਰਾ ਦੀ ਦੇਣ ਹਨ, ਜਿੰਨ੍ਹਾਂ ਰਾਹੀਂ ਸੂਫ਼ੀ ਵਿਚਾਰਧਾਰਾ ਦਾ ਕਾਵਿ ਰੂਪਾਂਤਰਣ ਫ਼ਰੀਦ ਇਕ ਤੋਂ ਵੱਧ ਸ਼ਲੋਕਾਂ ਵਿਚ ਕਰਦਾ ਹੈ। ਦੋ ਸ਼ਲੋਕ ਵੇਖੋ :

ਕੱਤਿਕ ਕੂੰਜਾਂ, ਚੇਤਿ ਡਉ, ਸਾਵਣ ਬਿਜਲੀਆਂ।
ਸੀਆਲੇ ਸੋਹੰਦੀਆਂ, ਪਿਰਿ ਗਲ ਬਾਹੜੀਆਂ।

ਹੰਸਾ ਦੇਖਿ ਤਰੰਦਿਆਂ, ਬਗਾ ਆਇਆ ਚਾਉ।
ਡੁਬਿ ਮੁਏ ਬਗ ਬਪੁੜੇ, ਸਿਰੁ ਤਲਿ ਉਪਰਿ ਪਾਉ।

ਫ਼ਰੀਦ ਬਾਣੀ ਵਿਚ ਆਏ ਹੋਰ ਰੂਪਕ, ਉਪਮਾਵਾਂ ਤੇ ਪ੍ਰਤੀਕ ਵੀ ਪੰਜਾਬ ਦੀ ਮਿੱਟੀ ਦੀ ਮਹਿਕ ਨਾਲ ਓਤ-ਪੋਤ ਹਨ। ਅਰਬ ਦੇ ਉਲਟ ਪੰਜਾਬ ਦਰਿਆਵਾਂ ਦੀ ਉਪਜਾਊ ਭੂਮੀ ਹੈ। ਇਥੇ ਹਰ ਕਿਸਮ ਦੀਆਂ ਉਤਮ ਫਸਲਾਂ ਪੈਦਾ ਹੁੰਦੀਆਂ ਹਨ। ਇਸ ਲਈ ਫ਼ਰੀਦ ਪੰਜਾਬੀ ਜਨ-ਜੀਵਨ ਵਿਚੋਂ ਰੂਪਕਾਂ, ਪ੍ਰਤੀਕਾਂ ਤੇ ਬਿੰਬਾਂ ਦੀ ਚੋਣ ਸਮੇਂ ਪੂਰਾ ਸਹਿਜ ਅਤੇ ਸੁਭਾਵਿਕ ਕਾਵਿ ਰੂਪਾਂਤਰਣ ਦਾ ਪ੍ਰਮਾਣ ਦਿੰਦਾ ਹੈ। ਰੁੱਖ ਤੇ ਦਰਿਆ ਦਾ ਪ੍ਰਤੀਕ/ਬਿੰਬ ਕਿੰਨਾ ਭਾਵਪੂਰਤ ਹੈ। ਇਸ ਤਰ੍ਹਾਂ ਹੀ ਕੱਚੇ ਘੜੇ ਦਾ ਪ੍ਰਤੀਕ ਵੀ ਸੂਫ਼ੀ ਵਿਚਾਰਧਾਰਾ ਵਿਚਲੀ ਨਾਸ਼ਵਾਨਤਾ ਨੂੰ ਖ਼ੂਬਸੂਰਤੀ ਨਾਲ ਕਾਵਿ-ਅਭੀਵਿਅਕਤੀ ਪ੍ਰਦਾਨ ਕਰਦਾ ਹੈ :

ਕੰਧੀ ਉਤੇ ਰੁਖੜਾ ਕਿਚਰਕੁ ਬੰਨੇ ਧੀਰ।
ਫ਼ਰੀਦਾ ਕਚੈ ਭਾਂਡੇ ਰਖੀਐ ਕਿਚਰੁ ਤਾਈਂ ਨੀਰ।

ਇਸ ਤੋਂ ਛੁੱਟ ਉਸ ਨੇ ਕਪਾਹ, ਵੜੇਵੇਂ, ਕਮਾਦ, ਤਿਲ, ਲੁਹਾਰ ਆਦਿ ਰੂਪਕ/ਪ੍ਰਤੀਕ ਪੰਜਾਬ ਦੇ ਖੇਤੀਬਾੜੀ ਆਧਾਰਤ ਘਰੇਲੂ ਜੀਵਨ ਵਿਚੋਂ ਚੁਣ ਹਨ।

ਸ਼ੇਖ਼ ਫ਼ਰੀਦ ਨੇ ਆਪਣੀ ਰਚਨਾ ਵਿਚ ਇਜ਼ਰਾਈਲ ਫ਼ਰਿਸ਼ਤੇ ਦਾ ਜ਼ਿਕਰ ਤਾਂ ਕੀਤਾ ਹੈ ਪਰ ਪੈਗ਼ੰਬਰ ਜਾਂ ਹੋਰ ਕਿਸੇ ਨਬੀ ਖ਼ਲੀਫ਼ੇ ਆਦਿ ਦਾ ਜ਼ਿਕਰ ਨਹੀਂ ਕੀਤਾ। ਪੁਰਸਲਾਤ ਦਾ ਜ਼ਿਕਰ ਵੀ ਇਸਲਾਮੀ/ਸਾਮੀ ਕਲਚਰ ਨਾਲ ਸਬੰਧਤ ਹੈ। ਇਸ ਤਰ੍ਹਾਂ ਹੀ ਖੰਜੂਰਾਂ ਦਾ ਪ੍ਰਤੀਕ ਵੀ ਅਰਬੀ ਜਨ-ਜੀਵਨ ਤੋਂ ਉਧਾਰਾ ਲਿਆ ਜਾਪਦਾ ਹੈ। ਸੋ, ਅਸੀਂ ਕਹਿ ਸਕਦੇ ਹਾਂ ਕਿ ਫ਼ਰੀਦ ਦੇ ਬਾਕੀ ਸਭ ਅਲੰਕਾਰ, ਪ੍ਰਤੀਕ ਤੇ ਬਿੰਬ ਭਾਰਤੀ ਤੇ ਖ਼ਾਸ ਤੌਰ ’ਤੇ ਪੰਜਾਬੀ ਹਨ।

ਪੰਜਾਬੀ ਰਹੱਸਵਾਦੀ ਕਾਵਿ ਵਿਚ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਦਾ ਮੁੱਢ ਬੰਨ੍ਹਣ ਵਾਲਾ ਸ਼ੇਖ਼ ਫ਼ਰੀਦ ਹੀ ਸੀ ਅਤੇ ਉਸ ਦਾ ਅਨੁਸਰਨ ਕਰਦਿਆਂ ਹੀ ਬਾਕੀ ਰਹੱਸਵਾਦੀ ਕਵੀਆਂ ਨੇ ਬਿੰਬਾਵਲੀ ਨੂੰ ਪੰਜਾਬੀ ਕਾਵਿ ਵਿਚ ਅਪਣਾਉਣ ਸਮੇਂ ਭਾਰਤੀ ਤੇ ਖ਼ਾਸ ਤੌਰ ’ਤੇ ਪੰਜਾਬੀ ਜਨ-ਜੀਵਨ ਵਿਚੋਂ ਇਸ ਸਮੱਗਰੀ ਦੀ ਚੋਣ ਕੀਤੀ।

**ਭਾਰਤੀ ਛੰਦ ਸ਼ਾਸਤਰ ਅਤੇ ਰਾਗਾਤਮਕਤਾ ਦਾ ਅਨੁਸਰਨ**

ਸ਼ੇਖ਼ ਫ਼ਰੀਦ ਦੀ ਪੰਜਾਬੀ ਵਿਚ ਦੋ ਕਿਸਮ ਦੀ ਰਚਨਾ ਮਿਲਦੀ ਹੈ। ਸ਼ਬਦਾਂ ਦੀ ਰਚਨਾ ਰਾਗਾਂ ਵਿਚ ਹੈ ਅਤੇ ਇਹ ਰਾਗ ਭਾਰਤੀ ਰਾਗਾਂ ਦਾ ਹੀ ਅਨੁਸਰਨ ਹੈ। ਪਰੰਤੂ ਜਿਹੜੇ ਸ਼ਲੋਕ ਹਨ, ਉਹ ਵੀ ਪੁਰਾਤਨ ਭਾਰਤੀ ਛੰਦ-ਸ਼ੈਲੀ ਦਾ ਅਨੁਸਰਨ ਹਨ। ਬਹੁਤੇ ਸ਼ਲੋਕ ਦੋ-ਤੁਕੇ ਹਨ ਅਤੇ ਦੋ ਤੁਕਾਂ ਵਿਚ ਹੀ ਕਵੀ ਆਪਣੀ ਸਾਰੀ ਗੱਲ ਕਹਿ ਜਾਂਦਾ ਹੈ।

ਕੁਝ ਸ਼ਬਦ ਭਾਵੇਂ ਹੈ ਤਾਂ ਦੋ ਤੁਕਾਂ 'ਤੇ ਆਧਾਰਤ ਪਰ ਉਹਨਾਂ ਦਾ ਸਬੰਧ ਚਾਰ ਤੁਕਾਂ ਵਾਲੀ ਬਾਣੀ ਨਾਲ ਆ ਜੁੜਦਾ ਹੈ। ਜਿਵੇਂ :

ਗਲੀਏਂ ਚਿਕੜ ਦੂਰ ਘਰ ਨਾਲ ਪਿਆਰੇ ਨੇਹੁੰ
ਚੱਲਾਂ ਤਾਂ ਭਿੱਜੇ ਕੰਬਲੀ, ਰਹਾਂ ਤਾਂ ਤੁੱਟੇ ਨੇਹੁੰ
ਭਿਜਹੁ ਸਿਜਹੁ ਕੰਬਲੀ, ਅੱਲਾਹ ਵਰਸੈ ਮੇਹੁੰ
ਜਾਇ ਮਿਲਾਂ ਤਿਣ ਸੱਜਣਾਂ, ਮੇਰੀ ਤੁੱਟੇ ਨਾਹਿ ਨੇਹੁੰ।

'ਕਿਵਣੁ ਸੁ ਅੱਖਰ' ਵਾਲੇ ਦੋਵੇਂ ਸ਼ਬਦ ਵੀ ਉਪਰੋਕਤ ਸ਼ੈਲੀ ਵਿਚ ਹੀ ਹਨ। ਉਂਜ ਸਾਰੇ ਸ਼ਬਦਾਂ ਤੇ ਸ਼ਲੋਕਾਂ ਦਾ ਤੋਲ-ਤੁਕਾਂਤ ਢੁਕਵਾਂ ਅਤੇ ਲੈਅ ਰਵਾਨੀ ਲੋਹੜੇ ਦੀ ਹੈ।

**ਸਰਲ ਸਪਸ਼ਟ ਸੰਜਮੀ ਤੇ ਸਹਿਜ ਭਾਸ਼ਾ ਸ਼ੈਲੀ**

ਭਾਵੇਂ ਫ਼ਰੀਦ ਦੇ ਸਾਰੇ ਸ਼ਬਦ ਤੇ ਸ਼ਲੋਕ ਬਿੰਬਾਂ, ਪ੍ਰਤੀਕਾਂ ਅਤੇ ਅਲੰਕਾਰਾਂ ਨਾਲ ਸਜੇ-ਸੰਵਾਰੇ ਮਿਲਦੇ ਹਨ। ਪਰ ਇਹਨਾਂ ਦੀ ਸ਼ੈਲੀ ਸਰਲ ਅਤੇ ਸਪਸ਼ਟ ਹੈ। ਫ਼ਰੀਦ ਦੇ ਭਾਵ-ਪ੍ਰਬੰਧ ਨੂੰ ਸਮਝਣ ਲਈ ਕੋਈ ਵੱਡੀ ਮੁਸ਼ਕਿਲ ਨਹੀਂ ਆਉਂਦੀ। ਇਹ ਬਿੰਬ, ਪ੍ਰਤੀਕ ਤੇ ਅਲੰਕਾਰ ਆਮ ਜੀਵਨ ਵਿਚੋਂ ਲਏ ਹੋਣ ਕਾਰਨ ਸੰਚਾਰ ਦੀ ਕੋਈ ਸਮੱਸਿਆ ਪੈਦਾ ਨਹੀਂ ਕਰਦੇ। ਬਹੁਤੇ ਪ੍ਰਤੀਕ ਤੇ ਅਲੰਕਾਰ ਪੰਜਾਬੀ ਜਨ-ਜੀਵਨ ਵਿਚੋਂ ਹਨ। ਕੁਝ ਭਾਰਤੀ ਜਨ ਜੀਵਨ ਵਿਚੋਂ ਅਤੇ ਅਰਬੀ ਤੇ ਇਰਾਨੀ ਜਨ ਜੀਵਨ ਵਿਚੋਂ ਬਹੁਤ ਘੱਟ ਸ਼ਬਦਾਵਲੀ ਦੀ ਚੋਣ ਕੀਤੀ ਗਈ ਹੈ। ਸਿਰਫ਼ ਉਹ ਸ਼ਲੋਕ ਹੀ ਅਰਬੀ ਤੇ ਇਰਾਨੀ ਰੰਗ ਦੇ ਹਨ, ਜਿੰਨ੍ਹਾਂ ਦਾ ਸਬੰਧ ਇਸਲਾਮ ਨਾਲ ਹੈ। ਪਰੰਤੂ ਅਜਿਹੇ ਸ਼ਲੋਕਾਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਹੀ ਹੈ।

**ਨਿਸ਼ਕਰਸ਼**

ਸ਼ੇਖ਼ ਫ਼ਰੀਦ ਅਤੇ ਆਦਿ-ਕਾਲੀਨ ਸੂਫ਼ੀ ਕਾਵਿ ਦੇ ਆਲੋਚਨਾਤਮਕ ਅਧਿਐਨ ਤੋਂ ਪਿੱਛੋਂ ਅਸੀਂ ਇਸ ਸਿੱਟੇ 'ਤੇ ਪੁਜਦੇ ਹਾਂ ਕਿ ਇਹ ਲੋਕ ਮੱਤ ਦਾ ਕਾਵਿ ਰੂਪਾਂਤਰਣ ਹੈ। ਸ਼ੇਖ਼ ਫ਼ਰੀਦ ਨੇ ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਦੀ ਇਕਸੁਰਤਾ, ਪਰਮ ਪਿਆਰੇ ਦੀ ਸਰਬ-ਵਿਆਪਕਤਾ, ਉਸ ਨਾਲ ਇਕਸੁਰ ਹੋਣ ਦੀ ਤੀਬਰ ਅਭੀਲਾਸ਼ਾ, ਮੌਤ ਤੇ ਨਾਸ਼ਵਾਨਤਾ ਦੀ ਸਵੀਕ੍ਰਿਤੀ, ਰੱਬ ਅੱਗੇ ਆਤਮ-ਸਮਰਪਣ ਜਾਂ ਉਸ ਦੀ ਰਜ਼ਾ ਵਿਚ ਜੀਣ-ਥੀਣ ਤੇ ਤਿਆਗ ਦੀ ਭਾਵਨਾ, ਭਾਰਤੀ ਦਰਸ਼ਨ ਨੂੰ ਇਸਲਾਮੀ ਵਿਚਾਰਧਾਰਾ ਨਾਲੋਂ ਤਰਜੀਹ ਆਦਿ ਕੁਝ ਅਜਿਹੀਆਂ ਸੀਮਤ ਇਕਾਈਆਂ ਹਨ ਜੋ ਪਹਿਲੇ ਪੜਾ ਦੇ ਸੂਫ਼ੀ ਕਾਵਿ ਨੂੰ ਉੱਚ ਕੋਟੀ ਦਾ ਰਹੱਸਵਾਦੀ ਕਾਵਿ ਬਣਾਉਂਦੀਆਂ ਹਨ।

ਰਹੱਸਵਾਦੀ ਕਾਵਿ ਹੋਣ ਦੇ ਬਾਵਜੂਦ ਇਸ ਵਿਚਲੀ ਸਮਾਜਕ ਚੇਤਨਾ, ਗੁਰਬਾਣੀ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਰਾਜਨੀਤਕ ਧਾਂਦਲੀਆਂ, ਧਾਰਮਿਕ ਪ੍ਰਪੰਚਾਂ ਅਤੇ ਸਮਾਜਿਕ-ਆਰਥਿਕ ਪ੍ਰਪੰਚ ਇਸ ਕਾਵਿ ਧਾਰਾ ਦੀ ਇਕ ਹੋਰ ਪ੍ਰਭਾਵਸ਼ਾਲੀ ਥੀਮਿਕ ਇਕਾਈ ਹੈ।

ਲੋਕ ਮੁਹਾਵਰੇ ਵਿਚ ਪੰਜਾਬੀ ਜਨ-ਜੀਵਨ ਨੂੰ ਅਲੰਕਾਰਾਂ, ਪ੍ਰਤੀਕਾਂ ਤੇ ਬਿੰਬਾਂ ਵਜੋਂ ਗ੍ਰਹਿਣ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਇਹ ਕਾਵਿ ਪੰਜਾਬੀ ਪੂਰਬ ਮੱਧ ਕਾਲੀ ਕਾਵਿ ਦਾ ਇਕ ਸ਼ਕਤੀਸ਼ਾਲੀ ਸਾਹਿਤਕ ਦਸਤਾਵੇਜ਼ ਹੈ ਪਰ ਨਾਲ ਹੀ ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਾਵਿ ਜੁਗਤਾਂ ਸੂਫ਼ੀ ਕਾਵਿ ਨੂੰ ਸ਼੍ਰੇਸ਼ਟ ਰਹੱਸਵਾਦੀ ਕਾਵਿ ਬਣਾਉਣ ਵਿਚ ਵੀ ਸਹਾਈ ਹੁੰਦੀਆਂ ਹਨ।

ਸ਼ਬਦ ਤੇ ਸ਼ਲੋਕ ਆਦਿ ਕਾਵਿ ਰੂਪਾਂ ਰਾਹੀਂ ਸੰਜਮੀ ਸ਼ੈਲੀ ਵਿਚ ਕਾਵਿ-ਅਭੀਵਿਅਕਤੀ ਪ੍ਰਦਾਨ ਕਰਨ ਨਾਲ ਪੰਜਾਬੀ ਸੂਫ਼ੀ ਕਾਵਿ ਲੋਕ ਮਨਾਂ ਦੇ ਹੋਰ ਨੇੜੇ ਹੋਇਆ ਹੈ। ਇਸ ਵਿਚਲੀ ਸੰਗੀਤਾਤਮਕਤਾ ਅਤੇ ਰਾਗਾਤਮਕਤਾ ਫ਼ਰੀਦ ਕਾਵਿ ਨੂੰ ਲੋਕ ਮਨਾਂ ਦੇ ਹੋਰ ਨੇੜੇ ਕਰਦੀ ਹੈ।

ਕੁਝ ਅਰਬੀ-ਫ਼ਾਰਸੀ ਸ਼ਬਦਾਵਲੀ ਜੋ ਸੂਫ਼ੀ ਕਾਵਿ ਵਿਚ ਆਉਣੀ ਸੁਭਾਵਿਕ ਵੀ ਸੀ, ਨੂੰ ਛੱਡ ਕੇ ਸ਼ੇਖ਼ ਫ਼ਰੀਦ ਦੀ ਬਾਣੀ ਲਹਿੰਦੀ ਤੇ ਬਾਕੀ ਸਾਰੀ ਰਚਨਾ ਕੇਂਦਰੀ ਪੰਜਾਬੀ ਵਿਚ ਹੈ। ਸਰਲਤਾ, ਸਪਸ਼ਟਤਾ, ਸੰਜਮ, ਸੁਭਾਵਿਕਤਾ ਅਤੇ ਸਹਿਜਤਾ ਇਸ ਬੋਲੀ ਨੂੰ ਲੋਕ ਬੋਲੀ ਦਾ ਦਰਜਾ ਦਿੰਦੀ ਹੈ। ਕੁਝ ਤੁਕਾਂ ਤਾਂ ਲੋਕਾਂ ਦੇ ਮੂੰਹ 'ਤੇ ਅੱਜ ਵੀ ਅਖਾਣ-ਮੁਹਾਵਰੇ ਬਣ ਕੇ ਨੱਚਦੀਆਂ ਹਨ। ਇਸ ਤਰ੍ਹਾਂ ਫ਼ਰੀਦ ਕਾਵਿ ਭਾਸ਼ਾ-ਸ਼ੈਲੀ ਪੱਖੋਂ ਵੀ ਨਾ ਕੇਵਲ ਆਦਿ-ਕਾਲੀਨ, ਸਗੋਂ ਮੱਧ-ਕਾਲੀਨ ਸਾਹਿਤ ਵਿਚ ਉਚਾ ਤੇ ਸਿਰਕੱਢ ਸਥਾਨ ਰਖਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦੀ ਤੁਲਨਾ ਵਿਚ ਵੀ ਇਸ ਦਾ ਸਥਾਨ ਕਿਸੇ ਗੱਲੋਂ ਨੀਵਾਂ ਨਹੀਂ।

– – – – –

# ਭਗਤੀ ਲਹਿਰ

ਆਦਿ-ਕਾਲੀਨ ਭਗਤੀ ਲਹਿਰ ਸੰਤਾਂ, ਭਗਤਾਂ ਜਾਂ ਅਧਿਆਤਮਵਾਦੀ ਸ਼ਖ਼ਸੀਅਤਾਂ ਦੁਆਰਾ ਚਲਾਈ ਉਹ ਭਾਵਮਈ ਲਹਿਰ ਸੀ, ਜਿਸ ਵਿਚ ਸਗੁਣ ਤੇ ਨਿਰਗੁਣ ਦੋਵਾਂ ਧਾਰਾਵਾਂ ਦਾ ਕਾਵਿ ਸ਼ਾਮਲ ਕੀਤਾ ਜਾ ਸਕਦਾ ਹੈ। ਸਗੁਣ ਧਾਰਾ ਨੂੰ ਰਾਮ ਭਗਤੀ ਤੇ ਕ੍ਰਿਸ਼ਨ ਭਗਤੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜਦਕਿ ਨਿਰਗੁਣ ਧਾਰਾ ਦਾ ਸਰੂਪ ਗਿਆਨ ਮਾਰਗੀ ਤੇ ਪ੍ਰੇਮ ਮਾਰਗੀ ਹੈ। ਪੰਜਾਬੀ ਵਿਚ ਨਿਰਗੁਣ ਧਾਰਾ ਦੀ ਕਵਿਤਾ ਵੱਧ ਮਿਲਦੀ ਹੈ ਤੇ ਸਗੁਣ ਧਾਰਾ ਦੀ ਕਵਿਤਾ ਨਾਂਹ ਦੇ ਬਰਾਬਰ ਹੀ ਹੈ। ਭਾਵੇਂ ਨਿਰਗੁਣ ਧਾਰਾ ਵਿਚ ਪ੍ਰੇਮ ਤੇ ਗਿਆਨ ਮਾਰਗ ਦਾ ਸਿਰਫ਼ ਜ਼ਿਕਰ ਮਾਤਰ ਹੀ ਹੈ ਤੇ ਅਸਲ ਵਿਚ ਭਗਤੀ ਲਹਿਰ ਉਹਨਾਂ ਕਵੀਆਂ ਦੀ ਜਨ-ਸਾਧਾਰਨ ਵਿਚ ਭਾਵਮਈ ਪ੍ਰਵਾਨਗੀ ਦੇ ਰੂਪ ਵਿਚ ਸਾਹਮਣੇ ਆਈ ਹੈ।

ਅਸੀਂ 12ਵੀਂ-13ਵੀਂ ਸਦੀ ਤੋਂ 15ਵੀਂ ਸਦੀ ਤਕ ਰਚੇ ਗਏ ਅਧਿਆਤਮਵਾਦੀ ਕਾਵਿ ਦੇ ਅਧਿਐਨ ਪਿੱਛੋਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਆਰੰਭ ਵਿਚ ਸਾਡੇ ਕੁਝ ਕਵੀ ਸਗੁਣ ਧਾਰਾ ਦੀ ਕਾਵਿ-ਅਭੀਵਿਅਕਤੀ ਕਰਦੇ ਹਨ। ਜਿਵੇਂ ਸੰਤ ਨਾਮਦੇਵ ਨੂੰ ਬਿੱਠਲ ਭਗਵਾਨ ਦੇ ਉਪਾਸ਼ਕ ਵਜੋਂ, ਸੰਤ ਰਵਿਦਾਸ ਜੀ ਨੂੰ ਕੇਸ਼ਵ ਜਾਂ ਮਾਧਵ ਦੇ ਉਪਾਸ਼ਕ ਵਜੋਂ,ਧੰਨਾ ਭਗਤ ਤੇ ਮੀਰਾ ਬਾਈ ਨੂੰ ਕ੍ਰਿਸ਼ਨ ਦੇ ਭਗਤ ਵਜੋਂ ਪਰੰਤੂ ਪਿੱਛੋਂ ਬਿੱਠਲ,ਕੇਸ਼ਵ ਅਤੇ ਕ੍ਰਿਸ਼ਨ ਸਭ ਪਾਰਬ੍ਰਹਮ ਦੇ ਸਮਅਰਥੀ ਬਣ ਗਏ। ਇਸ ਲਈ ਅਸੀਂ ਸਗੁਣ ਧਾਰਾ ਨੂੰ ਨਿਰਗੁਣ ਧਾਰਾ ਦੀ ਮੁਢਲੀ ਸਟੇਜ ਵਜੋਂ ਪ੍ਰਵਾਨ ਕਰਦੇ ਹਾਂ। ਪ੍ਰਸਿੱਧ ਭਾਰਤੀ ਵਿਦਵਾਨ ਪਰਸ਼ੂ ਰਾਮ ਚਤੁਰਵੇਦੀ ਦੇ ਸ਼ਬਦਾਂ ਵਿਚ, ''ਭਾਗਵਤ ਪਰੰਪਰਾ ਅਨੁਸਾਰ ਸੰਤਾਂ ਨੇ ਗਿਆਨ, ਯੋਗ ਜਾਂ ਕਰਮ ਨੂੰ ਪ੍ਰਮੁੱਖਤਾ ਨਾ ਦੇ ਕੇ 'ਉਸਦੀ' ਭਗਤੀ ਨੂੰ ਹੀ ਮੁਕਤੀ ਦਾ ਇਕ ਮਾਤਰ ਸਾਧਨ ਦੱਸਿਆ ਹੈ ਅਤੇ ਉਸ ਨੂੰ ਰਾਮ, ਕ੍ਰਿਸ਼ਨ, ਗੋਬਿੰਦ, ਵਿਸ਼ਨੂ ਆਦਿ ਦੇ ਨਾਂ ਵੀ ਦਿੱਤੇ ਹਨ ਪਰ ਉਪਨਿਸ਼ਦਿਕ ਪਰੰਪਰਾ ਵਾਂਗਰ ਉਸ ਨੂੰ ਅਵਤਾਰ ਜਾਂ ਮੂਰਤੀਆਂ ਵਿਚ ਉਤਰਨ ਨਹੀਂ ਦਿੱਤਾ। ਇਸ ਦ੍ਰਿਸ਼ਟੀ ਤੋਂ ਇਹ ਉਪਨਿਸ਼ਦਿਕ ਭਗਤੀ ਦਾ ਵੈਸ਼ਣਵ ਸੰਸਕਾਰ ਜਾਂ ਵੈਸ਼ਣਵ ਨਿਰਗੁਣ ਭਗਤੀ ਕਿਹਾ ਜਾ ਸਕਦਾ ਹੈ।''

ਦੂਜੇ ਸ਼ਬਦਾਂ ਵਿਚ ਆਦਿ-ਕਾਲੀਨ ਲਹਿਰ ਦਾ ਉਦੈ ਉਹਨਾਂ ਸਭ ਪੂਰਬਵਰਤੀ ਅਧਿਆਤਮਵਾਦੀ ਲਹਿਰਾਂ ਦਾ ਸਿੱਟਾ ਸੀ, ਜਿੰਨ੍ਹਾਂ ਨੂੰ ਅਸੀਂ ਸ਼ੰਕਰਾ ਆਚਾਰੀਆ ਦੇ ਅਦਵੈਤ ਦਰਸ਼ਨ, ਨਾਥ ਪੰਥ, ਸੂਫ਼ੀ ਵਿਚਾਰਧਾਰਾ ਤੇ ਇਸਲਾਮੀ ਵਿਚਾਰਧਾਰਾ ਦੇ ਸੰਗਮ ਦਾ ਸਿੱਟਾ ਮੰਨ ਸਕਦੇ ਹਾਂ।

ਅਸਲ ਵਿਚ ਭਗਤੀ ਲਹਿਰ ਦੇ ਕੇਂਦਰ ਵਿਚ ਪ੍ਰੇਮਾ ਭਗਤੀ ਹੈ। ਵੈਸ਼ਣਵ ਭਗਤੀ ਵਿਚ ਵੀ ਪ੍ਰੇਮ ਭਾਵ ਕੇਂਦਰ ਵਿਚ ਹੈ ਅਤੇ ਇਸ ਦੀ ਪ੍ਰਾਪਤੀ ਸਤਿਸੰਗ ਬਿਨਾਂ ਨਹੀਂ ਹੋ ਸਕਦੀ। ਭਗਤੀ ਲਹਿਰ ਦੇ ਸਭ ਸੰਤਾਂ ਉਤੇ ਮੁਢਲਾ ਪ੍ਰਭਾਵ ਉਪਨਿਸ਼ਦਾਂ ਦਾ ਹੈ ਅਤੇ ਇਹ ਉਪਨਿਸ਼ਦ ਹੀ ਭਗਤੀ ਲਹਿਰ ਦੀ ਬੁਨਿਆਦ ਹਨ। ਇਸ ਤਰ੍ਹਾਂ ਭਗਤੀ ਲਹਿਰ ਵਿਚ ਬ੍ਰਹਮ, ਜੀਵ, ਜਗਤ, ਮਾਇਆ ਤੇ ਮੁਕਤੀ ਆਦਿ ਦੇ ਸਭ ਵਿਚਾਰ ਉਪਨਿਸ਼ਦਾਂ ਉਤੇ ਆਧਾਰਿਤ ਹਨ। ਸ਼ੰਕਰਾ ਆਚਾਰੀਆ ਵਾਂਗ ਭਗਤ-ਸੰਤ ਜੀਵ ਨੂੰ ਸ਼ੁੱਧ ਆਤਮ ਤੱਤ ਜਾਂ ਬ੍ਰਹਮ ਹੀ ਪ੍ਰਵਾਨ ਕਰਦੇ ਹਨ ਅਤੇ ਉਹਨਾਂ ਦਾ ਇਹ ਵਿਸ਼ਵਾਸ ਬਣਿਆ ਰਹਿੰਦਾ ਹੈ ਕਿ ਜਿੰਨਾਂ ਚਿਰ ਜੀਵ-ਆਤਮਾ ਉਤੇ ਮਾਇਆ ਦਾ ਪਰਦਾ ਛਾਇਆ ਰਹਿੰਦਾ ਹੈ, ਉਦੋਂ ਤਕ ਜੀਵ ਭਰਮ-ਭੁਲੇਖੇ ਦਾ ਸ਼ਿਕਾਰ ਰਹਿੰਦਾ ਹੈ। ਪਰੰਤੂ ਨਾਮ-ਭਗਤੀ ਜਾਂ ਆਪਾ-ਪੜਚੋਲਣ ਪਿੱਛੋਂ ਛੇਤੀ ਹੀ ਉਹ ਆਪਣੇ ਨਿੱਜ ਵਿਚ ਸਹੀ ਢੰਗ ਨਾਲ ਸਥਿਤ ਹੋ ਜਾਂਦਾ ਹੈ।

ਭਗਤੀ ਲਹਿਰ ਦੇ ਇਤਿਹਾਸਕ ਪਿਛੋਕੜ ਨੂੰ ਸਮਝਣ ਲਈ ਡਾ.ਸੀਤਾ ਰਾਮ ਬਾਹਰੀ ਦਾ ਮਤ ਸਾਡੀ ਸਹੀ ਅਗਵਾਈ ਕਰਦਾ ਹੈ :

‘‘ਬੋਧਾਂ, ਸਿੱਧਾਂ ਤੇ ਨਾਥਾਂ ਨੇ ਬ੍ਰਾਹਮਣਵਾਦ ਦੀ ਇਜਾਰਾਦਾਰੀ ਮੁਕਾਉਣ ਲਈ ਕਰਮ-ਕਾਂਡ, ਬਹੁਦੇਵ ਉਪਾਸਨਾ, ਪੁਸਤਕ-ਪੂਜਾ, ਮੂਰਤੀ-ਪੂਜਾ, ਜਾਤਪਾਤ ਦਾ ਵਿਤਕਰਾ ਅਤੇ ਬਾਹਰਲੇ ਭੇਖਾਚਾਰ ਦੀ ਤਕੜੀ ਨਿਖੇਧੀ ਕੀਤੀ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਸ਼ੁਧ ਅੰਤਹਕਰਣ ਦਾ ਆਪਣੇ ਸੰਵੇਦਨਸ਼ੀਲ ਗਿਆਨ ਅਤੇ ਅਨੁਭਵ ਸਿੱਧ ਗਿਆਨ ਰੂੜ੍ਹੀਵਾਦੀ ਪੁਸਤਕਾਂ ਦੇ ਹਵਾਲਿਆਂ ਤੇ ਕਥਾ ਵਾਰਤਾ ਨਾਲੋਂ ਵਧੇਰੇ ਉਪਯੋਗੀ ਹੈ।’’

ਪ੍ਰੇਮਾ ਭਗਤੀ, ਭਗਤੀ ਲਹਿਰ ਦਾ ਮੂਲ ਹੈ। ਸੂਫ਼ੀਵਾਦ ਵਿਚ ਵੀ ਇਸ਼ਕ ਨੂੰ ਜੀਵ ਅਤੇ ਅੱਲ੍ਹਾ ਦੇ ਮਿਲਾਪ ਦਾ ਸਬੱਬ ਮੰਨਿਆ ਗਿਆ ਹੈ ਪਰ ਭਗਤੀ ਲਹਿਰ ਵਿਚ ਪ੍ਰੇਮਾ ਭਗਤੀ ਦੀ ਬੁਨਿਆਦ ਉਹਨਾਂ ਅਡੰਬਰਾਂ ਦੀ ਬਗ਼ਾਵਤ ਵਿਚੋਂ ਪੈਦਾ ਹੋਈ, ਜਿਸ ਵਿਚ ਸ਼ਾਸਤਰਾਂ ਅਤੇ ਕਰਮ-ਕਾਂਡੀ ਪੂਜਾ-ਅਰਚਨਾ ਨੂੰ ਅਪ੍ਰਵਾਨ ਕਰਦਿਆਂ ਭਗਤ ਕਵੀਆਂ ਨੇ ਆਪਣੇ ਅਨੁਭਵ ਦੇ ਆਧਾਰ ’ਤੇ ਜੀਵ-ਆਤਮਾ ਅਤੇ ਅਦ੍ਰਿਸ਼ਟਮਾਨ ਪ੍ਰਭੂ ਦੀ ਹੋਂਦ ਨੂੰ ਪ੍ਰਵਾਨ ਕੀਤਾ ਹੈ। ਇਸ ਲਈ ਭਗਤੀ ਲਹਿਰ ਸੂਫ਼ੀਵਾਦ ਵਿਚੋਂ ਨਹੀਂ, ਸਗੋਂ ਭਗਤ ਕਵੀਆਂ ਦੇ ਅਨੁਭਵ ਦਾ ਸਿੱਟਾ ਹੈ।

ਭਾਵੇਂ ਇਕ ਈਸ਼ਵਰਵਾਦ ਦਾ ਭਗਤੀ ਲਹਿਰ ਵਿਚ ਆਇਆ ਸੰਕਲਪ ਇਸਲਾਮੀ ਪ੍ਰਭਾਵ ਦਾ ਸਿੱਟਾ ਮੰਨਿਆ ਜਾਂਦਾ ਹੈ ਪਰੰਤੂ ਭਗਤੀ ਲਹਿਰ ਦੇ ਸਮਰਥਕ ਇਕ ਈਸ਼ਵਰਵਾਦ ਦਾ ਸੰਕਲਪ ਸ਼ੰਕਰ ਆਚਾਰੀਆ ਦੇ ਅਦਵੈਤਵਾਦ ਵਿਚ ਨੀਹਿਤ ਹੋਇਆ ਮੰਨਦੇ ਹਨ, ਜਿਸ ਅਨੁਸਾਰ ਬ੍ਰਹਮ, ਜੀਵ, ਜਗਤ ਤਿੰਨੇ ਅਭੇਦ ਹਨ। ਅਵਤਾਰਵਾਦ, ਮੂਰਤੀ ਪੂਜਾ, ਦੇਵ ਪੂਜਾ, ਸੂਤਕ, ਜਾਤ ਪਾਤ ਜਾਂ ਵਰਣ ਆਸ਼ਰਮ ਆਦਿ ਨੂੰ ਭਗਤੀ ਲਹਿਰ ਦੇ ਕਵੀ ਰੱਦ ਕਰਦੇ ਹੋਏ ਵੀ ਹਿੰਦੂ ਧਰਮ ਵਿਚਲੇ ਜਗਤ ਰਚਨਾ, ਆਤਮਾ ਦੀ ਹੋਂਦ, ਅਹਿੰਸਾਵਾਦ, ਆਵਾਗਾਉਣ, ਕਰਮ ਫਲ ਆਦਿ ਨੂੰ ਪ੍ਰਵਾਨ ਕਰਦੇ ਹਨ। ਪਰ ਇਸ ਪ੍ਰਵਾਨਗੀ ਦਾ ਪੱਧਰ ਅਤੇ ਸਮਝ ਹਰ ਕਵੀ ਦਾ ਆਪਣਾ ਆਪਣਾ ਹੈ। ਭਾਵੇਂ ਅਹਿੰਸਾ ਦਾ ਸਿਧਾਂਤ ਬੋਧ ਤੇ ਜੈਨ ਧਰਮ ਵਿਚ ਵੀ ਪ੍ਰਬਲ ਰੂਪ ਵਿਚ ਆਉਂਦਾ ਹੈ ਪਰੰਤੂ ਹਿੰਦੂ ਧਰਮ ਦੇ ਕੁਝ ਉਪਾਸ਼ਕ ਵੀ ਬੁਨਿਆਦੀ ਤੌਰ ’ਤੇ ਅਹਿੰਸਾਵਾਦੀ ਹਨ, ਜਿਸ ਕਾਰਨ ਭਗਤੀ ਲਹਿਰ ਵਿਚ ਅਹਿੰਸਾ

ਦੀ ਪ੍ਰਵਾਨਗੀ ਹਿੰਦੂ ਧਰਮ ਦੇ ਆਧਾਰ 'ਤੇ ਵੀ ਕਹੀ ਜਾ ਸਕਦੀ ਹੈ ਅਤੇ ਬੁੱਧ ਤੇ ਜੈਨ ਮਤ ਤੋਂ ਵੀ ਭਗਤੀ ਲਹਿਰ ਵਿਚ ਇਹ ਪ੍ਰਭਾਵ ਗ੍ਰਹਿਣ ਕੀਤਾ ਮੰਨਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਭਗਤੀ ਲਹਿਰ ਦੇ ਸਭ ਪ੍ਰਮੁੱਖ ਕਵੀ ਉਹਨਾਂ ਰੂੜ੍ਹੀਵਾਦੀ ਰਾਜਤੰਤਰੀ ਵਿਸ਼ਵਾਸਾਂ ਨੂੰ ਰੱਦ ਕਰਦੇ ਹਨ ਜੋ ਆਤਮਾ ਦੀ ਪ੍ਰਭੂ ਵਿਚ ਅਭੇਦਤਾ ਲਈ ਅਡੰਬਰੀ ਕਿਸਮ ਦੀਆਂ ਪੂਜਾ ਵਿਧੀਆਂ ਉਤੇ ਜ਼ੋਰ ਦਿੰਦੇ ਹਨ। ਇੱਥੇ ਜਦਕਿ ਅਸੀਂ ਰਾਜਤੰਤਰ ਦੇ ਵਿਰੋਧ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਕਸਦ ਇਹ ਹੈ ਕਿ ਇਹ ਪੁਰਾਤਨ ਹਿੰਦੂ ਰਾਜਤੰਤਰ ਦੇ ਰੂਪ ਵਿਚ ਵੀ ਸਮਝਿਆ ਜਾਣਾ ਚਾਹੀਦਾ ਹੈ ਤੇ ਭਾਰਤ ਵਿਚ ਇਸਲਾਮੀ ਬਾਦਸ਼ਾਹਤ ਦੇ ਜ਼ਾਲਮਾਨਾ ਵਿਵਹਾਰ ਦੇ ਰੂਪ ਵਿਚ ਵੀ। ਦੂਜੇ ਸ਼ਬਦਾਂ ਵਿਚ 12ਵੀਂ-13ਵੀਂ ਸਦੀ ਤੋਂ 15ਵੀਂ ਸਦੀ ਤਕ ਦੇ ਸਭ ਪ੍ਰਮੁੱਖ ਭਗਤ ਕਵੀ ਸਥਾਪਤ ਰਾਜਤੰਤਰੀ ਪ੍ਰਭਾਵ ਅਧੀਨ ਪ੍ਰਚੱਲਿਤ ਰੂੜ੍ਹੀਆਂ ਨੂੰ ਰੱਦ ਕਰਕੇ ਨਿਰਾਕਾਰ ਰੂਪ ਵਿਚ ਉਸ ਹਸਤੀ ਨੂੰ ਪ੍ਰਵਾਨ ਕਰਦੇ ਹਨ, ਜਿਸ ਵਿਚ ਆਤਮਾ ਅਭੇਦ ਹੋ ਕੇ ਉਸ ਸਰਬ ਸ਼ਕਤੀਮਾਨ ਅਤੇ ਸਰਵੱਗਯ ਵਿਚ ਅਭੇਦਤਾ ਦੇ ਨਾਲ-ਨਾਲ ਮਨੁੱਖ ਮਾਤਰ ਦੀ ਸ਼ਕਤੀ ਅਤੇ ਉਸ ਦੁਆਰਾ ਸਮਾਜਕ ਬੁਨਿਆਦੀ ਪਰਿਵਰਤਨ ਲਿਆਉਣ ਦੀ ਸ਼ਕਤੀ ਹੋਵੇ। ਸੰਤ ਨਾਮਦੇਵ, ਕਬੀਰ, ਰਵਿਦਾਸ ਅਤੇ ਲਗਭਗ ਸਾਰੇ ਭਗਤ ਕਵੀਆਂ ਵਿਚ ਬਗ਼ਾਵਤੀ ਸੁਰ ਵੀ ਹੈ ਤੇ ਨਿਮਰਤਾ ਦਾ ਭਾਵ-ਬੋਧ ਵੀ। ਇਹੋ ਕਾਰਨ ਹੈ ਕਿ ਇਸ ਭਗਤੀ ਲਹਿਰ ਪਿੱਛੋਂ ਪੰਜਾਬ ਵਿਚ ਚੱਲੀ ਗੁਰਮਤਿ ਧਾਰਾ ਇਕ ਅਜਿਹੀ ਬਲਵਾਨ ਤੇ ਸ਼ਕਤੀਸ਼ਾਲੀ ਧਾਰਾ ਵਜੋਂ ਸਾਹਮਣੇ ਆਈ, ਜਿਸ ਨੇ ਰਾਜਤੰਤਰੀ ਧੱਕਿਆਂ ਅਤੇ ਉਸ ਸਮੇਂ ਦੀ ਬੁਰਛਾਗਰਦੀ ਵਿਰੁੱਧ ਜਿਹੜੀ ਲਹਿਰ ਚਲਾਈ, ਉਸ ਨੇ ਬਾਦਸ਼ਾਹਾਂ ਅਤੇ ਜਾਗੀਰਦਾਰੀ ਸ਼ਕਤੀਆਂ ਨੂੰ ਜੜ੍ਹਾਂ ਤੋਂ ਹਿਲਾ ਕੇ ਰੱਖ ਦਿੱਤਾ। ਇਸ ਤਰ੍ਹਾਂ ਭਗਤੀ ਲਹਿਰ ਵਿਚ ਗੁਰੂ ਦਾ ਮਹੱਤਵ ਜਿਹੜਾ ਲੁਕਵੇਂ ਰੂਪ ਵਿਚ ਕਾਰਜਸ਼ੀਲ ਤਾਂ ਸੀ, ਪਰ ਉਸ ਨਾਲੋਂ ਭਗਤ ਕਵੀਆਂ ਦੇ ਵਿਅਕਤੀਤਵ ਦੀ ਉਚਤਾ ਕਾਰਨ ਉਹ ਮਹੱਤਵ ਪ੍ਰਾਪਤ ਨਹੀਂ ਸੀ ਹੋ ਸਕਿਆ ਜੋ ਗੁਰਮਤਿ ਧਾਰਾ ਵਿਚ ਸਾਹਮਣੇ ਆਇਆ।

'ਆਦਿ-ਗ੍ਰੰਥ' ਵਿਚ ਇਹਨਾਂ ਭਗਤਾਂ ਦੀ ਬਾਣੀ ਦਰਜ ਕਰਨਾ ਇਸ ਤੱਥ ਦਾ ਪ੍ਰਮਾਣ ਹੈ ਕਿ ਭਗਤੀ ਲਹਿਰ ਸਹੀ ਅਰਥਾਂ ਵਿਚ ਆਪਣੇ ਯੁਗ ਦੀ ਇਕ ਕ੍ਰਾਂਤੀਕਾਰੀ ਲਹਿਰ ਸੀ।

ਅਸੀਂ ਹੇਠ ਲਿਖੇ ਭਗਤੀ ਲਹਿਰ ਦੇ ਕੁਝ ਕਵੀਆਂ ਦੇ ਜੀਵਨ ਅਤੇ ਰਚਨਾਵਾਂ ਸਬੰਧੀ ਵਿਚਾਰ ਕਰ ਰਹੇ ਹਾਂ ਤਾਂ ਜੋ ਭਗਤੀ ਲਹਿਰ ਦਾ ਸਮੁੱਚਾ ਅਕਸ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋ ਸਕੇ।

## ਸੰਤ ਨਾਮਦੇਵ ਜੀ

ਉਤਰੀ ਭਾਰਤ ਵਿਚ ਭਗਤੀ ਲਹਿਰ ਦੇ ਮੋਢੀ ਸੰਤ ਨਾਮਦੇਵ ਨੂੰ ਮੰਨਿਆ ਗਿਆ ਹੈ। ਆਪ ਦਾ ਜਨਮ 26 ਅਕਤੂਬਰ 1270 ਈ. ਨੂੰ ਐਤਵਾਰ ਵਾਲੇ ਦਿਨ ਮਹਾਂਰਾਸ਼ਟਰ ਦੇ ਪਿੰਡ ਨਰਸੀ ਬਾਮਨੀ ਵਿਚ ਹੋਇਆ। ਪਰ ਕਿਸੇ ਕਾਰਨ ਸੰਤ ਨਾਮਦੇਵ ਦਾ ਪਰਿਵਾਰ ਵਿੱਠਲ ਦੀ ਨਗਰੀ ਪੰਢਰਪੁਰ ਜਾ ਵਸਿਆ ਸੀ। ਇਹੋ ਕਾਰਨ ਹੈ ਕਿ ਵਿੱਠਲ ਪ੍ਰਤੀ ਅਥਾਹ ਸਤਿਕਾਰ ਆਪ ਦੇ ਬਹੁਤੇ ਜੀਵਨ ਅਤੇ ਰਚਨਾ ਦਾ ਅਨਿੱਖੜਵਾਂ ਆਧਾਰ ਬਣਿਆ ਰਿਹਾ।

ਨਾਮਦੇਵ ਦੇ ਪਿਤਾ ਉਸ ਸਮੇਂ ਦੇ ਕੱਪੜੇ ਦੇ ਵੱਡੇ ਵਪਾਰੀ ਦਾਮਾਸ਼ੇਟ ਸਨ ਅਤੇ ਮਾਂ ਦਾ ਨਾਂ ਗੋਣਾਈ ਸੀ। ਇਹ ਪਰਿਵਾਰ ਦਰਜ਼ੀ ਜਾਂ ਛੀਂਬਾ ਜਾਤ ਨਾਲ ਸਬੰਧਤ ਸੀ। ਆਪ ਦੀ ਪਤਨੀ ਰਾਜਾਈ ਸੀ, ਜਿਸ ਨੇ ਚਾਰ ਪੁੱਤਰਾਂ

ਅਤੇ ਇਕ ਧੀ ਨੂੰ ਜਨਮ ਦਿੱਤਾ। ਆਪ ਦੀ ਪ੍ਰਭੂ ਭਗਤੀ ਕਾਰਨ ਸਾਰਾ ਪਰਿਵਾਰ ਹੀ ਇਸ ਰਾਹ ਦਾ ਪਾਂਧੀ ਬਣ ਗਿਆ।

ਭਾਵੇਂ ਮਰਾਠੀ ਤੇ ਕੁਝ ਸਾਧ-ਭਾਸ਼ਾ ਵਿਚ ਆਪ ਦੇ ਪਦਿਆਂ ਦੀ ਗਿਣਤੀ ਹਜ਼ਾਰਾਂ ਦੱਸੀ ਜਾਂਦੀ ਹੈ ਪਰੰਤੂ ਕੁਝ ਵਿਦਵਾਨਾਂ ਦਾ ਮਤ ਹੈ ਕਿ ਇਹ ਸਾਰੀਆਂ ਰਚਨਾਵਾਂ ਸੰਤ ਨਾਮਦੇਵ ਦੀਆਂ ਨਹੀਂ ਹਨ। ਆਪ ਦੀ ਮੁਢਲੀ ਬਾਣੀ ਉਤੇ ਸਗੁਣ ਭਗਤੀ ਦਾ ਰੰਗ ਹੈ। ਵਿਚਕਾਰਲੇ ਦੌਰ ਦੀ ਬਾਣੀ ਉਤੇ ਅੰਧ-ਵਿਸ਼ਵਾਸ ਤੋਂ ਮੁਕਤੀ ਦੀ ਸਪਸ਼ਟ ਝਲਕ ਮਿਲਦੀ ਹੈ ਅਤੇ ਆਖਰੀ ਦੌਰ ਵਿਚ ਆਪ ਦੀ ਬਾਣੀ ਉਤੇ ਨਿਰੋਲ ਨਿਰਗੁਣ ਧਾਰਾ ਦੀ ਝਲਕ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਹੜੇ 18 ਰਾਗਾਂ ਵਿਚ 61 ਪਦ ਨਾਮਦੇਵ ਦੇ ਨਾਂ ਉਤੇ ਸੰਗ੍ਰਹਿਤ ਹਨ, ਉਹਨਾਂ ਵਿਚ ਪ੍ਰਭੂ ਦੀ ਸਰਬ-ਵਿਆਪਕਤਾ, ਸਰਬ-ਸ਼ਕਤੀਮਾਨਤਾ ਅਤੇ ਸਰਵੱਗਤਾ ਦਾ ਗੁਣ-ਗਾਇਣ ਹੈ। ਇਹਨਾਂ ਰਚਨਾਵਾਂ ਦੀ ਭਾਸ਼ਾ ਵਿਚ ਮਰਾਠੀ ਰੰਗ ਵੀ ਹੈ ਤੇ ਉਸ ਦੌਰ ਦੀ ਸਾਧ ਭਾਸ਼ਾ ਅਤੇ ਨਾਥ ਭਾਸ਼ਾ ਦਾ ਰੰਗ ਵੀ। ਕੁਝ ਹਿੰਦੀ ਵਿਦਵਾਨ ਇਹਨਾਂ ਰਚਨਾਵਾਂ ਨੂੰ ਹਿੰਦੀ ਦੇ ਖਾਤੇ ਵਿਚ ਪਾਉਂਦੇ ਹਨ। ਇਹਨਾਂ ਪਦਾਂ ਨੂੰ ਸਮਝਣ ਲਈ ਜਿੱਥੇ ਮਰਾਠੀ ਦਾ ਗਿਆਨ ਜ਼ਰੂਰੀ ਹੈ, ਉਥੇ 13ਵੀਂ-14ਵੀਂ ਸਦੀ ਦੀ ਲੋਕ-ਭਾਸ਼ਾ ਤੇ ਸਾਧ-ਭਾਸ਼ਾ ਦੀ ਜਾਣਕਾਰੀ ਵੀ ਜ਼ਰੂਰੀ ਹੈ।

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ
ਉਦਕ(ਪਾਣੀ) ਮਾਹਿ ਜੈਸੇ ਬਾਗੁ(ਬਗਲਾ) ਧਿਆਨੁ ਮਾਡੈ (ਲਾਵੇ)
ਕਾਹੇ ਕਉ ਕੀਜੈ ਧਿਆਨੁ ਜਪੰਨਾ
ਜਬ ਤੇ ਸੁਧੁ ਨਾਹੀ ਮਨੁ ਅਪਨਾ
ਸਿੰਘਚ ਭੋਜਨੁ ਜੋ ਨਰੁ ਜਾਨੈ
ਐਸੇ ਹੀ ਠਗਦੇਉ ਬਖਾਨੈ
ਨਾਮੇ ਕੇ ਸੁਆਮੀ ਲਾਹਿ ਲੇ (ਦੂਰ ਕਰ ਦਿੱਤਾ) ਝਗਰਾ
ਰਾਮ ਰਸਾਇਨਿ ਪੀਉ ਰੇ ਦਗਰਾ (ਡਗਰ ਚੱਲਣ ਵਾਲਾ ਮੁਸਾਫ਼ਰ)

ਆਪ ਦੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਸਮਝਣ ਲਈ ਹੇਠ ਲਿਖੇ ਪਦ ਸਾਡਾ ਮਾਰਗ ਦਰਸ਼ਨ ਕਰਦੇ ਹਨ:

ਹਿੰਦੂ ਅੰਨ੍ਹਾ ਤੁਰਕੁ ਕਾਣਾ।
ਦੁਹਾਂ ਤੇ ਗਿਆਨੀ ਸਿਆਣਾ।
ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ।
ਨਾਮੇ ਸੋਈ ਸੇਵਿਆ, ਜਹ ਦੇਹੁਰਾ ਨ ਮਸੀਤ।

ਆਪ ਦਾ ਮੁਢਲਾ ਜੀਵਨ ਮਹਾਰਾਸ਼ਟਰ ਵਿਚ ਹੀ ਬੀਤਿਆ ਪਰ ਜੀਵਨ ਦੇ ਲਗਭਗ 20 ਸਾਲ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਮਾਣ ਵਿਚ ਗੁਜ਼ਰੇ ਅਤੇ ਇਥੇ ਹੀ 1464 ਈ. ਵਿਚ ਆਪ ਦੀ ਮ੍ਰਿਤੂ ਹੋਈ।

## ਸੁਆਮੀ ਰਾਮਾਨੰਦ ਜੀ

ਸੁਆਮੀ ਰਾਮਾਨੰਦ ਭਗਤੀ ਲਹਿਰ ਦੀ ਇਕ ਅਜਿਹੀ ਕ੍ਰਾਂਤੀਕਾਰੀ ਸ਼ਖ਼ਸੀਅਤ ਹੋਏ ਹਨ, ਜਿੰਨ੍ਹਾਂ ਨੇ ਇਕ ਪਾਸੇ ਰਾਜੇ-ਮਹਾਰਾਜਿਆਂ ਦੇ ਜ਼ੁਲਮਾਂ ਅਤੇ ਬ੍ਰਾਹਮਣਵਾਦ ਦੇ ਕਰਮ-ਕਾਂਡੀ ਮਾਰਗ ਵਿਰੁੱਧ ਆਵਾਜ਼ ਉਠਾ ਕੇ ਦੱਖਣ

ਤੋਂ ਉਤਰ ਤਕ ਸਾਰੇ ਭਾਰਤ ਵਰਸ਼ ਵਿਚ ਨਵੇਂ ਯੁਗ ਦਾ ਆਗਾਜ਼ ਕੀਤਾ। ਆਪ ਨਿਰਾਕਾਰ ਪ੍ਰਭੂ ਭਗਤੀ ਦੇ ਦ੍ਰਿੜ੍ਹ ਵਿਸ਼ਵਾਸੀ ਹੀ ਨਹੀਂ, ਸਗੋਂ ਊਚ-ਨੀਚ, ਜਾਤ-ਪਾਤ ਅਤੇ ਭੇਖਾਧਾਰੀ ਸਾਧੂ-ਸੰਤਾਂ ਵਿਰੁੱਧ ਵੀ ਨਿਰਭੈ ਹੋ ਕੇ ਆਵਾਜ਼ ਉਠਾਉਣ ਕਾਰਨ 13ਵੀਂ-14ਵੀਂ ਸਦੀ ਦੇ ਭਾਰਤ ਦੇ ਪਥ-ਪ੍ਰਦਰਸ਼ਕ ਮੰਨੇ ਜਾ ਸਕਦੇ ਹਨ।

ਆਪ ਦਾ ਜਨਮ 1299 ਈ. ਵਿਚ ਪ੍ਰਯਾਗ (ਇਲਾਹਾਬਾਦ) ਵਿਚ ਹੋਇਆ ਅਤੇ 108 ਸਾਲ ਦੀ ਉਮਰ ਭੋਗਣ ਉਪਰੰਤ ਜਦੋਂ ਆਪ ਇਸ ਨਾਸ਼ਵਾਨ ਸੰਸਾਰ ਤੋਂ ਵਿਦਾ ਹੋਏ। ਆਪ ਨਾਲ ਜੋੜਿਆ ਜਾਂਦਾ ਇਹ ਪਦ ਉਦੋਂ ਤੋਂ ਲੈ ਕੇ ਹੁਣ ਤਕ ਹਰ ਆਸਤਿਕ ਵਿਅਕਤੀ ਹੀ ਨਹੀਂ, ਸਗੋਂ ਹਰ ਉਸ ਕ੍ਰਾਂਤੀਕਾਰੀ ਵਿਅਕਤੀ ਦਾ ਵੀ ਮਾਰਗ ਦਰਸ਼ਕ ਬਣਿਆ, ਜਿਸ ਨੇ ਪੂਰਬ ਮੱਧ-ਕਾਲੀ ਭਾਰਤ ਦੀ ਨਿੱਘਰੀ ਹਾਲਤ ਸਬੰਧੀ ਬਹੁਤ ਕੁਝ ਸੁਣਿਆ ਤੇ ਪੜ੍ਹਿਆ ਹੈ :

ਜਾਤ ਪਾਤ ਪੂਛੇ ਨਹਿ ਕੋਇ, ਹਰਿ ਤੇ ਭਜੇ ਸੋ ਹਰਿ ਕਾ ਹੋਇ

ਆਪ ਦੀ ਸੰਸਕ੍ਰਿਤ ਤੇ ਹਿੰਦੀ ਰਚਨਾ ਤੋਂ ਇਲਾਵਾ ਜਿਹੜੀ ਕੁਝ ਰਚਨਾ ਉਤਰੀ ਭਾਰਤ ਦੀ ਉਸ ਦੌਰ ਦੀ ਅਧਿਆਤਮਵਾਦੀ ਭਾਸ਼ਾ ਵਿਚ ਉਪਲਬਧ ਹੈ, ਉਸ ਵਿਚੋਂ ਇਕ ਪਦ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹੈ, ਜਿਸ ਵਿਚੋਂ ਦੋ ਪੰਕਤੀਆਂ ਅਸੀਂ ਹੇਠ ਦੇ ਰਹੇ ਹਾਂ :

ਕਤ[1] ਜਾਈਐ ਰੇ ਘਰ ਲਾਗੋ ਰੰਗੁ
ਮੇਰਾ ਚਿਤੁ ਨ ਚਲੈ ਮਨੁ ਭਇਓ[2] ਪੰਗੁ[3]

1. ਕਿੱਥੇ, 2. ਹੋ ਗਿਆ ਹੈ, 3. ਅੰਗਹੀਣ

ਸੋ, ਸਪਸ਼ਟ ਹੈ ਕਿ ਸੁਆਮੀ ਰਾਮਾਨੰਦ ਮੁਢਲੇ ਦੌਰ ਦੀ ਭਗਤੀ ਲਹਿਰ ਦੇ ਸਭ ਤੋਂ ਵੱਡੇ ਨਿਰਭੈ ਝੰਡਾ-ਬਰਦਾਰ ਸਨ। ਇਹੋ ਕਾਰਨ ਹੈ ਕਿ ਭਗਤੀ ਲਹਿਰ ਦੇ ਸਭ ਵੱਡੇ ਸੰਤ ਭਗਤ ਆਪ ਦੇ ਸ਼ਾਗਿਰਦ ਮੰਨੇ ਜਾਂਦੇ ਹਨ।

## ਸੰਤ ਰਵਿਦਾਸ ਜੀ

ਕਬੀਰ ਜੀ ਦੇ ਨਾਲ ਨਾਲ ਰਵਿਦਾਸ ਦਾ ਨਾਂ 15ਵੀਂ ਸਦੀ ਦੇ ਉਹਨਾਂ ਮਹਾਨ ਸੰਤਾਂ, ਸਾਧਕਾਂ, ਵਿਦਵਾਨਾਂ, ਸਮਾਜ ਸੁਧਾਰਕਾਂ ਅਤੇ ਕ੍ਰਾਂਤੀਕਾਰੀ ਸ਼ਖ਼ਸੀਅਤਾਂ ਵਿਚ ਆਉਂਦਾ ਹੈ, ਜਿੰਨ੍ਹਾਂ ਨੇ ਮਨੁੱਖ ਮਾਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਲਈ ਨਿਰਭੈ ਹੋ ਕੇ ਕੰਮ ਕੀਤਾ।

ਆਪ ਦਾ ਜਨਮ ਸੰਮਤ 1433 ਬਿਕ੍ਰਮੀ ਅਰਥਾਤ ਸੰਨ 1376 ਈ. ਵਿਚ ਮਾਤਾ ਕਰਮਾ ਦੇਵੀ ਅਤੇ ਪਿਤਾ ਮਾਨਦਾਸ ਰਘੂ ਦੇ ਘਰ ਕਾਸ਼ੀ ਦੇ ਨੇੜੇ ਮੰਡੂਆਡੀਹ ਵਿਖੇ ਉਸ ਸਮੇਂ ਹੋਇਆ ਜਦੋਂ ਭਾਰਤੀ ਸਮਾਜ ਊਚ-ਨੀਚ, ਜਾਤ-ਪਾਤ ਤੇ ਭੇਦ-ਭਾਵ ਦੇ ਬੰਧਨਾਂ ਵਿਚ ਜਕੜਿਆ ਹੋਇਆ ਸੀ। ਇਹ ਵੀ ਸਮਝਿਆ ਜਾਂਦਾ ਹੈ ਕਿ ਆਪ 1584 ਬਿਕ੍ਰਮੀ ਅਰਥਾਤ 1527 ਈ. ਵਿਚ ਚਿਤੌੜ ਵਿਖੇ ਜੋਤੀ-ਜੋਤਿ ਸਮਾ ਗਏ। ਕਬੀਰ ਜੀ ਨੇ 'ਸੰਤਨਿ ਮੇਂ ਰਵਿਦਾਸ ਸੰਤ ਹੈ' ਮਹਾਂ-ਵਾਕ ਉਚਾਰ ਕੇ ਆਪ ਦੀ ਮਹਿਮਾ ਦਾ ਗੁਣ-ਗਾਇਨ ਕੀਤਾ ਹੈ।

ਆਪ ਸਬੰਧੀ ਅਨੇਕਾਂ ਦੰਦ-ਕਥਾਵਾਂ ਪ੍ਰਚੱਲਿਤ ਹਨ, ਜਿੰਨ੍ਹਾਂ ਤੋਂ ਆਪ ਦੀ ਸਹਿਣਸ਼ੀਲਤਾ, ਨਿਮਰਤਾ, ਪ੍ਰਭੂ-ਪ੍ਰੇਮ, ਸਮਾਜਕ-ਆਰਥਿਕ ਸਮਾਨਤਾ ਦਾ ਭਾਵ-ਬੋਧ, ਦੋ-ਟੁੱਕ ਗੱਲ ਕਹਿਣ ਦੀ ਜੁਰਅਤ ਅਤੇ ਪ੍ਰਭੂ ਪਿਆਰ ਦੀ ਸੱਚੀ ਲਗਨ ਦੇ ਦਰਸ਼ਨ ਹੁੰਦੇ ਹਨ। ਭਾਵੇਂ ਅਸੀਂ ਦੰਦ-ਕਥਾਵਾਂ ਨੂੰ ਯਥਾਰਥ ਦਾ ਸਮਾਨ-ਅਰਥੀ ਨਹੀਂ ਸਮਝਦੇ ਪਰ

ਉਹਨਾਂ ਵਿਚੋਂ ਜਦ ਕੁਝ ਘਟਨਾਵਾਂ ਤੇ ਵੇਰਵੇ ਆਪ ਦੀ ਬਾਣੀ ਨਾਲ ਮੇਲ ਕੇ ਦੇਖਦੇ ਹਾਂ ਤਾਂ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਆਪ ਸਬੰਧੀ ਲੋਕਾਂ ਵਿਚ ਪ੍ਰਚੱਲਿਤ ਕਥਾਵਾਂ ਨਿਰੋਲ ਕਪੋਲ-ਕਲਪਨਾ ਨਹੀਂ ਸਨ। ਆਪ ਦੀ ਨਿਡਰਤਾ ਦਾ ਸਭ ਤੋਂ ਵੱਡਾ ਪ੍ਰਮਾਣ ਇਹ ਹੈ ਕਿ ਆਪ ਨੇ ਆਪਣੀ ਹਰ ਰਚਨਾ ਵਿਚ ਆਪਣੀ ਜਾਤ ਨੂੰ ਛੁਪਾਇਆ ਨਹੀਂ, ਸਗੋਂ ਅਗਰਭੂਮਿਤ ਕਰਕੇ ਬੜੇ ਮਾਣ ਅਤੇ ਨਿਰਭੈਤਾ ਨਾਲ ਪ੍ਰਵਾਨ ਕੀਤਾ ਹੈ। ਇਥੇ ਅਸੀਂ ਕੁਝ ਉਦਾਹਰਨਾਂ ਹੀ ਆਪ ਦੇ ਸਪਸ਼ਟ ਵਕਤਾ ਹੋਣ ਦੀ ਗਵਾਹੀ ਵਜੋਂ ਆਪ ਦੀ ਜਾਤ ਸਬੰਧੀ ਪੇਸ਼ ਕਰਦੇ ਹਾਂ :

ਜਾਤਿ ਭੀ ਓਛੀ ਕਰਮ ਭੀ ਓਛਾ ਕਰਮ ਹਮਾਰਾ।
ਨੀਚੇ ਸੇ ਪ੍ਰਭੁ ਊਚ ਕੀਓ ਹੈ ਕਹਿ ਰੈਦਾਸ ਚਮਾਰਾ।

ਜੋਗੀਸਰ ਪਾਵਹਿ ਨਹੀਂ ਤੁਅ ਗੁਣ ਕਥਨੁ ਅਪਾਰ।
ਪ੍ਰੇਮ ਭਗਤਿ ਕੇ ਕਾਰਣੈ ਕਹੁ ਰਵਿਦਾਸ ਚਮਾਰ।

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।

ਉਂਜ ਤਾਂ ਤਿੰਨ ਦਰਜਨ ਹੋਰ ਪਦਾਂਸ਼ ਵੀ ਆਪ ਦੀ ਜਾਤ ਦੀ ਸਵੀਕ੍ਰਿਤੀ ਅਤੇ ਹੋਰ ਵਿਚਾਰਧਾਰਕ ਮਸਲਿਆਂ ਸਬੰਧੀ ਟੂਕੇ ਜਾ ਸਕਦੇ ਹਨ ਪਰੰਤੂ ਉਪਰੋਕਤ ਪਦਾਂਸ਼ ਸਾਡੀ ਮਾਨਤਾ ਦੀ ਪੁਸ਼ਟੀ ਹਿਤ ਕਾਫ਼ੀ ਹਨ।

**ਰਚਨਾ**

ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ 40 ਪਦ ਵੱਖ-ਵੱਖ ਰਾਗਾਂ ਵਿਚ ਦਰਜ ਮਿਲਦੇ ਹਨ। ਬਾਣੀ ਆਪ ਦੀ ਹੋਰ ਵੀ ਹੋਵੇਗੀ ਜੋ ਆਦਿ-ਕਾਲੀਨ ਹਨੇਰ ਵਿਚ ਗੁੰਮ ਗਈ ਹੋਵੇਗੀ। ਉਂਜ ਕੁਝ ਹੋਰ ਵਿਦਵਾਨ ਆਪ ਦੀ ਹੋਰ ਬਾਣੀ ਦੇ ਵੇਰਵੇ ਵੀ ਦਿੰਦੇ ਹਨ ਪਰ ਅਸੀਂ 40 ਪਦਾਂ ਨੂੰ ਪ੍ਰਮਾਣਿਕ ਸਮਝ ਕੇ ਆਪ ਦੇ ਇਕ ਸਫਲ ਕਵੀ ਤੇ ਸਪਸ਼ਟ ਵਕਤਾ ਹੋਣ ਸਬੰਧੀ ਵਿਚਾਰ ਕਰਦੇ ਹਾਂ।

**ਸਮਾਜਕ ਮਾਨਤਾ**

ਇਹ ਤੱਥ ਸਮਾਜਕ ਤੇ ਇਤਿਹਾਸਕ ਤੌਰ ’ਤੇ ਪ੍ਰਮਾਣਿਤ ਹੈ ਕਿ ਹਿੰਦੀ ਦੀ ਮਹਾਂ-ਕਵਿੱਤਰੀ ਅਤੇ ਰਾਜਸਥਾਨ ਦੇ ਸ਼ਾਹੀ ਘਰਾਣੇ ਨਾਲ ਸਬੰਧਤ ਮੀਰਾ ਬਾਈ ਆਪ ਦੀ ਸ਼ਰਧਾਲੂ ਹੀ ਨਹੀਂ ਸੀ, ਸਗੋਂ ਆਪ ਦੀ ਸ਼ਿਸ਼ ਵੀ ਸੀ। ਭਾਵੇਂ ਮੀਰਾ ਦੀ ਭਗਤੀ ਸਗੁਣ ਤੇ ਨਿਰਗੁਣ ਦੋਹਾਂ ਰੂਪਾਂ ਵਿਚ ਪ੍ਰਚੱਲਿਤ ਹੈ ਪਰ ਮੀਰਾ ਬਾਈ ਦੇ ਸੰਤ ਰਵਿਦਾਸ ਦੀ ਸ਼ਿਸ਼ ਹੋਣ ਵਿਚ ਕੋਈ ਭੁਲੇਖਾ ਨਹੀਂ। ਮੀਰਾ ਬਾਈ ਦੀ ਹੇਠ ਲਿਖੀ ਕਾਵਿ-ਰਚਨਾ ਸਾਡੇ ਇਸ ਮਤ ਦੀ ਪੁਸ਼ਟੀ ਕਰਦੀ ਹੈ :

ਮੇਰੇ ਮਨ ਲਾਗੋ ਗੁਰੁ ਸੋ, ਅਬ ਨਾ ਰਹੂੰਗੀ ਅਟਕੀ।
ਗੁਰੂ ਮਿਲਿਆ ਰੈਦਾਸ ਜੀ ਮਹਾਨੇ, ਦੀਨੀ ਗਿਆਨ ਗੁਟਕੀ।

ਤੁਮ ਸੁਣੋ ਦਯਾਲ ਮਹਾਰੀ ਅਰਜੀ।

ਭਵਸਾਗਰ ਮਹਿ ਬਹਿ ਜਾਤ ਹੂੰ, ਤੁਮ ਸਾਂਚੇ ਸਤਗੁਰ ਜੀ।

ਇਹ ਤੱਥ ਵੀ ਇਤਿਹਾਸਕ ਮਹੱਤਵ ਰਖਦਾ ਹੈ ਕਿ ਰਵਿਦਾਸ ਜੀ ਨੂੰ ਰਾਣੀ ਝਾਲੀ ਨੇ ਭੋਜ ਰਾਜ ਤੇ ਮੀਰਾ ਦੇ ਵਿਆਹ ਉਤੇ ਨਿਮੰਤ੍ਰਿਤ ਕੀਤਾ ਅਤੇ ਆਪ ਖ਼ੁਸ਼ੀ-ਖ਼ੁਸ਼ੀ ਅਸ਼ੀਰਵਾਦ ਦੇਣ ਲਈ ਚਿਤੌੜ ਦੇ ਮਹਿਲ ਵਿਚ ਪਹੁੰਚੇ, ਜਿੱਥੇ ਆਪ ਦਾ ਸਮੂਹ ਪਰਿਵਾਰ ਵੱਲੋਂ ਬੜਾ ਸਨਮਾਨ ਕੀਤਾ ਗਿਆ।

ਆਪ ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ ਸਨ ਅਤੇ ਕਬੀਰ, ਸੇਨ, ਧੰਨਾ ਤੇ ਪੀਪਾ ਆਪ ਦੇ ਗੁਰੂ ਭਾਈ ਸਨ ਪਰੰਤੂ ਆਪ ਦੀ ਸ਼ਖ਼ਸੀਅਤ ਅਤੇ ਬਾਣੀ ਨੂੰ ਕਬੀਰ ਸਮਾਨ ਮਹੱਤਵ ਪ੍ਰਾਪਤ ਹੈ ਅਤੇ ਕਈ ਥਾਵਾਂ 'ਤੇ ਆਪ ਦੀ ਸ਼ਖ਼ਸੀਅਤ ਅਤੇ ਬਾਣੀ ਨੂੰ ਕਬੀਰ ਨਾਲੋਂ ਵੀ ਵੱਧ ਮਾਨਤਾ ਪ੍ਰਾਪਤ ਹੈ।

**ਵਿਚਾਰਧਾਰਾ ਤੇ ਕਵਿਤਾ**

ਭਾਵੇਂ ਮੀਰਾ ਬਾਈ ਰਵਿਦਾਸ ਜੀ ਦੀ ਸ਼ਿਸ਼ ਮੰਨੀ ਜਾਣ ਕਾਰਨ ਆਪ ਨੂੰ ਸਗੁਣ ਧਾਰਾ ਨਾਲ ਵੀ ਜੋੜਿਆ ਜਾਂਦਾ ਹੈ, ਪਰੰਤੂ ਆਪ ਦੀ ਬਾਣੀ ਕਬੀਰ ਜੀ ਦੀ ਬਾਣੀ ਵਾਂਗ ਨਿਰਗੁਣ ਉਪਾਸਨਾ ਦੀ ਪ੍ਰਵਕਤਾ ਵਜੋਂ ਸਾਡੇ ਸਾਹਮਣੇ ਆਉਂਦੀ ਹੈ। ਭਗਤ ਸੇਨ ਦੁਆਰਾ 'ਕਬੀਰ ਰੈਦਾਸ ਸੰਵਾਦ' ਦੇ ਨਿਰਣੇ ਪਿੱਛੋਂ ਇਹ ਤੱਥ ਨਿੱਤਰ ਕੇ ਸਾਹਮਣੇ ਆ ਜਾਂਦਾ ਹੈ ਕਿ ਭਾਵੇਂ ਰਵਿਦਾਸ ਜੀ ਉਤੇ ਪਹਿਲਾਂ ਸਗੁਣ ਧਾਰਾ ਦਾ ਪ੍ਰਭਾਵ ਵੀ ਸੀ ਪਰ ਪਿੱਛੋਂ ਉਹ ਨਿਰਗੁਣ ਧਾਰਾ ਪ੍ਰਤੀ ਏਨੇ ਨਿਸ਼ਠਾਵਾਨ ਹੋਏ ਕਿ ਹੁਣ ਆਪ ਨੂੰ ਨਿਰਗੁਣ ਧਾਰਾ ਦੇ ਮੁੱਖ ਪ੍ਰਵਕਤਾ ਵਜੋਂ ਹੀ ਮਾਨਤਾ ਹਾਸਲ ਹੈ। ਆਪ ਨੇ ਜਿਸ ਬ੍ਰਹਮ ਨਾਲ ਲਿਵ ਲਾ ਕੇ ਪ੍ਰੇਮਾ ਭਗਤੀ ਦਾ ਪ੍ਰਮਾਣ ਦਿੱਤਾ, ਉਸ ਕਾਰਨ ਆਪ ਦੁਆਰਾ ਪ੍ਰਭੂ ਪ੍ਰਤੀ ਜਗਤ ਗੁਰੂ ਸੁਆਮੀ, ਬਾਜੀਗਰ, ਸਗਲ ਭਵਨ ਕੇ ਨਾਇਕਾ, ਭਵਖੰਡਨ, ਪੂਰਨ ਕਾਮ, ਮੁਕਤੀ ਕਾ ਦਾਤਾ, ਗਰੀਬ ਨਿਵਾਜੁ, ਮੁਕੰਦ, ਨੀਚਹੁ ਊਚ ਕਰੈ ਆਦਿ ਪਦਾਂ ਦਾ ਸੰਬੋਧਨ ਇਹ ਸਾਬਤ ਕਰਦਾ ਹੈ ਕਿ ਆਪ ਜਿਸ ਈਸ਼ਵਰ ਪ੍ਰਤੀ ਸਮਰਪਤ ਸਨ, ਉਸ ਪ੍ਰਤੀ ਕਿਸ ਤਰ੍ਹਾਂ ਦਾ ਅਥਾਹ ਸਤਿਕਾਰ, ਸਮਰਪਣ, ਨਿਸ਼ਠਾ ਅਤੇ ਆਤਮ ਤਿਆਗ ਦਾ ਭਾਵ-ਬੋਧ ਰਖਦੇ ਸਨ।

ਰਵਿਦਾਸ ਜੀ ਪ੍ਰੇਮ ਪੁੰਜ ਅਤੇ ਪ੍ਰੇਮਾ ਭਗਤੀ ਦੇ ਪ੍ਰਚਾਰਕ ਸਨ। ਆਪ ਨੇ ਪ੍ਰੇਮ ਦੇ ਜਿਹੜੇ ਰੂਪ ਆਪਣੀ ਬਾਣੀ ਵਿਚ ਅਭੀਵਿਅਕਤ ਕੀਤੇ ਹਨ, ਉਹਨਾਂ ਵਿਚ ਪ੍ਰੇਮ ਮਾਨਵ ਦਾ ਮਾਨਵ ਨਾਲ, ਮਾਨਵ ਦਾ ਪ੍ਰਾਣੀ-ਮਾਤਰ ਨਾਲ ਅਤੇ ਪ੍ਰਾਣੀ-ਮਾਤਰ ਦਾ ਪ੍ਰਭੂ ਨਾਲ ਆਦਿ ਨੂੰ ਅਸੀਂ ਆਪ ਦੀ ਬਾਣੀ ਵਿਚ ਥਾਂ-ਪੁਰ-ਥਾਂ ਪੜ੍ਹ ਤੇ ਮਾਣ ਸਕਦੇ ਹਾਂ।

ਰਵਿਦਾਸ ਜੀ ਨੇ ਆਪਣੇ ਸਮੇਂ ਦੇ ਵੱਡਿਆਂ, ਹਾਕਮਾਂ, ਚੌਧਰੀਆਂ, ਧਨਾਢਾਂ ਤੇ ਹੋਰ ਉਚ ਵਰਗ ਦੇ ਵਿਅਕਤੀਆਂ ਤੋਂ ਪ੍ਰੇਮ ਦੀ ਥਾਂ ਨਫ਼ਰਤ ਅਤੇ ਤ੍ਰਿਸਕਾਰ ਦਾ ਜੋ ਰੂਪ ਵੇਖਿਆ, ਉਸ ਪ੍ਰਤੀ ਆਪ ਦੀ ਆਤਮਾ ਕੁਰਲਾ ਉੱਠੀ ਪਰੰਤੂ ਫੇਰ ਵੀ ਪ੍ਰੇਮ ਭਾਵਨਾ ਦਾ ਰਾਹ ਤਿਆਗਣ ਨੂੰ ਆਪ ਦੀ ਆਤਮਾ ਕਿਸੇ ਤਰ੍ਹਾਂ ਵੀ ਰਾਜ਼ੀ ਨਹੀਂ ਸੀ। ਹੇਠ ਲਿਖਿਆ ਪਦ ਸਾਡੇ ਇਸ ਮਤ ਦੀ ਪੁਸ਼ਟੀ ਕਰਦਾ ਹੈ :

ਜਾਂ ਦੇਖਿਆਂ ਘਿਨ ਊਪਜੈ ਨਰਕ ਕੁੰਡ ਮਹਂ ਵਾਸ।
ਪ੍ਰੇਮ ਭਗਤਿ ਸੋਂ ਊਧਰੈ ਪ੍ਰਗਟਤ ਜਨ ਰਵਿਦਾਸ।

ਰਵਿਦਾਸ ਬਾਣੀ ਵਿਚ ਸ਼ੰਕਰ ਆਚਾਰੀਆ ਦੇ ਅਦਵੈਤ, ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ, ਨਿੰਬਾਰਕ ਦੇ ਦਵੈਤਾਦਵੈਤ ਅਤੇ ਮੱਧਵ ਦੇ ਦਵੈਤਵਾਦ, ਰਾਮਾਨੰਦ ਦੇ ਪ੍ਰਪੱਤੀ-ਸਿਧਾਂਤ (ਪ੍ਰਭੂ ਦੀ ਕਿਰਪਾ) ਅਤੇ ਵੱਲਭ ਦੇ ਸ਼ੁਧ ਸਰੂਪ ਆਦਿ ਸੰਕਲਪਾਂ ਨੂੰ ਜਿਸ ਤਰ੍ਹਾਂ ਅਭੀਵਿਅਕਤੀ ਪ੍ਰਾਪਤ ਹੋਈ ਹੈ, ਉਹ ਜਨਸਧਾਰਨ ਲਈ ਕਲਿਆਣਕਾਰੀ ਅਤੇ ਮਨੁੱਖੀ ਆਤਮਾ ਲਈ ਸ਼ਾਂਤੀ ਦੀ ਪੁੰਜ ਹੈ। ਆਪ ਦੇ ਇਸ ਭਗਤੀ ਮਾਰਗ ਨੂੰ ਕਿਸੇ ਵਿਸ਼ੇਸ਼ ਅਧਿਆਤਮਵਾਦ ਨਾਲ ਨਹੀਂ ਜੋੜਿਆ ਜਾ ਸਕਦਾ, ਕਿਉਂਕਿ ਆਪ ਦਾ ਪ੍ਰੇਮ-ਮਾਰਗ ਸਿੱਧਾ ਤੇ ਸਪਸ਼ਟ ਤਾਂ ਹੈ ਹੀ, ਇਸ ਵਿਚ ਪਿਆਰ ਨਾਲ ਲਟ-ਲਟ ਬਲਦੇ, ਆਪਣੀ ਹੀਣਤਾ ਤੇ ਅਣਹੋਂਦ ਲਈ ਪਛਤਾਉਂਦੇ, ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਉਤੇ ਅਤੁੱਟ ਸ਼ਰਧਾ, ਸਰਲਤਾ, ਸ਼ੁਧਤਾ ਪ੍ਰਤੀ ਹਾਂ-ਵਾਚਕ ਧਵਨੀ ਦਾ ਭਾਵ-ਪ੍ਰਬੰਧ ਹੈ। ਇਸ ਲਈ ਆਪ ਦੀ ਪ੍ਰੇਮ ਭਗਤੀ ਹੀ ਆਪ ਦੀ ਆਤਮਾ ਦੀ ਅਸਲ ਭਾਵਨਾ ਹੈ :

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨਾ ਟਰੈ ਭ੍ਰਮ ਫਾਸ।
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ।

ਪ੍ਰੇਮ-ਭਗਤੀ ਦੀ ਸ਼ਕਤੀ ਨਾਲ ਹੀ ਆਪ ਨੇ ਪ੍ਰਭੂ ਨੂੰ ਆਪਣੇ ਅੰਦਰ ਏਨਾ ਬੰਨ੍ਹ ਲਿਆ ਹੈ ਕਿ ਹੁਣ ਉਹ ਅਦ੍ਰਿਸ਼ਟਮਾਨ ਨੂੰ ਵੀ ਉਸ ਬੰਧਨ ਤੋਂ ਮੁਕਤ ਹੋਣ ਲਈ ਵੰਗਾਰਨ ਦੀ ਸ਼ਕਤੀ ਰਖਦੇ ਹਨ :

ਜਉ ਹਮ ਬਾਂਧੇ ਮੋਹ ਫਾਂਸ ਹਮ ਪ੍ਰੇਮ ਬਧਨਿ ਤੁਮ ਬਾਧੇ।
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ।

ਪਰ ਆਪ ਸਮੁੱਚੇ ਵਿਸ਼ਵ ਅਧਿਆਤਮਵਾਦੀ ਸਾਹਿਤ ਵਿਚ ਜਿਸ ਵਿਚਾਰਧਾਰਕ ਪਹੁੰਚ ਕਾਰਨ ਪ੍ਰਸਿੱਧ ਹੋਏ, ਉਹ ਹੈ ਆਪ ਦਾ ਬੇਗਮਪੁਰੇ ਦਾ ਸੰਕਲਪ। ਇਹ ਸੰਕਲਪ ਆਧੁਨਿਕ ਯੁਗ ਦੇ ਸਮਾਜਵਾਦ ਦਾ ਹੀ ਇਕ ਰੂਪ ਹੈ। ਇਸ ਸਬੰਧ ਵਿਚ ਆਪ ਦਾ ਹੇਠ ਲਿਖਿਆ ਪਦ ਸਾਡਾ ਮਾਰਗ ਦਰਸ਼ਨ ਕਰਦਾ ਹੈ :

ਬੇਗਮ ਪੁਰਾ ਸਹਰ ਕੋ ਨਾਉ।
ਦੂਖੁ ਅੰਦੋਹੁ ਨਹੀ ਤਿਹਿ ਠਾਉ।
ਨਾਂ ਤਸਵੀਸ ਖਿਰਾਜੁ ਨ ਮਾਲੁ।
ਖਉਫੁ ਨ ਖਤਾ ਨ ਤਰਸੁ ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ।
ਊਹਾਂ ਖੈਰਿ ਸਦਾ ਮੇਰੇ ਭਾਈ।
ਕਾਇਮੁ ਦਾਇਮੁ ਸਦਾ ਪਾਤਿਸਾਹੀ।
ਦੋਮ ਨ ਸੋਮ ਏਕ ਸੋ ਆਹੀ।
ਆਬਾਦਾਨੁ ਸਦਾ ਮਸਹੂਰ।
ਊਹਾਂ ਗਨੀ ਬਸਹਿ ਮਾਮੂਰ।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।
ਮਹਰਮ ਮਹਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸ ਚਮਾਰਾ।

ਜੋ ਹਮ ਸਹਰੀ ਸੁ ਮੀਤੁ ਹਮਾਰਾ।

ਦੂਜੇ ਸ਼ਬਦਾਂ ਵਿਚ ਰਵਿਦਾਸ ਜੀ ਉਸ ਭੂ-ਖੰਡ ਦੇ ਦੇਖਣ ਦੀ ਅਭਿਲਾਸ਼ਾ ਰਖਦੇ ਹਨ, ਜਿਥੇ ਕਿਸੇ ਨੂੰ ਕੋਈ ਦੁੱਖ ਨਾ ਹੋਵੇ। ਨਾ ਹੀ ਕਿਸੇ ਨੂੰ ਕੋਈ ਭੈਅ ਤੇ ਚਿੰਤਾ ਹੋਵੇ। ਨਾ ਮਨੁੱਖ ਨੂੰ ਕੋਈ ਟੈਕਸ ਭਰਨ ਦਾ ਡਰ ਹੋਵੇ। ਨਾ ਹੀ ਗ਼ਲਤੀ ਦਾ ਡਰ ਹੋਵੇ ਅਤੇ ਨਾ ਹੀ ਅਸਫਲਤਾ ਦੀ ਕੋਈ ਸੰਭਾਵਨਾ ਹੋਵੇ। ਮੈਨੂੰ ਅਜਿਹਾ ਵਤਨ ਚਾਹੀਦਾ ਹੈ, ਜਿੱਥੇ ਸਭ ਖ਼ੁਸ਼ ਰਹਿਣ। ਰਾਜ-ਪ੍ਰਬੰਧ ਸਦਾ ਚੜ੍ਹਦੀਕਲਾ ਵਿਚ ਰਹੇ। ਕਿਸੇ ਤਰ੍ਹਾਂ ਲੋਕਾਂ ਵਿਚ ਛੋਟੇ-ਵੱਡੇ ਦੀ ਕੋਈ ਦਰਜਾਬੰਦੀ ਨਾ ਹੋਵੇ। ਉਥੇ ਹੀ ਸਹਿਜ ਸੁਭਾਵਕ ਰੂਪ ਵਿਚ ਪ੍ਰਭੂ ਵਸਦਾ ਹੈ। ਸਭ ਮਨੁੱਖਾਂ ਨੂੰ ਉਥੇ ਆਜ਼ਾਦੀ ਨਾਲ ਘੁੰਮਣ-ਫਿਰਨ ਦੀ ਆਗਿਆ ਹੋਵੇ। ਜਿੱਥੇ ਕਿਤੇ ਵੀ ਜਾਣਾ ਹੋਵੇ, ਹਰ ਵਿਅਕਤੀ ਨੂੰ ਜਾਣ ਦੀ ਆਗਿਆ ਹੋਵੇ; ਭਾਵੇਂ ਉਹ ਮਹਿਲ ਕਿਉਂ ਨਾ ਹੋਵੇ। ਇਹ ਵਿਚਾਰ ਹੀ ਸੁਤੰਤਰ-ਭਾਵ ਰੱਖਣ ਵਾਲਾ ਰਵਿਦਾਸ ਪ੍ਰਗਟਾ ਰਿਹਾ ਹੈ। ਜੋ ਅਜਿਹੀ ਭਾਵਨਾ ਰਖਦੇ ਹਨ, ਉਹੀ ਕਵੀ ਦੇ ਮਿੱਤਰ ਹਨ। ਸਮੁੱਚੇ ਤੌਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਰਵਿਦਾਸ ਜੀ ਸੁਤੰਤਰਤਾ, ਨਿਡਰਤਾ, ਸਪਸ਼ਟਤਾ ਅਤੇ ਬੇਬਾਕੀ ਦੇ ਅਨੁਸਾਰੀ ਸਨ, ਜਿੰਨ੍ਹਾਂ ਨੇ ਅਧਿਆਤਮਵਾਦੀ ਧਾਰਾ ਵਿਚ ਪ੍ਰਭੂ ਤੇ ਜੀਵ ਦੀ ਪ੍ਰੇਮ-ਭਗਤੀ ’ਤੇ ਜ਼ੋਰ ਦਿੱਤਾ ਅਤੇ ਉਸ ਸਮਾਜ ਦੀ ਕਲਪਨਾ ਵੀ ਕੀਤੀ, ਜਿੱਥੇ ਕਿਸੇ ਕਿਸਮ ਦਾ ਵੀ ਕੋਈ ਦੁੱਖ ਨਾ ਹੋਵੇ।

## ਸੰਤ ਕਬੀਰ ਜੀ

ਸੰਤ ਕਬੀਰ ਆਦਿ-ਕਾਲੀਨ ਪੰਜਾਬੀ ਤੇ ਹਿੰਦੀ ਸਾਹਿਤ ਵਿਚ ਇਕ ਉਚ ਕੋਟੀ ਦੇ ਕਵੀ ਵਜੋਂ ਸਤਿਕਾਰ ਦੇ ਪਾਤਰ ਮੰਨੇ ਜਾਂਦੇ ਹਨ। ਆਪ ਨਾ ਕੇਵਲ ਇਕ ਉਚ ਕੋਟੀ ਦੇ ਕਵੀ ਹੀ ਸਨ, ਸਗੋਂ ਇਕ ਕ੍ਰਾਂਤੀਕਾਰੀ ਵਿਅਕਤੀਤਵ ਦੇ ਸੁਆਮੀ ਵੀ ਸਨ। ਆਪ ਦਾ ਜਨਮ ਸੰਮਤ 1456 ਬਿਕ੍ਰਮੀ ਅਰਥਾਤ 1398 ਈ. ਵਿਚ ਹੋਇਆ ਅਤੇ ਆਪ ਦੀ ਮ੍ਰਿਤੂ 1575 ਬਿਕ੍ਰਮੀ ਅਰਥਾਤ 1516 ਈ. ਮੰਨੀ ਗਈ ਹੈ। ਇਸ ਤੋਂ ਸਪਸ਼ਟ ਹੈ ਕਿ ਆਪ ਨੇ ਲੰਮੀ ਉਮਰ ਭੋਗੀ।

ਆਪ ਦੇ ਜਨਮ ਸਬੰਧੀ ਤਿੰਨ ਮਤ ਪ੍ਰਚੱਲਿਤ ਹਨ : (ੳ) ਬਨਾਰਸ ਵਿਖੇ ਪਿਤਾ ਨੀਰੂ ਅਤੇ ਮਾਤਾ ਨੀਮਾ ਦੇ ਘਰ ਜੁਲਾਹਾ ਪਰਿਵਾਰ ਵਿਚ ਹੋਇਆ (ਅ) ਕੁਆਰੀ ਬ੍ਰਾਹਮਣ ਕੰਨਿਆ ਦੇ ਕੁੱਖੋਂ ਹੋਇਆ ਜੋ ਲੋਕ ਲੱਜੋਂ ਉਸ ਨੂੰ ਤਲਾਅ ਕਿਨਾਰੇ ਛੱਡ ਗਈ ਅਤੇ ਪਿੱਛੋਂ ਨੀਰੂ ਤੇ ਨੀਮਾ ਨੇ ਬਾਲਕ ਦਾ ਪਾਲਣ ਪੋਸ਼ਣ ਕੀਤਾ (ੲ) ਕਬੀਰ ਪੰਥੀ ਸ਼ਰਧਾਲੂ ਆਪ ਨੂੰ ਅਰਸ਼ਾਂ ਤੋਂ ਉਤਰੀ ਕਮਲ-ਫੁੱਲਾਂ ’ਤੇ ਆ ਟਿਕੀ ਦੈਵੀ ਜੋਤ ਮੰਨਦੇ ਹਨ।

ਪਰੰਤੂ ਪਹਿਲਾ ਮਤ ਹੀ ਵੱਧ ਪ੍ਰਵਾਨ ਯੋਗ ਮੰਨਿਆ ਗਿਆ ਹੈ। ਇਸ ਸਬੰਧ ਵਿਚ ਕਬੀਰ ਜੀ ਦੇ ਸ਼ਿਸ਼ ਧਰਮ ਦਾਸ ਦਾ ਇਹ ਮਤ ਬੜਾ ਮਹੱਤਵਪੂਰਨ ਹੈ :

ਕਾਸ਼ੀ ਮੇਂ ਪ੍ਰਗਟੇ ਦਾਸ ਕਹਾਏ, ਨੀਰੂ ਕੇ ਗ੍ਰਿਹ ਆਏ
ਰਾਮਾਨੰਦ ਕੇ ਸ਼ਿਸ਼ ਭਏ, ਭਵ ਸਾਗਰ ਪੰਥ ਚਲਾਏ।

ਪਰ ਕਬੀਰ ਜੀ ਆਪ ਆਪਣੇ ਜਨਮ ਸਬੰਧੀ ਅਤੇ ਜੀਵਨ ਦੇ ਅੰਤਮ ਸਾਲਾਂ ਵਿਚ ਮਗਹਰ ਨਿਵਾਸ ਸਬੰਧੀ ਇਸ ਤਰ੍ਹਾਂ ਲਿਖਦੇ ਹਨ :

ਸਗਲ ਜਨਮੁ ਸਿਵਪੁਰੀ ਗਵਾਇਆ, ਮਰਤੀ ਬਾਰ ਮਗਹਰਿ ਉਠਿ ਆਇਆ

ਬਹੁਤ ਬਰਸ ਤਪੁ ਕੀਆ ਕਾਸੀ, ਮਰਨੁ ਭਇਆ ਮਗਹਰ ਕੀ ਬਾਸੀ।

ਉਪਰੋਕਤ ਪੰਕਤੀਆਂ ਤੋਂ ਸਪਸ਼ਟ ਹੁੰਦਾ ਹੈ ਕਿ ਕਬੀਰ ਜੀ ਦਾ ਮੁਢਲਾ ਜੀਵਨ ਸ਼ਿਵਪੁਰੀ/ਕਾਸ਼ੀ ਵਿਚ ਗੁਜ਼ਰਿਆ ਅਤੇ ਪਿਛਲਾ ਜੀਵਨ ਮਗਹਰ ਵਿਚ। ਸਭ ਵਿਦਵਾਨ ਇਸ ਮਤ ਨਾਲ ਸਹਿਮਤ ਹਨ ਕਿ ਪਿਛਲੇ ਨਿਵਾਸ ਦੇ ਪਿਛਲੇ ਸਾਲਾਂ ਵਾਲਾ ਸਥਾਨ ਹੀ ਆਪ ਦੇ ਕਾਲ-ਵਾਸ ਦਾ ਸਥਾਨ ਹੈ, ਕਿਉਂਕਿ ਕਬੀਰ ਜੀ ਦੀ ਕਬਰ ਮਗਹਰ ਵਿਚ ਹੈ, ਜਿੱਥੇ ਆਪ ਨੂੰ ਮੁਸਲਮਾਨ ਰੀਤੀ ਰਿਵਾਜ ਅਨੁਸਾਰ ਦਫ਼ਨ ਕੀਤਾ ਗਿਆ ਸੀ। ਪਰੰਤੂ ਪਿੱਛੋਂ ਆਪ ਜੀ ਦੀ ਸਮਾਧ ਸ਼ਰਧਾਲੂਆਂ ਵੱਲੋਂ ਜਗਨ ਨਾਥ ਪੁਰੀ ਵਿਚ ਬਣਾ ਦਿੱਤੀ ਗਈ ਹੋਵੇਗੀ।

ਕਬੀਰ ਜੀ ਜਾਤ-ਪਾਤ, ਉਚ-ਨੀਚ ਅਤੇ ਭੇਖਾਧਾਰੀ ਧਾਰਮਿਕ ਜੀਵਨ ਨੂੰ ਕੋਈ ਅਹਿਮੀਅਤ ਨਹੀਂ ਸਨ ਦਿੰਦੇ ਅਤੇ ਬ੍ਰਾਹਮਣਵਾਦ ਦਾ ਸ਼ੁਰੂ ਤੋਂ ਹੀ ਖੰਡਨ ਕਰਦੇ ਸਨ, ਜਿਸ ਕਾਰਨ ਆਪਣੀ ਜਾਤ ਸਬੰਧੀ ਆਪ ਇਸ ਤਰ੍ਹਾਂ ਲਿਖਦੇ ਹਨ :

ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ
ਮੁਹਿ ਤੋਹਿ ਬਰਾਬਰੀ ਕੇਸੈ ਕੈ ਬਨਹਿ।

ਤੂੰ ਬਾਮ੍ਹਨ ਮੈ ਕਾਸੀਕਾ ਜੁਲਹਾ
ਬੂਝਹੁ ਮੋਰ ਗਿਆਨਾ।

ਕਬੀਰ ਮੇਰੀ ਜਾਤਿ ਕਉ ਸਭ ਕੋ ਹਸਨੇ ਹਾਰ
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰ।

ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ ਹੋਣ ਕਾਰਨ ਕਬੀਰ ਜੀ ਦੀ ਮਾਂ ਆਪਣੇ ਧਰਮ ਤੇ ਜਾਤ ਕਾਰਨ ਆਪਣੇ ਪੁੱਤਰ ਦੀ ਸ਼ਾਗਿਰਦੀ ਨੂੰ ਪ੍ਰਵਾਨ ਨਹੀਂ ਸਨ ਕਰਦੇ। ਇਸ ਸਬੰਧੀ ਕਬੀਰ ਜੀ ਆਪ ਹੀ ਫ਼ਰਮਾਉਂਦੇ ਹਨ :

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ।
ਏ ਬਾਰਿਕ ਕੈਸੇ ਜੀਵਹਿ ਰਘੁਰਾਈ।
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ।
ਹਰਿ ਕਾ ਨਾਮੁ ਲਿਖ ਲੀਓ ਸਰੀਰ।
ਕਹਤ ਕਬੀਰ ਸੁਨਹੁ ਮੇਰੀ ਮਾਈ।
ਹਮਰਾ ਇਨ ਕਾ ਦਾਤਾ ਏਕੁ ਰਘੁਰਾਈ।

ਆਮ ਵਿਚਾਰ ਇਹ ਪਾਇਆ ਜਾਂਦਾ ਹੈ ਕਿ ਕਬੀਰ ਦੀ ਪਤਨੀ ਲੋਈ ਸੀ, ਜਿਸ ਦੀ ਕੁੱਖੋਂ ਕਮਾਲ ਤੇ ਕਮਾਲੀ ਅਰਥਾਤ ਇਕ ਪੁੱਤਰ ਤੇ ਪੁੱਤਰੀ ਨੇ ਜਨਮ ਲਿਆ। ਕਬੀਰ ਦੀ ਬਾਣੀ ਵਿਚ 'ਲੋਈ' ਦਾ ਸੰਬੋਧਨ ਕਈ ਵਾਰ ਆਇਆ ਹੈ। ਜਿਵੇਂ :

ਕਹੈ ਕਬੀਰ ਸੁਨਹੁ ਰੇ ਲੋਈ ਭਾਨਣ ਘੜਣ ਸੰਵਾਰਣ ਸੋਈ।

ਪਰ ਵਿਦਵਾਨਾਂ ਦਾ ਇਕ ਮਤ ਇਹ ਹੈ ਕਿ 'ਲੋਈ' ਦਾ ਸੰਬੋਧਨ 'ਲੋਕਾਈ' ਲਈ ਹੈ। ਜਿਵੇਂ ਕਿ ਇਹ ਸੰਬੋਧਨ ਨਾਥਾਂ-ਜੋਗੀਆਂ ਦੇ ਪਦਿਆਂ ਵਿਚ ਵੀ ਮਿਲਦਾ ਹੈ। ਪਰ ਆਪ ਗ੍ਰਿਹਸਥੀ ਸਨ ਅਤੇ ਆਪ ਦੇ ਪੁੱਤਰ ਕਮਾਲ ਦੀ ਬਾਣੀ ਵੀ ਆਦਿ-ਕਾਲੀਨ ਗ੍ਰੰਥਾਂ ਵਿਚ ਉਪਲਬਧ ਹੈ। ਜਿੱਥੋਂ ਤਕ ਕਬੀਰ ਜੀ ਦੇ ਦੇਹਧਾਰੀ ਗੁਰੂ ਦਾ ਸਬੰਧ ਹੈ, ਕਬੀਰ ਜੀ ਦੀ ਬਾਣੀ ਹੀ ਸਾਡਾ ਮਾਰਗ ਦਰਸ਼ਨ ਕਰਦੀ ਹੈ :

ਗੁਰੂ ਗੋਬਿੰਦ ਦੋਨੋਂ ਖੜੇ, ਕਾ ਕੇ ਲਾਗੂੰ ਪਾਇ।
ਬਲਿਹਾਰੀ ਗੁਰੂ ਆਪਨੇ ਜਿਨ ਗੋਬਿੰਦ ਦੀਓ ਬਤਾਇ।

ਪਿਤਾ ਹਮਾਰੋ ਵਡ ਗੋਸਾਈ। ਤਿਸੁ ਪਿਤਾ ਪਹਿ ਹਉ ਕਿਉ ਜਾਈ।
ਸਤਿਗੁਰ ਮਿਲੇ ਤੇ ਮਾਰਗੁ ਦਿਖਾਇਆ। ਜਗਤ ਪਿਤਾ ਮੇਰੈ ਮਨਿ ਭਾਇਆ।

**ਰਚਨਾਵਾਂ**

ਕਬੀਰ ਜੀ ਦੇ ਆਦਿ-ਗ੍ਰੰਥ ਵਿਚ 541 ਸ਼ਬਦ ਤੇ ਸ਼ਲੋਕ ਸ਼ਾਮਲ ਹਨ। ਇਸ ਤੋਂ ਇਲਾਵਾ ਬੀਜਕ, ਕਬੀਰ ਗ੍ਰੰਥਾਵਲੀ (ਸੰਪਾਦਕ, ਬਾਬੂ ਸ਼ਿਆਮ ਸੁੰਦਰ ਦਾਸ), ਕਬੀਰ ਰਚਨਾਵਲੀ (ਸੰਪਾਦਕ, ਅਯੋਧਿਆ ਸਿੰਘ ਉਪਾਧਿਆਇ), ਕਬੀਰ ਕੇ ਪਦ (ਸੰਪਾਦਕ, ਕਸ਼ਿਤੀ ਮੋਹਨ ਸੇਨ), ਕਬੀਰ ਗ੍ਰੰਥਾਵਲੀ (ਸੰਪਾਦਕ, ਡਾ.ਪਾਰਸ ਨਾਥ ਤਿਵਾੜੀ) ਅਤੇ ਕਬੀਰ (ਸੰਪਾਦਕ, ਡਾ.ਹਜ਼ਾਰੀ ਪ੍ਰਸਾਦ ਦਿਵੇਦੀ) ਆਦਿ ਪੁਸਤਕਾਂ ਵਿਚ ਪ੍ਰਮਾਣਿਕ ਬਾਣੀ ਸੰਕਲਿਤ ਹੈ। ਇਕ ਵਿਦਵਾਨ ਨੇ ਕਬੀਰ ਦੀਆਂ 61 ਅਤੇ ਇਕ ਹੋਰ ਵਿਦਵਾਨ ਨੇ 71 ਪੁਸਤਕਾਂ ਦੀ ਸੂਚੀ ਦਿੱਤੀ ਹੈ ਪਰ ਇਹਨਾਂ ਦੋਵਾਂ ਸੂਚੀਆਂ ਵਿਚ ਸ਼ੰਕਾ ਦੀ ਗੁੰਜਾਇਸ਼ ਹੈ।

**ਵਿਚਾਰਧਾਰਾ ਤੇ ਕਵਿਤਾ**

ਕਬੀਰ ਨਿਰਗੁਣ ਧਾਰਾ ਦੇ ਇਕ ਸ਼ਕਤੀਸ਼ਾਲੀ ਪ੍ਰਵਕਤਾ ਮੰਨੇ ਜਾਂਦੇ ਹਨ। ਆਪ ਦੀ ਬਾਣੀ ਵਿਚ ਹਰ ਕਿਸਮ ਦੇ ਭੇਖ ਦੀ ਵਿਰੋਧਤਾ, ਜਾਤ-ਪਾਤ ਦੇ ਖੰਡਨ ਅਤੇ ਮੂਰਤੀ ਪੂਜਾ ਦਾ ਤਿੱਖਾ ਵਿਰੋਧ ਕੀਤਾ ਗਿਆ ਹੈ। ਕਬੀਰ ਜੀ ਅਨੁਸਾਰ ਦਾਨ ਦੇਣਾ ਜਾਂ ਲੈਣਾ, ਜੱਗ ਕਰਨੇ, ਵਰਤ ਰੱਖਣੇ, ਯੋਗ ਸ਼ਾਸਤਰ ਆਦਿ ਸਭ ਨਿਰਮੂਲ ਹਨ।

ਕਬੀਰ ਕਲਪਨਾ ਦੀ ਥਾਂ ਯਥਾਰਥ ਵਿਚ ਵੱਧ ਵਿਸ਼ਵਾਸ ਰਖਦੇ ਸਨ। ਆਪ ਦਾ ਰਚਿਆ ਪਦ ਹੀ ਸਾਡਾ ਮਾਰਗ ਦਰਸ਼ਨ ਕਰਦਾ ਹੈ :

ਤੂੰ ਕਹਿਤਾ ਕਾਗਦ ਦੀ ਲੇਖੀ
ਮੈਂ ਕਹਿਤਾ ਆਂਖਨ ਦੀ ਦੇਖੀ।

ਅਰਥਾਤ ਬ੍ਰਾਹਮਣਾਂ ਦੁਆਰਾ ਤਿਆਰ ਕੀਤੇ ਇਹ ਸਭ ਗ੍ਰੰਥ ਕਲਪਿਤ ਹਨ ਤੇ ਮਨੁੱਖੀ ਅਨੁਭਵ ਹੀ ਵਾਸਤਵਿਕਤਾ ਹੈ। ਇਸ ਸਬੰਧ ਵਿਚ ਆਪ ਦਾ ਇਹ ਦੋਹਾ ਵੀ ਇਸ ਮਤ ਨੂੰ ਸੁਦ੍ਰਿੜ੍ਹ ਕਰਦਾ ਹੈ :

ਪੋਥੀ ਪੜ੍ਹ ਪੜ੍ਹ ਜਗ ਮੁਆ, ਪੰਡਤ ਭਿਉ ਨ ਕੋਇ
ਢਾਈ ਆਖਰ ਪਰੇਮ ਕੇ, ਪੜ੍ਹੇ ਸੋ ਪੰਡਤ ਹੋਇ

ਸੋ, ਸਪਸ਼ਟ ਹੈ ਕਿ ਕਬੀਰ ਜੀ ਬ੍ਰਾਹਮਣਾਂ ਦੁਆਰਾ ਰਚੀਆਂ ਜਾਂ ਬਣਾਈਆਂ ਪੁਸਤਕਾਂ ਨੂੰ ਕੋਈ ਅਹਿਮੀਅਤ ਨਹੀਂ ਸਨ ਦਿੰਦੇ। ਉਹਨਾਂ ਲਈ ਪੰਡਤ ਜਾਂ ਵਿਦਵਾਨ ਓਹੀ ਹੈ ਜਿਸ ਨੂੰ ਪ੍ਰੇਮ ਮਾਰਗ ਦਾ ਅਸਲੀ ਗਿਆਨ ਹੈ। ਇੱਥੇ ਅਸੀਂ ਪ੍ਰੇਮ ਸ਼ਬਦ ਨੂੰ ਕੇਂਦਰ ਵਿਚ ਰਖਦਿਆਂ ਇਹ ਵੀ ਕਹਿ ਸਕਦੇ ਹਾਂ ਕਿ ਕਬੀਰ ਜੀ ਦੀ ਵਿਸ਼ਾਲ ਦ੍ਰਿਸ਼ਟੀ ਅਨੁਸਾਰ ਇਹ ਪ੍ਰੇਮ ਅਦ੍ਰਿਸ਼ਟਮਾਨ ਪ੍ਰਤੀ ਵੀ ਹੈ ਅਤੇ ਮਾਨਵਤਾ ਪ੍ਰਤੀ ਵੀ।

ਆਪ ਨੇ ਜਿਸ ਈਸ਼ਵਰ ਦੀ ਅਰਾਧਨਾ ਉਤੇ ਬਲ ਦਿੱਤਾ, ਉਹ ਨਿਰਾਕਾਰ ਪ੍ਰਭੂ ਹੈ :

ਸਾਹਿਬ ਮੇਰਾ ਏਕ ਹੈ ਦੂਜਾ ਕਹਾ ਨ ਜਾਇ
ਦੂਜਾ ਸਾਹਿਬ ਜੋ ਕਹੂੰ ਸਾਹਿਬ ਖਰਾ ਰਿਸਾਇ।
ਜਾ ਕੇ ਮੂੰਹ ਮਾਥਾ ਨਹੀ ਨਾਹੀ ਰੂਪ ਅਰੂਪ
ਪੁਹੁਪ ਬਾਸ ਤੇ ਪਾਤਰਾ ਐਸਾ ਤੱਤਵ ਅਨੂਪ।

ਪੰਡਤ ਪਰਸ਼ੂ ਰਾਮ ਚਤਰਵੇਦੀ ਨੇ ਆਪ ਦੀ ਵਿਚਾਰਧਾਰਾ ਨੂੰ ਇਹਨਾਂ ਸ਼ਬਦਾਂ ਵਿਚ ਕੁੰਜੀਵਤ ਕੀਤਾ ਹੈ, ‘‘ਇਨ੍ਹਾਂ ਨੇ ਹਿੰਦੂ ਧਰਮ ਤੋਂ ਅਦਵੈਤ ਸਿੱਧਾਂਤ, ਵੈਸ਼ਣਵ ਸੰਪ੍ਰਦਾਇ ਦੀ ਭਗਤੀਮਈ ਉਪਾਸਨਾ, ਕਰਮਵਾਦ, ਜਨਮਾਂਤਰਵਾਦ ਆਦਿ ਗੱਲਾਂ ਗ੍ਰਹਿਣ ਕੀਤੀਆਂ, ਬੋਧ ਧਰਮ ਤੋਂ ਸ਼ੂਨਯਵਾਦ, ਅਹਿੰਸਾ, ਮੱਧਮ ਮਾਰਗ ਆਦਿ ਅਪਣਾਏ ਅਤੇ ਇਸਲਾਮ ਧਰਮ ਤੋਂ ਏਕੀਸ਼ਵਰਵਾਦ, ਭ੍ਰਾਤਰੀਭਾਵ ਅਤੇ ਸੂਫ਼ੀ ਸੰਪ੍ਰਦਾਇ ਤੋਂ ਪ੍ਰੇਮ-ਭਾਵਨਾ ਨੂੰ ਲੈ ਕੇ ਸਭ ਦੇ ਸੁਮੇਲ ਤੋਂ ਇਕ ਨਵਾਂ ਪੰਥ ਚਲਾ ਦੇਣ ਦੀ ਚੇਸ਼ਟਾ ਕੀਤੀ।’’

ਇਸ ਤਰ੍ਹਾਂ ਕਬੀਰ ਜੀ ਹਰ ਪ੍ਰਾਣੀ ਨੂੰ ਉਸ ਪ੍ਰਭੂ ਦੀ ਅੰਸ਼/ਨੂਰ ਮਾਤਰ ਪ੍ਰਵਾਨ ਕਰਦੇ ਹਨ :

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

ਆਪ ਦੇ ਕ੍ਰਾਂਤੀਕਾਰੀ ਵਿਚਾਰਾਂ ਵਿਚ ਜਨ-ਸਧਾਰਨ ਆਪ ਨਾਲ ਜੁੜਦਾ ਰਿਹਾ। ਆਪ ਦੀ ਕੋਰੀ ਕਰਾਰੀ ਬਾਣੀ ਜੋ ਦ੍ਰਿਸ਼ਟਾਂਤਮਈ ਵੀ ਹੈ, ਉਸ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਆਪ ਬ੍ਰਾਹਮਣਵਾਦ, ਹਿੰਦੂ ਧਰਮ ਅਤੇ ਇਸਲਾਮ ਸਭ ਦੇ ਭੇਖਾਧਾਰੀ ਅਤੇ ਅਡੰਬਰੀ ਪ੍ਰਪੰਚਾਂ ਦਾ ਖੰਡਨ ਕਰਦੇ ਹਨ :

ਜੇ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ
ਤਉ ਆਨ ਬਾਟ ਕਾਹੇ ਨਹੀ ਆਇਆ

ਪੱਥਰ ਪੂਜੇ ਪ੍ਰਭੂ ਮਿਲੇ, ਤਾਂ ਮੈਂ ਪੂਜੂੰ ਪਹਾੜ
ਤਾਂ ਤੇ ਯਹ ਚੱਕੀ ਭਲੀ, ਪੀਸ ਖਾਏ ਸੰਸਾਰ

ਮਾਲਾ ਤੇਰੀ ਕਾਠ ਕੀ, ਧਾਗੇ ਲਿਏ ਪਰੋਇ
ਮਨ ਮੇਂ ਘੁੰਡੀ ਪਾਪ ਕੀ, ਨਾਮ ਜਪੇ ਕਿਆ ਹੋਇ

ਕੰਕਰ ਪੱਥਰ ਜੋੜ ਕੇ, ਮਸਜਿਦ ਲਿਏ ਬਣਾਇ
ਤਾ ਚੜ੍ਹ ਮੁੱਲਾਹ ਬਾਂਗ ਦੇਹ, ਬਹਿਰਾ ਹੋਇ ਖੁਦਾਇ

ਭੂਖੇ ਭਗਤਿ ਨ ਕੀਜੈ
ਯਹ ਮਾਲਾ ਅਪਨੀ ਲੀਜੈ

ਮੂਡ ਮੁੰਡਾਏ ਜੋ ਸਿਧਿ ਪਾਈ।
ਮੁਕਤੀ ਭੇਡ ਨ ਗਈਆ ਕਾਈ।

ਚੋਆ[1] ਚੰਦਨ ਮਰਦਨ[2] ਅੰਗਾ।
ਸੋ ਤਨੁ ਜਲੈ ਕਾਠ ਕੈ ਸੰਗਾ

1. ਦਹੀ, 2. ਰਿੜਕਦਾ ਹੈ

ਉਪਰੋਕਤ ਤੱਥ ਇਸ ਮਤ ਨੂੰ ਸੁਦ੍ਰਿੜ੍ਹ ਕਰਦੇ ਹਨ ਕਿ ਕਬੀਰ ਇਕ ਈਸ਼ਵਰ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਦੀ ਹੋਂਦ ਨੂੰ ਪ੍ਰਵਾਨ ਨਹੀਂ ਸਨ ਕਰਦੇ ਅਤੇ ਬ੍ਰਾਹਮਣਵਾਦ ਜਾਂ ਬ੍ਰਾਹਮਣੀ ਸਮਾਜ ਦਾ ਪੂਰੀ ਤਰ੍ਹਾਂ ਖੰਡਨ ਕਰਦੇ ਹਨ। ਇਸ ਸਬੰਧ ਵਿਚ ਕਬੀਰ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਸਾਡੇ ਮਤ ਨੂੰ ਸੌ ਫੀਸਦੀ ਸੁਦ੍ਰਿੜ੍ਹ ਕਰਦੀਆਂ ਹਨ। ਇਸ ਤੋਂ ਇਲਾਵਾ ਆਪ ਸਮਾਜਕ ਆਰਥਿਕ ਵੰਡ ਨੂੰ ਵੀ ਮੁੱਢੋਂ ਸੁੱਢੋਂ ਰੱਦ ਕਰਦੇ ਹਨ, ਜਿੱਥੇ ਜਾਤ-ਪਾਤ ਵਿਚ ਵੱਡੇ-ਛੋਟੇ ਦਾ ਅੰਤਰ ਉਹਨਾਂ ਲਈ ਬੇਅਰਥ ਹੈ, ਉਥੇ ਸਮਾਜਕ ਆਰਥਿਕ ਅਸਮਾਨਤਾ ਨੂੰ ਵੀ ਆਪ ਪ੍ਰਵਾਨ ਨਹੀਂ ਕਰਦੇ। ਇਸ ਸਬੰਧ ਵਿਚ ਉਹਨਾਂ ਦੇ ਅਲੰਕ੍ਰਿਤ ਭਾਸ਼ਾ ਵਿਚ ਰਚੇ ਹੇਠ ਲਿਖੇ ਦੋਹੇ ਨੂੰ ਵਾਚਿਆ ਜਾ ਸਕਦਾ ਹੈ :

ਬੜਾ ਹੁਆ ਤੋ ਕਿਆ ਹੁਆ, ਜੈਸੇ ਪੇਡ ਖੰਜੂਰੁ
ਪੰਥੀ ਕੋ ਸਾਇਆ ਨਹੀਂ, ਫਲ ਲਾਗੈ ਅਤਿ ਦੂਰੁ

ਆਪ ਨੇ ਜੀਵ ਮਾਤਰ ਦੇ ਆਉਣ ਅਤੇ ਇਸ ਸੰਸਾਰ ਤੋਂ ਕੂਚ ਕਰਨ ਸਬੰਧੀ ਵੀ ਸਪਸ਼ਟ ਨਿਰਣਾ ਦਿੱਤਾ ਹੈ :

ਕਹਿਣਾ ਥਾ ਸੋ ਕਹਿ ਦੀਆ, ਅਬ ਕਛੂ ਕਹਾ ਨਾ ਜਾਇ।
ਏਕ ਰਹਾ ਦੂਜਾ ਗਇਆ, ਦਰੀਆ ਲਹਰ ਸਮਾਏ।
ਪਿੰਜਰ ਪ੍ਰੇਮ ਪਰਕਾਸਿਆ, ਜਾਗੀ ਜੋਤ ਅਨੰਤ।
ਸੰਸੈ ਛੂਟਾ ਭੈ ਮਿਟਾ, ਮਿਲਾ ਪਿਆਰਾ ਕੰਤ।

ਹਿੰਦੂ ਧਰਮ ਗ੍ਰੰਥਾਂ ਵਿਚ ਰਾਮ ਤੇ ਕ੍ਰਿਸ਼ਨ ਨੂੰ ਅਵਤਾਰ ਪ੍ਰਵਾਨ ਕੀਤਾ ਗਿਆ ਹੈ। ਭਾਵੇਂ ਕਬੀਰ ਜੀ ਨੇ ਵੀ ਪ੍ਰਭੂ ਲਈ ਥਾਂ-ਥਾਂ ਰਾਮ ਪਦ ਵਰਤਿਆ ਹੈ ਪਰ ਰਾਮ ਤੇ ਕ੍ਰਿਸ਼ਨ ਸਬੰਧੀ ਆਪ ਦਾ ਨਿਰਣਾ ਆਪ ਦੀ ਹੇਠ ਲਿਖੀ ਬਾਣੀ ਤੋਂ ਸਪਸ਼ਟ ਹੋ ਜਾਂਦਾ ਹੈ :

ਨਾ ਦਸ਼ਰਥ ਘਰਿ ਔਤਰਿ ਆਵਾ, ਨਾ ਲੰਕਾ ਕਾ ਰਾਂਵ ਸਤਾਵਾ।
ਦੇਵੈ ਕਖ ਨ ਔਤਰਿ ਆਵਾ, ਨਾ ਜਸੁਦੈ ਲੈ ਗੋਦ ਖੇਲਾਵਾ।
ਨਾ ਵੋ ਗਵਾਲਨ ਕੇ ਸੰਗ ਫਿਰਿਆ, ਗੋਵਰਧਨ ਲੇ ਨਾ ਕਰ ਧਰਿਆ।

ਉਪਰੋਕਤ ਪੰਕਤੀਆਂ ਸਪਸ਼ਟ ਕਰਦੀਆਂ ਹਨ ਕਿ ਆਪ ਰਾਮ ਅਤੇ ਕ੍ਰਿਸ਼ਨ ਨੂੰ ਵਿਅਕਤੀ ਮਾਤਰ ਮੰਨਦੇ ਹਨ, ਪ੍ਰਭੂ ਨਹੀਂ।

ਕਬੀਰ ਜੀ ਦੇ ਜੀਵਨ ਪ੍ਰਸੰਗਾਂ ਅਤੇ ਸਮੁੱਚੀ ਬਾਣੀ ਦੇ ਅਧਿਐਨ ਤੋਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਆਪ ਵਿਦਰੋਹੀ ਸੁਰ ਦੇ ਵਿਅਕਤੀਤਵ ਦੇ ਸੁਆਮੀ ਵੀ ਸਨ ਅਤੇ ਇਕ ਮਹਾਨ ਕਵੀ ਵੀ। ਆਪ ਦੀ ਬਾਣੀ 15ਵੀਂ ਸਦੀ ਦੀ ਉਹ ਸਾਹਿਤਕ ਸਮੱਗਰੀ ਹੈ, ਜਿਸ ਬਿਨ ਉਤਰੀ ਭਾਰਤ ਦਾ ਸਮੁੱਚਾ ਸਾਹਿਤ ਅਧੂਰਾ ਸਮਝਿਆ ਜਾਂਦਾ ਹੈ। ਆਪ ਦੀ ਭਾਸ਼ਾ ਆਪਣੇ ਸਮੇਂ ਦੀ ਸਾਧ ਬਾਣੀ ਹੈ, ਜਿਸ ਵਿਚ ਵਰਤਮਾਨ ਪੰਜਾਬੀ ਅਤੇ ਹਿੰਦੀ ਦੋਵੇਂ ਰੂਪ ਹੀ ਦੇਖੇ ਜਾ ਸਕਦੇ ਹਨ। ਪੰਜਾਬੀ ਨੇੜਤਾ ਨੂੰ ਦਰਸਾਉਣ ਲਈ ਅਸੀਂ ਉਪਰ ਜੋ ਕੁਝ ਕਬੀਰ ਜੀ ਦੇ ਨਾਂ ਉਤੇ ਦਿੱਤਾ ਹੈ, ਉਸ ਵਿਚ ਵੱਡਹ ਮਾਤਰਾ ਵਿਚ ਸ਼ਬਦ ਤੇ ਵਾਕ-ਅੰਸ਼ ਅਜਿਹੇ ਹਨ, ਜਿੰਨ੍ਹਾਂ ਦਾ ਸੁਭਾ ਤੇ ਉਚਾਰਨ 14ਵੀਂ-15ਵੀਂ ਸਦੀ ਦੀ ਪੰਜਾਬੀ ਦੇ ਵੀ ਨੇੜੇ ਸੀ ਅਤੇ ਅੱਜ ਦੀ ਪੰਜਾਬੀ ਦੇ ਵੀ ਪਰੰਤੂ ਅਸੀਂ ਇਸ ਵਿਚਲੇ ਹਿੰਦੀ ਰੰਗ ਤੋਂ ਵੀ ਇਨਕਾਰੀ ਨਹੀਂ ਹਾਂ।

## ਹੋਰ ਸੰਤ ਕਵੀ

ਉਪਰੋਕਤ ਮਹਾਨ ਭਗਤ ਕਵੀਆਂ ਤੋਂ ਬਿਨਾਂ ਕੁਝ ਹੋਰ ਭਗਤ ਕਵੀ ਵੀ ਹਨ, ਜਿੰਨ੍ਹਾਂ ਦੀ ਬਾਣੀ ਆਦਿ-ਕਾਲੀਨ ਭਾਰਤੀ/ਪੰਜਾਬੀ ਸਾਹਿਤ ਦੀ ਵਡਮੁੱਲੀ ਵਿਧੀ ਹੈ। ਉਹਨਾਂ ਦੇ ਜੀਵਨ ਅਤੇ ਸਾਹਿਤ ਰਚਨਾ ਸਬੰਧੀ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :

### ਸੰਤ ਤ੍ਰਿਲੋਚਨ ਜੀ

ਭਗਤ ਤ੍ਰਿਲੋਚਨ ਸੰਤ ਨਾਮਦੇਵ ਦੇ ਸਮਕਾਲੀ ਤੇ ਨਿਕਟਵਰਤੀ ਸਨ। ਤ੍ਰਿਲੋਚਨ ਦੇ ਗੁਰੂ ਵੀ ਸੰਤ ਗਿਆਨਦੇਵ ਜੀ ਸਨ। ਨਾਮਦੇਵ ਤੇ ਤ੍ਰਿਲੋਚਨ ਮਹਾਰਾਸ਼ਟਰ ਵਾਸੀ ਸਨ। ਆਪ ਦਾ ਜਨਮ ਵੈਸ਼ ਅਥਵਾ ਬਾਣੀਆਂ ਪਰਿਵਾਰ ਵਿਚ 1267 ਈ. ਵਿਚ ਹੋਇਆ। ਭਾਵੇਂ ਆਪ ਦੇ ਪਦ ਤਾਂ ਹੋਰ ਵੀ ਹਨ ਪਰ ਚਾਰ ਪਦ ਵੱਖ-ਵੱਖ ਰਾਗਾਂ ਵਿਚ ਆਦਿ ਗ੍ਰੰਥ ਵਿਚ ਦਰਜ ਹਨ। ਆਪ ਨੇ ਪ੍ਰਭੂ ਸਿਮਰਨ 'ਤੇ ਜ਼ੋਰ ਦਿੱਤਾ ਹੈ। ਇਕ ਪਦ ਦੀਆਂ ਇਹ ਸਤਰਾਂ ਵੇਖੋ :

ਅੰਤਿ ਕਾਲ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ<br>
ਬਦਤਿ ਤਿਲੋਚਨੁ ਤੇ ਨਰ ਮੁਕਤਾ[1] ਪੀਤੰਬਰੁ[2] ਵਾ ਕੇ[3] ਰਿਦੈ ਬਸੈ

1. ਮੁਕਤ ਹੋ ਜਾਂਦਾ ਹੈ, 2. ਪੀਲੇ ਵਸਤ੍ਰ ਧਾਰਨ ਕਰਨ ਵਾਲਾ ਸ੍ਰੀ ਕ੍ਰਿਸ਼ਨ, ਪਰਮਾਤਮਾ, 3. ਉਸਦੇ

ਇਸ ਤੋਂ ਇਲਾਵਾ ਭੇਖੀ ਸਾਧੂ-ਸੰਤਾਂ ਸਬੰਧੀ ਵੀ ਮਨੁੱਖ ਨੂੰ ਜਾਗਰੂਕ ਕੀਤਾ ਹੈ। ਸਾਰੀ ਬਾਣੀ ਮਰਾਠੀ ਅਤੇ ਉਸ ਦੌਰ ਦੀ ਸਾਧ ਭਾਸ਼ਾ ਵਿਚ ਹੈ। ਭਾਸ਼ਾ ਸਰਲ ਤੇ ਸਪਸ਼ਟ ਹੈ। ਹਾਂ, ਇਸ ਬਾਣੀ ਵਿਚ ਬਹੁਤੀ ਗਹਿਰਾਈ ਨਹੀਂ।

ਭਗਤ ਰਵਿਦਾਸ ਵਰਗੇ ਜਗਤ ਪ੍ਰਸਿੱਧ ਸੰਤ ਨੇ ਵੀ ਤ੍ਰਿਲੋਚਨ ਨੂੰ ਨਾਮਦੇਵ, ਕਬੀਰ, ਸਧਨਾ, ਸੈਨੁ ਆਦਿ ਭਗਤਾਂ ਸਮਾਨ ਮਹੱਤਵ ਦਿੰਦਿਆਂ ਲਿਖਿਆ ਹੈ :

ਨਾਮਦੇਵ ਕਬੀਰ ਤਿਲੋਚਨੁ ਸਧਨਾ ਸੈਨੁ ਤਰੈ।

## ਸੰਤ ਸਧਨਾ ਜੀ

ਸੰਤ ਸਧਨਾ ਜੀ 13ਵੀਂ-14ਵੀਂ ਸਦੀ ਦੇ ਭਗਤ ਕਵੀ ਮੰਨੇ ਜਾਂਦੇ ਹਨ। ਆਪ ਜਾਤ ਦੇ ਕਸਾਈ ਸਨ ਪਰ ਪਸ਼ੂ ਬਧ ਨਹੀਂ ਸਨ ਕਰਦੇ। ਮਾਸ ਲਿਆ ਕੇ ਵੇਚਦੇ ਸਨ। ਪ੍ਰਭੂ ਭਗਤੀ ਕਾਰਨ ਰਵਿਦਾਸ ਜੀ ਨੇ ਵੀ ਆਪ ਦਾ ਜ਼ਿਕਰ ਹੋਰ ਭਗਤ ਕਵੀਆਂ ਵਾਂਗ ਇਸ ਤਰ੍ਹਾਂ ਕੀਤਾ ਹੈ, ''ਨਾਮਦੇਵ, ਕਬੀਰੁ, ਤਿਲੋਚਨੁ, ਸਧਨਾ ਸੰਤਨੁ ਤਰੈ।'' ਆਪ ਦਾ ਇਕ ਸ਼ਬਦ ਰਾਗੁ ਬਿਲਾਵਲੁ ਵਿਚ 'ਆਦਿ ਗ੍ਰੰਥ' ਵਿਚ ਦਰਜ ਹੈ।

## ਸੰਤ ਜੈਦੇਵ ਜੀ

ਸੰਤ ਜੈਦੇਵ 13ਵੀਂ-14ਵੀਂ ਸਦੀ ਦੇ ਭਗਤ ਕਵੀ ਸਨ। ਆਪ ਪੰਜਾਬ ਨਾਲ ਸਬੰਧਤ ਸਨ। (ਬੰਗਾਲੀ ਜੈਦੇਵ ਇਕ ਹੋਰ ਭਗਤ ਕਵੀ ਹੈ) ਆਪ ਦੇ ਦੋ ਸ਼ਬਦ 'ਆਦਿ ਗ੍ਰੰਥ' ਵਿਚ ਦਰਜ ਹਨ।

## ਸੰਤ ਸੈਣੁ ਜੀ

ਸੰਤ ਸੈਣੁ ਜੀ ਕਬੀਰ, ਰਵਿਦਾਸ, ਪੀਪਾ, ਧੰਨਾ ਦੇ ਸਮਕਾਲੀ ਤੇ ਗੁਰੂ ਭਾਈ ਸਨ। ਸੁਆਮੀ ਰਾਮਾਨੰਦ ਦੇ ਸ਼ਿਸ਼ ਸੰਤ ਸੈਣੁ ਦਾ ਇਕ ਸ਼ਬਦ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸੰਤ ਸੈਣੁ ਜੀ ਨੂੰ ਕੁਝ ਵਿਦਵਾਨ ਮਹਾਂਰਾਸ਼ਟਰ ਦਾ ਜੰਮਪਲ ਦਸਦੇ ਹਨ ਪਰ ਬਹੁਤੇ ਵਿਦਵਾਨਾਂ ਵੱਲੋਂ ਆਪ ਨੂੰ ਅੰਮ੍ਰਿਤਸਰ ਖੇਤਰ ਦਾ ਜੰਮਪਲ ਦੱਸਿਆ ਗਿਅ ਹੈ। ਭਾਸ਼ਾ ਦੇ ਆਧਾਰ 'ਤੇ ਆਪ ਨੂੰ ਉਤਰੀ ਭਾਰਤ ਨਾਲ ਜੋੜਨਾ ਉਚਿਤ ਹੀ ਹੈ।

## ਸੰਤ ਪੀਪਾ ਜੀ

ਪੀਪਾ ਜੀ ਵੀ ਸੁਆਮੀ ਰਾਮਾਨੰਦ ਦੇ ਸ਼ਿਸ਼ ਦੱਸੇ ਜਾਂਦੇ ਹਨ। ਆਪ ਦਾ ਸਬੰਧ ਵੀ ਰਾਜਸਥਾਨ ਦੇ ਰਾਜ ਘਰਾਣੇ ਨਾਲ ਸੀ। ਪਰੰਤੂ ਪ੍ਰਭੂ ਪ੍ਰੇਮ ਕਾਰਨ ਆਪ ਨੇ ਰਾਜ ਸੁਖ ਛੱਡ ਕੇ ਭਗਤੀ ਨੂੰ ਤਰਜੀਹ ਦਿੱਤੀ। ਪੀਪਾ ਜੀ ਦਾ ਕੇਵਲ ਇਕ ਪਦਾ ਹੀ ਧਨਾਸਰੀ ਰਾਗ ਵਿਚ 'ਆਦਿ ਗ੍ਰੰਥ' ਵਿਚ ਦਰਜ ਹੈ।

## ਸੰਤ ਧੰਨਾ ਜੀ

ਸੰਤ ਧੰਨਾ ਜੀ ਇਕ ਮਸਤ-ਮੌਲਾ ਜੱਟ ਭਗਤ ਬਾਣੀ ਵਿਚ ਬਹੁ-ਚਰਚਿਤ 15ਵੀਂ ਸਦੀ ਦੇ ਇਕ ਭਗਤ ਕਵੀ ਵਜੋਂ ਜਾਣੇ ਜਾਂਦੇ ਹਨ। ਪਹਿਲਾਂ ਇਹ ਸਰਗੁਣ ਧਾਰਾ ਦੇ ਅਨੁਯਾਈ ਸਨ ਪਰੰਤੂ ਪਿੱਛੋਂ ਆਪ ਨਿਰਗੁਣ ਧਾਰਾ ਦੇ ਭਗਤ ਕਵੀ ਵਜੋਂ ਪ੍ਰਵਾਨ ਹੋਏ। ਹੋਰ ਬਹੁਤ ਸਾਰੇ ਭਗਤ ਕਵੀਆਂ ਵਾਂਗ ਆਪ ਵੀ ਸੁਆਮੀ ਰਾਮਾ ਨੰਦ ਦੇ ਸ਼ਿਸ਼ ਸਨ। ਭਗਤ ਧੰਨਾ ਜੀ ਦੇ ਚਾਰ ਸ਼ਬਦ 'ਆਦਿ ਗ੍ਰੰਥ' ਵਿਚ ਦਰਜ ਹਨ।

### ਸਿੱਟਾ

ਭਗਤੀ ਲਹਿਰ ਆਦਿ-ਕਾਲੀਨ (850-1526 ਈ.) ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਕ੍ਰਾਂਤੀਕਾਰੀ ਅਧਿਆਤਮਵਾਦੀ ਲਹਿਰ ਸੀ, ਜਿਸ ਵਿਚ ਨਿਰਾਕਾਰ ਬ੍ਰਹਮ ਦੀ ਉਪਾਸਨਾ, ਵਹਿਮਾਂ-ਭਰਮਾਂ ਅਤੇ ਜਾਤ-ਪਾਤ ਤੋਂ ਮੁਕਤੀ ਦੇ ਸੰਕਲਪ ਨੂੰ ਉਸ ਸਮੇਂ ਦੀ ਸਾਧ ਭਾਸ਼ਾ ਵਿਚ ਕਾਵਿ-ਬੱਧ ਕੀਤਾ ਗਿਆ ਹੈ। ਸੰਤ ਨਾਮਦੇਵ, ਕਬੀਰ ਜੀ ਅਤੇ ਰਵਿਦਾਸ ਜੀ ਵਰਗੀਆਂ ਕੌਮਾਂਤਰੀ ਪ੍ਰਸਿੱਧੀ ਦੀਆਂ ਸ਼ਖ਼ਸੀਅਤਾਂ ਇਸ ਲਹਿਰ ਦੀਆਂ ਪ੍ਰਵਕਤਾ ਸਨ। ਇਹਨਾਂ ਭਗਤ ਕਵੀਆਂ ਦੀ ਬਹੁਤੀ ਬਾਣੀ ਨੂੰ 'ਆਦਿ ਗ੍ਰੰਥ' ਵਿਚ ਦਰਜ ਕਰਨਾ ਇਸ ਤੱਥ ਦਾ ਪ੍ਰਮਾਣ ਹੈ ਕਿ ਮੁਗ਼ਲ ਕਾਲ ਤੋਂ ਪਹਿਲਾਂ ਭਾਰਤ ਵਿਚ ਜਿਸ ਕ੍ਰਾਂਤੀਕਾਰੀ ਅਧਿਆਤਮਵਾਦੀ ਲਹਿਰ ਦਾ ਆਰੰਭ ਹੋ ਚੁੱਕਾ ਸੀ, ਉਹ ਮੁਗ਼ਲ ਕਾਲ ਵਿਚ ਜਾ ਕੇ ਗੁਰਮਤਿ ਲਹਿਰ ਦੇ ਰੂਪ ਵਿਚ ਜਿਹੜੀਆਂ ਬੁਲੰਦੀਆਂ ਨੂੰ ਪਹੁੰਚੀ, ਉਸ ਨੇ ਸਮੁੱਚੀ ਕ੍ਰਾਂਤੀਕਾਰੀ, ਸੁਧਾਰਵਾਦੀ, ਲੋਕਪੱਖੀ, ਅਧਿਆਤਮਵਾਦੀ ਲਹਿਰ ਪੈਦਾ ਕਰਕੇ ਰਾਜਤੰਤਰੀ ਜ਼ੁਲਮਾਂ ਦੀਆਂ ਧੱਜੀਆਂ ਉਡਾ ਦਿੱਤੀਆਂ।

-----

## ਮੱਧ ਕਾਲ

ਪੰਜਾਬੀ ਸਾਹਿਤ ਦਾ ਆਰੰਭ ਅਸੀਂ 850 ਈਸਵੀ ਤੋਂ ਮੰਨਦੇ ਹਾਂ। ਪੰਜਾਬੀ ਸਾਹਿਤ ਦਾ ਆਦਿ-ਕਾਲ 850 ਈ.-1526 ਈ. ਤਕ ਦਾ ਹੈ। ਇਸ ਤੋਂ ਅਗਲੇ ਕਾਲ ਨੂੰ ਅਸੀਂ ਮੱਧ-ਕਾਲ ਕਹਿੰਦੇ ਹਾਂ। ਇਹ ਸਮਾਂ 1526 ਈ.-1708 ਈ. ਤਕ ਦਾ ਹੈ। ਇਸ ਨੂੰ ਮੁਗ਼ਲ ਕਾਲ ਵੀ ਕਿਹਾ ਜਾਂਦਾ ਹੈ। ਕਾਰਨ ਇਹ ਹੈ ਕਿ ਇਸ ਤੋਂ ਪਹਿਲਾਂ ਦੇ ਭਾਰਤ ਜਾਂ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੇ ਹਿੰਦੂ ਜਾਂ ਮੁਸਲਮਾਨ ਰਾਜਿਆਂ ਦਾ ਸਮਾਂ 9ਵੀਂ ਸਦੀ ਤੋਂ ਲੈ ਕੇ 15ਵੀਂ ਸਦੀ ਦੇ ਅੰਤ ਅਤੇ 16ਵੀਂ ਸਦੀ ਦੇ ਦੋ-ਢਾਈ ਦਹਾਕਿਆਂ ਤਕ ਫੈਲਿਆ ਹੋਇਆ ਹੈ। ਮੁਗ਼ਲ ਬਾਦਸ਼ਾਹ ਬਾਬਰ ਵੱਲੋਂ 1526 ਈ. ਵਿਚ ਭਾਰਤ ਉਤੇ ਜਿੱਤ ਪ੍ਰਾਪਤ ਕਰਕੇ ਜਿਹੜਾ ਰਾਜ ਪ੍ਰਾਪਤ ਕੀਤਾ, ਉਸ ਦਾ ਨਾਂ ਮੁਗ਼ਲ ਕਾਲ ਪ੍ਰਸਿੱਧ ਹੋਣਾ ਸੁਭਾਵਿਕ ਹੀ ਸੀ। ਬਾਬਰ, ਹਮਾਯੂੰ, ਜਹਾਂਗੀਰ, ਅਕਬਰ, ਸ਼ਾਹਜਹਾਂ ਅਤੇ ਔਰੰਗਜ਼ੇਬ ਸਭ ਮੁਗ਼ਲ ਬਾਦਸ਼ਾਹ ਸਨ ਅਤੇ ਇਹਨਾਂ ਦਾ ਰਾਜ 1526 ਈ. ਤੋਂ ਲੈ ਕੇ 1708 ਈ. ਤਕ ਦਾ ਹੈ। ਇਸ ਲਈ ਇਤਿਹਾਸਿਕ ਪੱਖੋਂ ਇਸ ਨੂੰ ਮੁਗ਼ਲ ਕਾਲ ਕਹਿਣਾ ਬਿਲਕੁਲ ਉਚਿੱਤ ਹੀ ਹੈ। ਭਾਵੇਂ ਕੁਝ ਸਮਾਂ ਸ਼ੇਰ ਸ਼ਾਹ ਸੂਰੀ ਨੇ ਵੀ ਭਾਰਤ ਉਤੇ ਰਾਜ ਕੀਤਾ ਪਰ ਉਸ ਦਾ ਰਾਜ ਕਾਲ ਮਹੱਤਵਪੂਰਨ ਹੋਣ ਦੇ ਬਾਵਜੂਦ ਵੀ ਰਾਜਨੀਤਿਕ ਪੱਖੋਂ ਬਹੁਤਾ ਵਰਣਨ ਯੋਗ ਨਹੀਂ ਹੈ। ਪੰਜਾਬੀ ਸਾਹਿਤ ਵਿਚ ਇਸ ਮੁਗ਼ਲ ਕਾਲ ਨੂੰ ਹੀ ਸਾਹਿਤਕ ਪੱਖੋਂ ਮੱਧ-ਕਾਲ ਦਾ ਨਾਂ ਦਿੱਤਾ ਗਿਆ।

ਇਹ ਮੱਧ ਕਾਲ/ਮੁਗ਼ਲ ਕਾਲ ਸਾਹਿਤਿਕ ਤੇ ਸਭਿਆਚਾਰ ਪੱਖੋਂ ਏਨਾ ਮਹੱਤਵਪੂਰਨ ਹੈ ਕਿ ਇਸ ਸਮੇਂ ਵਿਚ ਜਿਹੜਾ ਸਾਹਿਤ ਲਿਖਿਆ ਗਿਆ, ਉਸ ਦਾ ਮਹੱਤਵ ਬਹੁ-ਪੱਖੀ ਹੈ। ਇਸ ਕਾਲ ਵਿਚ ਹੀ ਗੁਰੂ ਨਾਨਕ ਦੇਵ ਜੀ (1469-1539) ਦਾ ਭਾਰਤੀ ਜਨ ਜੀਵਨ ਵਿਚ ਆਗਮਨ ਇਕ ਇਨਕਲਾਬੀ ਘਟਨਾ ਹੈ। ਉਹਨਾਂ ਦੀ ਕਾਵਿ ਰਚਨਾ ਧਾਰਮਿਕ, ਇਤਿਹਾਸਿਕ, ਸਮਾਜਿਕ ਅਤੇ ਸਭਿਆਚਾਰਿਕ ਪੱਖੋਂ ਅਦੁੱਤੀ ਹੈ। ਆਪ ਦੀ ਰਚਨਾ ਨਾਲ ਹੀ ਗੁਰਮਤਿ ਕਾਵਿਧਾਰਾ ਦਾ ਆਰੰਭ ਹੁੰਦਾ ਹੈ। ਗੁਰਮਤਿ ਕਾਵਿਧਾਰਾ ਵਿਚ ਇਸ ਦੌਰ ਦੇ ਜਿਹੜੇ ਹੋਰ ਕਵੀ ਆਉਂਦੇ ਹਨ, ਉਹਨਾਂ ਵਿਚ ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼

ਬਹਾਦਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ (1666 ਈ.-1708) ਦੀ ਰਚਨਾ ਵੀ ਗੁਰਮਤਿ ਸਾਹਿਤ ਦੇ ਘੇਰੇ ਵਿਚ ਆਉਂਦੀ ਹੈ। ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਗੁਰਮਤਿ ਸਾਹਿਤ ਜਾਂ ਗੁਰਬਾਣੀ ਦਾ ਉਦੈ ਗੁਰੂ ਸਾਹਿਬਾਨ ਦੀ ਕਾਵਿ ਰਚਨਾ ਨਾਲ ਹੋਇਆ, ਜਿਸ ਵਿਚ ਇਕ ਪਾਸੇ ਸਿੱਧ ਧਾਰਾ ਦਾ ਖੰਡਨ ਕੀਤਾ ਗਿਆ ਅਤੇ ਦੂਜੇ ਪਾਸੇ ਉਸ ਪ੍ਰਾਚੀਨ ਧਾਰਮਿਕ ਰਹੁ-ਰੀਤਾਂ ਨੂੰ ਅਪ੍ਰਵਾਨ ਕੀਤਾ ਗਿਆ, ਜਿਹਨਾਂ ਵਿਚ ਕਰਮ-ਕਾਂਡ ਅਤੇ ਮੂਰਤੀ ਪੂਜਾ ਦਾ ਪ੍ਰਚਲਨ ਵਹਿਮਾਂ-ਭਰਮਾਂ ਨੂੰ ਜਨਮ ਦਿੰਦਾ ਸੀ। ਇਸ ਲਈ ਮੱਧ ਕਾਲ ਤੋਂ ਪਹਿਲਾਂ ਪ੍ਰਚੱਲਿਤ ਸਗੁਨ ਅਤੇ ਨਿਰਗੁਣ ਧਾਰਾ ਵਿਚੋਂ ਗੁਰਮਤਿ ਸਾਹਿਤ ਵਿਚ ਨਿਰਗੁਣ ਧਾਰਾ ਨੂੰ ਆਪਣੇ ਵਿਸ਼ੇਸ਼ ਨਿਯਮਾਂ ਅਧੀਨ ਪ੍ਰਚੱਲਿਤ ਕੀਤਾ ਗਿਆ। ਗੁਰੂ ਸਾਹਿਬਾਨ ਤੋਂ ਇਲਾਵਾ ਜਿਹੜੇ ਕੁਝ ਹੋਰ ਕਵੀ ਇਸ ਧਾਰਾ ਦੇ ਅਨੁਸਾਰੀ ਜਾਪਦੇ ਹਨ, ਉਹਨਾਂ ਵਿਚ ਪੀਲੂ, ਕਾਨ੍ਹਾ, ਛੱਜੂ, ਵਲੀ ਰਾਮ, ਨਨੂਆ ਆਦਿ ਦਾ ਜ਼ਿਕਰ ਕਰਨਾ ਵੀ ਇੱਥੇ ਅਪ੍ਰਸੰਗਿਕ ਨਹੀਂ ਹੈ। ਭਾਵੇਂ ਇਹਨਾਂ ਨੂੰ ਗੁਰਮਤਿ ਧਾਰਾ ਦੇ ਕਵੀਆਂ ਵਜੋਂ ਪੂਰੀ ਤਰ੍ਹਾਂ ਪ੍ਰਵਾਨ ਤਾਂ ਨਹੀਂ ਕੀਤਾ ਜਾ ਸਕਦਾ ਪਰ ਇਹਨਾਂ ਵੱਲੋਂ ਮੋਟੇ ਤੌਰ ’ਤੇ ਗੁਰਮਤਿ ਧਾਰਾ ਦਾ ਸਮਰੱਥ ਕੀਤਾ ਗਿਆ ਹੈ। ਜੱਲ੍ਹਣ ਅਤੇ ਸੁਥਰਾ ਵੀ ਮੱਧ ਕਾਲ ਦੇ ਦੋ ਸਿੱਧੇ ਸਾਦੇ ਹਾਸ-ਰਸੀ ਕਵੀ ਹੋਏ ਹਨ। ਇਕ ਤਾਂ ਇਹਨਾਂ ਦੇ ਹਾਸ-ਰਸੀ ਟੋਟਕੇ ਆਮ ਜਨਤਾ ਵਿਚ ਬੜੇ ਪ੍ਰਵਾਨ ਚੜ੍ਹੇ ਹਨ ਅਤੇ ਦੂਜਾ ਸੁਥਰੇ ਸ਼ਾਹ ਤਾਂ ਗੁਰੂ ਘਰ ਦਾ ਨਿਕਟਵਰਤੀ ਵੀ ਰਿਹਾ ਹੈ। ਇਸ ਲਈ ਇਹਨਾਂ ਦੀ ਰਚਨਾ ਨੂੰ ਭਾਵੇਂ ਪੂਰੀ ਤਰ੍ਹਾਂ ਗੁਰਮਤਿ ਧਾਰਾ ਨਾਲ ਪ੍ਰਤੀਬੱਧ ਨਾ ਵੀ ਸਮਝੀਏ ਪਰ ਜਿੰਨੀ ਕੁ ਇਹਨਾਂ ਦੀ ਰਚਨਾ ਮਿਲਦੀ ਹੈ, ਉਹ ਗੁਰਮਤਿ ਧਾਰਾ ਦੀ ਵਿਰੋਧੀ ਬਿਲਕੁਲ ਨਹੀਂ ਹੈ। ਇਹਨਾਂ ਦਾ ਪੂਰਾ ਜ਼ਿਕਰ ਅੱਗੇ ਜਾ ਕੇ ਕਰਾਂਗੇ।

ਗੁਰਮਤਿ ਕਾਵਿ ਧਾਰਾ ਦੇ ਨਾਲ ਭਗਤੀ ਕਾਵਿ ਧਾਰਾ ਦਾ ਪ੍ਰਵਾਹ ਜੋ ਆਦਿ-ਕਾਲ ਵਿਚ ਹੀ ਆਪਣੀ ਸਿਖਰ ’ਤੇ ਪਹੁੰਚ ਚੁੱਕਿਆ ਸੀ। ਮੱਧ-ਕਾਲ ਵਿਚ ਵੀ ਦਿਸਦਾ ਪ੍ਰਭਾਵ ਬਿਲਕੁਲ ਖ਼ਤਮ ਨਹੀਂ ਸੀ ਹੋਇਆ। ਭਾਵੇਂ ਇਹ ਕਾਵਿ ਧਾਰਾ ਗੁਰਮਤਿ ਕਾਵਿ ਧਾਰਾ ਦੇ ਬਲਸ਼ਾਲੀ ਪ੍ਰਭਾਵ ਕਾਰਨ ਬਹੁਤ ਪਤਲੀ ਨਜ਼ਰ ਆਉਂਦੀ ਹੈ। ਮੱਧ ਕਾਲ ਦੀ ਦੂਜੀ ਪ੍ਰਮੁੱਖ ਧਾਰਾ ਕਿੱਸਾ ਕਾਵਿ ਹੈ। ਭਾਵੇਂ ਕਿੱਸਾ ਕਾਵਿ ਦਾ ਆਰੰਭ ਵੀ ਆਦਿ ਕਾਲ ਵਿਚ ਪੁਸ਼ਯ ਦੇ ਸੱਸੀ ਪੁੰਨੂੰ ਮੰਨਣ ਦੀ ਧਾਰਨਾ ਪ੍ਰਚੱਲਿਤ ਹੈ ਪਰ ਇਸ ਦਾ ਪ੍ਰਮਾਣਿਕ ਰੂਪ ਪੂਰੀ ਤਰ੍ਹਾਂ ਉਪਲਬਧ ਨਾ ਹੋਣ ਕਾਰਨ ਕਿੱਸਾ ਕਾਵਿ ਦਾ ਆਰੰਭ ਵੀ ਮੱਧ ਕਾਲ/ਮੁਗ਼ਲ ਕਾਲ ਤੋਂ ਵੀ ਮੰਨਿਆ ਜਾ ਸਕਦਾ ਹੈ। ਦਮੋਦਰ ਨੂੰ ਪੰਜਾਬੀ ਦਾ ਪਹਿਲਾ ਵੱਡਾ ਕਿੱਸਾ ਕਵੀ ਮੰਨਿਆ ਜਾ ਜਾਂਦਾ ਹੈ। ਉਸ ਦੀ ਇਕੋ ਇਕ ਰਚਨਾ ਕਿੱਸਾ ‘ਹੀਰ ਰਾਂਝਾ’ ਹੈ। ਖ਼ਾਸ ਗੱਲ ਇਹ ਹੈ ਕਿ ਦਮੋਦਰ ਆਪਣੇ ਆਪ ਨੂੰ ਅਕਬਰ ਦਾ ਸਮਕਾਲੀ ਦੱਸਦਾ ਹੈ ਅਤੇ ਹੀਰ ਰਾਂਝੇ ਦੀ ਕਹਾਣੀ ਨੂੰ ਅੱਖੀਂ ਡਿੱਠਾ ਕਹਿ ਕੇ ਆਲੋਚਕਾਂ ਤੇ ਪਾਠਕਾਂ ਦਾ ਉਚੇਚਾ ਧਿਆਨ ਖਿੱਚਦਾ ਹੈ। ਇਸ ਦਾ ਵਿਸਥਾਰ ਪੂਰਵਕ ਵਰਣਨ ਅਸੀਂ ‘ਕਿੱਸਾ ਕਾਵਿ’ ਸਿਰਲੇਖ ਅਧੀਨ ਅੱਗੇ ਚੱਲ ਕੇ ਕਰਾਂਗੇ।

ਕਿੱਸਾ ਕਾਵਿ ਦਾ ਦੂਜਾ ਵੱਡਾ ਕਵੀ ਪੀਲੂ ਹੈ, ਜਿਸ ਦਾ ਕਿੱਸਾ ‘ਮਿਰਜ਼ਾ ਸਾਹਿਬਾਂ’ ਵੀ ਪੰਜਾਬੀ ਕਿੱਸਾ ਕਾਵਿ ਵਿਚ ਮਹੱਤਤਾ ਰੱਖਦਾ ਹੈ। ਇਸ ਤੋਂ ਇਲਾਵਾ ਕੁਝ ਹੋਰ ਕਿੱਸਾਕਾਰ ਕਵੀ ਵੀ ਹੋਏ ਹਨ ਜੋ ਮੱਧ ਕਾਲੀਨ ਕਿੱਸਾ ਕਾਵਿ ਪ੍ਰੰਪਰਾ ਨੂੰ ਨਿਰੰਤਰਤਾ ਪ੍ਰਦਾਨ ਕਰਦੇ ਹਨ।

ਸੂਫ਼ੀ ਕਾਵਿ ਧਾਰਾ ਵੀ ਮੱਧ ਕਾਲ ਦੀ ਬਲਵਾਨ ਅਧਿਆਤਮਵਾਦੀ ਕਾਵਿ ਧਾਰਾ ਹੈ। ਭਾਵੇਂ ਇਸ ਧਾਰਾ ਦਾ ਆਰੰਭ ਆਦਿ ਕਾਲ ਵਿਚ ਸ਼ੇਖ਼ ਫ਼ਰੀਦ ਦੇ ਸ਼ਬਦਾਂ ਤੇ ਸਲੋਕਾਂ ਨਾਲ ਹੋ ਚੁੱਕਾ ਸੀ ਪਰ ਸ਼ਾਹ ਹੁਸੈਨ ਦੀਆਂ ਕਾਫ਼ੀਆਂ

ਨਾਲ ਸੂਫ਼ੀ ਕਾਵਿ ਧਾਰਾ ਵਸਤੂ ਤੇ ਵਿਧੀ ਪੱਖੋਂ ਨਵੇਂ ਪ੍ਰਤਿਮਾਨ ਸਿਰਜਦੀ ਹੈ। ਸੁਲਤਾਨ ਬਾਹੂ ਦੀ ਰਚਨਾ ਨਾਲ ਵੀ ਵਸਤੂ ਤੇ ਵਿਧੀ ਪੱਖੋਂ ਸੂਫ਼ੀ ਕਵਿਤਾ ਨੂੰ ਹੋਰ ਅਮੀਰੀ ਮਿਲਦੀ ਹੈ।

ਫ਼ਰਦ ਫ਼ਕੀਰ, ਦਾਨਾ ਤੇ ਵਜ਼ੀਰ ਮੱਧ ਕਾਲ ਦੇ ਤਿੰਨ ਹੋਰ ਸੂਫ਼ੀ ਕਵੀ ਹਨ, ਜਿੰਨ੍ਹਾਂ ਦੀ ਕਵਿਤਾ ਵਿਚ ਕਾਵਿ-ਰੂਪ ਪੱਖੋਂ ਵੀ ਵੰਨ-ਸੁਵੰਨਤਾ ਹੈ ਅਤੇ ਵਿਸ਼ਾ-ਵਸਤੂ ਪੱਖੋਂ ਵੀ ਭਗਤੀ ਦੇ ਨਾਲ ਨਾਲ ਮਸਤੀ ਦਾ ਰੰਗ ਗੂੜ੍ਹਾ ਹੈ। ਆਦਿ ਕਾਲ ਵਿਚ ਕੁਝ ਵਾਰਾਂ ਮਿਲਦੀਆਂ ਹਨ, ਜਿਨ੍ਹਾਂ ਨੂੰ ਧੁਨੀਆਂ ਦੀਆਂ ਵਾਰਾਂ ਕਹਿੰਦੇ ਹਨ। ਪਰ ਉਸੇ ਤਰ੍ਹਾਂ ਦੀਆਂ ਧੁਨੀਆਂ ਦੀਆਂ ਤਿੰਨ ਵਾਰਾਂ ਦਾ ਸਬੰਧ ਮੱਧ ਕਾਲ ਨਾਲ ਹੈ। ਇਸ ਦੌਰ ਵਿਚ ਹੀ ਢਾਡੀਆਂ ਨੇ ਜੋ ਗੁਰੂ ਘਰ ਦੇ ਨਿਕਟਵਰਤੀ ਸਨ। ਉਹਨਾਂ ਨੇ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਦੀ ਉਸਤਤ ਵਿਚ ਬੀਰ ਰਸੀ ਵਾਰਾਂ ਦੀ ਰਚਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਾਰ ਸ੍ਰੀ ਭਗੌਤਿ ਜੀ ਕੀ (ਚੰਡੀ ਦੀ ਵਾਰ) ਮੱਧ ਕਾਲ ਦੀ ਸਰਬ ਸ਼੍ਰੇਸਟ ਦੀ ਰਚੀ ਰਚਨਾ ਹੈ। ਭਾਵੇਂ ਗੁਰਮਤਿ ਸਾਹਿਤ ਸੀ ਜਾਂ ਹੋਰ ਧਾਰਮਿਕ ਸਾਹਿਤ ਜਾਂ ਫੇਰ ਸੂਫ਼ੀ ਕਾਵਿ, ਕੀਰਤਨ ਤੇ ਮਜਲਸਾਂ ਦੀ ਪ੍ਰੰਪਰਾ ਮੱਧ ਕਾਲ ਵਿਚ ਜਨ ਸਧਾਰਨ ਦੇ ਮਿਲ ਬੈਠਣ ਅਤੇ ਸਮੂਹ ਗਾਇਨ ਦੀ ਇਕ ਅਜਿਹੀ ਪ੍ਰੰਪਰਾ ਸੀ ਜੋ ਹੁਣ ਤਕ ਵੀ ਪ੍ਰਚੱਲਿਤ ਹੈ। ਸੰਗਤ, ਮਜਲਸ, ਸੱਥ ਆਦਿ ਸਾਰੀਆਂ ਜਨਤਕ ਮੇਲ-ਜੋਲ ਦੀਆਂ ਪ੍ਰੰਪਰਾਵਾਂ ਇਹਨਾਂ ਸਾਹਿਤਿਕ ਰੂਪਾਂ ਦੀ ਹੀ ਦੇਣ ਹਨ।

ਕੀਰਤਨ ਤੋਂ ਇਲਾਵਾ ਕੱਵਾਲੀਆਂ, ਕਾਫ਼ੀਆਂ, ਭਜਨਾਂ ਅਤੇ ਵਾਰਾਂ ਆਦਿ ਦੇ ਗਾਇਨ ਕਾਰਨ ਲੋਕਾਂ ਵਿਚ ਆਪਸੀ ਮੇਲ-ਜੋਲ ਇਸ ਤਰ੍ਹਾਂ ਵਧਿਆ ਕਿ ਬਾਦਸ਼ਾਹਾਂ ਦੀ ਲੋਕਾਂ ਨੂੰ ਇਕ ਫਿਰਕੇ ਤੋਂ ਦੂਜੇ ਤਕ ਦੂਰੀ ਰੱਖਣ ਦਾ ਕੋਈ ਵੀ ਢੰਗ-ਤਰੀਕਾ ਰਾਜਤੰਤਰ ਦੇ ਕੂੜ-ਕਪਟ ਵਧਾਉਣ ਵਿਚ ਸਹਾਈ ਸਿੱਧ ਨਾ ਹੋ ਸਕਿਆ।

ਮੱਧ ਕਾਲੀਨ ਕਾਲ ਵਿਚ ਪੰਜਾਬੀ ਸਾਹਿਤਿਕ ਪੱਖੋਂ ਇਕ ਵਡਮੁੱਲੀ ਦੇਣ ਇਹ ਵੀ ਹੈ ਕਿ ਵਾਰਤਕ ਰਚਨਾ ਦਾ ਪ੍ਰਚਲਨ ਇਸ ਕਾਲ ਤੋਂ ਹੀ ਹੋਇਆ ਹੈ। ਭਾਵੇਂ ਇਕ ਸੱਜਰੀ ਖੋਜ ਨਾਲ ਗੱਦ ਰਚਨਾ ਦੀ ਇਕ ਗੁੱਠ ਪੰਜਾਬੀ ਸਾਹਿਤ ਦੇ ਆਦਿ ਕਾਲ ਨਾਲ ਵੀ ਜੁੜ ਜਾਂਦੀ ਹੈ। ਆਦਿ ਕਾਲ ਦੀ ਇਕਾਦਸੀ ਮਹਾਤਮ ਵਾਰਤਕ ਰਚਨਾ ਹੈ ਪਰ ਵੱਡੀਆਂ ਤੇ ਵੰਨ-ਸੁਵੰਨੀਆਂ ਵਾਰਤਕ ਰਚਨਾਵਾਂ ਮੱਧ ਕਾਲ ਵਿਚ ਰਚੀਆਂ ਮਿਲਦੀਆਂ ਹਨ। ਜਨਮ ਸਾਖੀ, ਗੋਸਟ, ਟੀਕਾ, ਪ੍ਰਮਾਰਥ ਆਦਿ ਵਾਰਤਕ ਰਚਨਾਵਾਂ ਮੱਧ ਕਾਲ ਵਿਚ ਹੀ ਰਚੀਆਂ ਗਈਆਂ ਤੇ ਇਹਨਾਂ ਰਚਨਾਵਾਂ ਦੀ ਗਿਣਤੀ ਵੀ ਚੋਖੀ ਹੈ ਤੇ ਇਹਨਾਂ ਵਿਚ ਵੰਨ-ਸੁਵੰਨਤਾ ਵੀ ਬਹੁਤ ਹੈ।

ਮੱਧ ਕਾਲ ਦਾ ਲਗਭਗ 200 ਸਾਲ ਦਾ ਸਮਾਂ ਪੰਜਾਬੀ ਭਾਸ਼ਾ ਨੂੰ ਨਿਖਾਰਨ ਤੇ ਸੰਵਾਰਨ ਵਿਚ ਬੜਾ ਮਹੱਤਵਪੂਰਨ ਹੈ। ਨਾ ਸਿਰਫ਼ ਪੰਜਾਬੀ ਭਾਸ਼ਾ ਦਾ ਸਰੂਪ ਆਧੁਨਿਕ ਪੰਜਾਬੀ ਭਾਸ਼ਾ ਦੇ ਬਹੁਤ ਨੇੜੇ ਪਹੁੰਚ ਗਿਆ ਸੀ, ਸਗੋਂ ਗੁਰਮੁਖੀ ਲਿੱਪੀ ਵਿਚ ਪੰਜਾਬੀ ਲਿਖਣ ਦਾ ਰਿਵਾਜ ਵੀ ਮੱਧ ਕਾਲ ਦੀ ਹੀ ਦੇਣ ਹੈ।

ਸਮੁੱਚੇ ਤੌਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਇਸ ਮੱਧ ਕਾਲ ਦੀ ਪੰਜਾਬੀ ਸਾਹਿਤ ਤੇ ਗੁਰਮੁਖੀ ਲਿੱਪੀ ਨੂੰ ਸੰਵਾਰਨ, ਨਿਖਾਰਨ ਅਤੇ ਪੂਰੇ ਜਨ ਸਧਾਰਨ ਵਿਚ ਪ੍ਰਚੱਲਿਤ ਕਰਨ ਵਿਚ ਜਿਹੜੀ ਭੂਮਿਕਾ ਹੈ, ਉਸ ਦਾ ਇਤਿਹਾਸਿਕ, ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਮਹੱਤਵ ਹੈ।

– – – – –

# ਮੱਧ ਕਾਲੀਨ ਗੁਰਮਤਿ ਸਾਹਿਤ

ਮੱਧ ਕਾਲ ਦੀ ਪਹਿਲੀ ਸ਼ਕਤੀਸ਼ਾਲੀ ਸਾਹਿਤ ਧਾਰਾ ਦੀ ਬੁਨਿਆਦ ਅਧਿਆਤਮਵਾਦ ਉਤੇ ਟਿਕੀ ਹੋਈ ਹੈ, ਜਿਸ ਦੀਆਂ ਜੜ੍ਹਾਂ ਸਮਾਜਿਕ ਚੇਤਨਾ ਨਾਲ ਵੀ ਜੁੜੀਆਂ ਹੋਈਆਂ ਹਨ। ਮੱਧ ਕਾਲ ਵਿਚ ਭਗਤੀ ਮਾਰਗ ਦੀ ਇਹ ਧਾਰਾ ਸਭ ਤੋਂ ਵੱਧ ਵਿਕਸਿਤ ਹੋਈ ਅਤੇ ਇਸ ਦਾ ਪ੍ਰਸਾਰ ਪੰਜਾਬ ਤਕ ਹੀ ਸੀਮਿਤ ਨਾ ਰਿਹਾ, ਸਗੋਂ ਦੇਸ਼-ਵਿਦੇਸ਼ ਤਕ ਫੈਲ ਗਿਆ। ਇਹ ਮਾਰਗ ਸਿੱਖ ਗੁਰੂਆਂ ਦੀ ਅਗਵਾਈ ਵਿਚ ਜਿਸ ਤਰ੍ਹਾਂ ਨਾਲ ਵਿਕਸਿਤ ਹੋਇਆ, ਉਥੇ ਕਰਮ ਖੇਤਰ ਨੂੰ ਪ੍ਰਧਾਨਤਾ ਪ੍ਰਵਾਨ ਹੈ। ਉਹਨਾਂ ਅਨੁਸਾਰ ਸਮਾਜਿਕ ਵਿਕਾਸ ਦਾ ਆਧਾਰ ਗਿਆਨ ਹੈ। ਗੁਰਮਤਿ ਸਾਹਿਤ ਵਿਚ ਪ੍ਰੇਮਾ ਭਗਤੀ ਦਾ ਮਾਰਗ ਰਹੱਸਵਾਦੀ ਹੀ ਨਹੀਂ, ਸਗੋਂ ਬੌਧਿਕਤਾ ਇਸ ਭਗਤੀ ਧਾਰਾ ਦੀ ਬੁਨਿਆਦ ਹੈ। ਇਸ ਤਰ੍ਹਾਂ ਦਾ ਮਾਰਗ ਉਚੇਚ ਦੀ ਨਹੀਂ, ਸਹਿਜਤਾ ਦੀ ਮੰਗ ਕਰਦਾ ਹੈ। ਵਿਸ਼ੇਸ਼ਤਾ ਇਹ ਵੀ ਹੈ ਕਿ ਗੁਰੂ ਭਗਤੀ ਈਸ਼ਵਰ ਭਗਤੀ ਦੇ ਸਮਾਨ ਹੈ। ਅਧਿਆਤਮਿਕ, ਸਮਾਜਿਕ ਅਤੇ ਰਹੱਸਾਤਮਿਕਤਾ ਦੀ ਇਹ ਖੇਡ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜਾਂ ਗੁਰੂਆਂ ਅਤੇ ਫੇਰ ਨੌਵੇਂ ਤੇ ਦਸਵੇਂ ਸਿੱਖ ਗੁਰੂ ਦੇ ਸਾਹਿਤ ਰਾਹੀਂ ਸਮਝੀ ਜਾ ਸਕਦੀ ਹੈ। ਇਹਨਾਂ ਦੀ ਇਸ ਸਾਰੀ ਬਾਣੀ ਨੂੰ ਗੁਰਬਾਣੀ ਸਿਰਲੇਖ ਅਧੀਨ ਵਿਚਾਰਿਆ ਜਾ ਸਕਦਾ ਹੈ।

## ਗੁਰੂ ਨਾਨਕ ਦੇਵ (1469–1539 ਈ.)

ਗੁਰੂ ਨਾਨਕ ਦੇਵ ਜੀ ਗੁਰਮਤਿ ਸਾਹਿਤ ਧਾਰਾ ਦੇ ਮੋਢੀ ਹਨ। ਨਾ ਸਿਰਫ਼ ਸਾਹਿਤ ਧਾਰਾ ਦੇ ਹੀ, ਉਹ ਜਨ ਚੇਤਨਾ ਦੇ ਮੋਢੀ ਆਗੂ ਅਤੇ ਉਸਰੱਈਏ ਵੀ ਹਨ। ਉਹਨਾਂ ਦੀ ਅਧਿਆਤਮਿਕ ਚੇਤਨਾ ਦੀ ਇਕਮੁੱਠਤਾ ਨਿਰਾਕਾਰ ਪ੍ਰਮਾਤਮਾ ਦੇ ਨਾਲ ਜਾ ਜੁੜਦੀ ਹੈ ਅਤੇ ਦੂਜੀ ਸਮਾਜਿਕ ਅਗਵਾਈ ਨਾਲ। ਆਪ ਨੇ ਜਿਹੜੀ ਬਾਣੀ ਰਚੀ, ਉਹਨਾਂ ਬੰਦਾਂ ਦੀ ਗਿਣਤੀ 2949 ਹੈ ਅਤੇ ਗੁਰੂ ਸਾਹਿਬਾਨ ਵਿਚੋਂ ਗੁਰੂ ਅਰਜਨ ਦੇਵ ਨੂੰ ਛੱਡ ਕੇ ਗਿਣਾਤਮਕ ਪੱਖੋਂ ਇਹ ਸ਼ਬਦ ਸਾਧਨਾ ਸਭ ਤੋਂ ਵੱਧ ਹੈ। ਗੁਰੂ ਸਾਹਿਬ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :

1. ਜਪੁ, 2. ਸਿਧ ਗੋਸ਼ਟ, 3. ਰਾਗ ਆਸਾ ਪਟੀ, 4. ਆਸਾ ਦੀ ਵਾਰ, 5. ਮਾਝ ਦੀ ਵਾਰ, 6. ਮਲ੍ਹਾਰ ਦੀ ਵਾਰ, 7. ਤੁਖਾਰੀ ਰਾਗ ਦਾ ਬਾਰਾਂ ਮਾਹ, 8. ਸੋਹਿਲਾ, 9. ਪਹਰੇ, 10. ਵਣਜਾਰੇ, 11. ਅਲਾਹੁਣੀਆਂ, 12. ਬਾਬਰ ਬਾਣੀ,13. ਅਸਟਪਦੀਆਂ, 14. ਛੰਤ, 15. ਰੇਖਤਾ 16. ਸਲੋਕ ਆਦਿ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸ਼ਾਇਰ ਲਿਖ ਕੇ ਇਹ ਸਿੱਧ ਕੀਤਾ ਹੈ ਕਿ ਉਹ ਨਾ ਕੇਵਲ ਸਮਾਜਿਕ ਮਾਰਗ ਦਰਸ਼ਕ ਹੀ ਹਨ, ਸਗੋਂ ਕਾਵਿ ਕਲਾ ਰਾਹੀਂ ਆਪਣੇ ਮੱਤ ਦੀ ਪੈਰਵੀ ਲਈ ਕਵਿਤਾ ਰਾਹੀਂ ਗੱਲ ਕਹਿਣਾ ਜਾਣਦੇ ਹਨ 'ਨਾਨਕੁ ਸਾਇਰੁ ਏਵ ਕਹਤੁ' ਆਪ ਨੇ ਆਪਣੀ ਵਿਚਾਰਧਾਰਾ ਨੂੰ ਸਪਸ਼ਟ ਕਰਨ ਲਈ ਆਪਣੇ ਸਮਾਜਿਕ ਰੁਤਬੇ ਦੀ ਥਾਂ ਆਪਣੇ ਮਾਨਸਿਕ ਸੰਤੁਲਨ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ :

> ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚ॥
> ਨਾਨਕ ਤਿਨ ਕੇ ਸੰਗਿ ਸਾਥਿ, ਵਡਿਆਂ ਸਿਉ ਕਿਆ ਰੀਸ॥

(ੳ) ਆਤਮਾ ਤੇ ਪਰਮਾਤਮਾ ਦੇ ਸਬੰਧਾਂ ਰਾਹੀਂ ਪਰਮ ਸੱਚ ਦੀ ਢੂੰਡ/ਭਾਲ।

(ਅ) ਸਦਾਚਾਰਕ ਤੇ ਭਾਈਚਾਰਕ ਪੱਖਾਂ ਤੋਂ ਸਮਾਜ ਵਿਚ ਰਹਿੰਦਿਆਂ ਆਦਰਸ਼ਕ ਜ਼ਿੰਦਗੀ ਭੋਗਣ ਦੀ ਜੁਗਤ।

(ੲ) ਦੁਨੀਆਂ ਦੇ ਪ੍ਰਸਾਰ ਦਾ ਰਹੱਸ ਸਮਝਣ ਦੀ ਲੋੜ।

ਗੁਰੂ ਨਾਨਕ ਦੇਵ ਜੀ ਨੇ ਆਤਮਾ ਤੇ ਪਰਮਾਤਮਾ ਦੇ ਮਿਲਣ ਵਿਚੋਂ ਪਰਮ ਸੱਚ ਨੂੰ ਲੱਭਣ ਲਈ ਜਿਹੜੀ ਬਾਣੀ ਰਚੀ, ਭਾਵੇਂ ਉਹ ਸਾਰੀ ਹੀ ਇਸ ਮੁੱਖ ਆਸੇ ਤੋਂ ਦੂਰ ਨਹੀਂ ਜਾਂਦੀ ਪਰ ਜਪੁਜੀ, ਸਿੱਧ ਗੋਸ਼ਟ ਅਤੇ ਆਸਾ ਦੀ ਵਾਰ, ਮਾਝ ਦੀ ਵਾਰ, ਮਲ੍ਹਾਰ ਦੀ ਵਾਰ ਵਿਚ ਇਸ ਦੇ ਕੁੰਜੀਵਤ ਰੂਪ ਨੂੰ ਕਾਵਿ-ਬੱਧ ਕੀਤਾ ਹੈ, ਜਿਸ ਨੂੰ ਅਸੀਂ ਈਸ਼ਵਰ, ਪਰਮਾਤਮਾ ਜਾਂ ਸੱਚਾ ਸਾਹਿਬ ਕਹਿੰਦੇ ਹਾਂ, ਉਸ ਨੂੰ ਸਮਝਣ ਲਈ ਜਪੁਜੀ ਦਾ ਮੂਲ ਮੰਤਰ ਸਾਡੀ ਅਗਵਾਈ ਕਰਦਾ ਹੈ :

ੴ ਸਤਿਨਾਮ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥
ਜਪੁ॥

ਪਰ ਇਸ ਪਰਮ ਸੱਚ ਨੂੰ ਪ੍ਰਾਪਤ ਕਰਨ ਲਈ ਜੀਵ ਆਤਮਾ ਨੂੰ ਜਿਸ ਵਿਧੀ ਵਿਧਾਨ ਵਿਚੋਂ ਲੰਘਣਾ ਪੈਂਦਾ ਹੈ, ਉਸ ਨੂੰ ਜਿਸ ਸ਼ਬਦ ਰਾਹੀਂ ਜਪੁਜੀ ਵਿਚ ਕਾਵਿ ਅਭਿਵਿਅਕਤੀ ਪ੍ਰਦਾਨ ਕੀਤੀ ਗਈ ਹੈ, ਉਹ ਇਸ ਪ੍ਰਕਾਰ ਹੈ :

ਜਤੁ ਪਾਹਾਰਾ ਧੀਰਜ ਸਨਿਆਰ॥
ਅਹਰਣਿ ਮਤਿ ਵੇਦ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਡਾ ਭਾਉ ਅੰਮ੍ਰਿਤ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥31॥

ਉਪਰੋਕਤ ਮਾਰਗ ਨੂੰ ਸਹਿਜ ਅਤੇ ਚੇਤਨ ਰੂਪ ਵਿਚ ਗ੍ਰਹਿਣ ਕਰਨ ਲਈ ਨਾਨਕ ਬਾਣੀ ਦਾ ਵਿਧੀ ਵਿਧਾਨ ਵੀ, ‘‘ਕਾਮ, ਕਰੋਧ ਕਾਇਆ, ਕੋ ਗਾਲੈ’’ ਅਤੇ ‘‘ਹਉਮੈ ਦੀਰਘ ਰੋਗੁ ਹੈ’’ ਆਦਿ ਸੂਤਰਾਂ ਰਾਹੀਂ ਸਮਝਾਇਆ ਗਿਆ ਹੈ। ਅਧਿਆਤਮਿਕ ਮੰਜ਼ਿਲ ਦੀ ਪ੍ਰਾਪਤੀ ਅਸਲ ਵਿਚ ਜੀਵ ਆਤਮਾ ਨੂੰ ਜਿਸ ਅਵਸਥਾ ਵਿਚ ਲੈ ਜਾਂਦੀ ਹੈ; ਉਸ ਨੂੰ ਸਮਝਾਉਣ ਲਈ ਨਾਨਕ ਬਾਣੀ ਵਿਚਲੀ ਆਰਤੀ ਸਾਡਾ ਮਾਰਗ ਦਰਸ਼ਨ ਕਰਦੀ ਹੈ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥1॥
ਕੈਸੀ ਆਰਤੀ ਹੋਇ॥ ਭਵ ਖੰਡਨਾ, ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥1॥ ਰਹਾਉ (ਰਾਗ ਧਨਾਸਰੀ)

ਇਸ ਤਰ੍ਹਾਂ ਦਾ ਪ੍ਰਾਕ੍ਰਿਤਿਕ ਕਾਵਿ-ਚਿੱਤਰ ਜਿੱਥੇ ਸਮੁੱਚੇ ਬ੍ਰਹਿਮੰਡ ਦੀ ਕਾਵਿ-ਚਿੱਤਰਕਾਰੀ ਹੈ, ਉਥੇ ਜੀਵ ਆਤਮਾ ਨੂੰ ਇਹ ਉਹ ਸੋਝੀ ਹੈ, ਜਿਸ ਰਾਹੀਂ ਉਹ ਪੂਰੀ ਸ੍ਰਿਸਟੀ ਨੂੰ ਅਕਾਲ ਪੁਰਖ ਦੇ ਅਧੀਨ ਸਮਝਣ ਦੀ ਵਿਉਂਤ

ਸਹਿਜ ਰੂਪ ਵਿਚ ਸਿਰਜਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਮਾਂ ਸੱਤਾਧਾਰੀਆਂ ਵੱਲੋਂ ਜ਼ੁਲਮ, ਤਸ਼ੱਦਦ ਕਰਨ ਦਾ ਸਮਾਂ ਸੀ। ਇਸ ਲਈ ਉਹ ਇਸ ਜ਼ੁਲਮ ਵਿਰੁੱਧ ਜਿਹੜੀ ਰਾਜਨੀਤਿਕ ਚੇਤਨਾ ਜਗਾਉਂਦੇ ਹਨ। ਉਹਦੀ ਪਹਿਲਾਂ ਕਿਤੇ ਮਿਸਾਲ ਨਹੀਂ ਮਿਲਦੀ।

'ਰਾਜੇ ਸੀਹ ਮੁਕਦਮ ਕੁਤੇ' ਵਰਗੀ ਲਲਕਾਰ ਦਾ ਉਚਾਰਨਾ ਕਿਸੇ ਨਿਡਰ ਮਹਾਂ ਪੁਰਸ਼ ਦੇ ਹਿੱਸੇ ਹੀ ਆਉਂਦਾ ਹੈ। ਇਹੋ ਕਾਰਨ ਹੈ ਕਿ ਬਾਬਰ ਬਾਣੀ ਵਿਚ ਆਪ ਨੇ ਬਾਬਰ ਨੂੰ ਵੰਗਾਰਿਆ :

ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ, ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ, ਏਹਿ ਭੀ ਲੇਖੇ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ॥ (ਰਾਗ ਤਿਲੰਗ)

ਸਮਕਾਲੀ ਜ਼ਾਲਮ ਰਾਜਿਆਂ ਅਤੇ ਮੁਨਸਫ਼ਾਂ ਦੇ ਰਾਜ ਤੇ ਨਿਆਂ ਪ੍ਰਬੰਧ ਨੂੰ ਦਰਸਾਉਣ ਲਈ (ਜਿਸ ਤਰ੍ਹਾਂ ਅਸੀਂ ਉਪਰ ਵੀ ਇਸ਼ਾਰਾ ਕਰ ਆਏ ਹਾਂ) ਗੁਰੂ ਨਾਨਕ ਦੇਵ ਜੀ ਨੇ ਜੋ ਵੰਗਾਰ ਪੇਸ਼ ਕੀਤੀ; ਇਸ ਤਰ੍ਹਾਂ ਦੀ ਮਿਸਾਲ ਭਾਰਤੀ ਸਾਹਿਤ ਵਿਚ ਕਿਤੇ ਨਹੀਂ ਮਿਲਦੀ :

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥

ਇਸ ਤੱਤ ਨੂੰ ਹੋਰ ਪੁਸ਼ਟ ਕਰਨ ਲਈ ਨਾਨਕ ਬਾਣੀ ਵਿਚਲੀ ਹਰਮਨ ਪਿਆਰੀ ਕਾਵਿ-ਵੰਨਗੀ ਸਭ ਦਾ ਧਿਆਨ ਖਿੱਚਦੀ ਹੈ :

ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਰਾਜਨੀਤਿਕ ਚੇਤਨਾ, ਸਮਾਜਿਕ ਚੇਤਨਾ ਦੀ ਹੀ ਦੇਣ ਹੁੰਦੀ ਹੈ। ਜਿੱਥੇ ਸਮਾਜਿਕ ਕੁਕਰਮ ਅਸਮਾਨਤਾ ਅਤੇ ਵਹਿਮ, ਭਰਮ ਦਾ ਕੂੜ ਪਸਾਰਾ ਹੋਵੇ, ਉਥੇ ਇਸਤਰੀ-ਮਰਦ ਸਮਾਨਤਾ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਵਿਚ ਔਰਤ ਦੀ ਹਾਲਤ ਬਦ ਤੋਂ ਬਦਤਰ ਸੀ ਹੀ, ਉਸ ਨੂੰ ਜੀਵਨ ਦੇ ਮੁਢਲੇ ਅਧਿਕਾਰ ਤੋਂ ਵੀ ਵੰਚਿਤ ਕੀਤਾ ਹੋਇਆ ਸੀ। ਇਸ ਲਈ ਗੁਰੂ ਨਾਨਕ ਦੇਵ ਦਾ ਅਜਿਹੇ ਭ੍ਰਸ਼ਟ ਸਮਾਜ ਨੂੰ ਝੰਜੋੜਨਾ ਜ਼ਰੂਰੀ ਸੀ :

'ਭੰਡਿ ਜੰਮੀਐ ਭੰਡਿ ਨਿੰਮੀਐ'

ਤੇ

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'

ਜਿੱਥੇ ਇਸਤਰੀ ਸਮਾਨਤਾ ਨਾਨਕ ਬਾਣੀ ਵਿਚ ਪ੍ਰਮੁੱਖ ਸਰੋਕਾਰ ਵਜੋਂ ਅਭਿਵਿਅਕਤੀ ਗ੍ਰਹਿਣ ਕਰਦੀ ਹੈ, ਉਥੇ ਆਰਥਿਕ, ਸਮਾਜਿਕ ਸਮਾਨਤਾ ਦੇ ਹੋਰ ਸੂਤਰ ਵੀ ਇਸ ਤਰ੍ਹਾਂ ਕਾਵਿ-ਬੱਧ ਹੋਏ ਹਨ ਕਿ ਸਮੁੱਚੀ ਮਾਨਵਤਾ ਲਈ ਇਹ ਕਵਿਤਾ ਕਲਿਆਣਕਾਰੀ ਹੈ। ਜਦੋਂ ਗੁਰੂ ਨਾਨਕ ਦੇਵ ਇਹ ਫ਼ਰਮਾਉਂਦੇ ਹਨ, ''ਏਕ ਪਿਤਾ ਏਕਸ ਕੇ ਹਮ ਬਾਰਿਕ'' ਤਾਂ ਸਪਸ਼ਟ ਹੈ ਕਿ ਜਾਤ-ਪਾਤ ਤੇ ਊਚ-ਨੀਚ ਉਹਨਾਂ ਲਈ ਕੋਈ ਅਰਥ ਨਹੀਂ ਰੱਖਦੀ। ਇਸ ਲਈ ਉਹ ਆਪ ਲਿਖਦੇ ਹਨ :

ਜੇ ਸਕਤਾ ਸਕਤੇ ਕੋ ਮਾਰੇ
ਤਾ ਮਨ ਰੋਸ ਨਾ ਹੋਇ।

ਇਸ ਨੂੰ ਹੋਰ ਢੰਗ ਨਾਲ ਕਾਵਿ-ਬੱਧ ਕਰਨ ਹਿਤ ਹੇਠ ਲਿਖੀਆਂ ਸਤਰਾਂ ਸਾਡਾ ਧਿਆਨ ਖਿੱਚਦੀਆਂ ਹਨ :

ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ।
ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ॥

ਪਰ ਗੁਰੂ ਨਾਨਕ ਦੇਵ ਜੀ ਜਾਣਦੇ ਹਨ ਕਿ ਜਾਤਾਂ, ਧਰਮਾਂ ਦੇ ਸਭ ਵਖਰੇਵੇਂ ਫ਼ਜ਼ੂਲ ਹਨ। ਇਸ ਜਗਤ ਵਿਚ ਜੀਵ ਮਾਇਆ ਤੇ ਬ੍ਰਹਮ ਵਿਚਕਾਰ ਉਲਝਣ ਕਾਰਨ ਸੱਚ ਦੇ ਪੰਧ ਉਤੇ ਚੱਲਣ ਤੋਂ ਅਸਮਰਥ ਹੈ। ਆਪਣੇ ਇਸ ਗਿਆਨ ਨੂੰ ਅਤੇ ਜੀਵ ਦੇ ਭਿੰਨ-ਭਿੰਨ ਰੂਪਾਂ, ਵਿਸ਼ਵਾਸਾਂ ਅਤੇ ਮਾਨਸਿਕ ਝੁਕਾਵਾਂ ਦਾ ਵਿਸ਼ਲੇਸ਼ਣ ਉਹ ਇਸ ਤਰ੍ਹਾਂ ਕਰਦੇ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੇ ਪੂਜਾ ਕੋਈ ਸਿਰੁ ਨਿਵਾਇ॥2॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥3॥
ਕੋਈ ਕਹੇ ਤੁਰਕ ਕੋਈ ਕਹੇ ਹਿੰਦੁ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦ॥4॥
ਕੁਹ ਨਾਨਕ ਜਿਨਿ ਹੁਕਮ ਪਛਾਤਾ॥ ਪ੍ਰਭੂ ਸਾਹਿਬ ਕਾ ਤਿਨਿ ਭੇਦੁ ਜਾਤਾ॥5॥

ਮੁੱਕਦੀ ਗੱਲ ਇਹ ਹੈ ਕਿ ਗੁਰੂ ਨਾਨਕ ਬਾਣੀ ਬ੍ਰਹਮ ਜੀਵ-ਮਾਇਆ ਤੇ ਜਗਤ ਦੇ ਪਾਸਾਰੇ ਵਿਚ ਭਾਵੇਂ ਉਹ ਕਿਸੇ ਵੀ ਧਰਮ ਦਾ ਅਨੁਯਾਈ ਹੈ; ਜਗਤ ਮਾਇਆ ਛੱਡ ਕੇ ਜੇ ਜਗਤ ਤੋਂ ਦੂਰ ਹੁੰਦਾ ਹੈ ਤਾਂ ਉਹ ਬ੍ਰਹਮ ਵਿਚ ਅਭੇਦ ਹੋਣ ਦੀ ਅਵਸਥਾ ਤਕ ਪਹੁੰਚ ਸਕਦਾ ਹੈ ਪਰ ਇਹ ਸਭ ਪ੍ਰਾਪਤੀਆਂ ਜਿਸ ਤਰ੍ਹਾਂ ਅਸੀਂ ਉਪਰ ਦੱਸ ਆਏ ਹਾਂ, ਮਨੁੱਖ ਦੇ ਰਾਜਨੀਤਿਕ, ਸਮਾਜਿਕ, ਆਰਥਿਕ, ਬੌਧਿਕ ਅਤੇ ਆਤਮਿਕ ਵਰਤਾਰੇ ਨਾਲ ਜੁੜੀ ਹੋਈ ਕਹਾਣੀ ਹੈ। ਇਸ ਤੋਂ ਅੱਗੇ ਗੁਰਮਤਿ ਧਾਰਾ ਦੀ ਸਾਰੀ ਬਾਣੀ ਇਸ ਦਾ ਹੀ ਅਨੁਸਰਨ ਹੈ।

ਸ੍ਰਿਸ਼ਟੀ ਤੇ ਪ੍ਰਕਿਰਤੀ ਨੂੰ ਸਮਰੂਪ ਸਮਝਦਿਆਂ ਥਾਂ-ਥਾਂ ਪ੍ਰਕਿਰਤੀ ਦੀ ਉਸਤਤ ਕੀਤੀ ਗਈ ਹੈ। ਪ੍ਰਕਿਰਤੀ ਚਿਤਰਨ ਦਾ ਦ੍ਰਿਸ਼ ਬਨਸਪਤੀ ਤੋਂ ਲੈ ਕੇ ਜੀਵ ਜੰਤੂਆਂ ਤਕ ਫੈਲੇ ਹੋਏ ਹਨ। ਇਸ ਸਬੰਧ ਵਿਚ ਨਾਨਕ ਬਾਣੀ ਵਿਚ ਅਨੇਕ ਦ੍ਰਿਸ਼ ਚਿੱਤਰ ਉਪਲਬਧ ਹਨ।

ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ॥

ਜਾਂ

ਵਿਸਮਾਦ ਪਉਣ। ਵਿਸਮਾਦੁ ਪਾਣੀ॥
ਵਿਸਮਾਦ ਅਗਨੀ। ਖੇਡਹਿ ਵਿਡਾਣੀ॥

ਗੁਰੂ ਨਾਨਕ ਦੇਵ ਜੀ ਜ਼ਿੰਦਗੀ ਭਰ ਦੇਸ਼ ਦੇਸ਼ਾਂਤਰਾਂ ਦਾ ਭ੍ਰਮਣ ਕਰਦੇ ਰਹੇ। ਆਪ ਦੀਆਂ ਚਾਰ ਉਦਾਸੀਆਂ ਇਸ ਤੱਥ ਦਾ ਪ੍ਰਮਾਣ ਹਨ। ਇਸ ਕਾਰਨ ਆਪ ਦੀ ਰਚਨਾ ਵਿਚ ਬਹੁਭਾਂਤੀ ਰੰਗਾਂ ਦਾ ਨਿਰੂਪਣ ਸੁਭਾਵਿਕ ਹੀ ਹੈ। ਜਿੱਥੇ ਆਪ ਦੀ ਕਾਵਿ ਰਚਨਾ ਵਿਚ ਸੰਸਕ੍ਰਿਤ ਦੇ ਰੰਗ ਦੀ ਝਾਕੀ ਮਿਲਦੀ ਹੈ, ਉਥੇ ਅਰਬੀ, ਫ਼ਾਰਸੀ ਤੇ ਸਥਾਨਕ ਭਾਸ਼ਾਵਾਂ ਤੋਂ ਬਿਨਾਂ ਆਂਚਲਿਕ ਰੰਗ ਵੀ ਦ੍ਰਿਸ਼ਟਮਾਨ ਹੁੰਦਾ ਹੈ। ਇਸ ਤੋਂ ਇਲਾਵਾ ਲਹਿੰਦੀ ਦਾ ਪ੍ਰਭਾਵ ਵੀ ਕਿਤੇ ਕਿਤੇ ਦਿਖਾਈ ਦਿੰਦਾ ਹੈ। ਜਿਵੇਂ :

ਆਦਿ ਸਚੁ ਜਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਉਪਰਲੀ ਤੁਕ ਵਿਚ ਜਿੱਥੇ ਆਦਿ, ਜੁਗਾਦਿ ਸਿੱਧੇ ਸੰਸਕ੍ਰਿਤ ਭਾਸ਼ਾ ਦੇ ਤਤਸਮ ਸ਼ਬਦ ਹਨ, ਉਥੇ 'ਹੋਸੀ' ਸ਼ਬਦ ਲਹਿੰਦੀ ਉਪ-ਭਾਖਾ ਦਾ ਹੈ। ਇਸੇ ਤਰ੍ਹਾਂ ਅਰਬੀ, ਫ਼ਾਰਸੀ ਰੰਗ ਵੀ ਆਪ ਦੀ ਰਚਨਾ ਵਿਚ ਉਸ ਸਮੇਂ ਦੀ ਆਮ ਪ੍ਰਚੱਲਿਤ ਭਾਸ਼ਾ ਨਾਲ ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਵੇਂ :

ਕਿਵ ਸਚਿਆਰਾ ਹੋਵੇ ਕਿਵ ਕੂੜੇ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥

ਉਪਰੋਕਤ ਬਾਣੀ ਵਿਚ ਪਹਿਲੀ ਪੰਕਤੀ ਦੇ ਸਾਰੇ ਸ਼ਬਦ ਆਮ ਪੰਜਾਬੀ ਜੀਵਨ ਨਾਲ ਸਬੰਧਤ ਹਨ ਜਦਕਿ ਹੁਕਮਿ ਅਤੇ ਰਜਾਈ ਦੋਵੇਂ ਸ਼ਬਦ ਅਰਬੀ ਦੇ ਹਨ। ਇਹਨਾਂ ਸ਼ਬਦਾਂ ਦਾ ਨਾਨਕ ਬਾਣੀ ਵਿਚ ਆਉਣਾ ਗੁਰੂ ਸਾਹਿਬ ਦੇ ਅਰਬ ਦੇਸ਼ਾਂ ਦੇ ਭ੍ਰਮਣ ਦਾ ਸਿੱਟਾ ਵੀ ਹੋ ਸਕਦਾ ਹੈ ਅਤੇ ਭਾਰਤ ਵਿਚ ਅਰਬੀ ਭਾਸ਼ਾ ਅਤੇ ਇਸਲਾਮੀ ਕਲਚਰ ਦੇ ਭਾਰਤ ਵਿਚ ਪ੍ਰਚਲਨ ਦਾ ਸਿੱਟਾ ਵੀ ਪਰ ਇਹ ਤੱਥ ਸਪਸ਼ਟ ਹੈ ਕਿ ਆਪ ਨੇ ਕਿਸੇ ਵੀ ਭਾਸ਼ਾ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ, ਉਸ ਵਿਚ ਆਪਣੇ ਵਿਚਾਰਧਾਰਕ ਆਧਾਰ ਨੂੰ ਖੁਰਨ ਨਹੀਂ ਦਿੱਤਾ।

ਗੁਰੂ ਨਾਨਕ ਬਾਣੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਆਪ ਦੀਆਂ ਅਨੇਕਾਂ ਟੂਕਾਂ ਅਟੱਲ ਸੱਚਾਈਆਂ ਜਾਂ ਅਖਾਣ ਬਣ ਕੇ ਪੰਜਾਬੀ ਤੇ ਉਤਰੀ ਭਾਰਤ ਦੇ ਲੋਕਾਂ ਦੇ ਮੂੰਹ ਚੜ੍ਹ ਗਈਆਂ ਹਨ। ਜਿਵੇਂ :

ਨਾਨਕ ਦੁਖੀਆ ਸਭ ਸੰਸਾਰ।
ਮਿਠਤੁ ਨੀਵੀ ਨਾਨਕਾ, ਗੁਣ ਚੰਗਿਆਈਆ ਤਤ।
ਧਰ ਧਰ ਤਰਾਜੂ ਤੋਲੀਐ, ਨਿਵੈ ਸੁ ਗੌਰਾ ਹੋਇ।
ਮਾਇਆ ਧਾਰੀ ਅੰਨ੍ਹਾ, ਬੋਲਾ।
ਕੂੜਿ ਨਿਖੁਟੇ ਨਾਨਕਾ ਓੜਕ ਸਚ ਰਹੀ।
ਹਕ ਪਰਾਇਆ ਨਾਨਕਾ, ਉਸਿ ਸੂਅਰ, ਉਸਿ ਗਾਇ।
ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥

ਇਸ ਤਰ੍ਹਾਂ ਦੀਆਂ ਅਟੱਲ ਸੱਚਾਈਆਂ ਹੋਰ ਵੀ ਹਨ ਜੋ ਅੱਜ ਵੀ ਜਨ ਸਧਾਰਨ ਦੇ ਮੂੰਹ ਚੜ੍ਹੀਆਂ ਹੋਈਆਂ ਹਨ ਪਰ ਇੱਥੇ ਥਾਂ ਅਨੁਸਾਰ ਹੀ ਕੁਝ ਗਿਣਤੀ ਦੇ ਨਮੂਨੇ ਦਿੱਤੇ ਗਏ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਸ਼ਾਇਰ ਮੰਨਿਆ ਹੈ। ਇਸ ਲਈ ਆਪ ਦੀ ਭਾਸ਼ਾ ਅਲੰਕਾਰਾਂ, ਬਿੰਬਾਂ ਅਤੇ ਅਖਾਣਾਂ ਨਾਲ ਓਤ-ਪੋਤ ਹੈ। ਭਾਸ਼ਾ ਨੂੰ ਸੰਗੀਤਮਈ ਬਣਾਉਣ ਲਈ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਆਮ ਹੈ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਰੂਪਕਾਂ, ਦ੍ਰਿਸ਼ਟਾਂਤਾਂ, ਉਪਮਾਵਾਂ ਤੇ ਅਤਿਕਥਨੀਆਂ ਦੀ ਸਾਰੀ ਰਚਨਾ ਵਿਚ ਛਹਿਬਰ ਲੱਗੀ ਨਜ਼ਰ ਆਉਂਦੀ ਹੈ। ਕੁਝ ਨਮੂਨੇ ਵੇਖੋ :

**ਅਨੁਪ੍ਰਾਸ**

ਕਾਮਿ ਕ੍ਰੋਧ ਕਾਇਆ ਕੋ ਗਾਲੇ।

ਪੰਚ ਪਰਵਾਨ ਪੰਚ ਪਰਧਾਨ, ਪੰਚੇ ਭਾਵੇ ਦਰਗਾਹ ਮਾਨ॥
ਕੂੜ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰ॥

**ਦ੍ਰਿਸ਼ਟਾਂਤ/ਉਪਮਾ**

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥

**ਅਤਿਕਥਨੀ ਅਲੰਕਾਰ**

ਕਈ ਕੋਟਿ ਖਾਣੀ ਅਰੁ ਖੰਡ॥
ਕਈ ਕੋਟਿ ਅਕਾਸ ਬ੍ਰਹਮੰਡ॥

ਗੁਰੂ ਨਾਨਕ ਦੇਵ ਦੀ ਬਾਣੀ ਦੀ ਵਚਿੱਤਰਤਾ ਇਹ ਹੈ ਕਿ ਅਧਿਆਤਮਵਾਦੀ-ਰਸਵਾਦੀ ਸਿਰਜਣਾ ਦੇ ਬਾਵਜੂਦ ਇਸ ਵਿਚ ਉਸ ਤਰ੍ਹਾਂ ਦੀ ਰਸਦਾਇਕਤਾ ਵੀ ਹੈ ਜੋ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਬੀਰ-ਭਾਵੀ ਤੇ ਰੌਦਰ-ਭਾਵੀ ਬਣਾਉਂਦੀ ਹੈ। ਇਥੋਂ ਤਕ ਕਿ ਭਿਆਨਕ ਰਸਾਂ ਦੇ ਵਰਣਨ ਨਾਲ ਅਤੇ ਮਾਨਵੀ ਪਿਆਰ ਦੀ ਸੰਵੇਦਨਾ ਲਈ ਸ਼ਿੰਗਾਰਮਈ ਅਨੁਭੂਤੀ ਵੀ ਗੁਰੂ ਨਾਨਕ ਦੇਵ ਨੂੰ ਦਾਰਸ਼ਨਿਕ ਕਵੀ ਹੋਣ ਦੇ ਬਾਵਜੂਦ ਉਸ ਨੂੰ ਮਹਾਂ ਕਵੀ ਹੋਣ ਦਾ ਦਰਜਾ ਪ੍ਰਦਾਨ ਕਰਦੀ ਹੈ।

**ਸ਼ਿੰਗਾਰ ਰਸ**

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੀੜੀਆਹ॥
ਮਿਲਿ ਕੈ ਕਰਹ ਕਹਾਣੀਆ ਸਮ੍ਰਥ ਕੰਤ ਕੀਆਹੁ॥

**ਸ਼ਾਂਤ ਰਸ**

ਸੁਣਤੇ ਪੁਨੀਤ ਕਹਤੇ ਪਵਿਤ ਸਤਿਗੁਰੂ ਰਿਹਾ ਭਰਪੂਰੈ॥
ਬਿਨਵੰਤਿ ਨਾਨਕੁ ਗੁਰ ਚਰਨ ਲਾਗੈ ਵਾਜੇ ਅਨਹਦ ਤੂਰੈ॥

**ਭਿਆਨਕ ਰਸ**

ਭੈ ਵਿਚਿ ਪਵਣੁ ਵਹੈ ਸਦ ਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ, ਭੈ ਵਿਚਿ ਚੰਦੁ॥
ਕੋਹ ਕਰੋੜੀ, ਚਲਤ ਨ ਅੰਤੁ॥

ਇਸ ਤਰ੍ਹਾਂ ਨਾਨਕ ਬਾਣੀ ਵਿਚ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਹਿਤ ਥਾਂ-ਥਾਂ ਸ਼ਾਂਤ ਰਸ ਦੇ ਨਾਲ-ਨਾਲ ਹੋਰ ਰਸਾਂ ਨੂੰ ਸੁਤੇਸਿੱਧ ਸਥਾਨ ਮਿਲ ਗਿਆ ਹੈ। ਇਹ ਅਭਿਵਿਅਕਤੀ ਹੀ ਉਤਮ ਕਾਵਿ ਦਾ ਅਮੀਰੀ ਗੁਣ ਹੁੰਦਾ ਹੈ। ਮੱਧ ਕਾਲੀਨ ਕਾਵਿ ਵਿਚ ਉਂਜ ਤਾਂ ਸਾਰੀ ਕਵਿਤਾ ਹੀ ਰਾਗਾਤਮਿਕ ਤੇ ਛੰਦਾਤਮਿਕ ਹੈ।

ਨਾਨਕ ਬਾਣੀ 31 ਵਿੱਚੋਂ 19 ਰਾਗਾਂ ਵਿਚ ਰਚੀ ਗਈ ਹੈ। ਛੰਦਾਂ ਵਿਚ ਵੀ ਵਿਭਿੰਨਤਾ ਹੈ। ਦੋਹਰਾ, ਸੋਰਠਾ, ਸਵੱਯਾ, ਚੌਪਏ ਆਦਿ ਛੰਦਾਂ ਦੀ ਪ੍ਰਧਾਨਤਾ ਹੈ। ਵਾਰ-ਕਾਵਿ ਵਿਚ ਵਾਰ ਰਚਨਾ ਅਨੁਸਾਰ ਪਾਉੜੀਆਂ ਦੇ ਨਾਲ ਨਾਲ ਸਲੋਕ ਵੀ ਦਰਜ ਕੀਤੇ ਗਏ ਹਨ।

ਨਾਨਕ ਬਾਣੀ ਸਮੁੱਚੇ ਗੁਰਮਤਿ ਕਾਵਿ ਦਾ ਦਰਪਣ ਹੈ, ਜਿਸ ਵਿਚ ਬਲਵਾਨ ਅਧਿਆਤਮਵਾਦੀ ਕਾਵਿ ਰਾਹੀਂ ਮਨੁੱਖ ਮਾਤਰ ਦੀ ਅਗਵਾਈ ਕੀਤੀ ਗਈ ਹੈ।

## ਗੁਰੂ ਅੰਗਦ ਦੇਵ ਜੀ (1504-1552 ਈ.)

ਗੁਰੂ ਅੰਗਦ ਦੇਵ ਜੀ ਸਿੱਖ ਧਰਮ ਵਿਚ ਦੂਜਾ ਸਥਾਨ ਰੱਖਦੇ ਹਨ। ਗੁਰੂ ਨਾਨਕ ਦੇਵ ਜੀ ਪਿੱਛੋਂ ਆਪ ਜੀ ਨੂੰ ਦੂਜੇ ਗੁਰੂ ਵਜੋਂ ਮਾਨਤਾ ਪ੍ਰਾਪਤ ਹੋਣ ਦੇ ਕਈ ਕਾਰਨ ਹਨ। ਆਪ ਦੀ ਗੁਰੂ ਨਾਨਕ ਦੇਵ ਪ੍ਰਤੀ ਅਨਿਨ ਸ਼ਰਧਾ, ਆਤਮਿਕ ਸਮਰੱਥਾ, ਸਾਦਗੀ, ਨਿਮਰਤਾ ਆਦਿ ਗੁਣਾਂ ਕਾਰਨ ਆਪ ਨੂੰ ਇਕ ਤਾਂ ਸਿੱਖ ਧਰਮ ਦੇ, ਦੂਜੇ ਗੁਰੂ ਵਜੋਂ ਅਤੇ ਅਥਾਹ ਸਤਿਕਾਰ ਪ੍ਰਾਪਤ ਹੈ। ਉਂਜ ਅੰਗਦ ਸ਼ਬਦ ਦਾ ਅਰਥ ਸ਼ੋਭਾ ਦੇਣ ਵਾਲਾ ਭੁਜਬੰਦ ਹੈ। ਅਸੀਂ ਜਿਸ ਗੁਰੂ ਦੇ ਗੁਰਮਤਿ ਵਿਚ ਯੋਗਦਾਨ ਨੂੰ ਪੇਸ਼ ਕਰਨਾ ਹੈ, ਉਹ ਗੁਰੂ ਅੰਗਦ ਦੇਵ ਹੈ, ਜੋ ਗੁਰਮਤਿ ਦੇ ਪ੍ਰਚਾਰ ਲਈ ਹੀ ਨਹੀਂ, ਗੁਰਮੁਖੀ ਲਿੱਪੀ ਦੇ ਪ੍ਰਚਾਰ ਤੇ ਪਾਸਾਰ ਲਈ ਵੀ ਪ੍ਰਸਿੱਧ ਹਨ। ਮਹਾਨ ਕੋਸ਼ ਅਨੁਸਾਰ, ''ਸਿੱਖ ਕੌਮ ਦੇ ਦੂਜੇ ਪਾਤਸ਼ਾਹ, ਜਿਨ੍ਹਾਂ ਦਾ ਜਨਮ ਐਤਵਾਰ, ਵੈਸਾਖ ਵਦੀ 1 (5 ਵੈਸਾਖ) ਸੰਮਤ 1561 (31 ਮਾਰਚ, ਸੰਨ 1504) ਨੂੰ ਫੇਰੂ ਮੱਲ ਖੱਤਰੀ ਦੇ ਘਰ ਮਾਤਾ ਦਯਾ (ਦਇਆ) ਕੌਰਿ ਦੇ ਉਦਰ ਤੋਂ ਮਤੇ ਦੀ ਸਰਾਇ (ਜ਼ਿਲ੍ਹਾ ਫ਼ਿਰੋਜ਼ਪੁਰ) ਵਿਚ ਹੋਇਆ। ਇਹਨਾਂ ਦਾ ਪਹਿਲਾ ਨਾਉਂ ਲਹਿਣਾ ਸੀ, ਸੰਮਤ 1576 ਬਿਕਰਮੀ ਵਿਚ ਦੇਵੀ ਚੰਦ ਖੱਤਰੀ ਦੀ ਸੁਪੁਤ੍ਰੀ ਖੀਵੀ ਜੀ ਨਾਲ ਸੰਘਰ ਪਿੰਡ, ਜਿਸ ਦਾ ਹੁਣ ਖਡੂਰ ਪਾਸ ਥੇਹ ਹੈ, ਵਿਆਹ ਹੋਇਆ, ਜਿਸ ਤੋਂ ਦੋ ਪੁਤ੍ਰ ਦਾਸੂ ਜੀ ਅਤੇ ਦਾਤੂ ਜੀ ਅਤੇ ਦੋ ਪੁਤ੍ਰੀਆਂ ਬੀਬੀ ਅਮਰੋ ਅਤੇ ਅਣੋਖੀ ਜੀ ਜਨਮੇ।

ਲਹਿਣਾ ਜੀ ਆਪਣੇ ਪਿਤਾ ਵਾਂਙ ਦੇਵੀ ਭਗਤ ਸਨ ਅਤੇ ਦੇਵੀ ਦੇ ਭਗਤਾਂ ਦੀ ਜਮਾਤ ਦੇ ਮੁਖੀਏ ਹੋ ਕੇ ਦੁਰਗਾ ਦੇ ਦਰਸ਼ਨ ਨੂੰ ਹਰ ਸਾਲ ਜਾਇਆ ਕਰਦੇ ਸਨ। ਸੰਮਤ 1589 ਵਿਚ ਵੈਸ਼ਨਵ ਦੇਵੀ (ਨਾਨਕ ਪ੍ਰਕਾਸ਼ ਅਨੁਸਾਰ ਜਵਾਲਾਮੁਖੀ) ਦੀ ਯਾਤ੍ਰਾ ਜਾਂਦੇ ਹੋਏ ਕਰਤਾਰ ਪੁਰ ਸਤਿਗੁਰੂ ਨਾਨਕ ਦੇਵ ਨੂੰ ਮਿਲੇ, ਦਰਸ਼ਨ ਕਰਦੇ ਹੀ ਮਨ ਸ਼ਾਂਤ ਹੋ ਗਿਆ। ਗੁਰੂ ਉਪਦੇਸ਼ ਸੁਣ ਕੇ ਦੇਵੀ ਦੀ ਉਪਾਸਨਾ ਛੱਡ ਕੇ ਸਤਿਗੁਰੂ ਦੇ ਅਨਿਨ ਸਿੱਖ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਇਹਨਾਂ ਦੀ ਸੇਵਾ ਅਤੇ ਭਗਤੀ ਤੋਂ ਅਜਿਹੇ ਰੀਝੇ ਕਿ ਅੰਗਦ ਨਾਉਂ ਰੱਖ ਕੇ 17 ਹਾੜ੍ਹ, ਸੰਮਤ 1596 ਨੂੰ ਗੁਰਗੱਦੀ ਪੁਰ ਅਸਥਾਪਨ ਕਰ ਦਿੱਤੇ। ਆਪ ਨੇ 23 ਅੱਸੂ, ਸੰਮਤ 1596 ਤੋਂ ਗੁਰਤਾ ਦਾ ਕੰਮ ਅਰੰਭਿਆ ਅਤੇ ਪਰਮ-ਗੁਰੂ ਦੇ ਸਿੱਧਾਂਤ ਦਾ ਪ੍ਰਚਾਰ ਬਹੁਤ ਉੱਤਮ ਰੀਤੀ ਨਾਲ ਕੀਤਾ। ਸੰਮਤ 1598 ਵਿਚ ਗੁਰਮੁਖੀ ਅੱਖਰਾਂ ਵਿਚ ਵਿਦਯਾ ਦਾ ਪ੍ਰਚਾਰ ਜਾਤਿ ਪਾਤਿ ਦੇ ਲਿਹਾਜ ਬਿਨਾਂ ਅਰੰਭਿਆ। ਸੰਮਤ 1601 ਵਿਚ ਗੁਰੂ ਨਾਨਕ ਦੇਵ ਦੀ ਜਨਮਸਾਖੀ ਲਿਖਵਾਈ, ਜਿਸ ਦਾ ਵਿਗੜਿਆ ਸਰੂਪ ਇਸ ਵੇਲੇ ਭਾਈ ਬਾਲੇ ਵਾਲੀ ਸਾਖੀ ਹੈ। ਆਪ 3 ਵੈਸਾਖ (ਚੇਤ ਸੁਦੀ 4) ਸੰਮਤ 1609 (29 ਮਾਰਚ, ਸੰਨ 1552) ਨੂੰ ਖਡੂਰ ਵਿਚ 12 ਸਾਲ 9 ਮਹੀਨੇ 17 ਦਿਨ ਗੁਰੁਤਾ ਕਰਕੇ, ਅਤੇ ਸਾਰੀ ਅਵਸਥਾ 47 ਵਰ੍ਹੇ, 11 ਮਹੀਨੇ 29 ਦਿਨ ਭੋਗ ਕੇ ਜੋਤੀਜੋਤਿ ਸਮਾਏ।''

ਜਿੱਥੋਂ ਤਕ ਆਪ ਦੀ ਬਾਣੀ ਦਾ ਸਵਾਲ ਹੈ; ਜਿਵੇਂ 6 ਗੁਰੂਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਹਨਾਂ ਵਿਚੋਂ ਸਭ ਤੋਂ ਘੱਟ ਬਾਣੀ ਆਪ ਦੀ ਹੈ। ਆਪ ਜੀ ਨੇ ਕੇਵਲ 63 ਸਲੋਕਾਂ ਦੀ ਰਚਨਾ ਕੀਤੀ। ਇਹ ਸਲੋਕ ਵੀ ਇਕਸਾਰ ਨਹੀਂ ਹਨ। ਇਹਨਾਂ ਦੀਆਂ ਤੁਕਾਂ ਵੱਧ-ਘੱਟ ਹਨ ਪਰ ਲੈਅ-ਰਵਾਨੀ ਵਿਚ ਕੋਈ ਫ਼ਰਕ ਨਹੀਂ ਹੈ। ਗੁਰੂ ਨਾਨਕ ਦੇਵ ਜੀ ਦੇ ਰਾਹ 'ਤੇ ਚੱਲਦਿਆਂ ਆਪ ਨੇ ਨਿਰਾਕਾਰ ਪ੍ਰਭੂ ਦੀ ਅਰਾਧਨਾ, ਗੁਰੂ ਪ੍ਰਤੀ ਸੱਚੀ ਭਗਤੀ ਅਤੇ ਸਮਾਜਿਕ ਜ਼ਿੰਦਗੀ ਨੂੰ ਸੁਚੱਜੇ ਢੰਗ ਨਾਲ ਜਿਉਣ ਦਾ ਜੋ ਮਾਰਗ ਦਰਸ਼ਨ ਦਿਖਾਇਆ, ਉਹ ਸਰਲ, ਸੰਖੇਪ ਅਤੇ ਆਮ-ਫ਼ਹਿਮ ਪੰਜਾਬੀ ਵਿਚ ਹੈ।

ਪ੍ਰੇਮਾ-ਭਗਤੀ ਆਪ ਦੀ ਬਾਣੀ ਦਾ ਮੁੱਖ ਲਕਸ਼ ਹੈ। ਪ੍ਰੇਮਾ-ਭਗਤੀ ਨਾਲ ਹੀ ਮਨੁੱਖ ਆਪਣੇ ਲਕਸ਼ ਨੂੰ ਪ੍ਰਾਪਤ ਕਰ ਸਕਦਾ ਹੈ ਅਤੇ ਇਹ ਸਭ ਕੁਝ ਹਉਮੈ ਨੂੰ ਮਾਰ ਕੇ ਹੀ ਪ੍ਰਾਪਤ ਹੁੰਦਾ ਹੈ। ਗੁਰੂ ਦੀ ਮਹਿਮਾ ਪ੍ਰਤੀ ਆਪ ਦਾ ਇਹ ਸਲੋਕ ਵੇਖੋ :

ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੁੰਦਿਆਂ ਗੁਰੂ ਬਿਨ ਘੋਰ ਅੰਧਾਰ॥

ਪਰੰਤੂ ਗੁਰੂ ਮਾਰਗ 'ਤੇ ਚੱਲਣ ਦੇ ਬਾਵਜੂਦ ਵੀ ਤੇ ਆਪ ਦੇ ਇਹ ਸਲੋਕ ਜੀਵ-ਆਤਮਾ ਨੂੰ ਸਮਝੌਤੀ ਦਿੰਦੇ ਹਨ :

ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ॥

ਏਹ ਕਿਨੇਹੀ ਆਸਕੀ, ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ, ਸਦ ਹੀ ਰਹੈ ਸਮਾਇ॥

ਆਪ ਜੀ ਦੀ ਬਾਣੀ ਗੁਰੂ ਨਾਨਕ ਦੇਵ ਜੀ ਦੇ ਜਪੁਜੀ ਦੇ ਅੰਤਿਮ ਸਲੋਕ ਵਜੋਂ ਪੜ੍ਹੀ ਤੇ ਗਾਈ ਜਾਂਦੀ ਹੈ। ਇਹ ਸਲੋਕ ਗੁਰੂ ਨਾਨਕ ਦੇਵ ਦੇ ਮੂਲ-ਮੰਤਰ ਵਾਂਗ ਸਭ ਸਿੱਖਾਂ ਦੇ ਕੰਠ ਹਨ। ਇਹ ਸਲੋਕ ਵੇਖੋ :

ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ॥

ਮੋਕਸ਼ ਲਈ ਜਿਹੜਾ ਮਾਰਗ ਦਰਸ਼ਨ ਗੁਰੂ ਅੰਗਦ ਦੇਵ ਜੀ ਨੇ ਸਰਲ ਅਤੇ ਸੰਗੀਤਮਈ ਸੁਰ ਵਿਚ ਸਮਝਾਇਆ ਹੈ, ਉਸ ਦੀ ਤੁਲਨਾ ਉਪਦੇਸ਼ ਨਾਲ ਕੀਤੀ ਜਾ ਸਕਦੀ ਹੈ। ਜਿਹੜਾ ਗੂੜ੍ਹ ਹੋਣ ਦੇ ਬਾਵਜੂਦ ਸਰਲ ਤੇ ਸਪਸ਼ਟ ਹੈ।

## ਗੁਰੂ ਅਮਰ ਦਾਸ ਜੀ (1479–1571 ਈ.)

ਆਪ ਗੁਰੂ ਅੰਗਦ ਦੇਵ ਜੀ ਪਿੱਛੋਂ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਗੁਰਗੱਦੀ ਨਸ਼ੀਨ ਹੋਏ। ਮਹਾਨ ਕੋਸ਼ ਅਨੁਸਾਰ, "ਸਿੱਖ ਕੌਮ ਦੇ ਤੀਜੇ ਸਤਿਗੁਰੂ, ਜਿਨ੍ਹਾਂ ਦਾ ਜਨਮ ਵੈਸਾਖ ਸੁਦੀ 14, ਸੰਮਤ 1536 (10 ਜੇਠ, 1536, 5 ਮਈ, ਸੰਨ 1479) ਨੂੰ ਬਾਸਰਕੇ ਪਿੰਡ, ਤੇਜਭਾਨ (ਤੇਜੋ) ਭੱਲੇ ਖਤ੍ਰੀ ਦੇ ਘਰ ਮਾਤਾ ਸੁਲਖਣੀ (ਲਛਮੀ) ਤੋਂ ਹੋਇਆ। 11 ਮਾਘ ਸੰਮਤ 1559 ਨੂੰ ਸ਼੍ਰੀਮਤੀ ਮਨਸਾ ਦੇਵੀ ਜੀ ਨਾਲ ਵਿਆਹ ਹੋਇਆ, ਜਿਸ ਤੋਂ ਬੀਬੀ ਦਾਨੀ ਅਤੇ ਭਾਨੀ, ਬਾਬਾ ਮੋਹਨ ਅਤੇ ਮੋਹਰੀ ਜੀ ਜਨਮੇ। ਸੰਮਤ 1597 ਵਿਚ ਆਪ ਸ਼੍ਰੀ ਗੁਰੂ ਅੰਗਦ ਜੀ ਦੇ ਸਿੱਖ ਹੋਏ, ਅਤੇ ਐਸੀ ਕਠਿਨ ਨਿਸ਼ਕਾਮ ਸੇਵਾ ਕੀਤੀ, ਜਿਸ ਤੋਂ ਦੂਜੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ 3 ਵੈਸਾਖ ਸੰਮਤ 1609 ਨੂੰ ਗੁਰਗੱਦੀ ਬਖ਼ਸ਼ੀ।

ਆਪ ਨੇ ਸਿੰਘਾਸਨ 'ਤੇ ਵਿਰਾਜ ਕੇ ਸਿੱਖ ਧਰਮ ਦਾ ਉੱਤਮ ਪ੍ਰਚਾਰ ਕੀਤਾ। ਦੇਸ਼ ਦੇਸ਼ਾਂਤਰਾਂ ਵਿਚ ਪ੍ਰਚਾਰਕ ਭੇਜੇ ਅਤੇ ਧਰਮਸ਼ਾਲਾਂ ਥਾਪੀਆਂ। ਇੱਕ ਪੰਗਤਿ ਵਿੱਚ ਭੋਜਨ ਛਕਣ ਦੀ ਰੀਤੀ ਚਲਾ ਕੇ ਪਰਸਪਰ ਦੀ ਗਿਲਾਨੀ ਮਿਟਾਈ। ਅੰਮ੍ਰਿਤਸਰ ਜੀ ਦੀ ਥਾਂ ਆਪ ਨੇ ਹੀ ਗੁਰੂ ਰਾਮ ਦਾਸ ਜੀ ਨੂੰ ਦੱਸ ਕੇ ਤਾਲ ਬਣਾਉਣ ਦੀ ਆਗਯਾ ਦਿੱਤੀ ਸੀ। ਗੋਇੰਦਵਾਲ ਨੂੰ ਭਾਰੀ ਰੌਣਕ ਦਿੱਤੀ। ਰੋਗੀਆਂ ਦੇ ਰੋਗ ਦੂਰ ਕਰਨ ਦੇ ਯਤਨ ਕੀਤੇ। ਸਭ ਦੇ ਹਿਤ ਲਈ ਸੰਮਤ 1616 ਵਿੱਚ ਚੁਰਾਸੀ ਪੌੜੀਆਂ ਦੀ ਬਾਵਲੀ ਰਚੀ। ਭਾਦੋਂ ਸੁਦੀ 15 ਸੰਮਤ 1631 (2 ਅੱਸੂ ਸੰਮਤ 1631, 1 ਸਤੰਬਰ ਸੰਨ 1574) ਨੂੰ ਆਪ ਜੋਤੀਜੋਤਿ ਸਮਾਏ। 22 ਵਰ੍ਹੇ 5 ਮਹੀਨੇ ਗੁਰਿਆਈ ਕੀਤੀ ਅਤੇ 95 ਵਰ੍ਹੇ 3 ਮਹੀਨੇ 23 ਦਿਨ ਸਾਰੀ ਅਵਸਥਾ ਭੋਗੀ।"

ਆਪ ਜੀ ਦੀ ਬਾਣੀ ਜਿਹੜੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸ ਦੀਆਂ 2522 ਤੁਕਾਂ ਹਨ ਅਤੇ 896 ਬੰਦ ਹਨ। ਆਪ ਦੀ ਬਾਣੀ ਦਾ ਸਿੱਖ ਧਰਮ ਵਿਚ ਅਸਧਾਰਨ ਮਹੱਤਵ ਹੈ। ਆਨੰਦ ਸਾਹਿਬ ਆਪ ਦੀ ਇਕ ਅਜਿਹੀ ਰਚਨਾ ਹੈ, ਜੋ ਸਿੱਖ ਜੀਵਨ-ਜਾਚ ਨਾਲ ਜੁੜੀ ਹੋਈ ਹੈ। ਇਸ ਦੇ ਪਾਠ ਬਿਨਾਂ ਸਿੱਖ ਧਰਮ ਦੇ ਅਨੁਯਾਈ

ਕੋਈ ਵੀ ਵੱਡੀ ਰਸਮ ਸੰਪੂਰਨ ਨਹੀਂ ਸਮਝਦੇ। ਕਿਸੇ ਵੀ ਭੋਗ, ਖ਼ਾਸ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਦੇ ਅੰਤ ਉਤੇ ਆਨੰਦ ਸਾਹਿਬ ਦਾ ਪਾਠ ਅਤਿ ਜ਼ਰੂਰੀ ਹੈ। ਇਸ ਤੋਂ ਇਲਾਵਾ ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

(1) ਰਾਗ ਰਾਮਕਲੀ ਵਿਚ ਅਨੰਦ ਸਾਹਿਬ, ਪਟੀ (2) ਰਾਗ ਗੁਜਰੀ (3) ਰਾਗ ਸੂਹੀ (4) ਰਾਗ ਰਾਮਕਲੀ ਤੇ ਮਾਰੂ ਵਿਚ ਚਾਰ ਵਾਰਾਂ (5) ਸ਼ਬਦ, ਅਸਟਪਦੀਆਂ ਤੇ ਸਲੋਕ ਆਦਿ।

ਉਪਰੋਕਤ ਸਾਰੀਆਂ ਰਚਨਾਵਾਂ ਤੋਂ ਇਲਾਵਾ ਆਪ ਨੇ ਫ਼ਰੀਦ, ਕਬੀਰ ਤੇ ਹੋਰ ਭਗਤ ਕਵੀਆਂ ਦੀ ਬਾਣੀ ਇਕੱਤਰ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ। ਭਾਵੇਂ ਆਪ ਨੇ ਫ਼ਰੀਦ ਜੀ ਦੀ ਬਾਣੀ ਨੂੰ ਇਕੱਤਰ ਵੀ ਕੀਤਾ ਜਾਂ ਸੰਭਵ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵੀ ਫ਼ਰੀਦ ਬਾਣੀ ਇਸ ਗੁਰੂ ਅਮਰ ਦਾਸ ਤੋਂ ਪਹਿਲਾਂ ਹੀ ਇਕੱਤਰ ਕਰ ਲਈ ਸੀ ਪਰ ਫ਼ਰੀਦ ਜੀ ਦੇ ਜਿਹੜੇ ਸਲੋਕ ਗੁਰਬਾਣੀ ਦੇ ਅਨੁਕੂਲ ਨਹੀਂ ਸਨ, ਉਹਨਾਂ ਸਬੰਧੀ ਗੁਰੂ ਅਮਰ ਦਾਸ ਜੀ ਦੇ ਸਲੋਕਾਂ ਦਾ ਫ਼ਰੀਦ ਬਾਣੀ ਦੇ ਨਾਲ ਦਰਜ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਅਮਰ ਦਾਸ ਇਕ ਵਿਵੇਕਸ਼ੀਲ ਤੇ ਸੂਖਮ ਸੁਭਾ ਦੇ ਮਾਲਕ ਸਨ ਅਤੇ ਗੁਰੂ ਨਾਨਕ ਦੇਵ ਦੁਆਰਾ ਨਿਰਧਾਰਿਤ ਗੁਰਮਤਿ ਮਾਰਗ ਨੂੰ ਖ਼ੂਬ ਸਮਝਦੇ ਸਨ।

ਆਪ ਦੀ ਰਚਨਾ ਵਿਚ ਸੂਖਮਤਾ ਦੇ ਨਾਲ-ਨਾਲ ਗੰਭੀਰਤਾ ਵੀ ਹੈ। ਉਪਰੋਕਤ ਬਾਣੀ 17 ਰਾਗਾਂ ਵਿਚ ਹੈ। ਆਪ ਦੀ ਬਾਣੀ ਵਿਚ ਭਾਵ ਤੇ ਬੁੱਧੀ ਦਾ ਜੋ ਸੁਮਿਸ਼ਰਨ ਹੈ, ਉਸ ਦਾ ਨਮੂਨਾ ਅਨੰਦ ਸਾਹਿਬ ਵਿਚੋਂ ਦਿੱਤਾ ਜਾ ਰਿਹਾ ਹੈ :

ਏ ਮਨ ਮੇਰਿਆ ਤੂੰ ਸਦਾ ਰਹੁ ਹਰਿ ਨਾਲੇ॥<br>
ਹਰਿ ਨਾਲ ਰਹੁ ਤੂੰ ਮਨ ਮੇਰੇ, ਦੂਖ ਸਭਿ ਵਿਸਾਰਣਾ॥<br>
ਅੰਗੀਕਾਰ ਉਹ ਕਰੇ ਤੇਰਾ, ਕਾਰਜ ਸਭਿ ਸਵਾਰਣਾ॥<br>
ਸਭਨਾ ਗਲਾ ਸਮਰਥੁ ਸੁਆਮੀ, ਸੋ ਕਿਉ ਮਨਹੁ ਵਿਸਾਰੈ॥<br>
ਕਹੈ ਨਾਨਕ ਮਨ ਮੇਰੇ, ਸਦਾ ਰਹੁ ਹਰਿ ਨਾਲੈ॥

ਆਪ ਨੇ ਨਾ ਸਿਰਫ਼ ਆਤਮਾ/ਪਰਮਾਤਮਾ ਮਿਲਣ ਦੀਆਂ ਅਲੌਕਿਕ ਭਾਵਨਾਵਾਂ ਹੀ ਪ੍ਰਗਟਾਈਆਂ ਹਨ ਬਲਕਿ ਸਮਾਜ ਵਿਚ ਪਸਰੇ ਊਚ-ਨੀਚ ਅਤੇ ਜਾਤ-ਪਾਤ ਦੇ ਭੇਦਾਂ ਦਾ ਵੀ ਖੰਡਨ ਕੀਤਾ ਹੈ :

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥<br>
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥

ਪਰ ਆਪ ਨੇ ਨਾਲ ਹੀ ਮਨ ਵਿਚ ਉਤਪੰਨ ਹੋਣ ਵਾਲੇ ਉਹਨਾਂ ਦੁਰਭਾਵਾਂ ਨੂੰ ਵੀ ਕਾਵਿ-ਅਭਿਵਿਅਕਤੀ ਪ੍ਰਦਾਨ ਕੀਤੀ ਹੈ ਜੋ ਜਾਤ-ਪਾਤ ਦੇ ਨਾ ਭੇਦ ਰੱਖਣ ਵਾਲੇ ਮਨੁੱਖਾਂ ਵਿਚ ਪੈਦਾ ਹੁੰਦੀ ਹੈ :

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥<br>
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥

ਇਸ ਤਰ੍ਹਾਂ ਭਾਵ ਦੇ ਨਾਲ-ਨਾਲ ਤਰਕ ਆਪ ਦੀ ਬਾਣੀ ਦੀ ਬੁਨਿਆਦ ਹੈ। ਗੁਰੂ ਨਾਨਕ ਦੇਵ ਜੀ ਵਾਂਗ ਆਪ ਦੀ ਬਾਣੀ ਵਿਚ ਅਖਾਣ ਬਣਨ ਦੀ ਵੀ ਸਮਰੱਥਾ ਹੈ। ਸਰਲ ਪਰ ਤਰਕ-ਪੂਰਨ ਜਿਹੜੀਆਂ ਕੁਝ ਅਟੱਲ ਸੱਚਾਈਆਂ ਆਪ ਦੀ ਬਾਣੀ ਵਿਚ ਦਰਜ ਹਨ, ਉਹਨਾਂ ਦਾ ਇਕ ਨਮੂਨਾ ਪੇਸ਼ ਹੈ :

ਐਸਾ ਕੰਮੁ ਮੂਲੇ ਨਾ ਕੀਚੈ, ਜਿਤੁ ਅੰਤਿ ਪਛੋਤਾਈਐ॥

ਆਪ ਨੇ ਈਸ਼ਵਰ ਦੇ ਨਾਲ-ਨਾਲ ਗੁਰੂ ਦੇ ਮਹੱਤਵ ਨੂੰ ਅਨੰਦ ਸਾਹਿਬ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ :

ਆਨੰਦ ਭਇਆ ਮੇਰੀ ਮਾਏ, ਸਤਗੁਰੂ ਮੈ ਪਾਇਆ॥<br>
ਸਤਿਗੁਰੂ ਤ ਪਾਇਆ ਸਹਜ ਸੇਤ, ਮਨ ਵਜਿਆ ਵਧਾਈਆ॥<br>
ਜਿਨ ਭੂਖਾ ਸਭਿ ਗਵਾਈਆ॥<br>
ਸਦਾ ਕੁਰਬਾਨ ਕੀਤਾ ਗੁਰੂ ਇਹੁ, ਜਿਸ ਦੀਆ ਏਹ ਵਡਿਆਈਆ॥

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰ ਦਾਸ ਦੀ ਬਾਣੀ ਗੁਰੂ ਦੀ ਅਨੁਸਾਰੀ ਵੀ ਹੈ ਅਤੇ ਭਾਸ਼ਾ ਪੱਖੋਂ ਜਾਂ ਤਾਂ ਉਹਨਾਂ ਦਾ ਸਮਰਥਨ ਕਰਦੀ ਹੈ ਅਤੇ ਜਾਂ ਉਹਨਾਂ ਦਾ ਪਾਸਾਰ ਤੇ ਵਿਸਥਾਰ ਕਰਦੀ ਹੈ।

## ਗੁਰੂ ਰਾਮ ਦਾਸ ਜੀ (1534-1581 ਈ.)

ਗੁਰੂ ਅਮਰ ਦਾਸ ਪਿੱਛੋਂ ਰਾਮ ਦਾਸ ਨੂੰ ਚੌਥੇ ਗੁਰੂ ਵਜੋਂ ਗੁਰੂਗੱਦੀ ਪ੍ਰਾਪਤ ਹੋਈ। ਆਪ ਦੀ ਸਾਰੀ ਬਾਣੀ ਗੁਰੂ ਆਸੇ ਅਨੁਕੂਲ ਹੈ। ਆਪ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ। ਗੁਰੂ ਰਾਮ ਦਾਸ ਦੀ ਬਾਣੀ 30 ਰਾਗਾਂ ਵਿਚ ਹੈ, ਜਿਸ ਵਿਚ 246 ਪਦੇ, 31 ਅਸਟਪਦੀਆਂ, 32 ਛੰਤ, 1138 ਸਲੋਕ, 6 ਫੁਟਕਲ ਰਚਨਾਵਾਂ ਸ਼ਾਮਲ ਹਨ। ਆਪ ਨੇ ਸਭ ਤੋਂ ਵੱਧ ਅਰਥਾਤ 8 ਵਾਰਾਂ ਵਿਚ ਗੁਰਮਤਿ ਵਿਚਾਰਧਾਰਾ ਨੂੰ ਕਾਵਿ-ਬੱਧ ਕੀਤਾ ਹੈ। ਇਹਨਾਂ ਰਚਨਾਵਾਂ ਵਿਚ ਉਹ ਵੰਨ-ਸੁਵੰਨਤਾ ਵੀ ਹੈ, ਜਿਹੜੀ ਕੁਝ ਹੋਰ ਗੁਰੂ ਕਵੀਆਂ ਵਿਚ ਨਹੀਂ ਹੈ। ਇਹ ਕਾਵਿ ਰੂਪ ਹਨ :

ਘੜੀਆਂ, ਪਹਿਰ, ਸਰਹਲੇ।

ਜਿੱਥੇ ਆਪ ਦੀ ਬਾਣੀ ਪਹਿਲੇ ਸਿੱਖ ਗੁਰੂਆਂ ਦੀ ਅਨੁਸਾਰੀ ਹੈ, ਉਥੇ ਆਪ ਨੇ ਪ੍ਰਭੂ ਨੂੰ ਜਿਸ ਸੰਬੋਧਨੀ ਸ਼ੈਲੀ ਵਿਚ ਯਾਦ ਕੀਤਾ ਹੈ, ਉਹ ਨਾ ਪਹਿਲਾਂ, ਨਾ ਪਿੱਛੋਂ ਗੁਰਬਾਣੀ ਵਿਚ ਉਪਲਬਧ ਹੈ। ਜਿਵੇਂ ਮੇਰੇ ਪਿਆਰੇ, ਮੇਰੀ ਜਿੰਦੜੀਏ, ਮੇਰੇ ਗੋਬਿੰਦਾ। ਪਰ ਇਹ ਕਾਵਿ ਏਨਾ ਵੇਗਮਈ ਹੈ ਕਿ ਕੁਝ ਤੁਕਾਂ ਵੱਡੀਆਂ ਹੋਣ ਦੇ ਬਾਵਜੂਦ ਸੰਗੀਤ ਅਤੇ ਗਾਇਨ ਪੱਖੋਂ ਕਿਸੇ ਕਿਸਮ ਦੀ ਸਮੱਸਿਆ ਪੈਦਾ ਨਹੀਂ ਕਰਦੀਆਂ। ਆਪ ਦੀ ਬਾਣੀ ਵਿਚ ਇਸ ਤਰ੍ਹਾਂ ਦਾ ਸਪੱਸ਼ਟੀਕਰਨ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਸ਼ਬਦਾਂ ਦੀ ਵਿਆਖਿਆ ਕਰਦਾ ਹੈ। 'ਰਾਮ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਾਰਾਂ ਵਾਰ ਆਉਂਦਾ ਹੈ ਪਰ ਕੁਝ ਲੋਕ ਰਾਮ ਸ਼ਬਦ ਦੀ ਗੁਰਬਾਣੀ ਵਿਚ ਵਰਤੋਂ ਨੂੰ ਹਿੰਦੂ ਧਰਮ ਨਾਲ ਜੋੜ ਕੇ ਵੇਖਦੇ ਹਨ। ਇਸ ਲਈ ਜ਼ਰੂਰੀ ਸੀ ਕਿ ਗੁਰਬਾਣੀ ਵਿਚ ਹੀ ਇਸ ਦਾ ਕਿਤੇ ਨਾ ਕਿਤੇ ਸਪੱਸ਼ਟੀਕਰਨ ਜ਼ਰੂਰ ਹੋਵੇ। ਗੁਰੂ ਰਾਮ ਦਾਸ ਜੀ ਨੇ ਇਹ ਘੁੰਡੀ ਇਸ ਤਰ੍ਹਾਂ ਖੋਲ੍ਹੀ ਹੈ :

ਏਕ ਰਾਮ, ਦਸ਼ਰਥ ਕਾ ਬੇਟਾ।<br>
ਏਕ ਰਾਮ ਘਟ ਘਟ ਮੇਂ ਵਾਸਾ।<br>
ਏਕ ਰਾਮ ਕਾ ਸਕਲ ਪਸਾਰਾ।

ਏਕ ਰਾਮ ਹੈ ਸਭਸੇ ਨਿਆਰਾ।

ਆਪ ਜੀ ਦੀ ਇਸ ਵਿਆਖਿਆ ਵਿਉਂਤ ਨਾਲ ਸਮੁੱਚੀ ਗੁਰਬਾਣੀ ਵਿਚ ਰਾਮ ਉਸਤਤ ਦਾ ਸਾਰਾ ਭੇਦ ਸਪਸ਼ਟ ਹੋ ਜਾਂਦਾ ਹੈ ਅਤੇ ਇਸ ਨਾਲ ਹਿੰਦੂ ਧਰਮ ਦਾ ਸਿੱਖ ਧਰਮ ਨਾਲੋਂ ਨਿਖੇੜਾ ਵੀ ਹੋ ਜਾਂਦਾ ਹੈ। ਆਪ ਨੇ ਆਪਣੀ ਬਾਣੀ ਵਿਚ ਸੰਬੋਧਨੀ ਸ਼ੈਲੀ ਦੀ ਵਰਤੋਂ ਕੀਤੀ ਹੈ। ਸੰਬੋਧਨ ਪ੍ਰਭੂ ਨੂੰ ਹੋਵੇ ਜਾਂ ਜੀਵ-ਆਤਮਾ ਨੂੰ। ਵਾਰ ਵਾਰ ਇਸੇ ਸ਼ੈਲੀ ਵਿਚ ਆਪਣੀ ਪ੍ਰੇਮਾ ਭਗਤੀ ਨੂੰ ਜ਼ੁਬਾਨ ਦਿੱਤੀ ਹੈ। ਪਰ ਬਹੁਤੀ ਬਾਣੀ ਵਿਚ ਪ੍ਰਭੂ ਨੂੰ ਯਾਦ ਕਰਨ ਲਈ ਉਸ ਤਰ੍ਹਾਂ ਦਾ ਸੰਬੋਧਨ ਨਹੀਂ ਹੈ, ਸਗੋਂ ਅੰਨਯ-ਮੁਖੀ ਸੰਬੋਧਨ ਹੈ। ਜਿਵੇਂ :

ਹਰਿ ਧਿਆਵਹਿ ਹਰਿ ਧਿਆਵਹਿ ਤੁਧ ਜੀ, ਸੇ ਜਨ ਜਗ ਮਹਿ ਸੁਖਵਾਸੀ॥
ਸੇ ਮੁਕਤੁ, ਸੇ ਮੁਕਤੁ ਭਏ, ਜਿਨ ਹਰਿ ਧਿਆਇਆ ਜੀ, ਤਿਨ ਤੂਟੀ ਜਮ ਕੀ ਫਾਸੀ॥
ਜਿਨ ਨਿਰਭਉ, ਜਿਨ ਹਰਿ ਨਿਰਭਉ ਧਿਆਇਆ ਜੀ, ਤਿਨ ਕਾ ਭਉ ਸਭ ਗਵਾਸੀ॥
ਜਿਨ ਸੇਵਿਆ, ਜਿਨ ਸੇਵਿਆ, ਮੇਰਾ ਹਰਿ ਜੀ, ਤੇ ਹਰਿ ਹਰਿ ਰੂਪ ਸਮਾਸੀ॥
ਸੇ ਧੰਨੁ, ਸੇ ਧੰਨੁ, ਜਿਨ ਹਰਿ ਧਿਆਇਆ ਜੀ, ਜਨੁ ਨਾਨਕੁ ਤਿਨ ਬਲਿ ਜਾਸੀ॥

ਆਪ ਦੀ ਬਾਣੀ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਧੁਨੀਆਂ, ਵਰਣਾਂ, ਸ਼ਬਦਾਂ ਆਦਿ ਦੇ ਦੁਹਰਾਉ ਨਾਲ ਜਿਹੜੇ ਵਾਕ ਜਾਂ ਵਾਕਾਂਸ਼ਾਂ ਦੀ ਸਿਰਜਣਾ ਹੁੰਦੀ ਹੈ, ਉਥੇ ਆਤਮਾ ਤੇ ਜੀਵ-ਆਤਮਾ ਦਾ ਅਨੁਰਾਗ ਸਹਿਜ ਰੂਪ ਗ੍ਰਹਿਣ ਕਰਦਾ ਹੈ, ਉਥੇ ਅਨੁਪ੍ਰਾਸਾਂ ਨਾਲ ਇਹ ਬਾਣੀ ਪ੍ਰਗੀਤਕ ਤੇ ਸੰਗੀਤਾਤਮਕ ਬਣ ਜਾਂਦੀ ਹੈ। ਜਿਵੇਂ :

ਝਿਮਿ ਝਿਮੇ ਝਿਮਿ ਦੇਖਿ ਵਰਸੈ ਅੰਮ੍ਰਿਤ ਧਾਰਾ ਰਾਮ॥
ਗੁਰਮੁਖੇ, ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ॥

ਸਮੁੱਚੇ ਗੁਰਮਤਿ ਕਾਵਿ ਵਿਚ ਆਪ ਦੀ ਬਾਣੀ ਦੀ ਵਿਲੱਖਣਤਾ ਅਤੇ ਵੰਨ-ਸੁਵੰਨਤਾ ਕਾਰਨ ਆਪ ਦਾ ਸਥਾਨ ਵਿਸ਼ੇਸ਼ ਤੇ ਮਹੱਤਵਪੂਰਨ ਹੈ।

## ਗੁਰੂ ਅਰਜਨ ਦੇਵ ਜੀ (1563-1606 ਈ.)

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਵਿਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੈ। ਗੁਰੂ ਅਰਜਨ ਦੇਵ ਨਾ ਕੇਵਲ ਇਕ ਧਾਰਮਿਕ ਆਗੂ ਹੀ ਸਨ, ਸਗੋਂ ਉਹਨਾਂ ਵਿਚ ਸਮਾਜਿਕ ਤੇ ਸਭਿਆਚਾਰਿਕ ਉਥਾਨ ਦੇ ਜਿਹੜੇ ਗੁਣ ਸਨ; ਉਹਨਾਂ ਕਾਰਨ ਹੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਉਸਾਰੀ, ਤਰਨ ਤਾਰਨ ਦਾ ਵਸਾਉਣਾ ਅਤੇ ਉਸਾਰਨਾ, ਲੰਗਰ ਪ੍ਰਥਾ ਨੂੰ ਯੋਗ ਢੰਗ ਨਾਲ ਪ੍ਰਚੱਲਿਤ ਕਰਨਾ ਅਤੇ ਖ਼ੁਦ ਸੇਵਾ ਵਿਚ ਲੀਨ ਰਹਿਣਾ ਆਦਿ ਦਾ ਜ਼ਿਕਰ ਇਕ ਇਤਿਹਾਸਿਕ ਮਹੱਤਵ ਰਖਦਾ ਹੈ। ਆਪ ਦੇ ਜੀਵਨ ਵਿਚ ਵਿਵਹਾਰਿਕ ਤੌਰ 'ਤੇ ਇਕ ਰਾਜਨੀਤੀਵਾਨ ਵਾਲੇ ਗੁਣ ਵੀ ਸਨ ਅਤੇ ਅਸਾਧਾਰਨ ਵਿਦਵਾਨਾਂ ਵਾਲੀਆਂ ਖ਼ੂਬੀਆਂ ਵੀ। ਇਹ ਨਿਡਰਤਾ ਹੀ ਆਪ ਦੀ ਸ਼ਹੀਦੀ ਦਾ ਕਾਰਨ ਬਣੀ। ਸ਼ਹਿਜ਼ਾਦਾ ਅਮੀਰ ਖ਼ੁਸਰੋ ਨੂੰ ਪਨਾਹ ਦੇਣ ਕਾਰਨ ਹੀ ਆਪ ਮੁਗ਼ਲ ਰਾਜ ਦਰਬਾਰ ਦੇ ਕੱਟੜ ਵਿਰੋਧੀਆਂ ਦੀ ਪਹਿਲੀ ਕਤਾਰ ਵਿਚ ਆ ਗਏ ਪਰ ਆਪ ਨੇ ਆਪਣੀ ਵਿਚਾਰਧਾਰਾ ਕਾਰਨ ਮੁਗ਼ਲ ਰਾਜ ਦਰਬਾਰ ਨਾਲ ਕੋਈ ਸਮਝੌਤਾ ਨਹੀਂ ਸੀ ਕੀਤਾ। ਅਦ੍ਰਿਸ਼ਟਮਾਨ ਵਿਚ ਅਟੁੱਟ ਵਿਸ਼ਵਾਸ ਆਪ ਦੇ ਸੁਭਾ ਦਾ ਮੁਢਲਾ ਗੁਣ ਹੋਣ ਕਾਰਨ ਹੀ ਆਪ ਨੇ ਆਪਣੀ ਬਾਣੀ ਵਿਚ ਆਪਣੀ ਧਾਰਨਾ ਇਸ ਤਰ੍ਹਾਂ ਸਪਸ਼ਟ ਕਰ ਦਿੱਤੀ।

ਜਾ ਕਉ ਮੁਸਕਲੁ ਅਤਿ ਬਣੈ, ਢੋਈ ਕੋਈ ਨਾ ਦੇਇ॥
ਲਾਗੂ ਹੋਇ ਦੁਸਮਨਾ, ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ, ਚੁਕੈ ਸਭੁ ਅਸਰਾਉ॥
ਚਿਤਿ ਆਵੈ ਉਸ ਪਾਰਬ੍ਰਹਮ, ਲਗੈ ਨ ਤਤੀ ਵਾਉ॥

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੇ 2312 ਸ਼ਬਦ ਹਨ। ਇਸ ਤੋਂ ਇਲਾਵਾ 319 ਅਸਟਪਦੀਆਂ ਵਿਚੋਂ 82 ਅਸਟਪਦੀਆਂ, 272 ਛੰਤਾਂ ਵਿਚੋਂ 72 ਛੰਤ ਆਪ ਜੀ ਦੇ ਹਨ। ਇਸ ਤੋਂ ਇਲਾਵਾ 92 ਸੋਹਿਲਿਆਂ ਵਿਚੋਂ 24 ਸੋਹਿਲੇ। 464 ਪਾਉੜੀਆਂ ਵਿਚੋਂ 107 ਪਾਉੜੀਆਂ ਅਤੇ 1734 ਸਲੋਕਾਂ ਵਿਚੋਂ 239 ਸਲੋਕ ਆਪ ਦੇ ਹਨ। ਇਸ ਤਰ੍ਹਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚਲੀਆਂ 22 ਵਾਰਾਂ ਵਿਚੋਂ 6 ਵਾਰਾਂ ਗੁਰੂ ਅਰਜਨ ਦੇਵ ਜੀ ਦੀਆਂ ਹਨ। ਪ੍ਰਬੰਧ ਕਾਵਿ, ਰਾਗ ਮਾਝ ਦਾ ਬਾਰਹ-ਮਾਹ, ਗਾਥਾ, ਫੁਨਹੇ, ਪਹਿਰੇ, ਸ਼ਬਦ ਆਦਿ ਵੀ ਆਪ ਦੀਆਂ ਰਚਨਾਵਾਂ ਹਨ। ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਵਿਚੋਂ ਆਪ ਦੀ ਬਾਣੀ 30 ਰਾਗਾਂ ਵਿਚ ਹੈ। ਜਿੱਥੋਂ ਤਕ ਛੰਦਾਂ ਜਾਂ ਹੋਰ ਕਾਵਿ ਭੇਦਾਂ ਦਾ ਸਬੰਧ ਹੈ, ਉਹ ਇਸ ਪ੍ਰਕਾਰ ਹਨ :

1. ਸਲੋਕ
2. ਅਸਟਪਦੀ
3. ਚੋਪਈ
4. ਸਵੱਯਾ
5. ਸੋਰਠਾ
6. ਸ਼ਬਦ
7. ਛੰਤ
8. ਨਿਸਾਨੀ ਛੰਤ
9. ਤਾਟੰਕ
10. ਤੋਮਰ
11. ਸਿਰਖੰਡੀ

ਅਧਿਆਤਮਵਾਦੀ ਕਾਵਿ ਹੋਣ ਕਾਰਨ ਆਪ ਦੀ ਬਾਣੀ ਵਿਚ ਸ਼ਾਂਤ ਰਸ ਦੀ ਪ੍ਰਧਾਨਤਾ ਹੈ। ਇਸ ਤੋਂ ਇਲਾਵਾ ਸ਼ਿੰਗਾਰ, ਅਦਭੁਤ ਰਸ ਵੀ ਵਿਸ਼ਾ ਵਸਤੂ ਅਨੁਕੂਲ ਆਏ ਹਨ ਪਰੰਤੂ ਸਮਕਾਲੀ ਸਮਾਜ ਤੇ ਰਾਜਨੀਤੀ ਪ੍ਰਤੀ ਆਪ ਦੀ ਅਸਹਿਮਤੀ ਆਪ ਦੀ ਵਿਚਾਰਧਾਰਾ ਦਾ ਪ੍ਰਮੁੱਖ ਜੁਜ਼ ਹੈ। ਬ੍ਰਾਹਮਣਵਾਦ ਦੇ ਭੇਖੀ ਰਵੱਈਏ ਸਬੰਧੀ ਆਪ ਦੀ ਬਾਣੀ ਵਿਚਲੀਆਂ ਇਹ ਤੁਕਾਂ ਦੇਖੋ :

ਧੋਤੀ ਖੋਲਿ ਵਿਛਾਏ ਹੇਠਿ॥
ਗਰਧਮ ਵਾਂਗੂ ਲਾਹੇ ਪੇਟਿ॥...
ਪੂਜਾ ਤਿਲਕ ਕਰਤ ਇਸਨਾਨਾਂ॥
ਛੁਰੀ ਕਾਢਿ ਲੇਵੈ ਹਥਿ ਦਾਨਾ॥

ਬੇਦੁ ਪੜੈ ਮੁਖਿ, ਮੀਠੀ ਬਾਣੀ॥
ਜੀਆਂ ਕੁਹਤ ਨ, ਸੰਗੈ ਪਰਾਣੀ॥

ਆਪ ਜੀ ਦਾ ਸਭ ਤੋਂ ਵਿਸ਼ੇਸ਼ ਤੇ ਮਹੱਤਵਪੂਰਨ ਕੰਮ 'ਆਦਿ ਗ੍ਰੰਥ' ਦੀ ਸੰਪਾਦਨਾ ਹੈ। ਇਸ ਗ੍ਰੰਥ ਵਿਚ ਆਪ ਨੇ ਆਪਣੇ ਸਮੇਤ ਪੰਜ ਗੁਰੂਆਂ ਦੀ ਬਾਣੀ ਤੋਂ ਇਲਾਵਾ ਸ਼ੇਖ਼ ਫ਼ਰੀਦ, ਕਬੀਰ ਜੀ ਅਤੇ ਬਹੁਤ ਸਾਰੇ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਹੈ। ਜਿੱਥੇ ਕਿਤੇ ਗੁਰੂ ਆਸ਼ੇ ਅਨੁਕੂਲ ਕੋਈ ਬਾਣੀ ਨਹੀਂ ਹੈ, ਉਥੇ ਉਸ ਕਵੀ ਦੀ ਰਚਨਾ ਟਿੱਪਣੀ ਵਜੋਂ ਦਰਜ ਕਰ ਦਿੱਤੀ ਹੈ। ਮਿਸਾਲ ਵਜੋਂ ਸ਼ੇਖ਼ ਫ਼ਰੀਦ ਦੇ ਤਿੰਨ ਸਲੋਕਾਂ ਨਾਲ ਗੁਰੂ ਅਮਰ ਦਾਸ ਜੀ ਦੀ ਬਾਣੀ ਦਰਜ ਕਰਕੇ ਗੁਰਮਤਿ ਧਾਰਾ ਦੇ ਵਿਚਾਰਧਾਰਕ ਆਧਾਰ ਨੂੰ ਸਪਸ਼ਟ ਕਰ ਦਿੱਤਾ ਹੈ। ਆਪ ਦੀ ਇਹ ਘਾਲਣਾ ਵਿਚ ਆਪ ਦੀ ਯਾਤਰਾ ਬਿਰਤੀ ਅਤੇ ਲਗਨ ਦਾ ਵਡਮੁੱਲਾ ਯੋਗਦਾਨ ਹੈ। ਪਹਿਲੇ ਚਾਰ ਗੁਰੂਆਂ ਦੀ ਬਾਣੀ ਇਕੱਤਰ ਕਰਨੀ ਅਤੇ ਉਸ ਪ੍ਰਤੀ ਆਪਣੀ ਸ਼ਰਧਾਮਈ ਰੁਚੀ ਦਾ ਪ੍ਰਗਟਾਵਾ ਤਾਂ ਆਪਣੇ ਥਾਂ ਮਹੱਤਵਪੂਰਨ ਹੈ ਹੀ, ਸ਼ੇਖ਼ ਫ਼ਰੀਦ ਅਤੇ ਭਗਤਾਂ ਦੀ ਬਾਣੀ ਨੂੰ ਸ਼ਾਮਲ ਕਰਨਾ ਆਪ ਜੀ ਦੀ ਭਾਵਾਤਮਕ ਪਹੁੰਚ ਤੇ ਸੁਹਿਰਦਤਾ ਦਾ ਪ੍ਰਮਾਣ ਹੈ। ਨਾਲ ਹੀ ਇਸ ਨਾਲ ਇਸ ਮਹਾਨ ਗ੍ਰੰਥ ਨੂੰ ਕੌਮਾਂਤਰੀ ਮਹੱਤਵ ਵੀ ਪ੍ਰਾਪਤ ਹੋ ਗਿਆ ਹੈ।

ਵਿਚਾਰਧਾਰਕ ਪਹੁੰਚ ਤੋਂ ਇਲਾਵਾ 'ਆਦਿ ਗ੍ਰੰਥ' ਵਿਚ ਰਾਗਾਂ ਤੇ ਛੰਦਾਂ ਅਤੇ ਕਾਵਿ-ਰੂਪਾਂ ਦੀ ਸਮਝ ਆਪ ਦੀ ਕਾਵਿਕ ਯੋਗਤਾ ਦਾ ਜਿਹੜਾ ਪ੍ਰਮਾਣ ਬਣਦਾ ਹੈ, ਉਹ ਉਸ ਯੁੱਗ ਦੀ ਇਕ ਅਜਿਹੀ ਉਪਲਭਦੀ ਹੈ ਜੋ ਬੇਜੋੜ ਹੈ।

ਆਪ ਦੀ ਸਮਾਜਿਕ ਤੇ ਸਾਹਿਤਕ ਮਹੱਤਤਾ ਕਾਰਨ ਤਾਂ ਆਪ ਵਿਸ਼ਵ ਸਾਹਿਤ ਜਗਤ ਵਿਚ ਇਕ ਅਸਾਧਾਰਨ ਪ੍ਰਤਿਭਾ ਦੇ ਸੁਆਮੀ ਬਣ ਗਏ ਹੋ ਪਰ ਜਿਸ ਤਰ੍ਹਾਂ ਉਸ ਸਮੇਂ ਦੇ ਮੁਗ਼ਲ ਸਾਮਰਾਜ ਦੀ ਅਸਹਿਣਸ਼ੀਲਤਾ ਕਾਰਨ ਆਪ ਨੂੰ ਸ਼ਹੀਦ ਕੀਤਾ ਗਿਆ, ਉਹ ਭਾਰਤੀ ਇਤਿਹਾਸ ਵਿਚ ਇਕ ਪਹਿਲੀ ਅਜਿਹੀ ਕੁਰਬਾਨੀ ਸੀ, ਜਿਸ ਨਾਲ ਭਵਿੱਖ ਵਿਚ ਇਕ ਅਜਿਹਾ ਕਾਰਨਾਮਾ ਵਾਪਰਿਆ, ਜਿਸ ਨੇ ਮੁਗ਼ਲ ਰਾਜ ਦੀਆਂ ਨੀਂਹਾਂ ਹਿਲਾ ਕੇ ਰੱਖ ਦਿੱਤੀਆਂ।

## ਗੁਰੂ ਤੇਗ਼ ਬਹਾਦਰ ਜੀ (1621-1675 ਈ.)

ਗੁਰੂ ਅਰਜਨ ਦੇਵ ਜੀ ਪਿੱਛੋਂ ਛੇਵੇਂ ਗੁਰੂ ਹਰਿਗੋਬਿੰਦ ਜੀ, ਸੱਤਵੇਂ ਗੁਰੂ ਹਰਿ-ਰਾਇ ਜੀ ਅਤੇ ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਨੇ ਸਾਹਿਤ ਰਚਨਾ ਨਹੀਂ ਕੀਤੀ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਨੇ ਗੁਰਮਤਿ ਧਾਰਾ ਦੀ ਸਾਹਿਤ ਰਚਨਾ ਨੂੰ ਅੱਗੇ ਤੋਰਿਆ। ਇਸ ਤੋਂ ਪਹਿਲਾਂ ਕਿ ਗੁਰੂ ਤੇਗ਼ ਬਹਾਦਰ ਜੀ ਦੀ ਰਚਨਾ ਸਬੰਧੀ ਵਿਚਾਰ ਕੀਤੀ ਜਾਵੇ; ਉਹਨਾਂ ਦੇ ਜੀਵਨ ਬਿਰਤਾਂਤ ਉਤੇ ਚਾਨਣਾ ਪਾਉਣਾ ਬਹੁਤ ਜ਼ਰੂਰੀ ਹੈ।

ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਹੋਇਆ। ਮੁਢਲੀ ਪੜ੍ਹਾਈ ਭਾਈ ਗੁਰਦਾਸ ਜੀ ਦੀ ਦੇਖ-ਰੇਖ ਹੇਠ ਸ਼ੁਰੂ ਕੀਤੀ ਗਈ। ਆਪ ਨੇ ਗੁਰਬਾਣੀ, ਫ਼ਾਰਸੀ, ਸੰਸਕ੍ਰਿਤ, ਗਣਿਤ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਬਚਪਨ ਵਿਚ ਹੀ ਕਰ ਲਿਆ ਸੀ। 1627 ਈ. ਵਿਚ ਗੁਰੂ ਹਰਿਗੋਬਿੰਦ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ ਧਾਰਮਿਕ ਕੱਟੜਤਾ ਦਾ ਮਾਹੌਲ ਪੈਦਾ ਹੋ ਗਿਆ। ਇਸ ਤੋਂ ਇਲਾਵਾ ਤਿੰਨ-ਚਾਰ ਸਾਲਾਂ ਵਿਚ ਹੀ ਅਟੱਲ ਰਾਇ, ਬੀਬੀ ਕੌਲਾਂ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ

ਆਦਿ ਸ਼ਖ਼ਸੀਅਤਾਂ ਦੇ ਅਕਾਲ ਚਲਾਣੇ ਕਾਰਨ ਆਪ ਅੰਦਰ ਜਿਹੜੀ ਉਪਰਾਮਤਾ ਜਾਗੀ, ਉਸ ਨਾਲ ਆਪ ਦੇ ਜੀਵਨ ਅੰਦਰ ਤਿਆਗ ਅਤੇ ਸੰਸਾਰ ਦੀ ਨਾਸਵਾਨਤਾ ਦਾ ਭਾਵ-ਬੋਧ ਹੋਰ ਵੀ ਡੂੰਘਾ ਹੋ ਗਿਆ। ਕੁਝ ਇਤਿਹਾਸਕਾਰ ਮੰਨਦੇ ਹਨ ਕਿ ਆਪ ਦਾ ਪਹਿਲਾ ਨਾਂ ਤਿਆਗ ਮੱਲ ਸੀ ਪਰ ਕਰਤਾਰਪੁਰ ਦੇ ਯੁੱਧ ਵਿਚ ਵਿਖਾਈ ਬੀਰਤਾ ਕਾਰਨ ਆਪ ਤੇਗ਼ ਬਹਾਦਰ ਜੀ ਵਜੋਂ ਜਾਣੇ ਜਾਣ ਲੱਗ ਪਏ। 1634 ਈ. ਤੋਂ 1644 ਈ. ਤਕ ਦਾ ਸਮਾਂ ਆਪ ਜੀ ਨੇ ਕਰਤਾਰਪੁਰ ਵਿਚ ਹੀ ਗੁਜ਼ਾਰਿਆ। ਕਰਤਾਰਪੁਰ ਵਿਖੇ ਵਸਣ ਪਿੱਛੋਂ ਹੀ ਆਪ ਜੀ ਦੀ ਸ਼ਾਦੀ, ਲਾਲ ਚੰਦ ਖੱਤਰੀ ਦੀ ਪੁੱਤਰੀ ਗੁਜਰੀ ਜੀ ਨਾਲ ਹੋ ਗਈ। 3 ਮਾਰਚ 1644 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਜੋਤੀ-ਜੋਤ ਸਮਾ ਗਏ ਪਰ ਫੇਰ ਵੀ ਆਪ ਨੇ ਗੁਰੂ ਪਦ ਪ੍ਰਾਪਤ ਕਰਨ ਦੀ ਕਦੇ ਕੋਈ ਇੱਛਾ ਜ਼ਾਹਿਰ ਨਾ ਕੀਤੀ। 1644 ਈ. ਤੋਂ 1665 ਈ. ਤਕ ਆਪ ਨੇ ਬਕਾਲਾ ਵਿਚ ਘੋਰ ਤਪੱਸਿਆ ਕੀਤੀ। ਗੁਰੂ ਹਰਿਰਾਇ 1661 ਈ. ਵਿਚ 32 ਸਾਲ ਦੀ ਉਮਰ ਭੋਗ ਕੇ ਜੋਤੀ-ਜੋਤ ਸਮਾ ਗਏ।

ਗੁਰੂ ਹਰਿਰਾਇ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਕੇਵਲ ਪੰਜ ਸਾਲ ਦੀ ਉਮਰ ਵਿਚ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ਪਰ ਅੱਠ ਸਾਲ ਦੀ ਅਵਸਥਾ ਵਿਚ ਹੀ ਚੇਚਕ ਕਾਰਨ ਆਪ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਅਸਲੀ ਗੁਰੂ ਲੱਭਣ ਲਈ ਜਿਹੜੀ ਘਟਨਾ ਵਾਪਰੀ, ਉਸ ਨੇ ਜਿੱਥੇ ਤੇਗ਼ ਬਹਾਦਰ ਜੀ ਨੂੰ ਗੁਰੂ ਪਦ ਦਾ ਅਧਿਕਾਰੀ ਬਣਾ ਦਿੱਤਾ, ਉਥੇ ਮੱਖਣ ਸ਼ਾਹ ਲੁਬਾਣਾ ਦਾ ਨਾਂ ਵੀ ਸਦਾ ਲਈ ਭਾਰਤ ਦੇ ਇਤਿਹਾਸ ਵਿਚ ਦਰਜ ਹੋ ਗਿਆ। 20 ਮਾਰਚ 1665 ਈ. ਨੂੰ ਗੁਰੂ ਤੇਗ਼ ਬਹਾਦਰ ਗੁਰੂ ਥਾਪੇ ਗਏ। ਭਾਵੇਂ ਮਸੰਦਾਂ ਨੇ ਆਪ ਜੀ ਦੇ ਰਾਹ ਵਿਚ ਅਨੇਕਾਂ ਅੜਿੱਕੇ ਡਾਹੇ ਪਰ ਆਪ ਜੀ ਦੀ ਮਹਾਨ ਸ਼ਖ਼ਸੀਅਤ ਸਾਹਮਣੇ ਉਹਨਾਂ ਦੀਆਂ ਸਾਜ਼ਿਸ਼ਾਂ ਦਾ ਆਪ ਹੀ ਭੋਗ ਪੈਂਦਾ ਗਿਆ। ਅੰਤ 1665 ਈ. ਦੇ ਵਿਸਾਖੀ ਦੇ ਸ਼ੁਭ ਮੌਕੇ ਅਨੰਦਪੁਰ ਸਾਹਿਬ ਵਸਾ ਕੇ ਆਪ ਨੇ ਆਪਣਾ ਪੱਕਾ ਟਿਕਾਣਾ ਇਸ ਨੂੰ ਬਣਾ ਲਿਆ। ਆਪ ਨੇ ਦੂਰ-ਦੁਰਾਡੇ ਦਾ ਜਿਹੜਾ ਭ੍ਰਮਣ ਕੀਤਾ, ਉਸ ਨਾਲ ਆਪ ਦੀ ਲੋਕਪ੍ਰਿਯਤਾ ਹੋਰ ਵਧ ਗਈ। ਕਹਿੰਦੇ ਹਨ ਕਿ ਜਦ ਕਸ਼ਮੀਰੀ ਬ੍ਰਾਹਮਣ ਧਰਮ ਪਰਿਵਰਤਨ ਦੀ ਸਮੱਸਿਆ ਲੈ ਕੇ ਆਪ ਪਾਸ ਆਏ ਤਾਂ ਆਪ ਨੂੰ ਇਹ ਨਿਸ਼ਚਾ ਹੋ ਗਿਆ ਕਿ ਹੁਣ ਕੁਰਬਾਨੀ ਦਾ ਸਮਾਂ ਆ ਗਿਆ ਹੈ। ਆਪ ਅਨੰਦਪੁਰ ਸਾਹਿਬ ਛੱਡ ਕੇ ਭਾਰਤ ਦੇ ਭਿੰਨ-ਭਿੰਨ ਖੇਤਰਾਂ ਤੋਂ ਹੁੰਦੇ ਹੋਏ ਦਿੱਲੀ ਜਾ ਹੀ ਰਹੇ ਸਨ ਕਿ ਰਾਹ ਵਿਚ ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਇਸ਼ਾਰੇ 'ਤੇ ਆਪ ਨੂੰ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਪੰਜ ਹੋਰ ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਸਮੇਂ ਆਪ ਦੇ ਪੁੱਤਰ ਗੋਬਿੰਦ ਰਾਏ ਦੀ ਉਮਰ ਸਿਰਫ਼ 9 ਸਾਲ ਦੀ ਸੀ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਆਪਣੇ ਪੁੱਤਰ ਦੇ ਹੌਸਲਾ ਵਧਾਊ ਸੰਕੇਤ ਕਾਰਨ ਹੀ ਆਪ ਆਪਣੀ ਕੁਰਬਾਨੀ ਦੇ ਲਈ ਦਿੱਲੀ ਵੱਲ ਚੱਲ ਪਏ। ਦਿੱਲੀ ਵਿਚ ਪਹਿਲਾਂ ਆਪ ਦੇ ਤਿੰਨ ਸਿਰੜੀ ਸਿੱਖਾਂ ਭਾਈ ਸਤੀ ਦਾਸ, ਦਿਆਲ ਦਾਸ, ਮਤੀ ਦਾਸ ਨੂੰ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਅੰਤ 11 ਨਵੰਬਰ 1675 ਈ. ਨੂੰ ਚਾਂਦਨੀ ਚੌਕ, ਦਿੱਲੀ ਵਿਖੇ ਆਪ ਨੂੰ ਵੀ ਸ਼ਹੀਦ ਕਰ ਦਿੱਤਾ। ਸੀਸ ਦੇ ਕੇ ਆਪਣਾ ਸਿਰੜ ਪੁਗਾਉਣ ਵਾਲੇ ਗੁਰੂ ਤੇਗ਼ ਬਹਾਦਰ ਜੀ ਦੀ ਇਸ ਕੁਰਬਾਨੀ ਨੇ ਨਾ ਕੇਵਲ ਆਪ ਦੇ ਪੁੱਤਰ ਗੋਬਿੰਦ ਰਾਏ ਨੂੰ, ਸਗੋਂ ਸਾਰੀਆਂ ਸਿੱਖ ਸੰਗਤਾਂ ਵਿਚ ਜਿਹੜਾ ਕੁਰਬਾਨੀ ਦਾ ਜਜ਼ਬਾ ਭਰਿਆ, ਉਸ ਦੇ ਸਿੱਟੇ ਵਜੋਂ ਸਿੱਖ ਸੰਗਤਾਂ ਵਿਚ ਇਕ ਨਵੀਂ ਕੌਮ ਦਾ ਉਦੈ ਹੋਇਆ। ਆਪ ਜੀ ਦੀ ਰਚਨਾ ਬਹੁਤੀ ਨਹੀਂ ਹੈ; ਸਿਰਫ਼ 59 ਪਦੇ ਅਤੇ 57 ਸਲੋਕ ਹੀ ਹਨ। ਇਸ ਬਾਣੀ ਉਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਵਧੇਰੇ ਹੈ ਪਰ ਬਾਣੀ ਗੁਰੂ ਆਸੇ ਦੇ ਅਨੁਕੂਲ ਹੈ। ਇਹ ਵੈਰਾਗ ਪ੍ਰਧਾਨ

ਬਾਣੀ ਹੈ। ਕੁਝ ਲੋਕਾਂ ਨੂੰ ਇਸ ਵਿਚੋਂ ਨਿਰਾਸ਼ਾਵਾਦ ਦਾ ਭੁਲੇਖਾ ਵੀ ਲੱਗ ਸਕਦਾ ਹੈ। ਪਰ ਸੱਚ ਇਹ ਹੈ ਕਿ ਇਸ ਵਿਚ ਜੀਵ-ਆਤਮਾ ਨੂੰ ਸੱਚ ਨਾਲ ਜੁੜਨ ਦੀ ਪ੍ਰੇਰਨ ਮਿਲਦੀ ਹੈ। ਉਂਜ ਆਪ ਜੀ ਦੀ ਸਾਰੀ ਬਾਣੀ ਹੀ ਟੂਕੀ ਜਾ ਸਕਦੀ ਹੈ ਪਰ ਨਮੂਨੇ ਵਜੋਂ ਹੇਠ ਲਿਖੀਆਂ ਸਤਰਾਂ ਦੇ ਰਹੇ ਹਾਂ:

ਭੈ ਕਾਹੂ ਕਉ ਦੇਤ ਨਹਿ ਨਹਿ, ਭੈ ਮਾਨਤ ਆਨ॥

ਜਗਤ ਮਹਿ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ
ਕਿਆ ਦਾਰਾ ਕਿਆ ਮੀਤ॥

ਜੋ ਅਪਨੇ ਘਰਿ ਰਹੇ ਸੋ ਦੀਨ ਕਹਾਵੈ।
ਦੂਜੇ ਘਰਿ ਬੇਦੀਨ ਅਖਾਵੈ॥

ਮਾਈ ਮੈਂ ਧਨੁ ਪਾਇਓ ਹਰਿਨਾਮੁ।
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।

## ਗੁਰੂ ਗੋਬਿੰਦ ਸਿੰਘ ਜੀ (1666–1708 ਈ.)

ਗੁਰੂ ਤੇਗ਼ ਬਹਾਦਰ ਅਤੇ ਮਾਤਾ ਗੁਜਰੀ ਜੀ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ ਦੇ ਪ੍ਰਸਿੱਧ ਸ਼ਹਿਰ ਪਟਨਾ ਵਿਚ ਹੋਇਆ। ਆਪ ਇਕ ਅਜਿਹੇ ਕਰਮਯੋਗੀ ਵਿਅਕਤੀਤਵ ਦੇ ਸੁਆਮੀ ਹਨ, ਜਿੰਨ੍ਹਾਂ ਦਾ ਜੀਵਨ ਬਹੁ-ਪੱਖੀ ਗੁਣਾਂ ਦਾ ਧਾਰਨੀ ਹੈ। ਆਪ ਜੀ ਦਾ ਜੀਵਨ ਇਕ ਯੋਧੇ ਦਾ ਜੀਵਨ ਵੀ ਹੈ; ਫ਼ਿਲਾਸਫ਼ਰ ਅਤੇ ਮਹਾਨ ਸਾਹਿਤਕਾਰ ਦਾ ਵੀ ਪਰ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਪਿੱਛੋਂ ਆਪ ਨੂੰ ਜ਼ੁਲਮ ਵਿਰੁੱਧ ਟੱਕਰ ਲੈਣ ਲਈ ਜਿੱਥੇ ਮੁਗ਼ਲਾਂ ਨਾਲ ਸੰਘਰਸ਼ ਕਰਨਾ ਪਿਆ, ਉਥੇ ਹੋਰ ਸਮਾਜ ਵਿਰੋਧੀ ਸ਼ਕਤੀਆਂ ਨਾਲ ਵੀ ਜੂਝਣਾ ਪਿਆ। ਆਪ ਜੀ ਨੇ ਜਿਹੜੀ ਰਚਨਾ ਕੀਤੀ ਹੈ; ਉਸ ਨੂੰ ਦਸਮ ਗ੍ਰੰਥ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ।

ਆਪ ਦੀ ਸਭ ਤੋਂ ਵੱਧ ਰਚਨਾ ਬ੍ਰਿਜ ਭਾਸ਼ਾ ਵਿਚ ਹੈ, ਜਿਸ ’ਤੇ ਪੰਜਾਬੀ ਦਾ ਰੰਗ ਕਿਤੇ ਗੂੜ੍ਹਾ ਤੇ ਕਿਤੇ ਫਿੱਕਾ ਹੈ। ਇਸ ਤੋਂ ਇਲਾਵਾ ਆਪ ਦਾ ਔਰੰਗਜ਼ੇਬ ਨੂੰ ਲਿਖਿਆ ਪੱਤਰ ‘ਜ਼ਫ਼ਰਨਾਮਾ’ ਫ਼ਾਰਸੀ ਵਿਚ ਹੈ। ਨਿਰੋਲ ਪੰਜਾਬੀ ਵਿਚ ਆਪ ਦੀਆਂ ਦੋ ਰਚਨਾਵਾਂ ਹੀ ਪ੍ਰਮੁੱਖ ਹਨ। ਪਹਿਲੀ ਰਚਨਾ ‘ਵਾਰ ਭਗਉਤੀ ਜੀ ਕੀ’ ਜੋ ‘ਚੰਡੀ ਦੀ ਵਾਰ’ ਦੇ ਨਾਂ ਨਾਲ ਪ੍ਰਸਿੱਧ ਹੈ। ਪੰਜਾਬੀ ਦੀ ਇਹ ਇਕ ਸ੍ਰੇਸ਼ਟ ਬੀਰ ਰਸੀ ਰਚਨਾ ਹੈ। ਪਰ ਇਸ ਰਚਨਾ ਦਾ ਵਿਸ਼ਲੇਸ਼ਣ ‘ਬੀਰ ਰਸੀ ਕਾਵਿਧਾਰਾ’ ਸਿਰਲੇਖ ਅਧੀਨ ਹੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਆਪ ਦਾ ਸ਼ਬਦ ‘ਮਿੱਤਰ ਪਿਆਰੇ ਨੂੰ’ ਨਿਰੋਲ ਪੰਜਾਬੀ ਰਚਨਾ ਹੈ ਜੋ ਮੱਧ-ਕਾਲੀਨ ਪੰਜਾਬੀ ਸਾਹਿਤ ਦੀ ਇਕ ਉਤਮ ਛੁਟੇਰੀ ਕਾਵਿ ਵੰਨਗੀ ਮੰਨੀ ਜਾ ਸਕਦੀ ਹੈ।

ਆਪ ਜੀ ਦਾ ਹੇਠ ਲਿਖਿਆ ਸ਼ਬਦ ਜਿੱਥੇ ਅਕਾਲ ਪੁਰਖ ਵਿਚ ਆਪ ਦੇ ਅਟੁੱਟ ਵਿਸ਼ਵਾਸ ਦਾ ਜ਼ਾਮਨ ਹੈ, ਉਥੇ ਆਪ ਜੀ ਦੀ ਨਿਮਰਤਾ ਅਤੇ ਸਰਬ ਸ਼ਕਤੀਮਾਨ ਅੱਗੇ ਜਿਉਦੜੀ ਦਾ ਇਕ ਖ਼ੂਬਸੂਰਤ ਪ੍ਰਮਾਣ ਹੈ:

ਦੇਹਿ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨਾ ਡਰੋਂ ਅਰਿ ਸੋਂ, ਜਬ ਜਾਇ ਲਰੋਂ,
ਨਿਸਚੈ ਕਰਿ ਆਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤਿ ਹੀ ਰਨ ਮੈਂ ਤਬ ਜੂਝ ਮਰੋਂ॥

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਪੱਤਰ ਹੈ ਜੋ ਔਰੰਗਜ਼ੇਬ ਨੂੰ ਇਸ ਲਈ ਲਿਖਿਆ ਗਿਆ ਸੀ ਤਾਂ ਜੋ ਉਹ ਜ਼ੁਲਮ ਜਬਰ ਤੋਂ ਗੁਰੇਜ਼ ਕਰੇ। ਹੇਠ ਲਿਖੀਆਂ ਸਤਰਾਂ ਇਕ ਪ੍ਰਕਾਰ ਦੀ ਚਿਤਾਵਨੀ ਹਨ। ਫ਼ਾਰਸੀ ਵਿਚ ਲਿਖੇ ਹੋਣ ਕਾਰਨ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਸਪਸ਼ਟ ਲਿਖਿਆ ਕਿ ਜਦੋਂ ਹੋਰ ਸਾਰੇ ਹਥਿਆਰ ਕੰਮ ਨਹੀਂ ਆਉਂਦੇ, ਉਦੋਂ ਹਥਿਆਰ ਚੁੱਕਣਾ ਲਾਜ਼ਮੀ ਬਣ ਜਾਂਦਾ ਹੈ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤੁ ਬੁਰਦਨ, ਬਾ ਸ਼ਮਸ਼ੀਰ ਦਸਤ।

ਇੱਥੇ ਇਹ ਦੱਸਣਾ ਮਹੱਤਵਪੂਰਨ ਹੈ ਕਿ ਜ਼ਫ਼ਰਨਾਮਾ ਇਰਾਨ ਦੀ ਇਕ ਯੂਨੀਵਰਸਿਟੀ ਵਿਚ ਪਾਠ-ਕ੍ਰਮ ਦਾ ਹਿੱਸਾ ਹੈ।

ਉਪਰੋਕਤ ਸ਼ਬਦ ਤੋਂ ਬਿਨਾਂ ਅਧਿਆਤਮਵਾਦੀ ਅਤੇ ਲੋਕ-ਪੱਖੀ ਚੇਤਨਾ ਨਾਲ ਸਬੰਧਤ ਆਪ ਦੀਆਂ ਪ੍ਰਮੁੱਖ ਰਚਨਾਵਾਂ ਇਸ ਪ੍ਰਕਾਰ ਹਨ :

1. ਚੰਡੀ ਚਰਿਤਰ
2. ਜਾਪੁ ਸਾਹਿਬ
3. ਅਕਾਲਿ ਉਸਤਤਿ
4. ਬਚਿੱਤਰ ਨਾਟਕ
5. ਜ਼ਫ਼ਰਨਾਮਾ
6. ਸ਼ਬਦ ਤੇ ਸਵੱਯੇ

ਆਪ ਨੇ ਨਾ ਕੇਵਲ ਰਚਨਾ ਹੀ ਕੀਤੀ, ਸਗੋਂ ਅਨੰਦਪੁਰ ਸਾਹਿਬ ਵਿਚ ਆਪ ਦੀ ਸਰਪ੍ਰਸਤੀ ਅਧੀਨ ਸਾਹਿਤਕਾਰਾਂ ਤੋਂ ਵੀ ਰਚਨਾ ਕਰਵਾਈ। ਇਹਨਾਂ ਕਵੀਆਂ ਵਿਚ ਭਾਈ ਨੰਦ ਲਾਲ, ਸੈਨਾਪਤਿ, ਅੰਮ੍ਰਿਤ ਰਾਏ, ਕੰਕਣ, ਹੁਸੈਨ, ਅਵੀਰਾਇ, ਗੁਰਦਾਸ, ਆਲਮ, ਨਿਹਾਲ, ਸਿਆਮ ਆਦਿ ਦੇ ਨਾਂ ਵਰਣਨ ਯੋਗ ਹਨ।

ਇੱਥੇ ਇਹ ਗੱਲ ਵੀ ਵਰਣਨ ਯੋਗ ਹੈ ਕਿ ਆਪ ਨੇ ਅਕਾਲ ਪੁਰਖ ਦੀ ਹੋਂਦ ਤੇ ਆਪਣੇ ਵਿਚਕਾਰ ਇਕ ਸਪਸ਼ਟ ਨਿਖੇੜਾ ਕੀਤਾ ਹੈ ਤਾਂ ਜੋ ਸਮੁੱਚੀ ਗੁਰਬਾਣੀ ਵਿਚ ਈਸ਼ਵਰ, ਗੁਰੂ/ਵਿਅਕਤੀ ਦੀ ਹੋਂਦ ਸਬੰਧੀ ਆਪ ਤੋਂ ਉਤਰ ਕਾਲੀ ਮਨੁੱਖ ਨੂੰ ਸਹੀ ਸੋਝੀ ਮਿਲ ਸਕੇ :

ਜੋ ਹਮ ਕੋ ਪਰਮੇਸਰ ਉਚਰਹੈ॥
ਸੋ ਨਰ ਨਰਕ ਕੁੰਡ ਮਹਿ ਪਰਹੈ॥
ਮੈਂ ਹੋਂ ਪਰਮ ਪੁਰਖ ਕੋ ਦਾਸਾ॥
ਦੇਖਨ ਆਯੋ, ਜਗਤ ਤਮਾਸਾ॥

ਇਸ ਦੇ ਨਾਲ ਹੀ ਆਪਣੀ ਹੋਂਦ ਦੀ ਸਹੀ ਵਿਆਖਿਆ ਉਹਨਾਂ ਇਸ ਪ੍ਰਸਿੱਧ ਸ਼ਬਦ ਵਿਚੋਂ ਵੀ ਲੱਭੀ ਜਾ ਰਹੀ ਹੈ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਣਾ॥
ਸੂਲ ਸੁਰਾਹੀ, ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸਥਰ ਚੰਗਾ, ਭੱਠ ਖੇੜਿਆਂ ਦਾ ਰਹਣਾ॥

ਇਸ ਸਮੁੱਚੇ ਵਿਸ਼ਲੇਸ਼ਣ ਤੋਂ ਗੁਰਮਤਿ ਕਾਵਿ ਦੀ ਜਿਹੜੀ ਸਿਖਰ ਲੱਭਦੀ ਹੈ, ਉਹ ਹੈ ਅਦ੍ਰਿਸ਼ਟਮਾਨ ਵਿਚ ਵਿਸ਼ਵਾਸ, ਗੁਰਮਤਿ ਮਾਰਗ ਅਪਣਾਉਣ ਪ੍ਰਤੀ ਦ੍ਰਿੜ੍ਹਤਾ ਅਤੇ ਮਨੁੱਖਤਾ ਲਈ ਆਪਾ ਕੁਰਬਾਨ ਕਰਨ ਦੀ ਭਾਵਨਾ। ਇਸ ਦੇ ਨਾਲ ਹੀ ਬਹੁ-ਭਾਸ਼ੀ ਗਿਆਨ, ਮਾਤ ਭਾਸ਼ਾ ਪ੍ਰਤੀ ਪਿਆਰ ਅਤੇ ਸਾਹਿਤ ਪ੍ਰਤੀ ਨਿਸ਼ਠਾ ਅਤੇ ਸਾਹਿਤ ਸਿਰਜਕਾਂ ਦਾ ਸਨਮਾਨ ਕਰਨ ਪ੍ਰਤੀ ਸਮਰਪਣ ਭਾਵਨਾ ਕੁਝ ਗੁਰੂ ਗੋਬਿੰਦ ਸਿੰਘ ਜੀ ਦੇ ਅਜਿਹੇ ਵਿਲੱਖਣ ਗੁਣ ਸਨ ਜੋ ਸਮੁੱਚੇ ਮੱਧ ਕਾਲੀ ਸਾਹਿਤ ਵਿਚ ਬੇਜੋੜ ਹਨ।

## ਭਾਈ ਗੁਰਦਾਸ (1543-1637 ਈ.)

ਭਾਈ ਗੁਰਦਾਸ ਗੁਰੂ ਅਮਰ ਦਾਸ ਜੀ ਦੇ ਭਤੀਜੇ ਪਰ ਸਮੁੱਚੇ ਗੁਰਮਤਿ ਕਾਵਿ ਵਿਚ ਆਪ ਦਾ ਜ਼ਿਕਰ ਗੁਰਬਾਣੀ ਦੇ ਇਕ ਕੁੰਜੀਕਾਰ ਵਜੋਂ ਹੁੰਦਾ ਹੈ। ਆਪ ਨੇ ਜਿੰਨੀ ਰਚਨਾ ਕੀਤੀ, ਉਸ ਨੂੰ ਪੜ੍ਹ ਕੇ ਹੈਰਾਨੀ ਹੁੰਦੀ ਹੈ। ਉਹਨਾਂ ਰਚਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

(ੳ) 39 ਵਾਰਾਂ।

(ਅ) ਛੇ ਸੌ ਤੋਂ ਵੱਧ ਕਬਿੱਤ ਤੇ ਸਵੱਏ।

ਵਾਰਾਂ ਤਾਂ ਪੰਜਾਬੀ ਵਿਚ ਹਨ ਪਰੰਤੂ ਹੋਰ ਰਚਨਾਵਾਂ ਬ੍ਰਿਜੀ ਵਿਚ ਹਨ। ਇਹਨਾਂ ਸਭ ਰਚਨਾਵਾਂ ਵਿਚ ਗੁਰੂ ਕਵੀਆਂ ਦੀ ਵਿਚਾਰਧਾਰਾ ਦਾ ਰੰਗ ਪ੍ਰਮੁੱਖ ਹੈ। ਇਕ ਗੱਲ ਜ਼ਰੂਰ ਹੈ ਕਿ ਆਪ ਉਸ ਦੌਰ ਦੇ ਜਾਗੀਰਦਾਰੀ ਚੌਖਟੇ ਵਿਚੋਂ ਬਾਹਰ ਨਹੀਂ ਨਿੱਕਲ ਸਕੇ। ਡਾ.ਮੋਹਨ ਸਿੰਘ ਦੀਵਾਨਾ ਆਪ ਨੂੰ ਪੰਜਾਬੀ ਦਾ ਸੇਂਟ-ਪਾਲ ਦੱਸਦੇ ਹਨ ਅਤੇ ਪ੍ਰੋ.ਸੰਤ ਸਿੰਘ ਸੇਖੋਂ ਆਪ ਦੀ ਭਾਸ਼ਾ ਅਤੇ ਕਾਵਿ-ਸੁਹਜ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕਰਦੇ ਹਨ। ਇਕ ਹੋਰ ਵੱਡੀ ਪ੍ਰਾਪਤੀ ਭਾਈ ਸਾਹਿਬ ਦੀ ਇਹ ਵੀ ਹੈ ਕਿ ਆਪ ਨੇ ਗੁਰੂ ਅਰਜਨ ਦੇਵ ਜੀ ਦੇ ਆਦੇਸ਼ ਉਤੇ 'ਆਦਿ ਗ੍ਰੰਥ' ਨੂੰ

ਲਿਖਣ ਦੀ ਸੇਵਾ ਜਿਸ ਢੰਗ ਨਾਲ ਨਿਭਾਈ, ਇਹ ਵੀ ਗੁਰਮਤਿ ਸਾਹਿਤ ਪ੍ਰਤੀ ਇਕ ਵਡਮੁੱਲੀ ਦੇਣ ਦੇ ਰੂਪ ਵਿਚ ਪ੍ਰਵਾਨ ਕੀਤੀ ਗਈ ਹੈ। ਭਾਵੇਂ ਆਪ ਦੀ ਰਚਨਾ ਉਤੇ ਅਧਿਆਤਮਵਾਦ ਦਾ ਰੰਗ ਗੂੜ੍ਹਾ ਹੈ ਪਰ ਗੁਰੂ ਕਾਵਿ ਤੋਂ ਵੱਖਰਾ ਰੰਗ ਇਹ ਹੈ ਕਿ ਇਹ ਕੁਝ ਬਾਹਰਮੁਖੀ ਵੀ ਹੈ ਤੇ ਵਰਣਨਾਤਮਕ ਵੀ ਹੈ। ਜਿੱਥੋਂ ਤਕ ਆਪ ਦੀਆਂ ਵਾਰਾਂ ਦਾ ਸਬੰਧ ਹੈ, ਉਹਨਾਂ ਵਿਚ ਵਿਸ਼ਾ-ਵਸਤੂ ਦੀ ਇਕਸੁਰਤਾ ਹੋਣ ਦੇ ਬਾਵਜੂਦ ਵੀ ਬਹੁ-ਰੰਗੀ ਝਲਕ ਮਿਲਦੀ ਹੈ। ਪਹਿਲੀ ਵਾਰ ਵਿਚ ਸ੍ਰਿਸ਼ਟੀ ਦੀ ਸਿਰਜਣਾ ਅਤੇ ਮਤ-ਮਤਾਂਤਰਾਂ ਦਾ ਜ਼ਿਕਰ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ ਬੜੀ ਰਸਿਕ ਭਾਸ਼ਾ ਵਿਚ ਦਰਜ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਉਤੇ ਆਪ ਨੇ ਇਸ ਤਰ੍ਹਾਂ ਲਿਖਿਆ ਹੈ :

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੈ ਮ੍ਰਿਗਾਵਲੀ, ਭੰਨੀ ਜਾਇ ਨਾ ਧੀਰ ਧਰੋਆ।
ਜਿਥੇ ਬਾਬਾ ਪੈਰ ਧਰੇ, ਪੂਜਾ ਆਸਣ ਥਾਪਣ ਸੋਆ।
ਕਲਜੁਗ ਦੇ ਵਿਚ ਪ੍ਰਗਟ ਹੋਆ।

ਉਪਰੋਕਤ ਪਉੜੀ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਨਿਸ਼ਾਨੀ ਛੰਦ ਵਿਚ ਹੈ ਅਤੇ ਬੀਰ ਰਸੀ ਵਾਰਾਂ ਦੇ ਸਮਵਿੱਥ ਇਹਨਾਂ ਵਾਰਾਂ ਦਾ ਰੰਗ ਵਰਣਨਾਤਮਕ ਅਤੇ ਸੁਹਜਮਈ ਵਧੇਰੇ ਹੈ, ਬੀਰ ਰਸੀ ਬਿਲਕੁਲ ਨਹੀਂ। ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਹਰ ਪਉੜੀ ਦਾ ਅੰਤ ਨਿਸ਼ਾਨੀ ਛੰਦ ਦਾ ਪਿਛਲਾ ਅੱਧ ਬਣਾਇਆ ਗਿਆ ਹੈ।

ਦੂਜੀ ਵਾਰ ਵਿਚ ਪ੍ਰਭੂ ਦੀ ਸਰਬ-ਵਿਆਪਕਤਾ ਨੂੰ ਕਲਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਵਾਰ ਤਿੰਨ ਵਿਚ ਗੁਰੂ, ਗੁਰਮੁਖ ਤੇ ਗੁਰਸਿੱਖ ਦੇ ਲੱਛਣਾ ਦਾ ਵਿਸ਼ਲੇਸ਼ਣ ਹੈ। ਚੌਥੀ ਵਾਰ ਵਿਚ ਨਿਮਰਤਾ ਨੂੰ ਮਨੁੱਖੀ ਜੀਵਨ ਦਾ ਪ੍ਰਮੁੱਖ ਗੁਣ ਮੰਨ ਕੇ ਇਸ ਗੁਣ ਦਾ ਗੁਣ-ਗਾਇਨ ਕੀਤਾ ਗਿਆ ਹੈ। ਵਾਰ ਪੰਜਵੀਂ, ਛੇਵੀ ਅਤੇ ਨੌਵੀਂ ਵਿਚ ਗੁਰਮੁਖਾਂ ਦੀਆਂ ਹੋਰ ਖ਼ੂਬੀਆਂ ਵੀ ਦੱਸੀਆਂ ਗਈਆਂ ਹਨ। ਅਠਾਈਵੀਂ ਵਾਰ ਵਿਚ ਸਿੱਖੀ ਦਾ ਗੁਣ-ਗਾਇਨ ਹੈ। ਇਸੇ ਤਰ੍ਹਾਂ ਹੋਰ ਵਾਰਾਂ ਵਿਚ ਸੱਚ ਤੇ ਝੂਠ ਦੀ ਟੱਕਰ, ਗੁਰਮੁਖ ਤੇ ਮਨਮੁਖ ਦਾ ਅੰਤਰ, ਸੰਗਤ ਤੇ ਕੁਸੰਗਤ ਦਾ ਅੰਤਰ ਦ੍ਰਿਸ਼ਟਾਂਤਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਮਿਸਾਲ ਵਜੋਂ ਅਸੀਂ ਇਕ ਵਾਰ ਦੀ ਉਹ ਪਉੜੀ ਦੇ ਰਹੇ ਹਾਂ, ਜਿਸ ਵਿਚ ਨਿੰਦਿਕ ਦੀਆਂ ਆਦਤਾਂ ਨੂੰ ਉਹਨਾਂ ਭੈੜੀਆਂ ਆਦਤਾਂ ਵਾਲੇ ਦ੍ਰਿਸ਼ਟਾਂਤਾਂ ਰਾਹੀਂ ਪ੍ਰਗਟ ਕੀਤਾ ਹੈ, ਜਿੰਨ੍ਹਾਂ ਸਬੰਧੀ ਲੋਕ ਪੜ੍ਹ-ਸੁਣ ਕੇ ਗਿਆਨ ਸਾਗਰ ਵਿਚ ਗੋਤੇ ਲਾਉਣ ਲੱਗ ਪੈਂਦੇ ਹਨ:

ਕੁੱਤਾ ਰਾਜ ਬਹਾਲੀਐ, ਫਿਰ ਚੱਕੀ ਚੱਟੈ
ਸੱਪੇ ਦੁੱਧ ਪਿਆਲੀਐ, ਵਿਹੁ ਮੁਖ ਪੇ ਸੁੱਟੈ
ਚੋਆ ਚੰਦਨ ਪਰਹਰੈ, ਖਰ ਖੇਹ ਪਲੱਟੈ
ਤਿਉਂ ਨਿੰਦਕ ਪਰ ਨਿੰਦਿਉਂ, ਹਠ ਮੂਲ ਨਾ ਹੱਟੈ
ਆਪਣੇ ਹੱਥੀਂ ਆਪ ਉਹ, ਜੜ੍ਹ ਆਪਣੀ ਪੱਟੈ।

ਪੰਦਰ੍ਹਵੀਂ ਵਾਰ ਵਿਚ ਗੁਰੂ ਸਾਹਿਬਾਨ ਤੋਂ ਪੂਰਵਲੇ ਉਹਨਾਂ ਤਿੰਨ ਕਵੀ ਭਗਤਾਂ ਅਰਥਾਤ ਨਾਮਦੇਵ, ਕਬੀਰ ਅਤੇ ਰਵਿਦਾਸ ਦਾ ਗੁਣ-ਗਾਇਨ ਹੈ, ਜਿੰਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਵੀ ਉਚ ਕੋਟੀ ਦੀਆਂ ਸ਼ਖ਼ਸੀਅਤਾਂ ਸਮਝ ਕੇ

ਪ੍ਰਵਾਨ ਕੀਤਾ ਅਤੇ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਤਿੰਨਾਂ ਭਗਤ ਕਵੀਆਂ ਨੂੰ 'ਆਦਿ ਗ੍ਰੰਥ' ਵਿਚ ਮਹੱਤਵਪੂਰਨ ਸਥਾਨ ਪ੍ਰਦਾਨ ਕੀਤਾ।

ਆਪ ਦੀ ਇਕ ਹੋਰ ਵਾਰ ਵਿਚ ਉਹਨਾਂ ਮੀਣਿਆਂ ਦਾ ਜ਼ਿਕਰ ਹੈ ਜਿਹੜੇ ਗੁਰੂ ਅਰਜਨ ਦੇਵ ਜੀ ਨੂੰ ਨੀਵਾਂ ਦਿਖਾ ਕੇ ਆਪ ਉਚ ਸਥਾਨ ਗ੍ਰਹਿਣ ਕਰਨ ਦੇ ਚਾਹਵਾਨ ਸਨ। ਪਰ ਨਿਡਰ ਕਵੀ ਭਾਈ ਗੁਰਦਾਸ ਨੇ ਸਮਕਾਲੀ ਕੂੜ ਦਾ ਆਪਣੀ ਵਾਰ ਵਿਚ ਜਿਸ ਤਰ੍ਹਾਂ ਪਰਦਾਫਾਸ਼ ਕੀਤਾ ਹੈ, ਉਹ ਆਪ ਦੀ ਨਿਡਰਤਾ ਦਾ ਇਕ ਹੋਰ ਪ੍ਰਮਾਣ ਹੈ। ਇਸ ਦੇ ਉਲਟ ਆਪ ਨੇ ਆਪਣੀਆਂ ਵਾਰਾਂ ਵਿਚ ਉਹਨਾਂ ਸੱਚਵਾਦੀ ਭਗਤਾਂ ਦਾ ਗੁਣ-ਗਾਇਨ ਕੀਤਾ ਹੈ, ਜਿਹੜੇ ਇਤਿਹਾਸਕ ਜਾਂ ਮਿਥਿਹਾਸਕ ਤੌਰ 'ਤੇ ਸੱਚ ਦੇ ਪਾਂਧੀ ਸਨ। ਜਿਵੇਂ ਪ੍ਰਹਿਲਾਦ ਭਗਤ, ਰਾਜਾ ਹਰੀ ਚੰਦ (ਹਰੀਸ਼ ਚੰਦਰ) ਅਤੇ ਧਰੂ ਭਗਤ ਆਦਿ।

ਆਪ ਦੀ ਰਚਨਾ ਰੂਪਕ ਪੱਖੋਂ ਪੱਕੀ ਰਸੀ ਤਾਂ ਹੈ ਹੀ, ਇਸ ਦੀ ਦਾਰਸ਼ਨਿਕ ਪੱਖੋਂ ਮਹਾਨਤਾ ਇਹ ਵੀ ਹੈ ਕਿ ਆਪ ਨੇ ਭਿੰਨ-ਭਿੰਨ ਦ੍ਰਿਸ਼ਟਾਂਤਾਂ, ਅਲੰਕਾਰਾਂ ਅਤੇ ਪ੍ਰਾ-ਭੌਤਿਕ ਤੇ ਭੌਤਿਕ ਚਿੰਨ੍ਹਾਂ ਰਾਹੀਂ ਮਨੁੱਖੀ ਜੀਵਨ ਦੀ ਵਿਆਖਿਆ ਕੀਤੀ ਹੈ। ਇਸ ਵਿਆਖਿਆ ਵਿਚ ਖੰਡਨ ਤੇ ਮੰਡਨ ਦੋਵਾਂ ਕਿਸਮ ਦੀਆਂ ਵਿਧੀਆਂ ਦੀ ਵਰਤੋਂ ਵੀ ਹੈ। ਇਸ ਤੋਂ ਇਲਾਵਾ ਆਪ ਦੀ ਭਾਸ਼ਾ ਗੁਰਬਾਣੀ ਤੋਂ ਇਕ ਵਿੱਥ ਵੀ ਸਿਰਜਦੀ ਹੈ। ਇਹ ਭਾਸ਼ਾ 16ਵੀਂ-17ਵੀਂ ਸਦੀ ਦੀ ਉਹ ਪੰਜਾਬੀ ਹੈ ਜੋ ਵਰਤਮਾਨ ਪੰਜਾਬੀ ਦੇ ਬਹੁਤ ਨੇੜੇ ਹੈ। ਵਿਸ਼ੇਸ਼ਤਾ ਇਹ ਵੀ ਹੈ ਕਿ ਭਾਸ਼ਾ ਅਤੇ ਵਿਚਾਰ ਦੋਹਾਂ ਪੱਧਰਾਂ ਉਤੇ ਆਪ ਦੀਆਂ ਟੂਕਾਂ ਨਮੂਨੇ ਵਜੋਂ ਪੇਸ਼ ਕਰਕੇ ਵਰਤਮਾਨ ਯੁਗ ਦੇ ਬੁਲਾਰੇ ਵੀ ਆਪਣੇ ਭਾਸ਼ਣ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹਨ। ਜਿਵੇਂ :

ਗਿੱਦੜ ਦਾਖ ਨ ਅਪੜੈ, ਆਖੈ ਥੂ ਕਉੜੀ।
ਨਚਣੁ ਨਚਿ ਨ ਜਾਣਦੀ, ਆਖੈ ਭੁਇ ਸਉੜੀ।
ਬੋਲੈ ਅਗੈ ਗਾਵੀਐ, ਭੈਰਉ ਸੋ ਗਉੜੀ।
ਹੰਸਾਂ ਨਾਲ ਟਟੀਹਰੀ, ਕਿਉ ਪਹੁਚੈ ਦਉੜੀ।
ਸਾਵਣਿ ਵਣਿ ਹਰੀਆਵਲੇ, ਅਕੁ ਜੰਮੈ ਅਉੜੀ।
ਬੇਮੁਖ ਸੁਖੁ ਨ ਦੇਖਈ ਜਿਉਂ ਛੁਟੜਿ ਛਉੜੀ।

ਛੰਦਾਬੰਦੀ ਪੱਖੋਂ 39 ਦੀਆਂ 39 ਵਾਰਾਂ ਨਿਸ਼ਾਨੀ ਛੰਦ ਦੇ ਭਿੰਨ-ਭਿੰਨ ਤੋਲਾਂ ਵਿਚ ਰਚੀਆਂ ਗਈਆਂ ਹਨ। ਹਰ ਬੰਦ ਪਉੜੀ ਦਾ ਹੀ ਇਕ ਰੂਪ ਹੈ, ਜੋ ਭਾਈ ਸਾਹਿਬ ਦੇ ਪੂਰਵਲੇ ਕਵੀਆਂ ਨੇ ਵੀ ਅਪਣਾਇਆ ਸੀ। ਇਸ ਤੋਂ ਇਲਾਵਾ ਹੋਰ ਰਚਨਾਵਾਂ ਵਿਚ ਛੰਦਾਂ ਦੀ ਵਿਭਿੰਨਤਾ ਹੈ ਅਤੇ ਕਲਾ ਪੱਖੋਂ ਇਹ ਰਾਗਾਤਮਕ ਵੀ ਹਨ ਅਤੇ ਬੌਧਿਕ ਵੀ। ਕਿਸੇ ਬੌਧਿਕ ਰਚਨਾ ਦਾ ਰਾਗਾਤਮਕ ਹੋਣਾ ਮਹਾਨ ਕਵੀ ਦਾ ਵੱਡਾ ਗੁਣ ਕਿਹਾ ਜਾ ਸਕਦਾ ਹੈ। ਬਹੁ-ਭਾਸ਼ੀ ਗਿਆਨ ਦੇ ਬਾਵਜੂਦ ਭਾਈ ਸਾਹਿਬ ਪੰਜਾਬੀ ਜੀਵਨ ਦੇ ਚੌਗਿਰਦੇ ਤੋਂ ਉਰ੍ਹਾਂ-ਪਰ੍ਹਾਂ ਨਹੀਂ ਹੁੰਦੇ।

**ਗੁਰੂ ਗ੍ਰੰਥ ਸਾਹਿਬ ਵਿਚਲੇ ਤੇ ਕੁਝ ਹੋਰ ਭਗਤ ਕਵੀ**

ਗੁਰੂ ਅਰਜਨ ਦੇਵ ਅਤੇ ਉਹਨਾਂ ਤੋਂ ਪਿੱਛੋਂ ਸਾਹਿਤ ਰਾਹੀਂ ਆਪਣੀ ਪਛਾਣ ਕਰਾਉਣ ਵਾਲੇ ਜਿਹੜੇ ਭਗਤ ਕਵੀਆਂ ਦਾ ਜ਼ਿਕਰ ਆਉਂਦਾ ਹੈ, ਉਹਨਾਂ ਦੀ ਰਚਨਾ ਉਤੇ ਗੁਰੂ ਕਵੀਆਂ ਦੀ ਵਿਚਾਰਧਾਰਾ ਅਤੇ ਸ਼ਿਲਪ ਵਿਧਾਨ ਦਾ ਕਾਫ਼ੀ ਪ੍ਰਭਾਵ ਹੈ।

**ਬਾਬਾ ਸੁੰਦਰ ਜੀ**

ਬਾਬਾ ਸੁੰਦਰ ਜੀ ਗੁਰੂ ਅਮਰਦਾਸ ਜੀ ਦੇ ਪੜਪੋਤੇ ਸਨ। ਬਾਬਾ ਸੁੰਦਰ ਜੀ ਨੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਇਕ ਸੱਦ ਦੀ ਰਚਨਾ ਕੀਤੀ। ਇਹ ਰਚਨਾ ਇਤਿਹਾਸਕ ਤੌਰ 'ਤੇ ਕਾਫ਼ੀ ਮਹੱਤਵਪੂਰਨ ਮੰਨੀ ਜਾਂਦੀ ਹੈ।

**ਸੱਤਾ ਤੇ ਬਲਵੰਡ**

ਗੁਰੂ ਸਾਹਿਬਾਨ ਦੀਆਂ 21 ਵਾਰਾਂ ਦੇ ਨਾਲ ਜਿਹੜੀ 22ਵੀਂ ਵਾਰ ਆਦਿ-ਗ੍ਰੰਥ ਵਿਚ ਸ਼ਾਮਲ ਹੈ, ਉਹ ਸੱਤਾ ਤੇ ਬਲਵੰਡ ਦੀ ਰਚਨਾ ਹੈ। ਇਹ ਦੋਵੇਂ ਗੁਰੂ ਘਰ ਦੇ ਢਾਡੀ ਸਨ ਅਤੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਗੁਰੂ ਘਰ ਦੀ ਸੇਵਾ ਵਿਚ ਲੀਨ ਰਹੇ। ਜਿਹੜੀ ਵਾਰ ਇਹਨਾਂ ਦੇ ਨਾਂ ਹੇਠ ਆਦਿ ਗ੍ਰੰਥ ਵਿਚ ਦਰਜ ਹੈ, ਉਹ ਰਾਗ ਰਾਮਕਲੀ ਵਿਚ ਹੈ, ਜਿਸ ਵਿਚ ਗੁਰੂ ਸਾਹਿਬਾਨ ਦੀ ਉਸਤਤ ਹੈ। ਇਸ ਵਾਰ ਵਿਚੋਂ ਇਹ ਸਤਰਾਂ ਵਿਸ਼ੇਸ਼ ਵਰਣਨ ਯੋਗ ਹਨ :

ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਤਿਸਾਹ, ਮਲੁ ਜਨਮ ਜਨਮ ਦੀ ਕਟੀਐ॥

**ਭੱਟ ਕਵੀ**

ਮੱਧ-ਕਾਲ ਦੇ ਹੋਰ ਭਗਤ ਕਵੀਆਂ ਵਾਂਗ 11 ਭੱਟ ਕਵੀ ਵੀ ਹੋਏ ਹਨ। ਇਹ ਭੱਟ ਕਵੀ ਗੁਰੂ ਅਰਜਨ ਦੇਵ ਦੇ ਦਰਬਾਰ ਵਿਚ ਆਏ ਅਤੇ ਇਹਨਾਂ ਦੇ ਕਥਨ ਅਨੁਸਾਰ ਹੀ ਇਥੇ ਆ ਕੇ ਉਹਨਾਂ ਨੂੰ ਮਾਨਸਿਕ ਸ਼ਾਂਤੀ ਪ੍ਰਾਪਤ ਹੋਈ। ਇਹਨਾਂ ਭੱਟਾਂ ਕਵੀਆਂ ਨੇ ਚੋਪਈ, ਸਵੱਯਾ, ਸੋਰਠਾ ਤੇ ਕੁੰਡਲੀਆ ਆਦਿ ਛੰਦਾਂ ਵਿਚ ਰਚਨਾ ਕੀਤੀ। ਇਹਨਾਂ ਭੱਟ ਕਵੀਆਂ ਦੀ ਬਾਣੀ ਵਿਚ ਗੁਰਮਤਿ ਕਾਵਿ ਦਾ ਪ੍ਰਤੱਖ ਜਾਂ ਪਰੋਖ ਪ੍ਰਭਾਵ ਉਜਾਗਰ ਹੁੰਦਾ ਹੈ।

**ਹੋਰ ਭਗਤ ਕਵੀ**

ਗੁਰੂ ਗ੍ਰੰਥ ਸਾਹਿਬ ਵਿਚ ਜਿੰਨ੍ਹਾਂ ਭਗਤ ਕਵੀਆਂ ਦੀ ਬਾਣੀ ਦਰਜ ਨਹੀਂ ਹੈ, ਉਹਨਾਂ ਵਿਚ ਕਾਨ੍ਹਾ, ਛੱਜੂ, ਪੀਲੂ, ਭਗਤ ਸਾਧੂ ਜਨ, ਵਲੀ ਰਾਮ, ਸੁਥਰਾ ਤੇ ਜੱਲ੍ਹਣ ਆਦਿ ਕੁਝ ਅਜਿਹੇ ਭਗਤ ਕਵੀ ਹਨ, ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਆਸੇ ਅਨੁਕੂਲ ਰਚਨਾ ਕਰਦੇ ਰਹੇ। ਇਹਨਾਂ ਵਿਚੋਂ ਪੀਲੂ ਦਾ ਜ਼ਿਕਰ ਉਸ ਦੇ ਸਮਕਾਲੀਆਂ ਨੇ ਵੀ ਕੀਤਾ ਹੈ ਅਤੇ ਉਤਰਵਰਤੀ ਵਿਦਵਾਨਾਂ ਨੇ ਵੀ ਉਸ ਦਾ ਵਿਸ਼ੇਸ਼ ਨੋਟਿਸ ਲਿਆ ਹੈ। ਹਾਫ਼ਿਜ਼ ਬਰਖ਼ੁਰਦਾਰ ਅਤੇ ਅਹਿਮਦ ਯਾਰ ਦੇ ਪੀਲੂ ਸਬੰਧੀ ਇਹ ਕਾਵਿ-ਕਥਨ ਅੱਜ ਵੀ ਪੰਜਾਬੀ ਸਾਹਿਤ ਜਗਤ ਵਿਚ ਹਰਮਨ ਪਿਆਰੇ ਹਨ :

ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੁਹਜ ਅਲਹਿਦੀ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ।
(ਹਾਫ਼ਿਜ਼ ਬਰਖ਼ੁਰਦਾਰ)

ਪੀਲੂ ਨਾਲ ਬਰਾਬਰੀ ਆਹਾ ਸ਼ਾਇਰ ਭੁੱਲ ਕਰੇਨ।
ਜਿਹਨੂੰ ਪੰਜਾਂ ਪੀਰਾਂ ਦਾ ਥਾਪੜਾ ਤੇ ਮੋਢੇ ਦਸਤ ਧਰੇਨ।
(ਅਹਿਮਦ ਯਾਰ)

ਵਲੀ ਰਾਮ ਪੰਜਾਬੀ ਵਿਚ ਹੀ ਨਹੀਂ, ਸਗੋਂ ਹਿੰਦੀ ਤੇ ਉਰਦੂ ਸਾਹਿਤ ਵਿਚ ਵੀ ਆਪਣੀ ਅਧਿਆਤਮਵਾਦੀ ਰਚਨਾ ਕਾਰਨ ਪ੍ਰਸਿੱਧ ਹੈ। ਪਰੰਤੂ ਇਹਨਾਂ ਤੋਂ ਵੀ ਪਹਿਲਾਂ ਹੋਏ ਦੋ ਅਜਿਹੇ ਕਵੀ ਵੀ ਹਨ, ਜੋ ਗੁਰਮਤਿ ਕਾਵਿ ਅਧੀਨ ਨਹੀਂ, ਸਗੋਂ ਹਾਸ-ਰਸੀ ਟੋਟਕਿਆਂ ਕਾਰਨ ਪ੍ਰਸਿੱਧ ਹੋਏ ਹਨ। ਇਹਨਾਂ ਵਿਚੋਂ ਸੁਥਰਾ ਜਾਂ ਸੁਥਰਾ ਸ਼ਾਹ ਗੁਰੂ ਘਰ ਦਾ ਨਿਕਟਵਰਤੀ ਮੰਨਿਆ ਜਾਂਦਾ ਹੈ। ਆਪਣੇ ਫ਼ਕੀਰਾਨਾ ਲਹਿਜ਼ੇ ਕਾਰਨ ਉਸ ਦੇ ਕੁਝ ਟੋਟਕੇ ਅਜਿਹੇ ਹਨ, ਜਿਹੜੇ ਅੱਜ ਅਖਾਣਾਂ ਵਜੋਂ ਪ੍ਰਚੱਲਿਤ ਹਨ। ਜਿਵੇਂ :

ਕੋਈ ਮਰੇ, ਕੋਈ ਜੀਵੇ
ਸੁਥਰਾ ਘੋਲ ਪਤਾਸੇ ਪੀਵੇ।

ਜੱਲ੍ਹਣ ਨੂੰ ਵੀ ਅਸੀਂ ਭਗਤ ਕਵੀਆਂ ਦੀ ਕੋਟੀ ਵਿਚ ਗਿਣ ਸਕਦੇ ਹਾਂ। ਉਸ ਦੇ ਕੁਝ ਟੋਟਕੇ ਤਾਂ ਅੱਜ ਵੀ ਲੋਕਾਂ ਦੇ ਮੂੰਹ ਚੜ੍ਹੇ ਹੋਏ ਹਨ। ਜਿਵੇਂ :

ਜੱਲ੍ਹਣਾਂ ਰੱਬ ਦਾ ਕੀ ਪਾਉਣਾ।
ਏਧਰੋਂ ਪੁੱਟਣਾ, ਓਧਰ ਲਾਉਣਾ।

ਇਸੇ ਤਰ੍ਹਾਂ ਜੱਲ੍ਹਣ ਦਾ ਵਿਅੰਗ ਭਰਪੂਰ ਸ਼ੈਲੀ ਵਿਚ ਇਹ ਟੋਟਕਾ ਵੀ ਵਰਤਮਾਨ ਯੁਗ ਦੇ ਸਾਹਿਤ ਰਸੀਆਂ ਦੇ ਕੰਠ ਹੈ :

ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ।
ਬੁੱਢੇ ਹੋਏ ਮਾਲਾ ਫੇਰੀ, ਰੱਬ ਦਾ ਲਾਭਾ ਲਾਹਿਆ।
ਵੱਡਾ ਕਿੱਕਰ ਵੱਢ ਕੇ, ਜਪਮਾਲ ਬਣਾਇਆ।
ਉੱਚੇ ਟਿੱਲੇ ਬੈਠ ਕੇ, ਠਾਹ-ਠਾਹ ਵਜਾਇਆ।
ਹੋਰਾਂ ਦੀਆਂ ਜਪਮਾਲੀਆਂ, ਜੱਲ੍ਹਣ ਦਾ ਜਪਮਾਲ।
ਸਾਰੀ ਉਮਰ ਜਪੇਂਦਿਆਂ, ਇਕ ਨਾ ਖੁੱਥਾ ਵਾਲ।

**ਹੋਰ ਫਿਰਕਿਆਂ ਦੀ ਕਵਿਤਾ**

ਉਦਾਸੀ ਸੰਪਰਦਾਇ, ਨਿਰੰਜਣੀ ਸੰਪਰਦਾਇ, ਮਿਹਬਾਨ ਸੰਪਰਦਾਇ ਦਾ ਸਾਹਿਤ ਅਤੇ ਭਗਤੀ ਰਸ ਦੀਆਂ ਮਾਝਾਂ ਦਾ ਜ਼ਿਕਰ ਕਰਨਾ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਗੁਰੂ ਘਰ ਤੋਂ ਆਪਣੇ ਪਰਿਵਾਰਿਕ

ਮਸਲਿਆਂ ਕਾਰਨ ਦੂਰ ਜਾਣ ਵਾਲੇ ਕੁਝ ਭਗਤਾਂ ਨੇ ਜਿਹੜੀ ਰਚਨਾ ਕੀਤੀ, ਉਹ ਭਾਵੇਂ ਗੁਰੂ ਆਸੇ ਦੇ ਬਹੁਤਾ ਵਿਰੋਧ ਵਿਚ ਤਾਂ ਨਹੀਂ ਜਾਂਦੀ ਅਤੇ ਉਹਨਾਂ ਦੀ ਸ਼ੈਲੀ ਵੀ ਉਸ ਦੌਰ ਅਨੁਕੂਲ ਹੀ ਹੈ, ਪਰੰਤੂ ਈਰਖਾ-ਵੱਸ ਇਹ ਕੁਝ ਕਵੀ ਆਪਣੀ ਤੰਗਦਿਲੀ ਦਾ ਇਜ਼ਹਾਰ ਕਰ ਹੀ ਜਾਂਦੇ ਹਨ।

ਉਦਾਸੀ ਸੰਪਰਦਾਇ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬਾਬਾ ਸਿਰੀ ਚੰਦ ਜੀ ਸਨ। ਬਾਬਾ ਸਿਰੀ ਚੰਦ ਤੋਂ ਹੀ ਉਦਾਸੀ ਸੰਪਰਦਾਇ ਦਾ ਉਦੈ ਹੁੰਦਾ ਹੈ। ਬਾਬਾ ਸਿਰੀ ਚੰਦ ਜੀ ਦੀ ਜਿਹੜੀ ਰਚਨਾ 'ਆਰਤਾ' ਸਿਰਲੇਖ ਅਧੀਨ ਪੜ੍ਹਨ ਨੂੰ ਮਿਲਦੀ ਹੈ, ਉਸ ਦਾ ਨਮੂਨਾ ਵੇਖੋ :

ਚਾਰ ਕੂੰਟ ਕੀ ਧਰਮਸਾਲਾ,
ਸੰਗਤ ਗਾਵੈ ਸ਼ਬਦ ਰਸਾਲਾ।
ਆਰਤਾ ਕੀਜੈ ਨਾਨਕ ਪਾਤਸ਼ਾਹ ਕਾ।
ਦੀਨ ਦੁਨੀ ਕੇ ਸ਼ਾਹ ਕਾ।

ਨਿਰੰਜਣੀ ਸੰਪਰਦਾਇ ਦੇ ਮੋਢੀ ਬਾਬਾ ਹੰਦਾਲ ਨੂੰ ਮੰਨਿਆ ਜਾਂਦਾ ਹੈ। ਹੰਦਾਲ ਤੋਂ ਪਿੱਛੋਂ ਜਿਹੜੇ ਇਸ ਗੱਦੀ 'ਤੇ ਬੈਠੇ, ਉਹਨਾਂ ਵਿਚ ਬਿਧੀ ਚੰਦ, ਦਯਾ ਰਾਮ, ਆਕਲ ਦਾਸ, ਗੋਬਿੰਦ ਦਾਸ, ਅਮੋਲਕ ਦਾਸ, ਅਪਾਰ ਦਾਸ, ਹਰਿ ਕੇਸ਼ੋ ਦਾਸ ਅਤੇ ਨਿਹਾਲ ਦਾਸ ਦੇ ਨਾਂ ਵਰਣਨ ਯੋਗ ਹਨ। ਇਹਨਾਂ ਦੀ ਰਚਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਨੇ ਆਪਣੇ ਹਰ ਪਦ ਜਾਂ ਕਾਵਿ-ਟੁਕੜੀ ਪਿੱਛੋਂ ਹੰਦਾਲ ਉਪਨਾਮ ਦੀ ਵਰਤੋਂ ਕੀਤੀ ਹੈ, ਨਾਨਕ ਦੀ ਨਹੀਂ।

ਮਿਹਰਬਾਨ ਸੰਪਰਦਾਇ ਦਾ ਸਬੰਧ ਗੁਰੂ ਰਾਮ ਦਾਸ ਜੀ ਦੇ ਸਪੁੱਤਰ ਪਿਰਥੀ ਚੰਦ ਨਾਲ ਹੈ, ਜੋ ਗੁਰੂ ਅਰਜਨ ਦੇਵ ਜੀ ਨੂੰ ਗੱਦੀ ਦੇਣ ਦੀ ਈਰਖਾ ਕਾਰਨ ਵੱਖਰੀ ਗੱਦੀ ਸਥਾਪਤ ਕਰਦਾ ਹੈ ਅਤੇ ਸਿੱਖ ਸੰਪਰਦਾਇ ਵਿਚ ਉਸ ਨੂੰ ਬਿਲਕੁਲ ਵੀ ਪ੍ਰਵਾਨਗੀ ਹਾਸਲ ਨਹੀਂ ਹੈ। ਭਾਵੇਂ ਇਸ ਗੱਦੀ ਕਾਰਨ ਸਿੱਖ ਗੁਰੂਆਂ ਦੇ ਸਮਾਂਨਾਂਤਰ 7ਵੇਂ ਅਤੇ 8ਵੇਂ ਗੁਰੂ ਤਕ ਦਾ ਵੀ ਜ਼ਿਕਰ ਆਉਂਦਾ ਹੈ। ਪਰੰਤੂ ਇਹਨਾਂ ਦੀ ਬਾਣੀ ਨੂੰ ਮੀਂਣਿਆਂ ਦਾ ਸਾਹਿਤ ਜਾਂ ਕੱਚੀ ਬਾਣੀ ਕਹਿ ਕੇ ਸਿੱਖ ਸੰਗਤ ਵਿਚ ਹਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

ਸੋਢੀ ਮਿਹਰਬਾਨ ਰਚਿਤ ਸਾਹਿਤ ਵਿਚ ਭਾਵੇਂ ਭਾਸ਼ਾ ਗੁਰਬਾਣੀ ਵਾਲੀ ਹੈ ਪਰ ਇਸ ਦਾ ਪੱਧਰ ਬਹੁਤਾ ਉਚਾ ਨਹੀਂ ਅਤੇ ਇਸ ਨੂੰ ਆਮ ਪ੍ਰਵਾਨਗੀ ਵੀ ਪ੍ਰਾਪਤ ਨਹੀਂ ਹੈ।

– – – – –

# ਮੱਧ ਕਾਲੀਨ ਕਿੱਸਾ-ਕਾਵਿ

**ਕਿੱਸਾ-ਕਾਵਿ ਦਾ ਪਿਛੋਕੜ**

ਕਿੱਸਾ ਦਾ ਜਨਮ ਅਰਬ ਵਿਚ ਹੋਇਆ। ਕਿੱਸਾ ਦੇ ਕੋਸ਼ਗਤ ਅਰਥ ਹਨ—ਕਥਾ, ਕਹਾਣੀ, ਗਾਥਾ ਆਦਿ। ਇਹਨਾਂ ਅਰਥਾਂ ਨੂੰ ਕੁਝ ਉਰਦੂ-ਫ਼ਾਰਸੀ ਵਿਦਵਾਨਾਂ ਨੇ ਸ਼ਾਨ, ਅਮਰ, ਮਸਲਾ, ਵਾਕਿਆ ਅਤੇ ਕਜ਼ੀਆ ਆਦਿ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ। ਸਮਾਂ ਲੰਘਣ ਨਾਲ ਇਸ ਦੇ ਦੋ ਰੂਪ ਸਮਝੇ ਜਾਣ ਲੱਗੇ। ਇਕ ਉਹ ਜਿਹੜਾ ਪ੍ਰਵਚਨ ਰੂਪ ਵਿਚ ਲੋਕਾਂ ਸਾਹਮਣੇ ਰੱਖਿਆ ਜਾਂਦਾ ਸੀ ਤੇ ਦੂਜਾ ਉਹ ਜਿਸ ਦੇ ਪੇਸ਼ ਕਰਨ ਦਾ ਮਨੋਰਥ ਜੀ-ਪਰਚਾਵਾ ਜਾਂ ਕੋਈ ਸਿਆਸੀ ਉਦੇਸ਼ ਹੁੰਦਾ ਸੀ।

ਕਿੱਸੇ ਦਾ ਭਾਰਤ ਵਿਚ ਪ੍ਰਵੇਸ਼ ਸਿੱਧਾ ਅਰਬ ਤੋਂ ਨਹੀਂ ਹੋਇਆ। ਇਹ ਇਰਾਨ ਦੇ ਰਸਤੇ ਪੰਜਾਬ ਵਿਚ ਪੁੱਜਾ। ਇਰਾਨੀ ਸ਼ਾਇਰਾਂ ਨੇ ਇਸ ਰੂਪ ਨੂੰ ਅਪਣਾਇਆ ਤੇ ਇਸ ਨੂੰ ਮਸਨਵੀ ਕਿਹਾ। ਇਰਾਨ ਵਿਚ ਮਸਨਵੀ ਨੂੰ ਦੋ ਰੂਪਾਂ ਵਿਚ ਵੰਡ ਲਿਆ—ਬਜ਼ਮੀਆ ਤੇ ਰਜ਼ਮੀਆ। ਬਜ਼ਮੀਆ ਵਿਚ ਹੁਸਨੋ-ਇਸ਼ਕ ਤੇ ਭੋਗ ਵਿਲਾਸ ਦਾ ਜ਼ਿਕਰ ਹੁੰਦਾ ਸੀ ਤੇ ਰਜ਼ਮੀਆ ਵਿਚ ਯੁੱਧਾਂ, ਜੰਗਾਂ ਦਾ। ਕਈਆਂ ਵਿਚ ਦੋਵੇਂ ਰੰਗ ਮਿਸ਼ਰਿਤ ਹੁੰਦੇ ਸਨ। ਫਿਰ ਫ਼ਾਰਸੀ ਵਿਚ ਕਿੱਸੇ ਦਾ ਤੀਜਾ ਰੰਗ ਵੀ ਦ੍ਰਿਸ਼ਟੀਗੋਚਰ ਹੋਇਆ, ਜਿਸ ਨੂੰ ਮਾਰਫ਼ਤ ਦਾ ਰੰਗ ਕਿਹਾ ਜਾਂਦਾ ਹੈ। ਇਹ ਤਿੰਨੇ ਰੰਗ ਲੈ ਕੇ ਫ਼ਾਰਸੀ ਮਸਨਵੀ ਦਾ ਭਾਰਤ ਵਿਚ ਪ੍ਰਵੇਸ਼ ਹੋਇਆ।

ਭਾਰਤ ਕੋਲ ਵੀ ਕਾਵਿ-ਕਥਾ ਦੇ ਰੂਪ ਵਿਚ ਪ੍ਰਬੰਧ-ਕਾਵਿ ਮੌਜੂਦ ਸੀ, ਜਿਸ ਦੇ ਅੱਗੋਂ ਦੋ ਰੂਪ ਸਨ—ਇਕ ਕਿੱਸਾ ਕਾਵਿ ਤੇ ਦੂਜਾ ਵਾਰ ਕਾਵਿ, ਤੀਜਾ ਰੂਪ ਜੰਗਨਾਮਾ ਅਖਵਾਉਂਦਾ ਹੈ ਪਰ ਹਾਮਦ, ਮੁਕਬਲ ਤੇ ਕੁਝ ਹੋਰ ਕਵੀਆਂ ਦੇ ਯੁੱਧ ਭੂਮੀ ਨਾਲ ਸਬੰਧਤ ਬ੍ਰਿਤਾਂਤ ਕਾਵਿ ਨੂੰ ਤਾਂ ਵਿਦਵਾਨ ਜੰਗਨਾਮਾ ਕਹਿ ਦਿੰਦੇ ਹਨ ਪਰ ਸ਼ਾਹ ਮੁਹੰਮਦ ਦੇ 'ਜੰਗ ਸਿੰਘਾਂ ਤੇ ਫਰੰਗੀਆਂ' ਜਾਂ ਇਸ ਤਰ੍ਹਾਂ ਹੀ ਮਟਕ ਦੀ ਰਚਨਾ ਨੂੰ ਬੀਰ ਰਸੀ ਕਿੱਸਾ ਹੀ ਮੰਨਦੇ ਹਨ। ਪਰੰਤੂ ਜਦੋਂ ਅਸੀਂ ਪੰਜਾਬੀ ਵਿਚ ਕਿੱਸਾ ਕਾਵਿ ਦੀ ਗੱਲ ਕਰਦੇ ਹਾਂ ਤਾਂ ਸਾਡਾ ਸੰਕੇਤ ਉਹਨਾਂ ਰਚਨਾਵਾਂ ਵੱਲ ਹੋ ਜਾਂਦਾ ਹੈ ਜਿਹੜੀਆਂ ਪ੍ਰੀਤ ਕਹਾਣੀਆਂ ਦਾ ਛੰਦ-ਬੱਧ ਰੂਪ ਹੈ। ਭਾਵੇਂ ਪਿੱਛੋਂ ਜਾ ਕੇ ਭਗਤਾਂ, ਡਾਕੂਆਂ ਤੇ ਹੋਰ ਸੂਰਮਿਆਂ ਦੀਆਂ ਕਾਵਿ ਕਥਾਵਾਂ ਨੂੰ ਵੀ ਕੁਝ ਵਿਦਵਾਨਾਂ ਨੇ ਕਿੱਸਾ ਕਾਵਿ ਦੀ ਕੋਟੀ ਵਿਚ ਰੱਖ ਲਿਆ ਹੈ।

ਮੋਟੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਕਿੱਸਾ ਬ੍ਰਿਤਾਂਤ ਕਾਵਿ ਦੇ ਘੇਰੇ ਵਿਚ ਆਉਣ ਵਾਲੀ ਉਹ ਰਚਨਾ ਹੈ, ਜਿਸ ਵਿਚ ਇਕ ਕਹਾਣੀ ਹੁੰਦੀ ਹੈ। ਅਕਸਰ ਇਹ ਕਹਾਣੀ ਪ੍ਰੀਤ ਕਹਾਣੀ ਹੁੰਦੀ ਹੈ। ਇਹਦਾ ਸੁਭਾ ਬਾਹਰਮੁਖੀ ਹੈ ਪਰ ਮੱਧ ਕਾਲੀ ਚੇਤਨਾ ਦੇ ਪ੍ਰਭਾਵ ਕਾਰਨ ਇਸ ਦਾ ਮੁਹਾਵਰਾ ਧਾਰਮਿਕ ਜਾਂ ਅਧਿਆਤਮਿਕ ਵੀ ਬਣ ਜਾਂਦਾ ਹੈ। ਇਹੋ ਕਾਰਨ ਹੈ ਕਿ ਨਵੀਨ ਆਲੋਚਨਾ ਪ੍ਰਣਾਲੀਆਂ ਦੇ ਅਧੀਨ ਪੰਜਾਬੀ ਕਿੱਸਾ ਕਾਵਿ ਨੂੰ ਬ੍ਰਿਤਾਂਤ ਕਾਵਿ ਦੇ ਤੌਰ 'ਤੇ ਹੀ ਨਿਰਖਿਆ-ਪਰਖਿਆ ਗਿਆ ਹੈ।

## ਕਿੱਸਾ ਕਾਵਿ ਦੀ ਵਸਤੂ ਸਮੱਗਰੀ ਦੇ ਸਰੋਤ

ਡਾ.ਗੁਰਚਰਨ ਸਿੰਘ ਨੇ ਕਿੱਸਾ ਕਾਵਿ ਦੀ ਵਸਤੂ ਸਮੱਗਰੀ ਦੇ ਕੁਝ ਸੁਦੇਸ਼ੀ ਤੇ ਵਿਦੇਸ਼ੀ ਸਰੋਤ ਮੰਨੇ ਹਨ, ਜਿੰਨ੍ਹਾਂ ਨੂੰ ਅਸੀਂ ਹੇਠ ਦੇ ਰਹੇ ਹਾਂ :

1. ਪੰਜਾਬ ਦੇ ਨਿਰੋਲ ਆਪਣੇ ਪ੍ਰਭਾਵ।
2. ਭਾਰਤੀ ਕਥਾ-ਸਾਹਿਤ, ਇਤਿਹਾਸ ਤੇ ਮਿਥਿਹਾਸ ਦਾ ਪ੍ਰਭਾਵ।
3. ਆਸ-ਪਾਸ ਦੇ ਭੂਗੋਲਿਕ ਨੇੜ ਰੱਖਣ ਵਾਲੇ ਪ੍ਰਦੇਸ਼ਾਂ ਦੀ ਲੋਕ ਕਹਾਣੀ ਦਾ ਪ੍ਰਭਾਵ।
4. ਯੂਨਾਨੀ ਲੋਕ ਕਹਾਣੀ ਤੇ ਮਿਥਿਹਾਸ ਦਾ ਪ੍ਰਭਾਵ।
5. ਫ਼ਾਰਸੀ, ਅਰਬੀ ਤੇ ਯਹੂਦੀ ਸੋਮਿਆਂ ਦੇ ਕਥਾ ਸਾਹਿਤ ਦਾ ਪ੍ਰਭਾਵ।

ਸੱਸੀ-ਪੁੰਨੂੰ ਨੂੰ ਯੂਨਾਨ-ਮੂਲਕ-ਕਹਾਣੀ ਸਮਝਿਆ ਜਾਂਦਾ ਹੈ ਪਰ ਹਰਨਾਮ ਸਿੰਘ ਸ਼ਾਨ ਦੀ ਖੋਜ ਅਨੁਸਾਰ ਇਹ ਪੰਜਾਬ ਵਿਚ ਕਛ ਤੇ ਸਿੰਧ ਦੇ ਰਸਤੇ ਪਹੁੰਚੀ ਜਾਪਦੀ ਹੈ। ਸੋਹਣੀ-ਮਹੀਂਵਾਲ ਦੀ ਕਥਾ ਯੂਨਾਨੀ ਕਹਾਣੀ 'ਹੀਰੋ ਲੀਆਂਡਰ' ਨਾਲ ਮੇਲ ਖਾਂਦੀ ਹੈ। ਹੀਰ-ਰਾਂਝਾ ਤੇ ਮਿਰਜ਼ਾ-ਸਾਹਿਬਾਂ ਪੰਜਾਬੀ ਦੀਆਂ ਮੁਸਲਮਾਨੀ ਕਹਾਣੀਆਂ

ਹਨ। ਪੂਰਨ ਭਗਤ, ਹਰੀ ਚੰਦ, ਰਾਜਾ ਭਰਥਰੀ, ਰਸਾਲੂ ਆਦਿ ਪੁਰਾਣੇ ਪੰਜਾਬੀ ਤੇ ਭਾਰਤੀ ਸੋਮਿਆਂ ਦੀਆਂ ਕਥਾਵਾਂ ਹਨ। ਯੂਸਫ਼-ਜ਼ੁਲੈਖਾਂ, ਸ਼ੀਰੀਂ-ਫ਼ਰਹਾਦ ਆਦਿ ਤੇ ਹੋਰ ਅਨੇਕਾਂ ਕਹਾਣੀਆਂ ਯਹੂਦੀ, ਅਰਬੀ ਤੇ ਇਰਾਨੀ ਸੋਮਿਆਂ ਦੀਆਂ ਕਹਾਣੀਆਂ ਹਨ। ਹਰੀ ਚੰਦ, ਮੈਨਾ ਵੰਤੀ ਬੰਗਾਲ ਦੀ ਕਹਾਣੀ ਹੈ ਪਰ ਪੰਜਾਬ ਵਿਚ ਬਹੁਤ ਗਾਈ ਗਈ। ਨਲ-ਦਮਯੰਤੀ ਭਾਰਤੀ ਮਿਥਿਹਾਸ ਦੇ ਭੰਡਾਰ ਵਿਚੋਂ ਹੈ, ਰੂਪ-ਬਸੰਤ ਆਦਿ ਹੋਰ ਕਈ ਕਥਾਵਾਂ ਵੀ ਦੇਸੀ ਸੋਮੇ ਦੀਆਂ ਹਨ।

### ਮੱਧ-ਕਾਲੀ ਕਿੱਸਾ ਕਾਵਿ (1526-1708)

ਸਮੁੱਚੇ ਪੰਜਾਬੀ ਸਾਹਿਤ ਵਿਚ ਆਦਿ-ਕਾਲ (850-1526 ਈ.) ਪਿੱਛੋਂ ਜਿਹੜਾ ਦੌਰ ਚਲਦਾ ਹੈ, ਉਸ ਨੂੰ ਪੰਜਾਬੀ ਸਾਹਿਤ ਦੇ ਬਹੁਤੇ ਇਤਿਹਾਸਕਾਰਾਂ ਨੇ ਮੱਧ-ਕਾਲ ਕਿਹਾ ਹੈ ਅਤੇ ਇਸ ਮੱਧ-ਕਾਲ ਦਾ ਸਮਾਂ 1526-1708 ਈ. ਤਕ ਮਿਥਿਆ ਹੈ। ਇਸ ਕਾਲ-ਖੰਡ ਵਿਚ ਹੇਠ ਲਿਖੇ ਕਿੱਸਾ ਸਾਹਿਤ ਦੀ ਰਚਨਾ ਹੋਈ:

ਦਮੋਦਰ (ਅਕਬਰ ਬਾਦਸ਼ਾਹ ਦਾ ਸਮਕਾਲੀ) ਦੁਆਰਾ ਰਚਿਤ ਹੀਰ ਰਾਂਝਾ।

ਪੀਲੂ ਦਾ ਮਿਰਜ਼ਾ ਸਾਹਿਬਾਂ।

ਹਾਫ਼ਿਜ਼ ਬਰਖ਼ੁਰਦਾਰ ਦਾ ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ, ਯੂਸਫ਼ ਜ਼ੁਲੈਖਾਂ।

ਅਹਿਮਦ ਗੁੱਜਰ ਦਾ ਹੀਰ ਰਾਂਝਾ ਬੈਂਤਾਂ ਵਿਚ।

ਸਦੀਕ ਲਾਲੀ—ਯੂਸਫ਼ ਜ਼ੁਲੈਖਾਂ।

ਮੀਆਂ ਚਿਰਾਗ਼—ਹੀਰ ਰਾਂਝਾ।

### ਹੀਰ ਦਮੋਦਰ

ਭਾਵੇਂ ਪੰਜਾਬੀ ਸਾਹਿਤ ਦੇ ਆਦਿ-ਕਾਲ (850-1526 ਈ.) ਵਿਚ ਵੀ ਕਿੱਸਾ ਕਾਵਿ ਦੇ ਰਚਣ ਦੇ ਕੁਝ ਸੰਕੇਤ ਮਿਲਦੇ ਹਨ ਪਰੰਤੂ ਉਹਨਾਂ ਦੀ ਪ੍ਰਮਾਣਕਤਾ ’ਤੇ ਅਜੇ ਵੀ ਪ੍ਰਸ਼ਨ-ਚਿੰਨ੍ਹ ਲੱਗਾ ਹੋਇਆ ਹੈ। ਡਾ.ਮੋਹਨ ਸਿੰਘ ਅਨੁਸਾਰ ਆਦਿ-ਕਾਲ ਵਿਚ ਸੱਸੀ ਪੁੰਨੂੰ ਦਾ ਕਿੱਸਾ ਰਚਿਆ ਗਿਆ। ਇਸ ਕਾਲ ਵਿਚ ਰਾਣੀ ਰੂਪਮਤੀ ਦੇ ਰਚੇ ਜਾਣ ਦਾ ਜ਼ਿਕਰ ਡਾ.ਤ੍ਰਿਲੋਚਨ ਸਿੰਘ ਬੇਦੀ ਨੇ ਕੀਤਾ ਹੈ, ਜਿਸ ਦੀ ਸ਼ੈਲੀ ਪ੍ਰਾਚੀਨ ਭਾਰਤੀ ਪ੍ਰੀਤ-ਕਾਵਿ ਨਾਲ ਮਿਲਦੀ ਜੁਲਦੀ ਹੈ। ਇਹ ਰਚਨਾ ਅਦਹਮਾਨ ਦੇ ‘ਸਨੇਹ ਰਾਸਕ’ ਨਾਲੋਂ ਪੁਰਾਤਨ ਪੰਜਾਬੀ ਦਾ ਵਧੇਰੇ ਪ੍ਰਮਾਣਿਕ ਰੂਪ ਹੈ। ਮੱਧ-ਕਾਲ ਵਿਚ ਰਚੇ ਕਿੱਸਾ ਕਾਵਿ ਤੋਂ ਵੀ ਇਹ ਗੱਲ ਸਿੱਧ ਹੁੰਦੀ ਹੈ ਕਿ ਪੰਜਾਬੀ ਦੇ ਆਦਿ-ਕਾਲ ਵਿਚ ਹੋਰ ਕਿੱਸੇ ਵੀ ਲਿਖੇ ਗਏ ਹੋਣਗੇ। ਪਰ ਸੰਭਾਲੇ ਨਾ ਜਾਣ ਕਾਰਨ ਅਸੀਂ ਪ੍ਰਮਾਣਿਕ ਤੌਰ ’ਤੇ ਪੰਜਾਬੀ ਕਿੱਸਾ ਕਾਵਿ ਦਾ ਮੁੱਢ ਦਮੋਦਰ ਰਚਿਤ ‘ਹੀਰ’ ਤੋਂ ਹੀ ਮੰਨਦੇ ਹਾਂ।

ਹੀਰ ਦਮੋਦਰ ਦੇ ਦੋ ਹਿੱਸੇ ਹਨ। ਪਹਿਲੇ ਹਿੱਸੇ ਵਿਚ ਦਮੋਦਰ ਜਾਣ-ਪਛਾਣ ਕਰਾਉਂਦਾ ਹੈ। ਇਹਨਾਂ ਬੰਦਾਂ ਦੀ ਗਿਣਤੀ ਸੱਤ ਹੈ। ਇਹਨਾਂ ਕਾਵਿ-ਟੁਕੜੀਆਂ ਅਨੁਸਾਰ ਦਮੋਦਰ ਜਾਤ ਦਾ ਗੁਲਾਟੀ ਸੀ ਅਤੇ ਕਿਸੇ ਨਰਾਜ਼ਗੀ ਕਾਰਨ ਘਰ ਛੱਡ ਕੇ ਝੰਗ ਵਿਚ ਆ ਕੇ ਵਸਿਆ ਅਤੇ ਚੂਚਕ ਦੇ ਦਿਲਾਸੇ ਉਤੇ ਉਸ ਨੇ ਝੰਗ ਵਿਚ ਹੱਟੀ ਪਾਈ :

1\.

ਨਾਉਂ ਦਮੋਦਰ ਜਾਤ ਗੁਲ੍ਹਾਟੀ, ਆਇਆ ਸਿੱਕ ਸਿਆਲੀ।

ਆਪਣੇ ਮਨ ਵਿਚ ਮਸਲਤ ਕੀਤੀ, ਬਹਿ ਇਥਾਈਂ ਜਾਲੀ।
ਵੜਿਆ ਵੰਝ ਚੂਚਕ ਦੇ ਸ਼ਹਿਰੇ, ਜਿੱਥੇ ਸਿਆਲ ਅਬਦਾਲੀ।
ਦੇਖ ਦਮੋਦਰ ਖ਼ੁਸ਼ੀ ਹੋਈ ਉਸ, ਵੇਖ ਉਨ੍ਹਾਂ ਦੀ ਚਾਲੀ।
ਉਥੇ ਕੀਤਾ ਰਹਿਣ ਦਮੋਦਰ, ਉਸ ਵਸਤੀ ਖੁਸ਼ ਆਈ।
ਚੂਚਕ ਨੂੰ ਜੋ ਵੰਝ ਮਿਲਿਆ ਸੇ, ਨਾਲੇ ਕੁੰਦੀ ਤਾਈ।
ਚੂਚਕ ਬਹੁੰ ਦਿਲਾਸਾ ਦਿੱਤਾ, ਤਾਂ ਦਿਲਗੀਰੀ ਲਾਹੀ।
ਆਖ ਦਮੋਦਰ ਹੋਇਆ ਦਿਲਾਸਾ, ਤਾਂ ਹੱਟੀ ਉਥੇ ਪਾਈ।

ਦਮੋਦਰ ਅਨੁਸਾਰ ਉਸ ਸਮੇਂ ਅਕਬਰ ਦਾ ਰਾਜ ਚੜ੍ਹਦੀ ਕਲਾ ਵਿਚ ਸੀ :

2.

ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਈ।
ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨਾ ਹੁਜਤ ਕਾਈ।
ਅਕਬਰ ਨਾਲ ਕਰੇਂਦਾ ਦਾਅਵੇ, ਭੁਈਂ ਨਈਂ ਦਾ ਸਾਈਂ।

3.

ਹਿਕੇ ਦਵੀਹਾਂ ਅਕਬਰ ਗਾਜ਼ੀ, ਕੱਛਾਂ ਆਪ ਕਛੀਹਾਂ।
ਅਕਬਰ ਸ਼ਾਹ ਦਾ ਰਾਜ ਵਡੇਰਾ, ਜੇ ਤੈਨੂੰ ਕਜ਼ਾ ਦਿਤੀ ਆਈ।

ਇਸ ਤੋਂ ਇਲਾਵਾ ਕਿੱਸੇ ਦੇ ਅੰਤ ਉਤੇ ਦਮੋਦਰ ਦਾ ਇਹ ਲਿਖਣਾ ਵੀ ਉਸ ਨੂੰ ਅਕਬਰ ਦਾ ਸਮਕਾਲੀ ਸਿੱਧ ਕਰਦਾ ਹੈ :

ਪੰਦਰਾਂ ਸੌ ਉਨੱਤੀ ਆਹਾ, ਸੰਮਤ ਬਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ।

ਪਰੰਤੂ ਇਕ ਸ਼ੰਕਾ ਵੀ ਉਤਪੰਨ ਹੁੰਦਾ ਹੈ ਕਿ 1529 ਵਿਚ ਤਾਂ ਲੋਧੀ ਖ਼ਾਨਦਾਨ ਦਾ ਰਾਜ ਸੀ ਅਤੇ ਇਸ ਅਨੁਸਾਰ ਇਹ ਸਾਲ 1472 ਈ. ਬਣਦਾ ਹੈ। ਡਾ.ਹਰਨਾਮ ਸਿੰਘ ਸ਼ਾਨ ਦਾ ਇਹ ਮੱਤ ਵੀ ਸਾਡਾ ਧਿਆਨ ਖਿੱਚਦਾ ਹੈ ਕਿ ਪਹਿਲੇ ਸੱਤ ਪੈਰ੍ਹਿਆਂ (ਬੰਦਾਂ) ਦਾ ਕਰਤਾ ਦਮੋਦਰ ਨਹੀਂ। ਦਮੋਦਰ ਦੀ ਜਾਣ-ਪਛਾਣ ਲਈ ਕਿਸੇ ਨੇ ਪਿੱਛੋਂ ਨਾਲ ਜੋੜੇ ਹਨ, ਕਿਉਂ ਜੋ ਇਹਨਾਂ ਦੀ ਗਿਣਤੀ ਮੂਲ ਕਿੱਸੇ ਦੇ ਪੈਰ੍ਹਿਆਂ ਤੋਂ ਵੱਖਰੀ ਹੈ ਅਤੇ ਮੰਗਲਾਚਰਨ ਤੋਂ ਨਵੀਂ ਗਿਣਤੀ ਸ਼ੁਰੂ ਹੋ ਜਾਂਦੀ ਹੈ। ਅਸੀਂ ਵੀ ਇਹ ਮੰਨਦੇ ਹਾਂ ਕਿ ਦਮੋਦਰ ਦਾ ਅੱਖੀਂ ਡਿੱਠੇ ਦਾ ਦਾਅਵਾ ਸਿਰਫ਼ ਆਪਣੀ ਕਹਾਣੀ ਕਲਾ ਦੀ ਚਤੁਰਾਈ ਦੀ ਉਪਜ ਹੈ। ਹਾਂ, ਉਹ ਅਕਬਰ ਦਾ ਸਮਕਾਲੀ ਸੀ। ਜੇ ਸਮਕਾਲੀ ਨਾ ਹੁੰਦਾ ਤਾਂ ਵਾਰ-ਵਾਰ ਉਸ ਨੂੰ ਅਕਬਰ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਣ ਦੀ ਕੀ ਲੋੜ ਸੀ। ਅਸੀਂ ਇਹ ਵੀ ਮੰਨਦੇ ਹਾਂ ਕਿ ਇਹ ਪ੍ਰੀਤ-ਖੇਡ ਲੋਧੀ ਰਾਜ ਦੇ ਸਮੇਂ ਦੀ ਹੈ। ਪਰ ਸਿਰਫ਼ ਦਮੋਦਰ ਵੱਲੋਂ ਉਤਰਵਰਤੀਆਂ ਨੂੰ ਜਚਾਉਣ ਲਈ ਅੱਖੀਂ ਡਿੱਠੇ ਕਥਨ ਦਾ ਵਾਰ-ਵਾਰ ਸਹਾਰਾ ਲਿਆ ਗਿਆ ਹੈ। ਉਹ ਤਾਂ ਇਥੋਂ ਤਕ ਕਹਿ ਦਿੰਦਾ ਹੈ :

1.

'ਅੱਖੀ ਡਿੱਠਾ ਕਿੱਸਾ ਕੀਤਾ, ਮੈਂ ਤੇ ਗੁਣਹੀ ਨਾ ਕਾਈ।

2.

ਆਖ ਦਮੋਦਰ ਮੈਂ ਛਪ ਖਲੋਤਾ, ਜਿੱਥੇ ਦੋ ਬੂਟੇ ਇਕ ਕਾਹੀ।

ਦਮੋਦਰ ਤਾਂ ਇਥੋਂ ਤਕ ਵੀ ਕਹਿ ਦਿੰਦਾ ਹੈ ਕਿ ਜਦੋਂ ਹੀਰ ਤੇ ਰਾਂਝਾ ਕਚਹਿਰੀ 'ਚੋਂ ਮੁਕਤ ਹੁੰਦੇ ਹਨ, ਤਾਂ ਉਹ ਵੀ ਉਹਨਾਂ ਦੇ ਨਾਲ ਚਲਾ ਜਾਂਦਾ ਹੈ :

ਆਖ ਦਮੋਦਰ ਅੱਖੀਂ ਡਿੱਠਾ, ਜੋ ਲੰਮੀ ਤਰਫ਼ ਸਿਧਾਏ।
ਜਾਂ ਕੋਹ ਤ੍ਰੈ ਗਏ ਅਗੇਰੇ, ਤਾਂ ਅਸੀਂ ਵੀ ਨਾਲੇ ਆਹੇ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਸਾਰੀ ਕਲਪਨਾ ਨੂੰ ਕਿੱਸੇ ਵਿਚ ਦਮੋਦਰ ਕਿਉਂ ਦਰਜ ਕਰਦਾ ਹੈ। ਅਸੀਂ ਸਿਰਫ਼ ਇਹ ਕਹਿ ਸਕਦੇ ਹਾਂ ਕਿ ਦਮੋਦਰ ਹੀਰ ਰਾਂਝੇ ਦੀ ਪ੍ਰੀਤ ਖੇਡ ਤੋਂ ਬਹੁਤ ਪਿੱਛੋਂ ਝੰਗ ਆ ਕੇ ਵਸਦਾ ਹੈ, ਉਦੋਂ ਹੀਰ ਰਾਂਝੇ ਦੀ ਇਹ ਪ੍ਰੀਤ ਕਹਾਣੀ ਪੂਰੀ ਤਰ੍ਹਾਂ ਲੋਕਾਂ ਵਿਚ ਪ੍ਰਚੱਲਿਤ ਹੋ ਚੁੱਕੀ ਸੀ ਤੇ ਝੰਗ ਦੇ ਲੋਕ ਹੀਰ ਤੇ ਰਾਂਝੇ ਨੂੰ ਇਕ ਦੈਵੀ ਸ਼ਕਤੀ ਸਮਝ ਕੇ ਉਹਨਾਂ ਦਾ ਸਤਿਕਾਰ ਕਰਦੇ ਹੋਣਗੇ ਅਤੇ ਦਮੋਦਰ ਵੱਲੋਂ ਦੋਹਾਂ ਦੀ ਮਹਾਨਤਾ ਵਜੋਂ ਪਹਿਲੀ ਵਾਰ ਇਕ ਲੰਬੀ ਕਹਾਣੀ ਦੇ ਰੂਪ ਵਿਚ ਕਵਿਤਾ ਵਿਚ ਢਾਲ ਦਿੱਤਾ ਹੋਵੇਗਾ। ਪ੍ਰੋ.ਸੰਤ ਸਿੰਘ ਸੇਖੋਂ ਵੀ ਆਪਣੇ ਮੱਤ ਨੂੰ ਕੁਝ ਇਸ ਤਰ੍ਹਾਂ ਹੀ ਪ੍ਰਗਟ ਕਰਦਾ ਹੈ।

ਹੀਰ ਰਾਂਝੇ ਦਾ ਕਿੱਸਾ ਦਮੋਦਰ ਨੇ 1605 ਤੋਂ 1617 ਵਿਚਕਾਰ ਲਿਖਿਆ ਹੋਵੇਗਾ। ਇਸ ਦੀ ਪੁਸ਼ਟੀ ਲਈ ਕਿੱਸੇ ਵਿਚਲੇ ਹੇਠ ਲਿਖੇ ਤੱਥ ਦਿੱਤੇ ਜਾ ਸਕਦੇ ਹਨ :

1. ਇਸ ਕਿੱਸੇ ਵਿਚ ਤਮਾਖੂ ਦਾ ਜ਼ਿਕਰ ਆਉਂਦਾ ਹੈ ਤੇ ਇਤਿਹਾਸਕਾਰਾਂ ਅਨੁਸਾਰ ਤਮਾਖੂ 1605 ਈ. ਵਿਚ ਪੁਰਤਗੇਜ਼ਾਂ ਦੀ ਆਮਦ ਨਾਲ ਆਉਂਦਾ ਹੈ। ਤਮਾਖੂ ਦੇ ਇਸ ਜ਼ਿਕਰ ਸਬੰਧੀ ਮਹਿਮਾਨ ਨਵਾਜ਼ੀ ਵਜੋਂ ਦਮੋਦਰ ਦੀਆਂ ਇਹ ਸਤਰਾਂ ਬੜੀਆਂ ਢੁਕਵੀਆਂ ਹਨ :

ਉਬਾਲ ਸੇਵੀਆਂ, ਘੜਾ ਲੱਸੀ ਦਾ, ਤਮਾਖੂ ਚਿਲਮ ਸਦਾਏ।

ਤਮਾਖੂ ਏਨਾ ਪ੍ਰਚੱਲਿਤ ਹੋ ਚੁੱਕਾ ਸੀ ਕਿ 10 ਮਾਰਚ, 1617 ਈ. ਨੂੰ ਤਮਾਖੂ ਨੂੰ ਬਾਦਸ਼ਾਹ ਜਹਾਂਗੀਰ ਨੇ ਬੰਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਸੀ।

2. ਸ਼ਾਹ ਹੁਸੈਨ ਵੱਲੋਂ ਇਸ ਪ੍ਰੀਤ ਕਹਾਣੀ ਨੂੰ ਅਧਿਆਤਮਿਕ ਰੰਗ ਵਿਚ ਪੇਸ਼ ਕਰਨ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਹੀਰ ਰਾਂਝੇ ਦੀ ਪ੍ਰੀਤ ਕਥਾ 16ਵੀਂ ਸਦੀ ਤਕ ਬਹੁਤ ਪ੍ਰਸਿੱਧ ਹੋ ਗਈ ਹੋਵੇਗੀ।

ਹੀਰ ਰਾਂਝੇ ਦੀ ਕਾਵਿ-ਕਥਾ ਨੂੰ ਜਿਸ ਰੰਗ ਵਿਚ ਦਮੋਦਰ ਨੇ ਪੇਸ਼ ਕੀਤਾ ਹੈ, ਉਹ ਇਸ਼ਕ ਮਜ਼ਾਜੀ ਦਾ ਰੂਪ ਨਹੀਂ, ਇਸ਼ਕ ਹਕੀਕੀ ਦਾ ਰੰਗ ਹੈ। ਕਿਤੇ ਵੀ ਹੀਰ ਚੰਚਲ ਜਾਂ ਅਜਿਹੀ ਯੁਵਤੀ ਵਜੋਂ ਨਹੀਂ ਚਿਤਰੀ ਗਈ,ਜਿਸ ਨਾਲ ਇਹ ਕਿੱਸਾ ਉਸ ਸਮੇਂ ਦੇ ਪ੍ਰਚੱਲਿਤ ਸੂਫ਼ੀਆਨਾ ਤੇ ਗੁਰਮਤਿ ਰੰਗ ਤੋਂ ਉਲਟ ਜਾਂਦਾ ਹੋਵੇ। ਇਹੋ ਕਾਰਨ ਹੈ ਕਿ ਭਾਈ ਗੁਰਦਾਸ ਵੀ ਹੀਰ ਰਾਂਝੇ ਦਾ ਜ਼ਿਕਰ ਬੜੀ ਕਦਰ ਨਾਲ ਕਰਦਾ ਹੈ। ਥਾਂ ਥਾਂ ਉਤੇ ਰਾਂਝੇ ਪ੍ਰਤੀ ਖਿੱਚ ਅਤੇ ਹੀਰ ਪ੍ਰਤੀ ਸਤਿਕਾਰ ਇਸ ਕਿੱਸੇ ਦੀ ਸਾਰੀ ਕਹਾਣੀ ਵਿਚ ਆਰ-ਪਾਰ ਫੈਲੇ ਰਹਿੰਦੇ ਹਨ। ਜਿੱਥੋਂ ਤਕ ਰਾਂਝੇ ਦੇ ਸਤਿਕਾਰ ਦਾ ਸਬੰਧ ਹੈ, ਉਸ ਦੇ ਜੋ ਵੀ ਦਰਸ਼ਨ ਕਰਦਾ ਹੈ, ਉਹ ਉਸ ਉਤੇ ਲੱਟੂ ਹੋ ਜਾਂਦਾ ਹੈ। ਜਦੋਂ ਰਾਂਝਾ ਘਰ ਛੱਡਦਾ ਹੈ, ਭਰਾ ਤਾਂ ਖ਼ੁਸ਼ ਹਨ ਕਿ ਇਕ ਸ਼ਰੀਕ ਘਰ ਛੱਡ ਗਿਆ। ਪਰ ਭਰਜਾਈਆਂ ਦੁਖੀ ਹਨ। ਇਸੇ ਤਰ੍ਹਾਂ

ਮਸਜਿਦ ਵਿਚ ਕੀ ਕੁੜੀ ਤੇ ਕੀ ਬੁੱਢੀ, ਜੋ ਵੀ ਰਾਂਝੇ ਨੂੰ ਵੇਖਦੀ ਹੈ, ਉਹ ਉਸ ਵੱਲ ਖਿੱਚੀ ਜਾਂਦੀ ਹੈ। ਝਿਉਰਾਂ ਦੀ ਕੁੜੀ ਦਾ ਆਪਣੀ ਮਾਂ ਕੋਲ ਇਹ ਜਾ ਕੇ ਕਹਿਣਾ :

ਵਿਚ ਮਸੀਤੀਂ ਚੰਨ ਫਥੋਈ, ਮੈਂ ਵਰ ਨੀਹੇਂ ਦੈਂਦੀ।
ਹੱਸ ਹੱਥ ਰਖ ਸਿਰ ਅਸਾਡੇ, ਨਹੀਂ ਤਾਂ ਆਪੈ ਨਿਕਲ ਵੈਂਦੀ।

ਤੇ ਮਾਂ ਦਾ ਉਸ ਨੂੰ ਮਸੀਤ ਵਿਚ ਜਾ ਕੇ ਵੇਖਣਾ ਤੇ ਆ ਕੇ ਕਹਿਣਾ :

ਹੈ ਜੇ ਚੁਖ ਵਡੇਰਾ ਹੋਵੇ ਮੈਂ ਆਪ ਨਿਕਾਹ ਬਨ੍ਹਾਈਂ।

ਜਾਂ ਧੀਦੋ ਚੜ੍ਹੇ ਘੋੜੇ 'ਤੇ, ਬਾਹਰ ਪੰਖੀ ਨਾ ਠਹਿਰਾਇਣ।
ਨਰ ਨਾਰੀ ਜੇ ਕੋਈ ਵੇਖੇ, ਪਲ ਨਾ ਪਲਕਾਂ ਲਾਇਣ।

ਇਸੇ ਤਰ੍ਹਾਂ ਲੁੱਡਣ ਵੱਲੋਂ ਆਪਣੀਆਂ ਘਰਵਾਲੀਆਂ ਨੂੰ ਰਾਂਝੇ ਹਵਾਲੇ ਕਰਨ ਦੀ ਗੱਲ ਵੀ ਰਾਂਝੇ ਦੀ ਅਜ਼ਮਤ ਦਾ ਪ੍ਰਮਾਣ ਹੈ। ਦੂਜੇ ਪਾਸੇ ਹੀਰ ਦੀ ਬਹਾਦਰੀ ਤੇ ਦਲੇਰੀ ਦੀਆਂ ਇਕ ਨਹੀਂ, ਅਨੇਕ ਘਟਨਾਵਾਂ ਕਿੱਸੇ ਵਿਚ ਉਸ ਦੀ ਮਹਾਨਤਾ ਦਾ ਪ੍ਰਮਾਣ ਬਣਦੀਆਂ ਹਨ। ਜਦੋਂ ਨਾਹੜਾਂ ਨਾਲ ਟੱਕਰ ਦਾ ਮਸਲਾ ਆਉਂਦਾ ਹੈ ਤਾਂ ਹੀਰ ਆਪਣੀ ਸਹੇਲੀ ਹੱਸੀ ਨੂੰ ਕਹਿੰਦੀ ਹੈ :

ਆਖੇ ਹੀਰ ਸੁਣ ਹੱਸੀ ਭੈਣੇ, ਇਹ ਗੱਲ ਬਣਦੀ ਨਾਹੀਂ
ਹੋਏ ਸਿਕਦਾਰ ਖਲੋਵੇ ਪਿੱਛੇ, ਲਾਹਣਤ ਹੈ ਤਿਸ ਤਾਈਂ
ਮਰਨਾ ਜੀਣਾ ਹੱਥ ਨਾ ਕਿਸੇ, ਹੋਸੀ ਰੱਬ ਰਜਾਈਂ।

ਇਸੇ ਤਰ੍ਹਾਂ ਨੂਰੇ ਚੰਧੜ ਨਾਲ ਟੱਕਰ ਸਮੇਂ ਵੀ ਹੀਰ ਆਪਣੀ ਬਹਾਦਰੀ ਦਾ ਪ੍ਰਮਾਣ ਦਿੰਦੀ ਹੈ। ਇਸ ਸਬੰਧ ਵਿਚ ਦਮੋਦਰ ਦਾ ਖਿੱਚਿਆ ਦ੍ਰਿਸ਼ ਅਤਿਅੰਤ ਨਾਟਕੀ ਹੈ :

ਅੱਧਾ ਧੜ ਹੰਨੇ ਵਿਚ ਫਾਥਾ, ਅੱਧਾ ਢੱਠਾ ਧਰਤੀ।
ਆਖ ਦਮੋਦਰ ਈਕਰ ਡਿੱਠੇ, ਜਿਉਂ ਧੋਬਣ ਸੁੱਥਣ ਘੱਤੀ।

ਇਸੇ ਤਰ੍ਹਾਂ (ਭਾਵੇਂ ਇਹ ਬੰਦ ਪ੍ਰਸੰਗ ਤੋਂ ਬਾਹਰਲੇ ਵੇਰਵੇ ਵਜੋਂ ਆਉਂਦਾ ਹੈ) ਉਥੇ ਹੀਰ ਕਹਿੰਦੀ ਹੈ:

ਨਾ ਕੋਈ ਆਖੋ ਹੀਰ ਮੈਨੂੰ, ਨਾ ਕੋਈ ਕਹੋ ਸਲੇਟੀ
ਜਾਤ ਸਨਾਤ ਪਛਾਣੋ ਨਾਹੀਂ, ਮੈਂ ਚਾਕੇ ਨਾਲ ਚਕੇਟੀ
ਕਦੋਂ ਚੂਚਕ ਮਾਂ ਪਿਓ ਮੈਂਡਾ, ਮੈਂ ਕਦੋਂ ਉਹਨਾਂ ਦੀ ਬੇਟੀ
ਦਾਮਨ ਆਈ ਲੱਗੀ ਲੜ ਤੈਂਡੇ, ਜੇ ਪਵਾਂ ਕਬੂਲ ਜਟੇਟੀ।

ਇਹਨਾਂ ਕੁਝ ਤੱਥਾਂ ਤੋਂ ਇਲਾਵਾ ਇਸ ਕਿੱਸੇ ਦੀ ਕਹਾਣੀ ਇਕ ਹਜ਼ਾਰ ਸਤਰਾਂ ਵਿਚ ਇਸ ਤਰ੍ਹਾਂ ਤਣੀ-ਬੁਣੀ ਗਈ ਹੈ ਕਿ ਸਾਰੀਆਂ ਘਟਨਾਵਾਂ ਵਰਤਮਾਨ ਦੌਰ ਦੇ ਨਾਵਲ ਵਾਂਗ ਕਿੱਸੇ ਨੂੰ ਬਹੁਤ ਰੌਚਕ, ਰੁਮਾਂਟਿਕ-ਆਦਰਸ਼ਵਾਦੀ, ਅਧਿਆਤਮਵਾਦੀ ਰੰਗ ਵਿਚ ਪੇਸ਼ ਕਰਦੀਆਂ ਹਨ। ਸਾਰੇ ਕਿੱਸੇ ਵਿਚ ਦਵੱਯਾ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਦੀ ਬੋਲੀ ਕੇਂਦਰੀ ਪੰਜਾਬੀ ਦੀ ਥਾਂ, ਝੰਗ ਸਿਆਲ ਦੇ ਇਲਾਕੇ ਦੀ ਝਾਂਗੀ ਤੇ ਮੁਲਤਾਨੀ ਹੈ। ਇਹੋ ਕਾਰਨ ਹੈ ਕਿ ਦੇਸ਼ ਵੰਡ ਪਿੱਛੋਂ ਦਮੋਦਰ ਦਾ ਇਹ ਕਿੱਸਾ ਭਾਰਤੀ ਪੰਜਾਬ ਵਿਚ ਆਮ ਪੜ੍ਹਿਆ ਨਹੀਂ ਗਿਆ।

ਭਾਵੇਂ ਇਹ ਵੀ ਠੀਕ ਹੈ ਕਿ ਸਭ ਵਿਦਵਾਨਾਂ ਨੇ ਇਸ ਕਿੱਸੇ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਕਿੱਸਾ ਮੰਨਿਆ ਹੈ। ਪ੍ਰੋ.ਸੰਤ ਸਿੰਘ ਸੇਖੋਂ ਤੋਂ ਇਲਾਵਾ ਡਾ.ਸੁਰਿੰਦਰ ਸਿੰਘ ਦੁਸਾਂਝ ਨੇ ਇਸ ਕਿੱਸੇ ਵਿਚਲੀਆਂ ਘਟਨਾਵਾਂ ਦੇ ਆਧਾਰ 'ਤੇ ਇਸ ਦੇ ਦੁਖਾਂਤਕ ਪੱਖ ਵੱਲ ਵੀ ਸਾਡਾ ਧਿਆਨ ਖਿੱਚਿਆ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਹ ਪੰਜਾਬੀ ਦੀ ਪਹਿਲੀ ਮਹਾਂ-ਕਾਵਿਕ ਰਚਨਾ ਹੈ ਜੋ ਝਾਂਗੀ-ਮੁਲਤਾਨੀ ਉਪ-ਭਾਖਾ ਵਿਚ ਰੰਗੇ ਹੋਣ ਕਾਰਨ ਭਾਰਤ ਵਿਚ ਬਹੁਤੀ ਰੌਚਿਕਤਾ ਨਾਲ ਨਹੀਂ ਪੜ੍ਹੀ ਗਈ ਅਤੇ ਪਾਕਿਸਤਾਨੀ ਵਿਦਵਾਨਾਂ ਨੇ ਇਸ ਰਚਨਾ ਨੂੰ ਇਕ ਹਿੰਦੂ ਦੀ ਰਚਨਾ ਸਮਝ ਕੇ ਇਸ ਨੂੰ ਅੱਖੋਂ-ਪਰੋਖੇ ਰੱਖਿਆ ਹੈ।

**ਪੀਲੂ ਦਾ ਮਿਰਜ਼ਾ-ਸਾਹਿਬਾਂ**

ਭਾਵੇਂ ਪੀਲੂ ਦਾ ਜ਼ਿਕਰ ਅਸੀਂ ਪਹਿਲਾਂ ਵੀ ਅਧਿਆਤਮਵਾਦੀ ਕਾਵਿ ਦੇ ਪ੍ਰਸੰਗ ਵਿਚ ਕਰ ਚੁੱਕੇ ਹਾਂ ਪਰ ਅਸੀਂ ਇਹ ਸਮਝਦੇ ਹਾਂ ਕਿ ਪੀਲੂ ਦੀ ਪ੍ਰਸਿੱਧਤਾ ਦਾ ਕਾਰਨ ਉਸ ਦਾ ਰਚਿਆ ਕਿੱਸਾ 'ਮਿਰਜ਼ਾ-ਸਾਹਿਬਾਂ' ਹੈ। ਪੀਲੂ ਦੀ ਵਿਸ਼ੇਸ਼ਤਾ ਇਸ ਪੱਖ ਵਿਚ ਨੀਹਿਤ ਹੈ ਕਿ ਉਸ ਦੀ ਭਾਸ਼ਾ ਠੇਠ ਪੰਜਾਬੀ ਸਰਲ ਪਰ ਪ੍ਰਭਾਵਸ਼ਾਲੀ ਹੈ। ਇਹੋ ਕਾਰਨ ਹੈ ਕਿ ਹੀਰ ਵਾਰਿਸ ਤੋਂ ਬਾਅਦ ਪੀਲੂ ਦਾ ਮਿਰਜ਼ਾ ਸਾਹਿਬਾਂ ਸਭ ਤੋਂ ਵੱਧ ਗਾਇਆ ਜਾਂਦਾ ਹੈ।

ਇਸ ਕਿੱਸੇ ਵਿਚ ਮਿਰਜ਼ਾ ਸਾਹਿਬਾਂ ਦੀ ਕਹਾਣੀ ਨੂੰ ਸੰਖੇਪ ਵਿਚ ਦਿੱਤਾ ਗਿਆ ਹੈ। ਸੰਭਵ ਹੈ ਕਿ ਪੀਲੂ ਨੇ ਇਹ ਰਚਨਾ ਵਿਸਥਾਰ ਵਿਚ ਲਿਖੀ ਹੋਵੇ ਪਰ ਖੋਜੀਆਂ ਵੱਲੋਂ ਇਹ ਜਿਸ ਰੂਪ ਵਿਚ ਪੇਸ਼ ਕੀਤੀ ਗਈ ਹੈ, ਉਹ ਰੂਪ ਅਧੂਰਾ ਤੇ ਛੁਟੇਰਾ ਹੈ। ਸਾਡੇ ਲਈ ਇਹ ਸੰਤੋਖ ਦੀ ਗੱਲ ਹੈ ਕਿ ਪੰਜਾਬੀ ਕਲਚਰ ਨੂੰ ਸਮਝਣ ਲਈ ਰਿਚਰਡ ਟੈਂਪਲ ਨੇ ਕੁਝ ਪ੍ਰੀਤ ਕਹਾਣੀਆਂ ਇਕੱਠੀਆਂ ਕੀਤੀਆਂ ਅਤੇ ਕਿਹਾ ਜਾਂਦਾ ਹੈ ਕਿ ਮਿਰਜ਼ਾ ਸਾਹਿਬਾਂ ਦਾ ਕਿੱਸਾ ਵੀ ਰਿਚਰਡ ਟੈਂਪਲ ਨੇ ਢਾਡੀਆਂ ਤੇ ਮਰਾਸੀਆਂ ਤੋਂ ਸੁਣ ਕੇ ਆਪਣੀ ਪੁਸਤਕ ਲੀਜੈਂਡਸ ਆਫ਼ ਦ ਪੰਜਾਬ ਵਿਚ ਪ੍ਰਕਾਸ਼ਿਤ ਕੀਤਾ। ਇਹ ਵਿਚਾਰ ਕਿੱਸੇ ਦੀ ਭਾਸ਼ਾ ਤੋਂ ਵੀ ਤੇ ਰਵਾਨਗੀ ਤੋਂ ਵੀ ਲਾਇਆ ਗਿਆ ਹੈ ਕਿ ਪੀਲੂ ਮਾਝੇ ਦਾ ਮੁਸਲਮਾਨ ਜੱਟ ਸੀ।

ਡਾ.ਜੀਤ ਸਿੰਘ ਸੀਤਲ ਅਨੁਸਾਰ ਪੀਲੂ ਪਿੰਡ ਵੈਰੋਵਾਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ। ਉਹ ਅਕਬਰ ਤੇ ਜਹਾਂਗੀਰ ਬਾਦਸ਼ਾਹ (1556-1627) ਦੇ ਰਾਜ ਸਮੇਂ ਹੋਇਆ।

ਮੌਲਾ ਬਖ਼ਸ਼ ਕੁਸ਼ਤਾ ਅਨੁਸਾਰ, "ਆਪ ਫ਼ਕੀਰਾਨਾ ਤਬੀਅਤ ਦੇ ਮਾਲਕ ਸਨ। ਜਦ ਜ਼ਰਾ ਜਵਾਨ ਹੋਏ ਤਾਂ ਸੈਰ ਦੇ ਸ਼ੌਕ ਕਾਰਨ ਘਰੋਂ ਨਿੱਕਲ ਤੁਰੇ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਤੇ ਸੂਫ਼ੀਆਨਾ ਕਲਾਮ ਸੁਣਨ ਪਿੱਛੋਂ ਆਪ ਫ਼ਕੀਰਾਨਾ ਭੇਸ ਵਿਚ ਬਾਰ ਦੇ ਇਲਾਕੇ ਵੱਲ ਚਲੇ ਗਏ। ਰਾਵੀ ਟੱਪ ਕੇ ਜਦ ਦਾਨਾਬਾਦ ਖਰਲਾਂ ਵਿਚ ਗਏ ਤਾਂ ਮਿਰਜ਼ਾ-ਸਾਹਿਬਾਂ ਦਾ ਕਿੱਸਾ ਸੁਣ ਕੇ ਲਿਖ ਦਿੱਤਾ।"

ਸੂਫ਼ੀ ਮੱਤ ਦੇ ਪ੍ਰਭਾਵ ਕਾਰਨ ਪੀਲੂ ਮਿਰਜ਼ਾ ਸਾਹਿਬਾਂ ਦੀ ਕਹਾਣੀ ਨੂੰ ਉਹ ਰੂਪ ਨਹੀਂ ਦੇ ਸਕਿਆ ਜੋ ਦੇਣਾ ਬਣਦਾ ਸੀ। ਭਾਵੇਂ ਸਹਿਬਾਂ ਦੀ ਸੁੰਦਰਤਾ ਨੂੰ ਉਸ ਨੇ ਜਿਸ ਰੁਮਾਂਟਿਕ ਰੰਗ ਵਿਚ ਪੇਸ਼ ਕੀਤਾ ਹੈ, ਉਹ ਪੰਜਾਬੀ ਵਿਚ ਅਸਲੋਂ ਮੌਲਿਕ ਹੈ। ਉਸ ਨੇ ਸਾਹਿਬਾਂ ਦੀ ਸਰੀਰਕ ਬਣਤਰ ਦੀ ਥਾਂ ਉਸ ਦੀ ਸੁੰਦਰਤਾ ਨੂੰ ਸਮਝਣ ਲਈ ਜੋ ਕਾਵਿਕ-ਛੋਹਾਂ ਲਾਈਆਂ ਹਨ, ਉਹ ਪੰਜਾਬੀ ਵਿਚ ਬੇਜੋੜ ਹਨ :

ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ

ਤੇਲ ਭੁਲਾਵੇ ਬਾਣੀਆ, ਦਿੱਤਾ ਸ਼ਹਿਦ ਉਲਟ
ਵਣਜ ਗਵਾ ਲਏ ਬਾਣੀਆ, ਬਲਦ ਗਵਾ ਲਏ ਜੱਟ
ਤਿੰਨ ਸੌ ਨਾਂਗਾ ਪਿੜ ਰਿਹਾ, ਹੋ ਗਏ ਚੌੜ ਚੁਪੱਟ।

ਇਸ ਤੋਂ ਇਲਾਵਾ ਮਿਰਜ਼ੇ ਮੂੰਹੋਂ ਸਾਹਿਬਾਂ ਦੀ ਸਿਫ਼ਤ ਵਿਚ ਹੇਠ ਲਿਖੇ ਅਨੁਸਾਰ ਕਹਿਣਾ ਵੀ ਉਸ ਦੀ ਸੁੰਦਰਤਾ ਨੂੰ ਰੂਪਮਾਨ ਕਰਨ ਦੀ ਇਕ ਹੋਰ ਜੁਗਤ ਹੈ :

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ
ਗਜ਼ ਗਜ਼ ਲੰਮੀਆਂ ਮੀਢੀਆਂ, ਰੰਗ ਜੋ ਗੋਰਾ ਸੀ
ਜੇ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ
ਜੇ ਬਰਛੀ ਮਾਰੇ ਕੱਸ ਕੇ, ਮੈਂ ਕਦੇ ਨਾ ਕਰਦਾ ਸੀ।

ਪਰ ਇਸਤਰੀ ਦੀ ਨਿੰਦਾ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਪੀਲੂ ਵਿਚ ਆਪਣੇ ਸਮਕਾਲੀ ਭਾਈ ਗੁਰਦਾਸ ਵਾਲੀ ਉਹ ਸੁਹਜ-ਸਿਆਣਪ ਨਹੀਂ ਹੈ ਜੋ ਇਸ ਦਰਵੇਸ਼ ਕਿਸਮ ਦੇ ਕਵੀ ਵਿਚ ਹੋਣੀ ਚਾਹੀਦੀ ਸੀ। ਮਿਸਾਲ ਤੌਰ ’ਤੇ ਜਦੋਂ ਮਿਰਜ਼ੇ ਦਾ ਪਿਉ ਵੰਝਲ ਮਿਰਜ਼ੇ ਨੂੰ ਸਾਹਿਬਾਂ ਨੂੰ ਤਿਆਗਣ ਦੀ ਨਸੀਹਤ ਦਿੰਦਾ ਹੈ ਤਾਂ ਉਹ ਔਰਤ ਦੀ ਨਿਖੇਧੀ ਵਿਚ ਜਿਸ ਤਰ੍ਹਾਂ ਬੋਲਦਾ ਹੈ, ਉਹ ਉਸ ਦੌਰ ਦੇ ਸਮੁੱਚੇ ਕਾਵਿਕ ਪ੍ਰਭਾਵ ਅਨੁਸਾਰ ਨਹੀਂ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਜੱਟ ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।
ਹਸ-ਹਸ ਲਾਉਂਦੀਆਂ ਯਾਰੀਆਂ, ਰੋ ਰੋ ਦੇਂਦੀਆਂ ਦੱਸ।
ਪੁੱਤ ਮਰਵਾਉਣ ਬਿਗਾਨੜੇ, ਧੌਣ ’ਤੇ ਰੱਖ ਕੇ ਲੱਤ।
ਲੱਖੀਂ ਹੱਥ ਨਾ ਆਂਵਦੀ, ਦਾਨਸ਼ਮੰਦਾਂ ਦੀ ਪੱਤ।

ਪਰ ਮਿਰਜ਼ੇ ਦੀ ਬਹਾਦਰੀ ਨੂੰ ਪੀਲੂ ਨੇ ਕਾਵਿਉਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ :

ਮੰਦਾ ਕੀਤਾ ਸਾਹਿਬਾਂ ਤੂੰ, ਮੇਰਾ ਤਰਕਸ਼ ਟੰਗਿਆ ਜੰਡ
ਤ੍ਰੈ ਸੌ ਕਾਨੀ ਖ਼ਾਨ ਦੀ, ਦਿੰਦਾ ਸਿਆਲਾਂ ’ਚ ਵੰਡ

ਪਰ ਇਹ ਸਾਰਾ ਕਿੱਸਾ ਹੋਣੀ ਦੀ ਕਹਾਣੀ ਪਾ ਕੇ, ਪੀਲੂ ਨੇ ਇਕ ਦੁਖਾਂਤ ਦੇ ਰੂਪ ਵਿਚ ਖ਼ਤਮ ਕਰ ਦਿੱਤਾ ਹੈ :

ਮਿਰਜ਼ਾ ਮਾਰਿਆ ਮਲਕੁਲ ਮੌਤ ਨੇ, ਕੁਝ ਮਾਰਿਆ ਉਹਨੂੰ ਗੁਮਾਨ।
ਵਿਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜਵਾਨ।

ਇਸ ਤੋਂ ਇਲਾਵਾ ਸਾਹਿਬਾਂ ਦੇ ਮੂੰਹੋਂ ਇਹ ਵੀ ਕਹਾਇਆ ਗਿਆ ਹੈ :

ਮਿਰਜ਼ਿਆ ਏਡੇ ਪੈਗ਼ੰਬਰ ਲੱਦ ਗਏ, ਤੂੰ ਕੀਹਦਾ ਪਾਣੀਹਾਰ

ਦੁਖਾਂਤ ਦੀ ਇਸ ਸਥਿਤੀ ਨੂੰ ਹੋਰ ਸੰਘਣਾ ਤੇ ਰੁਦਨਮਈ ਬਣਾ ਦਿੰਦਾ ਹੈ। ਇਸ ਦੇ ਨਾਲ ਹੀ ਔਰਤ ਦੀ ਬੇਵਫ਼ਾਈ ਇਸ ਕਿੱਸੇ ਦੀ ਸਿਖਰ ਹੋ ਨਿੱਬੜਦੀ ਹੈ ਪਰ ਇਸ ਦੌਰ ਵਿਚ ਗੁਰੂ ਕਵੀਆਂ ਤੇ ਉਹਨਾਂ ਦੇ

ਉਤਰਵਰਤੀਆਂ ਦਾ ਔਰਤ ਦੇ ਹੱਕ ਵਿਚ ਭੁਗਤਣਾ ਇਹ ਸਾਬਤ ਕਰਦਾ ਹੈ ਕਿ ਜਾਗੀਰਦਾਰੀ ਰਾਜ ਪ੍ਰਬੰਧ ਵਿਚ ਵੀ ਔਰਤ ਦੀ ਵਫ਼ਾਦਾਰੀ ਦਾ ਬੜਾ ਸਤਿਕਾਰ ਸੀ।

ਜਿੱਥੋਂ ਤਕ ਇਸ ਕਿੱਸੇ ਦੀ ਭਾਸ਼ਾ ਦਾ ਸਬੰਧ ਹੈ, ਇਹ ਵਰਤਮਾਨ ਪੰਜਾਬੀ ਨਾਲ ਏਨੀ ਮਿਲਦੀ ਹੈ ਕਿ ਇਸ ਨੂੰ ਪੀਲੂ ਦੇ ਸਮੇਂ ਦੀ ਪੰਜਾਬੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਰਿਚਰਡ ਟੈਂਪਲ ਦੇ ਪ੍ਰਤੀਨਿਧਾਂ ਵੱਲੋਂ ਜਿਸ ਕਾਲ-ਖੰਡ ਵਿਚ ਸੁਣ-ਸੁਣਾ ਕੇ ਇਹ ਕਿੱਸਾ ਤਿਆਰ ਕੀਤਾ ਗਿਆ, ਇਹ ਉਸ ਦੌਰ ਦੀ ਭਾਸ਼ਾ ਹੈ। ਇਸੇ ਕਾਰਨ ਇਸ ਵਿਚ ਸੱਦ ਛੰਦ ਖ਼ੂਬ ਨਿਭਿਆ ਹੈ। ਸਮੁੱਚੇ ਕਿੱਸੇ ਵਿਚ ਲੈਅ-ਰਵਾਨੀ ਏਨੀ ਹੈ ਕਿ ਕਿਸੇ ਉਸ ਦੌਰ ਦੀ ਹੋਰ ਰਚਨਾ ਵਿਚ ਇਸ ਤਰ੍ਹਾਂ ਛੰਦ-ਬੱਧ ਰਵਾਨੀ ਨਹੀਂ ਹੈ।

**ਹਾਫ਼ਿਜ਼ ਬਰਖ਼ੁਰਦਾਰ**

ਭਾਵੇਂ 16ਵੀਂ ਅਤੇ 17ਵੀਂ ਸਦੀ ਵਿਚ ਪੰਜਾਬੀ ਕਿੱਸਾ ਲਿਖਣ ਵਾਲੇ ਦੋ ਹਾਫ਼ਿਜ਼ ਬਰਖ਼ੁਰਦਾਰਾਂ ਦਾ ਉਲੇਖ ਮਿਲਦਾ ਹੈ। ਪਰੰਤੂ ਸਾਡੀ ਸਮਝ ਅਨੁਸਾਰ 16ਵੀਂ ਸਦੀ ਦੇ ਜਿਸ ਹਾਫ਼ਿਜ਼ ਬਰਖ਼ੁਰਦਾਰ ਦਾ ਅਸੀਂ ਇੱਥੇ ਉਲੇਖ ਕਰ ਰਹੇ ਹਾਂ, ਉਸ ਦੇ ਨਾਂ ਉਤੇ ਜਿਹੜੇ ਕਿੱਸੇ ਮਿਲਦੇ ਹਨ, ਉਹ 16ਵੀਂ ਸਦੀ ਦੀ ਰਚਨਾ ਹੀ ਜਾਪਦੇ ਹਨ।

ਹਾਫ਼ਿਜ਼ ਬਰਖ਼ੁਰਦਾਰ ਬਾਰੇ ਪੰਜਾਬੀ ਦੇ ਜਿਹੜੇ ਵਿਦਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਹਨਾਂ ਵਿਚੋਂ ਕੁਝ ਦਾ ਮੱਤ ਹੈ ਕਿ ਹਾਫ਼ਿਜ਼ ਨੇਤਰਹੀਣ ਸੀ, ਕਿਉਂਕਿ ਨੇਤਰਹੀਣ ਵਿਅਕਤੀ ਬਾਰੇ ਅੱਗੇ ਹਾਫ਼ਿਜ਼ ਦਾ ਵਿਸ਼ੇਸ਼ਣ ਉਸ ਦੀ ਪਛਾਣ ਵਜੋਂ ਲਾਇਆ ਜਾਂਦਾ ਸੀ। ਸੰਭਵ ਹੈ ਔਰੰਗਜ਼ੇਬ ਦੇ ਦੌਰ ਵਿਚ ਹੋਇਆ ਹਾਫ਼ਿਜ਼ ਬਰਖ਼ੁਰਦਾਰ ਵੀ ਨੇਤਰਹੀਣ ਹੋਵੇ ਪਰ ਸਾਡੀ ਸਮਝ ਅਨੁਸਾਰ ਇਹਨਾਂ ਦੋਹਾਂ ਵਿਚੋਂ ਕੋਈ ਵੀ ਨੇਤਰਹੀਣ ਨਹੀਂ ਵੀ ਹੋ ਸਕਦਾ, ਕਿਉਂਕਿ ਕੁਰਾਨ ਨੂੰ ਹਿਫ਼ਜ਼ ਕਰਨ ਵਾਲੇ ਨੂੰ ਵੀ ਹਾਫ਼ਿਜ਼ ਕਿਹਾ ਜਾਂਦਾ ਹੈ।

ਹਾਫ਼ਿਜ਼ ਬਰਖ਼ੁਰਦਾਰ ਦੇ ਨਾਂ ਉਤੇ ਤਿੰਨ ਕਿੱਸੇ ਮਿਲਦੇ ਹਨ—ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂੰ ਤੇ ਯੂਸਫ਼ ਜ਼ੁਲੈਖਾਂ। ਇਸ ਤੋਂ ਇਲਾਵਾ ਕੁਝ ਹੋਰ ਰਚਨਾਵਾਂ ਅਤੇ ਇਸਲਾਮੀ ਸਾਹਿਤ ਵੀ ਹਾਫ਼ਿਜ਼ ਬਰਖ਼ੁਰਦਾਰ ਦੇ ਨਾਂ ’ਤੇ ਮਿਲਦਾ ਹੈ। ਜਿਸ ਹਾਫ਼ਿਜ਼ ਬਰਖ਼ੁਰਦਾਰ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਉਹ ਪੀਲੂ ਤੋਂ ਪਿੱਛੋਂ ਹੋਇਆ ਪਰੰਤੂ ਦੂਜਾ ਹਾਫ਼ਿਜ਼ ਬਰਖ਼ੁਰਦਾਰ ਜਿਸ ਨੂੰ ਤਖ਼ਤ ਹਜ਼ਾਰੇ ਦਾ ਜੰਮਪਲ ਵੀ ਦੱਸਿਆ ਜਾਂਦਾ ਹੈ, ਔਰੰਗਜ਼ੇਬ ਦਾ ਸਮਕਾਲੀ ਸੀ ਅਤੇ ਉਸ ਨੂੰ ਰਾਂਝਾ ਬਰਖ਼ੁਰਦਾਰ ਵੀ ਕਿਹਾ ਜਾਂਦਾ ਹੈ। 16ਵੀਂ ਸਦੀ ਵਿਚ ਹੋਣ ਵਾਲੇ ਹਾਫ਼ਿਜ਼ ਬਰਖ਼ੁਰਦਾਰ ਦੇ ਨਾਂ ’ਤੇ ਜਿਹੜੇ ਉਪਰੋਕਤ ਤਿੰਨ ਕਿੱਸੇ ਮਿਲਦੇ ਹਨ, ਅਸੀਂ ਉਹਨਾਂ ਦੀ ਹੀ ਚਰਚਾ ਕਰਾਂਗੇ।

ਜਿੱਥੋਂ ਤਕ ਮਿਰਜ਼ਾ-ਸਾਹਿਬਾਂ ਦੇ ਕਿੱਸੇ ਦਾ ਸਵਾਲ ਹੈ, ਹਾਫ਼ਿਜ਼ ਬਰਖ਼ੁਰਦਾਰ ਦੂਜਾ ਕਵੀ ਹੈ ਜੋ ਇਸ ਕਿੱਸੇ ਨੂੰ ਕਾਵਿ-ਬੱਧ ਕਰਦਾ ਹੈ। ਪਰ ਪੀਲੂ ਵਾਂਗ ਉਹ ਇਸਤਰੀ ਨੂੰ ਬੇਵਫ਼ਾ ਨਹੀਂ ਦਸਦਾ। ‘ਕਾਗ ਦੇ ਸੁਨੇਹੇ ਵਾਲੀ ਕਹਾਣੀ’ ਕਿੱਸੇ ਵਿਚ ਪਾ ਕੇ ਉਹ ਇਕ ਅਜਿਹੇ ਕਵੀ ਹੋਣ ਦਾ ਪ੍ਰਮਾਣ ਦਿੰਦਾ ਹੈ, ਜਿਸ ਕੋਲ ਕਵੀਆਂ ਵਾਲੀ ਉਹ ਕਲਪਨਾ ਹੈ, ਜਿਸ ਨਾਲ ਕੋਈ ਕਵੀ ਆਪਣੀ ਰਚਨਾ ਨੂੰ ਹੋਰ ਰੌਚਿਕ ਬਣਾ ਸਕਦਾ ਹੈ। ਉਂਜ ਕਿੱਸੇ ਦੀ ਕਹਾਣੀ ਬਹੁਤੀ ਪੀਲੂ ਵਾਲੀ ਹੀ ਹੈ ਪਰੰਤੂ ਇਸ ਵਿਚ ਵਿਸਥਾਰ ਤੇ ਤਰਤੀਬ ਕਾਰਨ ਇਹ ਇਕ ਪ੍ਰਭਾਵਸ਼ਾਲੀ ਕਿੱਸਾ ਰਚਨਾ ਬਣ ਗਈ ਹੈ।

ਜਿੱਥੋਂ ਤਕ ਸੱਸੀ-ਪੁੰਨੂੰ ਦੇ ਕਿੱਸੇ ਦਾ ਸਬੰਧ ਹੈ, ਹਾਫ਼ਿਜ਼ ਬਰਖ਼ੁਰਦਾਰ ਇਸ ਪ੍ਰੀਤ ਕਹਾਣੀ ਨੂੰ ਕਾਵਿ-ਬੱਧ ਕਰਨ ਵਾਲਾ ਪਹਿਲਾ ਪੰਜਾਬੀ ਕਵੀ ਹੈ। ਭਾਵੇਂ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਆਦਿ-ਕਾਲ (850-1526 ਈ.) ਵਿਚ ਵੀ ਪੁਸ਼ਯ ਦੇ ਸੱਸੀ-ਪੁੰਨੂੰ ਦੇ ਕਿੱਸੇ ਦਾ ਜ਼ਿਕਰ ਕੀਤਾ ਹੈ ਪਰ ਇਹ ਕਿੱਸਾ ਬਿਲਕੁਲ ਉਪਲਬਧ ਨਹੀਂ ਹੈ। ਉਂਜ ਵੀ ਸੱਸੀ-ਪੁੰਨੂੰ ਦੀ ਕਹਾਣੀ ਪੰਜਾਬੀ ਨਹੀਂ ਹੈ। ਇਸ ਕਹਾਣੀ ਨੂੰ ਕਿੱਸੇ ਵਿਚ ਢਾਲਣ ਲਈ ਬਹੁਤਾ ਕਲਪਨਾ ਦਾ ਸਹਾਰਾ ਲੈਣਾ ਜ਼ਰੂਰੀ ਸੀ ਅਤੇ ਹਾਫ਼ਿਜ਼ ਬਰਖ਼ੁਰਦਾਰ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਇਸ ਕਹਾਣੀ ਆਸਰੇ ਹੀ ਪਿਛਲੇ ਮੱਧ-ਕਾਲ ਵਿਚ ਹਾਸ਼ਮ ਨੇ ਸੱਸੀ ਪੁੰਨੂੰ ਦਾ ਕਿੱਸਾ ਲਿਖਣ ਵਿਚ ਸਫਲਤਾ ਹਾਸਲ ਕੀਤੀ।

ਯੂਸਫ਼ ਜ਼ੁਲੈਖਾਂ ਮਿਸਰ ਦੀ ਕਹਾਣੀ ਹੈ, ਇਸ ਦਾ ਜ਼ਿਕਰ ਕੁਰਾਨ ਮਜੀਦ ਵਿਚ ਵੀ ਆਉਂਦਾ ਹੈ। ਪੰਜਾਬੀ ਵਿਚ ਪਹਿਲੀ ਵਾਰ ਹਾਫ਼ਿਜ਼ ਬਰਖ਼ੁਰਦਾਰ ਨੇ ਇਸ ਨੂੰ ਕਿੱਸੇ ਦੇ ਰੂਪ ਵਿਚ ਢਾਲਿਆ। ਪਹਿਲਾਂ ਇਹ ਰਚਨਾ ਫ਼ਾਰਸੀ ਵਿਚ ਰਚੀ ਹੋਣ ਕਾਰਨ ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ ਯੂਸਫ਼ ਜ਼ੁਲੈਖਾਂ ਵਿਚ ਵੀ ਮਸਨਵੀ ਦਾ ਰੰਗ ਕਾਫ਼ੀ ਗੂੜ੍ਹਾ ਹੈ। ਇਸ ਕਿੱਸੇ ਵਿਚ ਕਵੀ ਨੇ ਯੂਸਫ਼ ਦੀ ਸੁੰਦਰਤਾ ਤੇ ਜ਼ੁਲੈਖਾਂ ਵੱਲੋਂ ਉਸ ਉਤੇ ਮੋਹਿਤ ਹੋਣ ਦੀ ਕਹਾਣੀ ਨੂੰ ਬੜੇ ਰੁਮਾਂਟਿਕ ਢੰਗ ਨਾਲ ਪੇਸ਼ ਕੀਤਾ ਹੈ।

**ਅਹਿਮਦ**

ਅਹਿਮਦ ਮੱਧ-ਕਾਲੀ ਪੰਜਾਬੀ ਵਿਚ ਇਕ ਕਿੱਸਾਕਾਰ ਵਜੋਂ ਵਿਸ਼ੇਸ਼ ਥਾਂ ਰਖਦਾ ਹੈ। ਇਸ ਦੇ ਜੀਵਨ ਅਤੇ ਕਿੱਸਾਕਾਰ ਵਜੋਂ ਪੂਰੀ ਜਾਣਕਾਰੀ ਸਭ ਤੋਂ ਪਹਿਲਾਂ ਪ੍ਰੋ.ਐਸ.ਐਸ.ਪਦਮ ਨੇ ਆਪਣੀ ਖੋਜ ਭਰਪੂਰ ਪੁਸਤਕ 'ਹੀਰ ਅਹਿਮਦ' ਵਿਚ ਦਿੱਤੀ। ਅਹਿਮਦ, ਜਿਸ ਨੂੰ ਕਿਸੇ ਥਾਂ ਅਹਿਮਦ ਗੁੱਜਰ ਵਜੋਂ ਵੀ ਲਿਖਿਆ ਗਿਆ ਹੈ, ਹੀਰ ਰਾਂਝੇ ਦੇ ਕਿੱਸੇ ਨੂੰ ਬੈਂਤ ਛੰਦ ਵਿਚ ਲਿਖਣ ਵਾਲਾ ਪਹਿਲਾ ਕਵੀ ਹੈ। ਅਹਿਮਦ ਔਰੰਗਜ਼ੇਬ ਦਾ ਸਮਕਾਲੀ ਸੀ ਅਤੇ ਇਸ ਨੇ ਕਿੱਸਾ ਲਿਖਣ ਦੀ ਤਾਰੀਖ਼ ਵੀ ਆਪਣੇ ਕਿੱਸੇ ਵਿਚ ਦਿੱਤੀ ਹੈ :

> ਸੰਨ ਬੀਸ ਤੇ ਚਾਰ ਔਰੰਗਸ਼ਾਹੀ,
> ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।

ਇਸ ਅਨੁਸਾਰ ਇਹ ਕਿੱਸਾ 1693 ਈ. ਵਿਚ ਲਿਖਿਆ ਗਿਆ। ਇਸ ਕਿੱਸੇ ਦੀ ਕਹਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਪੂਰੇ ਪਾਠ ਨੂੰ ਆਪਣੇ ਢੰਗ ਨਾਲ ਵਾਰਿਸ ਸ਼ਾਹ ਵਰਗੇ ਕਵੀ ਨੇ 'ਹੀਰ ਰਾਂਝੇ' ਦਾ ਕਿੱਸਾ ਲਿਖਣ ਵੇਲੇ ਅਪਣਾਇਆ। ਇਹ ਕਿੱਸਾ ਉਂਜ ਤਾਂ ਬਹੁਤਾ ਬੈਂਤ ਛੰਦ ਵਿਚ ਹੈ ਪਰ ਨਾਲ ਹੀ ਝੂਲਣਾ ਤੇ ਦੋਹਿਰਾ ਛੰਦ ਦੀ ਵੀ ਵਰਤੋਂ ਕੀਤੀ ਗਈ ਹੈ। ਇਸ ਕਿੱਸੇ ਦੀ ਬੋਲੀ ਠੇਠ ਕੇਂਦਰੀ ਟਕਸਾਲੀ ਪੰਜਾਬੀ ਹੈ ਪਰ ਕਿਤੇ ਕਿਤੇ ਫ਼ਾਰਸੀ ਦਾ ਰੰਗ ਵੀ ਗੂੜ੍ਹਾ ਹੈ। ਕਿੱਸੇ ਦਾ ਅੰਤਲਾ ਭਾਗ ਰਾਂਝੇ ਦੀ ਮੌਤ ਨਾਲ ਸਬੰਧਤ ਹੈ ਪਰ ਹੀਰ ਦੀ ਮੌਤ ਸਬੰਧੀ ਕੇਵਲ ਇਸ਼ਾਰਾ ਹੀ ਕੀਤਾ ਗਿਆ ਹੈ।

**ਸਦੀਕ ਲਾਲੀ**

ਇਸ ਨੇ ਹਾਫ਼ਿਜ਼ ਬਰਖ਼ੁਰਦਾਰ ਵਾਂਗ ਯੂਸਫ਼ ਜ਼ੁਲੈਖਾਂ ਦਾ ਕਿੱਸਾ ਲਿਖਿਆ ਹੈ। ਮੀਆਂ ਮੁਹੰਮਦ ਬਖ਼ਸ਼ ਸਦੀਕ ਲਾਲੀ ਦਾ ਪ੍ਰਸ਼ੰਸਕ ਜਾਪਦਾ ਹੈ ਜੋ ਇਸ ਬਾਰੇ ਇਸ ਤਰ੍ਹਾਂ ਲਿਖਦਾ ਹੈ :

ਹਿੱਕ ਸਦੀਕ ਕਹਾਵੇ ਲਾਲੀ, ਮਰਦ ਭਲਾ ਕੋਈ ਹੋਇਆ।
ਮੇਹਤਰ ਯੂਸਫ਼ ਦਾ ਉਸ ਸੇਹਰਾ, ਚੁਣ ਕੇ ਫੁਲ ਪਰੋਇਆ।

**ਮੀਆਂ ਚਿਰਾਗ਼**

ਮੀਆਂ ਚਿਰਾਗ਼ ਨੇ ਹੀਰ ਰਾਂਝੇ ਦਾ ਕਿੱਸਾ ਲਿਖਿਆ ਹੈ। ਇਹ ਕਿੱਸਾ ਇਕ ਸੰਖੇਪ ਜਿਹੀ ਕਾਵਿ-ਕਥਾ ਉਤੇ ਆਧਾਰਤ ਹੈ। ਇਸ ਵਿਚ ਨਾ ਦਮੋਦਰ ਅਤੇ ਨਾ ਹੀ ਵਾਰਿਸ ਸ਼ਾਹ ਵਾਲਾ ਵਿਸਥਾਰ ਅਤੇ ਕਾਵਿ-ਗੁਣ ਹਨ।

ਸਮੁੱਚੇ ਤੌਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਮੱਧ-ਕਾਲੀ (1526-1708 ਈ.) ਦਾ ਦੌਰ ਪੰਜਾਬੀ ਕਿੱਸੇ ਦੀ ਬੁਨਿਆਦ ਨੂੰ ਮਜ਼ਬੂਤ ਵੀ ਕਰਦਾ ਹੈ ਤੇ ਅਗਲੇਰੇ ਉਤਰ-ਮੱਧ-ਕਾਲ ਦੇ ਕਿੱਸਾ ਕਾਵਿ ਨੂੰ ਮਜ਼ਬੂਤ ਆਧਾਰ ਵੀ ਪ੍ਰਦਾਨ ਕਰਦਾ ਹੈ।

– – – –

# ਮੱਧ ਕਾਲੀਨ ਸੂਫ਼ੀ ਕਾਵਿ

ਮੱਧ ਕਾਲੀਨ ਸੂਫ਼ੀ ਕਾਵਿ ਮੁਢਲੇ ਪੰਜਾਬੀ ਸੂਫ਼ੀ ਕਾਵਿ ਅਥਵਾ ਸ਼ੇਖ਼ ਫ਼ਰੀਦ ਤੋਂ ਕੁਝ ਵਿੱਥ ਸਿਰਜਦਾ ਹੈ। ਇਸ ਦੌਰ ਦੀ ਸੂਫ਼ੀ ਕਵਿਤਾ ਵਿਚ ਇਸਲਾਮ ਦਾ ਉਹ ਰੰਗ ਨਹੀਂ ਜੋ ਸ਼ੇਖ਼ ਫ਼ਰੀਦ ਦੀ ਕਵਿਤਾ ਵਿਚ ਹੈ। ਫ਼ਰੀਦ ਦੀ ਕਵਿਤਾ ਵਿਚ ਜਿੱਥੇ ਇਸਲਾਮ ਅਰਥਾਤ ਸ਼ਰੀਅਤ ਉਤੇ ਵਧੇਰਾ ਜ਼ੋਰ ਹੈ, ਉਥੇ ਇਸ ਦੌਰ ਦੀ ਕਵਿਤਾ ਉਤੇ ਹਕੀਕਤ, ਤਰੀਕਤ ਤੇ ਮਾਰਫ਼ਤ ਦਾ ਰੰਗ ਹੈ। ਇਸ ਦੌਰ ਦੀ ਕਵਿਤਾ ਰੋਜ਼ਿਆਂ, ਨਮਾਜ਼ਾਂ ਜਾਂ ਇਸਲਾਮੀ ਰਹੁ-ਰੀਤਾਂ ਦੀ ਥਾਂ ਮਸਤ ਮਲੰਗੀ ਅਤੇ ਖੁੱਲ੍ਹੀ ਖਲਾਸੀ ਭਗਤੀ ਰੰਗਣ ਦੇ ਭਾਵ-ਪ੍ਰਬੰਧ ਉਤੇ ਵਧੇਰੇ ਜ਼ੋਰ ਦਿੰਦੀ ਹੈ। ਦੂਜੇ ਸ਼ਬਦਾਂ ਵਿਚ ਇਹ ਦੌਰ ਸੂਫ਼ੀ ਰੰਗ ਦੀ ਉਸ ਵਿਚਾਰਧਾਰਾ ਤੇ ਭਾਵ-ਪ੍ਰਬੰਧ ਦੀ ਕਾਵਿ-ਅਭੀਵਿਅਕਤੀ ਕਰਦਾ ਹੈ ਜੋ ਅਰਬ ਦੀ ਥਾਂ ਇਰਾਨ ਅਤੇ ਭਾਰਤੀ ਸਭਿਆਚਾਰਕ ਰੰਗ ਨੂੰ ਪੇਸ਼ ਕਰਨ ਉਤੇ ਬਲ ਦਿੰਦਾ ਹੈ। ਇਸ ਕਵਿਤਾ ਵਿਚ ਮੁਢਲੇ ਦੌਰ ਦੀ ਸੂਫ਼ੀ ਕਵਿਤਾ ਨਾਲੋਂ ਵਲਵਲੇ ਦਾ ਵੇਗ ਬਹੁਤ ਤੇਜ਼ ਹੈ। ਇਸ ਤੋਂ ਇਲਾਵਾ ਸ਼ਬਦ ਤੇ ਸਲੋਕ ਦੀ ਥਾਂ ਇਸ ਦੌਰ ਦੀ ਕਵਿਤਾ ਵਿਚ ਨਵੇਂ ਕਾਵਿ-ਰੂਪ ਦਾ ਪ੍ਰਵੇਸ਼ ਵੀ ਇਸ ਨੂੰ ਮੁਢਲੀ ਪੰਜਾਬੀ ਸੂਫ਼ੀ ਕਵਿਤਾ ਨਾਲੋਂ ਨਿਖੇੜਦਾ ਹੈ।

**ਸ਼ਾਹ ਹੁਸੈਨ (1539-1593 ਈ.)**

ਸ਼ਾਹ ਹੁਸੈਨ ਇਸ ਦੌਰ ਦਾ ਸਭ ਤੋਂ ਵੱਡਾ ਤੇ ਪ੍ਰਮੁੱਖ ਸੂਫ਼ੀ ਕਵੀ ਹੈ। ਉਹ ਜਾਤ ਦਾ ਜੁਲਾਹਾ ਸੀ। ਸ਼ਾਹ ਹੁਸੈਨ ਦਾ ਜਨਮ ਲਾਹੌਰ ਵਿਚ ਨਉਸ਼ੈਖ਼ ਉਸਮਾਨ ਦੇ ਘਰ ਹੋਇਆ। ਆਪ ਅਬੂਬਕਰ ਕੋਲ ਪੜ੍ਹਦੇ ਸਮੇਂ ਹੀ ਕੁਰਾਨ ਮਜੀਦ ਦੇ ਹਾਫ਼ਿਜ਼ ਬਣ ਗਏ। ਇਸ ਤੋਂ ਪਿੱਛੋਂ ਆਪ ਸ਼ੇਖ਼ ਬਹਿਲੋਲ ਦੇ ਮੁਰੀਦ ਬਣ ਗਏ। ਆਪ ਦੀ ਜ਼ਿੰਦਗੀ ਏਨੀ ਖੁੱਲ੍ਹੀ ਖਲਾਸੀ ਸੀ ਕਿ ਆਪ ਨੇ ਮਸਤ-ਮਲੰਗਾਂ ਵਾਂਗ ਸ਼ਾਇਰੀ ਕੀਤੀ ਤੇ ਕਿਸੇ ਵੀ ਗੱਲ ਦਾ ਓਹਲਾ ਨਹੀਂ ਰੱਖਿਆ। ਆਪਣੀ ਜਾਤ ਤੇ ਕਿੱਤੇ ਬਾਰੇ ਆਪ ਲਿਖਦੇ ਹਨ :

ਨਾਮ ਹੁਸੈਨਾ ਤੇ ਜਾਤ ਜੁਲਾਹਾ,

ਗਾਲੀਆਂ ਦੇਂਦੀਆਂ ਤਾਣੀਆਂ ਵਾਲੀਆਂ ਹੋ।

ਸ਼ੁਰੂ ਵਿਚ ਆਪ ਸ਼ਰ੍ਹਾ-ਸ਼ਰੀਅਤ ਦੇ ਪਾਬੰਦ ਰਹੇ ਅਤੇ ਪੂਰੀ ਤਰ੍ਹਾਂ ਇਸਲਾਮ ਅਨੁਸਾਰ ਜੀਵਨ ਬਸਰ ਕਰਦੇ ਰਹੇ। ਪਰ ਪਿੱਛੋਂ ਜਾ ਕੇ ਆਪ ਨੇ ਉਸ ਜ਼ਿੰਦਗੀ ਨੂੰ ਅਪਣਾਇਆ ਜੋ ਮਸਤ-ਮਲੰਗ ਸੂਫ਼ੀਆਂ ਦੀ ਜ਼ਿੰਦਗੀ ਸੀ। ਆਪ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧਤ ਸਨ।

ਡਾ.ਮੋਹਨ ਸਿੰਘ ਦੀਵਾਨਾ ਆਪਣੀ ਸੰਪਾਦਿਤ ਪੁਸਤਕ ‘ਕਾਫ਼ੀਆਂ ਸ਼ਾਹ ਹੁਸੈਨ’ ਵਿਚ ਲਿਖਦੇ ਹਨ ਕਿ ਬਹੁਤ ਸਾਰੇ ਪੱਖਾਂ ਤੋਂ ਸ਼ਾਹ ਹੁਸੈਨ ਉਤੇ ਗੁਰਮਤਿ ਦਾ ਪ੍ਰਤੱਖ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਆਪ ਦੀ ਸ਼ਾਇਰੀ ਕਾਫ਼ੀ ਕਾਵਿ ਰੂਪ ਵਿਚ ਉਪਲਬਧ ਹੈ। ਆਪ ਦੀ ਸਾਰੀ ਸ਼ਾਇਰੀ ਵਿਚ ਪ੍ਰਭੂ ਮਿਲਣ ਦੀ ਸਿਕ ਤੇ ਬਿਰਹਾ ਦਾ ਦਰਦ ਸਿਖਰ ਉਤੇ ਹੈ :

ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ?
ਸੂਲਾਂ ਮਾਰ ਦੀਵਾਨੀ ਕੀਤੀ।
ਬਿਰਹਾ ਪਿਆ ਸਾਡੇ ਖ਼ਿਆਲ, ਨੀ ਮੈਂ ਕੈਨੂੰ ਆਖਾਂ।

ਆਪ ਨੇ ਆਪਣੀਆਂ ਕਾਫ਼ੀਆਂ ਵਿਚ ਆਸ਼ਕਾਂ-ਮਾਸ਼ੂਕਾਂ ਦੀਆਂ ਪਿਆਰ ਕਹਾਣੀਆਂ ਨੂੰ ਪ੍ਰਤੱਖ ਤੇ ਪ੍ਰੋਖ ਰੂਪ ਵਿਚ ਪੇਸ਼ ਕਰਕੇ ਜੀਵ-ਆਤਮਾ ਨੂੰ ਮਾਸ਼ੂਕ ਤੇ ਪ੍ਰਭੂ ਨੂੰ ਆਸ਼ਕ ਦੇ ਰੂਪ ਵਿਚ ਚਿਤਰਿਆ ਹੈ :

ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤੇ ਕੌਲ ਜ਼ਰੂਰੀ ਜਾਣਾ
ਮਿੰਨਤਾਂ ਕਰਾਂ ਮਲਾਹ ਦੇ ਨਾਲ, ਇਸ ਦੀਨ ਦੁਨੀਂ ਦੇ ਸ਼ਾਹ ਦੇ ਨਾਲ

ਆਪ ਦੀਆਂ ਕਾਫ਼ੀਆਂ ਤੇ ਹੋਰ ਰਚਨਾਵਾਂ ਨੂੰ ਇਕ ਤੋਂ ਵੱਧ ਪੰਜਾਬੀ ਵਿਦਵਾਨਾਂ, ਭਾਸ਼ਾ ਵਿਭਾਗ, ਪੰਜਾਬ ਅਤੇ ਹੋਰ ਯੂਨੀਵਰਸਿਟੀਆਂ ਨੇ ਛਪਵਾ ਕੇ ਆਮ ਲੋਕਾਂ ਤਕ ਪਹੁੰਚਾਇਆ ਹੈ। ਗਾਇਕੀ ਦੇ ਲਿਹਾਜ ਨਾਲ ਸ਼ਾਹ ਹੁਸੈਨ ਦੀ ਕਵਿਤਾ ਸੂਫ਼ੀ ਅੱਡਿਆਂ ਉਤੇ ਜਾਂ ਕੱਵਾਲਾਂ ਦੁਆਰਾ ਬੜੇ ਵੇਗ ਵਿਚ ਆ ਕੇ ਗਾਈ ਜਾਂਦੀ ਹੈ। ਜੋ ਆਪ ਦੀ ਮਕਬੂਲੀਅਤ ਦਾ ਪ੍ਰਮਾਣ ਹੈ।

### ਸੁਲਤਾਨ ਬਾਹੂ (1631-1691 ਈ.)

ਆਪ ਮੱਧ-ਕਾਲ ਦੇ ਦੂਜੇ ਪ੍ਰਸਿੱਧ ਸੂਫ਼ੀ ਕਵੀ ਹੋਏ ਹਨ। ਆਪ ਅਰਬੀ, ਫ਼ਾਰਸੀ ਦੇ ਵੀ ਵਿਦਵਾਨ ਮੰਨੇ ਜਾਂਦੇ ਹਨ। ਇਹਨਾਂ ਭਾਸ਼ਾਵਾਂ ਵਿਚ ਆਪ ਦੀਆਂ ਰਚਨਾਵਾਂ ਦੀ ਗਿਣਤੀ 140 ਦੱਸੀ ਜਾਂਦੀ ਹੈ। ਪਰ ਪੰਜਾਬੀ ਵਿਚ ਉਸ ਦੇ ਦੋਹੜੇ ਹੀ ਪ੍ਰਸਿੱਧ ਹਨ। ਆਪ ਦੀ ਰਚਨਾ ਸ਼ਾਹ ਹੁਸੈਨ ਨਾਲੋਂ ਵਧੇਰੇ ਬੌਧਿਕ ਵੀ ਹੈ ਤੇ ਸੰਗੀਤਮਈ ਵੀ। ਆਪ ਨੇ ਆਪਣੀ ਪੰਜਾਬੀ ਕਵਿਤਾ ਵਿਚ ਸਰੋਦੀ ਰੰਗ ਤਾਂ ਭਰਿਆ ਹੀ ਹੈ, ਕਲਾ ਪੱਖੋਂ ਵੀ ਇਹ ਰਚਨਾ ਉਚ-ਕੋਟੀ ਦੇ ਕਾਵਿ ਵਿਚ ਆਉਂਦੀ ਹੈ।

ਆਪ ਦੀਆਂ ਸੀਰਹਫ਼ੀਆਂ ਵਿਚ ਜਿਸ ਤਰ੍ਹਾਂ ਦੇ ਬੁੱਧੀ ਤੇ ਭਾਵ-ਤੱਤ ਦਾ ਮੇਲ ਹੈ, ਉਹ ਕਿਸੇ ਹੋਰ ਸੂਫ਼ੀ ਕਵਿਤਾ ਵਿਚ ਨਹੀਂ ਹੈ। ਕਲਾ ਪੱਖੋਂ ਵੀ ਆਪ ਦੀ ਕਵਿਤਾ ਪ੍ਰਤੀਕਮਈ ਵੀ ਹੈ ਅਤੇ ਢੁਕਵੇਂ ਅਲੰਕਾਰਾਂ ਨਾਲ ਸਜੀ-ਫਬੀ ਵੀ। ਆਪ ਦੀ ਜਿਹੜੀ ਸੀਹਰਫ਼ੀ ਸਭ ਤੋਂ ਪ੍ਰਸਿੱਧ ਹੈ, ਉਸ ਦਾ ਰਦੀਫ਼ ‘ਹੂ’ ਹੈ। ਸੰਭਵ ਹੈ ਕਿ ਇਹ ‘ਹੂ’ ਦਾ ਰਦੀਫ਼ ‘ਬਾਹੂ’ ਦੇ ਨਾਂ ਦੇ ਪਿਛਲੇ ਅੱਧ ਵਜੋਂ ਹੀ ਆਇਆ ਹੋਵੇ। ਉਂਜ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਿਹਰਫ਼ੀ

ਕਾਵਿ-ਰੂਪ ਅਰਬੀ ਤੋਂ ਫ਼ਾਰਸੀ ਤੇ ਫ਼ਾਰਸੀ ਤੋਂ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਪ੍ਰਚੱਲਿਤ ਹੋਇਆ, ਕਿਉਂਕਿ ਸੀਹਰਫ਼ੀ ਦਾ ਅਰਥ ਹੈ—ਤੀਹ ਅੱਖਰਾਂ 'ਤੇ ਆਧਾਰਤ। ਸੀਹਰਫ਼ੀ ਦਾ ਹਰ ਬੰਦ ਅਰਬੀ ਲਫ਼ਜ਼ਾਂ ਅਨੁਸਾਰ ਪਹਿਲਾਂ 'ਅਲਫ਼' ਫੇਰ 'ਬੇ' 'ਤੇ' ਤੇ ਇਸੇ ਤਰ੍ਹਾਂ ਅਗਲੇਰੇ ਹਰਫ਼ਾਂ ਨਾਲ ਹਰ ਬੰਦ ਦੇ ਪਹਿਲੇ ਸ਼ਬਦ ਦਾ ਆਰੰਭ ਉਸ ਅੱਖਰ ਨਾਲ ਹੁੰਦਾ ਹੈ; ਇਸੇ ਕਰਕੇ ਇਸ ਕਾਵਿ-ਰੂਪ ਦਾ ਨਾਮ ਸੀਹਰਫ਼ੀ ਪੈ ਗਿਆ। ਹੇਠਾਂ ਅਸੀਂ ਉਸ ਦੀ ਪ੍ਰਸਿੱਧ ਸੀਹਰਫ਼ੀ ਦੀਆਂ ਪਹਿਲੀਆਂ ਦੋ ਸਤਰਾਂ ਦੇ ਰਹੇ ਹਾਂ, ਜੋ ਉਸ ਦੇ ਭਾਵ-ਪ੍ਰਬੰਧ ਅਤੇ ਕਾਵਿ-ਕਲਾ ਦਾ ਢੁਕਵਾਂ ਪ੍ਰਮਾਣ ਬਣਦੀਆਂ ਹਨ :

> ਅਲਫ਼, ਅੱਲ੍ਹਾ ਚੰਬੇ ਦੀ ਬੂਟੀ, ਮੁਰਸ਼ਦ ਮਨ ਮੇਰੇ ਵਿਚ ਲਾਈ ਹੂ।
> ਨਬੀ ਇਸ ਬਾਤ ਦਾ ਪਾਣੀ ਮਿਲਿਆ, ਹਰ ਰੰਗੇ ਹਰ ਜਾਈ ਹੂ।

ਇੱਥੇ ਇਕ ਗੱਲ ਸਪਸ਼ਟ ਕਰ ਦਈਏ ਕਿ ਸ਼ਾਹ ਹੁਸੈਨ ਨਾਲੋਂ ਸੁਲਤਾਨ ਬਾਹੂ ਅਰਬ ਤੇ ਇਸਲਾਮ ਦੇ ਵਧੇਰੇ ਨੇੜੇ ਸੀ, ਕਿਉਂਕਿ ਉਸ ਦੀ ਭਾਸ਼ਾ ਸ਼ੈਲੀ ਅਤੇ ਵਿਚਾਰ ਪ੍ਰਬੰਧ ਸ਼ਾਹ ਹੁਸੈਨ ਦੀ 'ਕਾਫ਼ੀਆਂ' ਵਾਲੀ ਮਸਤੀ ਤੋਂ ਵੱਖਰਾ ਹੈ।

### ਸ਼ਾਹ ਸ਼ਰਫ਼ (1656-1724 ਈ.)

ਸ਼ਾਹ ਸ਼ਰਫ਼ ਦੀ ਰਚਨਾ ਮਾਝੇ ਦੇ ਬਟਾਲਾ ਖੇਤਰ ਵਿਚ ਵਧੇਰੇ ਪ੍ਰਚੱਲਿਤ ਹੈ। ਆਪ ਦੀ ਕੁਝ ਰਚਨਾ ਪੰਜਾਬੀ ਤੇ ਕੁਝ ਉਰਦੂ ਵਿਚ ਮਿਲਦੀ ਹੈ। ਆਪ ਦਾ ਜਨਮ ਬਟਾਲਾ ਵਿਖੇ ਹੋਇਆ ਪਰ ਘਰੋਂ ਨਰਾਜ਼ਗੀ ਕਾਰਨ ਘਰ ਛੱਡ ਕੇ ਫ਼ਕੀਰ ਹੋ ਗਿਆ। ਆਪ ਦੀ ਪਤਨੀ ਵੱਲੋਂ ਆਪਣੀ ਭਰਜਾਈ ਨਾਲ ਮਾੜੇ ਸਬੰਧ ਹੋਣ ਕਾਰਨ ਆਪ ਦੇ ਦਿਲ ਨੂੰ ਏਨਾ ਦੁੱਖ ਪਹੁੰਚਿਆ ਕਿ ਸਦਾ-ਸਦਾ ਲਈ ਆਪ ਘਰ ਤੋਂ ਬੇਮੁਖ ਹੋ ਗਏ। ਆਪ ਦੀ ਰਚਨਾ ਸਬੰਧੀ ਆਪ ਦੇ ਉਤਰਵਰਤੀ ਪ੍ਰਸਿੱਧ ਕਵੀ ਮੁਹੰਮਦ ਬਖ਼ਸ਼ ਨੇ ਲਿਖਿਆ ਹੈ :

> ਸੁਖ਼ਨ ਸ਼ਰੀਫ਼ ਸ਼ਰੀਫ਼ ਦੇ ਰਜੇ, ਕੱਥੇ ਸ਼ਾਹ ਸ਼ਰਫ਼ ਦੇ,
> ਪੰਧ ਪਿਆਂ ਨੂੰ ਰਾਹ ਦਿਖਾਵਣ, ਰਾਹਬਰ ਉਸ ਤਰਫ਼ ਦੇ।

ਆਪ ਘਰ ਛੱਡਣ ਪਿੱਛੋਂ ਲਾਹੌਰ ਦੇ ਸ਼ੇਖ਼ ਮੁਹੰਮਦ ਫ਼ਾਜ਼ਲ ਕਾਦਰੀ ਦੇ ਮੁਰੀਦ ਬਣ ਗਏ ਅਤੇ ਸੂਫ਼ੀਆਨਾ ਰੰਗ ਵਿਚ ਸ਼ਾਇਰੀ ਕਰਨ ਲੱਗੇ। ਲਾਹੌਰ ਵਿਚ ਹੀ ਆਪ ਦਾ ਮਜ਼ਾਰ ਹੈ।

### ਮੌਲਾਨਾ ਅਬਦੀ

ਆਪ ਦਾ ਪੂਰਾ ਨਾਂ ਮੌਲਾਨਾ ਮੁਹੰਮਦ ਅਬਦੁੱਲਾ ਅਬਦੀ ਸੀ ਤੇ ਆਪ ਦੇ ਪਿਤਾ ਦਾ ਨਾਂ ਮੀਆਂ ਜਾਨ ਮੁਹੰਮਦ ਸੀ। ਆਪ ਪਿੰਡ ਮਲਕ ਹਾਂਸ, ਜ਼ਿਲ੍ਹਾ ਮਿੰਟਗੁਮਰੀ ਦੇ ਰਹਿਣ ਵਾਲੇ ਸਨ। ਆਪ ਦੀ ਬਹੁਤੀ ਰਚਨਾ ਤਾਂ ਨਹੀਂ ਮਿਲਦੀ ਪਰੰਤੂ ਜਿੰਨੀ ਵੀ ਮਿਲਦੀ ਹੈ, ਉਹ ਬਹੁਤ ਪਾਏਦਾਰ ਹੈ। ਇਹ ਵੀ ਮੰਨਣ ਯੋਗ ਹੈ ਕਿ ਆਪ ਨੇ ਇਸਲਾਮ ਤੋਂ ਸੂਫ਼ੀ ਮੱਤ ਤਕ ਦੀ ਵਿਆਖਿਆ ਬੜੀ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਲੋਕ-ਭਾਸ਼ਾ ਵਿਚ ਕੀਤੀ ਹੈ ਅਤੇ ਆਪ ਦੀਆਂ ਬਹੁਤ ਸਾਰੀਆਂ ਸਤਰਾਂ ਅਖਾਣ ਤੇ ਮੁਹਾਵਰੇ ਬਣ ਕੇ ਲੋਕਾਂ ਦੇ ਮੂੰਹ ਚੜ੍ਹ ਚੁੱਕੀਆਂ ਹਨ। ਜਿਵੇਂ :

> ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ।

ਜੇ ਕੋਈ ਮਹਿਰਮ ਦਿਲ ਦਾ ਹੋਵੇ, ਸੋਈ ਰੱਬ ਪਛਾਣੇ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਮੱਧ ਕਾਲ (1526-1708 ਈ.) ਦੇ ਲੰਬੇ ਅਰਸੇ ਵਿਚ ਹੋਰ ਸੂਫ਼ੀ ਕਵੀ ਵੀ ਹੋਏ ਹੋਣਗੇ, ਜਿੰਨ੍ਹਾਂ ਦੀਆਂ ਰਚਨਾਵਾਂ ਉਸ ਸਮੇਂ ਸਾਂਭੀਆਂ ਨਹੀਂ ਗਈਆਂ ਹੋਣਗੀਆਂ, ਕਿਉਂਕਿ ਜਿੰਨੇ ਵੀ ਸੂਫ਼ੀ ਸ਼ਾਇਰ ਇਸ ਦੌਰ ਵਿਚ ਹੋਏ ਹਨ, ਉਹਨਾਂ ਦੀ ਕਵਿਤਾ ਵਸਤੂ ਪੱਖੋਂ ਮਹਾਨ ਅਤੇ ਕਲਾ ਪੱਖੋਂ ਸ੍ਰੇਸ਼ਟ ਹੈ। ਇਹ ਕਵਿਤਾ ਆਮ ਲੋਕਾਂ ਦੇ ਮੂੰਹ ਚੜ੍ਹਨ ਦੀ ਵੀ ਸਮਰੱਥਾ ਰਖਦੀ ਹੈ।

-----

## ਮੱਧ ਕਾਲੀਨ ਬੀਰ ਰਸੀ ਕਾਵਿ ਧਾਰਾ

ਜਿਸ ਤਰ੍ਹਾਂ ਅਸੀਂ ਆਦਿ ਕਾਲੀਨ (850-1526 ਈ.) ਦੀ ਬੀਰ ਰਸੀ ਕਵਿਤਾ ਸਬੰਧੀ ਵਿਚਾਰ ਕਰਨ ਸਮੇਂ ਬੀਰ ਰਸ ਦੀ ਪਰਿਭਾਸ਼ਾ ਅਤੇ ਪੰਜਾਬ ਵਿਚ ਇਸ ਦੇ ਪ੍ਰਚੱਲਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦੇ ਆਏ ਹਾਂ, ਉਸ ਸਮੇਂ ਦੀਆਂ ਉਹਨਾਂ 6 ਵਾਰਾਂ ਸਬੰਧੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਗਾਉਣ ਦਾ ਜਿਸ ਤਰ੍ਹਾਂ ਸੰਕੇਤ ਮਿਲਦਾ ਹੈ, ਉਸੇ ਤਰ੍ਹਾਂ ਮੱਧ ਕਾਲ ਦੀਆਂ 3 ਬੀਰ ਰਸੀ ਵਾਰਾਂ ਸਬੰਧੀ ਵੀ ਸਭ ਵਿਦਵਾਨਾਂ ਦਾ ਇਹੋ ਮੱਤ ਹੈ ਕਿ ਇਹ ਵਾਰਾਂ 16ਵੀਂ ਸਦੀ ਤਕ ਲਿਖੀਆਂ ਤੇ ਗਾਈਆਂ ਗਈਆਂ ਹੋਣਗੀਆਂ। ਭਾਵੇਂ ਇਹ ਵਾਰਾਂ ਸੌ ਫੀਸਦੀ ਉਪਲਬਧ ਨਹੀਂ ਹਨ ਪਰੰਤੂ ਇਹਨਾਂ ਦੀਆਂ ਪਉੜੀਆਂ ਦਾ ਗਾਇਨ ਰੂਪ ਉਪਲਬਧ ਹੋਣ ਕਰਕੇ ਇਹਨਾਂ ਵਿਚ ਦਰਜ ਲੜਾਈਆਂ ਦਾ ਸੰਖੇਪ ਵਾਰਤਕ ਰੂਪ ਤਿਆਰ ਕੀਤਾ ਗਿਆ ਹੈ। ਇਸ ਕੋਟੀ ਵਿਚ ਆਉਣ ਵਾਲੀਆਂ ਤਿੰਨ ਵਾਰਾਂ ਇਸ ਪ੍ਰਕਾਰ ਹਨ :

1. ਮਲਕ ਮੁਰੀਦ ਤਥਾ ਚੰਦ੍ਰਹੜੇ ਸੋਹੀਏ ਦੀ ਵਾਰ।
2. ਰਾਣੇ ਕੈਲਾਸ਼ ਤਥਾ ਮਾਲਦੇਵ ਕੀ ਵਾਰ।
3. ਯੋਧੇ ਬੀਰੇ ਪੁਰਵਾਣੇ ਦੀ ਵਾਰ।

### ਮਲਕ ਮੁਰੀਦ ਤਥਾ ਚੰਦ੍ਰਹੜੇ ਸੋਹੀਏ ਦੀ ਵਾਰ

ਮਲਕ ਮੁਰੀਦ ਤੇ ਸੋਹੀਆ ਅਕਬਰ ਬਾਦਸ਼ਾਹ ਦੇ ਦੌਰ ਦੇ ਦੋ ਬਹਾਦਰ ਰਾਜਪੂਤ ਸਰਦਾਰ ਸਨ। ਦੋਹਾਂ ਦੀ ਉਤੋਂ ਉਤੋਂ ਤਾਂ ਦੋਸਤੀ ਸੀ ਪਰ ਅੰਦਰੋ-ਅੰਦਰੀ ਉਹ ਇਕ ਦੂਜੇ ਨਾਲ ਖਾਰ ਖਾਂਦੇ ਸਨ। ਅਕਬਰ ਦੇ ਸਰਦਾਰਾਂ ਨੂੰ ਦੋਹਾਂ ਦੀ ਇਸ ਕਮਜ਼ੋਰੀ ਦਾ ਪਤਾ ਸੀ, ਜਿਸ ਕਾਰਨ ਮਲਕ ਮੁਰੀਦ ਨੂੰ ਅਕਬਰ ਨੇ ਚੰਦ੍ਰਹੜੇ ਸੋਹੀਏ ਨੂੰ ਮਲਕ ਮੁਰੀਦ ਵਿਰੁੱਧ ਲੜਨ ਲਈ ਭੇਜਿਆਂ, ਤਾਂ ਚੰਦ੍ਰਹੜੇ ਸੋਹੀਏ ਨੇ ਮਲਕ ਮੁਰੀਦ ਵਿਰੁੱਧ ਬਗ਼ਾਵਤ ਦਾ ਦੋਸ਼ ਧਰ ਦਿੱਤਾ। ਫੇਰ ਅਕਬਰ ਨੇ ਹੀ ਮੁਰੀਦ ਵਿਰੁੱਧ ਲੜਨ ਲਈ ਚੰਦ੍ਰਹੜੇ ਨੂੰ ਭੇਜਿਆ। ਦੋਹਾਂ ਦੀਆਂ ਫ਼ੌਜਾਂ ਦੀ ਗਹਿਗੱਚ ਲੜਾਈ ਹੋਈ ਪਰ ਹਾਰ ਕਿਸੇ ਦੀ ਵੀ ਨਾ ਹੋਈ। ਇਸ ਉਤੇ ਦੋਵੇਂ ਯੋਧੇ ਆਪਸ ਵਿਚ ਹੱਥੋ-ਹੱਥੀ ਲੜਨ ਲੱਗੇ। ਜਿੱਤ-ਹਾਰ ਕਿਸੇ ਦੀ ਵੀ ਨਾ ਹੋਈ, ਪਰ ਦੋਵੇਂ ਜ਼ਖ਼ਮੀ ਹੋ ਗਏ। ਮਾਝ ਦੀ ਵਾਰ ਨੂੰ ਇਸੇ ਵਾਰ ਦੀ ਧੁਨੀ ਉਤੇ ਗਾਉਣ ਦਾ ਗੁਰੂ ਗ੍ਰੰਥ ਵਿਚ ਹੁਕਮ ਦਰਜ ਹੈ।

**ਰਾਣੇ ਕੈਲਾਸ਼ ਤਥਾ ਮਾਲਦੇਵ ਕੀ ਵਾਰ**

ਜੰਮੂ-ਕਸ਼ਮੀਰ ਖੇਤਰ ਵਿਚ ਦੋ ਭਰਾ ਰਾਣਾ ਕੈਲਾਸ਼ ਤੇ ਰਾਣਾ ਮਾਲਦੇਵ ਰਾਜ ਕਰਦੇ ਸਨ ਤੇ ਸ਼ਾਹੀ ਖ਼ਜ਼ਾਨੇ ਵਿਚ ਕਰ ਭਰਦੇ ਸਨ। ਇਹ ਬਾਦਸ਼ਾਹ ਜਹਾਂਗੀਰ ਦਾ ਦੌਰ ਸੀ। ਦੋਹਾਂ ਭਰਾਵਾਂ ਦਾ ਆਪਸ ਵਿਚ ਵਿਗਾੜ ਹੋਣ ਕਾਰਨ ਲੜਾਈ ਸ਼ੁਰੂ ਹੋ ਗਈ ਤੇ ਇਸ ਲੜਾਈ ਵਿਚ ਦੋਹਾਂ ਪਾਸਿਆਂ ਦਾ ਕਾਫ਼ੀ ਨੁਕਸਾਨ ਵੀ ਹੋਇਆ। ਇਸ ਲੜਾਈ ਨੂੰ ਨਿਸ਼ਾਨੀ ਛੰਦ ਤੇ ਪਉੜੀ ਕਾਵਿ ਰੂਪ ਵਿਚ ਲਿਖਿਆ ਗਿਆ ਹੈ। ਪਰ ਜਾਪਦਾ ਹੈ ਕਿ ਹੋਈ ਲੜਾਈ ਦੀਆਂ ਸਾਰੀਆਂ ਪਉੜੀਆਂ ਉਪਲਬਧ ਨਹੀਂ ਹਨ।

**ਜੋਧੇ ਬੀਰੇ ਪੁਰਵਾਣੇ ਦੀ ਵਾਰ**

ਜੋਧਾ ਤੇ ਬੀਰਾ ਦੋ ਭਰਾ ਸਨ ਤੇ ਇਹਨਾਂ ਦਾ ਪਿਉ ਸੀ ਪੁਰਵਾਣਾ। ਇਹ ਦੋਵੇਂ ਭਰਾ ਬਹੁਤ ਬਹਾਦਰ ਸਨ ਅਤੇ ਮੁਗ਼ਲ ਫ਼ੌਜਾਂ ਦੇ ਪੂਰੀ ਤਰ੍ਹਾਂ ਵਿਰੋਧੀ ਸਨ। ਦੋਵੇਂ ਭਰਾ ਸ਼ਾਹੀ ਖ਼ਜ਼ਾਨਿਆਂ ਦੀ ਲੁੱਟ-ਮਾਰ ਕਰਦੇ ਅਤੇ ਲੁੱਟ ਦਾ ਮਾਲ ਗਰੀਬਾਂ ਵਿਚ ਵੰਡ ਦਿੰਦੇ। ਇਹਨਾਂ ਨੇ ਨਾ ਲੁੱਟ-ਮਾਰ ਦਾ ਆਪਣਾ ਕੰਮ ਛੱਡਿਆ ਤੇ ਨਾ ਹੀ ਸ਼ਾਹੀ ਘਰਾਣੇ ਦੀ ਕਦੇ ਈਨ ਮੰਨੀ। ਇਹਨਾਂ ਦੀਆਂ ਟੱਕਰਾਂ ਨੂੰ ਢਾਡੀਆਂ ਨੇ ਨਿਸ਼ਾਨੀ ਛੰਦ ਤੇ ਪਉੜੀ ਕਾਵਿ ਰੂਪ ਵਿਚ ਕਾਵਿ-ਬੱਧ ਕੀਤਾ :

> ਜੋਧੇ ਬੀਰੇ ਪੁਰਬਾਣੀਏਂ, ਦੋਇ ਗੱਲਾਂ ਕਰਨਿ ਕਰਾਰੀਆਂ।
> ਫ਼ੌਜਾਂ ਚਾੜ੍ਹੀਆਂ ਬਾਦਸ਼ਾਹੀ ਅਕਬਰ ਨੇ ਭਾਰੀਆਂ।
> ਸਨਮੁਖ ਹੋਏ ਰਾਜਪੂਤ, ਸੂਤਰੀ ਰਣ ਕਾਰੀਆਂ।
> ਇੰਦਰ ਸਣੇ ਉਪੱਛਰਾਂ, ਦੋਹਾਂ ਨੂੰ ਕਰਨ ਜੁਹਾਰੀਆਂ।
> ਏਹੀ ਕੀਤੀ ਜੋਧੇ ਬੀਰੇ, ਪਾਤਸ਼ਾਹੀ ਗੱਲਾਂ ਸਾਰੀਆਂ।

ਰਾਮਕਲੀ ਦੀ ਵਾਰ ਨੂੰ ਉਪਰੋਕਤ ਵਾਰ ਦੀ ਧਾਰਨਾ 'ਤੇ ਗਾਉਣ ਦਾ ਹੁਕਮ ਹੈ।

ਉਪਰੋਕਤ ਵਾਰਾਂ ਤੋਂ ਬਿਨਾਂ ਮੱਧ ਕਾਲ ਵਿਚ ਹੋਰ ਵਾਰਾਂ ਤੇ ਬੀਰ ਰਸੀ ਕਾਵਿ ਦੀ ਵੱਡੀ ਮਾਤਰਾ ਵਿਚ ਰਚਨਾ ਹੋਈ ਹੈ।

ਇਸ ਕਾਲ-ਖੰਡ ਵਿਚ ਵਾਰਾਂ ਦਾ ਵਿਸ਼ਾ ਸਿੱਖ ਗੁਰੂਆਂ ਨਾਲ ਸਬੰਧਤ ਲੜਾਈਆਂ ਤੇ ਭੇੜਾਂ ਨਾਲ ਸਬੰਧਤ ਹੈ। ਇਥੋਂ ਤਕ ਕਿ ਗੁਰੂ ਘਰ ਵਿਚ ਵਾਰਾਂ ਗਾਉਣ ਵਾਲੇ ਢਾਡੀ ਵੀ ਹਾਜ਼ਰ ਰਹਿੰਦੇ ਸਨ। ਸੱਤਵੇਂ ਗੁਰੂ ਹਰਿਗੋਬਿੰਦ ਦੇ ਦਰਬਾਰ ਵਿਚ ਦੋ ਢਾਡੀ ਸਨ—ਅਬਦੁਲ ਤੇ ਨੱਥਾ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਵੀ ਮੁਸ਼ਕੀ ਤੇ ਛਬੀਲਾ ਵਾਰਾਂ ਗਾਇਆ ਕਰਦੇ ਸਨ। ਪੰਜਾਬੀ ਸਾਹਿਤ ਦੇ ਇਤਿਹਾਸ ਅਨੁਸਾਰ ਭੰਗਾਣੀ ਦੀ ਵਾਰ ਦੇ ਕਰਤਾ ਮੁਸ਼ਕੀ ਤੇ ਛਬੀਲਾ ਹੀ ਸਨ।

ਇਕ ਹੋਰ ਵਾਰ ਜਿਸ ਨੂੰ 'ਵਾਰ ਭੇੜੇ ਕੀ ਪਾਤਸ਼ਾਹੀ 10' ਦਾ ਜ਼ਿਕਰ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਵਾਰ ਦੇ ਵਾਰਕਾਰ ਦਾ ਨਾਂ ਭਾਵੇਂ ਪਤਾ ਨਹੀਂ ਹੈ, ਪਰ ਇਹ ਬੜੀ ਮਹੱਤਵਪੂਰਨ ਬੀਰ ਰਸੀ ਰਚਨਾ ਹੈ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਦੇ ਕਿਲ੍ਹੇ ਦੀ ਗਾਥਾ ਬਿਆਨ ਕੀਤੀ ਹੋਈ ਹੈ।

ਭਾਈ ਗੁਰਦਾਸ ਜਿਸ ਦੀਆਂ 39 ਦਾਰਸ਼ਨਿਕ ਵਾਰਾਂ ਪ੍ਰਸਿੱਧ ਹਨ, ਉਹਨਾਂ ਦੇ ਨਾਂ ਵਾਲਾ ਹੀ ਇਕ ਹੋਰ ਭਾਈ ਗੁਰਦਾਸ ਹੋਇਆ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਇਸ ਭਾਈ ਗੁਰਦਾਸ ਦੀ ਵਾਰ ਨੂੰ ਪਹਿਲੇ ਭਾਈ ਗੁਰਦਾਸ ਦੀ ਵਾਰ ਸਮਝ ਕੇ ਕਿਸੇ ਸੰਪਾਦਕ ਨੇ ਭਾਈ ਗੁਰਦਾਸ ਪਹਿਲੇ ਦੀਆਂ ਵਾਰਾਂ ਹੇਠ ਦਰਜ ਕਰਨ ਦੀ ਭੁੱਲ ਕੀਤੀ ਹੈ। ਪਰੰਤੂ ਦੂਜੇ ਭਾਈ ਗੁਰਦਾਸ ਦੀ ਵਾਰ ਦਾ ਬੀਰ ਰਸੀ ਰੰਗ ਭਾਸ਼ਾ ਅਤੇ ਸਾਦਗੀ ਇਸ ਵਾਰ ਨੂੰ ਪਹਿਲੇ ਭਾਈ ਗੁਰਦਾਸ ਦੀਆਂ ਵਾਰਾਂ ਨਾਲੋਂ ਇਕਦਮ ਵੱਖਰੀ ਸਿੱਧ ਕਰ ਦਿੰਦੀ ਹੈ। 'ਗੁਰੂ ਖਾਲਸੇ ਦੀ ਵਾਰ' (ਵਾਰ ਰਾਮਕਲੀ ਕੀ ਪਾਤਸ਼ਾਹੀ ਦਸ) ਕਾਫ਼ੀ ਪ੍ਰਸਿੱਧ ਹੈ ਪਰੰਤੂ ਇਸ ਦੇ ਰਚਨਹਾਰੇ ਬਾਰੇ ਸਹੀ ਜਾਣਕਾਰੀ ਨਹੀਂ ਮਿਲਦੀ। ਉਂਜ ਇਹ ਸਪਸ਼ਟ ਹੈ ਕਿ ਇਹ ਵਾਰਕਾਰ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਸ਼ਰਧਾਲੂ ਸੀ। ਇਹ ਵਾਰ ਸੱਤੇ ਤੇ ਬਲਵੰਡ ਦੀ ਲਿਖੀ ਵਾਰ ਦੀ ਸ਼ੈਲੀ ਵਿਚ ਲਿਖੀ ਗਈ ਹੈ। ਪਰੰਤੂ ਇਸ ਦੇ ਰੰਗ ਵਿਚ ਬੀਰ ਰਸ ਅਤੇ ਗੁਰੂ ਸਾਹਿਬ ਦਾ ਜਸ ਗਾਇਨ ਜਿਸ ਢੰਗ ਨਾਲ ਉਪਲਬਧ ਹੈ, ਉਸ ਕਾਰਨ ਇਹ ਕਵੀ ਗੁਰੂ ਘਰ ਦਾ ਸਿੱਖ ਸੇਵਕ ਜਾਪਦਾ ਹੈ। ਸੱਤੇ ਤੇ ਬਲਵੰਡ ਦੀ ਵਾਰ ਵਿਚ ਪਹਿਲੇ ਪੰਜ ਗੁਰੂਆਂ ਦਾ ਜਸ ਗਾਇਨ ਹੈ ਜਦਕਿ ਇਸ ਵਾਰ ਵਿਚ ਦਸਾਂ ਗੁਰੂਆਂ ਦਾ ਜਸ ਗਾਇਆ ਗਿਆ ਹੈ। ਭਾਸ਼ਾ ਉਤੇ ਡਿੰਗਲ ਦਾ ਰੰਗ ਵੀ ਪਹਿਲੀਆਂ ਵਾਰਾਂ ਨਾਲੋਂ ਇਸ ਵਾਰ ਨੂੰ ਨਿਖੇੜਦਾ ਹੈ। ਭਗਾਉਤੀ ਸਿਮਰਨ/ਚੰਡੀ ਸਿਮਰਨ, ਖੰਡੇ ਦੀ ਪਾਹੁਲ ਅਤੇ ਗੁਰੂ ਸੰਗਤ ਦੇ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਣ ਨੂੰ ਇਕ ਕੌਤਕ ਸਮਝ ਕੇ ਕਾਵਿ ਬੱਧ ਕੀਤਾ ਹੈ, ਉਸ ਨਾਲ ਪੰਜਾਬੀ ਬੀਰ ਰਸੀ ਵਾਰ ਸਾਹਿਤ ਵਿਚ ਅਧਿਆਤਮਵਾਦੀ ਰੰਗ ਹੋਰ ਗੂੜ੍ਹਾ ਤੇ ਸੰਘਣਾ ਹੋਇਆ ਹੈ। ਇਸ ਵਾਰ ਵਿਚ ਤੁਰਕਾਂ ਦਾ ਚਲਣ, ਸੰਤ ਖਾਲਸੇ ਦਾ ਪ੍ਰਕਾਸ਼ ਅਤੇ ਰਾਮ ਰਾਜ ਦੀ ਸਥਾਪਤੀ ਦਾ ਚਿਤਰਨ ਇਕ ਅਜਿਹਾ ਆਦਰਸ਼ ਮੁਖੀ ਵਰਤਾਰਾ ਹੈ ਜੋ ਵਾਰ ਸਾਹਿਤ ਵਿਚ ਇਸ ਰਚਨਾ ਨੂੰ ਇਕ ਵੱਖਰੇ ਕਿਸਮ ਦੇ ਵਾਰ ਕਾਵਿ ਦੇ ਰੂਪ ਵਿਚ ਸਥਾਪਤ ਕਰਦਾ ਹੈ।

ਉਪਰੋਕਤ ਵਾਰ ਦੀਆਂ 28 ਪਉੜੀਆਂ ਹਨ। ਪਹਿਲੀਆਂ 16 ਪਉੜੀਆਂ ਦਾ ਸਬੰਧ ਗੁਰੂ ਜਸ ਗਾਇਨ ਨਾਲ ਹੈ ਅਤੇ ਹਰ ਪਉੜੀ ਦੇ ਅੰਤ ਉਤੇ 'ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਧੁਨੀ ਗੂੰਜਦੀ ਹੈ। ਇਸ ਤੋਂ ਇਹ ਵੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਵਾਰਕਾਰ ਨੇ ਇਹ ਰਚਨਾ 1699/ਖਾਲਸਾ ਪੰਥ ਦੀ ਸਥਾਪਨਾ ਪਿੱਛੋਂ ਰਚੀ ਹੈ।

ਇਸ ਵਾਰ ਦੇ ਦੂਜੇ ਭਾਗ ਵਿਚ ਖਾਲਸਾ ਫ਼ੌਜਾਂ ਦੀ ਤੁਰਕਾਂ, ਮੁਗ਼ਲਾਂ ਤੇ ਪਹਾੜੀ ਰਾਜਿਆਂ ਨਾਲ ਟੱਕਰ ਦਾ ਚਿਤਰਨ ਹੈ। ਇਸ ਭਾਗ ਵਿਚ ਇਤਿਹਾਸਕਤਾ ਵੀ ਹੈ ਤੇ ਕਲਪਨਾ ਵੀ। ਪਰ ਇਕ ਤੱਥ ਸਪਸ਼ਟ ਹੈ ਕਿ ਜਸ ਗਾਇਨ ਗੁਰੂ ਘਰ ਦੀਆਂ ਫ਼ੌਜਾਂ ਦਾ ਹੀ ਹੈ।

ਵਾਰ ਦਾ ਤੀਜਾ ਭਾਗ ਇਕ ਪ੍ਰਕਾਰ ਦਾ ਵਾਰਕਾਰ ਦਾ ਆਪਣੇ ਪ੍ਰਤੀ ਗੁਰੂ ਸਾਹਿਬਾਨ ਵੱਲੋਂ ਕਲਿਆਣ ਦੀ ਅਸੀਸ ਦੀ ਪ੍ਰਾਰਥਨਾ ਜਾਂ ਅਰਜ਼ੋਈ ਹੈ।

'ਪੀਰਾਂ ਦੀ ਵਾਰ' ਜਾਂ ਤਾਂ ਪ੍ਰਿਥੀ ਚੰਦ ਦੇ ਪੁੱਤਰ ਸੋਢੀ ਮਿਹਰਬਾਨ ਦੀ ਰਚਨਾ ਹੈ ਜਾਂ ਉਸ ਨੇ ਇਹ ਵਾਰ ਕਿਸੇ ਹੋਰ ਵਾਰਕਾਰ ਤੋਂ ਲਿਖਵਾਈ। ਇਸ ਵਿਚ ਫ਼ਾਰਸੀ ਸ਼ਬਦਾਵਲੀ ਦੀ ਬਹੁਲਤਾ ਹੈ। ਮਿਹਰਬਾਨ ਨੇ ਆਪਣੇ ਆਪ ਨੂੰ ਪਾਤਸ਼ਾਹੀ 7 ਵੀ ਲਿਖਿਆ ਹੈ। ਇਸ ਤੋਂ ਇਲਾਵਾ ਇਸ ਵਾਰ ਵਿਚ ਇਸਲਾਮੀ ਰੰਗ ਵੀ ਉਘੜਦਾ ਹੈ ਸ਼ਾਇਦ ਇਹ ਵਾਰ ਕਿਸੇ ਮੁਸਲਮਾਨ ਵਾਰਕਾਰ ਦੀ ਲਿਖੀ ਹੋਵੇ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਵਾਰ

ਨੂੰ ਬਹੁਤਾ ਮਹੱਤਵ ਪ੍ਰਾਪਤ ਨਹੀਂ। ਆਪਣੇ ਆਪ ਨੂੰ ਪਾਤਸ਼ਾਹੀ 7 ਲਿਖਣਾ, ਸੋਢੀ ਮਿਹਰਬਾਨ ਦੀ ਉਹ ਗੁਸਤਾਖ਼ੀ ਹੈ ਜੋ ਕਦਾਚਿਤ ਮੁਆਫ਼ ਕਰਨ ਯੋਗ ਨਹੀਂ ਹੈ।

ਅਸਲ ਵਿਚ ਉਪਰੋਕਤ ਵਾਰਾਂ ਇਸ ਤੱਥ ਵੱਲ ਸੰਕੇਤ ਕਰਦੀਆਂ ਹਨ ਕਿ ਅਧਿਆਤਮਵਾਦੀ ਰੰਗ ਦੀ ਥਾਂ ਵਾਰਾਂ ਵਿਚ ਬੀਰ ਰਸ ਦੀ ਪ੍ਰਧਾਨਤਾ ਦਾ ਰੰਗ ਹੋਰ ਗੂੜ੍ਹਾ ਹੋਣਾ ਸ਼ੁਰੂ ਹੋ ਗਿਆ ਸੀ। ਪਰੰਤੂ ਇਹ ਵਾਰਕਾਰ ਕੋਈ ਉਚ ਕੋਟੀ ਦੀਆਂ ਸ਼ਖ਼ਸੀਅਤਾਂ ਨਾ ਹੋਣ ਕਾਰਨ ਉਹਨਾਂ ਦਾ ਯੁੱਧ ਵਰਣਨ ਜਾਂ ਦ੍ਰਿਸ਼ ਚਿਤਰਨ ਆਮ ਜਿਹਾ ਹੈ।

ਮੱਧ ਕਾਲ ਦੀ ਸਰਬ ਸ੍ਰੇਸ਼ਟ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ 'ਵਾਰ ਭਗਉਤੀ ਜੀ ਕੀ' ਜਾਂ 'ਚੰਡੀ ਦੀ ਵਾਰ' ਹੈ। ਇਸ ਵਾਰ ਦੀ ਕਥਾ ਇਤਿਹਾਸਕ ਹੋਣ ਦੇ ਬਾਵਜੂਦ ਪੰਜਾਬੀ ਸਾਹਿਤ ਦੀ ਇਹ ਸਰਬ ਸ੍ਰੇਸ਼ਟ ਬੀਰ ਰਸੀ ਵਾਰ ਰਚਨਾ ਹੈ।

ਪ੍ਰੋ.ਕਰਨੈਲ ਸਿੰਘ ਨੇ 'ਚੰਡੀ ਦੀ ਵਾਰ : ਬਿਰਤਾਂਤ ਸ਼ਾਸਤਰੀ ਅਤੇ ਵਿਚਾਰਧਾਰਕ ਪਰਿਪੇਖ' ਸਿਰਲੇਖ ਅਧੀਨ ਜਿਹੜਾ ਖੋਜ ਕਾਰਜ ਕੀਤਾ ਹੈ, ਉਸ ਅਨੁਸਾਰ ਇਸ ਵਾਰ ਰਚਨਾ ਦੀ ਡੂੰਘ ਸੰਰਚਨਾ ਦਾ ਅਧਿਐਨ ਕਰਨ ਉਪਰੰਤ ਉਹ ਇਸ ਨਤੀਜੇ 'ਤੇ ਪੁਜਦਾ ਹੈ, "ਚੰਡੀ ਦੀ ਵਾਰ/ਵਾਰ ਦੁਰਗਾ ਕੀ/ਵਾਰ ਸ੍ਰੀ ਭਗਉਤੀ ਜੀ ਕੀ, ਮੂਲ ਰੂਪ ਵਿਚ ਮਿਥ ਬਿਰਤਾਂਤਕ-ਕਾਵਿ-ਪਾਠ ਹੈ।" ਅਸਲ ਵਿਚ ਮੱਧ ਕਾਲੀਨ ਦੌਰ ਤਕ ਤੇ ਉਸ ਤੋਂ ਪਿੱਛੋਂ ਵੀ ਜਿਹੜੀ ਬੀਰ ਰਸੀ ਕਾਵਿ ਰਚਨਾ ਉਪਲਬਧ ਹੈ, ਉਸ ਵਿਚੋਂ ਚੰਡੀ ਦੀ ਵਾਰ ਇਕ ਸਰਬ ਸ੍ਰੇਸ਼ਟ ਬੀਰ ਰਸੀ ਰਚਨਾ ਹੈ। ਇਸ ਵਾਰ ਵਿਚ ਮੰਗਲਾਚਰਣ ਦਾ ਸੁਭਾ ਵੀ ਜਿੱਥੇ ਅਰਜ਼ੋਈ-ਮੂਲਕ ਹੈ, ਉਥੇ ਬੀਰ ਭਾਵੀ ਵੀ ਹੈ :

ਪ੍ਰਿਥਮ ਭਗੌਤੀ ਸਿਮਰ ਕੈ, ਗੁਰੂ ਨਾਨਕ ਲਈ ਧਿਆਇ।
ਫਿਰ ਅੰਗਦ ਗੁਰ ਤੇ ਅਮਰ ਦਾਸ, ਰਾਮਦਾਸੈ ਹੋਈ ਸਹਾਇ।
ਅਰਜਨ ਹਰਿਗੋਬਿੰਦ ਨੂੰ, ਸਿਮਰੌ ਸ੍ਰੀ ਹਰਿਰਾਇ।
ਸ੍ਰੀ ਹਰਿਕ੍ਰਿਸ਼ਨ ਧਿਆਇਐ, ਜਿਸ ਡਿਠੇ ਸਭ ਦੁਖ ਜਾਇ।
ਤੇਗ ਬਹਾਦਰ ਸਿਮਰਿਐ, ਘਰ ਨਉ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ॥

ਇਸ ਪਿੱਛੋਂ ਤ੍ਰੇਤਾ ਯੁਗ, ਇੰਦ੍ਰ ਦੁਰਗਾ ਪਾਸ ਫਰਿਆਦੀ ਹੋਇਆ, ਰੋਹ ਹੋਈ ਮਹਾਂ ਮਾਈ ਸਿਰਲੇਖ ਅਧੀਨ ਸਾਰੀਆਂ ਪਉੜੀਆਂ ਦੀ ਰਚਨਾ ਦੇ ਅੰਤ ਉਤੇ ਦੁਰਗਾ ਹੱਥੋਂ ਦਾਨਵਾਂ ਦਾ ਵਿਨਾਸ਼ ਅਤੇ ਇੰਦ੍ਰ ਨੂੰ ਰਾਜ ਸੰਭਾਉਣ ਪਿੱਛੋਂ ਦੁਰਗਾ ਦਾ ਜਸ ਗਾਇਨ ਇਸ ਸਾਰੀ ਵਾਰ ਨੂੰ ਬੜੀ ਰੋਚਕ ਅਤੇ ਬੀਰ ਭਾਵੀ ਬਣਾਉਂਦਾ ਹੈ। ਦੁਰਗਾ ਵੱਲੋਂ ਰਾਕਸਾਂ ਦਾ ਵਿਨਾਸ਼ ਅਤੇ ਰਾਕਸਾਂ ਵੱਲੋਂ ਆਪਣੀ ਸੂਰਬੀਰਤਾ ਦੇ ਕਰਤੱਵ ਬੀਰ ਰਸੀ ਵਾਰ ਨੂੰ ਇਕ ਅਜਿਹੀ ਰਚਨਾ ਬਣਾਉਂਦੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਬੀਰਤਾ ਨੂੰ ਪ੍ਰਾਥਮਿਕਤਾ ਦਿੰਦੇ ਹਨ। ਇਸ ਸਬੰਧ ਵਿਚ ਅਸੀਂ ਇਸ ਵਾਰ ਦੀਆਂ ਕੁਝ ਪਉੜੀਆਂ ਹੇਠ ਦਰਜ ਕਰ ਰਹੇ ਹਾਂ :

ਦੁਰਗਾ ਬੈਣ ਸੁਣੰਦੀ, ਹੱਸੀ ਹੜ ਹੜਾਇ।
ਓਹੀ ਸੀਹ ਮੰਗਾਇਆ, ਰਾਕਸ ਭੱਖਣਾ।
ਚਿੰਤਾ ਕਰਹੁ ਨ ਕਾਈ, ਦੇਵਾਂ ਨੂੰ ਆਖਿਆ।

ਰੋਹ ਹੋਈ ਮਹਾਂ ਮਾਈ, ਰਾਕਸ ਮਾਰਣੇ॥5॥

ਕਿਸੇ ਵਾਰ ਦੀ ਸਫਲਤਾ ਇਸ ਗੱਲ ’ਤੇ ਨਿਰਭਰ ਕਰਦੀ ਹੈ ਕਿ ਵਾਰਕਾਰ ਦੋਹਾਂ ਧਿਰਾਂ ਦੀ ਸੂਰਬੀਰਤਾ ਅਤੇ ਕਮਜ਼ੋਰੀਆਂ ਨੂੰ ਨਿਰਪੱਖ ਹੋ ਕੇ ਚਿਤਰੇ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਇੰਦ੍ਰ ਦੇ ਹੱਕ ਵਿਚ ਹਨ ਅਤੇ ਦੁਰਗਾ ਦਾ ਜਸ ਗਾਇਨ ਕਰਦੇ ਹਨ ਪਰੰਤੂ ਜਿੱਥੇ ਵੀ ਲੋੜ ਪੈਂਦੀ ਹੈ, ਉਹ ਰਾਕਸਾਂ ਦੀ ਸੂਰਬੀਰਤਾ ਦੀ ਵਡਿਆਈ ਕਰਨ ਤੋਂ ਖੁੰਝਦੇ ਨਹੀਂ। ਇਸ ਵਾਰ ਵਿਚ ਜੇ ਇਕ ਪਾਸੇ ਦੁਰਗਾ ਹੈ ਤਾਂ ਰਾਕਸਾਂ ਦੇ ਪਾਸੇ ਪਹਿਲਾਂ ਮਹਿਖਾਸੁਰ ਆਉਂਦਾ ਹੈ, ਫੇਰ ਸੁੰਭ ਨਿਸੁੰਭ ਅਤੇ ਫੇਰ ਰਕਤ ਬੀਜ। ਇਹਨਾਂ ਦੀ ਬੀਰਤਾ ਨਾਲ ਸਬੰਧਤ ਇਹ ਪਉੜੀਆਂ ਵੇਖੋ :

ਦੁਹਾਂ ਕੰਧਾਰਾ ਮੁਹਿ ਜੁੜੇ, ਢੋਲ ਸੰਖ ਨਗਾਰੇ ਬੱਜੇ।
ਰਾਕਸਿ ਆਏ ਰੋਹਲੇ, ਤਲਵਾਰੀ ਬਖਤਰ ਸੱਜੇ।
ਜੁਟੇ ਸਉਹੇ ਜੁੱਧ ਨੂੰ, ਇਕ ਜਾਤ ਨ ਜਾਨਣ ਭੱਜੇ।
ਖੇਤ ਅੰਦਰਿ ਜੋਧੇ ਗੱਜੇ॥7॥

ਉਮਲ ਲਥੇ ਜੋਧੇ, ਮਾਰੂ ਬਜਿਆ।
ਬੱਦਲ ਜਿਉਂ ਮਹਿਖਾਸੁਰ, ਰਣ ਵਿਚਿ ਗਜਿਆ।
ਇੰਦਰ ਜੇਹਾ ਜੋਧਾ, ਮਥਉ ਭਜਿਆ।
ਕਉਣੁ ਵਿਚਾਰੀ ਦੁਰਗਾ, ਜਿਨੁ ਰਣ ਸਜਿਆ।16।
ਹੋਈ ਅਲੋਪ ਭਵਾਨੀ, ਦੇਵਾ ਨੂੰ ਰਾਜ ਦੇ।
ਈਸਰ ਦੀ ਬਰਦਾਨੀ, ਹੋਈ ਜਿੱਤ ਦਿਨ।
ਸੁੰਭ ਨਿਸੁੰਭ ਗੁਮਾਨੀ ਜਨਮੇ ਸੂਰਮੇ।
ਇੰਦ੍ਰ ਦੀ ਰਾਜਧਾਨੀ, ਤੱਕੀ ਜਿੱਤਨੀ।21।
ਧੱਗਾਂ ਸੂਲਿ ਬਗਾਈਆਂ, ਦਲਾਂ ਮੁਕਾਬਲਾ।
ਧੂਹਿ ਮਿਆਨੋ ਲਈਆਂ, ਜੁਆਨੀ ਸੂਰਮੀਂ।
ਸ੍ਰਣਵਤ ਬੀਜ ਬਧਾਈਆਂ, ਅਗਣਤ ਸੂਰਤਾਂ।
ਦੁਰਗਾ ਸਾਹਵੇਂ ਆਈਆਂ, ਰੋਹ ਬਢਾਇ ਕੈ।

ਦੂਜੇ ਪਾਸੇ ਦੁਰਗਾ ਦੀ ਅਸਾਧਾਰਨ ਬੀਰਤਾ ਸਾਹਮਣੇ ਸ਼ਕਤੀਸ਼ਾਲੀ ਰਾਕਸਾਂ ਦੀ ਸੂਰਮਗਤੀ ਦੀ ਇਕ ਨਹੀਂ ਚਲਦੀ। ਦੁਰਗਾ ਦੀ ਸੂਰਮਗਤੀ ਸਬੰਧੀ ਹੇਠ ਲਿਖੀਆਂ ਪਉੜੀਆਂ ਸਾਡਾ ਵਿਸ਼ੇਸ਼ ਧਿਆਨ ਖਿਚਦੀਆਂ ਹਨ :

ਸਟ ਪਈ ਜਮਧਾਣੀ, ਦਲਾਂ ਮੁਕਾਬਲਾ।
ਧੂਹਿ ਲਈ ਕ੍ਰਿਪਾਣੀ, ਦੁਰਗਾ ਮਿਆਨ ਤੇ।
ਚੰਡੀ ਰਾਕਸਿ ਖਾਣੀ, ਵਾਹੀ ਦੈਂਤ ਨੂੰ।
ਕੋਪਰ ਚੂਰ ਚਵਾਣੀ, ਲੱਥੀ ਕਰਗ ਲੈ।
ਪਾਖਰ ਤੁਰਾ ਪਲਾਣੀ, ਰੜਕੀ ਧਰਤ ਜਾਇ।

ਲੈਂਦੀ ਅਘਾ ਸਿੰਘਾਣੀ, ਸਿੰਗਾਂ ਧਉਲ ਦਿਆਂ।
ਕੂਰਮ ਸਿਰ ਲਹਿਲਾਣੀ, ਦੁਸ਼ਮਣ ਮਾਰਿ ਕੈ।
ਵੱਢੇ ਗੱਨ ਤਿਖਾਣੀ, ਮੂਏ ਖੇਤ ਵਿਚਿ।
ਰਣ ਵਿਚਿ ਘੱਤੀ ਘਾਣੀ, ਲੋਹੂ ਮਿਝ ਦੀ।
ਚਾਰੇ ਜੁਗ ਕਹਾਣੀ ਚੱਲਗ ਤੇਗ ਦੀ।
ਬਿਧਣ ਖੇਤ ਵਿਹਾਣੀ, ਮਹਿਖੇ ਦੈਂਤ ਨੂੰ।19।

ਸੂਰੀ ਸੰਘਰਿ ਰਚਿਆ ਢੋਲ ਸੰਖ ਨਗਾਰੇ ਵਾਇ ਕੇ।
ਚੰਡ ਚਿਤਾਰੀ ਕਾਲਕਾ ਮਨਿ ਬਾਹਲਾ ਰੋਸ ਬਢਾਇ ਕੇ।
ਨਿਕਲੀ ਮੱਥਾ ਫੋੜਿਕੇ ਜਨ ਫਤੇ ਨੀਸਾਣ ਬਜਾਇ ਕੈ।
ਜਾਗ ਸੁ ਜੰਮੀ ਜੁਧਿ ਨੂੰ ਜਰਵਾਣਾ ਜਣਿ ਮਰੜਾਇ ਕੈ।
ਦਲ ਵਿਚ ਘੇਰਾ ਘੱਤਿਆ, ਜਣ ਸੀਂਹ ਤੁਰਿਆ ਗਾਣਿ ਲਾਇ ਕੈ।
ਆਪ ਵਿਸੂਲਾ ਹੋਇਆ ਤਿਹੁ ਲੋਕਾਂ ਤੇ ਖੁਨਸਾਇ ਕੈ।
ਰੋਹ ਸਿਧਾਈਆਂ ਚਕ੍ਰ ਪਾਨ ਕਰਿ ਦੇਵੀ ਖੜਗਿ ਉਠਾਇ ਕੈ।
ਅੱਗੇ ਰਾਕਸ ਬੈਠੇ ਰੋਹਲੇ ਤੀਰੀਂ ਤੇਗੀਂ ਛਹਬਰ ਲਾਇ ਕੈ।
ਬਹੁ ਕੇਸੀਂ ਪਕੜਿ ਪਛਾੜਿਅਨਿ ਤਿੰਨ ਅੰਦਿਰ ਧੂਮ ਰਚਾਇ ਕੈ।
ਬਡੇ ਬਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾਇ ਕੈ।
ਰਣ ਕਾਲੀ ਗੁੱਸਾ ਖਾਇ ਕੈ।41।

ਵਾਰ ਦੀ ਇਕ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਸ ਵਿਚ ਹਰ ਦ੍ਰਿਸ਼ ਇਸ ਤਰ੍ਹਾਂ ਕਾਵਿ-ਬੱਧ ਕੀਤਾ ਜਾਂਦਾ ਹੈ, ਜਿਵੇਂ ਪਾਠਕ ਕੋਈ ਫਿਲਮ ਦੇਖ ਰਹੇ ਹੋਣ। ਇਸ ਪੱਖੋਂ 'ਚੰਡੀ ਦੀ ਵਾਰ' ਦੀਆਂ ਉਪਰੋਕਤ ਪਉੜੀਆਂ ਵਿਚ ਵੀ ਕੁਝ ਦ੍ਰਿਸ਼ਾਂ ਦਾ ਸੰਕੇਤ ਹੈ। ਇਸ ਤੋਂ ਇਲਾਵਾ ਅਸਾਧਾਰਨ ਕਿਸਮ ਦੇ ਦ੍ਰਿਸ਼ਾਂ ਦਾ ਵਰਣਨ ਵਾਰ ਨੂੰ ਵਧੇਰੇ ਖਿੱਚ ਭਰਪੂਰ ਬਣਾਉਂਦਾ ਹੈ :

ਰਾਕਸਿ ਆਏ ਰੋਹਲੇ, ਖੇਤ ਭਿੜਨ ਕੇ ਚਾਇ।
ਲਿਸ਼ਕਨ ਤੇਗਾਂ ਬਰਛੀਆਂ, ਸੂਰਜ ਨਦਰਿ ਨਾ ਪਾਇ॥6॥

ਇਸ ਤੋਂ ਇਲਾਵਾ ਉਪਮਾਵਾਂ ਤੇ ਤਸ਼ਬੀਹਾਂ ਵੀ ਵਾਰ ਕਾਵਿ ਦੀ ਜਿੰਦ-ਜਾਨ ਹੁੰਦੀਆਂ ਹਨ। 'ਚੰਡੀ ਦੀ ਵਾਰ' ਇਸ ਪੱਖੋਂ ਪੰਜਾਬੀ ਦੀ ਸਭ ਤੋਂ ਪ੍ਰਭਾਵਸ਼ਾਲੀ ਵਾਰ ਹੈ। ਕੁਝ ਨਮੂਨੇ ਵੇਖੋ :

ਬੀਰ ਪਰੋਤੇ ਬਰਸ਼ੀਏਂ, ਜਣੁ ਡਾਲਿ ਚਮੁਟੇ ਆਂਵਲੇ

ਇਕ ਚੁਣ ਚੁਣ ਝਾੜਉ ਕਢੀਅਨ, ਰੇਤੁ ਵਿਚੋਂ ਸੁਇਨਾ ਡਾਵਲੇ

ਮਾਰੇ ਜਾਪਨੁ ਬਿਜਲੀ, ਸਿਰ ਭਾਰ ਮੁਨਾਰੇ

ਉਖਲੀਆਂ ਨਾਸਾਂ ਜਿਨ੍ਹਾਂ ਮੁਹਿ ਜਾਪਨ ਆਲੇ

ਇਸ ਤੋਂ ਇਲਾਵਾ ਇਸ ਵਾਰ ਦੀਆਂ ਪਉੜੀਆਂ ਦੀ ਰਚਨਾ ਨਿਸ਼ਾਨੀ ਤੇ ਸਿਰਖੰਡੀ ਛੰਦ ਵਿਚ ਹੋਈ ਹੈ। ਹੁਣ ਤਕ ਵੀ ਵਾਰ ਕਾਵਿ ਨੂੰ ਇਸੇ ਛੰਦ ਵਿਚ ਰਚਿਆ ਜਾ ਰਿਹਾ ਹੈ। 'ਚੰਡੀ ਦੀ ਵਾਰ' ਦੇ ਇਹਨਾਂ ਛੰਦਾਂ ਨੂੰ ਅੱਜ ਵੀ ਵਾਰਕਾਰ ਲਈ ਸਭ ਤੋਂ ਉਤਮ ਮੰਨਿਆ ਗਿਆ ਹੈ। ਵਾਰ ਦੇ ਅੰਤ ਉਤੇ ਦੁਰਗਾ ਵੱਲੋਂ ਰਾਕਸਾਂ ਦੇ ਸੰਘਾਰ ਪਿੱਛੋਂ ਇੰਦ੍ਰ ਨੂੰ ਰਾਜ ਸੌਂਪਣ ਨਾਲ ਵਾਰ ਦੀ ਸਮਾਪਤੀ ਹੁੰਦੀ ਹੈ :

ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ।
ਇੰਦ੍ਰ ਸੱਦ ਬੁਲਾਇਆ ਰਾਜ ਅਭਿਸੇਖ ਨੋ।
ਸਿਰ ਪਰਿ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ।
ਚਉਦਹ ਲੋਕਾਂ ਗਾਇਆ ਜਸੁ ਜਗਮਾਤ ਦਾ।

ਪਰੰਤੂ ਪੁਰਾਣਿਕ ਕਥਾਵਾਂ ਵਾਂਗ 'ਚੰਡੀ ਦੀ ਵਾਰ' ਦੇ ਬਿਲਕੁਲ ਅੰਤ ਉਤੇ ਇਸ ਵਾਰ ਦਾ ਮਹਾਤਮ ਦਰਜ ਹੈ :

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।
ਫੇਰ ਨ ਜੂਨੀ ਆਇਆ ਜਿਨਿ ਏਹੁ ਗਾਇਆ।

ਕਿਉਂਕਿ ਸਾਰੀ ਵਾਰ ਦੀ ਕਥਾ ਮਾਰਕੰਡਾ ਪੁਰਾਣ ਦੀ ਪੁਰਾਣਿਕ ਕਥਾ ਉਤੇ ਆਧਾਰਿਤ ਹੈ। ਇਸ ਲਈ ਇਸ ਨੂੰ ਕਿਸੇ ਵਰਤਮਾਨ ਯਥਾਰਥਵਾਦੀ ਕਥਾ-ਸ਼ੈਲੀ ਨਾਲ ਤੁਲਨਾ ਕੇ ਨਹੀਂ ਵੇਖਿਆ ਜਾ ਸਕਦਾ। ਇਹ ਤਾਂ ਰਾਕਸਾਂ ਤੇ ਦੁਰਗਾ ਵਿਚਕਾਰ ਉਹ ਯੁੱਧ ਹੈ, ਜਿਸ ਵਿਚ ਦੁਰਗਾ ਸਰਬ ਸ਼ਕਤੀਮਾਨ ਨਜ਼ਰ ਆਉਂਦੀ ਹੈ। ਦੁਰਗਾ ਕਿਉਂਕਿ ਇਸਤਰੀ ਰੂਪ ਹੈ ਅਤੇ ਗੁਰਬਾਣੀ ਵਿਚ ਇਸਤਰੀ ਦਾ ਸਨਮਾਨ ਵਧਾਉਣ ਵੱਲ ਗੁਰੂ ਨਾਨਕ ਦੇਵ ਜੀ ਨੇ ਹੀ ਸੰਕੇਤ ਕਰ ਦਿੱਤਾ ਸੀ, ਜਿਸ ਕਾਰਨ ਗੁਰੂ ਗੋਬਿੰਦ ਸਿੰਘ ਵੱਲੋਂ ਕਿਸੇ ਨਾਰੀ ਦੀ ਸ਼ਕਤੀ ਦਾ ਗੁਣ ਗਾਇਨ ਮੱਧ ਕਾਲ ਵਿਚ ਇਸ ਵਾਰ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦਾ ਹੈ ਅਤੇ ਗੁਰੂ ਘਰ ਦੇ ਉਸ ਆਦਰਸ਼ ਦੀ ਪੁਨਰ ਸੁਰਜੀਤੀ ਕਰਦਾ ਹੈ ਜੋ ਸਮੁੱਚੇ ਗੁਰਮਤਿ ਕਾਵਿ ਦੇ ਆਰ-ਪਾਰ ਫੈਲੀ ਹੋਈ ਹੈ।

ਭਾਸ਼ਾ ਪੱਖੋਂ ਇਸ ਵਾਰ ਵਿਚ 17ਵੀਂ ਸਦੀ ਦੀ ਉਹ ਭਾਸ਼ਾ ਹੈ ਜੋ ਟਕਸਾਲੀ ਪੰਜਾਬੀ ਬਣਨ ਦੇ ਸਮਰੱਥ ਹੈ ਅਤੇ ਇਸ ਵਿਚਲੇ ਪ੍ਰਗੀਤਕ ਅੰਸ਼ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਕੇ ਵਾਰ ਗਾਇਨ ਦੇ ਬਿਲਕੁਲ ਨੇੜੇ ਪਹੁੰਚਾਉਣਾ ਗੁਰੂ ਸਾਹਿਬ ਦਾ ਮੁੱਖ ਮੰਤਵ ਸੀ। ਜਿਸ ਸਮੇਂ ਜ਼ਾਲਮ ਦਾ ਜ਼ੁਲਮ ਸਿਖਰ 'ਤੇ ਸੀ, ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਰ ਦੀ ਰਚਨਾ ਕਰਕੇ ਯੋਧਿਆਂ ਵਿਚ ਇਕ ਅਜਿਹੀ ਨਵੀਂ ਸ਼ਕਤੀ ਦਾ ਸੰਚਾਰ ਕੀਤਾ, ਜਿਸ ਦਾ ਮਹੱਤਵ ਅੱਜ ਵੀ ਕੋਈ ਘੱਟ ਨਹੀਂ।

ਭਾਵੇਂ ਕੁਝ ਵਿਦਵਾਨਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੋਰ ਰਚਨਾਵਾਂ ਵਾਂਗ ਇਸ ਰਚਨਾ ਨੂੰ ਵੀ ਗੁਰੂ ਸਾਹਿਬ ਦੇ ਕਿਸੇ ਦਰਬਾਰੀ ਦੀ ਰਚਨਾ ਵੱਲ ਵੀ ਸੰਕੇਤ ਕੀਤਾ ਹੈ। ਇਹ ਕੋਈ ਰਾਮ ਸ਼ਾਮ ਸੀ ਜੋ ਗੁਰੂ ਸਾਹਿਬ ਦੇ 52 ਕਵੀਆਂ ਵਿਚ ਸ਼ਾਮਲ ਸੀ। ਪਰ ਅਜਿਹੀ ਵਾਰ ਨੂੰ ਗੁਰੂ ਗੋਬਿੰਦ ਸਿੰਘ ਵਰਗਾ ਯੋਧਾ ਹੀ ਲਿਖ ਸਕਦਾ ਸੀ, ਜਿਸ ਨੂੰ ਯੁੱਧ ਭੂਮੀ ਦਾ ਡੂੰਘਾ ਅਨੁਭਵ ਸੀ। ਨਾਲ ਹੀ ਜੋ ਸ਼ਸਤਰ ਮੱਧ ਕਾਲ ਵਿਚ ਵਰਤੇ ਜਾਂਦੇ ਸਨ, ਉਹਨਾਂ ਸ਼ਸਤਰਾਂ ਨਾਲ ਹੀ ਇਹ ਯੁੱਧ ਹੁੰਦਾ ਵਿਖਾਇਆ ਗਿਆ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਵਰਗਾ ਯੁੱਧ ਭੂਮੀ ਦਾ ਅਨੁਭਵੀ ਹੀ ਇਸ ਵਾਰ ਦੀ ਰਚਨਾ ਕਰ ਸਕਦਾ ਸੀ। ਭਾਵੇਂ ਗੁਰੂ ਗੋਬਿੰਦ ਸਿੰਘ ਦੀਆਂ ਹੋਰ ਰਚਨਾਵਾਂ ਉਤੇ ਕੁਝ

ਕਿੰਤੂ-ਪਰੰਤੂ ਹੋਏ ਹਨ, ਪਰੰਤੂ ਅਸੀਂ ਉਹਨਾਂ ਰਚਨਾਵਾਂ ਨੂੰ ਵੀ ਗੁਰੂ ਗੋਬਿੰਦ ਸਿੰਘ ਦੀਆਂ ਹੀ ਮੰਨਦੇ ਹਾਂ। ਭਾਵੇਂ ਉਹ ਫ਼ਾਰਸੀ ਰਚਨਾਵਾਂ ਸਨ ਜਾਂ ਉਹਨਾਂ ਉਤੇ ਬ੍ਰਿਜੀ ਜਾਂ ਸੰਸਕ੍ਰਿਤ ਦਾ ਰੰਗ ਸੀ।

– – – – –

# ਮੱਧ ਕਾਲੀਨ ਪੰਜਾਬੀ ਵਾਰਤਕ/ਗੱਦ

ਪੰਜਾਬੀ ਵਾਰਤਕ/ਗੱਦ ਦੀ ਉਤਪਤੀ ਕਦੋਂ ਹੋਈ ਤੇ ਕਿਸ ਦੁਆਰਾ ਹੋਈ? ਇਸ ਗੱਲ ਦਾ ਨਿਸ਼ਚੈ-ਜਨਕ ਉਤਰ ਨਹੀਂ ਦਿੱਤਾ ਜਾ ਸਕਦਾ। ਬਹੁਤੀਆਂ ਪ੍ਰਾਚੀਨ ਲਿਖਤਾਂ ਸਾਨੂੰ ਪ੍ਰਾਪਤ ਨਹੀਂ ਹਨ ਤੇ ਜੋ ਹਨ, ਉਹਨਾਂ ਉਤੇ ਲਿਖਣ-ਕਾਲ ਤੇ ਕਰਤਾ ਦਾ ਨਾਂ ਆਦਿ ਨਹੀਂ ਹੁੰਦਾ। ਪੁਰਾਣੀਆਂ ਗੱਦ ਲਿਖਤਾਂ ਜੋ ਮਿਲਦੀਆਂ ਹਨ ਅਤੇ ਜਿੰਨ੍ਹਾਂ ਵਿਚੋਂ ਬਹੁਤੀਆਂ ਦਾ ਸਮਾਂ ਸੋਲ੍ਹਵੀਂ ਸਦੀ ਈਸਵੀ ਦਾ ਪਿਛਲਾ ਅੱਧ ਮੰਨਿਆ ਜਾਂਦਾ ਹੈ। ਇਕਦਮ ਪ੍ਰੌੜ੍ਹ ਅਵਸਥਾ ਨੂੰ ਪਹੁੰਚੀ, ਅਤਿ ਰਸੀਲੀ ਵਾਰਤਕ ਦਾ ਪਤਾ ਦੇਂਦੀਆਂ ਹਨ। ਡਾ.ਮੋਹਨ ਸਿੰਘ ਦੀਵਾਨਾ ਨੇ ਹਿਸਟਰੀ ਆਫ਼ ਪੰਜਾਬੀ ਲਿਟਰੇਚਰ ਵਿਚ ਇਹ ਮੱਤ ਠੀਕ ਹੀ ਅੰਕਿਤ ਕੀਤਾ ਹੈ, ''ਕੋਈ ਹੈਰਾਨੀ ਨਹੀਂ ਕਿ ਵਿਦਵਾਨ ਇਸ ਦੇ ਪਿੱਛੇ ਇਕ ਲੰਮੀ ਸਾਹਿਤਕ ਪਰੰਪਰਾ ਦੇਖਦੇ ਹਨ।''

ਪੰਜਾਬੀ ਕੋਲ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਵਾਰਤਕ ਦੀ ਅਮੀਰ ਪਰੰਪਰਾ ਹੋਣ ਕਾਰਨ ਇਹ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਦੇ ਆਦਿ ਕਾਲ 850-1526 ਈ. ਵਿਚ ਵੀ ਕੁਝ ਵਾਰਤਕ ਰਚਨਾਵਾਂ ਜ਼ਰੂਰ ਲਿਖੀਆਂ ਗਈਆਂ ਹੋਣਗੀਆਂ। ਇਹ ਠੀਕ ਹੈ ਕਿ ਆਦਿ ਕਾਲ ਤੇ ਇੱਥੋਂ ਤਕ ਕਿ ਮੱਧ ਕਾਲ ਵਿਚ ਵੀ ਪੰਜਾਬੀ ਰਾਜ ਭਾਸ਼ਾ ਨਹੀਂ ਸੀ ਬਣ ਸਕੀ। ਸਰਕਾਰੀ ਜ਼ੁਬਾਨ ਬਣਨ ਤੋਂ ਬਿਨਾਂ ਕਿਸੇ ਭਾਸ਼ਾ ਵਿਚ ਵਾਰਤਕ ਦੀ ਬਹੁਤੀ ਤਰੱਕੀ ਦੀ ਗੁੰਜਾਇਸ਼ ਨਹੀਂ ਹੁੰਦੀ। ਇਸ ਤਰ੍ਹਾਂ ਹੀ ਆਦਿ ਕਾਲ ਅਤੇ ਮੱਧ ਕਾਲ ਦੇ ਪਹਿਲੇ ਕੁਝ ਸਾਲਾਂ ਵਿਚ ਪੰਜਾਬੀ ਲੋਕਾਂ ਦੀ ਚਿੱਠੀ ਪੱਤਰ ਦਾ ਮਾਧਿਅਮ ਵੀ ਨਹੀਂ ਸੀ ਬਣੀ। ਪੰਜਾਬੀ ਵਿਚ ਚਿੱਠੀਆਂ ਦੇ ਨਾ ਲਿਖੇ ਜਾਣ ਕਾਰਨ ਵੀ ਮੁਢਲੇ ਦੌਰ ਵਿਚ ਵਾਰਤਕ ਦਾ ਘੱਟ ਲਿਖਿਆ ਜਾਣਾ ਸਾਹਿਤਕ ਵਿਕਾਸ ਰੇਖਾ ਦੀ ਊਣ ਦਾ ਇਕ ਸੁਭਾਵਿਕ ਸਿੱਟਾ ਹੈ। ਫੇਰ ਵੀ ਆਦਿ ਕਾਲ ਵਿਚ ਕੁਝ ਵਾਰਤਕ ਰਚਨਾਵਾਂ ਦੀ ਟੋਹ ਜ਼ਰੂਰ ਮਿਲਦੀ ਹੈ। ਚੌਰੰਗੀ ਨਾਥ ਦੀਆਂ ਕੁਝ ਲਿਖਤਾਂ ਤੋਂ ਇਹ ਅਨੁਮਾਨ ਸਹਿਜੇ ਹੀ ਲੱਗ ਜਾਂਦਾ ਹੈ ਕਿ ਪੰਜਾਬੀ ਵਿਚ ਨਸਰ 10ਵੀਂ ਸ਼ਤਾਬਦੀ ਵਿਚ ਹੋਂਦ ਵਿਚ ਆ ਚੁੱਕੀ ਸੀ। ਫ਼ਰੀਦ ਦੇ ਮਕਤੂਬਾਦ, ਮਲਫ਼ਜਾਤ ਤੇ ਪੱਧਤੀਨਾਮੇ ਵਿਚ ਪੁਰਾਣੀ ਗੱਦ ਦੇ ਅੰਸ਼ ਮੌਜੂਦ ਹਨ। ਡਾ.ਤਰਲੋਚਨ ਸਿੰਘ ਬੇਦੀ ਨੇ 'ਇਕਾਦਸੀ ਮਹਾਤਮ' ਨਾਂ ਦੀ ਇਕ ਗੱਦ ਰਚਨਾ ਦੀ ਖੋਜ ਕੀਤੀ ਹੈ ਤੇ ਉਸ ਨੇ ਇਸ ਰਚਨਾ ਦਾ ਰਚਨ ਕਾਲ 13ਵੀਂ ਸਦੀ ਦਾ ਮਿਥਿਆ ਹੈ। ਗੋਰਖ ਉਪਨਿਸ਼ਦ ਤੇ ਗੋਰਖ ਕੁੰਡਲੀ ਨਾਂ ਦੀਆਂ ਦੋ ਵਾਰਤਕ ਰਚਨਾਵਾਂ (ਗੋਰਖ ਨਾਥ ਨਾਲ ਸਬੰਧਤ) ਵੀ ਇਸੇ ਕਾਲ ਦੀਆਂ ਦੱਸੀਆਂ ਜਾਂਦੀਆਂ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਆਦਿ ਕਾਲ ਵਿਚ ਵਾਰਤਕ ਰਚਨਾ ਵੀ ਹੋਂਦ ਵਿਚ ਆ ਚੁੱਕੀ ਸੀ।

ਅਸਲ ਵਿਚ ਰਸਿਕ ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ ਪੰਜਾਬੀ ਸਾਹਿਤ ਦੇ ਮੱਧ ਕਾਲ (1526 ਤੋਂ 1708 ਈ.) ਵਿਚ ਜਿਹੜੀਆਂ ਪ੍ਰਮੁੱਖ ਵੰਨਗੀਆਂ ਕਾਫ਼ੀ ਮਾਤਰਾ ਵਿਚ ਮਿਲਦੀਆਂ ਹਨ, ਉਹਨਾਂ ਨੂੰ ਡਾ.ਪਿਆਰ ਸਿੰਘ ਨੇ ਹੇਠ ਲਿਖੇ ਰੂਪ ਵਿਚ ਪੇਸ਼ ਕੀਤਾ ਹੈ :

(ੳ) ਜਨਮ ਸਾਖੀਆਂ
(ਅ) ਟੀਕੇ (ਪਰਮਾਰਥ)
(ੲ) ਗੋਸ਼ਟੀਆਂ
(ਸ) ਵਚਨ
(ਹ) ਅਨੁਵਾਦ
(ਕ) ਹੁਕਮਨਾਮੇ (ਚਿੱਠੀਆਂ)
(ਖ) ਫੁਟਕਲ

ਸ਼ਾਇਦ ਡਾ.ਪਿਆਰ ਸਿੰਘ ਨੇ ਇੱਥੇ ਪਰਚੀਆਂ ਦਾ ਵਰਣਨ ਇਸ ਲਈ ਨਹੀਂ ਕੀਤਾ, ਕਿਉਂਕਿ ਇਸ ਵੰਨਗੀ ਨੂੰ ਉਹਨਾਂ ਸਾਖੀ ਸਾਹਿਤ ਹੀ ਮੰਨ ਲਿਆ ਹੈ। ਇਸ ਤਰ੍ਹਾਂ ਹੀ ਉਹਨਾਂ ਨੇ ਰਹਿਤਨਾਮਾ ਵਾਰਤਕ ਰਚਨਾਵਾਂ ਦਾ ਵੀ ਇੱਥੇ ਜ਼ਿਕਰ ਨਹੀਂ ਕੀਤਾ। ਅਸੀਂ ਇਹਨਾਂ ਵੰਨਗੀਆਂ ਦੀ ਸੰਖੇਪ ਜਾਣ-ਪਛਾਣ ਕਰਵਾ ਰਹੇ ਹਾਂ। ਸਾਡੀ ਇਹ ਜਾਣ-ਪਛਾਣ ਡਾ.ਮੋਹਨ ਸਿੰਘ ਦੀਵਾਨਾ, ਡਾ.ਪਿਆਰ ਸਿੰਘ, ਪ੍ਰੋ.ਪ੍ਰੀਤਮ ਸਿੰਘ, ਪ੍ਰੋ.ਪਿਆਰਾ ਸਿੰਘ ਪਦਮ, ਡਾ.ਗੰਡਾ ਸਿੰਘ, ਡਾ.ਜੀਤ ਸਿੰਘ ਸੀਤਲ, ਡਾ.ਤਰਲੋਚਨ ਸਿੰਘ ਬੇਦੀ, ਪ੍ਰੋ.ਕਿਰਪਾਲ ਸਿੰਘ ਕਸੇਲ ਤੇ ਡਾ.ਪਰਮਿੰਦਰ ਸਿੰਘ, ਡਾ.ਜਗਜੀਤ ਸਿੰਘ, ਡਾ.ਰਤਨ ਸਿੰਘ ਜੱਗੀ, ਡਾ.ਗੋਬਿੰਦ ਸਿੰਘ ਲਾਂਬਾ, ਡਾ.ਹਰਕੀਰਤ ਸਿੰਘ, ਡਾ.ਧਰਮਪਾਲ ਸਿੰਗਲ, ਸ.ਸ਼ਮਸ਼ੇਰ ਸਿੰਘ ਅਸ਼ੋਕ, ਡਾ.ਹਿੰਮਤ ਸਿੰਘ ਸੋਢੀ, ਪ੍ਰਿੰ.ਸ.ਸ.ਅਮੋਲ ਆਦਿ ਵਿਦਵਾਨਾਂ ਦੀ ਖੋਜ ਤੇ ਪਰਖ ’ਤੇ ਆਧਾਰਿਤ ਹੈ।

ਇੱਥੇ ਇਕ ਗੱਲ ਅਸੀਂ ਹੋਰ ਸਪਸ਼ਟ ਕਰ ਦੇਈਏ ਕਿ ਅਸੀਂ ਪੰਜਾਬੀ ਸਾਹਿਤ ਦਾ ਮੱਧ ਕਾਲ 1526 ਤੋਂ 1708 ਈ. ਅਤੇ ਉਤਰ ਮੱਧ ਕਾਲ 1708 ਤੋਂ 1800 ਈ. ਅਤੇ 1800 ਤੋਂ 1860 ਈ. ਤਕ ਨੂੰ ਮੰਨਦੇ ਹਾਂ। ਇਸ ਤਰ੍ਹਾਂ ਆਦਿ ਕਾਲ 1526 ਈ. ਅਤੇ ਆਧੁਨਿਕ ਕਾਲ 1860 ਈ. ਦੇ ਵਿਚਕਾਰ ਦਾ ਸਮਾਂ ਅਰਥਾਤ 1526 ਈ. ਤੋਂ 1860 ਈ. ਤਕ ਸਾਰਾ ਪੰਜਾਬੀ ਸਾਹਿਤ ਦਾ ਮੱਧ ਕਾਲ ਹੀ ਹੈ। ਪਰ ਇੱਥੇ ਅਸੀਂ ਮੱਧ ਕਾਲ (1526-1708 ਈ.) ਤਕ ਦੀ ਵਾਰਤਕ ਰਚਨਾ ਉਤੇ ਹੀ ਵਿਚਾਰ ਕਰਨਾ ਹੈ।

ਹੇਠਾਂ ਅਸੀਂ ਮੱਧ ਕਾਲੀ ਵਾਰਤਕ ਦੀਆਂ ਕੁਝ ਵੰਨਗੀਆਂ ਦੀ ਸੰਖੇਪ ਜਾਣ-ਪਛਾਣ ਕਰਾਉਂਦੇ ਹਾਂ :

**(ੳ) ਸਾਖੀ ਸਾਹਿਤ**

ਸਾਖੀ ਮੱਧ ਕਾਲੀਨ ਵਾਰਤਕ ਦੀ ਸਭ ਤੋਂ ਹਰਮਨ ਪਿਆਰੀ ਤੇ ਪ੍ਰਮੁੱਖ ਵੰਨਗੀ ਹੈ। ਇਹ ਆਮ ਤੌਰ ’ਤੇ ਵਾਰਤਕ ਵਿਚ ਲਿਖੀ ਜਾਂਦੀ ਰਹੀ ਹੈ ਪਰ ਇਹ ਵਾਰਤਕ ਤੇ ਕਾਵਿ ਦੀ ਮਿਸ਼ਰਤ ਸ਼ੈਲੀ ਵਿਚ ਵੀ ਉਪਲਬਧ ਹੈ।

‘ਸਾਖੀ’ ਸ਼ਬਦ ਸੰਸਕ੍ਰਿਤ ਦੇ ‘ਸਾਕਸ਼ੀ’ ਤੋਂ ਬਣਿਆ ਹੈ, ਜਿਸ ਦੇ ਸ਼ਾਬਦਿਕ ਅਰਥ ਹਨ—ਗਵਾਹੀ। ਇਸ ਵਾਰਤਕ ਵਿਧਾ ਦਾ ਸਾਖੀ ਨਾਮਕਰਨ ਇਸ ਲਈ ਕੀਤਾ ਲਗਦਾ ਹੈ ਕਿ ਇਸ ਤੋਂ ਪਾਠਕ ਨੂੰ ਰਚਨਾ ਦੇ ਪ੍ਰਮਾਣਿਕ ਤੇ ਇਤਿਹਾਸਕ ਹੋਣ ਦੀ ਪੁਸ਼ਟੀ ਹੋਵੇ। ਸਾਖੀ ਨਾਮ ਤੋਂ ਪਾਠਕ ਉਤੇ ਉਸ ਵਿਚਲੀ ਕਹਾਣੀ ਦੇ ਸੱਚੇ ਹੋਣ ਦਾ ਸਿੱਧਾ ਪ੍ਰਭਾਵ ਪੈਂਦਾ ਹੈ। ਗੁਰੂ ਸਾਹਿਬ ਲਿਖਦੇ ਹਨ ‘ਸੰਤਨ ਕੀ ਸੁਣਿ ਸਾਚੀ ਸਾਖੀ’ (ਆਦਿ ਗ੍ਰੰਥ, ਪੰਨਾ 894)। ‘ਸੁਣਹੁ ਜਨ ਭਾਈ, ਗੁਰ ਸਤਿਗੁਰੂ ਕੀ ਇਕ ਸਾਖੀ’।

ਪਰਚੀ ਵੀ ਸਾਖੀ ਦਾ ਬਦਲਵਾਂ ਰੂਪ ਹੈ। ਸੇਵਾ ਪੰਥੀ ਸੰਪ੍ਰਦਾਇ ਦੇ ਲੇਖਕਾਂ ਨੇ ਜੋ ਵਾਰਤਕ ਰਚਨਾਵਾਂ, 'ਪਰਚੀਆਂ' ਦੇ ਨਾਂ ਹੇਠ ਲਿਖੀਆਂ ਹਨ, ਉਹ ਰੂਪ ਅਤੇ ਸੁਭਾ ਵਜੋਂ ਸਾਖੀਆਂ ਹੀ ਹਨ। ਉਹਨਾਂ ਦਾ ਨਾਂ ਪਰਚੀ ਸ਼ਾਇਦ ਇਸ ਲਈ ਪੈ ਗਿਆ ਕਿ ਉਹ ਕਿਸੇ ਮਹਾਨ ਵਿਅਕਤੀ ਦੇ ਜੀਵਨ ਸਬੰਧੀ ਪਰਿਚੈ ਦਿੰਦੀਆਂ ਹਨ। 'ਪਰਿਚਯ' ਸ਼ਬਦ 'ਪਰਚਾਈ' ਤਦਭਵ ਰੂਪ ਵਿਚ ਬਦਲਿਆ, ਫਿਰ 'ਪਰਚਈ' ਤੋਂ 'ਪਰਚੀ' ਬਣ ਗਿਆ ਪ੍ਰਤੀਤ ਹੁੰਦਾ ਹੈ। ਜਨਮ ਸਾਖੀ ਨੂੰ ਵੀ ਕੇਵਲ ਸਾਖੀ ਨਾਂ ਹੇਠ ਲਿਖਿਆ ਜਾਂਦਾ ਰਿਹਾ ਹੈ। ਜਦੋਂ ਕਿ ਸਾਖੀ ਆਮ ਤੌਰ 'ਤੇ ਜਨਮ ਸਾਖੀ ਦਾ ਇਕ ਅੰਗ ਹੀ ਹੁੰਦੀ ਹੈ। 'ਗੋਸਟਿ' ਨੂੰ ਵੀ ਸਾਖੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ ਜਿਵੇਂ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਮਿਹਰਬਾਨ ਨੇ ਸਾਖੀ ਨੂੰ 'ਗੋਸਟਿ' ਨਾਲ ਸੰਗਯਾ ਦਿੱਤੀ ਹੈ। ਕਈ ਸਾਖੀਆਂ ਸੰਵਾਦਾਂ ਦੇ ਸਰੂਪ ਵਿਚ ਹੀ ਲਿਖੀਆਂ ਹੋਈਆਂ ਹਨ। ਇਸ ਤਰ੍ਹਾਂ ਇਹਨਾਂ ਨੂੰ 'ਗੋਸਟਿ' ਕਹਿਣਾ ਹੋਰ ਵੀ ਢੁਕਵਾਂ ਹੈ। ਜਨਮ ਸਾਖੀ ਵਿਚ ਇਕ ਸਾਖੀ 'ਅਜਿਤੇ ਰੰਧਾਵੇ ਦੀ ਗੋਸਟਿ' ਦੇ ਨਾਮ ਹੇਠ ਉਪਲਬਧ ਹੈ।

ਸਾਖੀ ਦਾ ਅਕਾਰ ਨਿਸ਼ਚਿਤ ਨਹੀਂ। ਆਮ ਤੌਰ 'ਤੇ ਇਹ ਲਘੂ ਆਕਾਰ ਦੀ ਰਚਨਾ ਹੁੰਦੀ ਹੈ। ਸਾਖੀ ਵਿਚ ਪਾਤਰ, ਘਟਨਾ, ਵਾਰਤਾਲਾਪ, ਵਾਯੂ ਮੰਡਲ ਆਦਿ ਹੁੰਦਾ ਹੈ। ਇਸ ਵਿਚ ਲੇਖਕ ਸ਼ਰਧਾ ਅਤੇ ਭਗਤੀ ਭਾਵਨਾ ਨਾਲ ਓਤਪ੍ਰੋਤ ਹੋ ਕੇ ਨਾਇਕ ਦੀ ਜੀਵਨ ਘਟਨਾ ਜਾਂ ਉਸ ਦੇ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਉਹ ਸਾਖੀ ਵਿਚ ਆਪਣੇ ਮੱਤ ਤੇ ਖ਼ਿਆਲ ਦੀ ਪੁਸ਼ਟੀ ਲਈ ਦੂਜੇ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਟੂਕਾਂ ਵੀ ਦਿੰਦਾ ਹੈ ਅਤੇ ਉਸ ਦੀ ਵਿਆਖਿਆ ਕਰਕੇ ਪਰਮਾਰਥ ਵੀ ਦਸਦਾ ਹੈ। ਸਾਖੀ ਵਿਚ ਕਥਾ ਰਸ ਹੁੰਦਾ ਹੈ। ਕਹਾਣੀ ਨੂੰ ਕਈ ਵਾਰ ਨਾਟਕੀ ਢੰਗ ਨਾਲ ਪੇਸ਼ ਕੀਤਾ ਹੁੰਦਾ ਹੈ ਅਤੇ ਕਈ ਵਾਰ ਸਿੱਧਾ ਸਪਸ਼ਟ ਵੀ। ਸਾਖੀਆਂ ਦੀ ਭਾਸ਼ਾ ਪੁਰਾਤਨ ਪੰਜਾਬੀ ਭਾਸ਼ਾ ਦਾ ਬੇਹਤਰੀਨ ਨਮੂਨਾ ਹੈ। ਇਸ ਵਿਚ ਸਾਧ-ਭਾਸ਼ਾ ਦਾ ਅੰਸ਼ ਵੀ ਮਿਲਿਆ ਹੋਇਆ ਹੈ।

ਸਾਖੀ ਵਿਚ ਦੂਜੇ ਧਰਮ ਵਿਚ ਪ੍ਰਚੱਲਿਤ ਧਾਰਮਿਕ ਕਥਾਵਾਂ ਅਤੇ ਲੋਕ-ਰੂੜ੍ਹੀਆਂ ਨੂੰ ਮੁਹਾਂਦਰਾ ਬਦਲ ਕੇ ਨਵੇਂ ਰੂਪ ਵਿਚ ਪੇਸ਼ ਵੀ ਕੀਤਾ ਗਿਆ ਹੁੰਦਾ ਹੈ ਤਾਂ ਕਿ ਲੋਕ ਚਿੱਤਵ੍ਰਿਤੀ ਇਕਦਮ ਇਸ ਨੂੰ ਅਪਣਾ ਲਵੇ ਅਤੇ ਜਲਦੀ ਹਰਮਨ ਪਿਆਰੀ ਹੋ ਸਕੇ।

ਸਾਖੀ ਪੁਰਾਤਨ ਪੰਜਾਬੀ ਵਾਰਤਕ ਦਾ ਅਜਿਹਾ ਰੂਪ ਹੈ, ਜਿਸ ਵਿਚ ਕਹਾਣੀ, ਗੋਸਟਿ ਤੇ ਬਚਨ ਆਦਿ ਸਾਰੀਆਂ ਪਰੰਪਰਾਵਾਂ ਦਾ ਮਿਸ਼ਰਨ ਹੋ ਗਿਆ ਹੈ।

ਡਾ.ਪਿਆਰ ਸਿੰਘ ਨੇ ਮੱਧ ਕਾਲ ਅਰਥਾਤ 1708 ਈ. ਤਕ ਰਚੀਆਂ ਗਈਆਂ ਸਾਖੀਆਂ ਦੀ ਸੂਚੀ ਇਸ ਪ੍ਰਕਾਰ ਦਿੱਤੀ ਹੈ :

1. ਪੁਰਾਤਨ ਜਾਂ ਵਲਾਇਤ ਵਾਲੀ ਜਨਮ ਸਾਖੀ
2. ਸੋਢੀ ਮਿਹਰਬਾਨ ਵਾਲੀ ਜਨਮ ਸਾਖੀ
3. ਪੈੜੇ ਮੋਖੇ ਜਾਂ ਭਾਈ ਬਾਲੇ ਵਾਲੀ ਜਨਮ ਸਾਖੀ
4. ਬਿਧੀ ਚੰਦ ਜਾਂ ਹੰਦਾਲੀਆਂ ਵਾਲੀ ਜਨਮ ਸਾਖੀ
5. ਜਨਮ ਸਾਖੀ ਸ੍ਰੀ ਮਿਹਰਬਾਨ ਜੀ ਕੀ
6. ਜਨਮ ਸਾਖੀ ਭਗਤ ਕਬੀਰ ਜੀ ਕੀ
7. ਆਦਿ ਸਾਖੀਆਂ ਬਾਬੇ ਕੀਆਂ

8. ਸਤਿਗੁਰੂ ਜੀ ਦੇ ਮੁਹਿ ਦੀਆਂ ਸਾਖੀਆਂ

9. ਹਿ.ਉ. ਲਾਇਬਰੇਰੀ (ਲਾਹੌਰ) ਦੀ ਹੱਥ ਲਿਖਤ 512 ਵਿਚ ਆਈਆਂ ਗੋਸ਼ਟਾਂ ਤਥਾ ਸਾਖੀਆਂ।

ਉਪਰੋਕਤ ਸਾਖੀਆਂ ਵਿਚੋਂ ਕੇਵਲ ਇਕ ਸਾਖੀ ਕਬੀਰ ਜੀ ਦੇ ਜੀਵਨ ਨਾਲ ਸਬੰਧਤ ਹੈ, ਬਾਕੀ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਵੇਰਵੇ ਹਨ। ਕੁਝ ਵਿਦਵਾਨਾਂ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਨਾਲ ਸਬੰਧਤ ਜਨਮ ਸਾਖੀ ਦਾ ਚਰਚਾ ਵੀ ਇਸ ਕਾਲ-ਖੰਡ ਨਾਲ ਜੋੜਿਆ ਹੈ।

**(ਅ) ਪਰਚੀ ਸਾਹਿਤ/ਪਰਚੀਆਂ**

ਅੱਡਣਸ਼ਾਹੀ ਸੰਤਾਂ ਜਾਂ ਸੇਵਾ ਰਾਮ ਹੁਰਾਂ ਦੇ ਨਾਂ ਪ੍ਰਸਿੱਧ ਹਨ। ਅੱਡਣਸ਼ਾਹੀਆਂ ਦੁਆਰਾ ਰਚੇ ਸਾਹਿਤ ਵਿਚ ਇਹਨਾਂ ਤਿੰਨਾਂ ਦੀਆਂ ਪਰਚੀਆਂ ਜਾਂ ਸਾਖੀਆਂ ਮਿਲਦੀਆਂ ਹਨ। ਸਾਖੀਆਂ ਦਾ ਨਾਂ ਸ਼ਾਇਦ ਪਰਚੀਆਂ ਇਸ ਲਈ ਪੈ ਗਿਆ ਹੋਵੇ ਕਿ ਇਹ ਕਿਸੇ ਖ਼ਾਸ ਤੇ ਮਹਾਨ ਵਿਅਕਤੀ ਦੇ ਜੀਵਨ ਸਬੰਧੀ ਪਰਿਚਯ ਜਾਂ ਜਾਣਕਾਰੀ ਦਿੰਦੀਆਂ ਹਨ। ਅਸਲ ਵਿਚ ਪਰਚੀ ਸ਼ਬਦ ਪਰਿਚਯ ਦਾ ਹੀ ਤਦਭਵ ਰੂਪ ਹੈ।

ਪੰਜਾਬੀ ਵਿਚ ਪਰਚੀਆਂ ਸੇਵਾ ਦਾਸ, ਪਰਚੀ ਭਾਈ ਕਨ੍ਹਈਆ ਤੇ ਸਾਖੀਆਂ ਅੱਡਣ ਸ਼ਾਹ ਪ੍ਰਸਿੱਧ ਹਨ।

ਪਰਚੀਆਂ ਨੂੰ ਕਈ ਹੋਰ ਨਾਵਾਂ ਜਿਵੇਂ ਗੋਸ਼ਟਾਂ, ਸਾਖੀਆਂ, ਰਤਨਾਵਲੀਆਂ ਆਦਿ ਨਾਲ ਵੀ ਯਾਦ ਕੀਤਾ ਜਾਂਦਾ ਰਿਹਾ ਹੈ।

**(ੲ) ਗੋਸ਼ਟ/ਗੋਸ਼ਟਿ**

ਗੋਸ਼ਟ ਸ਼ਬਦ ਸੰਸਕ੍ਰਿਤ ਦੀ ਗੋਸ਼ਠ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਇਕੱਠਾ ਕਰਨਾ। ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਦੀ ਥਾਂ ਲਈ ਵਰਤਿਆ ਜਾਂਦਾ ਸੀ ਪਰ ਕਾਲਾਂਤਰ ਵਿਚ ਇਸ ਦੀ ਵਰਤੋਂ ਇਕੱਠੇ ਮਿਲ ਕੇ ਬੈਠੇ ਹੋਏ ਲੋਕਾਂ ਵਿਚਲੀ ਗੱਲਬਾਤ, ਵਾਰਤਾਲਾਪ ਜਾਂ ਵਿਚਾਰ-ਚਰਚਾ ਲਈ ਹੋਣ ਲੱਗੀ ਅਤੇ ਇਸ ਵਿਚਾਰ ਚਰਚਾ ਦਾ ਲਿਖਤ ਰੂਪ 'ਗੋਸ਼ਟਿ' ਕਿਹਾ ਜਾਣ ਲੱਗ ਪਿਆ। ਅੱਜਕੱਲ੍ਹ ਸਾਹਿਤਕ ਸੈਮੀਨਾਰਾਂ ਨੂੰ 'ਗੋਸ਼ਟੀ' ਕਿਹਾ ਜਾਂਦਾ ਹੈ।

ਵਿਚਾਰ-ਵਟਾਂਦਰੇ ਦੀ ਇਹ ਸਾਹਿਤ ਵਿਧਾ ਪ੍ਰਾਚੀਨ ਕਾਲ ਤੋਂ ਚਲਦੀ ਆ ਰਹੀ ਹੈ। ਲਗਭਗ ਸਾਰੀਆਂ ਭਾਸ਼ਾਵਾਂ ਦੇ ਸਾਹਿਤਾਂ ਦਾ ਆਰੰਭ ਧਾਰਮਿਕ ਅਤੇ ਦਾਰਸ਼ਨਿਕ ਵਿਸ਼ਿਆਂ ਵਾਲੀਆਂ ਪੁਸਤਕਾਂ ਨਾਲ ਹੋਇਆ ਹੈ ਅਤੇ ਵਿਸ਼ਿਆਂ ਦੇ ਤਰਕ-ਵਿਤਰਕ ਨੂੰ ਲਿੱਪੀ-ਬੱਧ ਰੂਪ ਦੇਣ ਲਈ ਜਾਂ ਜਨਸਾਧਾਰਨ ਦੇ ਸ਼ੰਕਿਆਂ ਨੂੰ ਮੁੱਖ ਰੱਖਦੇ ਹੋਇਆਂ ਪਰਸਪਰ ਵਿਰੋਧੀ ਵਿਚਾਰ ਪਰੰਪਰਾਵਾਂ ਦੇ ਕਿਸੇ ਖ਼ਾਸ ਨੁਕਤੇ ਤੋਂ ਜਾਣੂ ਕਰਾਉਣ ਲਈ 'ਗੋਸ਼ਟਿ' ਦਾ ਸਾਹਿਤਕ ਮਾਧਿਅਮ ਵਿਸ਼ੇਸ਼ ਰੂਪ ਵਿਚ ਚੁਣਿਆ ਗਿਆ ਹੈ। ਪ੍ਰਾਚੀਨ ਭਾਰਤੀ ਦਾਰਸ਼ਨਿਕ ਸਾਹਿਤ ਵਿਚ ਗੋਸ਼ਟਿ ਦੀ ਪਰੰਪਰਾ ਮੌਜੂਦ ਹੈ। ਯੂਨਾਨ ਦੇ ਪ੍ਰਸਿੱਧ ਦਰਸ਼ਨ-ਵੇਤਾ ਸੁਕਰਾਤ ਦੇ ਸਿਧਾਂਤ ਦਾ ਅਫ਼ਲਾਤੂਨ ਦੁਆਰਾ ਇਸੇ ਸ਼ੈਲੀ ਵਿਚ ਅੰਕਣ ਹੋਇਆ ਹੈ। ਕੁਝ ਚੇਲੇ ਸੁਆਲ ਕਰਦੇ ਹਨ ਅਤੇ ਸੁਕਰਾਤ ਆਪਣੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਉਹਨਾਂ ਦਾ ਉਤਰ ਦਿੰਦਾ ਹੈ। ਇਸ ਵਿਧਾ ਦੁਆਰਾ ਕਿਸੇ ਵਿਸ਼ੇਸ਼ ਸਿਧਾਂਤ ਜਾਂ ਮੱਤ ਬਾਰੇ ਬੌਧਿਕ ਪੱਖ ਤੋਂ ਸੂਖਮ ਵਿਸ਼ਲੇਸ਼ਣ ਹੋ ਸਕਦਾ ਹੈ ਅਤੇ ਸ਼ੰਕਾਲੂ ਦੀ ਭਲੀ-ਭਾਂਤ ਸੰਤੁਸ਼ਟੀ ਹੋ ਸਕਦੀ ਹੈ। ਪਰ ਨਵੇਂ ਧਾਰਮਿਕ ਜਾਂ ਦਾਰਸ਼ਨਿਕ ਦ੍ਰਿਸ਼ਟੀਕੋਣ ਦੀ

ਸਥਾਪਨਾ ਪ੍ਰਾਚੀਨ ਪ੍ਰਚੱਲਿਤ ਪਰੰਪਰਾਵਾਂ ਦੇ ਵਿਰੋਧ ਵਿਚ ਜਾਂ ਉਸ ਦੇ ਨਵੀਨੀਕਰਨ ਵਜੋਂ ਹੁੰਦੀ ਹੈ। ਅਜਿਹੀ ਅਵਸਥਾ ਵਿਚ ਪ੍ਰਾਚੀਨ ਧਰਮ ਜਾਂ ਦਰਸ਼ਨ ਆਪਣੇ ਪਰੰਪਰਾਗਤ ਸਰੂਪ ਦੀ ਰੱਖਿਆ ਲਈ ਯਤਨ ਕਰਦਾ ਹੈ ਅਤੇ ਨਵਾਂ ਮੱਤ ਪੁਰਾਣੇ ਮੱਤ ਦੀਆਂ ਕਮਜ਼ੋਰੀਆਂ ਨੂੰ ਉਘਾੜ ਕੇ ਉਹਨਾਂ ਉਪਰ ਆਪਣੀ ਵਿਸ਼ੇਸ਼ਤਾ ਅਤੇ ਪ੍ਰਭੁਤਾ ਸਥਾਪਤ ਕਰਦਾ ਹੈ। ਉਪਨਿਸ਼ਦ, ਪੁਰਾਣ ਆਦਿ ਰਚਨਾਵਾਂ ਇਕ ਪ੍ਰਕਾਰ ਦੀਆਂ ਦਾਰਸ਼ਨਿਕ ਅਤੇ ਧਾਰਮਿਕ ਗੋਸ਼ਟਾਂ ਦਾ ਲਿਖਤੀ ਵਿਵਰਣ ਹਨ। ਇਸੇ ਤਰ੍ਹਾਂ ਮਹਾਤਮਾ ਬੁੱਧ ਦੀਆਂ ਆਪਣੇ ਚੇਲਿਆਂ ਨਾਲ ਹੋਏ ਸਿਧਾਂਤ ਵਿਸ਼ਲੇਸ਼ਣ ਦੀਆਂ ਕਈ ਗੋਸ਼ਟਾਂ ਮਿਲਦੀਆਂ ਹਨ। ਨਾਥ-ਜੋਗੀਆਂ, ਭਗਤਾਂ, ਸੰਤਾਂ ਬਾਰੇ ਬਹੁਤ ਸਾਰੀਆਂ ਗੋਸ਼ਟਾਂ ਉਪਲਬਧ ਹਨ, ਜਿੰਨ੍ਹਾਂ ਵਿਚੋਂ ਅਧਿਕਾਂਸ ਅਪਭ੍ਰੰਸ ਵਿਚ ਹਨ।

ਪੰਜਾਬੀ ਸਾਹਿਤ ਵਿਚ ਗੋਸ਼ਟਿ ਸਾਹਿਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ‘ਸਿਧ ਗੋਸ਼ਟਿ’ ਲਿਖ ਕੇਕੀਤਾ, ਜਿਸ ਵਿਚ ਉਹਨਾਂ ਨੇ ਆਪਣੇ ਸਿਧਾਂਤ ਯੋਗ ਮੱਤ ਦੀ ਤੁਲਨਾ ਵਿਚ ਪੇਸ਼ ਕੀਤੇ। ਇਹ ਗੋਸ਼ਟਿ ਕਾਵਿ-ਬੱਧ ਹੈ। ਵਾਰਤਕ ਵਿਚ ਗੋਸ਼ਟਿ ਲਿਖਣ ਦਾ ਆਰੰਭ ਜਨਮ ਸਾਖੀਆਂ ਤੋਂ ਹੁੰਦਾ ਹੈ, ਕਿਉਂਕਿ ਵਾਰਤਕ ਵਿਚ ਨਾਥ-ਜੋਗੀਆਂ ਨਾਲ ਸਬੰਧਤ ਗੋਸ਼ਟਾਂ ਬਹੁਤ ਬਾਅਦ ਵਿਚ ਲਿਖੀਆਂ ਗਈਆਂ ਜੋ ਅਧਿਕਤਰ ਅਪਭ੍ਰੰਸ਼ ਵਿਚ ਲਿਖੀਆਂ ਗੋਸ਼ਟਾਂ ਦੇ ਹੀ ਗੁਰਮੁਖੀ ਸੰਸਕਰਣ ਸਨ। ਮੱਧ ਕਾਲ ਵਿਚ ਪੰਜਾਬੀ ਦੀਆਂ ਗੋਸ਼ਟਾਂ ਦੋ ਰੂਪਾਂ ਵਿਚ ਸਾਹਮਣੇ ਆਈਆਂ। ਇਕ ਉਹ, ਜਿੰਨ੍ਹਾਂ ਦਾ ਸਬੰਧ ਗੁਰੂ ਨਾਨਕ ਦੇਵ ਜੀ ਨਾਲ ਹੈ। ਇਹ ਅਧਿਕਤਰ ਜਨਮ ਸਾਖੀਆਂ ਵਿਚ ਕਥਾ ਪ੍ਰਸੰਗ ਅਨੁਸਾਰ ਸੰਕਲਿਤ ਹੋਈਆਂ ਹਨ। ਮਿਹਰਬਾਨ ਵਾਲੀ ਜਨਮ ਸਾਖੀ ਤਾਂ ਹੈ ਹੀ ਗੋਸ਼ਟ-ਸੰਗ੍ਰਹਿ। ਕੁਝ ਗੋਸ਼ਟਾਂ ਸੁਤੰਤਰ ਰੂਪ ਵਿਚ ਵੀ ਮਿਲਦੀਆਂ ਹਨ, ਜਿਵੇਂ ਮੱਕੇ ਮਦੀਨੇ ਦੀ ਗੋਸ਼ਟਿ, ਕਾਰੂੰ ਨਾਲ ਗੋਸ਼ਟ। ਇਸ ਤਰ੍ਹਾਂ ਗੋਸ਼ਟਿ ਪੰਜਾਬੀ ਵਿਚ ਬਹੁਤ ਪ੍ਰਸਿੱਧ ਅਤੇ ਲੋਕਪ੍ਰਿਯ ਰਹੀ ਹੈ।

**(ਸ) ਟੀਕਾ**

ਟੀਕਾ ਸਾਹਿਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿਚ ਕਿਸੇ ਸ਼ਾਸਤ੍ਰੀਯ, ਜਟਿਲ, ਸੂਤ੍ਰਿਕ, ਸੂਖਮ ਭਾਵੀ, ਰਹੱਸਮਈ ਤੇ ਉਤਕ੍ਰਿਸ਼ਟ ਰਚਨਾ ਦੇ ਅਰਥ-ਬੋਧ ਨੂੰ ਜਾਣੂੰ ਕਰਵਾਇਆ ਜਾਂਦਾ ਹੈ। ਇਹ ਰਚਨਾ ਵਾਰਤਕ ਤੇ ਕਵਿਤਾ ਦੋਹਾਂ ਵਿਚ ਹੋ ਸਕਦੀ ਹੈ, ਭਾਵੇਂ ਆਮ ਤੌਰ ’ਤੇ ਇਹ ਵਾਰਤਕ ਵਿਚ ਹੀ ਹੁੰਦੀ ਹੈ। ਰਚਨਾ ਦੇ ਅਰਥ ਸੰਚਾਰ ਲਈ ਭਾਰਤੀ ਸਾਹਿਤ ਵਿਚ ਕਈ ਵਿਧੀਆਂ ਹਨ ਜਿਵੇਂ ਟੀਕਾ, ਵਿਆਖਿਆ, ਭਾਸ਼, ਪਰਮਾਰਥ ਆਦਿ।

ਪੰਜਾਬੀ ਵਿਚ ਟੀਕਾ ਪਰੰਪਰਾ ਬਹੁਤ ਪੁਰਾਣੀ ਹੈ। ਪੰਜਾਬੀ ਵਿਚ ਸਭ ਤੋਂ ਪਹਿਲੇ ‘ਜਪੁ ਜੀ’ ਦੇ ਟੀਕੇ ਕੀਤੇ ਗਏ। ‘ਜਪੁ ਜੀ’ ਦਾ ਸਭ ਤੋਂ ਪੁਰਾਣਾ ਟੀਕਾ ਸੋਢੀ ਮਿਹਰਬਾਨ ਦਾ ਕੀਤਾ ਮਿਲਦਾ ਹੈ। ਭਾਈ ਗੁਰਦਾਸ ਨੇ ਗੁਰਬਾਣੀ ਦੇ ਕਈ ਸ਼ਬਦਾਂ ਦੀ ਜੋ ਕਾਵਿ-ਵਿਆਖਿਆ ਕੀਤੀ ਹੈ, ਉਹ ‘ਟੀਕਾਕਾਰੀ’ ਦੇ ਖੇਤਰ ਵਿਚ ਨਹੀਂ ਆਉਂਦੀ। ਪੰਜਾਬੀ ਟੀਕਾਕਾਰੀ ਟੀਕਾ, ਵਿਆਖਿਆ, ਭਾਸ਼ ਤੇ ਪਰਮਾਰਥ ਦਾ ਮਿਲਿਆ ਜੁਲਿਆ ਰੂਪ ਹੈ। ਪੰਜਾਬੀ ਵਿਚ ਟੀਕੇ ਲਿਖਣ ਦੀ ਪ੍ਰੇਰਨਾ ਗੁਰਬਾਣੀ ਦਾ ਆਮ ਪਾਠਕ ਨੂੰ ਬੋਧ ਕਰਵਾਉਣ ਦੀ ਬਿਰਤੀ ਵਿਚੋਂ ਪੈਦਾ ਹੋਈ। ਇਸ ਲਈ ਵਧੇਰੇ ਟੀਕੇ ਗੁਰਬਾਣੀ ਦੀਆਂ ਰਚਨਾਵਾਂ ਦੇ ਹੋਏ ਹਨ।

1526–1708 ਈ. ਅਰਥਾਤ ਮੱਧ ਕਾਲ ਦੇ ਟੀਕਿਆਂ ਦੀ ਸੂਚੀ ਇਸ ਪ੍ਰਕਾਰ ਹੈ :

ਜਪੁ ਪਰਮਾਰਥ

ਸਿੱਧ ਗੋਸ਼ਟਿ ਦਾ ਟੀਕਾ
ਸਿੱਧ ਗੋਸ਼ਟਿ ਦਾ ਇਕ ਹੋਰ ਟੀਕਾ
ਟੀਕਾ ਦੱਖਣੀ ਓਅੰਕਾਰ
ਟੀਕਾ ਪੱਟੀ
ਬਾਰਹਮਾਹ ਰਾਗ ਤੁਖਾਰੀ
ਸੁਖਮਨੀ ਸਹੰਸਰ ਨਾਮਾ

**(ਹ) ਹੁਕਮਨਾਮੇ**

ਭਾਸ਼ਾਈ ਦ੍ਰਿਸ਼ਟੀ ਤੋਂ 'ਹੁਕਮਨਾਮਾ' ਸ਼ਬਦ ਅਰਬੀ 'ਹੁਕਮ' ਅਤੇ ਫ਼ਾਰਸੀ 'ਨਾਮਹ' ਸ਼ਬਦ ਦਾ ਸੰਯੁਕਤ ਰੂਪ ਹੈ ਅਤੇ ਇਸ ਦਾ ਸਾਧਾਰਨ ਅਰਥ ਹੈ 'ਫ਼ਰਮਾਇਸ਼ ਵਾਲਾ ਪੱਤਰ'। ਸਿੱਖ ਗੁਰੂਆਂ ਜਾਂ ਧਾਰਮਿਕ ਆਗੂਆਂ ਦੁਆਰਾ ਆਪਣੇ ਸ਼ਰਧਾਲੂਆਂ ਜਾਂ ਸੇਵਕਾਂ ਵੱਲ ਲਿਖੇ ਗਏ ਪੱਤਰਾਂ ਨੂੰ ਵੀ 'ਹੁਕਮਨਾਮਾ' ਕਿਹਾ ਜਾਂਦਾ ਹੈ। ਇਹਨਾਂ ਹੁਕਮਨਾਮਿਆਂ ਦਾ ਇਕ ਸੰਗ੍ਰਹਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਅਤੇ ਦੂਜਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਹੋ ਚੁੱਕਿਆ ਹੈ। ਮੂਲ ਹੁਕਮਨਾਮੇ ਗੁਰਧਾਮਾਂ, ਸ਼ਰਧਾਲੂਆਂ ਦੇ ਘਰਾਂ ਅਤੇ ਪੁਸਤਕਾਲਿਆਂ ਵਿਚ ਸੁਰੱਖਿਅਤ ਹਨ। ਕਈ ਥਾਵਾਂ ਤੇ ਜਾਅਲੀ ਹੁਕਮਨਾਮੇ ਵੀ ਮਿਲ ਜਾਂਦੇ ਹਨ ਜੋ ਧਨ ਕਮਾਉਣ ਦੀ ਰੁਚੀ ਅਧੀਨ ਲਿਖੇ ਗਏ ਪ੍ਰਤੀਤ ਹੁੰਦੇ ਹਨ। ਹੁਕਮਨਾਮੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਲਿਖੇ ਜਾਣੇ ਸ਼ੁਰੂ ਹੋਏ ਸਨ ਅਤੇ ਦਸਮ ਗੁਰੂ ਤੋਂ ਬਾਅਦ ਬਾਬਾ ਬੰਦਾ ਬਹਾਦਰ ਅਤੇ ਗੁਰੂ ਪਤਨੀਆਂ ਤੋਂ ਇਲਾਵਾ ਪ੍ਰਮੁੱਖ ਤਖ਼ਤਾਂ ਤੋਂ ਵੀ ਹੁਣ ਤਕ ਜਾਰੀ ਕੀਤੇ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸਮੇਂ ਤੋਂ ਪਹਿਲਾਂ ਹੁਕਮਨਾਮੇ ਆਮ ਤੌਰ 'ਤੇ ਗੁਰੂ ਸਾਹਿਬ ਆਪ ਹੀ ਲਿਖਦੇ ਸਨ ਪਰ ਦਸਮ ਗੁਰੂ ਵੇਲੇ ਹੁਕਮਨਾਮੇ ਲਿਖਾਰੀ ਲਿਖਦੇ ਸਨ ਅਤੇ ਗੁਰੂ ਸਾਹਿਬ ਉਹਨਾਂ ਉਤੇ ਆਪਣੇ (ਨੀਸਾਣ) ਪਾਂਦੇ ਸਨ, ਜਿੰਨ੍ਹਾਂ ਦੀ ਲਿਖਾਵਟ ਦਾ ਸਰੂਪ ਵੱਖਰਾ ਜਿਹਾ ਜਾਂ ਵਿਲੱਖਣ ਹੁੰਦਾ ਸੀ।

ਇਸੇ ਪਰੰਪਰਾ ਵਿਚ ਲਿਖਾਰੀਆਂ ਵੱਲੋਂ ਲਿਖੇ ਹੁਕਮਨਾਮੇ ਉਤੇ ਦਸਮ ਗੁਰੂ ਸਾਹਿਬ ਵੱਲੋਂ ਲਿਖੇ ਅੱਖਰ 'ਨੀਸਾਣ' ਅਖਵਾਉਂਦੇ ਹਨ। ਕਈ ਵਾਰ ਕਿਸੇ ਪੋਥੀ ਜਾਂ ਗ੍ਰੰਥ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਲਿਖ ਚੁੱਕਣ ਤੋਂ ਬਾਅਦ ਗੁਰੂ ਸਾਹਿਬ ਤੋਂ ਉਸ ਉਤੇ ਕੁਝ ਲਿਖਵਾ ਲਿਆ ਜਾਂਦਾ ਸੀ। ਉਹ ਪਵਿੱਤਰ ਲਿਖਤ ਸਿੱਖ ਸ਼ਬਦਾਵਲੀ ਵਿਚ 'ਨੀਸਾਣ' ਅਖਵਾਉਂਦੀ ਹੈ। ਇਹ 'ਨੀਸਾਣ' ਗੁਰੂ ਸਾਹਿਬ ਦੇ ਨਾਂ ਸੂਚਕ ਦਸਖ਼ਤ ਨਹੀਂ ਹੁੰਦੇ, ਸਗੋਂ '੧ੴ ਸਤਿਗੁਰੂ ਪ੍ਰਸਾਦਿ' ਜਾਂ ਕੋਈ ਹੋਰ ਅਸੀਸ ਸੂਚਕ ਵਾਕ ਜਾਂ ਗੁਰਬਾਣੀ ਦੀ ਕੋਈ ਤੁਕ ਲਿਖ ਦਿੱਤੀ ਜਾਂਦੀ ਸੀ। ਬਹੁਤਿਆਂ ਹੁਕਮਨਾਮਿਆਂ ਉਤੇ 'ਨੀਸਾਣ' ਗੁਰਮੁਖੀ ਦੀ ਚਪਰੇਲਾ ਜਾਂ ਸ਼ਿਕਸਤਾ ਲਿਖਤ ਵਿਚ ਹੁੰਦੇ ਸਨ।

ਇਹਨਾਂ ਹੁਕਮਨਾਮਿਆਂ ਦਾ ਪਾਠ ਅਤੇ ਬਣਤਰ ਸ਼ਾਹੀ ਫ਼ਰਮਾਨ ਵਾਂਗ ਹੁੰਦੀ ਹੈ। '੧ੴ ਸਤਿਗੁਰੂ ਪ੍ਰਸਾਦਿ' ਆਦਿ ਮਾਂਗਲਿਕ ਉਕਤੀਆਂ ਤੋਂ ਬਾਅਦ ਹੁਕਮਨਾਮਾ ਲਿਖਣ ਵਾਲੇ ਗੁਰੂ ਸਾਹਿਬ ਜਾਂ ਆਗੂ ਤੋਂ ਸਮੁੱਚੀ ਸੰਗਤ ਨੂੰ ਸੰਬੋਧਨ ਕੀਤਾ ਜਾਂਦਾ ਹੈ, ਜਿਸ ਵੱਲ ਉਹ ਹੁਕਮਨਾਮਾ ਭੇਜਿਆ ਜਾ ਰਿਹਾ ਹੋਵੇ। ਇਸ ਤੋਂ ਪਿੱਛੋਂ ਜਾਂ ਪਹਿਲੋਂ ਕਈ ਵਾਰ ਉਸ ਸੰਗਤ ਵਿਚ ਇਲਾਕੇ ਦੇ ਮੁਖੀ ਦੇ ਨਾਂ ਵੀ ਦਿੱਤੇ ਹੁੰਦੇ ਹਨ। ਫਿਰ ਅਸੀਸ ਲਿਖ ਕੇ ਫ਼ਰਮਾਇਸ਼ ਜਾਂ ਸੇਵਾ

ਦਾ ਉਲੇਖ ਹੁੰਦਾ ਹੈ। ਕਈ ਵਾਰ ਜੇ ਫ਼ਰਮਾਇਸ਼ ਇਕ ਤੋਂ ਵੱਧ ਵਸਤੂਆਂ ਦੀ ਹੋਵੇ ਤਾਂ ਪਾਠ-ਪ੍ਰਵਾਹ ਤੋਂ ਹਟ ਕੇ ਖੱਬੇ ਪਾਸੇ ਹਾਸ਼ੀਏ ਵਿਚ ਵਸਤੂਆਂ ਦਾ ਵੇਰਵਾ ਦਿੱਤਾ ਜਾਂਦਾ ਹੈ। ਕਿਤੇ ਕਿਤੇ ਇਸ ਵਿਧੀ ਤੋਂ ਹਟਿਆ ਵੀ ਗਿਆ ਹੈ। ਜੇ ਮਵੇੜੇ (ਹੁਕਮਨਾਮਾ ਲਿਜਾਣ ਵਾਲੇ ਵਿਅਕਤੀ) ਨੂੰ ਕੁਝ ਭੇਟਾ ਕਰਨਾ ਹੋਵੇ ਤਾਂ ਉਹ ਵੀ ਅੰਤ ਉਤੇ ਲਿਖ ਦਿੱਤਾ ਜਾਂਦਾ ਹੈ। ਫ਼ਰਮਾਇਸ਼ਾਂ ਤੋਂ ਇਲਾਵਾ ਹੋਰ ਕੋਈ ਜ਼ਰੂਰੀ ਸੰਦੇਸ਼ ਭੇਜਣ ਲਈ ਵੀ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਇਹਨਾਂ ਹੁਕਮਨਾਮਿਆਂ ਦਾ ਆਕਾਰ ਵੱਡਾ ਹੁੰਦਾ ਗਿਆ ਹੈ।

ਇਤਿਹਾਸਕ ਮਹੱਤਵ ਦੇ ਪੱਖ ਤੋਂ ਇਹਨਾਂ ਹੁਕਮਨਾਮਿਆਂ ਤੋਂ ਗੁਰੂ ਘਰ ਦੀ ਮਾਇਕ ਅਵਸਥਾ, ਲੰਗਰ ਆਦਿ ਲਈ ਸਮੱਗਰੀ ਪ੍ਰਾਪਤ ਕਰਨ ਦੀ ਵਿਧੀ ਅਤੇ ਆਰਥਿਕ ਪ੍ਰਬੰਧ ਦਾ ਪਤਾ ਲਗਦਾ ਹੈ। ਡਾ.ਗੰਡਾ ਸਿੰਘ ਅਨੁਸਾਰ ਇਹਨਾਂ ਹੁਕਮਨਾਮਿਆਂ ਦਾ ਆਮ ਉਦੇਸ਼, ਪ੍ਰਚਾਰ ਲਈ ਹਦਾਇਤਾਂ, ਗੁਰੂ ਘਰ ਦੇ ਲੰਗਰ ਲਈ ਕਾਰ ਭੇਟ, ਗੁਰੂ ਜੀ ਦੇ ਮੁੱਖ ਅਸਥਾਨ ਪਰ ਪਹੁੰਚਣ ਦਾ ਪ੍ਰਬੰਧ, ਸਿੱਖ ਸੰਗਤਾਂ ਪਰ ਆਪਣੀ ਖ਼ੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰੱਖਣਾ, ਸਿੱਖਾਂ ਨੂੰ ਆਪਸ ਵਿਚ ਮੇਲ ਰੱਖਣ ਦਾ ਹੁਕਮ, ਵੇਲੇ-ਕੁਵੇਲੇ ਲੋੜੀਂਦੀਆਂ ਵਸਤਾਂ ਲਈ ਫ਼ਰਮਾਇਸ਼ਾਂ, ਬਾਹਰ ਗੁਰ-ਪੁਰਬਾਂ ਲਈ ਸੰਗਤਾਂ ਨੂੰ ਉਤਸ਼ਾਹ, ਖ਼ਾਸ ਖ਼ਾਸ ਮੌਕਿਆਂ ’ਤੇ ਸੰਗਤਾਂ ਨੂੰ ਗੁਰੂ ਦੀ ਹਜ਼ੂਰੀ ਵਿਚ ਆਉਣ ਦਾ ਸੱਦਾ, ਸੰਗਤਾਂ ਨੂੰ ‘ਖਾਲਸਾ’ ਕਰਨ ਦੀ ਇਤਲਾਹ, ਮਸੰਦਾਂ ਦੀ ਪ੍ਰਥਾ ਨੂੰ ਬੰਦ ਕਰ ਦਿੱਤੇ ਜਾਣ ਅਤੇ ਉਹਨਾਂ ਦੀ ਵਿਚੋਲਗੀ ਹਟਾ ਦੇਣ ਬਾਬਤ, ਬਾਹਰ ਦੀਆਂ ਸੰਗਤਾਂ ਨੂੰ ਖ਼ਬਰਾਂ ਪਹੁੰਚਾਉਣਾ ਆਦਿ ਸੀ। ਇਹਨਾਂ ਹੁਕਮਨਾਮਿਆਂ ਤੋਂ ਹੁੰਡੀਆਂ ਰਾਹੀਂ ਦਸਵੰਦ ਇਕੱਠਾ ਕਰਨ ਆਦਿ ਦਾ ਬੋਧ ਵੀ ਹੁੰਦਾ ਸੀ। ਦਸਮ ਗੁਰੂ ਤੋਂ ਬਾਅਦ ਹੁੰਡੀਆਂ ਜਾਂ ਫ਼ਰਮਾਇਸ਼ਾਂ ਵਾਲੀਆਂ ਵਸਤੂਆਂ ਦੀ ਪ੍ਰਾਪਤੀ ਦੀ ਰਸੀਦ ਵੀ ਭੇਜੀ ਜਾਂਦੀ ਸੀ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਉਦੋਂ ਸੰਦੇਸ਼ ਲੈ ਜਾਣ ਵਾਲੇ ਹੇਰਾਫੇਰੀ ਕਰਨ ਲੱਗ ਪਏ ਸਨ। ਕੁਝ ਕੁ ਹੁਕਮਨਾਮਿਆਂ ਤੋਂ ਬਿਨਾਂ ਹੋਰ ਕਿਸੇ ਵਿਚ ਵੀ ਇਤਿਹਾਸਕ ਘਟਨਾਵਾਂ ਦਾ ਕੋਈ ਸਿੱਧਾ ਉਲੇਖ ਨਹੀਂ ਹੋਇਆ, ਪਰ ਫਿਰ ਵੀ ਇਹਨਾਂ ਹੁਕਮਨਾਮਿਆਂ ਵਿਚ ਲਿਖੀਆਂ ਫ਼ਰਮਾਇਸ਼ਾਂ ਤੋਂ ਇਤਿਹਾਸਕ ਤੱਥਾਂ ਦੇ ਸੰਕੇਤ ਜ਼ਰੂਰ ਮਿਲ ਸਕਦੇ ਹਨ। ਇਹਨਾਂ ਹਵਾਲਿਆਂ ਨਾਲ ਸਿੱਖ ਅੰਦੋਲਨਾਂ ਦੀ ਧਾਰਮਿਕ, ਭਾਈਚਾਰਕ ਅਤੇ ਰਾਜਨੀਤਕ ਗਤੀਵਿਧੀ ਦਾ ਬੋਧ ਹੁੰਦਾ ਸੀ।

ਸਾਹਿਤਕ ਦ੍ਰਿਸ਼ਟੀ ਤੋਂ ਹੁਕਮਨਾਮਿਆਂ ਦਾ ਵਿਸ਼ੇਸ਼ ਮਹੱਤਵ ਹੈ। ਇਹ ਪੁਰਾਣੀ ਵਾਰਤਕ ਦੇ ਚਿੱਠੀ ਪੱਤਰ ਵਾਲੇ ਨਮੂਨੇ ਦੇ ਪ੍ਰਤੀਨਿਧ ਹਨ। ਪਹਿਲੇ ਗੁਰੂਆਂ ਦੇ ਹੁਕਮਨਾਮਿਆਂ ਵਿਚ ਕਿਸੇ ਪ੍ਰਕਾਰ ਦੀ ਤਾਰੀਖ਼ ਨਹੀਂ ਦਿੱਤੀ ਜਾਂਦੀ ਸੀ ਪਰ ਦਸਮ ਗੁਰੂ ਵੇਲੇ ਇਹਨਾਂ ਨੂੰ ਪੂਰੀ ਦਫ਼ਤਰੀ ਸ਼ਕਲ ਦੇ ਕੇ ਤਾਰੀਖ਼ ਅੰਕਿਤ ਕੀਤੀ ਜਾਣ ਲੱਗੀ। ਤਿਥੀ ਅਤੇ ਨਾਂ/ਥਾਂ ਦਾ ਵੇਰਵਾ ਦਿੱਤੇ ਹੋਣ ਕਾਰਨ ਇਹ ਹੁਕਮਨਾਮੇ ਸਾਹਿਤਕ ਪੱਖ ਤੋਂ ਪ੍ਰਮਾਣਿਕ ਕਹੇ ਜਾ ਸਕਦੇ ਹਨ। ਇਹਨਾਂ ਵਿਚ ਕਿਸੇ ਕਿਸਮ ਦੇ ਰਲੇਵੇਂ ਦੀ ਗੁੰਜਾਇਸ਼ ਨਹੀਂ, ਕਿਉਂਕਿ ਅੰਤ ’ਤੇ ਪੰਗਤੀਆਂ ਦੀ ਗਿਣਤੀ ਦੇ ਦਿੱਤੀ ਜਾਂਦੀ ਸੀ। ਅਸਲ ਲਿਖਤ ਦੇ ਰੂਪ ਵਿਚ ਉਪਲਬਧ ਹੋਣ ਕਰਕੇ ਇਹ ਕਿਸੇ ਪ੍ਰਕਾਰ ਦੇ ਸ਼ੱਕ/ਸੰਦੇਹ ਤੋਂ ਮੁਕਤ ਹਨ। ਮੁਗ਼ਲ ਬਾਦਸ਼ਾਹਾਂ ਦੇ ਹੁਕਮਨਾਮਿਆਂ ਦੀ ਪਰੰਪਰਾ ਵਿਚ ਇਹਨਾਂ ਹੁਕਮਨਾਮਿਆਂ ਵਿਚ ਵੀ ਵਾਰਤਕ ਵੰਨਗੀ ਦੀ ਲਗਭਗ ਘਾਟ ਹੈ। ਸਾਰੀ ਵਾਰਤਕ ਘੜੀ-ਘੜਾਈ ਸ਼ਬਦਾਵਲੀ ਅਤੇ ਇਕ ਨਿਸ਼ਚਿਤ ਹੱਦਬੰਦੀ ਵਿਚ ਬੰਨ੍ਹੀ ਹੋਈ ਹੈ। ਉਂਜ ਪੰਜਾਬੀ ਸਾਹਿਤ ਵਿਚ ਚਿੱਠੀ-ਪੱਤਰ ਲਿਖਣ ਦੀ ਕਲਾ ਵਿਚ ਇਹਨਾਂ ਨੇ ਵਿਕਾਸ ਜ਼ਰੂਰ

ਲਿਆਂਦਾ ਹੈ। ਇਹਨਾਂ ਦੀ ਭਾਸ਼ਾ ਦਾ ਸਰੂਪ ਬ੍ਰਜ ਪ੍ਰਭਾਵਿਤ ਸਰਲ ਅਤੇ ਸੁਬੋਧ ਪੰਜਾਬੀ ਵਾਲਾ ਹੈ। ਇਹਨਾਂ ਹੁਕਮਨਾਮਿਆਂ ਤੋਂ ਗੁਰਮੁਖੀ ਲਿੱਪੀ ਦੇ ਸਰੂਪ ਤੇ ਕਾਲ-ਕ੍ਰਮਿਕ ਵਿਕਾਸ ਦਾ ਗਿਆਨ ਵੀ ਹੁੰਦਾ ਹੈ।

**(ਕ) ਰਹਿਤਨਾਮਾ**

'ਰਹਿਤਨਾਮਾ' ਇਕ ਵਿਸ਼ੇਸ਼ ਪ੍ਰਕਾਰ ਦੀ ਕ੍ਰਿਤ ਹੈ, ਜਿਸ ਵਿਚ ਸਿੱਖ ਧਰਮ/ਮੱਤ ਦੇ ਅਨੁਯਾਈਆਂ ਲਈ ਜੀਵਨ ਜਾਚ/ਵਿਧੀ ਦੱਸੀ ਹੁੰਦੀ ਹੈ। ਬੇਸ਼ੱਕ ਹਰੇਕ ਧਰਮ ਵਿਚ ਹੀ ਉਸ ਦੇ ਅਨੁਯਾਈਆਂ ਲਈ ਉਸ ਦੇ ਵਿਸ਼ੇਸ਼ ਵਿਧਾਨ ਅਨੁਸਾਰ ਜੀਵਨ-ਜਾਚ ਦਾ ਵਿਵਰਣ ਕਿਸੇ ਨਾ ਕਿਸੇ ਰੂਪ ਵਿਚ ਦਿੱਤਾ ਗਿਆ ਹੁੰਦਾ ਹੈ, ਪਰ ਸਿੱਖ ਧਰਮ ਵਿਚ ਗੁਰੂ ਦੇ ਅਨਿਨ ਸਿੱਖਾਂ ਵੱਲੋਂ ਰਹਿਤਨਾਮੇ ਲਿਖ ਕੇ ਗੁਰੂ ਦੀ ਦੱਸੀ ਮਰਯਾਦਾ ਤੋਂ ਸਿੱਖਾਂ ਨੂੰ ਜਾਣੂੰ ਕੀਤਾ ਗਿਆ ਹੁੰਦਾ ਹੈ ਅਤੇ ਉਹਨਾਂ ਨੂੰ ਮਰਯਾਦਿਤ ਜੀਵਨ ਜਿਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹੁੰਦੀਆਂ ਹਨ। ਉਂਜ ਇਹਨਾਂ ਰਹਿਤਨਾਮਿਆਂ ਤੋਂ ਪਹਿਲਾਂ ਦੇ ਸਿੱਖ ਗ੍ਰੰਥਾਂ ਜਿਵੇਂ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਵਾਰਾਂ ਤੇ ਕਬਿੱਤ, ਸਵੱਯੇ, ਦਸਮ ਗ੍ਰੰਥ, ਸਾਖੀਆਂ ਆਦਿ ਵਿਚ ਵੀ ਸਿੱਖਾਂ ਲਈ ਜੀਵਨ ਮਰਯਾਦਾ ਦੱਸੀ ਗਈ ਹੈ। ਪਰ ਇਹ ਰਹਿਤਨਾਮੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਜਾਂ ਉਹਨਾਂ ਤੋਂ ਪਿੱਛੋਂ, ਵਿਸ਼ੇਸ਼ ਕਰਕੇ ਲਿਖਤੀ ਰੂਪ ਵਿਚ, ਸਿੱਖਾਂ ਵਿਚ ਪ੍ਰਚੱਲਿਤ ਹੋਏ, ਜਿਨ੍ਹਾਂ ਵਿਚ ਸਿੱਖ ਸੰਕੇਤਾਵਲੀ ਵਿਚ ਜੀਵਨ-ਮਰਯਾਦਾ, ਚਾਲ-ਢਾਲ, ਚੱਜ-ਆਚਾਰ ਅਤੇ ਰਹਿਣ-ਸਹਿਣ ਦੇ ਤੌਰ ਤਰੀਕੇ ਦੱਸੇ ਗਏ ਹਨ, ਜਿੰਨ੍ਹਾਂ ਅਨੁਸਾਰ ਹਰੇਕ ਗੁਰ-ਸਿੱਖ ਨੇ ਰਹਿਣਾ ਅਥਵਾ ਆਪਣਾ ਜੀਵਨ ਬਿਤਾਉਣਾ ਹੈ। ਜੀਵਨ ਮਰਯਾਦਾ ਲਈ 'ਰਹਿਤ' ਸ਼ਬਦ 13ਵੀਂ-14ਵੀਂ ਸਦੀ ਵਿਚ ਭਗਤੀ ਲਹਿਰ ਦੇ ਸਮੇਂ ਹੀ ਪ੍ਰਚੱਲਿਤ ਹੋ ਗਿਆ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਕਰਕੇ ਅੰਦਰਲੀ ਰਹਿਤ ਦੀ ਵਿਆਖਿਆ ਕੀਤੀ ਗਈ ਹੈ, ਜਦੋਂ ਕਿ ਰਹਿਤਨਾਮਿਆਂ ਵਿਚ ਅੰਦਰਲੀ ਰਹਿਤ ਨਾਲੋਂ ਬਾਹਰਲੀ ਰਹਿਤ ਦੀ ਵਿਆਖਿਆ ਵਧੇਰੇ ਦਿੱਤੀ ਗਈ ਹੈ। ਭਾਈ ਕਾਹਨ ਸਿੰਘ ਨੇ 28 ਰਹਿਤਨਾਮਿਆਂ ਦਾ ਜ਼ਿਕਰ ਕੀਤਾ ਹੈ ਅਤੇ ਉਹਨਾਂ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਹੈ।

ਪ੍ਰੋ.ਪਿਆਰਾ ਸਿੰਘ ਪਦਮ ਨੇ 'ਰਹਿਤਨਾਮੇ' ਨਾਂ ਦੀ ਪੁਸਤਕ ਸੰਪਾਦਨ ਕੀਤੀ ਹੈ, ਜਿਸ ਵਿਚ ਉਹਨਾਂ ਨੇ ਨਿਮਨਲਿਖਤ ਰਹਿਤਨਾਮੇ ਸ਼ਾਮਲ ਕੀਤੇ ਹਨ :

1. ਰਹਿਤਨਾਮਾ ਭਾਈ ਨੰਦ ਲਾਲ
2. ਤਨਖਾਹਨਾਮਾ—ਭਾਈ ਨੰਦ ਲਾਲ
3. ਸਾਖੀ ਰਹਿਤ ਕੀ—ਭਾਈ ਨੰਦ ਲਾਲ
4. ਰਹਿਤਨਾਮਾ—ਭਾਈ ਪ੍ਰਹਿਲਾਦ ਸਿੰਘ
5. ਰਹਿਤਨਾਮਾ—ਭਾਈ ਦਯਾ ਸਿੰਘ
6. ਰਹਿਤਨਾਮਾ—ਭਾਈ ਚਉਪਾ ਸਿੰਘ ਛਿੱਬਰ
7. ਰਹਿਤਨਾਮਾ—ਪਰੇਮ ਸੁਮਾਰਗ—ਅਗਿਆਤ
8. ਰਹਿਤਨਾਮਾ—ਭਾਈ ਦੇਸਾ ਸਿੰਘ
9. ਰਹਿਤਨਾਮਾ—ਭਾਈ ਸਾਹਿਬ ਸਿੰਘ

10. ਮੁਕਤਨਾਮਾ—ਭਾਈ ਸਾਹਿਬ ਸਿੰਘ

11. ਰਹਿਤਨਾਮਾ ਸਹਿਜਧਾਰੀਆਂ ਕਾ—ਵਾਜਿਬੁਲਅਰਜ਼

12. ਸਰਬ ਲੋਹ ਵਿੱਚੋਂ ਖਾਲਸਾ ਪੰਚਾਸਿਕਾ—ਬਾਵਾ ਸੁਮੇਰ ਸਿੰਘ।

ਇਹ ਰਹਿਤਨਾਮੇ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਕਿਸਮ ਦੇ ਵਚਨ ਹਨ ਜੋ ਉਹਨਾਂ ਦੇ ਨਿਕਟਵਰਤੀਆਂ ਦੁਆਰਾ ਸਿੱਖਾਂ ਤਕ ਪਹੁੰਚੇ ਦੱਸੇ ਜਾਂਦੇ ਹਨ। ਇਹਨਾਂ ਵਿਚੋਂ ਭਾਈ ਪ੍ਰਹਿਲਾਦ ਸਿੰਘ ਤੇ ਭਾਈ ਨੰਦ ਲਾਲ, ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਕਵਿਤਾ ਵਿਚ ਹਨ ਪਰ ਬਾਕੀਆਂ ਦੇ ਵਾਰਤਕ ਵਿਚ।

**(ਖ) ਅਨੁਵਾਦ**

**1. ਮੁਸਲਮਾਨੀ ਸਾਹਿਤਕ ਰਚਨਾਵਾਂ ਦੇ ਅਨੁਵਾਦ**

ਪਾਰਸ ਭਾਗ ਜਾਂ ਇਹਯਾ-ਉਲ-ਉਲੂਮ ਦਾ ਅਨੁਵਾਦ

ਮਸਨਵੀ ਮੌਲਾਨਾ ਰੂਮੀ

ਸੁਖ਼ਨ ਫ਼ਕੀਰਾਂ ਦੇ

**2. ਹਿੰਦੂ/ਭਾਰਤੀ ਸਾਹਿਤਕ ਰਚਨਾਵਾਂ ਦੇ ਅਨੁਵਾਦ**

ਯੋਗ ਵਿਸ਼ਸ਼ਟ ਦਾ ਅਨੁਵਾਦ

ਮਾਰਕੰਡੇ ਪੁਰਾਣ

ਭਾਗਵਤ ਮਹਾ ਪੁਰਾਣ

ਵਿਸ਼ਨੂੰ ਪੁਰਾਣ

ਮਾਂਡੂਕਯ ਉਪਨਿਸ਼ਦ।

ਮੱਧ ਕਾਲੀਨ ਵਾਰਤਕ ਬਹੁ-ਭਾਂਤੀ ਤੇ ਬਹੁ-ਰੰਗੀ ਹੈ। ਮੁਢਲੀ ਮੱਧ ਕਾਲੀਨ ਵਾਰਤਕ ਵਿਚ ਸਾਖੀਆਂ, ਗੋਸ਼ਟਾਂ ਤੇ ਟੀਕੇ ਜਿੱਥੇ ਜਾਣਕਾਰੀ ਪੱਖੋਂ ਗੁਰੂ ਸਾਹਿਬਾਨ, ਖ਼ਾਸ ਤੌਰ ’ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਪ੍ਰਸੰਗਾਂ ਨੂੰ ਰਸਿਕ ਵਾਰਤਕ ਵਿਚ ਪੇਸ਼ ਕਰਦੇ ਹਨ, ਉਥੇ ਪਿਛਲੇਰੇ ਮੱਧ ਕਾਲ ਵਿਚ ਕੁਝ ਅਜਿਹੀਆਂ ਰਚਨਾਵਾਂ ਵੀ ਹਨ, ਜਿੰਨ੍ਹਾਂ ਦਾ ਆਧਾਰ ਜਾਂ ਤਾਂ ਅਨੁਵਾਦ ਹੈ ਤੇ ਜਾਂ ਵਿਆਖਿਆ। ਪਰ ਇਹ ਸਾਰੀਆਂ ਰਚਨਾਵਾਂ ਮੁਢਲੀ ਪੰਜਾਬੀ ਵਾਰਤਕ ਦਾ ਇਕ ਅਜਿਹਾ ਆਧਾਰ ਹਨ, ਜਿਸ ਨਾਲ ਉਤਰ-ਮੱਧਕਾਲੀ ਵਾਰਤਕ ਰਚਨਾ ਨੂੰ ਤਾਂ ਸੇਧ ਪ੍ਰਾਪਤ ਹੁੰਦੀ ਹੀ ਹੈ, ਆਧੁਨਿਕ ਦੌਰ ਦੀ ਵਾਰਤਕ ਰਚਨਾ ਵਿਚ ਵੀ ਭਾਵੇਂ ਉਹ ਕਿਸੇ ਵੀ ਰੂਪਾਕਾਰ ਵਿਚ ਹੈ, ਇਹ ਰੰਗ ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ।

– – – – –

# ਉਤਰ ਮੱਧ ਕਾਲ (ਭਾਗ ਪਹਿਲਾ) 1700–1800 ਈ.

ਪੰਜਾਬੀ ਸਾਹਿਤ ਵਿਚ ਉਤਰ ਮੱਧ-ਕਾਲ ਉਸ ਕਾਲ ਖੰਡ ਨੂੰ ਕਹਿੰਦੇ ਹਨ, ਜੋ ਮੱਧ ਕਾਲ (1526–1708 ਈ) ਤੋਂ ਪਿੱਛੋਂ ਸ਼ੁਰੂ ਹੁੰਦਾ ਹੈ। ਇਹ ਕਾਲ ਖੰਡ 1709 ਤੋਂ 1850 ਈ. ਤਕ ਦਾ ਦੌਰ ਹੈ। ਉਤਰ ਮੱਧ ਕਾਲ ਵਿਚ ਅੱਗੇ ਦੋ ਕਾਲ ਖੰਡ ਆਉਂਦੇ ਹਨ :

1. 1709 ਈ. ਤੋਂ 1800 ਈ. (ਪਿਛਲਾ ਮੁਗ਼ਲ ਕਾਲ)
2. 1800 ਈ. ਤੋਂ 1850 ਈ. (ਸਿੱਖ ਰਾਜ ਕਾਲ)

ਕੁਝ ਵਿਦਵਾਨ 1709 ਤੋਂ 1800 ਦੇ ਕਾਲ ਖੰਡ ਨੂੰ ਹੀ ਉਤਰ ਮੱਧ ਕਾਲ ਮੰਨਦੇ ਹਨ ਅਤੇ ਇਸ ਨੂੰ ਪਿਛਲੇਰਾ ਮੁਗ਼ਲ ਕਾਲ ਵੀ ਕਹਿੰਦੇ ਹਨ, ਕਿਉਂਕਿ ਮੱਧ ਕਾਲ (1526-1708 ਈ.) ਦੇ ਸਮੇਂ ਨੂੰ ਉਹ ਮੁਗ਼ਲ ਕਾਲ ਦਾ ਨਾਂ ਦਿੰਦੇ ਹਨ। 1800 ਤੋਂ 1850 ਈ. ਦੇ ਕਾਲ ਨੂੰ ਇਹ ਵਿਦਵਾਨ ਸਿੱਖ ਰਾਜ ਦਾ ਕਾਲ ਜਾਂ ਮਹਾਰਾਜਾ ਰਣਜੀਤ ਸਿੰਘ ਕਾਲ ਦਾ ਨਾਂ ਦਿੰਦੇ ਹਨ। ਕਾਰਨ ਸਪੱਸ਼ਟ ਹੈ ਕਿ ਇਹਨਾਂ ਵਿਦਵਾਨਾਂ ਨੇ ਇਹ ਨਾਮਕਰਨ ਇਸ ਲਈ ਕੀਤਾ ਹੈ, ਕਿਉਂਕਿ 1799 ਈ. ਵਿਚ ਪੰਜਾਬ ਉਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਆਰੰਭ ਹੁੰਦਾ ਹੈ ਅਤੇ ਉਸ ਤੋਂ ਪਿੱਛੋਂ ਵੀ ਸਿੱਖ ਰਾਜ 1849 ਈ. ਤਕ ਚਲਦਾ ਰਹਿੰਦਾ ਹੈ। ਪਰ ਅਸੀਂ 1709 ਤੋਂ 1800 ਈ. ਅਤੇ 1800 ਈ. ਤੋਂ 1850 ਈ. ਤਕ ਦੇ ਸਾਰੇ ਕਾਲ ਖੰਡ ਨੂੰ ਉਤਰ ਮੱਧ ਕਾਲ ਸਿਰਲੇਖ ਅਧੀਨ ਵਿਚਾਰਨਾ ਵਧੇਰੇ ਉਚਿਤ ਸਮਝਦੇ ਹਾਂ, ਕਿਉਂਕਿ ਰਾਜ ਭਾਵੇਂ ਪਤਨ ਮੁਖੀ ਅਵਸਥਾ ਨਾਲ ਸਬੰਧਤ ਮੁਗ਼ਲਾਂ ਦਾ ਸੀ ਜਾਂ ਉਸ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉਤਰ-ਅਧਿਕਾਰੀਆਂ ਦਾ, ਪਰ ਇਸ ਰਾਜ ਦਾ ਖਾਸਾ ਰਾਜਸ਼ਾਹੀ ਜਾਂ ਸਾਮੰਤਸ਼ਾਹੀ ਸੀ। ਇਸ ਤੋਂ ਇਲਾਵਾ ਉਪਰੋਕਤ ਸਾਰੇ ਕਾਲ ਖੰਡ ਵਿਚ ਪੰਜਾਬੀ ਸਾਹਿਤ ਰਚਨਾ ਦਾ ਸੁਭਾ ਮੱਧ ਕਾਲੀ ਸਾਹਿਤ ਰਚਨਾ ਨਾਲ ਮੇਲ ਖਾਂਦਾ ਸੀ। ਭਾਸ਼ਾ ਪੱਖੋਂ ਪੰਜਾਬੀ ਦਾ ਵਿਕਾਸ ਰੁਖ਼ ਮੱਧ ਕਾਲ ਨਾਲੋਂ ਭਾਵੇਂ ਕੁਝ ਨਿੱਖਰਿਆ ਹੋਇਆ ਸੀ, ਪਰ ਸਾਹਿਤਿਕ ਵੰਨਗੀਆਂ ਪੱਖੋਂ ਉਪਰੋਕਤ ਦੋਵਾਂ ਕਾਲ ਖੰਡਾਂ ਵਿੱਚ ਕੋਈ ਬਹੁਤਾ ਅੰਤਰ ਨਹੀਂ ਸੀ। ਇਥੋਂ ਤਕ ਕਿ ਮੁਗ਼ਲਾਂ ਦੇ ਸਮੇਂ ਵੀ ਰਾਜ ਦੀ ਭਾਸ਼ਾ ਫ਼ਾਰਸੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਵੀ ਦਰਬਾਰੀ ਭਾਸ਼ਾ ਫ਼ਾਰਸੀ ਹੀ ਰਹੀ। ਇਸ ਲਈ 1709 ਤੋਂ 1850 ਈ. ਤਕ ਦਾ ਦੌਰ ਉਤਰ ਮੱਧ ਕਾਲ ਸਿਰਲੇਖ ਅਧੀਨ ਵਿਚਾਰਨਾ ਵਧੇਰੇ ਉਚਿਤ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਉਤਰ ਮੱਧ ਕਾਲ ਨੂੰ ਅੱਗੋਂ ਪਿਛਲੇਰੇ ਮੁਗ਼ਲ ਕਾਲ ਅਤੇ ਸਿੱਖ ਰਾਜ ਕਾਲ ਵਿਚ ਵੰਡ ਕੇ ਵਿਚਾਰ ਕਰੀਏ ਜਾਂ ਉੱਤਰ ਮੱਧ ਕਾਲ ਭਾਗ ਪਹਿਲਾ ਤੇ ਉੱਤਰ ਮੱਧ ਕਾਲ ਭਾਗ ਦੂਜਾ ਵਜੋਂ। ਇਸ ਕਾਲ ਨੂੰ ਦੋ ਕਾਲ-ਖੰਡਾਂ ਵਿਚ ਵੰਡਣ ਦਾ ਮੰਤਵ ਸਿਰਫ਼ ਇਹੋ ਹੈ ਕਿ ਇਸ ਨਾਲ ਦੋਹਾਂ ਰਾਜਾਂ ਵਿਚਲੇ ਕੁਝ ਅੰਤਰ ਵਧੇਰੇ ਸੂਖਮਤਾ ਨਾਲ ਵਿਚਾਰੇ ਜਾ ਸਕਦੇ ਹਨ।

**ਉੱਤਰ ਮੱਧ ਕਾਲ ਭਾਗ-1 (1709- 1800 ਈ.)**

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਮੱਧ ਕਾਲ ਜਾਂ ਮੁਗ਼ਲ ਕਾਲ 1526-1708 ਈ. ਦੇ ਕਾਲ ਖੰਡ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸ ਦੇ ਸਭ ਕਾਰਨਾਂ ਸਬੰਧੀ ਮੱਧ ਕਾਲ ਸਿਰਲੇਖ ਅਧੀਨ ਵਿਚਾਰ ਕੀਤੀ ਜਾ ਚੁੱਕੀ ਹੈ। ਇੱਥੇ ਅਸੀਂ ਪਿਛਲੇਰੇ ਮੁਗ਼ਲ ਕਾਲ ਸਬੰਧੀ ਵਿਚਾਰ ਕਰਨੀ ਹੈ। ਭਾਵੇਂ 1800 ਈ. ਤਕ ਦਾ ਇਹ ਸਮਾਂ ਸੀ ਤਾਂ ਮੁਗ਼ਲ ਰਾਜਿਆਂ ਦੇ ਰਾਜ ਦਾ ਸਮਾਂ ਪਰ ਇਸ ਸਮੇਂ ਵਿਚ ਮੁਗ਼ਲ ਰਾਜ ਅਧੋਗਤੀ ਵੱਲ ਜਾ ਰਿਹਾ ਸੀ, ਜਿਸ ਕਾਰਨ ਅਸੀਂ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਸ ਕਾਲ ਖੰਡ ਦੀ ਪਛਾਣ ਮੁਗ਼ਲ ਰਾਜ ਦੀ ਅਧੋਗਤੀ ਦੇ ਕਾਲ ਵਜੋਂ ਕਰਦੇ ਹਾਂ। ਪੰਜਾਬ ਦੇ ਪ੍ਰਸੰਗ ਵਿਚ ਮੁਗ਼ਲਾਂ ਦਾ ਇਹ ਸਮਾਂ 1799 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਉਤੇ ਕਬਜ਼ੇ ਨਾਲ ਬਿਲਕੁਲ ਹੀ ਸਮਾਪਤ ਹੋ ਗਿਆ ਸੀ।

ਉੱਤਰ ਮੱਧ ਕਾਲ ਸਾਹਿਤਕ ਤੇ ਸਭਿਆਚਾਰ ਪੱਖੋਂ ਪ੍ਰਭਾਵਸ਼ਾਲੀ ਹੈ ਵੀ ਤੇ ਨਹੀਂ ਵੀ। ਹਾਲਾਤ ਇਸ ਦੌਰ ਵਿਚ ਲੜਾਈਆਂ ਝਗੜਿਆਂ ਤੇ ਹਮਲਿਆਂ ਵਾਲੇ ਸਨ। 1739 ਈ. ਵਿਚ ਨਾਦਰ ਸ਼ਾਹ ਦੇ ਹਮਲੇ ਨਾਲ ਜਿੱਥੇ ਦਿੱਲੀ ਲੁੱਟੀ ਗਈ ਸੀ, ਉਥੇ ਉਤਰੀ ਭਾਰਤ ਅਤੇ ਖ਼ਾਸ ਤੌਰ 'ਤੇ ਪੰਜਾਬ ਉਤੇ ਵੀ ਇਸ ਹਮਲੇ ਦਾ ਮਾਰੂ ਪ੍ਰਭਾਵ ਪੈਣਾ ਕੁਦਰਤੀ ਸੀ। ਉਸ ਪਿੱਛੋਂ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨਾਲ ਤਾਂ ਉਤਰੀ ਭਾਰਤ ਤੇ ਖ਼ਾਸ ਤੌਰ 'ਤੇ ਪੰਜਾਬ ਬਿਲਕੁਲ ਹੀ ਅਰਾਜਕਤਾ ਕਾਰਨ ਪੂਰੀ ਤਰ੍ਹਾਂ ਅਸੁਰੱਖਿਅਤ ਸੀ। ਅਬਦਾਲੀ ਦੇ ਹਮਲਿਆਂ ਨੂੰ ਲੁੱਟ-ਮਾਰ ਤਕ ਸੀਮਿਤ ਨਹੀਂ ਸਮਝਿਆ ਜਾ ਸਕਦਾ। ਉਸ ਨੇ ਜੋ ਤਬਾਹੀ ਪੰਜਾਬ ਵਿਚ ਮਚਾਈ ਸੀ, ਉਸੇ ਦੀ ਸਿਖਰ ਮਾਲੇਰਕੋਟਲਾ-ਲੁਧਿਆਣਾ ਸੜਕ ਨੇੜੇ ਪਿੰਡ ਰੋਹੀੜੇ ਵਿਚ ਅੱਜ ਵੀ ਕਹਾਣੀਆਂ ਦੇ ਰੂਪ ਵਿਚ ਲੋਕਾਂ ਵਿਚ ਆਮ ਪ੍ਰਚੱਲਿਤ ਹੈ। ਕਰੋੜਾਂ ਦੀ ਲੁੱਟ, ਲੱਖਾਂ ਦਾ ਕਤਲ ਅਬਦਾਲੀ ਦੇ ਹਮਲਿਆਂ ਦੇ ਜ਼ੁਲਮ ਦੀ ਕਹਾਣੀ ਅੱਜ ਵੀ ਪਾਉਂਦੇ ਹਨ। ਅਜਿਹੇ ਸਮੇਂ ਵਿਚ ਉਤਮ ਸਾਹਿਤ ਦੀ ਰਚਨਾ ਤੇ ਸਭਿਆਚਾਰਕ ਵਿਕਾਸ ਦੀ ਗੱਲ ਕਰਨੀ ਭਾਵੇਂ ਹੈਰਾਨਕੁੰਨ ਤਾਂ ਹੈ ਪਰ ਇਸ ਦੌਰ ਵਿਚ ਸੂਫ਼ੀ ਕਵੀ ਬੁੱਲ੍ਹੇ ਸ਼ਾਹ, ਕਿੱਸਾਕਾਰ ਵਾਰਿਸ ਸ਼ਾਹ ਅਤੇ ਹੋਰ ਬਹੁਤ ਸਾਰੇ ਗੱਦਕਾਰਾਂ ਦੀਆਂ ਰਚਨਾਵਾਂ ਇਸ ਤੱਥ ਦਾ ਪ੍ਰਮਾਣ ਹਨ ਕਿ ਪੰਜਾਬੀ ਲੜਦੇ ਮਰਦੇ ਵੀ ਜ਼ਿੰਦਾਦਿਲੀ ਨੂੰ ਤਿਆਗਦੇ ਨਹੀਂ ਹਨ।

ਜੋ ਭਾਸ਼ਾਈ ਵਿਕਾਸ ਦੀ ਪ੍ਰੰਪਰਾ ਮੱਧ ਕਾਲ ਵਿਚ ਸਥਾਪਤ ਹੋਈ ਸੀ, ਉਹ ਉਸ ਤਰ੍ਹਾਂ ਕਾਇਮ ਤਾਂ ਨਹੀਂ ਸੀ ਰਹਿ ਸਕੀ ਪਰੰਤੂ ਬ੍ਰਿਜ ਭਾਸ਼ਾ ਦੇ ਦਖਲ ਨਾਲ ਪੰਜਾਬੀ ਭਾਸ਼ਾ ਨੂੰ ਇਕ ਨਵੇਂ ਰੰਗ ਵਿਚ ਲਿਖਣ ਤੇ ਰਚਣ ਦਾ ਆਰੰਭ ਇਸ ਦੌਰ ਵਿਚ ਸ਼ੁਰੂ ਹੋ ਗਿਆ ਸੀ। ਇਸ ਤੋਂ ਇਲਾਵਾ ਅਰਬੀ, ਫ਼ਾਰਸੀ ਦੀ ਉਹ ਸ਼ਬਦਾਵਲੀ,ਜਿਹੜੀ ਅੱਜ ਪੰਜਾਬ, ਦਿੱਲੀ ਅਤੇ ਲਾਹੌਰ ਵਿਚ ਅੱਜ ਵੀ ਜਾਰੀ ਹੈ,ਉਸ ਦਾ ਮੂਲ ਰੂਪ ਪਿਛਲੇਰੇ ਮੁਗ਼ਲ ਕਾਲ ਦੀ ਕਵਿਤਾ ਤੇ ਵਾਰਤਕ ਦੋਵਾਂ ਵਿਚ ਅੱਜ ਵੀ ਮਿਲਦਾ ਹੈ।

ਨਾ ਸਿਰਫ਼ ਵਿਦੇਸ਼ੀ ਹਮਲਿਆਂ ਨਾਲ ਪੰਜਾਬ ਵਿਚ ਅਸ਼ਾਂਤੀ ਦਾ ਦੌਰ ਸੀ, ਸਗੋਂ ਸਿੱਖ ਮਿਸਲਾਂ ਦੀ ਚੜ੍ਹਤ ਕਾਰਨ ਮੁਗ਼ਲਾਂ ਦਾ ਪ੍ਰਭਾਵ ਖ਼ਤਮ ਹੁੰਦਾ ਹੁੰਦਾ 18ਵੀਂ ਸਦੀ ਦੇ ਅੰਤ ਤਕ ਲਗਭਗ ਖ਼ਤਮ ਹੋ ਗਿਆ ਸੀ। ਦਿੱਲੀ ਹਕੂਮਤ ਉਤੇ ਮੁਗ਼ਲਾਂ ਦਾ ਰਾਜ ਐਵੇਂ ਨਾਂ ਦਾ ਹੀ ਸੀ। ਇਹ ਬਾਦਸ਼ਾਹ ਵੀ ਆਪਣੇ ਅਮੀਰਾਂ ਵਜ਼ੀਰਾਂ ਤੇ ਛੋਟੇ ਅਹਿਲਕਾਰਾਂ ਦੇ ਰਹਿਮੋ-ਕਰਮ ਉਤੇ ਜੀਅ ਰਹੇ ਸਨ। ਇਸ ਦਾ ਨਤੀਜਾ ਇਹ ਨਿੱਕਲਿਆ ਕਿ ਕੋਈ ਮਜ਼ਬੂਤ ਕੇਂਦਰੀ ਹਕੂਮਤ ਨਾ ਹੋਣ ਕਾਰਨ ਤੇ ਪੰਜਾਬ ਵਿਚ ਮੁਗ਼ਲ ਪ੍ਰਭਾਵ ਬਿਲਕੁਲ ਅਧੋਗਤੀ ਦੀ ਦਸ਼ਾ ਵਿਚ ਜਾਣ ਦੇ ਸਿੱਟੇ ਵਜੋਂ ਕੁਝ ਅਜਿਹੇ ਅਖਾਣ ਜਾਂ ਕਾਵਿ ਪੰਕਤੀਆਂ ਪ੍ਰਚੱਲਿਤ ਹੋ ਗਈਆਂ ਸਨ ਜੋ ਅੱਜ ਵੀ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ ਹਨ :

ਖਾਧਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸਾਹੇ ਦਾ

ਇਸੇ ਤਰ੍ਹਾਂ ਕਮਜ਼ੋਰ ਮੁਗਲ ਸ਼ਕਤੀ ਅਤੇ ਸਿੱਖਾਂ ਵਿਚਕਾਰ ਝੜੱਪਾਂ ਆਮ ਹੁੰਦੀਆਂ ਰਹਿੰਦੀਆਂ ਸਨ, ਜਿਸ ਦੇ ਸਿੱਟੇ ਵਜੋਂ ਅਰਾਜਕਤਾ ਕਾਰਨ ਸਭਿਆਚਾਰ ਪੱਖੋਂ ਉਤਰੀ ਭਾਰਤ ਅਧੋਗਤੀ ਵੱਲ ਜਾ ਰਿਹਾ ਸੀ। ਇਸ ਅਧੋਗਤੀ ਕਾਰਨ ਹੀ ਕੋਈ ਵਿਸ਼ੇਸ਼ ਸਭਿਆਚਾਰਕ ਗਤੀਵਿਧੀ ਸੰਭਵ ਨਹੀਂ ਸੀ ਪਰ ਜੇ ਇਹ ਕਿਹਾ ਜਾਵੇ ਕਿ ਉਤਮ ਸਾਹਿਤ ਦੀ ਰਚਨਾ ਇਸ ਕਾਲ-ਖੰਡ ਵਿਚ ਹੋਈ ਹੀ ਨਹੀਂ, ਤਾਂ ਇਹ ਅੰਸ਼ਿਕ ਸੱਚ ਹੈ। ਖ਼ਾਸ ਤੌਰ 'ਤੇ ਪੰਜਾਬੀ ਲੜਾਈਆਂ ਵਿਚ ਵੀ ਕੁਝ ਅਜਿਹਾ ਕਰਦੇ ਰਹੇ ਹਨ, ਜਿੰਨ੍ਹਾਂ ਨਾਲ ਪੰਜਾਬ ਦੇ ਲੋਕਾਂ ਵਿਚਲੀ ਦਲੇਰੀ ਤੇ ਬੀਰਤਾ ਦੇ

ਕਈ ਪ੍ਰਮਾਣ ਇਸ ਦੌਰ ਦੇ ਪੰਜਾਬੀ ਸਾਹਿਤ ਵਿਚ ਮਿਲਦੇ ਹਨ। ਅਸੀਂ ਇਸ ਦੌਰ ਦੀ ਸਾਹਿਤਕ ਰਚਨਾ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵੰਡ ਕੇ ਵਿਚਾਰ ਕਰਾਂਗੇ :

(ੳ) ਸੂਫ਼ੀ ਕਵਿਤਾ

(ਅ) ਕਿੱਸਾ ਕਾਵਿ

(ੲ) ਬੀਰ ਰਸੀ ਵਾਰਾਂ

(ਸ) ਧਾਰਮਿਕ ਕਾਵਿ

(ਹ) ਵਾਰਤਕ ਰਚਨਾ

– – – – –

## ਸੂਫ਼ੀ ਤੇ ਇਸਲਾਮੀ ਕਾਵਿ

ਭਾਵੇਂ ਆਦਿ ਕਾਲੀਨ ਦੌਰ ਦੇ ਮਹਾਨ ਸੂਫ਼ੀ ਕਵੀ ਸ਼ੇਖ਼ ਫ਼ਰੀਦ ਵਾਲੀ ਬੌਧਿਕ ਤੇ ਵਿਚਾਰਧਾਰਕ ਪ੍ਰਪੱਕਤਾ ਤਾਂ 18ਵੀਂ ਸਦੀ ਦੀ ਕਵਿਤਾ ਵਿੱਚ ਵੀ ਨਹੀਂ ਮਿਲਦੀ। ਪਰ ਮੱਧ ਕਾਲੀਨ ਕਵੀਆਂ ਵਾਲੀ ਸਰੋਦੀ ਤੇ ਲੋਕ ਮਾਣਸ ਨੂੰ ਪ੍ਰਭਾਵਿਤ ਕਰਨ ਵਾਲੀ ਕਵਿਤਾ ਵਾਂਗ ਇਸ ਕਾਲ ਖੰਡ ਦੀ ਕਵਿਤਾ ਵਿਚ ਵੀ ਸੂਫ਼ੀਆਨਾ ਰੰਗ ਪਹਿਲਾਂ ਨਾਲੋਂ ਵੱਖਰੇ ਰੂਪ ਵਿਚ ਉਘੜਿਆ ਹੈ। ਇਸ ਦੌਰ ਦੇ ਸੂਫ਼ੀ ਕਵੀਆਂ ਵਿਚ ਬੁੱਲ੍ਹੇ ਸ਼ਾਹ ਦਾ ਨਾਂ ਸਭ ਤੋਂ ਵੱਧ ਮਹੱਤਵਪੂਰਨ ਹੈ। ਉਸ ਤੋਂ ਬਾਅਦ ਫ਼ਰਦ ਫ਼ਕੀਰ, ਵਜੀਦ, ਦਾਨਾ ਆਦਿ ਕਵੀਆਂ ਦੀ ਸੂਫ਼ੀ ਕਵਿਤਾ ਆਉਂਦੀ ਹੈ।

### ਬੁੱਲ੍ਹੇ ਸ਼ਾਹ (1680–1758)

ਬੁੱਲ੍ਹੇ ਸ਼ਾਹ ਅਦਵੈਤਵਾਦੀ ਸੂਫ਼ੀ ਕਵੀ ਸੀ ਪਰੰਤੂ ਨਾਲ ਹੀ ਉਸ ਕੋਲ ਡੂੰਘੀ ਸਮਾਜਿਕ ਚੇਤਨਾ ਤੇ ਰਾਜਨੀਤਿਕ ਸਮਝ ਵੀ ਸੀ। ਪਿਛਲੇਰੇ ਮੁਗ਼ਲ ਕਾਲ ਦੀ ਯੁੱਗ ਗਰਦੀ ਦੇ ਬਾਵਜੂਦ ਉਹ ਸੂਫ਼ੀਆਂ ਦੇ ਰੰਗ ਵਿਚ ਰੰਗਿਆ ਰਿਹਾ, ਜਿੱਥੋਂ ਤਕ ਉਸ ਦੇ ਜੀਵਨ ਦਾ ਸਬੰਧ ਹੈ, ਉਸ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਉਹ ਕਸੂਰ ਦਾ ਰਹਿਣ ਵਾਲਾ ਸੀ। ਉਸ ਨੇ ਆਪ ਆਪਣੇ ਕਲਾਮ ਵਿਚ ਇਸ ਦਾ ਜ਼ਿਕਰ ਕੀਤਾ ਹੈ :

ਬੁੱਲ੍ਹੇ ਸ਼ਾਹ ਦਾ ਰਹਿਣ ਕਸੂਰ
ਜਿੱਥੇ ਲੰਮੀ ਲੰਮੀ ਖਜੂਰ

ਉਹ ਆਪ ਸੱਯਦ ਸੀ ਪਰੰਤੂ ਉਸ ਦਾ ਮੁਰਸ਼ਦ ਅਰਾਈਂ ਸੀ। ਬੁੱਲ੍ਹੇ ਸ਼ਾਹ ਨੂੰ ਆਪਣੇ ਮੁਰਸ਼ਦ ਉਤੇ ਬੜਾ ਭਰੋਸਾ ਸੀ। ਬੁੱਲ੍ਹੇ ਸ਼ਾਹ ਨੇ ਲਿਖਿਆ ਹੈ :

ਮੇਰਾ ਮੁਰਸ਼ਦ ਸ਼ਾਹ ਇਨਾਇਤ
ਉਹ ਲੰਘਾਏ ਪਾਰ ਜੀ।

ਪਰ ਇਕ ਵਾਰ ਬੁੱਲ੍ਹੇ ਸ਼ਾਹ ਦੀ ਬਾਗ਼ੀਆਨਾ ਤਬੀਅਤ ਕਾਰਨ ਉਸ ਦਾ ਮੁਰਸ਼ਦ ਸ਼ਾਹ ਇਨਾਇਤ ਉਸ ਨਾਲ ਗੁੱਸੇ ਹੋ ਗਿਆ, ਜਿਸ ਕਾਰਨ ਉਸ ਨੇ ਆਪਣੇ ਮੁਰਸ਼ਦ ਨੂੰ ਮਨਾਉਣ ਲਈ ਹੇਠ ਲਿਖੀ ਕਾਫ਼ੀ ਦੀ ਰਚਨਾ ਕੀਤੀ :

ਬੱਸ ਕਰ ਜੀ ਹੁਣ ਬੱਸ ਕਰ ਜੀ
ਕਾਈ ਬਾਤ ਅਸਾਂ ਨਾਲ ਹੱਸ ਕਰ ਜੀ
ਤੂੰ ਮੋਇਆਂ ਨੂੰ ਮਾਰ ਨਾ ਮੁੱਕਦਾ ਸੈਂ
ਫੜ ਖੁੱਦੋ ਵਾਂਗੂੰ ਸੁੱਟਦਾ ਸੈਂ
ਗੱਲ ਕਰਦੇ ਤਾਂ ਗਲ ਘੁੱਟਦਾ ਸੈਂ
ਹੁਣ ਤੀਰ ਲਗਾਓ ਕੱਸ ਕਰ ਜੀ
ਬੱਸ ਕਰ ਜੀ ਹੁਣ ਬੱਸ ਕਰ ਜੀ।

ਇਹ ਕਾਫ਼ੀ ਕਾਫ਼ੀ ਲੰਬੀ ਹੈ ਅਤੇ ਬੁੱਲ੍ਹੇ ਸ਼ਾਹ ਨੇ ਆਪਣੇ ਮੁਰਸ਼ਦ ਨੂੰ ਰਿਝਾਉਣ ਲਈ ਇਸ ਕਾਫ਼ੀ ਨੂੰ ਵਾਰ ਵਾਰ ਗਾਇਆ। ਸ਼ਾਹ ਇਨਾਇਤ ਉਸ ਦੀ ਇਸ ਨਿਮਰਤਾ ਉਤੇ ਰੀਝਣ ਪਿੱਛੋਂ ਕਹਿਣ ਲੱਗਾ :

ਉਏ ਤੂੰ ਬੁੱਲ੍ਹਾ ਹੈਂ?

ਬੁੱਲ੍ਹੇ ਸ਼ਾਹ ਦਾ ਜਵਾਬ ਸੀ :

ਨਹੀਂ ਜੀ ਭੁੱਲਾ ਹਾਂ।

ਉਸ ਨੇ ਸ਼ਰ੍ਹਾ ਸ਼ਰੀਅਤ ਦੀ ਥਾਂ ਮਾਰਫ਼ਤੀ ਰੰਗ ਦੀ ਵਿਤਾ ਲਿਖੀ। ਇਕ ਵਿਸ਼ੇਸ਼ਤਾ ਇਹ ਵੀ ਸੀ ਕਿ ਉਸ ਨੇ ਕਾਫ਼ੀਆਂ ਤੋਂ ਇਲਾਵਾ ਦੋਹੜੇ, ਸਤਵਾਰੇ, ਅਠਵਾਰੇ, ਗੰਢਾਂ, ਸੀਹਰਫ਼ੀਆਂ ਅਤੇ ਕਈ ਹੋਰ ਕਾਵਿ ਰੂਪਾਂ ਵਿਚ ਸੂਫ਼ੀਆਨਾ ਕਲਾਮ ਕਿਹਾਂ ਉਸ ਨੂੰ ਇਸਲਾਮ ਅਤੇ ਆਮ ਮੁਸਲਮਾਨ ਇਕ ਬਾਗ਼ੀ ਕਵੀ ਸਮਝਦੇ ਸਨ, ਕਿਉਂਕਿ ਉਸ ਦੀ ਤਬੀਅਤ ਵਿਚ ਇਸ ਤਰ੍ਹਾਂ ਦੀ ਬੇਬਾਕੀ ਸੀ।

ਫੂਕ ਮੁਸੱਲਾ, ਭੰਨ ਸੁੱਟ ਲੋਟਾ
ਨਾ ਫੜ ਤਸਬੀ, ਆਸਾ ਸੋਟਾ
ਆਸ਼ਿਕ ਕਹਿੰਦਾ, ਦੇ ਦੇ ਹੋਕਾ
ਤਰਕ ਹਲਾਲੋਂ ਖਾਹ ਮੁਰਦਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਪਰ ਨਾਲ ਹੀ ਇਸ਼ਕ ਕਰਨਾ ਉਸ ਦੇ ਜੀਵਨ ਦਾ ਮਾਰਫ਼ਤੀ ਰੰਗ ਸੀ :

ਜਦ ਮੈਂ ਰਮਜ਼ ਇਸ਼ਕ ਦੀ ਪਾਈ
ਮੈਨਾ ਤੂਤੀ ਮਾਰ ਗਵਾਈ
ਅੰਦਰ ਬਾਹਰ ਹੋਈ ਸਫਾਈ
ਜਿਤ ਵੱਲ ਵੇਖਾਂ ਯਾਰੋ ਯਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਕਿਉਂਕਿ ਉਸ ਦਾ ਇਹ ਇਸ਼ਕ ਤਰਕ ਅਤੇ ਮਸਤੀ ਉਤੇ ਆਧਾਰਿਤ ਸੀ। ਉਹ ਹਿੰਦੂ ਰਹੁ-ਰੀਤਾਂ ਅਤੇ ਇਸਲਾਮੀ ਪਰਪੰਚਾਂ ਨੂੰ ਨੰਗਾ ਕਰਨ ਤੋਂ ਸੰਕੋਚ ਨਹੀਂ ਸੀ ਕਰਦਾ :

ਕਿਤੇ ਰਾਮ ਰਾਮ, ਕਿਤੇ ਫ਼ਤਹਿ ਮੁਹੰਮਦ

ਇਹੋ ਕਦੀਮੀ ਸ਼ੋਰ
ਮੁੱਕ ਗਿਆ ਦੋਹਾਂ ਦਾ ਝਗੜਾ
ਨਿੱਕਲ ਗਿਆ ਕੋਈ ਹੋਰ
ਮੇਰੀ ਬੁੱਕਲ ਦੇ ਵਿਚ ਚੋਰ ਨੀ ਸਈਓ
ਮੇਰੀ ਬੁੱਕਲ ਦੇ ਵਿਚ ਚੋਰ।

ਇਸ ਤਰ੍ਹਾਂ ਬੁੱਲ੍ਹੇ ਸ਼ਾਹ ਦੀ ਕਵਿਤਾ ਨਾਲ ਸੂਫ਼ੀ ਕਵਿਤਾ ਇਕ ਨਵੇਂ ਪੜਾ ਵਿਚ ਪ੍ਰਵੇਸ਼ ਕਰਦੀ ਹੈ। ਉਸ ਦੀ ਕਵਿਤਾ ਨਾਲ ਪੰਜਾਬੀ ਸੂਫ਼ੀ ਕਵਿਤਾ ਜਿਸ ਤਰ੍ਹਾਂ ਦੀ ਸਿਖਰ ਛੂੰਹਦੀ ਹੈ, ਉਸ ਨੂੰ ਪ੍ਰਵਾਨ ਕਰਨਾ ਹੀ ਬਣਦਾ ਹੈ। ਅਰਬੀ, ਫ਼ਾਰਸੀ ਆਮ ਪ੍ਰਚੱਲਿਤ ਸ਼ਬਦਾਵਲੀ ਦੇ ਨਾਲ ਨਾਲ ਠੇਠ ਕੇਂਦਰੀ ਟਕਸਾਲੀ ਵਿਚ ਹੈ ਅਤੇ ਇਸ ਵਿਚ ਕੋਈ ਸੰਚਾਰ ਦੀ ਸਮੱਸਿਆ ਵੀ ਪੈਦਾ ਨਹੀਂ ਹੁੰਦੀ।

**ਅਲੀ ਹੈਦਰ**

ਅਲੀ ਹੈਦਰ ਫ਼ਾਰਸੀ ਦਾ ਵਿਦਵਾਨ ਸੀ ਪਰ ਪੰਜਾਬੀ ਵਿਚ ਉਸ ਨੇ ਜਿਹੜੀ ਰਚਨਾ ਕੀਤੀ, ਉਹ ਪਿਛਲੇਰੇ ਮੁਗ਼ਲ ਕਾਲ ਦੀ ਸਮੁੱਚੀ ਪੰਜਾਬੀ ਕਵਿਤਾ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਉਸ ਦਾ ਜਨਮ ਪਿਤਾ ਸ਼ੇਖ਼ ਮੁਹੰਮਦ ਅਮੀਨ ਦੇ ਘਰ ਹੋਇਆ ਜੋ ਮੁਲਤਾਨ ਜ਼ਿਲ੍ਹੇ ਦੇ ਚੌਤਰਾਂ ਵਾਸੀ ਸੀ। ਅਲੀ ਹੈਦਰ ਕਾਦਰੀ ਫ਼ਿਰਕੇ ਨਾਲ ਸਬੰਧਤ ਸੀ। ਭਾਵੇਂ ਵਿਚਾਰਧਾਰਕ ਤੌਰ ’ਤੇ ਉਹ ਸੂਫ਼ੀ ਫ਼ਕੀਰਾਂ ਸ਼ੇਖ਼ ਫ਼ਰੀਦ ਅਤੇ ਸੁਲਤਾਨ ਬਾਹੂ ਦੀ ਵਿਚਾਰਧਾਰਾ ਦਾ ਅਨੁਯਾਈ ਸੀ ਪਰ ਉਸ ਦੇ ਸੁਭਾ ਵਿਚ ਖੁੱਲ੍ਹਾ ਖੁਲਾਸਾਪਣ ਵੀ ਸੀ। ਉਸ ਨੇ ਆਪਣੀ ਕਵਿਤਾ ਵਿਚ ਕੁਰਾਨ ਸ਼ਰੀਫ਼ ਦੀਆਂ ਕਈ ਤੁਕਾਂ ਦੀ ਵਰਤੋਂ ਕੀਤੀ ਹੈ ਪਰੰਤੂ ਉਸ ਨੂੰ ਪ੍ਰਸਿੱਧਤਾ ਆਪਣੀ ਕਵਿਤਾ ਦੇ ਅੰਤ ਉਤੇ ‘ਵਲੇ’ ਸ਼ਬਦ (ਰਦੀਫ਼) ਕਾਰਨ ਮਿਲੀ ਹੈ। ਉਸ ਦੀ ਕਵਿਤਾ ਰਹੱਸਵਾਦੀ ਹੈ। ਉਸ ਦੇ ਕੁਝ ਨਮੂਨੇ ਦੇਖੋ :

ਦਾਲ—ਦਿਲੇ ਦਾ ਮਹਰਮ ਰਾਂਝਾ, ਕੀਨੂੰ ਮੈਂ ਕੂਕ ਸੁਣਾਵਣਾ ਏਂ।
ਆ ਲਬਾਂ ਉਤੇ ਜਿੰਦ ਖਲੋਤੀ, ਆਓ ਪਿਆਰਿਆ ਜੇ ਆਵਣਾ ਏਂ।

ਬੇ—ਬ੍ਰਿਹੋ ਰਾਂਝਣ ਦੀ ਭਾਹ ਥੀਆਂ, ਵੇਖੋ ਵਾਂਗ ਕਬਾਬ ਦੇ ਭੁੰਨੀਆਂ ਮੈਂ।
ਜੰਞ ਖੇੜਿਆਂ ਦੀ ਆਣ ਖੜੀ ਹੋਈ, ਘਤ ਕਪੜਾ ਮੁਖ ਤੇ ਰੁੰਨੀਆਂ ਮੈਂ।

ਜ਼ੇ—ਜ਼ਹਿਰ ਨਹੀਂ ਜੋ ਖਾਇ ਮਰਨ, ਕੁਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ।
ਕੀ ਹੋਇਆ ਇਨ੍ਹਾਂ ਰਾਜਿਆਂ ਨੂੰ, ਕੁਝ ਲਜ ਨਹੀਂ ਤੁਰਾਨੀਆਂ ਨੂੰ।

**ਫ਼ਰਦ ਫ਼ਕੀਰ (1720–1780)**

ਫ਼ਰਦ ਫ਼ਕੀਰ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਵੱਲੋਂ ਫ਼ਰਦ ਫ਼ਕੀਰ ਦੀਆਂ ਇਹਨਾਂ ਰਚਨਾਵਾਂ ਦੀ ਟੋਹ ਮਿਲਦੀ ਹੈ—ਬਾਰਾਂਮਾਹ, ਸੀਹਰਫ਼ੀ, ਕਸਬਨਾਮਾ, ਬਾਫਿੰਦਗਾ ਅਤੇ

ਰੌਸ਼ਨ ਦਿਲ। ਇਹਨਾਂ ਰਚਨਾਵਾਂ ਦਾ ਸੰਪੂਰਨ ਪਾਠ ਉਪਲਬਧ ਨਹੀਂ ਹੈ। ਉਸ ਦੇ ਆਪਣੇ ਲਿਖਣ ਅਨੁਸਾਰ ਉਸ ਨੂੰ ਕਵਿਤਾ ਦੀ ਬਖ਼ਸ਼ਿਸ਼ ਖ਼ੁਦਾ ਵੱਲੋਂ ਮਿਲੀ :

ਯਾਰਾਂ ਸੈ ਤਰੈਂਸਠ ਬਰਸ, ਸੰਨ ਨਬੀ ਦੇ ਆਇਆ।
ਇਹ ਰਿਸਾਲਾ ਕਾਮਲ ਹੋਇਆ, ਹੁਕਮ ਧੁਰਾਂ ਦਾ ਆਇਆ।

ਫ਼ਰਦ ਫ਼ਕੀਰ ਮੁਸਲਮਾਨ ਤਾਂ ਹੈ ਪਰ ਸੂਫ਼ੀ ਰੰਗ ਵਿਚ ਰੰਗਿਆ ਦਰਵੇਸ਼ ਹੈ। ਸੀਹਰਫ਼ੀ ਰਾਹੀਂ ਉਹ ਸਹੀ ਮਨੁੱਖ ਦੀ ਪਛਾਣ ਕਰਦਾ ਹੈ। ਭਾਵੇਂ ਵਿੱਦਿਆ ਪ੍ਰਾਪਤ ਹੋਵੇ ਜਾਂ ਨਹੀਂ, ਉਸ ਲਈ ਅਮਲ ਪ੍ਰਮੁੱਖ ਹਨ :

ਸੀਨ—ਸੁਣਾਏ ਖ਼ਲਕ ਨੂੰ ਕਰ ਕਰ ਮਸਲੇ ਜ਼ੋਰ।
ਲੋਕਾਂ ਦਏਂ ਨਸੀਹਤਾਂ, ਅੰਦਰ ਤੇਰੇ ਚੋਰ।
ਕੀਹ ਹੋਇਆ ਜੇ ਲੱਦਿਆ, ਗੱਧਾ ਕਿਤਾਬਾਂ ਨਾਲ।
ਫਰਦਾ ਲੇਖਾ ਲੈਸੀਆ ਰਬ, ਕਾਦਿਰ ਜੁਲ ਜਲਾਲ।

ਉਸ ਦੀ ਹਰ ਰਚਨਾ ਵਿਚ ਕਲਾਮਈ ਢੰਗ ਨਾਲ ਸਿੱਖਿਆ ਦਿੱਤੀ ਗਈ ਹੈ। ਛੰਦਾਬੰਦੀ ਪੱਖੋਂ ਫ਼ਰਦ ਫ਼ਕੀਰ ਪਹਿਲੀ ਕਤਾਰ ਦਾ ਕਵੀ ਹੈ। 18ਵੀਂ ਸਦੀ ਵਿਚ ਲਿਖੀ ਉਸ ਦੀ ਕਵਿਤਾ ਦੀ ਭਾਸ਼ਾ ਵਿਚ ਪੰਜਾਬੀਅਤ ਦਾ ਰੰਗ ਗੂੜ੍ਹਾ ਹੈ।

**ਵਜੀਦ (1650–1716 ਈ.)**

ਵਜੀਦ ਉਤੇ ਵੇਦਾਂਤ ਦਾ ਰੰਗ ਸੂਫ਼ੀਆਨਾ ਢੰਗ ਨਾਲ ਪੇਸ਼ ਹੋਇਆ ਹੈ। ਉਹ ਜਲੰਧਰ ਦਾ ਵਸਨੀਕ ਸੀ। ਉਸ ਦੀ ਰਚਨਾ ਸਰਲ ਕੇਂਦਰੀ ਪੰਜਾਬੀ ਵਿਚ ਹੈ ਤੇ ਵਿਅੰਗ ਦਾ ਰੰਗ ਪ੍ਰਧਾਨ ਹੈ। ਉਹ ਰੱਬ ਨੂੰ ਉਲਾਂਭਾ ਦੇਣ ਸਮੇਂ ਵੀ ਵਿਅੰਗ ਦੇ ਰੰਗ ਤੋਂ ਕੰਮ ਲੈਂਦਾ ਹੈ। ਦੋ ਮਿਸਾਲਾਂ ਦੇਖੋ :

ਇਕਨਾਂ ਦੇ ਘਰ ਪੁਤ, ਪੁਤਾਂ ਘਰ ਪੋਤਰੇ।
ਇਕਨਾਂ ਦੇ ਘਰ ਧੀਆਂ, ਧੀਆਂ ਘਰ ਦੋਹਤਰੇ।
ਇਕਨਾਂ ਦੇ ਘਰ ਇਕ, ਤੇ ਉਹ ਵੀ ਜਾਏ ਮਰ।
ਵਜੀਦਾ ਕੌਣ ਸਾਹਿਬ ਨੂੰ ਆਖੇ, ਇੰਜ ਨਹੀਂ ਇੰਜ ਕਰ।

ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ।
ਪੰਡਤ, ਪੀਰ ਪਿਆਦੇ, ਪਾਟੇ ਜੋੜਿਆਂ।
ਕਰਦਾ ਸੁਘੜ ਮਜੂਰੀ, ਮੂਰਖ ਦੇ ਘਰ ਜਾਇ।
ਵਜੀਦਾ ਕੌਣ ਸਾਹਿਬ ਨੂੰ ਆਖੇ, ਇੰਜ ਨਹੀਂ ਇੰਜ ਕਰ।

ਵਜੀਦ ਦੀਆਂ ਇਹਨਾਂ ਰਚਨਾਵਾਂ ਨੂੰ ਅਡਿੱਲ ਤੇ ਤੂਤੀਏ ਦਾ ਨਾਂ ਦਿੱਤਾ ਹੈ। ਇੱਥੇ ਇਕ ਗੱਲ ਵਿਸ਼ੇਸ਼ ਜ਼ਿਕਰ ਯੋਗ ਹੈ ਕਿ ਇਸ ਕਵੀ ਨੂੰ ਹਰ ਧਰਮ ਦਾ ਪੈਰੋਕਾਰ ਬੜੇ ਸਤਿਕਾਰ ਦੀ ਨਜ਼ਰ ਨਾਲ ਪੜ੍ਹਦਾ ਹੈ।

ਕਾਫ਼—ਛਾਡਿ ਕੇ ਪਠਾਣ ਕੁਲ, ਰਾਮ ਨਾਮ ਕੀਨੇ ਪਾਠ,

ਭਵਨ ਪ੍ਰਤਾਪ ਸੂੰ ਵਾਜਿਦ ਬਾਜੀ ਜੀਤਯੋ ਹੈ।
ਹਿਰਣੀ ਹਤਿਤ ਉਰ, ਡਰ ਭਯੋ ਭਯਕਾਰ,
ਸੀਲ ਭਾਵ ਉਪਜਯੋ, ਦੁਸੀਲ ਭਾਵ ਬੀਤਯੋ ਹੈ।

**ਗ਼ੁਲਾਮ ਜੀਲਾਨੀ ਰੋਹਤਕੀ (1749-1819 ਈ.)**

ਗ਼ੁਲਾਮ ਜੀਲਾਨੀ ਰੋਹਤਕੀ ਦਾ ਜਨਮ ਸੱਯਦ ਬਦਰ ਦੀਨ ਦੇ ਘਰ ਹੋਇਆ। ਇਸ ਦਾ ਬਚਪਨ ਦਾ ਨਾਂ ਕੁਤਬਦੀਨ ਸੀ। ਮਾਂ ਦੀ ਮੌਤ ਤੋਂ ਬਾਅਦ ਆਪਣੇ ਨਾਨਕੇ ਚਲਾ ਗਿਆ। ਉਸ ਦੇ ਮਾਮੇ ਨੇ ਉਸ ਨੂੰ ਆਪਣਾ ਨਾਇਬ ਬਣਾ ਕੇ ਫ਼ੌਜ ਦਾ ਜਾਗੀਰਦਾਰ ਬਣਾ ਦਿੱਤਾ। ਪਰੰਤੂ ਉਸ ਨੂੰ ਜਾਗੀਰਦਾਰੀ ਜ਼ਿੰਦਗੀ ਪਸੰਦ ਨਹੀਂ ਸੀ। ਉਸ ਦਾ ਧਿਆਨ ਸਦਾ ਰੱਬੀ ਇਸ਼ਕ ਵੱਲ ਲੱਗਿਆ ਰਹਿੰਦਾ ਸੀ, ਜਿਸ ਕਾਰਨ ਉਸ ਨੇ ਆਪਣੇ ਇਸ਼ਕ ਨੂੰ ਚੌਪਈਆਂ ਤੇ ਚੌਬਰਗਿਆਂ ਵਿਚ ਕਾਵਿ-ਬੰਦ ਕੀਤਾ। ਉਸ ਦੀ ਕਵਿਤਾ ਉਤੇ ਪੰਜਾਬੀ ਨਾਲੋਂ ਹਿੰਦੀ ਰੰਗ ਭਾਰੀ ਹੈ। ਪਰੰਤੂ ਉਸ ਦੀ ਕਵਿਤਾ ਆਮ ਸਮਝ ਦੇ ਨੇੜੇ ਹੈ।

ਕੁਤਬਿ ਜ਼ਮਾ ਮਕਬੂਲਿ ਖ਼ੁਦਾ ਕੇ ਸ਼ਾਹ ਗ਼ੁਲਾਮ ਜੀਲਾਨੀ।
ਅਮੀਰੀ ਛੋਡ ਫ਼ਕੀਰੀ ਲੀਨੀ ਜੁਹਦ ਕੀਆ ਲਾਸਾਨੀ।
ਬਾਰਾਂ ਬਰਸ ਤਕ ਨਾਜ ਨਾ ਖਾਇਆ ਜਿਸਮ ਹੂਆ ਨੂਰਾਨੀ।
ਮਕਾ ਮਦੀਨਾ ਜ਼ਿਆਰਤ ਕਰ ਕੇ ਕੁਤਬ ਮਿਲਾ ਯਜ਼ਦਾਨੀ।
ਸ਼ਹਰ ਸਵਾਲ ਰਾਤ ਸਤਰਹਵੀਂ ਵਾਸਿਲ ਹੋਏ ਸੁਬਹਾਨੀ।
ਗਿਆਸ ਦੀਨ ਹੈ ਖ਼ਾਦਿਮ ਉਨ ਕਾ ਮੁਸ਼ਕਿਲ ਹੋ ਆਸਾਨੀ।

ਉਪਰੋਕਤ ਲਿਖਤ ਤੋਂ ਪਤਾ ਲਗਦਾ ਹੈ ਕਿ ਉਸ ਦੀ ਰਚਨਾ ਉਤੇ ਹਿੰਦੁਸਤਾਨੀ ਪ੍ਰਭਾਵ ਜ਼ਿਆਦਾ ਹੈ।

ਇਹਨਾਂ ਕਵੀਆਂ ਤੋਂ ਬਿਨਾਂ ਇਕ ਕਵੀ ਦਾਨਾਂ ਹੋਇਆ ਹੈ, ਜਿਸ ਦੀ ਕਵਿਤਾ ਉਪਲਭਦ ਨਹੀਂ ਹੈ। ਪਰੰਤੂ ਉਸ ਨੂੰ ਪੰਜਾਬੀ ਸਾਹਿਤ ਵਿਚ ਸੂਫ਼ੀ ਕਵੀਆਂ ਵਿਚ ਪ੍ਰਵਾਨ ਕੀਤਾ ਜਾਂਦਾ ਹੈ।

ਪੰਜਾਬ ਵਿਚ ਮੁਗ਼ਲਾਂ ਦੇ ਪਤਨ ਦੇ ਬਾਵਜੂਦ 18ਵੀਂ ਸਦੀ ਤਕ ਮੁਸਲਮਾਨਾਂ ਦਾ ਰਾਜ ਰਹਿਣ ਕਾਰਨ, ਇਸਲਾਮੀ ਸਾਹਿਤ ਨੂੰ ਪੰਜਾਬੀ ਵਿਚ ਵਿਕਸਿਤ ਹੋਣ ਦਾ ਜਿਹੜਾ ਮੌਕਾ ਮਿਲਿਆ, ਉਸ ਨਾਲ ਪੰਜਾਬੀ ਭਾਸ਼ਾ ਵਿਚ ਅਰਬੀ, ਫ਼ਾਰਸੀ ਸ਼ਬਦਾਵਲੀ ਦਾ ਪ੍ਰਚਲਨ ਵਧਿਆ। ਇਹ ਸਾਹਿਤ ਸੂਫ਼ੀ ਸਾਹਿਤ ਨਾਲੋਂ ਇਸ ਲਈ ਵੱਖਰਾ ਸੀ, ਕਿਉਂਕਿ ਇਸ ਰਾਹੀਂ ਇਸਲਾਮ ਦੇ ਅਸੂਲਾਂ ਦਾ ਖੁੱਲ੍ਹਾ ਪ੍ਰਚਾਰ ਕੀਤਾ ਗਿਆ। ਕਵੀਆਂ ਦਾ ਉਦੇਸ਼ ਸਾਹਿਤ ਰਚਣ ਨਾਲੋਂ ਇਸਲਾਮ ਦਾ ਪ੍ਰਚਾਰ ਕਰਨਾ ਵੱਧ ਸੀ। ਅਰਬੀ-ਫ਼ਾਰਸੀ ਸ਼ਬਦਾਵਲੀ ਕਾਰਨ ਇਹ ਕਵਿਤਾ ਹਿੰਦੂ ਧਰਮ ਅਤੇ ਵਧ ਰਹੇ ਸਿੱਖ ਪ੍ਰਵਾਹ ਨਾਲ ਸਬੰਧਤ ਲੋਕਾਂ ਵਿਚ ਆਪਣਾ ਜ਼ਿਆਦਾ ਸਥਾਨ ਨਾ ਬਣਾ ਸਕਿਆ। ਔਰੰਗਜ਼ੇਬ ਨੇ ਪ੍ਰਾਂਤਕ ਭਾਸ਼ਾਵਾਂ ਵਿਚ ਇਸਲਾਮੀ ਸਾਹਿਤ ਲਿਖਣ, ਮਕਤਬਾਂ, ਮਸਜਿਦਾਂ ਅਤੇ ਮਦਰੱਸਿਆਂ ਵਿਚ ਪੜ੍ਹਾਉਣ ਦੇ ਹੁਕਮ ਕਾਰਨ ਪੰਜਾਬੀ ਵਿਚ ਵੀ ਕੁਰਾਨ ਸ਼ਰੀਫ਼ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਆਮ ਹੋਣ ਲੱਗ ਪਿਆ ਸੀ। ਇਹ ਪ੍ਰਚਾਰ ਕਵਿਤਾ ਰਾਹੀਂ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹੋ ਸਕਦਾ ਸੀ। ਇਸ ਲਈ ਉਸ ਸਮੇਂ ਦੇ ਮੁਸਲਮਾਨ ਕਵੀਆਂ ਨੇ ਇਸਲਾਮ ਦੇ ਪ੍ਰਚਾਰ, ਪ੍ਰਸਾਰ ਲਈ ਜਿਹੜੀ ਕਵਿਤਾ ਲਿਖੀ ਉਹ ਪ੍ਰਾਂਤਕ ਭਾਸ਼ਾ ਵਿਚ ਹੋਣ

ਕਾਰਨ ਪੰਜਾਬ ਵਿਚ ਪੰਜਾਬੀ ਇਸਲਾਮੀ ਕਾਵਿ ਕਾਫ਼ੀ ਵੱਡੀ ਮਾਤਰਾ ਵਿਚ ਰਚਿਆ ਗਿਆ। ਜਿਹੜੇ ਕਵੀਆਂ ਨੇ ਇਸਲਾਮੀ ਸਾਹਿਤ ਦੀ ਰਚਨਾ ਕੀਤੀ, ਉਹਨਾਂ ਨੇ ਇਸਲਾਮੀ ਰਹੁ-ਰੀਤਾਂ, ਨਮਾਜ਼ ਦੀ ਪਾਬੰਦੀ, ਰੋਜ਼ੇ ਰੱਖਣ ਅਤੇ ਪਾਕ-ਸਾਫ਼ ਰਹਿਣ ਦਾ ਪ੍ਰਚਾਰ ਕੀਤਾ, ਉਹਨਾਂ ਵਿਚ ਹਾਫ਼ਿਜ਼ ਬਰਖ਼ੁਰਦਾਰ ਦੀ ਰਚੀ 'ਅਨਵਾਇ', ਅਬਦੁਲ ਕਰੀਮ ਦੀ ਰਚਨਾ 'ਨਜ਼ਾਤੁਲ ਮੋਮਨੀਨ', ਅਬਦੁਰ ਦੀ ਰਚਨਾ 'ਬਹਿਰੁਲ ਮਸਾਇਲ' ਆਦਿ ਦੇ ਕਲਾਮ ਇਸ ਪ੍ਰਸੰਗ ਵਿਚ ਕਾਫ਼ੀ ਮਹੱਤਵਪੂਰਨ ਹਨ। ਇਸ ਕਾਲ ਦੇ ਕਿੱਸਾਕਾਰਾਂ ਮੁਕਬਲ ਅਤੇ ਹਾਮਿਦ ਨੇ ਵੀ ਇਸ ਪ੍ਰਭਾਵ ਅਧੀਨ ਕਵਿਤਾ ਲਿਖੀ। ਮੁਕਬਲ ਨੇ ਪੀਰ ਮੀਰਾ ਦੀ ਸੀਹਰਫ਼ੀ ਲਿਖੀ, ਜਿਸ ਦੇ ਬੰਦਾਂ ਦੀ ਗਿਣਤੀ 30 ਬਣਦੀ ਹੈ। ਸੀਹਰਫ਼ੀ ਵਿਚ ਹਰ ਬੰਦ ਦਾ ਆਰੰਭ ਅਰਬੀ ਵਰਣਮਾਲਾ ਦੇ ਕ੍ਰਮ ਅਨੁਸਾਰ ਚਲਦਾ ਹੈ। ਪਹਿਲਾ ਬੰਦ ਅਲਿਫ਼, ਦੂਜਾ ਬੰਦ ਬੇ ਅਤੇ ਇਸੇ ਤਰ੍ਹਾਂ ਤੀਜੇ ਤੇ ਚੌਥੇ ਹਰਫ਼ ਅਨੁਸਾਰ ਕਾਵਿ-ਬੰਦ ਚੱਲਦੇ ਰਹਿੰਦੇ ਹਨ।

ਮੁਕਬਲ ਨੇ ਬੜੀ ਅਕੀਦਤ ਨਾਲ ਹਜ਼ਰਤ ਗੌਂਸ, ਅਬਦੁਲ ਕਾਦਰ ਜੀਲਾਨੀ ਦੀ ਤਾਰੀਫ਼ ਕੀਤੀ ਹੈ। ਅਲਿਫ਼ ਨਾਲ ਸ਼ੁਰੂ ਹੋਣ ਵਾਲੇ ਬੰਦ ਦਾ ਨਮੂਨਾ ਦੇਖੋ :

> ਅਲਿਫ਼ ਅੰਬੀਆਂ ਨਾਲ ਖ਼ੁਦਾਇ ਵਲੋਂ, ਜਬਰਾਈਲ ਸਵਾਲ ਜਵਾਬ ਕੀਤਾ।
> ਦਸਤਵੀਰ ਨੂੰ ਆਪਣਾ ਭੇਤ ਦਿੱਤਾ, ਓਸ ਵਹੀ ਥੀਂ ਰਬ ਹਜਾਬ ਕੀਤਾ।

ਹਾਮਦ ਨੇ ਇਸਲਾਮ ਨਾਲ ਸਬੰਧਤ ਜਿਹੜੀਆਂ ਪੁਸਤਕਾਂ ਰਚੀਆਂ, ਉਹਨਾਂ ਵਿਚ ਅਖ਼ਬਾਰਿ ਹਾਮਦ, ਗੁਲਜ਼ਾਰਿ ਹਾਮਦ, ਤਫ਼ਸੀਰ ਨਾਮਾ, ਫ਼ਕਰ-ਨਾਮਾ ਆਦਿ ਜ਼ਿਕਰਯੋਗ ਹਨ। ਇਹਨਾਂ ਪੁਸਤਕਾਂ ਵਿਚ ਜਿੱਥੇਂ ਇਸਲਾਮ ਦਾ ਪ੍ਰਚਾਰ ਹੈ, ਉਥੇ ਨਾਲ ਹੀ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਸਬੰਧੀ ਵੀ ਚੰਗੀ ਖਾਸੀ ਰੌਸ਼ਨੀ ਪਾਈ ਗਈ ਹੈ।

ਮੁਕਬਲ ਅਤੇ ਹਾਮਦ ਤੋਂ ਪਿੱਛੋਂ ਇਸ ਪਿੜ ਵਿਚ ਦੋ ਉਹ ਕਿੱਸਾਕਾਰ ਵੀ ਆਉਂਦੇ ਹਨ, ਜਿਨ੍ਹਾਂ ਦਾ ਜ਼ਿਕਰ ਮੁਕਬਲ ਦੇ ਹਾਮਦ ਦੀ ਤਰ੍ਹਾਂ ਕਿੱਸਾਕਾਰ ਕਵੀਆਂ ਨਾਲੋਂ ਵਧੇਰੇ ਪ੍ਰਚੱਲਿਤ ਹੈ। ਪਰ ਉਹਨਾਂ ਨੇ ਮਦਰਸਿਆਂ ਦੀ ਤਾਲੀਮ ਲਈ ਵੀ ਕੁਝ ਪੰਜਾਬੀ ਰਚਨਾਵਾਂ ਕੀਤੀਆਂ। ਫ਼ਰਦ ਫ਼ਕੀਰ ਤੇ ਗ਼ੁਲਾਮ ਕਾਦਰ ਸ਼ਾਹ ਦੀ ਇਸ ਖੇਤਰ ਵਿਚ ਕੀਤੀ ਖ਼ਿਦਮਤ ਵਿਚ ਅਸੀਂ ਫ਼ਰਦ ਫ਼ਕੀਰ ਦੀ 'ਰੋਸ਼ਨ ਦਿਲ' ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਾਂ। ਇਸ ਪੁਸਤਕ ਵਿਚ ਇਸਲਾਮ ਦੀ ਸਿੱਖਿਆ ਬੜੀ ਸਰਲ ਭਾਸ਼ਾ ਵਿਚ ਦਿੱਤੀ ਗਈ ਹੈ।

**ਸੱਯਦ ਗ਼ੁਲਾਮ ਕਾਦਰ ਸ਼ਾਹ**

18ਵੀਂ ਸਦੀ ਦਾ ਇਕ ਹੋਰ ਕਵੀ ਸੱਯਦ ਗ਼ੁਲਾਮ ਕਾਦਰ ਸ਼ਾਹ ਹੋਇਆ ਹੈ, ਜਿਸ ਦੀਆਂ ਮਾਝਾਂ ਪ੍ਰਸਿੱਧ ਹਨ।

ਜਿੰਨ੍ਹਾਂ ਕਵੀਆਂ ਦਾ ਇਸਲਾਮੀ ਅਦਬ ਦੇ ਪ੍ਰਸੰਗ ਵਿਚ ਅਸੀਂ ਉਪਰ ਜ਼ਿਕਰ ਕਰ ਚੁੱਕੇ ਹਾਂ, ਉਹਨਾਂ ਤੋਂ ਇਲਾਵਾ ਪਾਕਿਸਤਾਨ ਦੇ ਪ੍ਰਸਿੱਧ ਆਲੋਚਕ ਕੁਰੈਸ਼ੀ ਨੇ 'ਪੰਜਾਬੀ ਅਦਬ ਕੀ ਮੁਖ਼ਤਸਰ ਤਾਰੀਖ਼' ਪੁਸਤਕ ਵਿਚ ਕੁਝ ਹੋਰ ਕਵੀਆਂ ਦਾ ਜ਼ਿਕਰ ਵੀ ਕੀਤਾ ਹੈ। ਜਿੰਨ੍ਹਾਂ ਨੇ ਇਸਲਾਮੀ ਕਵਿਤਾ ਰਚੀ, ਕੁਰੈਸ਼ੀ ਅਨੁਸਾਰ ਇਹ ਕਵੀ ਹਨ—ਗ਼ੁਲਾਮ ਨਬੀ, ਹਾਫ਼ਿਜ਼ ਮੁਹੰਮਦ ਅਕਰਮ, ਅਬਦੁਲ ਲਾਹੌਰੀ ਤੇ ਹਾਫ਼ਿਜ਼ ਰਮਜ਼ਾਨ। ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਸ ਕਵਿਤਾ ਦਾ ਸਾਹਿਤਕ ਮੁੱਲ ਤਾਂ ਨਹੀਂ ਹੈ, ਕਿਉਂਕਿ ਇਹ ਰਚਨਾ ਸਿਰਫ਼ ਪ੍ਰਚਾਰ ਲਈ

ਹੋਈ ਹੈ। ਹਾਂ, ਪੰਜਾਬੀ ਭਾਸ਼ਾ ਨੂੰ ਅਰਬੀ-ਫ਼ਾਰਸੀ ਸ਼ਬਦਾਵਲੀ ਪੱਖੋਂ ਇਸ ਕਾਵਿ-ਧਾਰਾ ਦਾ ਮੁਲਾਂਕਣ ਗੌਲਣ ਯੋਗ ਹੈ।

-----

# ਭਗਤੀ ਕਾਵਿ

18ਵੀਂ ਸਦੀ ਵਿਚ ਗੁਰਮਤਿ ਕਾਵਿਧਾਰਾ ਵਰਗਾ ਵੇਦ ਨਹੀਂ ਹੈ, ਨਾ ਹੀ ਇਸ ਵਿਚ ਭਗਤੀ ਰਸ ਦੀਆਂ ਉਹ ਖ਼ੂਬਸੂਰਤ ਕਾਵਿਕ ਵਿਸ਼ੇਸ਼ਤਾਵਾਂ ਹਨ। 18ਵੀਂ ਸਦੀ ਦੇ ਇਹਨਾਂ ਕਵੀਆਂ ਵਿਚ ਇਸ ਦੌਰ ਦੇ ਭਗਤੀ ਰਸ ਦੀ ਭਰਪੂਰ ਕਾਵਿ-ਕੌਸ਼ਲਤਾ ਵੀ ਨਹੀਂ ਹੈ। ਭਾਵੇਂ ਰਮਾਇਣ ਅਤੇ ਕ੍ਰਿਸ਼ਨ ਕਾਵਿ ਦੀ ਓਤ-ਪੋਤ ਕਵਿਤਾ ਕਾਫ਼ੀ ਮਾਤਰਾ ਵਿਚ ਇਸ ਦੌਰ ਵਿਚ ਵੀ ਰਚੀ ਗਈ, ਪਰ ਇਸ ਦਾ ਕਾਵਿਕ ਪੱਧਰ ਪ੍ਰਭਾਵਸ਼ਾਲੀ ਨਹੀਂ ਹੈ, ਫੇਰ ਵੀ ਭਾਰਤੀ ਭਗਤੀ ਰਸ ਦੀ ਨਿਰੰਤਰਤਾ ਕਾਰਨ ਇਸ ਕਵਿਤਾ ਨੂੰ ਅਣਗੌਲਿਆ ਵੀ ਨਹੀਂ ਕੀਤਾ ਜਾ ਸਕਦਾ।

**ਗਰੀਬ ਦਾਸੀ ਸੰਪਰਦਾਇ**

ਗਰੀਬ ਦਾਸ (1717-1778 ਈ.) ਇਸ ਸੰਪਰਦਾਇ ਦੇ ਮੋਢੀ ਹਨ। ਪਰੰਤੂ ਉਹਨਾਂ ਦੀ ਧਾਰਨਾ ਅਨੁਸਾਰ ਕਬੀਰ ਜੀ ਦੀ ਬਾਣੀ ਦਾ ਅਨੁਸਰਨ ਕਰਕੇ ਹੀ ਉਹਨਾਂ ਨੇ ਜਿਸ ਸੰਪਰਦਾਇ ਦਾ ਮੁੱਢ ਬੰਨ੍ਹਿਆ, ਉਹ ਉਹਨਾਂ ਦੇ ਨਾਂ ਉਤੇ ਗਰੀਬ ਦਾਸੀ ਸੰਪਰਦਾਇ ਵਜੋਂ ਪ੍ਰਚੱਲਤ ਹੋਈ। ਗਰੀਬ ਦਾਸ ਭਾਰਤੀ ਕਵਿਤਾ ਅਤੇ ਅਧਿਆਤਮਵਾਦੀ ਵਿਚਾਰਧਾਰਾ ਵਿਚ ਇਕ ਵਿਸ਼ੇਸ਼ ਸਥਾਨ ਰਖਦੇ ਹਨ। ਉਹਨਾਂ ਦੀ ਬਾਣੀ ਜਿਸ ਗਰੰਥ ਵਿਚ ਸ਼ਾਮਲ ਹੈ, ਉਹ ‘ਰਤਨ ਸਾਗਰ’ ਜਾਂ ‘ਗਰੀਬ ਗ੍ਰੰਥ’ ਦੇ ਨਾਂ ’ਤੇ ਪ੍ਰਚੱਲਤ ਹੈ। ਸੰਤ ਗਰੀਬ ਦਾਸ ਦਾ ਮਤ ਸੀ ਕਿ ਰਾਮ ਤੇ ਰਹੀਮ ਵਿਚ ਕੋਈ ਅੰਤਰ ਨਹੀਂ ਹੈ। ਗਰੀਬ ਦਾਸ ਦਾ ਜਨਮ ਬਿਕਰਮੀ ਸੰਮਤ 1774 ਅਰਥਾਤ 1717 ਈਸਵੀ ਦੀ ਵਿਸਾਖ ਦੀ ਪੂਰਨਮਾਸੀ ਵਾਲੇ ਦਿਨ ਹੋਇਆ। ਆਪ ਦੀ ਰਚਨਾ ਦੋਹਿਆਂ ਜਾਂ ਸ਼ਲੋਕਾਂ ਦੇ ਰੂਪ ਵਿਚ ਮਿਲਦੀ ਹੈ। ਅਧਿਆਤਮਵਾਦ ਸਦਾਚਾਰ ਅਤੇ ਪ੍ਰੇਮਾ ਭਗਤੀ ਆਪ ਜੀ ਦੀ ਸਾਰੀ ਰਚਨਾ ਦੇ ਆਰ-ਪਾਰ ਫੈਲੀ ਹੋਈ ਹੈ। ਆਪ ਦੀ ਇਹ ਸਾਰੀ ਰਚਨਾ ਵਿਚ ਬਹੁਤਾ ਰੰਗ ਹਿੰਦੀ ਯੁਕਤ ਪੰਜਾਬੀ ਦਾ ਹੈ ਪਰ ਕੁਝ ਵਾਕੰਸ਼ ਮੂਲ ਪੰਜਾਬੀ ਦੇ ਵੀ ਹਨ। 1778 ਈਸਵੀ ਵਿਚ ਆਪ ਨੇ ਇਹ ਫਾਨੀ ਸੰਸਾਰ ਤਿਆਗ ਦਿੱਤਾ।

**ਰਾਮ-ਕਾਵਿ**

ਹਿੰਦੀ ਵਿਚ ਤੁਲਸੀ ਦਾਸ ਦੀ ਮਹਾਂ-ਕਾਵਿਕ ਰਚਨਾ ਰਾਮ ਚਰਿੱਤ ਮਾਨਸ ਜੋ ਚੌਪਈ ਛੰਦ ਵਿਚ ਹੈ। ਉਸ ਪੱਧਰ ਦੀ ਤਾਂ ਕੋਈ ਰਚਨਾ ਪੰਜਾਬੀ ਵਿਚ ਨਹੀਂ ਕੀਤੀ ਗਈ। ਹਾਂ, ਰਾਮ ਕਾਵਿ ਨਾਲ ਸਬੰਧਤ ਜੋ ਰਚਨਾਵਾਂ 18ਵੀਂ ਸਦੀ ਵਿਚ ਰਚੀਆਂ ਗਈਆਂ, ਉਹ ਮੂਲੋਂ ਰੱਦਣ ਯੋਗ ਵੀ ਨਹੀਂ ਹਨ, ਖ਼ਾਸ ਤੌਰ ’ਤੇ ਬਾਰਾਮਾਹ ‘ਸ੍ਰੀ ਰਾਮ ਚੰਦਰ ਜੀ’ ਜੋ ਕਿਸੇ ਗੁਰਦਾਸ ਸਿੰਘ ਦੀ ਰਚਨਾ ਹੈ, ਇਸ ਦਾ ਵਿਚਾਰਧਾਰਕ ਅਤੇ ਕਾਵਿਕ ਮਹੱਤਵ ਜ਼ਰੂਰ ਹੈ। ਇਹ ਰਚਨਾ ਸੂਤਰਿਕ ਸ਼ੈਲੀ ਵਿਚ ਹੈ। ਪਰ ਨਾਲ ਹੀ ਇਸ ਸ਼ੈਲੀ ਵਿਚ ਰਾਮ ਭਗਤੀ, ਬਿਰਹਾ ਵਰਣਨ ਤੇ ਪ੍ਰਕਿਰਤੀ

ਚਿਤਰਨ ਦੇ ਕੁਝ ਅਜਿਹੇ ਦ੍ਰਿਸ਼ ਜ਼ਰੂਰ ਮਿਲਦੇ ਹਨ, ਜਿਸ ਨਾਲ ਇਹ ਰਚਨਾ ਨੂੰ ਇਸ ਕਾਲ-ਖੰਡ ਦੇ ਪ੍ਰਸੰਗ ਵਿਚ ਵਿਚਾਰਨਾ ਜ਼ਰੂਰੀ ਹੈ।

ਬਾਰਾਂ-ਮਾਹਾ ਕਾਵਿ ਰੂਪ ਵਿਚ ਲਿਖੀ ਹੋਣ ਕਾਰਨ ਇਸ ਰਚਨਾ ਵਿਚ 'ਚੇਤਰ' ਤੋਂ ਲੈ ਕੇ 'ਫੱਗਣ' ਤਕ ਸਭ ਮਹੀਨਿਆਂ ਦੇ ਆਧਾਰ 'ਤੇ ਕਾਵਿ-ਬੰਦਾਂ ਦੀ ਰਚਨਾ ਹੋਈ ਹੈ। 'ਚੇਤਰ' ਮਹੀਨੇ ਵਿਚ ਰਾਮ ਚੰਦਰ ਦੇ ਅਵਤਾਰ ਧਾਰਨ ਦੀ ਗੱਲ ਤੇ ਬਰਸਾਤ ਮਹੀਨੇ ਤੋਂ ਕਵੀ ਇਕਦਮ ਰਾਮ ਚੰਦਰ ਦੇ ਬਨਵਾਸ ਦਾ ਬਿਰਤਾਂਤ ਸ਼ੁਰੂ ਕਰ ਦਿੰਦਾ ਹੈ। ਪਰ ਫਿਰ ਵੀ ਡਾ.ਰਵਿੰਦਰ ਸਿੰਘ ਰਵੀ ਨੇ ਆਪਣੀ ਪਹਿਲੀ ਖੋਜ ਪੁਸਤਕ 'ਪੰਜਾਬੀ ਰਾਮ ਕਾਵਿ' ਵਿਚ ਇਸ ਨੂੰ 18ਵੀਂ ਸਦੀ ਦੀ ਮਹੱਤਵਪੂਰਨ ਕਾਵਿ ਰਚਨਾ ਮੰਨਿਆ ਹੈ। ਇਸ ਰਚਨਾ ਵਿਚ ਬਿਰਹਾ ਵਰਣਨ, ਕਰੁਣਾ ਰਸ, ਪ੍ਰਕਿਰਤੀ ਚਿਤਰਨ ਆਦਿ ਦੇ ਜਿਹੜੇ ਨਮੂਨੇ ਮਿਲਦੇ ਹਨ, ਉਸ ਨਾਲ ਇਸ ਨੂੰ ਕਾਵਿ ਕਲਾ ਪੱਖੋਂ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸਾਵਣ ਮਹੀਨੇ ਦਾ ਸਬੰਧ ਜਿੱਥੇ ਵਰਖਾ ਨਾਲ ਹੈ, ਉਥੇ ਅੱਖਾਂ ਵਿਚ ਹੋਣ ਵਾਲੀ ਵਰਖਾ ਦੇ ਪ੍ਰਸੰਗ ਵਿਚ ਵੀ ਹੈ।

ਇਸੇ ਤਰ੍ਹਾਂ ਰਾਮ ਚੰਦਰ ਪ੍ਰਤੀ ਸ਼ਰਧਾ ਭਾਵਨਾ ਅਤੇ ਬਾਰਾਂ-ਮਾਹ ਦੀ ਵਿਸ਼ੇਸ਼ਤਾ ਵਜੋਂ ਪ੍ਰਕਿਰਤੀ ਚਿਤਰਨ ਦਾ ਜਿਹੜਾ ਵਰਣਨ ਇਸ ਕਵਿਤਾ ਵਿਚ ਮਿਲਦਾ ਹੈ, ਉਸ ਨਾਲ ਪੰਜਾਬੀ ਰਾਮ ਕਾਵਿ ਨਾਲ ਸਬੰਧਤ ਇਹ ਮਹੱਤਵਪੂਰਨ ਰਚਨਾ ਬਣ ਜਾਂਦੀ ਹੈ।

### ਕ੍ਰਿਸ਼ਨ ਕਾਵਿ

ਜਿਸ ਤਰ੍ਹਾਂ ਦੀ ਉਚ-ਕੋਟੀ ਦੀ ਕ੍ਰਿਸ਼ਨ ਲੀਲ੍ਹਾ ਦੇ ਨਮੂਨੇ ਹਿੰਦੀ ਵਿਚ ਮਿਲਦੇ ਹਨ, ਉਸ ਤਰ੍ਹਾਂ ਦਾ ਉਚ ਕੋਟੀ ਦਾ ਕ੍ਰਿਸ਼ਨ ਕਾਵਿ ਪੰਜਾਬੀ ਵਿਚ ਨਹੀਂ ਹੈ। ਸੂਰ ਦਾਸ ਦੀ ਰਚਨਾ 'ਸੂਰ ਸਾਗਰ' ਹਿੰਦੀ ਦੀ ਕ੍ਰਿਸ਼ਨ ਭਗਤੀ ਦੀ ਉਤਮ ਰਚਨਾ ਹੈ। ਤੁਲਸੀ ਦਾਸ ਦੀ 'ਰਾਮ ਚਿਤ੍ਰ ਮਾਨਸ' ਵਿਸ਼ਵ ਪ੍ਰਸਿੱਧ ਰਚਨਾ ਹੈ ਪਰ ਪੰਜਾਬੀ ਵਿਚ ਨਾ ਤਾਂ ਕੋਈ ਕ੍ਰਿਸ਼ਨ ਕਾਵਿ ਦੀ ਮਹਾਂ-ਕਾਵਿਕ ਰਚਨਾ ਹੈ ਅਤੇ ਨਾ ਹੀ ਸਮੁੱਚੇ ਜੀਵਨ ਤੇ ਬਿਰਤਾਂਤ ਨੂੰ ਪੇਸ਼ ਕਰਨ ਵਾਲੀ ਕੋਈ ਵੀ ਪੰਜਾਬੀ ਰਚਨਾ 18ਵੀਂ ਸਦੀ ਵਿਚ ਨਹੀਂ ਮਿਲਦੀ। ਹਾਂ, ਇਸ ਕਾਲ ਖੰਡ ਦੀ ਪਹਿਲੀ ਰਚਨਾ ਰਾਮ ਸੂਹੀ ਦੀ ਵਾਰ 'ਸਾਧੂ ਜਨ' (1725-1780 ਈ.) ਜ਼ਰੂਰ ਮਿਲਦੀ ਹੈ। ਵਾਰ ਕਾਵਿ ਹੋਣ ਦੇ ਬਾਵਜੂਦ ਕਵਿਤਾ ਦਾ ਸਮੁੱਚਾ ਪ੍ਰਭਾਵ ਭਗਤੀ ਕਾਵਿ ਭਰਪੂਰ ਹੈ। ਸਾਰੀ ਰਚਨਾ ਸਲੋਕ-ਪਉੜੀ ਦੇ ਰੂਪ ਵਿਚ ਲਿਖੀ ਹੈ। ਸ੍ਰੀ ਕ੍ਰਿਸ਼ਨ ਨੂੰ ਪੂਰਨ ਬ੍ਰਹਮ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਕ੍ਰਿਸ਼ਨ ਸੁਦਾਮਾ ਦੀ ਮਿੱਤਰਤਾ ਵਿਚ ਵੀ ਕ੍ਰਿਸ਼ਨ ਦੇ ਪ੍ਰਭੂ ਰੂਪ ਦਾ ਰੰਗ ਝਲਕਦਾ ਹੈ।

### ਪੂਤਨਾ ਦੀ ਵਾਰ

ਸਾਧੂ ਜਨ ਦੀ ਦੂਜੀ ਰਚਨਾ ਪੂਤਨਾ ਦੀ ਵਾਰ ਹੈ। ਇਸ ਰਚਨਾ ਰਾਹੀਂ ਕ੍ਰਿਸ਼ਨ ਨੂੰ ਅਵਤਾਰ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਖ਼ੁਸ਼ਹਾਲ ਰਾਇ ਨੇ ਬਿਸ਼ਨਪਦੇ (789) ਲਿਖੇ ਹਨ। ਰਚਨਾ ਵਿਚੋਂ ਪਤਾ ਲਗਦਾ ਹੈ ਕਿ ਇਹ ਕਵੀ 18ਵੀਂ ਸਦੀ ਦੇ ਪਹਿਲੇ ਅੱਧ ਵਿਚ ਮੁਗ਼ਲ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦਾ ਸਮਕਾਲੀ ਸੀ। ਖ਼ੁਸ਼ਹਾਲ ਰਾਇ ਦੇ

ਇਹਨਾਂ ਪਦਿਆਂ ਵਿਚ ਗੁਰਮਤਿ ਦਾ ਪ੍ਰਭਾਵ ਵੀ ਹੈ ਅਤੇ ਭਾਰਤੀ ਨਿਰਗੁਣ ਅਤੇ ਸਗੁਨ ਦਾ ਪ੍ਰਭਾਵ ਵੀ ਹੈ। ਵਧੇਰੇ ਪਦੇ ਕ੍ਰਿਸ਼ਨ, ਗੋਪੀਆਂ ਅਤੇ ਹੋਰ ਪ੍ਰੇਮ ਲੀਲ੍ਹਾ ਨਾਲ ਸਬੰਧਤ ਹਨ। ਸ਼ਿੰਗਾਰ ਰਸ ਅਤੇ ਸ਼ਾਂਤ ਰਸ ਦੇ ਨਾਲ ਨਾਲ ਇਹਨਾਂ ਪਦਿਆਂ ਵਿਚ ਅਲੰਕਾਰਾਂ ਦੀ ਰੰਗਤ ਵੀ ਕਾਫ਼ੀ ਗੂੜ੍ਹੀ ਹੈ, ਪਰ ਇਸ ਕਵੀ ਦੀ ਰਚਨਾ ਨੂੰ ਉਚ ਕੋਟੀ ਦੀ ਰਚਨਾ ਨਹੀਂ ਕਿਹਾ ਜਾ ਸਕਦਾ। ਇਹਨਾਂ ਪਦਿਆਂ ਤੋਂ ਬਿਨਾਂ ਖ਼ੁਸ਼ਹਾਲ ਰਾਏ ਨੇ 20 ਪਉੜੀਆਂ ਵਿਚ 'ਵਾਰ ਕਲਿਆਣੀ ਕੀ' ਦੀ ਰਚਨਾ ਵੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਪਹਿਲਾਂ ਛੇ ਤੁਕਾਂ ਦਾ ਸਲੋਕ ਅਤੇ ਫੇਰ ਪਉੜੀ ਆਉਂਦੀ ਹੈ।

**ਬਾਰਾ-ਮਾਹਾ**

ਬਾਰਾ-ਮਾਹਾ 18ਵੀਂ ਸਦੀ ਵਿਚ ਅਧਿਆਤਮਵਾਦੀ ਖੇਤਰ ਵਿਚ ਸਭ ਤੋਂ ਵੱਧ ਬਾਰਾ-ਮਾਹਾ ਦੀ ਰਚਨਾ ਹੋਈ ਹੈ। ਇਹਨਾਂ ਦਾ ਸਾਂਝਾ ਵਿਸ਼ਾ ਕ੍ਰਿਸ਼ਨ ਭਗਤੀ ਹੈ। ਇਸ ਦੌਰ ਵਿਚ ਤਿੰਨ ਕਵੀਆਂ ਦੇ ਬਾਰਾ-ਮਾਹ ਪ੍ਰਸਿੱਧ ਹਨ। ਇਹ ਕਵੀ ਹਨ—ਲਾਲ ਸਿੰਘ, ਕੇਸਰ ਸਿੰਘ ਛਿੱਬਰ ਤੇ ਭਾਈ ਮੱਲ ਸਿੰਘ। ਇਹ ਕਵੀ ਭਾਵੇਂ ਉਤਰ ਮੱਧ-ਕਾਲ ਵਿਚ ਗੁਰੂ ਘਰ ਦੇ ਨਿਕਟਵਰਤੀ ਵੀ ਸਨ ਪਰ ਬੈਂਤ ਛੰਦ ਵਿਚ ਇਹਨਾਂ ਦੇ ਬਾਰਾ-ਮਾਹ ਕ੍ਰਿਸ਼ਨ ਭਗਤੀ ਨਾਲ ਸਬੰਧਤ ਹਨ। ਅਕਸਰ ਬਾਰਾ-ਮਾਹ ਦਾ ਆਰੰਭ ਚੇਤਰ ਤੋਂ ਹੁੰਦਾ ਹੈ ਪਰ ਇਕ ਕਵੀ ਨੇ ਇਸ ਦਾ ਆਰੰਭ ਸਾਵਣ ਤੋਂ ਕੀਤਾ ਹੈ। ਬਿਰਹਾ ਵਰਣਨ ਇਸ ਕਿਸਮ ਦੀ ਰਚਨਾ ਦਾ ਪ੍ਰਧਾਨ ਲੱਛਣ ਹੈ। ਬੋਲੀ ਆਮ ਸਮਝ ਵਿਚ ਆਉਣ ਵਾਲੀ ਹੈ। ਕ੍ਰਿਸ਼ਨ ਅਤੇ ਗੋਪੀਆਂ ਜਾਂ ਰਾਧਾ ਕ੍ਰਿਸ਼ਨ ਦੀਆਂ ਪ੍ਰੇਮ ਕਹਾਣੀਆਂ ਇਹਨਾਂ ਰਚਨਾਵਾਂ ਦੇ ਆਧਾਰ ਹਨ। ਇਹ ਸਾਰੀਆਂ ਰਚਨਾਵਾਂ ਬੈਂਤ ਛੰਦ ਵਿਚ ਹਨ ਪਰੰਤੂ ਇਹ ਉਚ ਪੱਧਰ ਦੀ ਕਾਵਿਕ ਸਮੱਗਰੀ ਨਹੀਂ ਹੈ। ਇਹਨਾਂ ਕਵੀਆਂ ਤੋਂ ਇਲਾਵਾ 18ਵੀਂ ਸਦੀ ਦੇ ਬਾਰਾ-ਮਾਹਾ ਕਵੀਆਂ ਵਿਚ ਕਵੀ ਭਈਆ ਰਾਮ (ਬਾਰਾਮਾਹ ਦਿਲਚਮਨ ਦਾ), ਕਵੀ ਕੇਸ਼ੋ (ਗੁਣੀ ਰਚਿਤ), ਕਵੀ ਹਕੂਮਤ ਜਨ ਕ੍ਰਿਤ (ਕ੍ਰਿਸ਼ਨ ਲੀਲ੍ਹਾ) ਆਦਿ ਦਾ ਜ਼ਿਕਰ ਵੀ ਇਸ ਦੌਰ ਵਿਚ ਮਿਲਦਾ ਹੈ। ਇਹ ਬਾਰਾ-ਮਾਹ ਭਾਸ਼ਾ ਪੱਖੋਂ ਸਰਲ ਪੰਜਾਬੀ ਵਿਚ ਹਨ ਪਰ ਅਰਬੀ-ਫ਼ਾਰਸੀ ਤੇ ਬ੍ਰਜ ਭਾਸ਼ਾ ਤੇ ਲਹਿੰਦੀ ਦਾ ਪ੍ਰਭਾਵ ਵੀ ਸਾਰੀਆਂ ਰਚਨਾਵਾਂ ਦੇ ਆਰ-ਪਾਰ ਫੈਲਿਆ ਹੋਇਆ ਹੈ।

**ਮਿੱਠੜੇ**

ਕਿਸ਼ਨ ਕਾਵਿ ਨਾਲ ਸਬੰਧਤ 18ਵੀਂ ਸਦੀ ਦੀਆਂ ਕੁਝ ਪੰਜਾਬੀ ਰਚਨਾਵਾਂ ਨੂੰ ਮਿੱਠੜੇ ਦਾ ਨਾਂ ਵੀ ਦਿੱਤਾ ਗਿਆ ਹੈ। ਇਹ ਅਸਲ ਵਿਚ ਗੋਪੀਆਂ ਜਾਂ ਰਾਧਾ ਵੱਲੋਂ ਕ੍ਰਿਸ਼ਨ ਨੂੰ ਦਿੱਤੇ ਉਲਾਂਭੇ ਹਨ। ਅਸਲ ਵਿਚ ਕ੍ਰਿਸ਼ਨ ਭਗਤੀ ਵਿਚ ਲੀਨ ਗੋਪੀਆਂ ਕ੍ਰਿਸ਼ਨ ਪ੍ਰਤੀ ਇੰਨੀਆਂ ਸਮਰਪਿਤ ਹਨ ਕਿ ਉਹ ਆਪਣੇ ਪਿਆਰ ਨੂੰ ਪ੍ਰਗਟਾਉਣ ਲਈ ਕਾਨ੍ਹ ਨਾਲ ਨੋਕ-ਝੋਕ ਕਰਦੀਆਂ ਹਨ। ਇਸ ਤਰ੍ਹਾਂ ਦੀ ਕਵਿਤਾ ਲਿਖਣ ਵਾਲੇ 18ਵੀਂ ਸਦੀ ਦੇ ਤਿੰਨ ਪ੍ਰਮੁੱਖ ਕਵੀ ਹਨ।

**ਸੋਧਾ**

ਇਸ ਕਵੀ ਦੇ ਨੋਕ-ਝੋਕ ਭਰਪੂਰ ਉਲਾਂਭੇ ਦੋਹਰਾ, ਸੋਰਠਾ ਅਤੇ ਕਬਿੱਤ ਛੰਦ ਵਿਚ ਹਨ। ਬੋਲੀ ਸਰਲ ਪਰ ਵਿਅੰਗ ਭਰਪੂਰ ਹੈ। ਪ੍ਰੇਮ ਦੀ ਵਾਰ ਵਿਚ ਸੋਧਾ ਰਾਧਾ-ਕ੍ਰਿਸ਼ਨ ਪ੍ਰੇਮ ਨੂੰ ਸ਼ਿੰਗਾਰ ਰਸ ਵਿਚ ਪੇਸ਼ ਕਰਦਾ ਹੈ।

ਇਸ ਤੋਂ ਇਲਾਵਾ ਕੁਝ ਹੋਰ ਪ੍ਰਮੁੱਖ ਕਵੀਆਂ ਦੀਆਂ ਇਸੇ ਵਿਸ਼ੇ ਨਾਲ ਸਬੰਧਤ ਰਚਨਾਵਾਂ ਇਸ ਪ੍ਰਕਾਰ ਹਨ :

1. ਕਾਨ੍ਹ ਗੁਜਰੀ ਦਾ ਝੇੜਾ (ਕ੍ਰਿਤ ਕਵੀ ਦਾਨਾ)
2. ਸੰਬਾਦ ਊਧੋ ਤਥਾ ਗੋਪੀਆਂ ਦਾ (ਕ੍ਰਿਤ ਕਵੀ ਮਸਤ ਰਾਮ)
3. ਬੰਸਰੀ ਮਹਿਮਾ ਆਦਿ

ਇਹ ਸਾਰੀਆਂ ਰਚਨਾਵਾਂ ਲੋਕਧਾਰਾਈ ਰੰਗ ਦੀਆਂ ਹਨ। ਸਭ ਦਾ ਵਿਸ਼ਾ ਕਾਨ੍ਹ ਪ੍ਰਤੀ ਰਾਧਾ ਜਾਂ ਗੋਪੀਆਂ ਦੇ ਮਿਹਣੇ-ਤਾਹਨੇ ਹਨ। ਭਗਤੀ ਰਸ ਇਹਨਾਂ ਰਚਨਾਵਾਂ ਦਾ ਮੁੱਖ ਉਦੇਸ਼ ਹੈ।

**ਗੁਰਮਤਿ ਕਾਵਿ**

ਭਾਵੇਂ ਅਸੀਂ ਗੁਰਮਤਿ ਧਾਰਾ ਸਿਰਲੇਖ ਅਧੀਨ 18ਵੀਂ ਸਦੀ ਦੀ ਜਿਹੜੀ ਕਵਿਤਾ ਨੂੰ ਵਿਚਾਰ ਰਹੇ ਹਾਂ। ਉਹ ਗੁਰੂ ਆਸੇ ਅਨੁਕੂਲ ਨਹੀਂ ਹੈ। 18ਵੀਂ ਸਦੀ ਦੇ ਪਹਿਲੇ ਅੱਧ ਤਕ ਸਿੱਖ ਮੱਤ ਦੇ ਅਨੁਯਾਈ ਗੁਰੂ ਸਾਹਿਬਾਨ ਦੀ ਅਰਾਧਨਾ ਕਰਦੇ ਜਾਪਦੇ ਹਨ। 18ਵੀਂ ਸਦੀ ਦੇ ਪਿਛਲੇ ਅੱਧ ਵਿਚ ਭਾਵੇਂ ਸਿੱਖ ਮਿਸਲਾਂ ਦੀ ਚੜ੍ਹਤ ਹੋ ਜਾਂਦੀ ਹੈ ਪਰ ਇਸ ਧਾਰਾ ਅਧੀਨ ਕਵਿਤਾ ਰਚਣ ਵਾਲੇ ਕਵੀਆਂ ਕੋਲ ਉਹੀ ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਹੈ ਜੋ ਅਵਤਾਰਵਾਦ ਨੂੰ ਉਤਸ਼ਾਹਿਤ ਕਰਦਾ ਹੈ। ਭਾਵੇਂ ਕੁਝ ਥਾਂ ’ਤੇ ਗੁਰਬਾਣੀ ਦਾ ਪ੍ਰਭਾਵ ਵੀ ਹੈ ਤੇ ਗੁਰਬਾਣੀ ਦੀਆਂ ਤੁਕਾਂ ਨੂੰ ਜਿਉਂ ਦਾ ਤਿਉਂ ਦਿੱਤਾ ਗਿਆ ਹੈ। ਪਰ ਅਸਲ ਵਿਚ ਇਹ ਸਾਰੀ ਰਚਨਾ ਗੁਰਬਾਣੀ ਦੇ ਅਨੁਕੂਲ ਨਹੀਂ ਹੈ। ਇਹਨਾਂ ਰਚਨਾਵਾਂ ਉਤੇ ਬ੍ਰਿਜ ਭਾਸ਼ਾ ਦਾ ਡੂੰਘਾ ਰੰਗ ਹੈ। ਵਿਚਾਰਧਾਰਕ ਪੱਖੋਂ ਬਹੁਤੀ ਰਚਨਾ ਗੁਰਬਾਣੀ ਦੇ ਅਨੁਕੂਲ ਹੈ। ਛੰਦਾਬੰਦੀ ਪੱਖੋਂ ਕਵਿਤਾ ਬਹੁਤ ਕਮਜ਼ੋਰ ਹੈ। ਕਲਾਤਮਿਕਤਾ ਦੀ ਅਣਹੋਂਦ ਕਾਰਨ ਇਹ ਸਾਰਾ ਕਾਵਿ ਗੁਰਮਤਿ ਕਾਵਿ ਵਿਚ ਕੋਈ ਵਾਧਾ ਨਹੀਂ ਕਰਦਾ। ਇਹ ਸਿੱਧੇ-ਸਾਦੇ ਕਵੀਆਂ ਦਾ ਸੁਣੇ-ਸੁਣਾਏ ਬੋਲਾਂ ਨੂੰ ਕਵਿਤਾ ਵਿਚ ਢਾਲਣ ਦਾ ਯਤਨ ਹੈ। ਅਸਲ ਵਿਚ ਇਸ ਉਤੇ ਬ੍ਰਾਹਮਣਵਾਦ ਦਾ ਹੀ ਪ੍ਰਭਾਵ ਹੈ।

**ਭਗਤੀ ਕਾਵਿ**

ਭਗਤੀ ਕਾਵਿ ਗੁਰਮਤਿ ਕਾਵਿ ਨਾਲੋਂ ਕੁਝ ਵੱਖਰਾ ਸਿੱਧ ਹੁੰਦਾ ਹੈ। ਮੱਧ ਕਾਲ ਵਿਚ ਗੁਰਮਤਿ ਕਾਵਿ ਨੂੰ ਭਗਤੀ ਕਾਵਿ ਨਾਲੋਂ ਵੱਖਰੇ ਰੰਗ ਵਿਚ ਦੇਖਿਆ ਜਾ ਸਕਦਾ ਹੈ। ਪਰ 18ਵੀਂ ਸਦੀ ਵਿਚ ਜਿੱਥੇ ਗੁਰਮਤਿ ਧਾਰਾ ਦਾ ਪ੍ਰਭਾਵ ਵੀ ਬਲਵਾਨ ਨਹੀਂ ਜਾਪਦਾ। ਜਿਹੜੀ ਰਚਨਾ ਦੀ ਅਸੀਂ 18ਵੀਂ ਸਦੀ ਦੀ ਭਗਤੀ ਕਾਵਿ ਧਾਰਾ ਵਿਚ ਵਿਚਾਰ ਕਰ ਰਹੇ ਹਾਂ, ਉਸ ਵਿਚ ਭਗਤੀ ਕਾਵਿ ਦੇ ਨਾਲ-ਨਾਲ ਕਿਤੇ ਕਿਤੇ ਗੁਰਮਤਿ ਰੰਗ ਵੀ ਨਜ਼ਰ ਆਉਂਦਾ ਹੈ। ਇਸ ਦੌਰ ਵਿਚ ਉਦਾਸੀ, ਸੇਵਾ ਪੰਥੀਏ, ਦੀਵਾਨੇ, ਮਿਹਰਬਾਨੀਏ, ਨਿਰਮਲੇ, ਗੁਲਾਬ ਦਾਸੀਏ, ਦਾਦੂ ਪੰਥੀਏ, ਸਹਿਜ ਸੂਫ਼ੀ, ਨਿਰਗੁਣੀਏ, ਸਗੁਣੀਏ ਆਦਿ ਧਾਰਾਵਾਂ ਦੇ ਕਵੀਆਂ ਦੀ ਰਚਨਾ ਵਿਚਾਰੀ ਜਾ ਸਕਦੀ ਹੈ। ਪ੍ਰਧਾਨ ਰੰਗ ਕੇਂਦਰੀ ਪੰਜਾਬੀ ਦਾ ਹੈ ਪਰ ਨਾਲ ਨਾਲ ਲਹਿੰਦੀ ਅਤੇ ਅਰਬੀ-ਫ਼ਾਰਸੀ ਤੇ ਕਿਤੇ ਕਿਤੇ ਸੰਸਕ੍ਰਿਤ ਦਾ ਰੰਗ ਵੀ ਮਿਲਦਾ ਹੈ। ਇਹ ਸਾਰੀ ਰਚਨਾ ਭਗਤੀ ਧਾਰਾ ਨੂੰ ਇਕਸੁਰ ਕਰਨ ਦੀ ਥਾਂ ਇਸ ਧਾਰਾ ਨੂੰ ਖੰਡਿਤ ਕਰਦੀ ਹੈ। ਭਾਵੇਂ ਇਹਨਾਂ ਕਵੀਆਂ ਦੀ ਕਵਿਤਾ ਵਿਚ ਕਿਤੇ ਕਿਤੇ ਕਲਾਤਮਿਕ ਰੰਗ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ, ਪਰੰਤੂ ਲੋਕਧਾਰਾ

ਇਹਨਾਂ ਸਭ ਕਵੀਆਂ ਦੀ ਰਚਨਾ ਵਿਚ ਵਧੇਰੇ ਉਘੜੀ ਹੈ। ਇਹ ਕਵੀ ਵੀ ਪੰਜਾਬੀ ਸਾਹਿਤ ਵਿਚ ਕੋਈ ਵਿਸ਼ੇਸ਼ ਗੁਣਾਤਮਿਕ ਵਾਧਾ ਨਹੀਂ ਕਰਦੇ।

– – – – –

## ਵਾਰਤਕ ਧਾਰਾ

ਭਾਵੇਂ ਆਦਿ ਕਾਲੀਨ (850–1526 ਈ.) ਪੰਜਾਬੀ ਸਾਹਿਤ ਵਿਚ ਵੀ ਵਾਰਤਕ ਰਚਨਾ ਦੀ ਟੋਹ ਮਿਲਦੀ ਹੈ। ਮੱਧ ਕਾਲ (1526–1708 ਈ.) ਵਿਚ ਵੀ ਅਸਲੀ ਪੰਜਾਬੀ ਵਾਰਤਕ ਦੇ ਦਰਸ਼ਨ ਹੁੰਦੇ ਹਨ। ਇਸ ਕਿਸਮ ਦੀ ਵਾਰਤਕ ਦਾ ਸੁਭਾ ਇਸ ਕਾਲ ਦੀ ਕਵਿਤਾ ਨਾਲੋਂ ਬਹੁਤਾ ਵੱਖਰਾ ਨਹੀਂ। ਇਸ ਵਾਰਤਕ ਦੇ ਕਈ ਰੂਪ ਜੋ ਸਾਡੇ ਤਕ ਪਹੁੰਚੇ ਹਨ, ਉਹ ਇਸ ਪ੍ਰਕਾਰ ਹਨ :

ੳ. ਜਨਮਸਾਖੀ ਸਾਹਿਤ

ਅ. ਸਾਖੀਆਂ ਤੇ ਪਰਚੀਆਂ

ੲ. ਟੀਕੇ

ਸ. ਹੁਕਮਨਾਮੇ

ਹ. ਰਹਤਨਾਮੇ

ਕ. ਅਨੁਆਦ

ਇਸ ਤਰ੍ਹਾਂ ਦੀ ਵਾਰਤਕ ਦਾ ਸੁਭਾ ਅਤੇ ਭਾਸ਼ਾ ਸਾਧ ਭਾਖਾ ਦੇ ਨੇੜੇ ਹੈ। ਧਾਰਮਿਕ ਥਾਵਾਂ ਉਤੇ ਜਿਸ ਤਰ੍ਹਾਂ ਦੀ ਭਾਸ਼ਾ ਬੋਲੀ ਜਾਂਦੀ ਸੀ, ਉਸੇ ਤਰ੍ਹਾਂ ਦੀ ਭਾਸ਼ਾ ਹੀ ਇਸ ਦੌਰ ਦੀ ਵਾਰਤਕ ਦਾ ਤਾਣਾ-ਪੇਟਾ ਬਣਦੀ ਹੈ।

**18ਵੀਂ ਸਦੀ ਦੀ ਵਾਰਤਕ**

18ਵੀਂ ਸਦੀ ਦੀ ਪੰਜਾਬੀ ਵਾਰਤਕ ਨਾਲ ਗੱਦ ਰਚਨਾ ਅਗਲੇਰੇ ਪੜਾ ਵਿਚ ਦਾਖਲ ਹੁੰਦੀ ਹੈ;ਭਾਵੇਂ ਭਾਸ਼ਾ ਦੇ ਵਿਸ਼ਾ ਵਸਤੂ ਪੱਖੋਂ ਇਹ ਗੱਦ ਰਚਨਾ ਕੋਈ ਵਿਸ਼ੇਸ਼ ਮੋੜ ਨਹੀਂ ਕੱਟਦੀ ਪਰ ਵਿਕਾਸ ਦੇ ਅਗਲੇ ਪੜਾ ਦੀ ਜ਼ਾਮਨ ਜ਼ਰੂਰ ਬਣਦੀ ਹੈ।

**ਭਾਈ ਮਨੀ ਸਿੰਘ**

18ਵੀਂ ਸਦੀ ਦੀ ਪ੍ਰਸਿੱਧ ਸਿੱਖ ਸ਼ਖ਼ਸੀਅਤ ਸੀ। ਕਹਿੰਦੇ ਹਨ ਕਿ ਜਿਸ ਤਰ੍ਹਾਂ ਦੀ ਨੇੜਤਾ ਭਾਈ ਗੁਰਦਾਸ ਦੀ ਗੁਰੂ ਅਰਜਨ ਦੇਵ ਜੀ ਨਾਲ ਸੀ, ਬਿਲਕੁਲ ਉਸੇ ਤਰ੍ਹਾਂ ਦੇ ਸਬੰਧ ਭਾਈ ਮਨੀ ਸਿੰਘ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨਾਲ ਸਨ। ਭਾਈ ਮਨੀ ਸਿੰਘ ਨੇ ਹੀ ਦਸਮ ਗ੍ਰੰਥ ਅਤੇ ਦਮਦਮਾ ਸਾਹਿਬ ਬੀੜ ਤਿਆਰ ਕੀਤੀ ਸੀ। ਪਿੱਛੋਂ ਭਾਈ ਮਨੀ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਵੀ ਰਹੇ। ਆਪ ਜੀ ਦੇ ਨਾਮ ਉਤੇ ਦੋ ਗੱਦ ਰਚਨਾਵਾਂ ਪ੍ਰਚੱਲਿਤ ਹਨ—ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ। ਗਿਆਨ ਰਤਨਾਵਲੀ ਭਾਈ ਗੁਰਦਾਸ ਦੀ ਪਹਿਲੀ ਵਾਰ ਅਤੇ ਭਗਤ ਰਤਨਾਵਲੀ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਹੈ। ਗਿਆਨ ਰਤਨਾਵਲੀ ਵਿਚ ਗੁਰੂ ਨਾਨਕ ਦੇਵ ਜੀ ਅਤੇ ਕੁਝ ਹੋਰ ਗੁਰੂਆਂ ਦੀਆਂ ਸਾਖੀਆਂ ਹਨ ਅਤੇ ਭਗਤ ਰਚਨਾਵਲੀ ਵਿਚ ਭਗਤਾਂ ਦੀਆਂ ਸਾਖੀਆਂ ਹਨ। ਗਿਆਨ ਰਤਨਾਵਲੀ ਦੀ ਸ਼ੈਲੀ ਭਾਈ ਬਾਲੇ ਦੀ ਸਾਖੀ ਨਾਲੋਂ ਵੱਖਰੀ ਹੈ। ਇਸ ਵਿਚ ਸਾਖੀਆਂ ਵਾਲੀ

ਨਾਟਕੀ ਕਥਾ ਨਹੀਂ ਹੈ ਪਰ ਭਾਸ਼ਾ ਪੱਖੋਂ ਇਸ ਰਚਨਾ ਦਾ ਰੰਗ ਸਾਫ ਸੁਥਰੀ ਪੰਜਾਬੀ ਵਾਲਾ ਹੈ ਪਰ ਕਿਤੇ-ਕਿਤੇ ਬ੍ਰਿਜ ਭਾਸ਼ਾ ਦਾ ਵੀ ਪ੍ਰਭਾਵ ਹੈ। ਲਹਿੰਦੀ ਦਾ ਪ੍ਰਭਾਵ ਇਸ ਰਚਨਾ ਵਿਚ ਘੱਟ ਹੋਣ ਕਾਰਨ ਇਹ ਪੰਜਾਬੀ ਵਾਰਤਕ ਦਾ ਅਗਲਾ ਪੜਾ ਕਹੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭਾਵ ਕਾਰਨ ਭਾਈ ਮਨੀ ਸਿੰਘ ਉਤੇ ਸੰਸਕ੍ਰਿਤ, ਫ਼ਾਰਸੀ ਅਤੇ ਬ੍ਰਿਜ ਦਾ ਕਾਫ਼ੀ ਪ੍ਰਭਾਵ ਹੈ। ਪਰ ਆਪ ਨੇ ਜੋ ਕੁਝ ਵੀ ਲਿਖਿਆ ਹੈ, ਉਹ ਬਿਲਕੁਲ ਸਪਸ਼ਟ ਹੈ।

ਕੁਝ ਵਿਦਵਾਨ ਭਾਈ ਮਨੀ ਸਿੰਘ ਦੀਆਂ ਇਹਨਾਂ ਰਚਨਾ ਨੂੰ ਭਾਈ ਸਾਹਿਬ ਦੀਆਂ ਨਹੀਂ ਮੰਨਦੇ ਉਹ ਕਿਸੇ ਉਤਰਵਰਤੀ ਸਿੱਖ ਦੀ ਰਚਨਾ ਮੰਨਦੇ ਹਨ, ਕਿਉਂਕਿ ਅਮਨ ਤੋਂ ਪਿੱਛੋਂ ਉਤਰ ਦੇ ਆਰੰਭ ਵਿਚ ਭਾਈ ਮਨੀ ਸਿੰਘ ਦਾ ਨਾਂ ਆਉਂਦਾ ਹੈ, ਜਿਸ ਕਾਰਨ ਵਿਦਵਾਨ ਭਾਈ ਮਨੀ ਸਿੰਘ ਦੀਆਂ ਇਹਨਾਂ ਰਚਨਾਵਾਂ ਨੂੰ ਇਹਨਾਂ ਦੇ ਨਾਂ ਉਤੇ ਟਾਂਕਣ ਦੇ ਹੱਕ ਵਿਚ ਵਿਚ ਨਹੀਂ ਹਨ, ਕਿਉਂਕਿ ਵਾਰ-ਵਾਰ ਰਚਨਾ ਵਿਚ ਭਾਈ ਮਨੀ ਸਿੰਘ ਦਾ ਨਾਂ ਇਸ ਤਰ੍ਹਾਂ ਆਉਂਦਾ ਹੈ, ''ਇਕ ਸਮੇਂ ਭਾਈ ਮਨੀ ਸਿੰਘ ਨੂੰ ਸਿੱਖਾਂ ਨੇ ਪ੍ਰਸ਼ਨ ਕੀਤਾ ਤਾਂ...ਭਾਈ ਮਨੀ ਸਿੰਘ ਜੀ ਵਚਨ ਕੀਤਾ।'' ਪਰ ਅਸੀਂ ਸਮਝਦੇ ਹਾਂ ਕਿ ਇਹ ਭਾਈ ਮਨੀ ਸਿੰਘ ਦੀ ਸ਼ੈਲੀ ਹੈ ਕਿ ਭਾਈ ਮਨੀ ਸਿੰਘ ਉਸ ਦਾ ਨਾਂ ਹਰ ਥਾਂ ਹੀ ਅੰਨਯ ਪੁਰਖ ਦੀ ਥਾਂ 'ਤੇ ਲਾਇਆ ਜਾਂਦਾ ਹੈ। ਇਹ ਵੀ ਸੰਭਵ ਹੈ ਕਿ ਭਾਈ ਮਨੀ ਸਿੰਘ ਦਾ ਕੋਈ ਸੇਵਕ ਉਸ ਦੇ ਵਿਚਾਰਾਂ ਨੂੰ ਉਸ ਦੀ ਭਾਸ਼ਾ ਵਿਚ ਹੀ ਨਾਲ-ਨਾਲ ਲਿਖ ਰਿਹਾ ਹੋਵੇ। ਪਰ ਇਹ ਰਚਨਾਵਾਂ ਵਿਚ ਆਏ ਵਿਚਾਰ ਭਾਈ ਮਨੀ ਸਿੰਘ ਦੇ ਹੀ ਹਨ। ਉਂਜ ਭਾਈ ਮਨੀ ਸਿੰਘ ਦੀਆਂ ਇਹ ਰਚਨਾਵਾਂ ਪੁਰਾਤਨ ਸਾਖੀ ਸਾਹਿਤ ਵਿਚ ਕੋਈ ਵੱਡਾ ਗੁਣਾਤਮਕ ਵਾਧਾ ਨਹੀਂ ਕਰਦੀਆਂ। ਇਹ ਤਾਂ ਉਸ ਦੇ ਸਿੱਖ ਮੱਤ ਦੇ ਅਨਿਨ ਸਿੱਖ ਹੋਣ ਦਾ ਪ੍ਰਮਾਣ ਹਨ। ਉਂਜ ਗਿਆਨ ਅਤੇ ਸਿੱਖਿਆ ਪੱਖੋਂ ਇਹ ਰਚਨਾਵਾਂ ਸਿੱਖ ਸੰਗਤਾਂ ਵਿਚ ਗੁਰੂ ਘਰ ਅਤੇ ਭਗਤ ਸ਼ਖ਼ਸੀਅਤਾਂ ਵਿਚ ਭਰੋਸਾ ਜ਼ਰੂਰ ਪੱਕਾ ਕਰਦੀਆਂ ਹਨ।

**ਪ੍ਰੇਮ ਸਮਾਰਗ**

ਇਹ 18ਵੀਂ ਸਦੀ ਦੀ ਦੂਜੀ ਪ੍ਰਸਿੱਧ ਰਚਨਾ ਹੈ। ਪੰਜਾਬੀ ਦੇ ਪ੍ਰਸਿੱਧ ਵਿਦਵਾਨ ਡਾ.ਮੋਹਨ ਸਿੰਘ ਦੀਵਾਨਾ ਨੇ ਤਾਂ ਇਸ ਰਚਨਾ ਦੇ ਆਧਾਰ 'ਤੇ ਹੀ ਇਸ ਕਾਲ ਨੂੰ ਪ੍ਰੇਮ ਸੁਮਾਰਗ ਕਾਵਿ ਦਾ ਨਾਂ ਦੇ ਦਿੱਤਾ ਹੈ। ਕੁਝ ਵਿਦਵਾਨ ਪ੍ਰੇਮ ਸੁਮਾਰਗ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੱਸਦੇ ਹਨ। ਪਰ ਕਿਸੇ ਹਵਾਲੇ ਤੋਂ ਵੀ ਇਹ ਗੁਰੂ ਸਾਹਿਬ ਦੀ ਰਚਨਾ ਸਿੱਧ ਨਹੀਂ ਹੁੰਦੀ। ਇਹ ਗੁਰੂ ਗੋਬਿੰਦ ਸਿੰਘ ਦੇ ਕਿਸੇ ਉਤਰਵਰਤੀ ਸਿੱਖ ਦੀ ਰਚਨਾ ਹੋ ਸਕਦੀ ਹੈ। ਡਾ.ਦੀਵਾਨਾ ਨੇ ਤਾਂ ਇਸ ਰਚਨਾ ਨੂੰ ਅਫ਼ਲਾਤੂਨ ਦੀ ਰਚਨਾ ਗਣਰਾਜ ਦੇ ਬਰਾਬਰ ਕਹਿਣ ਦਾ ਵੀ ਦਾਅਵਾ ਕੀਤਾ ਹੈ ਪਰੰਤੂ ਗਣਰਾਜ ਨਾਲ ਇਸ ਰਚਨਾ ਨੂੰ ਬਿਲਕੁਲ ਵੀ ਤੁਲਨਾਇਆ ਨਹੀਂ ਜਾ ਸਕਦਾ।

ਅਸੀਂ ਭਾਸ਼ਾ ਸ਼ੈਲੀ ਪੱਖੋਂ ਇਸ ਰਚਨਾ ਦਾ ਮੁਲਾਂਕਣ ਕਰਨਾ ਹੋਵੇ ਤਾਂ 18ਵੀਂ ਸਦੀ ਦੀ ਇਹ ਇਕ ਸੁਧਰੀ ਪੰਜਾਬੀ ਦਾ ਨਮੂਨਾ ਕਹੀ ਜਾ ਸਕਦੀ ਹੈ।

**ਸੇਵਾ ਦਾਸ ਉਦਾਸੀ**

ਪਰਚੀਆਂ ਦਸਾਂ ਪਾਤਸ਼ਾਹੀਆਂ 18ਵੀਂ ਸਦੀ ਦੀ ਇਕ ਹੋਰ ਗੱਦ ਰਚਨਾ ਹੈ। ਇਸ ਰਚਨਾ ਦਾ ਕਰਤਾ ਸੇਵਾ ਦਾਸ ਉਦਾਸ ਨੂੰ ਮੰਨਿਆ ਜਾਂਦਾ ਹੈ। ਇਸ ਵਿਚ ਪੰਜਾਹ ਸਾਖੀਆਂ ਹਨ। ਅਠੱਤੀ ਸਾਖੀਆਂ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਅਤੇ 12 ਸਾਖੀਆਂ ਪੂਰਵਲੇ ਗੁਰੂਆਂ ਨਾਲ ਸਬੰਧਤ ਹਨ। ਬੋਲੀ ਤੇ ਸ਼ੈਲੀ ਵੀ ਭਾਈ ਮਨੀ ਸਿੰਘ ਅਤੇ ਪ੍ਰੇਮ

ਸੁਮਾਰਗ ਨਾਲ ਮਿਲਦੀ ਜੁਲਦੀ ਹੈ। 'ਸਿੰਘਾਸਨ ਬਤੀਸੀ' ਦਾ ਰਚਨਾ ਕਾਲ 1788 ਬਿਕਰਮੀ ਅਰਥਾਤ 1730 ਈ. ਹੈ। ਇਸ ਦਾ ਕਰਤਾ ਸੋਢੀ ਮਿਹਰਬਾਨ ਨੂੰ ਮੰਨਿਆ ਜਾਂਦਾ ਹੈ। ਇਸ ਰਚਨਾ ਨੂੰ ਵੀ 18ਵੀਂ ਸਦੀ ਦੀ ਰਚਨਾ ਮੰਨਿਆ ਜਾਣਾ ਚਾਹੀਦਾ ਹੈ।

**ਅੱਡਣ ਸ਼ਾਹ**

ਅੱਡਣ ਸ਼ਾਹੀ ਸੰਪਰਦਾਇ ਵਿਰਕਤ ਤਬਕਾ ਹੈ। ਇਸ ਸੰਪਰਦਾਇ ਦੇ ਲੇਖਕ ਗੁਰਬਾਣੀ ਦੀ ਵਿਆਖਿਆ ਰੌਚਿਕ ਢੰਗ ਨਾਲ ਕਰਦੇ ਪ੍ਰਤੀਤ ਹੁੰਦੇ ਹਨ। ਸਾਖੀਆਂ ਅੱਡਣ ਸ਼ਾਹ ਵਿਚ ਗੁਰਬਾਣੀ ਦੀ ਸਮਝ ਨੂੰ ਬੜੇ ਰੌਚਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਗੁਰੂ ਦੇ ਸਿੱਖ ਦਾ ਸਬੰਧ ਬੁਰਾਈ ਤੋਂ ਮੁਕਤ ਹੋਣ ਦੇ ਉਪਾਅ ਸਿੱਖ ਤੇ ਸਾਧ ਸੰਗਤ ਦੇ ਗੁਣ ਆਦਿ ਸਭ ਵਿਚਾਰਾਂ ਨੂੰ ਸਰਲ ਰੌਚਿਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਾਲੀਆਂ ਇਹ ਸਾਖੀਆਂ 18ਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਰਚਨਾ ਹੈ। ਇਸ ਸੰਪਰਦਾਇ ਨਾਲ ਸਹਿਜ ਰਾਮ ਦਾ ਨਾਂ ਵੀ ਜੋੜਿਆ ਜਾਂਦਾ ਹੈ। ਉਸ ਨੇ ਵੀ ਕਾਫ਼ੀ ਮਾਤਰਾ ਵਿਚ ਗੱਦ ਰਚਨਾ ਕੀਤੀ।

**ਅਨੰਦਘਣ**

ਬਾਬਾ ਸ੍ਰੀ ਚੰਦ ਵੱਲੋਂ ਚਲਾਏ ਗਏ ਉਦਾਸੀ ਸੰਪਰਦਾਇ ਅਨੁਕੂਲ ਜਪੁਜੀ, ਸਿਧ ਗੋਸ਼ਟਿ, ਆਰਤੀ ਤੇ ਆਨੰਦ ਟੀਕਾ ਕੀਤਾ। ਇਹਨਾਂ ਰਚਨਾਵਾਂ ਨਾਲ ਆਨੰਦਘਣ ਭਾਸ਼ਾ ਤੇ ਸ਼ੈਲੀ ਪੱਖੋਂ ਸੁਲਝੇ ਹੋਏ ਗੱਦਕਾਰ ਸਿੱਧ ਹੁੰਦੇ ਹਨ। ਕੱਟੜਾ ਆਪ ਦੀ ਵਿਚਾਰਧਾਰਾ ਨੂੰ ਕਠੋਰ ਵੀ ਬਣਾਉਂਦੀ ਹੈ।

**ਮਾਲਵਾ ਦੇਸ਼ ਰਟਨ ਸਾਖੀ ਪੋਥੀ**

ਇਹ 18ਵੀਂ ਸਦੀ ਦੀ ਇਕ ਮਹੱਤਵਪੂਰਨ ਪੁਸਤਕ ਹੈ, ਜਿਸ ਵਿਚ ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਲਵਾ ਭ੍ਰਮਣ ਨੂੰ ਬੜੇ ਰੌਚਿਕ ਤੇ ਸਰਲ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਕ ਗੱਦ ਰਚਨਾ ਦੇ ਰੂਪ ਵਿਚ ਇਹ ਇਸ ਦੌਰ ਦੀ ਮਹੱਤਵਪੂਰਨ ਰਚਨਾ ਹੈ।

**ਪੱਕੀ ਰੋਟੀ**

'ਪੱਕੀ ਰੋਟੀ' ਕਿਸੇ ਮੁਸਲਮਾਨ ਲੇਖਕ ਦੀ ਰਚਨਾ ਜਾਪਦੀ ਹੈ। ਇਸ ਵਿਚ ਇਸਲਾਮ ਧਰਮ ਤੇ ਰਹੁ-ਰੀਤਾਂ ਦਾ ਵਰਨਣ ਹੈ। ਲਹਿੰਦੀ ਉਪ-ਭਾਖਾ ਵਿਚ ਹੋਣ ਕਾਰਨ 'ਦ' ਦੀ ਥਾਂ 'ਡ' ਅਤੇ ਕੁਝ ਸ਼ਬਦ ਮਾਝੀ ਰੰਗਤ ਦੇ ਵੀ ਹਨ। ਉਂਜ ਅਰਬੀ-ਫ਼ਾਰਸੀ ਦਾ ਪ੍ਰਭਾਵ ਗੂੜ੍ਹਾ ਹੈ। ਇਸ ਰਚਨਾ ਤੋਂ ਪਤਾ ਲਗਦਾ ਹੈ ਕਿ ਲਹਿੰਦੇ ਪੰਜਾਬ ਵਿਚ 18ਵੀਂ ਸਦੀ ਦੇ ਲੋਕ ਜਨਸੰਖਿਆ ਪੱਖੋਂ ਵੱਡੀ ਗਿਣਤੀ ਵਿਚ ਮੁਸਲਮਾਨ ਹੋਣਗੇ। 'ਪੱਕੀ ਰੋਟੀ' ਦਾ ਕਰਤਾ ਵਿਦਵਾਨ ਵੀ ਹੋਵੇਗਾ ਅਤੇ ਆਮ ਭਾਸ਼ਾ ਉਤੇ ਉਸ ਦੀ ਡੂੰਘੀ ਪਕੜ ਵੀ ਹੋਵੇਗੀ। ਉਂਜ ਵੀ ਲਹਿੰਦੇ ਪੰਜਾਬ ਵਿਚ ਧਾਰਮਿਕ ਰਵਾਦਾਰੀ ਦਾ ਪ੍ਰਭਾਵ ਵੀ ਇਸ ਰਚਨਾ ਤੋਂ ਸਿੱਧ ਹੁੰਦਾ ਹੈ।

ਦੋ ਅਜਿਹੇ ਗੱਦਕਾਰ ਕਵੀ 18ਵੀਂ ਸਦੀ ਵਿਚ ਹੋਏ ਹਨ, ਜਿੰਨ੍ਹਾਂ ਨੇ ਭਾਵੇਂ ਕਵਿਤਾ ਵੀ ਲਿਖੀ ਪਰ ਉਹਨਾਂ ਦਾ ਜ਼ਿਕਰ ਇਸ ਦੌਰ ਦੀ ਗੱਦ ਰਚਨਾ ਵਿਚ ਵੀ ਆਉਂਦਾ ਹੈ। ਇਹ ਦੋ ਲੇਖਕ ਹਨ—ਸਰੂਪ ਰਾਮ ਭੱਲਾ ਤੇ ਉਹਨਾਂ ਦਾ ਕਿਰਪਾ ਦਿਆਲ ਸਿੰਘ। ਸਰੂਪ ਰਾਮ ਭੱਲਾ ਨੇ ਗੁਰੂ ਨਾਨਕ ਦੇਵ ਜੀ ਦੇ 'ਪਰਮਾਰਥ' ਵੀ ਵਾਰਤਕ ਵਿਚ ਰਚੇ ਹਨ। ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਸਾਖੀਆਂ ਅਤੇ ਬੰਦਾ ਬਹਾਦਰ ਦੀ ਸਾਖੀ ਵੀ ਸਰੂਪ ਰਾਮ ਭੱਲਾ ਦੀ ਰਚਨਾ ਹੈ। ਸਰੂਪ ਰਾਮ ਦੇ ਪੁੱਤਰ ਕਿਰਪਾ ਦਿਆਲ ਨੇ ਇਹਨਾਂ ਰਚਨਾਵਾਂ ਦਾ 1857 ਦਾ ਸਮਾਂ ਦਿੱਤਾ ਹੈ। ਇਹ ਰਚਨਾ

18ਵੀਂ ਸਦੀ ਦੇ ਅੰਤ ਤੇ 19ਵੀਂ ਸਦੀ ਦੇ ਆਰੰਭ ਦੀ ਸਿੱਧ ਹੁੰਦੀ ਹੈ। ਮਹਿਮਾ ਦਾ ਗ੍ਰੰਥ ਵਾਰਤਕ ਵਿਚ ਕਿਰਪਾਲ ਸਿੰਘ ਭੱਲਾ ਨਾਂ ਦੇ ਲੇਖਕ ਦਾ ਵੀ ਮਿਲਦਾ ਹੈ। ਸਾਡੀ ਸਮਝ ਅਨੁਸਾਰ ਇਹ ਸਰੂਪ ਰਾਮ ਭੱਲਾ ਦੇ ਪੁੱਤਰ ਕਿਰਪਾ ਦਿਆਲ ਤੋਂ ਬਿਨਾਂ ਕੋਈ ਹੋਰ ਵਿਅਕਤੀ ਨਹੀਂ ਹੈ।

ਸਮੁੱਚੇ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਦਿੱਲੀ ਤੇ ਪੰਜਾਬ ਦੇ ਰਾਜਨੀਤਿਕ ਹਾਲਾਤ ਭਾਵੇਂ ਠੀਕ ਨਹੀਂ ਸਨ ਪਰ ਫੇਰ ਵੀ ਗੁਰੂ ਗੋਬਿੰਦ ਸਿੰਘ ਤੇ ਉਤਰ ਗੁਰੂ ਗੋਬਿੰਦ ਸਿੰਘ ਦੌਰ ਵਿਚ ਧਰਮ ਨਾਲ ਸਬੰਧਤ ਵਾਰਤਕ ਕਾਫ਼ੀ ਮਾਤਰਾ ਵਿਚ ਲਿਖੀ ਗਈ।

– – – – –

## 18ਵੀਂ ਸਦੀ ਦਾ ਕਿੱਸਾ-ਕਾਵਿ

18ਵੀਂ ਸਦੀ, ਜਿਸ ਦੇ ਪਹਿਲੇ 100 ਸਾਲ ਨੂੰ ਅਸੀਂ ਉਤਰ ਮੱਧ ਕਾਲ ਦੇ ਪਹਿਲੇ ਭਾਗ ਦਾ ਨਾਂ ਦਿੱਤਾ ਹੈ। ਇਹ ਉਹ ਸਮਾਂ ਸੀ ਜਦੋਂ ਮੁਗ਼ਲ ਰਾਜ ਦੀ ਅਧੋਗਤੀ ਸ਼ੁਰੂ ਹੋ ਚੁੱਕੀ ਸੀ। ਹਿੰਦੂ ਤੇ ਸਿੱਖ ਵੀ ਆਪਣਾ ਕੋਈ ਵਿਸ਼ੇਸ਼ ਸਥਾਨ ਨਹੀਂ ਸਨ ਬਣਾ ਸਕੇ। ਸਿੱਖ ਮਿਸਲਾਂ ਦੇ ਹੋਂਦ ਵਿਚ ਆਉਣ ਕਾਰਨ ਸਿੱਖਾਂ ਦੇ ਸ਼ਕਤੀਸ਼ਾਲੀ ਹੋਣ ਦੇ ਸੰਕੇਤ ਜ਼ਰੂਰ ਮਿਲਦੇ ਹਨ। ਉਂਜ ਇਹ ਸਾਰਾ ਦੌਰ ਸਾਮੰਤਸ਼ਾਹੀ ਹੋਣ ਕਾਰਨ ਇਸ ਦੌਰ ਵਿਚ ਮੁਸਲਮਾਨ ਸਿੱਖ ਤੇ ਹਿੰਦੂ ਸਰਦਾਰਾਂ ਵਿਚ ਆਪਣੀ ਮਾਨਸਿਕ ਤ੍ਰਿਪਤੀ ਲਈ ਪ੍ਰੀਤ ਕਹਾਣੀਆਂ ਦੀ ਸਰਪ੍ਰਸਤੀ ਸੁਭਾਵਕ ਸੀ। ਖ਼ਾਸ ਤੌਰ ’ਤੇ ਮੱਧ-ਕਾਲ (1526-1708 ਈ.) ਵਿਚ ਦਮੋਦਰ ਪਿੱਛੋਂ ਪੀਲੂ, ਅਹਿਮਦ ਗੁੱਜਰ ਆਦਿ ਕਿੱਸਾਕਾਰਾਂ ਨਾਲ ਪੰਜਾਬੀ ਵਿਚ ਕਿੱਸਾ-ਕਾਵਿ ਦੀ ਬੁਨਿਆਦ ਟਿਕ ਚੁੱਕੀ ਸੀ।

18ਵੀਂ ਸਦੀ ਵਿਚ ਜਿਹੜੇ ਕਿੱਸੇ ਲਿਖੇ ਗਏ, ਉਹਨਾਂ ਵਿਚ ਹੀਰ ਰਾਂਝੇ ਦਾ ਕਿੱਸਾ ਆਪਣੀ ਕਲਾਤਮਕ ਵਿਸ਼ੇਸ਼ਤਾ ਕਾਰਨ ਅਜਿਹੀ ਪ੍ਰਮਾਣਿਕ ਕਹਾਣੀ ਬਣੀ ਜੋ ਅੱਜ ਤਕ ਵੀ ਪੰਜਾਬੀ ਪਾਠਕਾਂ ਦੇ ਮਨ-ਮਸਤਕ ਵਿਚ ਖੁਣੀ ਪਈ ਹੈ। ਇਸ ਤੋਂ ਇਲਾਵਾ ਕੁਝ ਹੋਰ ਪ੍ਰੀਤ ਕਹਾਣੀਆਂ ਵੀ ਇਸ ਦੌਰ ਵਿਚ ਕਿੱਸਾ-ਕਾਵਿ ਦੇ ਰੂਪ ਵਿਚ ਪ੍ਰਚੱਲਿਤ ਹੋਈਆਂ। ਇਹਨਾਂ ਕਿੱਸਾ-ਕਵੀਆਂ ਅਤੇ ਰਚੀਆਂ ਗਈਆਂ ਪ੍ਰੀਤ ਕਹਾਣੀਆਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :

### ਮੁਕਬਲ

ਮੁਕਬਲ 18ਵੀਂ ਸਦੀ ਦਾ ਪ੍ਰਸਿੱਧ ਕਿੱਸਾਕਾਰ ਸੀ। ਉਸ ਦੇ ਜਨਮ ਸਬੰਧੀ ਉਸ ਦੇ ਆਪਣੇ ਲਿਖਣ ਅਨੁਸਾਰ ਹੇਠ ਲਿਖਿਆ ਬੰਦ ਸਾਡਾ ਧਿਆਨ ਖਿੱਚਦਾ ਹੈ :

ਸ਼ੈਹਰ ਜ਼ਕੀਦੋ ਪੰਜਵੀਂ, ਰੋਜ਼ ਦੋ ਸ਼ੰਬਾ ਪੀਰ।
ਯਾਰਾਂ ਸੈ ਤੇ ਸੱਠਵੀਂ, ਹਿਜਰੀ ਕਰ ਤਹਿਰੀਰ।
ਅਹਿਦ ਮੁਹੰਮਦ ਸ਼ਾਹ ਦਾ, ਸੰਨ ਉਨੱਤੀ ਜਾਣ।
ਇਹ ਰਸਾਲਾ ਜੋੜਿਆ, ਮੁਕਬਲ ਸ਼ਾਹ ਜਹਾਨ।

ਉਸ ਦਾ ਪੂਰਾ ਨਾਂ ਸ਼ਾਹ ਜਹਾਨ ਮੁਕਬਲ ਸੀ। ਉਸ ਦੇ ਆਪਣੇ ਹੀ ਲਿਖਣ ਅਨੁਸਾਰ ਉਹ ਨੇਤਰਹੀਣ ਸੀ। ਉਹ ਲਿਖਦਾ ਹੈ, ''ਅੱਖੀਂ ਥੀ ਮਜਬੂਰ'' ਜਿਸ ਤੋਂ ਸਿੱਧ ਹੁੰਦਾ ਹੈ ਕਿ ਉਸ ਦੀ ਨੇਤਰਹੀਣਤਾ ਸਬੰਧੀ ਕੋਈ ਭੁਲੇਖਾ ਨਹੀਂ ਰਹਿੰਦਾ।

ਮੁਕਬਲ ਦੀ ਸਭ ਤੋਂ ਪ੍ਰਸਿੱਧ ਰਚਨਾ ਹੀਰ ਰਾਂਝੇ ਦਾ ਕਿੱਸਾ ਹੈ ਜੋ ਉਸ ਨੇ ਬੈਂਤ ਛੰਦ ਵਿਚ ਲਿਖਿਆ। ਇਹ ਬੈਂਤ ਛੰਦ ਦਾ ਹਰ ਬੰਦ ਚਾਰ ਤੁਕਾਂ 'ਤੇ ਆਧਾਰਿਤ ਹੈ। ਇਸ ਤੋਂ ਇਲਾਵਾ ਮੁਕਬਲ ਨੇ ਇਕ ਸੀਹਰਫ਼ੀ, ਪੀਰਾਨ ਪੀਰ ਅਬਦੁਲ ਕਾਦਰ ਜੀਲਾਨੀ ਦੀ ਸਿਫ਼ਤ ਵਿਚ ਜੰਗਨਾਮਾ ਵੀ ਲਿਖਿਆ। ਪਰੰਤੂ ਉਸ ਦੀ ਅਸਲੀ ਪ੍ਰਸਿੱਧਤਾ ਦਾ ਕਾਰਨ ਉਸ ਦਾ ਹੀਰ ਰਾਂਝੇ ਦਾ ਕਿੱਸਾ ਹੈ। ਦਮੋਦਰ ਪਿੱਛੋਂ ਮੁਕਬਲ ਦਾ ਕਿੱਸਾ ਹੀ ਹੀਰ ਦੀ ਪ੍ਰੀਤ ਕਹਾਣੀ ਨੂੰ ਸਹੀ ਰੰਗ ਵਿਚ ਪੇਸ਼ ਕਰ ਸਕਿਆ ਹੈ।

ਵਾਰਸ ਤੇ ਮੁਕਬਲ ਦੇ ਕਿੱਸੇ ਦੀ ਬੋਲੀ ਦੀ ਏਨੀ ਨੇੜਤਾ ਹੈ ਕਿ ਜੇ ਮੁਕਬਲ ਜਾਂ ਵਾਰਿਸ ਦਾ ਨਾਂ ਬੰਦ ਵਿਚੋਂ ਕੱਢ ਦਿੱਤਾ ਜਾਵੇ ਤਾਂ ਉਸ ਬੰਦ ਦਾ ਇਹ ਪਤਾ ਹੀ ਨਹੀਂ ਲਗਦਾ ਕਿ ਦੋਵਾਂ ਵਿਚੋਂ ਕਿਸ ਦਾ ਹੈ। ਇਸ ਕਿੱਸੇ ਦੀ ਕਾਵਿਕ ਨਿਪੁੰਨਤਾ ਵਜੋਂ ਹੇਠ ਲਿਖਿਆ ਬੰਦ ਦੇ ਰਹੇ ਹਾਂ :

ਹੀਰ ਆਖਦੀ ਰਾਂਝੇ ਦੇ ਨਾਂ ਉਤੋਂ, ਹੱਟ ਹੱਟ ਬਜ਼ਾਰ ਵਿਕਾਉਨੀ ਹਾਂ।
ਇਕੋ ਦਿਲ ਆਹਾ, ਸੋਈਓ ਲਿਆ ਰਾਂਝੇ, ਮਿੱਟੀ ਖੇੜਿਆਂ ਦੇ ਸਿਰ ਪਾਉਨੀ ਹਾਂ।
ਮੀਆਂ ਹੋਰ ਤੇ ਬੰਦੀ ਨੂੰ ਯਾਦ ਨਾਹੀਂ, ਜਾਮਾ ਇਸ਼ਕ ਤੁਸਾਡੇ ਦਾ ਸਿਊਨੀ ਹਾਂ।
ਮੇਰੇ ਮਰਨ 'ਤੇ ਜੇ ਰਜ਼ਾ ਤੇਰੀ, ਜ਼ਹਿਰ ਘੋਲ ਪਿਆਲੜਾ ਪੀਉਨੀ ਹਾਂ।

**ਹਾਮਦ**

ਹਾਮਦ ਨੇ ਹੀਰ ਰਾਂਝਾ ਅਤੇ ਜੰਗਨਾਮਾ ਦੀ ਰਚਨਾ ਕੀਤੀ। ਉਸ ਦਾ ਜਨਮ 1161 ਹਿਜਰੀ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਉਸ ਨੇ ਆਪਣੇ ਤੋਂ ਪਹਿਲਾਂ ਲਿਖੇ ਹੀਰ ਰਾਂਝੇ ਦੀਆਂ ਸਾਰੀਆਂ ਰਚਨਾਵਾਂ ਦਾ ਅਧਿਐਨ ਕੀਤਾ ਹੈ। ਇਸ ਸਬੰਧ ਵਿਚ ਉਹ ਆਪ ਲਿਖਦਾ ਹੈ :

ਕਿੱਸਾ ਹੀਰ ਤੇ ਰਾਂਝੇ ਦਾ ਸ਼ਾਇਰਾਂ ਨੇ, ਬਹੁਤ ਵਿਚ ਪੰਜਾਬ ਬਣਾਇਆ ਹੈ।
ਇਕ ਚਾਲ ਨਾਹੀਂ, ਰੰਗਾ ਰੰਗ ਕਿੱਸਾ, ਮੂਲ ਕਥਾ ਦਾ ਅੰਤ ਨਾ ਆਇਆ ਹੈ।
ਅਹਿਮਦ ਹੋਰ ਕਿਹਾ, ਮੁਕਬਲ ਹੋਰ ਆਖੇ, ਬਾਗਾ ਕਾਦਰੀ ਹੋਰ ਸੁਣਾਇਆ ਹੈ।
ਰਾਮ ਤੇ ਗੁਰਦਾਸ ਕੁਝ ਹੋਰ ਆਖਣ, ਸਭ ਸ਼ਾਇਰਾਂ ਜ਼ੋਰ ਲਗਾਇਆ ਹੈ।

ਉਹ ਆਪਣੀ ਕਹਾਣੀ ਦੇ ਸੋਮੇ ਬਾਰੇ ਇਉਂ ਕਹਿੰਦਾ ਹੈ :

ਚਾਵਲ ਆਪਣੇ ਮੰਗ ਕੇ ਮੁਕਬਲੇ ਤੋਂ, ਲੂਣ ਅਹਿਮਦੇ ਦਾ ਵਿਚ ਪਾਵਸਾਂ ਮੈਂ।
ਘਿਓ ਹੱਟ ਗੁਰਦਾਸ ਦਾ ਵਿਚ ਪਾਸਾਂ, ਖਿਚੜੀ ਜੋੜ ਕੇ ਦੇਸ ਰਿਝਾਵਸਾਂ ਮੈਂ।

ਹਾਮਦ ਨੇ ਆਪਣੇ ਕਿੱਸਾ ਹੀਰ ਰਾਂਝੇ ਵਿਚ ਆਮ ਪੇਂਡੂ ਭਾਸ਼ਾ ਵਿਚ ਬੜੇ ਰੋਚਕ ਢੰਗ ਨਾਲ ਕਹਾਣੀ ਨੂੰ ਬੀੜਿਆ ਹੈ। ਇਸ ਕਿੱਸੇ ਵਿਚ ਹਿੰਦੀ ਰੰਗਤ ਵੀ ਹੈ ਅਤੇ ਪੂਰਾ ਵਿਸਥਾਰ ਵੀ। ਬੈਂਤ ਛੰਦ ਵਿਚ ਕੀਤੀ ਰਚਨਾ ਦਾ

ਹਰ ਬੰਦ ਚਾਰ ਤੁਕਾਂ 'ਤੇ ਆਧਾਰਿਤ ਹੈ। ਹਾਮਦ ਨੇ ਹੋਰਾਂ ਕਿੱਸਾਕਾਰਾਂ ਵਾਂਗ ਔਰਤ ਦੀ ਨਿਖੇਧੀ ਕਰਨ ਵਿਚ ਉਹ ਪਿੱਛੇ ਨਹੀਂ ਗਿਆ :

ਕਹਿੰਦੀ ਹਾਏ ਉਪੱਦਰੀ ਸਮਾਂ ਲੱਗਾ, ਵਫ਼ਾ ਇਸਤਰੀ ਦੇ ਵਿਚ ਮੂਲ ਨਾਹੀਂ।
ਰੰਨ ਜ਼ਾਤ ਬਦਨੀਤ ਬਦਕੌਲ ਹੁੰਦੀ, ਹੈਫ ਰੰਨਾਂ ਜੇਹਾ ਮਾਲੂਕ ਨਾਹੀਂ।
ਕਲ ਰੰਨ ਤੇ ਦੇਵਣਾ ਕਿਸੇ ਪਹਿਰਾ, ਕੁਝ ਹੋਂਵਦਾ ਰੰਨਾਂ ਦਾ ਅਸੂਲ ਨਾਹੀਂ।
ਬਾਝ ਦਗ਼ੇ ਤੇ ਮਕਰ ਦੇ ਕਿਸੇ ਤਾਈਂ, ਜਗ ਰੰਨ ਤੋਂ ਮੂਲ ਵਸੂਲ ਨਾਹੀਂ।

ਕੁਝ ਹੋਰ ਕਿੱਸਾਕਾਰ ਜਿਵੇਂ ਬਹਿਬਲ ਨੇ ਸੱਸੀ ਪੁੰਨੂੰ ਦਾ ਤੇ ਹੀਰ ਰਾਂਝੇ ਦਾ ਤੇ ਇਕ ਸੀਹਰਫ਼ੀ ਦੀ ਰਚਨਾ ਕੀਤੀ। ਅਬਦੁਲ ਹਕੀਮ ਬਹਾਵਲਪੁਰੀ ਨੇ ਯੂਸਫ਼ ਜ਼ੁਲੈਖ਼ਾਂ ਤੇ ਲੁਤਫ਼ ਅਲੀ ਨੇ ਸੈਫ਼ੁਲ ਮਲੂਕ ਦਾ ਕਿੱਸਾ ਲਿਖਿਆ।

**ਵਾਰਿਸ ਸ਼ਾਹ**

18ਵੀਂ ਸਦੀ ਦਾ ਹੀ ਨਹੀਂ, ਸਗੋਂ ਸਮੁੱਚੀ ਕਿੱਸਾਕਾਰੀ ਵਿਚ ਵਾਰਿਸ ਸ਼ਾਹ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਣ ਯੋਗ ਹੈ। ਉਸ ਦਾ ਜਨਮ 1735 ਈ. ਵਿਚ ਜੰਡਿਆਲਾ ਸ਼ੇਰ ਖ਼ਾਂ, ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਹੋਇਆ। ਉਸ ਦਾ ਅੱਬਾ ਸੱਯਦ ਗੁਲਸ਼ੇਰ ਸ਼ਾਹ ਸੀ। ਉਹ ਜਾਤ ਦਾ ਸੱਯਦ ਸੀ ਅਤੇ ਉਹ ਮਖ਼ਦੂਮ ਦਾ ਸ਼ਾਗਿਰਦ ਸੀ। ਵਾਰਿਸ ਸ਼ਾਹ ਦੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਸੀ। ਇਸ ਤੱਥ ਦਾ ਪਤਾ ਉਸ ਦੀ ਰਚਨਾ ਹੀਰ ਰਾਂਝਾ ਤੋਂ ਹੋ ਜਾਂਦਾ ਹੈ। ਉਸ ਨੂੰ ਪੰਜਾਬੀ ਤੋਂ ਬਿਨਾਂ ਅਰਬੀ-ਫ਼ਾਰਸੀ ਦਾ ਵੀ ਕਾਫ਼ੀ ਗਿਆਨ ਸੀ। ਉਸ ਦੀ ਸ਼ਾਹਕਾਰ ਰਚਨਾ 1765 ਈ. ਵਿਚ ਤਿਆਰ ਹੋਈ। ਇਸ ਰਚਨਾ ਦੀ ਕਥਾਕਾਰੀ ਅਤੇ ਵਿਸਥਾਰ ਕਮਾਲ ਦਾ ਹੈ। ਉਸ ਦੀਆਂ ਅਨੇਕਾਂ ਤੁਕਾਂ ਭਾਰਤ ਤੇ ਪਾਕਿਸਤਾਨ ਦੇ ਪੰਜਾਬੀਆਂ ਦੇ ਮੂੰਹ ਚੜ੍ਹ ਚੁੱਕੀਆਂ ਹਨ। ਜਿਵੇਂ :

ਵਾਰਿਸ ਸ਼ਾਹ ਲੁਕਾਈਏ ਜੱਗ ਕੋਲੋਂ
ਭਾਵੇਂ ਆਪਣਾ ਹੀ ਗੁੜ ਖਾਈਏ ਜੀ

ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ

ਵਾਰਿਸ ਸ਼ਾਹ ਨਾ ਹਿੰਗ ਦੀ ਮਹਿਕ ਛੁਪੇ
ਭਾਵੇਂ ਰੱਖੀਏ ਵਿਚ ਕਾਫ਼ੂਰ ਦੇ ਜੀ

ਇਹ ਵੀ ਕਿਹਾ ਜਾਂਦਾ ਹੈ ਕਿ ਵਾਰਿਸ ਸ਼ਾਹ ਨੂੰ ਖ਼ੁਦ ਕਿਸੇ ਭਾਗਭਰੀ ਇਸਤਰੀ ਨਾਲ ਇਸ਼ਕ ਹੋ ਗਿਆ ਸੀ। ਆਪਣੇ ਇਸ ਦਿਲ ਦੇ ਉਬਾਲ ਨੂੰ ਹੀਰ ਰਾਂਝੇ ਦੇ ਕਿੱਸੇ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਵਾਰਿਸ ਨੇ ਇਹ ਕਿੱਸਾ ਆਪਣੇ ਉਸਤਾਦ ਮਖ਼ਦੂਮ ਨੂੰ ਸੁਣਾਇਆ ਤਾਂ ਉਹ ਕਹਿਣ ਲੱਗਾ, "ਉਏ ਤੂੰ ਤਾਂ ਮੁੰਜ ਦੀ ਰੱਸੀ ਵਿਚ ਮੋਤੀ ਪਰੋ ਦਿੱਤੇ ਨੇ।" ਵਾਰਿਸ ਸ਼ਾਹ ਦੀ ਕਵਿਤਾ ਦੇ ਕੁਝ ਨਮੂਨੇ ਦੇਖੋ। ਖ਼ਾਸ ਤੌਰ 'ਤੇ ਹੀਰ ਦੀ ਸੁੰਦਰਤਾ ਬਾਰੇ ਉਸ ਦੀ ਪੇਸ਼ਕਾਰੀ ਦੇਖਣ ਯੋਗ ਹੈ :

ਹੋਂਠ ਸੁਰਖ਼ ਯਾਕੂਤ ਜਿਉਂ ਲਾਲ ਚਮਕਣ, ਠੋਡੀ ਸੇਬ ਵਲਾਇਤੀ ਸਾਰ ਵਿਚੋਂ।
ਨੱਕ ਅਲਫ਼ ਹੁਸੈਨੀ ਦਾ ਪਿਪਲਾ ਸੀ, ਜ਼ੁਲਫ਼ਾਂ ਨਾਗ ਖ਼ਜ਼ਾਨੇ ਦੀ ਬਾਰ ਵਿਚੋਂ
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ, ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਲੱਕ ਚੀਨ ਕਸ਼ਮੀਰ ਤਸਵੀਰ ਜੱਟੀ, ਕੱਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ।
ਗਰਦਨ ਕੂੰਜ ਦੀ, ਉਂਗਲੀਆਂ ਰਵ੍ਹਾਂ ਫਲੀਆਂ, ਹੱਥ ਕੂਲੜੇ ਬਰਗ ਚਨਾਰ ਵਿਚੋਂ।
ਸ਼ਾਹ ਪਰੀ ਦੀ ਭੈਣ, ਪੰਜ ਫੂਲ ਰਾਣੀ, ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।

ਸਮਾਜਿਕ ਚੇਤਨਾ, ਪੰਜਾਬੀ ਦੇ ਨਾਲ ਨਾਲ ਅਰਬੀ, ਫ਼ਾਰਸੀ ਉਤੇ ਉਸ ਦੀ ਪਕੜ, ਨਾਟਕੀ ਜੁਗਤਾਂ, ਭਾਸ਼ਾ ਦਾ ਸੁਹਜ ਅਤੇ ਮਹਾਂਕਾਵਿਕ ਵਿਸਥਾਰ ਹੀਰ ਵਾਰਿਸ ਦੇ ਕੁਝ ਅਜਿਹੇ ਗੁਣ ਹਨ, ਜਿਸ ਨਾਲ ਉਸ ਦਾ ਕਿੱਸਾ ਸੰਸਾਰ ਪ੍ਰਸਿੱਧ ਬਣ ਗਿਆ।

ਜਿੱਥੇ ਹੀਰ ਦੀ ਰਚਨਾ ਕਾਰਨ ਹੀਰ ਅਮਰ ਹੋ ਗਈ, ਉਥੇ ਵਾਰਿਸ ਸ਼ਾਹ ਵੀ ਪੰਜਾਬੀ ਦਾ ਇਕ ਅਮਰ ਕਵੀ ਬਣ ਗਿਆ। ਇਸ ਸਬੰਧ ਵਿਚ ਵਿਧਾਤਾ ਸਿੰਘ ਤੀਰ ਵਾਰਿਸ ਨੂੰ ਸੰਬੋਧਤ ਹੋ ਕੇ ਲਿਖਦਾ ਹੈ :

ਦਿੱਤੀ ਜਿੰਦ ਤੂੰ ਹੀਰ ਸਲੇਟੜੀ ਨੂੰ
ਦੇ ਗਈ ਸਦਾ ਦੀ ਜਿੰਦੜੀ ਹੀਰ ਤੈਨੂੰ

**ਸਦੀਕ ਲਾਲੀ**

ਸਦੀਕ ਲਾਲੀ ਨੇ ਯੂਸਫ਼ ਜ਼ੁਲੈਖਾਂ ਦਾ ਕਿੱਸਾ ਲਿਖਿਆ ਪਰ ਇਹ ਕਿੱਸਾ ਵਿਦਵਾਨਾਂ ਦਾ ਧਿਆਨ ਨਹੀਂ ਖਿੱਚ ਸਕਿਆ।

**ਚਰਾਗ਼ ਅਵਾਣ**

ਵਾਰਿਸ ਸ਼ਾਹ ਤੋਂ 60 ਸਾਲ ਪਹਿਲਾਂ ਚਰਾਗ਼ ਅਵਾਣ ਨੇ ਹੀਰ ਰਾਂਝੇ ਦਾ ਕਿੱਸਾ ਲਿਖਿਆ। ਇਸ ਦੀ ਕਵਿਤਾ ਸਰਲ ਅਤੇ ਭਾਸ਼ਾ ਉਤੇ ਮੁਲਤਾਨੀ ਰੰਗ ਹੈ।

**ਸੁੰਦਰ ਦਾਸ ਆਰਾਮ**

ਸੁੰਦਰ ਦਾਸ ਨੇ ਸੱਸੀ ਪੁੰਨੂੰ ਦਾ ਕਿੱਸਾ ਲਿਖਿਆ। ਕਿੱਸੇ ਦੀ ਭਾਸ਼ਾ ਸੁੰਦਰ ਤੇ ਪ੍ਰਭਾਵਸ਼ਾਲੀ ਹੈ। ਇਸ ਵਿਚਲੇ ਅਨੁਪ੍ਰਾਸ ਇਸ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਂਦੇ ਹਨ।

ਸਮੁੱਚੇ ਤੌਰ ’ਤੇ 18ਵੀਂ ਸਦੀ ਦੇ ਕਿੱਸਾ-ਕਾਵਿ ਦੀ ਵੱਡੀ ਪ੍ਰਾਪਤੀ ਹੀਰ ਵਾਰਿਸ ਦੀ ਰਚਨਾ ਹੈ। 18ਵੀਂ ਸਦੀ ਵਿਚ ਹੀਰ ਦੇ ਰਚਨਾਕਾਰ ਵੱਡੀ ਗਿਣਤੀ ਵਿਚ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ 18ਵੀਂ ਸਦੀ ਵਿਚ ਹੀਰ ਦੀ ਮਾਨਤਾ ਇੰਨੀ ਵਧ ਗਈ ਸੀ ਕਿ ਹਰ ਕਵੀ ਹੀਰ ਰਾਂਝੇ ਦੇ ਕਿੱਸੇ ਨੂੰ ਲਿਖਣਾ ਆਪਣਾ ਧੰਨ ਭਾਗ ਸਮਝਦੇ ਸਨ।

– – – – –

# 18ਵੀਂ ਸਦੀ ਦੀ ਬੀਰ ਰਸੀ ਪੰਜਾਬੀ ਕਵਿਤਾ

ਮੱਧ ਕਾਲ ਦੀ ਬੀਰ ਰਸੀ ਕਵਿਤਾ ਗੁਰੂ ਗੋਬਿੰਦ ਸਿੰਘ ਦੀ 'ਚੰਡੀ ਦੀ ਵਾਰ' ਨਾਲ ਸਿਖਰ 'ਤੇ ਪਹੁੰਚਦੀ ਹੈ। ਪਰ ਉਤਰ ਮੱਧ ਕਾਲ ਵਿਚ ਬੀਰ ਰਸੀ ਕਵਿਤਾ ਦੀ ਉਹ ਚੜ੍ਹਤ ਨਜ਼ਰ ਨਹੀਂ ਆਉਂਦੀ। ਭਾਵੇਂ 18ਵੀਂ ਸਦੀ ਵਿਚ ਵੀ ਛੋਟੇ ਵੱਡੇ ਰਾਜੇ, ਮਹਾਰਾਜੇ ਤੇ ਸਰਦਾਰ ਆਪਸ ਵਿਚ ਲੜਦੇ ਰਹਿੰਦੇ ਸਨ ਅਤੇ ਕੌਮੀ ਪੱਧਰ ਦਾ ਵੀ ਭੇੜ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਬੀਰ ਰਸੀ ਵਾਰਾਂ ਵਿਚ ਉਹ ਚੜ੍ਹਤ ਨਹੀਂ ਹੈ ਜੋ 16ਵੀਂ ਤੇ 17ਵੀਂ ਸਦੀ ਦੀ ਬੀਰ ਰਸੀ ਕਵਿਤਾ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਫਿਰ ਵੀ ਜਿਸ ਤਰ੍ਹਾਂ ਦੀਆਂ ਬੀਰ ਰਸੀ ਵਾਰਾਂ ਹੋਰ ਬੀਰ ਰਸੀ ਸਾਹਿਤ ਇਸ ਦੌਰ ਵਿਚ ਰਚਿਆ ਗਿਆ, ਉਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

**ਨਜਾਬਤ**

ਨਜਾਬਤ 18ਵੀਂ ਸਦੀ ਦਾ ਸਭ ਤੋਂ ਵੱਡਾ ਬੀਰ ਰਸੀ ਵਾਰਕਾਰ ਹੈ। ਉਸ ਨੇ ਨਾਦਰ ਸ਼ਾਹ ਦੀ ਵਾਰ ਦੀ ਰਚਨਾ ਕੀਤੀ। ਉਹ ਜ਼ਿਲ੍ਹਾ ਸ਼ਾਹਪੁਰ ਦਾ ਖਰਲ ਰਾਜਪੂਤ ਮੁਸਲਮਾਨ ਸੀ। ਅਜੇ ਤਕ ਵੀ ਨਾਦਰ ਸ਼ਾਹ ਦੀ ਵਾਰ ਬਾਰੇ ਕੁਝ ਵੀ ਤਸੱਲੀ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਹ ਨਜਾਬਤ ਦੀ ਰਚਨਾ ਹੈ ਜਾਂ ਕਿਸੇ ਹੋਰ ਦੀ। ਇਸ ਵਾਰ ਦੀਆਂ ਪਉੜੀਆਂ ਨੂੰ ਇਕ ਖੋਜੀ ਪੰਡਿਤ ਹਰੀਕ੍ਰਿਸ਼ਨ ਕੌਲ ਨੇ ਭੱਟਾਂ ਤੇ ਮਰਾਸੀਆਂ ਤੋਂ ਸੁਣ ਕੇ ਤਰਤੀਬ-ਬੰਦ ਕੀਤਾ। ਇਸ ਦੀਆਂ ਪਉੜੀਆਂ ਜਾਂ ਤੁਕਾਂ ਦੀ ਗਿਣਤੀ 564 ਦੱਸੀ ਗਈ ਹੈ, ਜਿਸ ਵਿਚ ਕਰਤਾ ਵਜੋਂ ਨਜਾਬਤ ਦਾ ਨਾਂ ਆਉਂਦਾ ਹੈ। ਕੁਝ ਵਿਦਵਾਨ ਇਸ ਵਾਰ ਨੂੰ ਰਾਵਲਪਿੰਡੀ ਦੇ ਵਾਰਕਾਰ ਸ਼ਾਹ ਚਰਾਗ਼ ਦੀ ਰਚਨਾ ਵੀ ਦੱਸਦੇ ਹਨ। ਨਾਦਰ ਸ਼ਾਹ ਨੇ 1738-39 ਵਿਚ ਭਾਰਤ 'ਤੇ ਹਮਲਾ ਕੀਤਾ। ਇਸ ਵਾਰ ਵਿਚ ਕੇਵਲ ਕਰਨਾਲ ਦੀ ਲੜਾਈ ਦਾ ਵੇਰਵਾ ਹੈ। ਦਿੱਲੀ ਦੇ ਕਤਲੇਆਮ ਦਾ ਇਸ ਵਿਚ ਜ਼ਿਕਰ ਨਹੀਂ ਹੈ। ਵਾਰ ਦੀ ਲੋੜ ਅਨੁਸਾਰ ਦਿੱਲੀ ਦੇ ਕਤਲਾਮ ਦਾ ਜ਼ਿਕਰ ਇਸ ਵਿਚ ਜ਼ਰੂਰੀ ਨਹੀਂ ਹੈ। ਇਹ ਵੀ ਸ਼ੱਕ ਕੀਤਾ ਜਾਂਦਾ ਹੈ ਕਿ ਇਸ ਵਾਰ ਦਾ ਕਰਤਾ ਸ਼ਾਹ ਚਰਾਗ਼ ਜਾਂ ਕੋਈ ਹੋਰ ਕਵੀ ਹੈ ਪਰ ਨਜਾਬਤ ਨੇ ਇਸ ਨੂੰ ਇਕ ਵਾਰ ਦੇ ਰੂਪ ਵਿਚ ਢਾਲ ਲਿਆ। ਭਾਵੇਂ ਕੁਝ ਵੀ ਹੋਵੇ, ਇਹ ਵਾਰ ਨਜਾਬਤ ਦੇ ਨਾਂ ਨਾਲ ਹੀ ਪ੍ਰਚੱਲਿਤ ਹੈ। ਇਸ ਦੀਆਂ ਸਾਰੀਆਂ ਪਉੜੀਆਂ ਵਿਚ ਮੁਹੰਮਦ ਸ਼ਾਹ ਰੰਗੀਲਾ ਅਤੇ ਨਾਜ਼ਰ ਸ਼ਾਹ ਦੀਆਂ ਫ਼ੌਜਾਂ ਵਿਚਕਾਰ ਕਈ ਥਾਵਾਂ 'ਤੇ ਗਹਿਗੱਚ ਲੜਾਈ ਦਾ ਬਿਆਨ ਹੈ। ਸਾਰੀ ਵਾਰ ਪਉੜੀਆਂ ਤੇ ਨਿਸ਼ਾਨੀ ਛੰਦ ਵਿਚ ਰਚੀ ਗਈ ਹੈ। ਇਸ ਵਿਚ ਬੀਰ ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਯੁੱਧ ਦਾ ਵਰਣਨ ਇਸ ਪੱਧਰ ਦਾ ਇਸ ਕਾਲ ਦੀ ਕਿਸੇ ਹੋਰ ਰਚਨਾ ਵਿਚ ਨਹੀਂ ਮਿਲਦਾ। ਇਕ ਪਉੜੀ ਵੇਖੋ :

ਦੋਹੀਂ ਦਲੀਂ ਮੁਕਾਬਲਾ ਰਣ ਸੂਰੇ ਗੜ੍ਹਕਣ।
ਚੜ੍ਹ ਤੋਪਾਂ ਗੱਡੀਂ ਢੁੱਕੀਆਂ ਲੱਖ ਸੰਗਲ ਖੜਕਣ।
ਜਿਉਂ ਦਰ ਖੁੱਲ੍ਹੇ ਦੋਜ਼ਖਾਂ ਮੂੰਹ ਭਾਈਂ ਭੜਕਣ।
ਜਿਉਂ ਝੱਲੀਂ ਅੱਗਾਂ ਲੱਗੀਆਂ ਰਣ ਸੂਰੇ ਤੜ੍ਹਕਣ।

ਇਸ ਤੋਂ ਇਲਾਵਾ ਇਸ ਵਾਰ ਵਿਚ ਕਵੀ ਦੀ ਦੇਸ਼ ਭਗਤੀ ਦੇ ਦਰਸ਼ਨ ਵੀ ਹੁੰਦੇ ਹਨ :

ਸਿਰ ਦੇਣਾ ਮਨਜ਼ੂਰ ਹੈ,

ਜੇ ਹਿੰਦ ਨਾ ਜਾਏ।

ਭਾਵੇਂ ਇਸ ਦੀ ਭਾਸ਼ਾ ਕੜਕਵੀਂ ਸੀ ਤੇ ਖੜਕਵੀਂ ਹੈ ਤੇ ਬੀਰ ਰਸ ਨਾਲ ਰੌਦਰ ਰਸ ਵੀ ਇਸ ਵਿਚ ਡੁੱਲ੍ਹ-ਡੁੱਲ੍ਹ ਪੈਂਦਾ ਹੈ ਪਰ ਇਸ ਵਿਚ ਹੋਰ ਕਿਸੇ ਕਿਸਮ ਦੀ ਵਿਸ਼ੇਸ਼ਤਾ ਨਹੀਂ ਹੈ, ਜਿਸ ਨਾਲ ਇਸ ਨੂੰ ਉਚ ਕੋਟੀ ਦੀ ਵਾਰ ਰਚਨਾ ਮੰਨਿਆ ਜਾ ਸਕੇ ਪਰ 18ਵੀਂ ਸਦੀ ਦੀ ਇਹ ਇਕ ਜ਼ਿਕਰ ਯੋਗ ਰਚਨਾ ਜ਼ਰੂਰ ਹੈ।

**ਭੇੜਾ ਗੁਰੂ ਗੋਬਿੰਦ ਸਿੰਘ ਜੀ ਦਾ**

'ਵਾਰ ਭੇੜੇ ਕੀ ਪਾਤਸ਼ਾਹੀ 10' ਕਿਸੇ ਅਗਿਆਤ ਕਵੀ ਦੀ ਰਚਨਾ ਹੈ। ਇਹ ਕਵੀ ਗੁਰੂ ਗੋਬਿੰਦ ਸਿੰਘ ਦਾ ਅਨਿਨ ਸ਼ਰਧਾਲੂ ਜਾਪਦਾ ਹੈ। ਇਹ ਵਾਰ ਸਿਰਖੰਡੀ ਤੇ ਨਿਸ਼ਾਨੀ ਦੋ ਛੰਦਾਂ ਵਿਚ ਹੈ। ਗੁਰੂ ਗੋਬਿੰਦ ਸਿੰਘ ਦਾ ਗੁਣ-ਗਾਇਨ ਕਰਨ ਕਾਰਨ ਇਸ ਵਾਰ ਨੂੰ ਗੁਰੂ ਸਾਹਿਬ ਜਾਂ ਭਾਈ ਗੁਰਦਾਸ ਸਿੰਘ ਦੇ ਕਿਸੇ ਉਤਰਾਧਿਕਾਰੀ ਦੀ ਰਚਨਾ ਮੰਨਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜਸ ਇਹਨਾਂ ਸਤਰਾਂ ਦੇ ਵਿਚ ਦੇਖੋ :

ਗੁਰੂ ਗੋਬਿੰਦ ਸਿੰਘ ਜੀ ਸੋਢਿ ਬੰਸ, ਕਰ ਮਾਹਿ ਕਮਾਨ
ਜਿਸ ਨੇ ਮਾਰੇ ਬਾਣ ਭਰ, ਤਿਸੈ ਨ ਦੇਵਹਿ ਜਾਨ।

**ਤੇਜ ਭਾਨ**

18ਵੀਂ ਸਦੀ ਦਾ ਇਕ ਹੋਰ ਕਵੀ ਤੇਜ ਭਾਨ ਹੋਇਆ ਹੈ, ਜਿਸ ਨੇ ਕ੍ਰਿਸ਼ਨ ਜੀ ਦੀ ਵਾਰ ਲਿਖੀ। ਵਾਰ ਦੀ ਭਾਸ਼ਾ ਬ੍ਰਿਜੀ ਤੇ ਲਹਿੰਦੀ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਤੇਜ ਭਾਨ ਲਹਿੰਦੇ ਦਾ ਵਾਸੀ ਸੀ ਅਤੇ ਸ੍ਰੀ ਕ੍ਰਿਸ਼ਨ ਪ੍ਰਤੀ ਉਸ ਦੀ ਬੇਪਨਾਹ ਸ਼ਰਧਾ ਸੀ। ਇਸ ਸ਼ਰਧਾ ਨੂੰ ਕਵੀ ਨੇ 'ਕਾਨ੍ਹ ਭਗਵਾਨ ਦੀ ਵਾਰ' ਵਿਚ ਪੇਸ਼ ਕੀਤਾ ਹੈ। ਇਸ ਸਬੰਧ ਵਿਚ ਇਕ ਪਉੜੀ ਦੀਆਂ ਇਹ ਤੁਕਾਂ ਦੇਖੋ :

ਕੁਛ ਵਲਾਘੈ ਕਾਨ੍ਹ ਜੀ, ਰਣਜੀਤ ਨਗਾਰੇ ਵਾਏ।
ਘੋੜੇ ਪਾਈਆਂ ਪਾਖਰਾਂ, ਕਿਛ ਕੀਮਤਿ ਕਹੀ ਨਾ ਜਾਏ।

**ਯਸ਼ੋਦਾ ਨੰਦਨ ਤੇ ਦੇਵੀ ਦਾਸ**

ਯਸ਼ੋਦਾ ਨੰਦਨ ਤੇ ਦੇਵੀ ਦਾਸ ਦੀ 'ਲਵ ਕੁਸ਼ ਦੀ ਵਾਰ' ਵੀ 18ਵੀਂ ਸਦੀ ਦੀ ਰਚਨਾ ਹੈ। ਲਵ ਕੁਸ਼ ਸ੍ਰੀ ਰਾਮ ਚੰਦਰ ਜੀ ਦੇ ਸਪੁੱਤਰ ਸਨ। ਇਹ ਵਾਰਕਾਰ ਲਹਿੰਦੀ ਦੇ ਵਸਨੀਕ ਜਾਪਦੇ ਹਨ, ਕਿਉਂਕਿ ਇਹ 'ਦ' ਦੀ ਥਾਂ 'ਡ' ਦੀ ਵਰਤੋਂ ਕਰਦੇ ਹਨ। ਇਸ ਰਚਨਾ ਵਿਚ ਸਿਰਖੰਡੀ ਛੰਦ ਦੀ ਵਰਤੋਂ ਹੋਈ ਹੈ। ਨਮੂਨਾ ਦੇਖੋ :

ਸੈਨਾ ਡਿੱਠੀ ਆਂਦੀ ਡੋਹਾਂ ਭਾਈਆਂ
ਡਿਸੇ ਕਾਈ ਨਾਂ ਕਾਸੀ, ਹਾਥੀ ਘੋੜਿਆਂ

**ਅਗਰਾ**

ਅਗਰਾ 18ਵੀਂ ਸਦੀ ਦਾ ਇਕ ਹੋਰ ਵਾਰਕਾਰ ਹੈ। ਉਹ ਲਾਹੌਰ ਦਾ ਜੰਮਪਲ ਸੀ ਤੇ ਜਾਤ ਦਾ ਖੱਤਰੀ ਸੀ। ਸ਼ਾਹ ਜਹਾਂ ਬਾਦਸ਼ਾਹ ਦੇ ਸਮੇਂ ਹਕੀਕਤ ਰਾਏ ਨਾਲ ਜਿਸ ਤਰ੍ਹਾਂ ਦਾ ਜ਼ੁਲਮ ਹੋਇਆ, ਉਸ ਦੀ ਕਹਾਣੀ 'ਹਕੀਕਤ ਰਾਏ ਦੀ ਵਾਰ' ਦੇ ਰੂਪ ਵਿਚ ਅਗਰੇ ਨੇ ਪੇਸ਼ ਕੀਤੀ। ਇਸ ਵਾਰ ਦੇ 212 ਬੰਦ ਹਨ। ਹਰ ਬੰਦ ਚਾਰ ਤੁਕਾਂ 'ਤੇ ਆਧਾਰਿਤ ਹੈ। ਬੋਲੀ ਸਰਲ ਪਰ ਪ੍ਰਭਾਵਸ਼ਾਲੀ ਕੇਂਦਰੀ ਪੰਜਾਬੀ ਹੋਣ ਕਾਰਨ ਇਸ ਵਿਚ ਪੜ੍ਹਨ ਦੀ ਕੋਈ ਸਮੱਸਿਆ ਨਹੀਂ ਆਉਂਦੀ।

**ਪੀਰ ਮੁਹੰਮਦ**

ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ', ਇਸ ਦੌਰ ਦੀ ਸਭ ਤੋਂ ਪ੍ਰਭਾਵਸ਼ਾਲੀ ਰਚਨਾ ਹੈ। ਇਹ ਵਾਰ ਠੇਠ ਕੇਂਦਰੀ ਪੰਜਾਬੀ ਵਿਚ ਰਚੀ ਗਈ ਹੈ। ਇਸ ਵਾਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਅਤੇ ਗ਼ੁਲਾਮ ਮੁਹੰਮਦ ਚੱਠਾ ਵਿਚਕਾਰ ਟੱਕਰ ਦਾ ਵਰਣਨ ਹੈ। ਇਹ ਵਾਰ ਪੂਰੀ ਨਹੀਂ ਮਿਲਦੀ, ਸਿਰਫ਼ 91 ਪਉੜੀਆਂ ਹੀ ਮਿਲਦੀਆਂ ਹਨ। ਕਾਵਿ ਕਲਾ ਪੱਖੋਂ ਇਸ ਨੂੰ ਇਕ ਉਤਮ ਵਾਰ ਰਚਨਾ ਮੰਨਿਆ ਜਾ ਸਕਦਾ ਹੈ। ਕੁਝ ਤੁਕਾਂ ਵੇਖੋ :

ਜੇ ਮਰਦਾ ਸ਼ਰਬਤ ਪੀਤਿਆਂ, ਨਾ ਮੁਹਰਾ ਦਈਏ।
ਪਾਟਾ ਰਾਸ ਨਾ ਆਂਵਦਾ, ਸੋ ਰਫੂ ਕਰਾਈਏ।
ਔਰਤ ਚੰਗੀ ਵੇਖ ਕੇ, ਨਾ ਬਹੁਤ ਸਲਾਹੀਏ।
ਘਿਉ ਡੁਲ੍ਹਾ ਨਾ ਆਖੀਏ, ਵਿਚ ਥਾਲੀ ਡੁਲ੍ਹੇ।
ਜਟ ਫਟ ਬਿਨ ਬੱਧਿਆਂ, ਨਾ ਆਵੇ ਰਾਸੇ।

ਇਸ ਵਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਵਾਰ ਦੇ ਸਾਰੇ ਬੰਦ ਵੱਖ-ਵੱਖ ਕਾਫ਼ੀਆ-ਰਦੀਫ਼ ਦੇ ਹਨ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ, ਕਿ ਇਹ ਦੌਰ ਭਾਵੇਂ ਮੱਧ-ਕਾਲ ਵਾਂਗ ਉੱਚ ਬੀਰ ਰਸੀ ਵਾਰ ਰਚਨਾ ਦਾ ਦੌਰ ਨਹੀਂ ਸੀ ਪਰ ਫੇਰ ਅਸੀਂ 18ਵੀਂ ਸਦੀ ਦੀ ਬੀਰ ਰਸੀ ਵਾਰ ਦਾ ਨੋਟਸ ਲੈਣਾ ਜ਼ਰੂਰੀ ਸਮਝਦੇ ਹਾਂ।

– – – – –

# ਉੱਤਰ ਮੱਧ-ਕਾਲ (ਭਾਗ ਦੂਜਾ) 1800-1850 ਈ.

ਪੰਜਾਬ ਉਤੇ ਮੁਗ਼ਲਾਂ ਦਾ ਰਾਜ ਖ਼ਤਮ ਹੋਣ ਨਾਲ ਮਿਸਲਾਂ ਦੀ ਸ਼ਕਤੀ ਦੀ ਇਕਸੁਰਤਾ ਵਿਚੋਂ 1799 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ, ਜੋ 1849 ਈ. ਤਕ ਚਲਦਾ ਰਿਹਾ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਇਸ ਕਾਲ ਨੂੰ ਸਿੱਖ ਰਾਜ ਕਾਲ ਦਾ ਨਾਂ ਦਿੱਤਾ ਹੈ। ਹਾਂ, ਸਿੱਖ ਰਾਜ ਕਾਲ ਦਾ ਨਾਂ ਦੇਣਾ ਅਢੁਕਵਾਂ ਤਾਂ ਨਹੀਂ ਹੈ, ਪਰ ਅਸੀਂ ਇਸ ਨੂੰ ਉੱਤਰ ਮੱਧ-ਕਾਲ ਭਾਗ ਦੂਜਾ ਦਾ ਨਾਂ ਦੇਣਾ ਵਧੇਰੇ ਉਚਿਤ ਸਮਝਦੇ ਹਾਂ। ਕਾਰਨ ਇਹ ਕਿ 19ਵੀਂ ਸਦੀ ਦੇ ਪਹਿਲੇ ਅੱਧ ਤਕ ਦਾ ਰਾਜ ਭਾਵੇਂ ਮਹਾਰਾਜਾ ਰਣਜੀਤ ਸਿੰਘ ਜਾਂ ਸਿੱਖ ਰਾਜ ਹੀ ਸੀ ਪਰ ਇਸ ਦੌਰ ਵਿਚ ਵੀ ਜਾਗੀਰਦਾਰੀ ਜਿਉਂ ਦੀ ਤਿਉਂ ਕਾਇਮ ਰਹੀ। ਸਮਾਜਿਕ/ਆਰਥਿਕ

ਖੇਤਰ ਵਿਚ ਵੀ ਉਹ ਤਬਦੀਲੀ ਨਹੀਂ ਸੀ ਹੋਈ, ਜਿਸ ਨਾਲ ਇਸ ਦੌਰ ਦੀ ਭਾਸ਼ਾ ਤੇ ਸਾਹਿਤ ਦਾ ਸੁਭਾ ਬਦਲਦਾ। ਇਹ ਠੀਕ ਹੈ ਕਿ ਇਹ ਦੌਰ ਅਮਨ-ਸ਼ਾਂਤੀ ਦਾ ਦੌਰ ਸੀ ਅਤੇ ਪੰਜਾਬ ਉਤੇ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਤੇ ਫੇਰ ਉਸ ਦੇ ਉਤਰਾਧਿਕਾਰੀਆਂ ਦਾ ਰਾਜ ਰਿਹਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਤਾਂ ਸ਼ਾਂਤੀ ਵੀ ਸੀ ਤੇ ਪ੍ਰਗਤੀ ਵੀ ਹੋਈ ਪਰ ਜੀਵਨ ਮੁੱਲਾਂ ਵਿਚ ਕੋਈ ਤਬਦੀਲੀ ਨਹੀਂ ਸੀ ਆਈ। ਇੱਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਨੇ ਮੁਗ਼ਲ ਬਾਦਸ਼ਾਹਾਂ ਵਾਂਗ ਫ਼ਾਰਸੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਈ ਰੱਖਿਆ। ਇਕ ਪੁਰਖੀ ਰਾਜ ਹੋਣ ਕਾਰਨ ਬਾਦਸ਼ਾਹ ਦੀ ਜ਼ੁਬਾਨ ਹੀ ਕਾਨੂੰਨ ਮੰਨਿਆ ਜਾਂਦਾ। ਬਾਦਸ਼ਾਹ ਦੀ ਪ੍ਰਸ਼ੰਸਾ ਵਿਚ ਕੰਮ ਕਰਨ ਵਾਲੇ ਅਹਿਲਕਾਰਾਂ ਦੀ ਹੀ ਹਰ ਥਾਂ ਪੁੱਛ-ਪੜਤਾਲ ਸੀ। ਸਿੱਟੇ ਵਜੋਂ ਸਾਹਿਤ ਰਚਨ ਦੇ ਖੇਤਰ ਵਿਚ ਇਸ ਕਾਲ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਸੀ ਹੋਈ। ਕਿੱਸਾ-ਕਾਵਿ ਅਤੇ ਬੀਰ ਰਸੀ ਕਾਵਿ ਦੀ ਪ੍ਰਧਾਨਤਾ ਸੀ। ਕਿੱਸਾ-ਵਾਰਾਂ ਪਹਿਲਾਂ ਵਾਂਗ ਹੀ ਲਿਖੀਆਂ ਗਈਆਂ। ਲਘੂ ਕਾਵਿ ਵਿਚੋਂ ਦੋਹੜੇ, ਡਿਊਢ ਆਦਿ ਦੀ ਰਚਨਾ ਵੀ ਜਾਂ ਤਾਂ ਜਾਗੀਰਦਾਰੀ ਦੇ ਨੈਤਿਕ ਮੁੱਲਾਂ ਅਨੁਸਾਰ ਹੋਈ ਤੇ ਜਾਂ ਫਿਰ ਸਰਕਾਰੀ ਨੀਤੀਆਂ ਦੇ ਗੁਣ-ਗਾਇਨ ਲਈ।

ਮੋਟੇ ਤੌਰ ’ਤੇ ਹੇਠ ਲਿਖੀਆਂ ਕਾਵਿ-ਧਾਰਾਵਾਂ ਦੀ ਇਸ ਦੌਰ ਵਿਚ ਪ੍ਰਧਾਨਤਾ ਰਹੀ।

**ਕਿੱਸਾ-ਕਾਵਿ**

ਹਾਸ਼ਮ (1752-1821 ਈ.) ਸਿੱਖ ਰਾਜ ਦਾ ਸਭ ਤੋਂ ਪ੍ਰਸਿੱਧ ਕਿੱਸਾਕਾਰ ਕਵੀ ਹੋਇਆ ਹੈ, ਜਿਸ ਨੇ ਸੱਸੀ ਪੁੰਨੂੰ, ਸੀਰੀ ਫ਼ਰਹਾਦ, ਹੀਰ ਰਾਂਝਾ ਅਤੇ ਸੋਹਣੀ ਮਹੀਵਾਲ ਦੇ ਕਿੱਸੇ ਲਿਖੇ।

ਅਹਿਮਦ ਯਾਰ ਨੇ ਪੰਜਾਬੀ ਵਿਚ ਸਭ ਤੋਂ ਵੱਧ ਕਿਸੇ ਲਿਖੇ, ਜਿੰਨ੍ਹਾਂ ਵਿਚ ਹਾਤਮ ਨਾਮਾ, ਹੀਰ ਰਾਂਝਾ, ਕਾਮ ਰੂਪ, ਕਾਮ ਲਤਾ, ਸੱਸੀ ਪੁੰਨੂੰ, ਰਾਜ ਬੀਬੀ, ਤਮੀਮ ਅਨਸਾਰੀ ਆਦਿ ਜ਼ਿਕਰ ਯੋਗ ਹਨ।

ਕਾਦਰ ਯਾਰ ਨੇ ਸੋਹਣੀ ਮਹੀਵਾਲ ਤੇ ਰਾਜਾ ਰਸਾਲੂ ਦੋ ਕਿੱਸੇ ਲਿਖੇ। ਇਮਾਮ ਬਖ਼ਸ਼ ਨੇ ਸ਼ਾਹ ਬਹਿਰਾਮ, ਚੰਦਰ ਬਦਨ, ਬਦੀ ਉਲ ਜਮਾਲ ਆਦਿ ਕਿੱਸੇ ਲਿਖੇ। ਨਿਹਾਲਾ ਨੇ ਸਖੀ ਸਰਵਣ, ਜੋਗਾ ਸਿੰਘ ਨੇ ਹੀਰ ਰਾਂਝਾ ਅਤੇ ਲੱਖ ਸ਼ਾਹ ਨੇ ਸੱਸੀ ਪੁੰਨੂੰ ਦੇ ਕਿੱਸੇ ਲਿਖੇ।

**ਬੀਰ ਰਸੀ ਕਾਵਿ ਧਾਰਾ**

ਬੀਰ ਰਸੀ ਕਵਿਤਾ ਵਿਚ ਜਿਹੜਾ ਮੋੜ ਆਇਆ, ਉਹ ਇਸ ਦੌਰ ਦੀ ਵਿਸ਼ੇਸ਼ ਪਛਾਣ ਹੈ। ਭਾਵੇਂ ਸਭ ਤੋਂ ਪ੍ਰਸਿੱਧ ਬੀਰ ਰਸੀ ਰਚਨਾ ਸ਼ਾਹ ਮੁਹੰਮਦ ਦੀ ਜੰਗ ਸਿੰਘਾਂ ਤੇ ਫਰੰਗੀਆਂ ਹੈ, ਪਰ ਮਟਕ ਨੇ ਵੀ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਨੂੰ ਜੰਗਨਾਮਾ ਦੇ ਰੂਪ ਵਿਚ ਢਾਲਿਆਂ ਹੈ।

ਉਪਰੋਕਤ ਦੋਵੇਂ ਕਾਵਿ ਧਾਰਾਵਾਂ ਤੋਂ ਇਲਾਵਾ ਕਵਿਤਾ ਦੇ ਖੇਤਰ ਵਿਚ ਜਿਹੜੇ ਹੋਰ ਕਲਮਕਾਰ ਆਉਂਦੇ ਹਨ, ਉਹਨਾਂ ਵਿਚੋਂ ਭਾਈ ਸੰਤੋਖ ਸਿੰਘ ਦਾ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ, ਅਧਿਆਤਮਕ ਪੁਰਾਣ, ਟੀਕਾ ਗਰਭ ਗੰਜਨੀ ਤੇ ਬਾਲਮੀਕੀ ਰਮਾਇਣ ਆਦਿ ਜ਼ਿਕਰ ਯੋਗ ਹਨ। ਸੂਫ਼ੀ ਕਵੀਆਂ ਵਿਚੋਂ ਗ਼ੁਲਾਮ ਜੀਲਾਨੀ, ਕਰੀਮ ਬਖ਼ਸ਼, ਨੂਰ ਮੁਹੰਮਦ ਤੇ ਗੋਪਾਲ ਸਿੰਘ ਦੇ ਨਾਂ ਵਿਚਾਰੇ ਜਾ ਸਕਦੇ ਹਨ।

ਇਸ ਕਾਲ ਦੀ ਗੱਦ ਰਚਨਾ ਵਿਚ ਬਾਈਬਲ ਦਾ ਅਨੁਵਾਦ (1811 ਈ. ਵਿਚ), ਮਹਾਰਾਜੇ ਦੀ ਡਾਇਰੀ, ਆਈਨ-ਏ-ਅਕਬਰੀ ਆਦਿ ਰਚਨਾਵਾਂ ਸ਼ਾਮਲ ਹਨ।

- - - - -

# ਕਿੱਸਾ ਕਾਵਿ

ਉੱਤਰ ਮੱਧ ਕਾਲ ਦੇ ਅਗਲੇ ਪੜਾ (1799-1849 ਈ.) ਨੂੰ ਅਸੀਂ ਜੇ ਹਾਸ਼ਮ ਕਾਲ ਵੀ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ। ਇਸ ਕਾਲ ਦੇ ਸਭ ਤੋਂ ਪ੍ਰਸਿੱਧ ਕਵੀ ਹੋਣ ਦਾ ਮਾਣ ਹਾਸ਼ਮ ਨੂੰ ਹੀ ਪ੍ਰਾਪਤ ਹੈ। ਹਾਸ਼ਮ ਦੀਆਂ ਰਚਨਾਵਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

ਕਿੱਸਾ ਕਾਵਿ, ਦੋਹੜੇ ਤੇ ਡਿਓਢ

ਹਾਸ਼ਮ ਦਾ ਸਭ ਤੋਂ ਪ੍ਰਸਿੱਧ ਕਿੱਸਾ ਸੱਸੀ ਪੁੰਨੂੰ ਹੈ। ਉਂਜ ਉਸ ਨੇ ਸੀਰੀ ਫ਼ਰਹਾਦ, ਸੋਹਣੀ ਮਹੀਵਾਲ, ਹੀਰ ਰਾਂਝਾ ਤੇ ਗਿਆਨ ਪ੍ਰਕਾਸ਼ ਆਦਿ। ਕੁਝ ਵੱਡ-ਆਕਾਰੀ ਰਚਨਾਵਾਂ ਵੀ ਕੀਤੀਆਂ ਹਨ। ਹਾਸ਼ਮ ਦੇ ਕਿੱਸੇ ਹੀਰ ਰਾਂਝੇ ਦੀ ਪ੍ਰਸਿੱਧਤਾ ਸਬੰਧੀ ਸਭ ਮੋਢੀ ਖੋਜੀਆਂ ਅਤੇ ਆਲੋਚਕਾਂ ਨੇ ਉਸ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕੀਤੀ ਹੈ। ਡਾ.ਲਾਜਵੰਤੀ ਰਾਮਾ ਕ੍ਰਿਸ਼ਨਾ, ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਆਦਿ ਮੋਢੀ ਖੋਜੀਆਂ ਨੇ ਸੱਸੀ ਪੁੰਨੂੰ ਦੇ ਕਿੱਸੇ ਕਾਰਨ ਹੀ ਹਾਸ਼ਮ ਨੂੰ ਪਹਿਲੀ ਕਤਾਰ ਦਾ ਕਿੱਸਾਕਾਰ ਕਵੀ ਮੰਨਿਆ। ਭਾਵੇਂ ਸੱਸੀ ਪੁੰਨੂੰ ਦੀ ਪ੍ਰੀਤ ਕਹਾਣੀ ਪਹਿਲਾਂ ਵੀ ਕੁਝ ਕਿੱਸਾਕਾਰ ਕਵੀਆਂ ਨੇ ਲਿਖੀ ਸੀ ਅਤੇ ਭਾਈ ਗੁਰਦਾਸ ਨੇ ਵੀ ਇਸ ਦੀ ਪ੍ਰਸ਼ੰਸਾ ਵਿਚ ਆਪਣੀ ਇਕ ਵਾਰ ਵਿਚ ਇਸ ਤਰ੍ਹਾਂ ਸੱਸੀ ਪੁੰਨੂੰ ਨੂੰ ਆਪਣਾ ਸਤਿਕਾਰ ਭੇਂਟ ਕੀਤਾ ਹੈ :

ਸੱਸੀ ਪੁੰਨੂੰ ਆਸ਼ਕੀ, ਚਹੂ ਚੱਕੀ ਜਾਤੀ।

ਹਾਸ਼ਮ ਨੇ ਸੂਤਰਿਕ ਸ਼ੈਲੀ ਵਿਚ ਜਿਸ ਤਰ੍ਹਾਂ ਸੱਸੀ ਪੁੰਨੂੰ ਦਾ ਕਿੱਸਾ ਲਿਖਿਆ ਹੈ, ਉਸ ਦਾ ਕੋਈ ਮੁਕਾਬਲਾ ਨਹੀਂ। ਜਦੋਂ ਸੱਸੀ ਸਿਖਰ ਦੁਪਹਿਰੇ ਥਲਾਂ ਵਿਚ ਪੁੰਨੂੰ ਦੀ ਭਾਲ ਲਈ ਜਾ ਰਹੀ ਹੈ, ਉਸ ਦਾ ਵਰਣਨ ਜਿਸ ਤਰ੍ਹਾਂ ਹਾਸ਼ਮ ਨੇ ਕਰੁਣਾਮਈ ਸ਼ੈਲੀ ਵਿਚ ਕੀਤਾ ਹੈ, ਉਸ ਸਬੰਧ ਵਿਚ ਇਹ ਸਤਰਾਂ ਵੇਖੋ :

ਨਾਜ਼ੁਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬੱਦਲੀਂ, ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਦੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨਾ ਹਾਰੇ।

ਇਸੇ ਤਰ੍ਹਾਂ ਹੀ ਸੱਸੀ ਦੀ ਬਿਰਹੋਂ ਪੁੱਠੀ ਵੇਦਨਾ ਨੂੰ ਹਾਸ਼ਮ ਨੇ ਜਿੰਨ੍ਹਾਂ ਸਤਰਾਂ ਵਿਚ ਪ੍ਰਗਟ ਕੀਤਾ ਹੈ, ਉਹ ਵੀ ਪੰਜਾਬੀ ਕਿੱਸਾ ਕਾਵਿ ਵਿਚ ਬੇਜੋੜ ਹੈ :

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਸ਼ਾਲਾ ਉਹ ਨਰਕਾਂ ਨੂੰ ਜਾਵੇ।
ਜਾਂ ਉਸ ਨਿਹੁੰ ਲੱਗੇ ਵਿਚ ਬਿਰਹੋਂ, ਵਾਂਗ ਸੱਸੀ ਸੜ ਜਾਵੇ।
ਹਾਸ਼ਮ ਮੌਤ ਪਵੇ ਕਾਰਵਾਨਾਂ, ਤੁਖ਼ਮ ਜ਼ਮੀਨੋ ਜਾਵੇ।

ਇਸੇ ਤਰ੍ਹਾਂ ਹੀ ਹਾਸ਼ਮ ਨੇ ਸ਼ੀਰੀ ਫ਼ਰਹਾਦ ਦੇ ਕਿੱਸੇ ਵਿਚ ਸ਼ੀਰੀ ਦੀ ਸੁੰਦਰਤਾ ਦਾ ਵਰਣਨ ਜਿੰਨ੍ਹਾਂ ਰੂਪਕਾਂ ਕੀਤਾ ਹੈ, ਉਸ ਵਿਚਲੀ ਕਲਪਨਾ ਕਾਰਨ ਉਹ ਇਕ ਮਹਾਂ-ਕਵੀ ਦਾ ਦਰਜਾ ਪ੍ਰਾਪਤ ਕਰ ਚੁੱਕਾ ਹੈ :

ਇਕ ਜੁ ਚੰਦ ਅਸਮਾਨੀ ਨੂਰੀ, ਸਾਹਿਬ ਹੱਥ ਟਿਕਾਇਆ।

ਦੂਜਾ ਸ਼ਾਮ ਸ਼ਹਿਰ ਵਿਚ ਸ਼ੀਰੀਂ, ਖਾਕੀ ਚੰਦ ਬਣਾਇਆ।
ਉਸ ਨੂੰ ਵੇਖ ਫ਼ਰਿਸ਼ਤੇ ਜੀਵਨ, ਆਦਮ ਕੌਣ ਵਿਚਾਰੇ।
ਪੰਛੀ ਵੇਖ ਡਿਗਣ ਅਸਮਾਨੋਂ, ਆਸ਼ਕ ਹੋਵਣ ਸਾਰੇ।

ਕਿੱਸਾ-ਕਾਵਿ ਵਾਂਗ ਹੀ ਉਸ ਦੇ ਦੋਹੜੇ ਅਤੇ ਡਿਉਢ ਆਪਣੀ ਮਿਸਾਲ ਆਪ ਸਨ। ਕਹਿੰਦੇ ਹਨ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਤਬੀਅਤ ਠੀਕ ਨਾ ਹੁੰਦੀ, ਉਹ ਹਾਸ਼ਮ ਨੂੰ ਬੁਲਾਉਂਦੇ ਤੇ ਉਸ ਤੋਂ ਦੋਹੜੇ ਸੁਣਦੇ। ਹਾਸ਼ਮ ਦੇ ਦੋਹੜੇ ਦਾਰਸ਼ਨਿਕ ਰੰਗ ਨਾਲ ਭਰਪੂਰ ਹੁੰਦੇ। ਦੋਹੜੇ ਦਾ ਇਕ ਨਮੂਨਾ ਦੇਖੋ :

ਗੁਲ ਤੇ ਖਾਰ ਪੈਦਾਇਸ਼ ਇਕਸੇ, ਇਕ ਬਾਗ਼ ਚਮਨ ਦੇ ਦੋਵੇਂ।
ਇਕ ਸ਼ਬ ਉਮਰ ਗੁਲਾਂ ਦੀ ਓੜਕ, ਅਤੇ ਖਾਰ ਰਹੇ ਨਿਤ ਓਵੇਂ।
ਥੋੜ੍ਹਾ ਰਹਿਣ ਕਬੂਲ ਪਿਆਰੇ, ਪਰ ਤੂੰ ਖਾਰ ਨਾ ਹੋਵੇਂ।
ਹਾਸ਼ਮ ਆਣ ਮਿਲੇਂ ਗਲ ਹਸ ਕੇ, ਭਾਵੇਂ ਇਕ ਪਲ ਪਾਸ ਖਲੋਵੇਂ।

ਇਸੇ ਤਰ੍ਹਾਂ ਹੀ ਹਾਸ਼ਮ ਨੇ ਡਿਉਢ ਲਿਖ ਕੇ ਜਿੱਥੇ ਛੰਦ ਸ਼ਾਸਤਰ ਵਿਚ ਵਾਧਾ ਕੀਤਾ ਹੈ, ਉਥੇ ਉਸ ਦੇ ਬਿਰਹਾ ਕਾਵਿ ਦੀ ਅਭੀਵਿਅਕਤੀ ਬੇਜੋੜ ਹੈ :

ਕਾਮਲ ਸ਼ੌਕ ਮਾਹੀ ਦਾ ਮੈਨੂੰ, ਨਿੱਤ ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰਸਦਾ।
ਰਾਂਝਣ ਬੇ-ਪਰਵਾਹੀ ਕਰਦਾ ਤੇ ਕੋਈ ਗੁਨਾਹ ਨ ਦਸਦਾ, ਉਠ ਉਠ ਨਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ, ਉਹ ਦੇਖ ਤਤੀ ਵਲ ਹਸਦਾ, ਜ਼ਰਾ ਨਾ ਖਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ, ਆਸ਼ਕ ਹੋਣ ਦਰਦ ਦਾ, ਬਿਰਹੋਂ ਰਸ ਦਾ।

ਹਾਸ਼ਮ ਦੀ ਕਾਵਿ ਕਲਾ ਸਬੰਧੀ ਉਸ ਦੇ ਵਿਚਾਰ ਪ੍ਰਬੰਧ ਅਤੇ ਕਾਵਿ ਪ੍ਰਬੰਧ ਨੂੰ ਅਸੀਂ ਜਨ-ਸੰਸਲਿਸਟ ਬਿੰਬ ਦੇ ਰੂਪ ਵਿਚ ਨਿਹਾਰਦੇ ਹਾਂ ਤਾਂ ਇਹ ਕਹਿਣਾ ਉਚਿੱਤ ਹੀ ਹੈ ਕਿ ਕਿੱਸਾਕਾਰ ਕਵੀਆਂ ਵਿਚ ਵਾਰਿਸ ਸ਼ਾਹ ਦੀ ਕਲਾ ਪੁਖ਼ਤਗੀ ਨਾਲ ਮੋਢਾ ਮੇਚਦਾ ਹੈ।

### ਅਹਿਮਦ ਯਾਰ (1768–1848)

ਅਹਿਮਦ ਯਾਰ ਪੰਜਾਬੀ ਵਿਚ ਸਭ ਤੋਂ ਵੱਧ ਕਿੱਸੇ ਲਿਖਣ ਵਾਲਾ ਕਵੀ ਹੈ। ਇਸ ਸਬੰਧ ਵਿਚ ਉਹ ਆਪ ਲਿਖਦਾ ਹੈ :

ਜਿਤਨੇ ਕਿੱਸੇ ਅਤੇ ਕਿਤਾਬਾਂ ਉਮਰ ਸਾਰੀ ਮੈਂ ਜੋੜੇ।
ਗਿਣਨ ਲੱਗਾਂ ਤਾਂ ਯਾਦ ਨਾ ਆਵਣ, ਜੋ ਦੱਸਾਂ ਸੋ ਥੋੜ੍ਹੇ।

ਕਹਿੰਦੇ ਹਨ ਕਿ ਅਹਿਮਦ ਯਾਰ ਦਾ ਆਪਣੇ ਪਿੰਡ ਵਿਚ ਕਿਸੇ ਕੁੜੀ ਨਾਲ ਪ੍ਰੇਮ ਹੋ ਗਿਆ ਸੀ। ਕਿਸਾਨੀ ਕਿੱਤੇ ਨਾਲ ਸਬੰਧਤ ਇਹ ਕਵੀ ਨੂੰ ਆਪਣਾ ਪਿੰਡ ਛੱਡਣਾ ਪਿਆ। ਕੁਝ ਅਰਬੀ, ਫ਼ਾਰਸੀ ਜ਼ੁਬਾਨਾਂ ਉਤੇ ਚੰਗੀ ਖਾਸੀ ਪਕੜ ਹੋਣ ਕਾਰਨ ਉਸ ਦੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਸੀ। ਉਸ ਨੇ ਆਪਣੇ ਜੀਵਨ ਵਿਚ ਜਿਹੜੇ ਕਿੱਸਿਆਂ ਦੀ ਰਚਨਾ ਕੀਤੀ ਹੈ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਤਿੱਤਰ ਤੇ ਭਟਿੱਠਰ, ਸੋਹਣੀ ਮਹੀਵਾਲ, ਲੈਲਾ ਮਜਨੂੰ, ਸੱਸੀ ਪੁੰਨੂੰ, ਹੀਰ ਰਾਂਝਾ, ਯੂਸਫ਼ ਜ਼ੁਲੈਖਾਂ, ਸੈਫ਼ਲ ਮਲੂਕ, ਚੰਦਰ ਬਦਨ, ਕਾਮਰੂਪ, ਰਾਜ ਬੀਬੀ ਆਦਿ। ਇਹ ਬਹੁਤੇ ਕਿੱਸੇ ਮਸਨਵੀ ਕਾਵਿ ਰੂਪ ਵਿਚ ਲਿਖੇ ਹਨ ਅਤੇ ਮੁੱਖ ਛੰਦ ਦਵੱਯਾ ਵਰਤਿਆ ਗਿਆ ਹੈ। ਤਿੱਤਰ ਤੇ ਭਟਿੱਠਰ ਲਈ ਦੋਹਰਾ ਤੇ ਸੱਸੀ ਪੁੰਨੂੰ ਲਈ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਸਭ ਕਿੱਸਿਆਂ ਵਿਚੋਂ ਉਸ ਨੂੰ ਹੀਰ ਰਾਂਝਾ, ਕਾਮ ਰੂਪ ਅਤੇ ਹਾਤਮ ਤਾਈ ਲਿਖਣ ਕਾਰਨ ਵਧੇਰੇ ਪ੍ਰਸਿੱਧੀ ਮਿਲੀ। ਅਹਿਮਦ ਯਾਰ ਨੇ ਬਹੁਤ ਸਾਰੇ ਕਿੱਸਾਕਾਰਾਂ ਬਾਰੇ ਵੀ ਆਪਣਾ ਸਤਿਕਾਰ ਭੇਂਟ ਕੀਤਾ ਹੈ। ਜਿਵੇਂ :

ਸੁਥਰਾ ਸ਼ਿਆਰ ਨਾ ਹਾਫ਼ਜ਼ ਜੇਹਾ, ਤੋਲ ਪੂਰਾ ਉਸ ਹਟੀ।
ਪਰ ਅਗਲਿਆਂ ਪਿਛਲਿਆਂ ਸ਼ਾਇਰਾਂ ਦੀ ਮੈਂ ਇਸ ਵੇਲੇ ਕਸਵਟੀ।
ਪੀਲੂ ਨਾਲ ਨਾ ਰੀਸ ਕਿਸੇ ਦੀ, ਇਸ ਵਿਚ ਸੋਜ਼ ਅਲੈਹਦੀ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ।

ਉਸ ਦੀ ਕਿੱਸਾ ਰਚਨਾ ਵਿਚ ਕਿਤੇ ਕਿਤੇ ਵਿਸਥਾਰ ਵੀ ਹੈ ਪਰ ਵਧੇਰੇ ਕਰਕੇ ਸੰਜਮ ਹੀ ਹੈ। ਹੀਰ ਦੀ ਸੁੰਦਰਤਾ ਬਾਰੇ ਉਹ ਆਪਣੀ ਸ਼ੈਲੀ ਵਿਚ ਬੜਾ ਖ਼ੂਬਸੂਰਤ ਬਿਆਨ ਕਰਦਾ ਹੈ :

ਹੀਰ ਸਿਆਲ ਚੂਚਕ ਦੀ ਬੇਟੀ, ਜੋਬਨ ਹੁਸਨ ਜਵਾਨੀ।
ਆਪ ਲਿਖੀ ਤਸਵੀਰ ਮੁਸਵਰ, ਕੁਦਰਤ ਦੀ ਫੜ ਕਾਨੀ।
ਸੂਹਾ ਕੁੜਤਾ ਲਹਿਰਾਂ ਮਾਰੇ, ਬਿਜਲੀ ਜਿਵੇਂ ਸ਼ਫ਼ਕ ਵਿਚ।
ਦੋ ਮੁਰਗਾਬੀਆਂ ਬਹਿਰ ਹੁਸਨ ਵਿਚ ਤਰੀਆਂ ਗਰਕ ਅਰਕ ਵਿਚ।

ਇਸੇ ਤਰ੍ਹਾਂ ਕਾਮ ਰੂਪ ਦੇ ਕਿੱਸੇ ਵਿਚ ਸੁੰਦਰਤਾ ਤੇ ਕਲਪਨਾ ਦੀ ਛੋਹ ਕਮਾਲ ਦੀ ਹੈ :

ਕਦੀ ਰੰਗ ਮਹਲ ਤੇ ਜਾ ਢੂੰਢੇ, ਪੁੰਨੂੰ ਏਥੇ ਹੀ ਬੈਠਦਾ ਹੋਵੰਦਾ ਸੀ।
ਉਨ੍ਹਾਂ ਕੰਧਾਂ ਨੂੰ ਚੁੰਮ ਚੁੰਮ ਲਾਏ ਸੀਨੇ, ਜਿਨ੍ਹਾਂ ਬੂਹਿਆਂ ਦੇ ਵਿਚ ਖਲੋਵੰਦਾ ਸੀ।
ਜਿਨ੍ਹਾਂ ਬੰਦਿਆਂ ਦੇ ਨਾਲ ਗਲ ਕਰਦਾ, ਚੰਬੇ ਮੋਤੀਆਂ ਹਾਰ ਪਰੋਵੰਦਾ ਸੀ।
ਅਹਿਮਦਯਾਰ ਲੇਟੇ ਉਸ ਜ਼ਿਮੀਂ ਉਤੇ, ਜਿਸ ਜਗ੍ਹਾ ਉਹ ਨਾਵ੍ਹਦਾ ਸੋਵੰਦਾ ਸੀ।
ਕਦੀ ਰੁਖਾਂ ਨੂੰ ਲੈ ਗਲ ਲਾਵੰਦੀ ਸੀ, ਛਾਵੇਂ ਤੁਸਾਂ ਦੀ ਬਹਿੰਦਾ ਯਾਰ ਮੇਰਾ।
ਜਿਨ੍ਹਾਂ ਮੇਵਿਆਂ ਨੂੰ ਉਹ ਖਾਵੰਦਾ ਸੀ, ਉਨ੍ਹਾਂ ਰੁੱਖਾਂ ਦੇ ਨਾਲ ਪਿਆਰ ਮੇਰਾ।

ਭਾਸ਼ਾ ਪੱਖੋਂ ਉਸ ਦੀ ਕਵਿਤਾ ਵਿਚ ਅਰਬੀ, ਫ਼ਾਰਸੀ ਦਾ ਦਖ਼ਲ ਸਾਫ਼ ਝਲਕਦਾ ਹੈ। ਇਸ ਦਖ਼ਲ ਦੇ ਬਾਵਜੂਦ ਉਸ ਦੀ ਭਾਸ਼ਾ ਔਖੀ ਨਹੀਂ, ਆਮ ਸਮਝ ਆਉਣ ਵਾਲੀ ਹੈ।

ਅਹਿਮਦਯਾਰ ਦਾ ਗਿਆਨ ਭੰਡਾਰ ਵਿਸ਼ਾਲ ਹੈ ਪਰ ਉਸ ਦੀ ਕਵਿਤਾ ਵਿਚ ਆਪਣੇ ਸਮਕਾਲੀ ਕਵੀ ਹਾਸ਼ਮ ਵਾਲੀ ਖ਼ੂਬਸੂਰਤੀ ਨਹੀਂ ਜਾਪਦੀ ਕਿ ਬਹੁਤ ਖ਼ੂਬਸੂਰਤ ਕਵਿਤਾ ਲਿਖਣ ਨਾਲੋਂ ਉਸ ਦਾ ਧਿਆਨ ਬਹੁਤੇ ਕਿੱਸੇ ਤੇ ਬਹੁਤੀ ਕਵਿਤਾ ਲਿਖਣ ਵੱਲ ਹੈ। ਇਸ ਦੇ ਬਾਵਜੂਦ ਵੀ ਉਤਰ ਮੱਧ ਕਾਲ ਦੇ ਪਿਛਲੇ ਦੌਰ ਦੇ ਕਵੀਆਂ ਵਿਚ ਉਸ ਦਾ ਥਾਂ ਜ਼ਿਕਰ ਯੋਗ ਇਸ ਲਈ ਹੈ, ਕਿਉਂਕਿ ਉਸ ਨੇ ਕਈ ਕਿੱਸੇ ਅਜਿਹੇ ਲਿਖੇ ਹਨ, ਜਿੰਨ੍ਹਾਂ ਨੂੰ

ਪਹਿਲਾਂ ਕਿਸੇ ਨੇ ਹੱਥ ਨਹੀਂ ਸੀ ਪਾਇਆ। ਉਸ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਹੋਰ ਕਵੀਆਂ ਉਤੇ ਟਿੱਪਣੀ ਕਰਨ ਸਮੇਂ ਉਹ ਪੰਜਾਬੀ ਦਾ ਪਹਿਲਾ ਕਿੱਸਾਕਾਰ ਆਲੋਚਕ ਸਿੱਧ ਹੁੰਦਾ ਹੈ।

**ਅਮਾਮ ਬਖ਼ਸ਼ (1778–1863 ਈ.)**

ਅਮਾਮ ਬਖ਼ਸ਼ ਦਾ ਜਨਮ ਪੱਸੀਆਂਵਾਲਾ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਕਿੱਤੇ ਵਜੋਂ ਉਹ ਤਰਖਾਣ ਸੀ ਅਤੇ ਉਹ ਜ਼ਾਤ ਦਾ ਕੁਰੈਸ਼ੀ ਸੀ। ਉਸ ਨੇ ਕੁਰਾਨ ਸ਼ਰੀਫ਼ ਆਪ ਵੀ ਪੜ੍ਹਿਆ ਅਤੇ ਹੋਰਨਾਂ ਨੂੰ ਵੀ ਪੜ੍ਹਨ ਦੀ ਪ੍ਰੇਰਨਾ ਦਿੱਤੀ। ਜਿਸ ਤੋਂ ਉਸ ਦੇ ਇਸਲਾਮ ਨਾਲ ਡੂੰਘੇ ਲਗਾਉ ਦਾ ਪਤਾ ਲੱਗਦਾ ਹੈ।

ਅਸਲ ਵਿਚ ਉਹ ਇਕ ਕਿੱਸਾਕਾਰ ਸੀ। ਜਿਸ ਨੇ ਸ਼ਾਹ ਬਹਿਰਾਮ, ਲੈਲਾ ਮਜਨੂੰ, ਚੰਦਰ ਬਦਨ ਅਤੇ ਗੁਲ ਸਨੋਬਰ ਆਦਿ ਕਿੱਸਿਆਂ ਦੀ ਰਚਨਾ ਕੀਤੀ ਪਰ 'ਬਦੀਉਲ ਜਮਾਲ' ਵਿਚ ਉਸ ਨੇ ਇਸਲਾਮੀ ਮਸਲਿਆਂ ਨੂੰ ਕਾਵਿ-ਬੱਧ ਕੀਤਾ ਹੈ। 'ਸ਼ਾਹ ਬਹਿਰਾਮ' ਅਮਾਮ ਬਖ਼ਸ਼ ਦਾ ਸਭ ਤੋਂ ਪ੍ਰਸਿੱਧ ਕਿੱਸਾ ਹੈ। ਇਹ ਕਿੱਸਾ ਫ਼ਾਰਸੀ ਸ਼ਾਇਰ ਫ਼ਿਰਦੌਸੀ ਦੇ 'ਸ਼ਾਹਨਾਮਾ' ਉਤੇ ਆਧਾਰਿਤ ਹੈ। ਇਸ ਵਿਚ ਇਰਾਨ ਦੇ ਬਾਦਸ਼ਾਹ ਬਹਿਰਾਮ ਦਾ ਬਾਨੋ ਨਾਂ ਦੀ ਪਰੀ ਨਾਲ ਪ੍ਰੇਮ ਦੀ ਕਹਾਣੀ ਹੈ। ਇਸ ਵਿਚ ਇਕ ਪੁਰਾਣੀ ਕਹਾਣੀ ਨੂੰ ਕਵੀ ਨੇ ਆਪਣੀ ਸੁਹਜਮਈ ਸ਼ੈਲੀ ਨਾਲ ਮੁੜ ਪੜ੍ਹਨ ਯੋਗ ਬਣਾ ਦਿੱਤਾ ਹੈ। ਦਵੱਯਾ ਛੰਦ ਵਿਚ ਲਿਖਿਆ ਉਸ ਦਾ ਕਿੱਸਾ ਕਾਮ ਰੂਪ ਵਧੇਰੇ ਪ੍ਰਸਿੱਧ ਹੈ। ਨੂਰੀ ਤੇ ਖਾਕੀ ਰਿਸ਼ਤਿਆਂ ਨੂੰ ਪੇਸ਼ ਕਰਨ ਦੀ ਇਹ ਇਕ ਸੁੰਦਰ ਕਾਵਿ ਰਚਨਾ ਹੈ। ਅਮਾਮ ਬਖ਼ਸ਼ ਵਿਚ ਕਿੱਸੇ ਦੀ ਕਹਾਣੀ ਨੂੰ ਪੇਸ਼ ਕਰਨ ਦਾ ਗੁਣ ਵੀ ਹੈ ਅਤੇ ਕਾਵਿ ਕਲਾ ਪੱਖੋਂ ਉਹ ਹਾਸ਼ਮ ਜਾਂ ਵਾਰਿਸ ਸ਼ਾਹ ਵਰਗਾ ਕਵੀ ਨਹੀਂ ਵੀ, ਪਰ ਫੇਰ ਵੀ ਉਸ ਦਾ ਨਾਂ ਕਲਾ ਪੱਖੋਂ ਗੌਲਣ ਯੋਗ ਹੈ। ਜਿਵੇਂ :

ਖ਼ੁਸ਼ ਆਵਾਜ਼ ਜਨਾਵਰ ਬੋਲਣ ਉੱਪਰ ਹਰ ਹਰ ਡਾਲੇ।
ਵੇਖ ਬਹਾਰ ਚਮਨ ਦੀ ਪੜ੍ਹਦੇ, ਸਿਫ਼ਤ ਖ਼ੁਦਾਵੰਦ ਤਾਲੇ।
ਸਾਇਆਦਾਰ ਦਰਖਤਾਂ ਵਿਚੋਂ ਵਗਣ ਸਰਦ ਹਵਾਈਂ।
ਰੰਗ ਮਹਲ ਸੁਨਹਰੀ ਕੰਧਾਂ, ਵਾਂਗ ਬਹਿਸ਼ਤ ਬਨਾਈਂ।

ਚੰਦਰ ਬਦਨ ਦੇ ਕਿੱਸੇ ਵਿਚ ਇਕ ਮੁਸਲਮਾਨ ਵਪਾਰੀ ਅਤੇ ਇਕ ਹਿੰਦੂ ਰਾਜਕੁਮਾਰੀ ਦੇ ਅਸਫਲ ਪਿਆਰ ਦੀ ਕਹਾਣੀ ਹੈ। ਇਸ ਦੀਆਂ ਸਾਰੀਆਂ ਘਟਨਾਵਾਂ ਇੰਨੀਆਂ ਕਲਪਿਤ ਹਨ ਕਿ ਮੰਨਣ ਯੋਗ ਨਹੀਂ ਕਹੀਆਂ ਜਾ ਸਕਦੀਆਂ। ਇਸ ਵਿਚ ਕਾਵਿ ਕਲਾ ਦੀ ਵੀ ਕੋਈ ਵਿਸ਼ੇਸ਼ਤਾ ਨਹੀਂ ਹੈ। ਗੁਲ ਸਨੋਬਰ ਇਕ ਫ਼ਾਰਸੀ ਮਸਨਵੀ ਦਾ ਪੰਜਾਬੀ ਰੂਪ ਹੈ।

ਲੈਲਾ ਮਜਨੂੰ ਦੀਵਾਨ ਦੀ ਸ਼ੈਲੀ ਵਿਚ ਲਿਖੀ ਰਚਨਾ ਹੈ। ਪਰ ਇਸ ਵਿਚ ਅਮੀਰ ਖੁਸਰੋ ਦੀ ਕਵਿਤਾ ਵਰਗੀ ਕਲਾ ਪੁਖ਼ਤਗੀ ਨਹੀਂ ਹੈ, ਪਰ ਫੇਰ ਵੀ ਬਿਰਹਾ ਵਰਣਨ ਨਾਲ ਕਿੱਸਾ ਕੁਝ ਰੌਚਿਕ ਬਣ ਗਿਆ ਹੈ।

ਅਮਾਮ ਬਖ਼ਸ਼ ਦੀ ਸਮੁੱਚੀ ਕਿੱਸਾਕਾਰੀ ਤੇ ਅਰਬੀ, ਫ਼ਾਰਸੀ ਦਾ ਕਾਫ਼ੀ ਪ੍ਰਭਾਵ ਹੈ ਅਤੇ ਕੋਈ ਵੀ ਰਚਨਾ ਪ੍ਰਸਿੱਧ ਨਹੀਂ ਹੈ ਕਿ ਆਮ ਲੋਕਾਂ ਦੀ ਪੜ੍ਹਨ ਸਮੱਗਰੀ ਬਣੀ ਹੋਵੇ।

**ਕਾਦਰਯਾਰ (1800-1892 ਈ.)**

ਕਾਦਰਯਾਰ ਜਾਤ ਦਾ ਸੰਧੂ ਜੱਟ ਸੀ ਅਤੇ ਜ਼ਿਲ੍ਹਾ ਸੇਖੂਪੁਰਾ ਦੇ ਪਿੰਡ ਮਾਛੀਕੇ ਦਾ ਵਾਸੀ ਸੀ। ਸਭ ਤੋਂ ਪਹਿਲਾਂ ਇਸਲਾਮ ਨਾਲ ਸਬੰਧਤ ਉਸ ਦੀਆਂ ਦੋ ਕਾਵਿ ਰਚਨਾਵਾਂ ਹਨ—ਇਹ 'ਰੋਜ਼ਨਾਮਾ' ਅਤੇ 'ਮਿਆਰਾਜਨਾਮਾ'। ਪਰ ਉਸ ਨੂੰ ਅਸਲੀ ਪ੍ਰਸਿੱਧਤਾ ਪੰਜਾਬੀ ਕਿੱਸਾਕਾਰੀ ਕਾਰਨ ਪ੍ਰਾਪਤ ਹੋਈ ਹੈ। ਉਸ ਦਾ ਸਭ ਤੋਂ ਪ੍ਰਸਿੱਧ ਕਿੱਸਾ ਤਾਂ ਪੂਰਨ ਭਗਤ ਹੈ। ਪਰੰਤੂ ਉਸ ਦੇ ਰਾਜਾ ਰਸਾਲੂ, ਰਾਣੀ ਕੋਕਿਲਾ, ਕਿੱਸਾ ਸੋਹਣੀ ਮਹੀਵਾਲ ਆਦਿ ਕਿੱਸੇ ਹਨ।

ਸੀਹਰਫ਼ੀਆਂ ਦੇ ਰੂਪ ਵਿਚ ਪੂਰਨ ਭਗਤ ਦਾ ਕਿੱਸਾ ਲਿਖਿਆ ਗਿਆ ਹੈ ਤੇ ਇਸ ਕਿੱਸੇ ਕਾਰਨ ਹੀ ਕਿਸੇ ਸਰਦਾਰ ਨੇ ਉਸ ਨੂੰ ਖੂਹ ਇਨਾਮ ਵਜੋਂ ਦਿੱਤਾ ਸੀ। ਇਸ ਕਿੱਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਬੈਤ ਛੰਦ ਵਿਚ ਬੜੀ ਸਰਲ ਕੇਂਦਰੀ ਪੰਜਾਬੀ ਵਿਚ ਪੂਰਨ ਭਗਤ ਦੀ ਕਥਾ ਨੂੰ ਕਾਵਿ-ਬੱਧ ਕੀਤਾ ਗਿਆ ਹੈ। ਔਰਤ ਨੂੰ ਲੂਣਾ ਦੇ ਰੂਪ ਵਿਚ ਭੰਡਿਆ ਗਿਆ ਹੈ।

ਇੱਛਰਾਂ ਦੇ ਦੁੱਖ ਦਾ ਬਿਆਨ ਵੀ ਬੜਾ ਦਰਦ ਭਰਪੂਰ ਹੈ ਪਰ ਸਲਵਾਨ ਦਾ ਪਹਿਲਾ ਜ਼ਾਲਮਾਨਾ ਹੁਕਮ ਤੇ ਫਿਰ ਪਛਤਾਵਾ ਇਸ ਕਿੱਸੇ ਨੂੰ ਬੜਾ ਰੌਚਕ ਬਣਾਉਂਦੇ ਹਨ ਪਰ ਸੁੰਦਰਾਂ ਜੋ ਪੂਰਨ ਉਤੇ ਮੋਹਿਤ ਹੋ ਜਾਂਦੀ ਹੈ। ਉਸ ਦਾ ਦੁਖਾਂਤ ਸਭ ਤੋਂ ਵੱਧ ਪ੍ਰਭਾਵਸ਼ਾਲੀ ਹੈ। ਇਸ ਸਬੰਧ ਵਿਚ ਇਹ ਸਤਰਾਂ ਦੇਖੋ :

> ਜ਼ਾਲ—ਜ਼ਰਾ ਵੀ ਨ ਤਾਕਤ ਰਹੀ ਤਨ ਵਿਚ, ਰਾਣੀ ਗਾਂਵਦੀ ਗਮਾਂ ਦੇ ਗੀਤ ਲੋਕੋ।
> ਮੈਂ ਭੁਲੀ ਹਾਂ ਤੁਸੀਂ ਨ ਭੁਲਿਯੋ ਜੇ, ਲਾਇਓ ਜੋਗੀਆਂ ਨਾਲ ਨ ਪ੍ਰੀਤ ਲੋਕੋ।
> ਜੰਗਲ ਗਏ ਨ ਬਹੁੜੇ ਸੁੰਦਰਾਂ ਨੂੰ, ਜੋਗੀ ਨਹੀਂ ਕਿਸੇ ਦੇ ਮੀਤ ਲੋਕੋ।
> ਕਾਦਰਯਾਰ ਪੁਛੇ ਕਿਹੜਾ ਦੁਖ ਮੇਰਾ, ਓਸੇ ਵਕਤ ਹੋਇਆ ਪਥਰ ਚੀਤ ਲੋਕੋ।

ਸੋਹਣੀ ਮਹੀਵਾਲ ਦੇ ਕਿੱਸੇ ਵਿਚ ਕਾਦਰਯਾਰ ਨੇ ਕਿੱਸਾ ਕਾਵਿ ਦੇ ਧਰਮ ਨੂੰ ਵਧੇਰੇ ਖ਼ੂਬਸੂਰਤੀ ਨਾਲ ਨਿਭਾਇਆ ਹੈ। ਸੋਹਣੀ ਮਹੀਵਾਲ ਦੇ ਕਿੱਸੇ ਦਾ ਸਬੰਧ ਝਨ੍ਹਾ ਦਰਿਆ ਨੂੰ ਵੀ ਅਮਰ ਕਰ ਦਿੱਤਾ ਹੈ। ਬਿਰਹਾ ਵਰਣਨ ਅਤੇ ਚਨਾਬ ਦਰਿਆ ਸਬੰਧੀ ਕਵੀ ਦਾ ਵਰਣਨ ਵੀ ਹੈ। ਦੋਹਰੇ ਛੰਦ ਵਿਚ ਲਿਖੇ ਇਸ ਕਿੱਸੇ ਦੀਆਂ ਚਨਾਬ ਸਬੰਧੀ ਇਹ ਸਤਰਾਂ ਵੇਖੋ :

> ਪਾਣੀ ਇਸ਼ਕ ਝਨਾਉ ਦਾ, ਜਾਦੂਗਰ ਵਹੇ।
> ਇਸ਼ਕ ਝਨਾਉ ਲਭਦਾ, ਜੋ ਕੋਈ ਮੁਲ ਲਹੇ।

'ਰਾਜਾ ਰਸਾਲੂ' ਕਾਦਰਯਾਰ ਦੀ ਕੋਈ ਪ੍ਰਭਾਵਸ਼ਾਲੀ ਰਚਨਾ ਨਹੀਂ ਬਣ ਸਕੀ। ਸੱਚ ਤਾਂ ਇਹ ਹੈ ਕਿ ਜੇ ਕਾਦਰਯਾਰ ਪੰਜਾਬੀ ਕਿੱਸਾਕਾਰੀ ਦੇ ਇਤਿਹਾਸ ਵਿਚ ਪ੍ਰਸਿੱਧਤਾ ਖੱਟ ਸਕਿਆ ਹੈ ਤਾਂ ਉਸ ਦਾ ਕਾਰਨ ਉਸ ਦਾ ਕਿੱਸਾ 'ਪੂਰਨ ਭਗਤ ਹੀ ਹੈ।

ਸਮੁੱਚੇ ਤੌਰ 'ਤੇ ਉਤਰ ਮੱਧ-ਕਾਲ ਦੇ ਪਿਛਲੇ ਦੌਰ (1799-1850 ਈ.) ਵਿਚ ਜਿਹੜੇ ਕਿੱਸੇ ਲਿਖੇ ਗਏ ਹਨ, ਉਹਨਾਂ ਵਿਚੋਂ ਹਾਸ਼ਮ ਦਾ 'ਸੱਸੀ ਪੁੰਨੂੰ' ਅਤੇ ਕਾਦਰਯਾਰ ਦਾ 'ਪੂਰਨ ਭਗਤ' ਬਹੁਤ ਪ੍ਰਸਿੱਧ ਹਨ। ਹੋਰ ਕਿੱਸਾਕਾਰਾਂ ਵਿਚ ਅਮਾਮ ਬਖ਼ਸ਼ ਤੇ ਅਹਿਮਦਯਾਰ ਦਾ ਯੋਗਦਾਨ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

\- - - - -

# ਬੀਰ ਰਸੀ ਕਾਵਿਧਾਰਾ

ਭਾਵੇਂ ਪਿਛਲੇਰੇ ਮੱਧ ਕਾਲ ਦੇ ਦੂਜੇ ਭਾਗ (1800-1850 ਈ.) ਵਿਚ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦਾ ਅਤੇ ਪਿੱਛੋਂ ਉਸ ਦੇ ਵਾਰਸਾਂ ਦਾ ਰਾਜ ਰਿਹਾ, ਪਰ ਲੜਾਈਆਂ ਕਿਸੇ ਨਾ ਕਿਸੇ ਰੂਪ ਵਿਚ ਹੁੰਦੀਆਂ ਹੀ ਰਹੀਆਂ। ਇਸ ਕਾਲ ਵਿਚ ਦੋ ਕਿਸਮ ਦੀਆਂ ਬੀਰ ਰਸੀ ਰਚਨਾਵਾਂ ਦੀ ਰਚਨਾ ਹੋਈ—ਵਾਰਾਂ ਤੇ ਜੰਗਨਾਮੇ।

ਦੋਵਾਂ ਕਿਸਮ ਦੀਆਂ ਰਚਨਾਵਾਂ ਵਿਚ ਬੀਰ ਰਸ ਦਾ ਪ੍ਰਵਾਹ ਕਿਤੇ ਜੋਸ਼ੀਲਾ ਅਤੇ ਕਿਤੇ ਦਰਮਿਆਨਾ ਚਲਦਾ ਰਿਹਾ, ਪਰੰਤੂ ਇਹ ਬੀਰ ਰਸੀ ਰਚਨਾਵਾਂ ਮੱਧ-ਕਾਲੀ ਬੀਰ ਰਸੀ ਸਾਹਿਤ ਨਾਲੋਂ ਕੁਝ ਭਿੰਨ ਹਨ। ਇਸ ਦੌਰ ਦੀਆਂ ਵਾਰਾਂ ਵਿਚ ਤਾਂ ਬੀਰ ਰਸ ਦਾ ਰੰਗ ਗੂੜ੍ਹਾ ਹੈ ਪਰ ਜੰਗਨਾਮੇ ਉਸ ਤਰ੍ਹਾਂ ਦਾ ਬੀਰ ਰਸ ਪੈਦਾ ਨਹੀਂ ਕਰਦੇ, ਜਿਸ ਤਰ੍ਹਾਂ ਆਦਿ-ਕਾਲੀਨ ਅਤੇ ਮੱਧ-ਕਾਲੀਨ ਵਾਰਾਂ ਵਿਚ ਹੈ। ਅਸੀਂ ਇਸ ਕਾਲ ਦੇ ਬੀਰ ਰਸੀ ਸਾਹਿਤ ਦਾ ਲੇਖਾ-ਜੋਖਾ ਹੇਠ ਲਿਖੇ ਅਨੁਸਾਰ ਪੇਸ਼ ਕਰਦੇ ਹਾਂ :

### ਸੋਢੀਆਂ ਦੀ/ਆਨੰਦਪੁਰ ਦੀ ਵਾਰ

ਭਾਵੇਂ ਇਹ ਵਾਰ ਸੋਢੀਆਂ ਦੀ ਵਾਰ ਨਾਲ ਪ੍ਰਸਿੱਧ ਹੈ, ਕਿਉਂਕਿ ਇਸ ਵਾਰ ਵਿਚ ਇਕ ਪਾਸੇ ਸੋਢੀ ਸਨ ਤੇ ਦੂਜੇ ਪਾਸੇ ਪਹਾੜੀ ਰਿਆਸਤ ਦੇ ਰਾਜੇ ਮਹਾਂ ਚੰਦ ਦੀਆਂ ਫ਼ੌਜਾਂ ਸਨ। ਇਸ ਵਾਰ ਵਿਚ ਸੋਢੀਆਂ ਅਤੇ ਮਹਾਂ ਚੰਦ ਦੀਆਂ ਫ਼ੌਜਾਂ ਸਨ। ਇਸ ਵਾਰ ਵਿਚ ਸੋਢੀਆਂ ਅਤੇ ਮਹਾਂ ਚੰਦ ਦੀਆਂ ਫ਼ੌਜਾਂ ਵਿਚਕਾਰ ਜੋ ਯੁੱਧ ਹੁੰਦਾ ਹੈ, ਉਸ ਨੂੰ ਕਵੀ ਨੇ 38 ਪਉੜੀਆਂ ਵਿਚ ਪੇਸ਼ ਕੀਤਾ ਹੈ, ਪਰ ਪਉੜੀਆਂ ਵਿਚ ਤੁਕਾਂ ਦੀ ਗਿਣਤੀ ਇਕੋ ਜਿਹੀ ਨਹੀਂ ਹੈ। ਤੁਕਾਂਤ ਨਿਸ਼ਾਨੀ ਛੰਦ ਵਾਂਗ ਨਹੀਂ, ਸਗੋਂ ਬੈਂਤ ਛੰਦ ਦੀ ਧਾਰਨਾ ਉਤੇ ਮੇਲ ਖਾਂਦਾ ਹੈ। ਮਹਾਂ ਚੰਦ ਦੀ ਹਾਰ ਨਾਲ ਵਾਰ ਆਪਣੇ ਸਿਖਰ 'ਤੇ ਪਹੁੰਚਦੀ ਹੈ। ਵਾਰ ਦੀ ਬੋਲੀ ਸਰਲ ਤੇ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਹੈ। ਇਸ ਵਾਰ ਵਿਚ ਅਰਬੀ, ਫ਼ਾਰਸੀ ਦਾ ਰੰਗ ਵੀ ਕੁਝ ਖ਼ਾਸ ਨਹੀਂ ਹੈ, ਪਰ ਇਹ ਕੋਈ ਪ੍ਰਭਾਵਸ਼ਾਲੀ ਬੀਰ ਰਸੀ ਵਾਰ ਰਚਨਾ ਨਹੀਂ ਹੈ।

### ਸੀਹਰਫ਼ੀ ਗੁਰੂ ਖਾਲਸੇ ਸ਼ਾਹ ਕੀ

ਸੀਹਰਫ਼ੀ ਗੁਰੂ ਖਾਲਸੇ ਸ਼ਾਹ ਕੀ ਬੈਂਤ ਛੰਦ ਵਿਚ ਲਿਖੀ ਰਚਨਾ ਹੈ ਪਰ ਤੋਲ-ਤੁਕਾਂਤ ਪੱਖੋਂ ਇਹ ਇਕ ਕਮਜ਼ੋਰ ਰਚਨਾ ਹੈ। ਇਸ ਸੀਹਰਫ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਦਾ ਵਰਣਨ ਹੈ। ਇਹ ਰਚਨਾ ਕਵੀ ਨੇ 1830 ਈ. ਵਿਚ ਕੀਤੀ। ਇਹ ਕਵੀ ਹਾਕਮ ਸਿੰਘ ਦਰਵੇਸ਼ ਦੀ ਰਚਨਾ ਹੈ, ਜੋ ਲੁਧਿਆਣੇ ਜ਼ਿਲ੍ਹੇ ਦੇ ਰਾਏਪੁਰ ਨਗਰ ਦਾ ਵਾਸੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਰਦਾਰ ਗੁਲਾਬ ਸਿੰਘ ਦਾ ਸੈਨਿਕ ਹੋਣ ਕਾਰਨ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਜ਼ਿਆਦਾ ਲਗਾਉ ਸੀ। ਇਹ ਸਾਰੀ ਰਚਨਾ ਭਾਵੇਂ ਬੀਰ ਰਸੀ ਹੈ ਪਰ ਇਸ ਵਿਚ ਰਸ ਦਾ ਰੰਗ ਸੰਘਣਾ ਨਹੀਂ ਹੈ।

### ਜੰਗਨਾਮਾ ਹਰੀ ਸਿੰਘ ਨਲੂਆ

'ਜੰਗਨਾਮਾ ਹਰੀ ਸਿੰਘ ਨਲੂਆ' ਰਾਮ ਦਿਆਲ ਦੀ ਰਚਨਾ ਹੈ, ਜੋ ਨਵਾਂ ਸ਼ਹਿਰ ਦਾ ਵਸਨੀਕ ਹੈ। ਇਹ ਕਵੀ ਹਰੀ ਸਿੰਘ ਨਲੂਏ ਦੀ ਫ਼ੌਜ ਵਿਚ ਕਾਰਦਾਰ ਸੀ ਤੇ ਨਲੂਏ ਦਾ ਪ੍ਰਸ਼ੰਸਕ ਸੀ। ਇਹ ਰਚਨਾ ਹਰੀ ਸਿੰਘ ਨਲੂਏ ਦੀ ਸੂਰਮਗਤੀ ਬਾਰੇ ਕੀਤੀ ਗਈ ਹੈ। ਇਸ ਰਚਨਾ ਵਿਚ ਜਮਰੌਦ ਦੀ ਲੜਾਈ, ਹਰੀ ਸਿੰਘ ਨਲੂਏ ਦੀ ਮੌਤ ਤੇ ਮਹਾਂ ਸਿੰਘ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਹੈ। ਇਹ ਜੰਗਨਾਮਾ ਬੈਂਤ ਛੰਦ ਵਿਚ ਹੈ ਪਰ ਦੋਹਰਾ ਅਤੇ ਕਬਿੱਤ ਦਾ ਰੂਪ ਵੀ ਮਿਲਦਾ ਹੈ। ਇਸ ਸੀਹਰਫ਼ੀ ਵਿਚ 89 ਬੰਦ ਹਨ ਅਤੇ ਹਰ ਬੰਦ ਵਿਚ ਚਾਰ ਚਾਰ ਤੁਕਾਂ ਹਨ ਪਰ ਇਹ ਜੰਗਨਾਮਾ ਬਹੁਤਾ ਸਫਲ ਨਹੀਂ ਹੈ।

### ਵਾਰ ਹਰੀ ਸਿੰਘ ਨਲੂਆ

ਹਰੀ ਸਿੰਘ ਨਲੂਆ ਵਾਰ ਦਾ ਕਰਤਾ ਪ੍ਰਸਿੱਧ ਕਿੱਸਾਕਾਰ ਕਾਦਰਯਾਰ ਹੈ। ਇਹੋ ਕਾਰਨ ਹੈ ਕਿ ਇਹ ਰਚਨਾ ਵਾਰ ਸਿਰਲੇਖ ਦੇ ਬਾਵਜੂਦ ਵੀ ਨਿਸ਼ਾਨੀ ਛੰਦ ਦੀ ਥਾਂ ਬੈਂਤ ਛੰਦ ਵਿਚ ਰਚੀ ਗਈ ਹੈ। ਇਸ ਰਚਨਾ ਵਿਚ ਹਰੀ ਸਿੰਘ ਨਲੂਏ ਦੀ ਬਹਾਦਰੀ ਦਾ ਗੁਣ ਗਾਇਨ ਹੈ। ਜਮਰੌਦ ਦੀ ਲੜਾਈ ਦੇ ਦ੍ਰਿਸ਼ ਬੀਰ ਰਸ ਪੈਦਾ ਕਰਦੇ ਹਨ ਪਰ ਕਿਤੇ-ਕਿਤੇ ਕਰੁਣਾ ਰਸ ਵੀ ਮਿਲਦਾ ਹੈ। ਇਸ ਦੇ ਕੁੱਲ 30 ਬੰਦ ਹਨ। ਇਸ ਜੰਗਨਾਮੇ ਦਾ ਪਹਿਲਾ ਹੀ ਬੰਦ ਵੇਖੋ :

ਅਲਫ਼ ਆਫਰੀਂ ਜੰਮਣਾ ਕਹਿਣ ਸਾਰੇ, ਹਰੀ ਸਿੰਘ ਦੂਲੇ ਸਰਦਾਰ ਤਾਈਂ।
ਜਮਾਦਾਰ ਬਲੀ ਰਾਜੇ ਸਾਹਿਬ ਕੋਲੋਂ, ਕਦ ਉੱਚਾ ਬਲੰਦ ਸਰਦਾਰ ਤਾਈਂ।
ਧਨੀ ਤੇਗ਼ ਦਾ ਮਰਦ ਨਸੀਬ ਵਾਲਾ, ਸਾਯਾ ਉਸ ਦਾ ਕੁਲ ਸੰਸਾਰ ਤਾਈਂ।
ਕਾਦਰਯਾਰ ਪਹਾੜਾਂ ਨੂੰ ਸੋਧਿਓ ਸੁ, ਕਾਬਲ ਕੰਬਿਆ ਖ਼ੌਫ਼ ਕੰਧਾਰ ਤਾਈਂ।

### ਜੰਗ ਸਿੰਘਾਂ ਤੇ ਫਰੰਗੀਆਂ

'ਜੰਗ ਸਿੰਘਾਂ ਤੇ ਫਰੰਗੀਆਂ' ਮਟਕ ਦੀ ਰਚਨਾ ਹੈ ਜੋ ਡਿਉਢ ਛੰਦ ਵਿਚ ਹੈ। ਰਚਨਾ ਦੀ ਭਾਸ਼ਾ ਤੋਂ ਪਤਾ ਲਗਦਾ ਹੈ ਕਿ ਮਟਕ ਮਾਝੇ ਦਾ ਵਸਨੀਕ ਸੀ। ਇਹ ਰਚਨਾ ਪੂਰੀ ਨਹੀਂ ਮਿਲਦੀ, ਸਿਰਫ਼ 35 ਬੰਦ ਹੀ ਮਿਲਦੇ ਹਨ। ਇਸ ਬੀਰ ਰਸੀ ਰਚਨਾ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਦਾ ਵਰਣਨ ਹੈ। ਇਹਨਾਂ ਦਾ ਸਬੰਧ ਮੁਦਕੀ, ਫੇਰੂ ਸ਼ਹਿਰ, ਅਲੀਵਾਲ ਅਤੇ ਸਭਰਾਵਾਂ ਵਿਚ ਹੋਈਆਂ ਲੜਾਈਆਂ ਨਾਲ ਹੈ। ਡਿਉਢ ਛੰਦ ਖ਼ੂਬ ਨਿਭਿਆ ਹੈ। ਭਾਸ਼ਾ ਉਤੇ ਅਰਬੀ, ਫ਼ਾਰਸੀ ਦਾ ਪ੍ਰਭਾਵ ਵੀ ਹੈ। ਡਿਉਢ ਛੰਦ ਦਾ ਇਕ ਨਮੂਨਾ ਦੇਖੋ :

ਦੋ ਮਹੀਨੇ ਰਹੇ ਉਤਰੇ, ਸੁਤਲਦ੍ਰ ਦੇ ਸਿਰਾਣੇ, ਵਡੇ ਸਿਆਣੇ।
ਤੇਜ ਸਿੰਘ ਔ ਲਾਲ ਸਿੰਘ ਹੈਨ ਮੁਸਾਇਬ ਪੁਰਾਣੇ, ਕਰਦੇ ਭਾਣੇ।
ਬਾਹਰੋਂ ਗੱਲਾਂ ਕਰਨ ਮਿਠੀਆਂ, ਅੰਦਰੋਂ ਖੋਟ ਕਮਾਣੇ, ਕਰਦੇ ਭਾਣੇ।
ਕਹਿਤ ਮਟਕ ਰਣਿ ਸ਼ਿਆਮ ਸਿੰਘ ਸੁਦਾਰ ਸਭੀ ਜਗ ਜਾਣੇ, ਲਾਜ ਪਛਾਣੇ।

**ਸ਼ਾਹ ਮੁਹੰਮਦ (1780–1863)**

ਪਿਛਲੇਰੇ ਮੱਧ ਕਾਲ ਦੇ ਆਖਰੀ ਦੌਰ ਦਾ (ਸ਼ਾਹ ਮੁਹੰਮਦ) ਸਭ ਤੋਂ ਵੱਡਾ ਕਵੀ ਹੈ। ਭਾਵੇਂ ਇਸ ਦੌਰ ਦੇ ਕਵੀਆਂ ਵਿਚ ਹਾਸ਼ਮ ਦੀ ਕਾਵਿਕ ਨਿਪੁੰਨਤਾ ਦਾ ਆਪਣਾ ਥਾਂ ਹੈ। ਪਰ ਇਤਿਹਾਸਿਕ ਜਾਣਕਾਰੀ, ਨਿਰਪੱਖ ਬਿਆਨ ਅਤੇ ਧਰਮ ਨਿਰਪੱਖ ਕਾਵਿ ਸਿਰਜਣਾ ਵਿਚ ਉਸ ਦਾ ਨਾ ਆਪਣੇ ਦੌਰ ਵਿਚ ਅਤੇ ਨਾ ਪਹਿਲਾਂ ਕੋਈ ਸਾਨੀ ਨਹੀਂ ਹੈ। ਭਾਵੇਂ ਉਸ ਦੇ ਨਾਂ ਉਤੇ ਇਕ ਹੋਰ ਬਿਰਤਾਂਤਕ ਕਾਵਿ ਦਾ ਜ਼ਿਕਰ ਵੀ ਮਿਲਦਾ ਹੈ। ਉਹ ਰਚਨਾ ਉਪਲਬਧ ਨਹੀਂ ਹੈ। ਉਸ ਦੀ ਇਕੋ-ਇਕ ਬਿਰਤਾਂਤਕ ਕਾਵਿ-ਰਚਨਾ 'ਜੰਗ ਸਿੰਘਾਂ ਤੇ ਫਰੰਗੀਆਂ' ਹੈ, ਜੋ ਇਕ ਉਤਮ ਬਿਰਤਾਂਤਕ, ਉਚ ਕੋਟੀ ਦੀ ਕਵਿਤਾ ਅਤੇ ਕਾਵਿਕ ਨਿਆਂ ਦਾ ਇਕ ਸ਼੍ਰੇਸਟ ਨਮੂਨਾ ਹੈ ਜੋ 'ਜੰਗ ਸਿੰਘਾਂ ਤੇ ਫਰੰਗੀਆਂ' ਸਿਰਲੇਖ ਅਧੀਨ ਮਿਲਦੀ ਹੈ। ਇਸ ਬੀਰ ਰਸੀ ਮਹਾਂ ਕਾਵਿਕ ਰਚਨਾ ਵਿਚ ਇਕ ਬਿਆਨੀਆ ਕਾਵਿ ਵਜੋਂ ਵੀ ਅਨੇਕ ਗੁਣ ਹਨ, ਪਰ ਇਸ ਦਾ ਇਤਿਹਾਸਿਕ ਮਹੱਤਵ ਸਭ ਤੋਂ ਵੱਧ ਹੈ।

ਸ਼ਾਹ ਮੁਹੰਮਦ ਮੁਸਲਮਾਨ ਹੁੰਦੇ ਹੋਏ ਵੀ ਇਕ ਧਰਮ ਨਿਰਪੱਖ ਕਵੀ ਜਾਪਦਾ ਹੈ, ਉਹ ਲਿਖਦਾ ਹੈ:

ਰਾਜ਼ੀ ਬਾਜ਼ੀ ਰਹਿਣ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਨਵੀਂ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ, ਨਹੀਂ ਕਦੇ ਸੀ ਤੀਸਰੀ ਜਾਤ ਆਈ।

ਉਹ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਉਤੇ ਬਹੁਤ ਖ਼ੁਸ਼ ਹੈ। ਉਹ ਉਸ ਦੇ ਪੰਜਾਬ ਉਤੇ ਕਾਬਜ਼ ਹੋਣ ਕਾਰਨ ਏਨਾ ਸੰਤੁਸ਼ਟ ਹੈ ਕਿ ਪੰਜਾਬ ਦੇ ਨਾਲ ਲੱਗਦੇ ਖੇਤਰ ਕਸ਼ਮੀਰ ਤਕ ਵੀ ਉਸ ਦੇ ਰਾਜ ਦੇ ਪ੍ਰਭਾਵ ਦਾ ਗੁਣ ਗਾਇਨ ਕਰਦਾ ਹੈ। ਉਹ ਤਾਂ ਮਹਾਰਾਜਾ ਰਣਜੀਤ ਸਿੰਘ ਪਿੱਛੋਂ ਮਹਾਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਦੀ ਮੌਤ ਉਤੇ ਵੀ ਦੁਖੀ ਜਾਪਦਾ ਹੈ :

ਜਿਨ੍ਹਾਂ ਮਾਰਿਆ ਕੋਹਿ ਕੇ ਵੀਰ ਮੇਰਾ, ਮੈਂ ਖੋਹਾਊਂਗੀ, ਉਨ੍ਹਾਂ ਦੀਆਂ ਜੁੰਡੀਆਂ ਨੀ।
ਧਾਂਕਾਂ ਜਾਣ ਵਲਾਇਤੀ ਦੇਸ ਸਾਰੇ, ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ, ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ, ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।

ਪਰ ਮਹਾਰਾਣੀ ਜਿੰਦਾਂ ਦਾ ਇਹ ਰੁਦਨ ਸ਼ਾਹ ਮੁਹੰਮਦ ਨੂੰ ਆਲੋਚਨਾ ਦੇ ਕਟਹਿਰੇ ਵਿਚ ਵੀ ਲਿਆ ਖੜ੍ਹਾ ਕਰਦਾ ਹੈ। ਉਸ ਦੀ ਇਸ ਭੁੱਲ ਨੂੰ ਛੱਡ ਕੇ ਉਸ ਦੀ ਸਾਰੀ ਰਚਨਾ ਵਿਚ ਸਿੱਖਾਂ ਅਤੇ ਮੁਸਲਮਾਨਾਂ ਦੀ ਵਡਿਆਈ ਦਾ ਗੁਣ ਗਾਇਨ ਹੈ। ਮਾਖੇ ਖ਼ਾਂ ਵਰਗੇ ਬਹਾਦਰਾਂ ਦੀ ਵੀ ਸਿਫ਼ਤ ਸਲਾਹ ਕੀਤੀ ਗਈ ਹੈ ਪਰ ਜੋ ਸਾਂਝੀ ਸੋਚ ਦਾ ਵਰਣਨ ਹੈ, ਉਸ ਦਾ ਕੋਈ ਸਾਨੀ ਨਹੀਂ ਹੈ :

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗੂੰ ਨਿਬੂੰਆਂ ਲਹੂ ਨਚੋੜ ਦਿੱਤੇ

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜਿਹੜੀਆਂ ਖਾਲਸੇ ਨੇ ਤੇਗ਼ਾਂ ਮਾਰੀਆਂ ਨੀ

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਭਾਵੇਂ ਸ਼ਾਹ ਮੁਹੰਮਦ ਦਾ ਅੰਗਰੇਜ਼ਾਂ ਦੀ ਜਿੱਤ ਅਤੇ ਸਿੰਘਾਂ ਦੀ ਹਾਰ ਤੇ ਰੁਦਨ ਬਹੁਤ ਹੀ ਕਲਾਮਈ ਹੈ ਪਰ ਇਸ ਦੇ ਨਾਲ ਹੀ ਬੀਰ ਰਸੀ ਕਾਵਿ ਦੀ ਸਿਖਰ ਅਲੰਕਾਰਾਂ ਦੀ ਜੜਤ ਅਤੇ ਵਿਅੰਗਮਈ ਸ਼ੈਲੀ ਇਤਿਹਾਸ ਵਿਚਲੀ ਸੱਚਾਈ ਦੀ ਪੇਸ਼ਕਾਰੀ ਉਸ ਦੇ ਇਕ ਉਚ-ਕੋਟੀ ਦੇ ਕਵੀ ਹੋਣ ਦਾ ਪ੍ਰਮਾਣ ਹੈ। ਕੁਝ ਉਦਾਹਰਨਾਂ ਵੇਖੋ :

**ਵਿਅੰਗ**

ਘਰੋਂ ਗਏ ਫਰੰਗੀ ਦੇ ਮਾਰਨੇ ਨੂੰ, ਬੇੜੇ ਤੋਪਾਂ ਦੇ ਸਭ ਖੁਹਾਇ ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ, ਸਗੋਂ ਆਪਣਾ ਆਪ ਗਵਾਇ ਆਏ।
ਖ਼ੁਸ਼ੀ ਵੱਸਦਾ ਸ਼ਹਿਰ ਲਾਹੌਰ ਸਾਰਾ, ਸਗੋਂ ਕੁੰਜੀਆਂ ਹਥ ਫੜਾਇ ਆਇ।
ਸ਼ਾਹ ਮੁਹੰਮਦਾ ਕਹਿੰਦੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾਇ ਆਏ।

**ਪ੍ਰਸ਼ੰਸਾਮਈ ਸ਼ੈਲੀ**

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ, ਜੰਮੂ, ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰਜ ਕੇ ਰਾਜ ਕਮਾਇ ਗਿਆ।

**ਦ੍ਰਿਸ਼ਟਾਂਤ ਅਲੰਕਾਰ**

ਝੰਡੇ ਨਿਕਲੇ, ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਪਹਿਲੇ ਹੱਲਿਓਂ ਸਿੰਘ ਜੋ ਨਿਕਲ ਸਾਰੇ, ਪਏ ਔਝੜੇ ਔਝੜੇ ਜਾਂਵਦੇ ਨੀ।
ਲੁੱਟ ਗਏ ਸਾਰੇ ਰਹੀ ਇਕ ਕੁੜਤੀ, ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।

**ਦ੍ਰਿਸ਼ ਵਰਣਨ**

ਮੁੜ ਕੇ ਫੇਰ ਫਰੰਗੀਆਂ ਜ਼ੋਰ ਕੀਤਾ, ਲਾਟਾਂਦਾਰ ਗੋਲੇ ਜਦੋਂ ਆਣ ਛੁਟੇ।
ਉਡੀ ਰਾਲ ਤੇ ਚਾਦਰਾਂ ਕੜਕੀਆਂ ਨੀ, ਕੌਰਵ ਪਾਂਡਵਾਂ ਦੇ ਜੈਸੇ ਬਾਣ ਛੁਟੇ।

**ਕਰੁਣਾ ਰਸ**

ਕਈ ਮਾਵਾਂ ਦੇ ਪੁੱਤਰ ਨੇ ਮੋਏ ਉਥੇ, ਸੀਨੇ ਲਗੀਆਂ ਤੇਜ਼ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ, ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਚੰਗੇ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ, ਖੁਲ੍ਹੇ ਵਾਲ ਤੇ ਫਿਰ ਵਿਚਾਰੀਆਂ ਨੀ।
ਸ਼ਾਹ ਮੁਹੰਮਦ ਬਹੁਤ ਸਰਦਾਰ ਮਾਰੇ, ਪਈਆਂ ਰਾਜ ਦੇ ਵਿਚ ਖੁਆਰੀਆਂ ਨੀ।

ਸ਼ਾਹ ਮੁਹੰਮਦ ਦੀ ਇਹ ਸਾਰੀ ਰਚਨਾ ਭਾਵੇਂ ਇਤਿਹਾਸਕਾਰੀ, ਦੇਸ਼ ਭਗਤੀ ਅਤੇ ਧਰਮ ਨਿਰਪੱਖਤਾ ਕਾਰਨ ਬੜੀ ਮਕਬੂਲ ਹੋਈ ਹੈ। ਬੈਂਤ ਛੰਦ ਵਿਚ ਲਿਖੀ ਹੀਰ ਵਾਰਿਸ ਪਿੱਛੋਂ ਸ਼ਾਹ ਮੁਹੰਮਦ ਦੀ ਇਹ ਰਚਨਾ ਬੜੀ ਸਲਾਹੀ ਗਈ ਹੈ ਪਰ ਮਹਾਰਾਣੀ ਜਿੰਦਾਂ ਵਾਲਾ ਵਰਣਨ ਨਾ ਆਲੋਚਕਾਂ ਤੇ ਨਾ ਲੋਕਾਂ ਨੂੰ ਪਸੰਦ ਹੋਇਆ ਹੈ। ਇਸ ਦੇ ਬਾਵਜੂਦ ਵੀ ਕੇਂਦਰੀ ਪੰਜਾਬੀ ਵਿਚ ਲਿਖੀ ਇਹ ਰਚਨਾ ਆਪਣੀ ਸਾਫ਼ ਸੁਥਰੀ ਬੋਲੀ ਕਾਰਨ ਆਮ ਜਨਤਾ ਵਿਚ ਬੜੀ ਹਰਮਨ ਪਿਆਰੀ ਹੈ। ਅੰਗਰੇਜ਼ੀ ਭਾਸ਼ਾ ਦੇ ਤਤਸਮ ਤੇ ਤਦਭਵ ਆਮ ਪ੍ਰਚੱਲਿਤ ਸ਼ਬਦਾਂ ਕਾਰਨ ਇਹ ਰਚਨਾ ਫਿਰ ਵੀ ਸੰਚਾਰ ਦੀ ਸਮੱਸਿਆ ਪੈਦਾ ਨਹੀਂ ਕਰਦੀ।

ਸਮੁੱਚੇ ਤੌਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਸ਼ਾਹ ਮੁਹੰਮਦ ਦੇ ‘ਜੰਗ ਸਿੰਘਾਂ ਤੇ ਫਰੰਗੀਆਂ’ ਨਾਲ ਪੰਜਾਬੀ ਦੇ ਬੀਰ ਰਸੀ ਕਾਵਿ ਦੀ ਇਕ ਪਰੰਪਰਾ ’ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

– – – – –

## ਸੂਫ਼ੀ ਤੇ ਇਸਲਾਮੀ ਕਾਵਿ (1800–1850 ਈ.)

ਭਾਵੇਂ ਪੰਜਾਬ ਵਿਚ ਸਿੱਖ ਰਾਜ ਦੀ ਸਥਾਪਤੀ ਨਾਲ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਨਾ ਸੂਫ਼ੀ ਕਾਵਿ ਦਾ ਅਤੇ ਨਾ ਹੀ ਇਸਲਾਮੀ ਵਿਚਾਰਧਾਰਾ ਦਾ ਉਹ ਜਲੌਅ ਰਿਹਾ, ਜੋ ਮੱਧ ਕਾਲ ਵਿਚ ਸੀ। ਇਸਲਾਮ ਦੇ ਪਤਨ ਕਾਰਨ ਸੂਫ਼ੀ ਵਿਚਾਰਧਾਰਾ ਦਾ ਰੰਗ ਰੂਪ ਵੀ ਬਦਲਿਆ ਅਤੇ ਇਸਲਾਮੀ ਸਾਹਿਤ ਦੀ ਰਚਨਾ ਨੂੰ ਵੀ ਵੱਡਾ ਧੱਕਾ ਲੱਗਿਆ। ਇਸ ਦੇ ਬਾਵਜੂਦ ਹਾਸ਼ਮ ਦੀ ਕਵਿਤਾ ਦੀ ਕਿੱਸਾਕਾਰੀ ਦੇ ਜਲੌਅ ਨਾਲ ਹੀ ਉਸ ਦੀ ਸੂਫ਼ੀਆਨਾ ਤਬੀਅਤ ਕਾਰਨ ਸੂਫ਼ੀ ਭਾਵ ਪ੍ਰਬੰਧ ਦੀ ਲਾਟ ਦੋਹੜੇ ਅਤੇ ਡਿਉਢ ਕਾਵਿ ਰੂਪ ਰਾਹੀਂ ਕਿਸੇ ਹੱਦ ਤਕ ਲਟ-ਲਟ ਬਲਦੀ ਰਹੀ। ਭਾਵੇਂ ਅਸੀਂ ਕਿੱਸਾ ਕਾਵਿ ਸਿਰਲੇਖ ਅਧੀਨ ਹਾਸ਼ਮ ਦੇ ਦੋਹੜਿਆਂ ਅਤੇ ਡਿਉਢਾਂ ਦਾ ਜ਼ਿਕਰ ਕਰ ਆਏ ਹਾਂ ਪਰ ਇਥੇ ਇਕ ਸੂਫ਼ੀ ਕਵੀ ਵਜੋਂ ਉਸ ਦੇ ਇਸ ਰੰਗ ਦਾ ਨੋਟਸ ਲੈਣਾ ਬਣਦਾ ਹੈ। ਹਾਸ਼ਮ ਨੇ ਆਪਣੇ 208 ਦੋਹੜਿਆਂ ਤੇ ਡਿਉਢਾਂ ਰਾਹੀਂ ਬਿਰਹਾ ਦਾ ਜੋ ਸੂਫ਼ੀਆਨਾ ਰੰਗ ਪੇਸ਼ ਕੀਤਾ ਹੈ, ਉਹ ਸੱਚਮੁੱਚ ਇਸ਼ਕ ਹਕੀਕੀ ਭਾਵ-ਪ੍ਰਬੰਧ ਦਾ ਗੂੜ੍ਹਾ ਰੰਗ ਹੈ। ਹਾਸ਼ਮ ਦੁਨਿਆਵੀ ਆਸ਼ਕਾਂ ਦੇ ਚਿੰਨ੍ਹਾਂ ਰਾਹੀਂ ਆਪਣੀ ਰਹੱਸਵਾਦੀ ਸੂਫ਼ੀਆਨਾ ਵਿਚਾਰਧਾਰਾ ਦਾ ਪ੍ਰਤੀਪਾਦਨ ਕਰਦਾ ਹੈ। ਨਮੂਨੇ ਵਜੋਂ ਇਕ ਦੋਹੜਾ ਦੇਖੋ :

ਵਗ ਵਾਏ ਪਰਸਵਾਰਥ ਭਰੀਏ, ਤੂੰ ਜਾਵੀਂ ਤਖ਼ਤ ਹਜ਼ਾਰੇ।
ਆਖੀਂ ਯਾਰ ਰਾਂਝਣ ਨੂੰ ਮਿਲ ਕੇ, ਅਸੀਂ ਤੂੰ ਕਿਉਂ ਮਨੋ ਵਿਸਾਰੇ।

ਇਸੇ ਤਰ੍ਹਾਂ ਹੀ ਬਿਰਹਾ ਕੁੱਠੀ ਜੀਵ ਆਤਮਾ ਦੇ ਮਾਨਸਿਕ ਸੰਤਾਪ ਨੂੰ ਕਈ ਦੁਨਿਆਵੀ ਪ੍ਰਤੀਕਾਂ ਰਾਹੀਂ ਪੇਸ਼ ਕਰਕੇ ਹਾਸ਼ਮ ਇਹ ਦੱਸਣਾ ਚਾਹੁੰਦਾ ਹੈ ਕਿ ਜਿੰਨਾਂ ਚਿਰ ਉਸ ਅਦ੍ਰਿਸ਼ਟ ਸ਼ਕਤੀ ਨਾਲ ਆਤਮਾ ਨੂੰ ਵਸਣ ਪ੍ਰਾਪਤ ਹੁੰਦਾ, ਤਦ ਤਕ ਬਿਰਹਾ ਦੀ ਜਲਣ ਆਪਣੇ ਪੂਰੇ ਜਲੌਅ ਵਿਚ ਮਘਦੀ ਰਹੇਗੀ :

ਤਨ ਦੀ ਚਿਖਾ ਬਣਾਵੇ ਦੀਪਕ, ਤਾਂ ਆਣ ਜਲਣ ਪਰਵਾਨੇ।
ਭਾਂਬੜ ਹੋਰ ਹਜ਼ਾਰਾਂ ਦਿਸਦੇ, ਪਰ ਓਸ ਪਤੰਗ ਦੀਵਾਨੇ।
ਆਪਣਾ ਆਪ ਬਣਾਵੇ ਕੋਲੇ, ਸੋ ਕਰੇ ਕਬਾਬ ਬੇਗਾਨੇ।
ਹਾਸ਼ਮ ਰਾਹ ਦਿਲਾਂ ਦੀ ਦਿਲ ਵਿਚ, ਹੋਰ ਜਾਦੂ ਸਿਹਰ ਬਹਾਨੇ।

ਹਾਸ਼ਮ ਤੋਂ ਬਿਨਾਂ ਇਸ ਕਾਲ ਵਿਚ ਕੁਝ ਹੋਰ ਸੂਫ਼ੀ ਕਵੀ ਹਨ। ਇਹ ਸੂਫ਼ੀ ਕਵੀ ਹਨ—ਮੁਹੰਮਦ ਦੀਨ, ਮੁਹੰਮਦ ਅਸ਼ਰਫ਼ ਮਸਤਕ, ਮੀਆਂ ਬਖ਼ਸ਼ ਅਤੇ ਮੁਹੰਮਦ ਬਖ਼ਸ਼। ਇਹਨਾਂ ਕਵੀਆਂ ਦੀ ਸੂਫ਼ੀ ਕਵਿਤਾ ਗੁਣ ਤੇ ਗਿਣਤੀ ਪੱਖੋਂ ਥੋੜ੍ਹੀ ਹੈ, ਜਿਸ ਕਾਰਨ ਅਸੀਂ ਸਮਝਦੇ ਹਾਂ ਕਿ ਸੂਫ਼ੀ ਕਵਿਤਾ ਦੇ ਸਰੋਤ 1850 ਈ. ਤੋਂ ਪਹਿਲਾਂ-ਪਹਿਲਾਂ ਸੁੱਕਣ ਕਿਨਾਰੇ ਆ ਗਏ ਸਨ।

**ਇਸਲਾਮੀ ਕਾਵਿ**

ਜਿੱਥੋਂ ਤਕ ਇਸਲਾਮੀ ਕਾਵਿ ਦਾ ਸਬੰਧ ਹੈ, ਸੂਫ਼ੀ ਕਵਿਤਾ ਵਾਂਗ ਹੀ ਇਸ ਦੇ ਸਰੋਤ ਵੀ ਸਾਹਿਤਕ ਦੀ ਥਾਂ ਧਾਰਮਿਕ ਸਾਹਿਤ ਤਕ ਸੀਮਿਤ ਹੋ ਕੇ ਰਹਿ ਗਏ। ਇਹ ਰਚਨਾਵਾਂ ਇਸਲਾਮੀ ਕਵੀਆਂ ਨੇ ਨਹੀਂ, ਇਸਲਾਮ ਪ੍ਰਤੀ ਨਿਸ਼ਠਾਵਾਦ ਮੁਸਲਮਾਨਾਂ ਨੇ ਕੀਤੀਆਂ। ਸ਼ਰ੍ਹਾ ਸ਼ਰੀਅਤ ਦੀ ਪਾਬੰਦੀ ਇਸ ਤਰ੍ਹਾਂ ਦੀ ਕਵਿਤਾ ਦਾ ਮੁੱਖ ਮਕਸਦ ਸੀ। ਜਿਹੜੇ ਅਸਲ ਵਿਚ ਕਿੱਸਾਕਾਰ ਸਨ, ਉਹਨਾਂ ਦੇ ਕਾਵਿ ਵਿਚ ਕੁਝ ਕਾਵਿਕਤਾ ਵੀ ਹੈ। ਇਹ ਕਵੀ ਹਨ—ਅਹਿਮਦਯਾਰ, ਕਾਦਰਯਾਰ, ਇਮਾਮ ਬਖ਼ਸ਼, ਮੌਲਵੀ ਰੌਸ਼ਨ ਦੀਨ। ਪਰੰਤੂ ਦੂਜੇ ਨਿਰੋਲ ਇਸਲਾਮੀ ਕਵੀਆਂ ਵਿਚ ਹਾਫ਼ਿਜ਼ ਪਸਰੂਰੀ, ਅਬਦੁਲ ਨਬੀ, ਮੌਲਵੀ ਮੁਹੰਮਦ ਮੁਸਲਿਮ ਆਦਿ। ਇਸ ਤਰ੍ਹਾਂ ਦੀ ਸਾਰੀ ਕਵਿਤਾ ਕਾਵਿ ਗੁਣ ਤੋਂ ਸੱਖਣੀ ਹੈ ਅਤੇ ਸਿਰਫ਼ ਕਾਫ਼ੀਆ ਪੈਮਾਈ ਤੋਂ ਬਿਨਾਂ ਇਹ ਨਿਰੀ ਤੁਕਬੰਦੀ ਹੀ ਹੈ।

– – – – –

# ਭਗਤੀ ਕਾਵਿ

ਭਗਤੀ ਕਾਵਿ ਦਾ ਸਬੰਧ ਉਸ ਮਰਯਾਦਾ ਨਾਲ ਹੈ, ਜਿਸ ਦਾ ਆਰੰਭ ਵੇਦਾਂ ਤੋਂ ਹੁੰਦਾ ਹੋਇਆ ਰਮਾਇਣ-ਮਹਾਭਾਰਤ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਹੈ। ਪਿਛਲੇ ਉਤਰ ਮੱਧ ਕਾਲ (1800-1850 ਈ.) ਵਿਚ ਬਹੁਤ ਘੱਟ ਭਗਤੀ ਕਾਵਿ ਦੀ ਰਚਨਾ ਹੋਈ।

ਰਮਾਇਣ ਨਾਲ ਸਬੰਧਤ ਬਿਸ਼ਨਪਦੇ ਰਮਾਇਣ ਦੇ ਅਤੇ ਕ੍ਰਿਸ਼ਨ ਕਾਵਿ ਨਾਲ ਬਾਰਾਮਾਹ ਤੇ ਮਿਠੜੇ ਮਿਲਦੇ ਹਨ। ਡਾ.ਰਵਿੰਦਰ ਸਿੰਘ ਰਵੀ ਅਨੁਸਾਰ ਬਿਸ਼ਨਪਦੇ ਰਮਾਇਣ ਦੇ 19ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਹੈ। ਜਾਪਦਾ ਹੈ ਕਿ ਕਵੀ ਨੇ ਤੁਲਸੀ ਦਾਸ ਦੀ ਰਚਨਾ 'ਰਾਮ ਚਰਿਤ ਮਾਨਸ' ਪੜ੍ਹੀ ਹੋਈ ਹੈ। ਇਸ ਰਚਨਾ ਵਿਚ ਬਾਲ-ਰਾਮ ਤੋਂ ਲੈ ਕੇ ਲੰਕਾ ਤਕ ਦੀਆਂ ਸਭ ਘਟਨਾਵਾਂ ਬੜੇ ਸੰਖੇਪ ਰੂਪ ਵਿਚ ਕਾਵਿ-ਬੱਧ ਕੀਤੀਆਂ ਹਨ। ਕੁਝ ਪ੍ਰਸੰਗ

ਕਵੀ ਨੇ ਰਾਮ ਚਰਿਤ ਮਾਨਸ ਤੋਂ ਬਾਹਰੋਂ ਵੀ ਲਏ ਹਨ, ਜਿਸ ਤਰ੍ਹਾਂ ਕਿ ਮੇਘ ਨਾਥ ਦੀ ਪਤਨੀ ਸਲੋਚਨਾ ਨੇ ਸਤੀ ਹੋਣ ਦੀਆਂ ਘਟਨਾਵਾਂ।

ਸਾਰੀ ਰਚਨਾ ਵਿਚ ਸ਼ਾਂਤ ਰਸ ਦੀ ਪ੍ਰਧਾਨਤਾ ਹੈ ਅਤੇ ਰਾਮ ਪ੍ਰਤੀ ਡੂੰਘੇ ਸਤਿਕਾਰ ਦਾ ਜਜ਼ਬਾ ਹੈ ਪਰ ਕਿਤੇ ਕਿਤੇ ਬੀਰ ਰਸ ਅਤੇ ਕਰੁਣਾ ਰਸ ਦੇ ਨਮੂਨੇ ਵੀ ਮਿਲਦੇ ਹਨ। ਮੇਘ ਨਾਥ ਹੱਥੋਂ ਲਕਸ਼ਮਣ ਦੇ ਮੂਰਸਤ ਹੋਣ ਸਮੇਂ ਦਾ ਵਿਰਲਾਪ ਕਰੁਣਾ ਰਸ ਭਰਪੂਰ ਹੈ। ਪ੍ਰਕਿਰਤੀ ਚਿਤਰਨ ਸਧਾਰਨ ਪੱਧਰ ਦਾ ਹੋਇਆ ਹੈ, ਜਿਸ ਕਾਰਨ ਕਲਾ ਪੱਖੋਂ ਇਹ ਰਚਨਾ ਬਹੁਤੀ ਮੁੱਲਵਾਨ ਨਹੀਂ ਹੈ।

**ਕ੍ਰਿਸ਼ਨ ਕਾਵਿ**

ਕ੍ਰਿਸ਼ਨ ਕਾਵਿ ਵਿਚ ਦੋ ਕਿਸਮ ਦੀਆਂ ਰਚਨਾਵਾਂ ਮਿਲਦੀਆਂ ਹਨ—ਮਿਠੜੇ ਤੇ ਬਾਰਾਮਾਹੇ। ਪਹਿਲੇ ਬਾਰਾਮਾਹ ਦਸੌਂਧੀ ਰਾਮ ਦੀ ਰਚਨਾ ਹੈ। ਇਸ ਬਾਰਾਮਾਹ ਦਾ ਆਰੰਭ ਚੇਤਰ ਦੇ ਮਹੀਨੇ ਤੋਂ ਕੀਤਾ ਗਿਆ ਹੈ। ਇਸ ਬਾਰਾਮਾਹ ਵਿਚ ਕ੍ਰਿਸ਼ਨ ਪ੍ਰਤੀ ਭਗਤੀ ਭਾਵਨਾ ਪ੍ਰਬਲ ਰੂਪ ਵਿਚ ਉਜਾਗਰ ਹੁੰਦੀ ਹੈ। ਮਾਘ ਮਹੀਨੇ ਵਰਣਨ ਦੀਆਂ ਦੋ ਪੰਕਤੀਆਂ ਦੇਖੋ :

ਚੜ੍ਹੇ ਮਹੀਨੇ ਮਾਘ, ਜਿਨ੍ਹਾਂ ਦੇ ਮਸਤਕ ਪੂਰੇ ਭਾਗ,
ਗਾਂਵਦੇ ਸ੍ਰੀ ਕ੍ਰਿਸ਼ਨ ਕੇ ਰਾਗ, ਉਹੀ ਸੁਖ ਲੈਣਗੇ।

ਸੰਗਰੂਰ ਰਿਆਸਤ ਦੇ ਕਵੀ ਦੀਵਾਨ ਸਿੰਘ ਦੇ ਪੁੱਤਰ ਸਾਹਿਬ ਸਿੰਘ (ਜਨਮ 1799) ਦਾ ਇਕ ਬਾਰਾਮਾਹ ਮਿਲਦਾ ਹੈ। ਇਸ ਬਾਰਾਮਾਹ ਵਿਚ ਪਹਿਲੇ ਗਿਆਰਾਂ ਮਹੀਨਿਆਂ ਵਿਚ ਬਿਰਹਾ ਵਰਣਨ ਹੈ ਤੇ ਫੱਗਣ ਮਹੀਨੇ ਵਿਚ ਵਸਲ ਨਾਲ ਖ਼ੁਸ਼ੀ ਦਾ ਮਾਹੌਲ ਹੈ। ਰਾਧਾ ਦਾ ਕ੍ਰਿਸ਼ਨ ਨਾਲ ਵਸਲ ਦਾ ਜ਼ਿਕਰ ਹੈ। ਸਾਰਾ ਬਾਰਾਮਾਹ ਦੋਹਰੇ ਛੰਦ ਵਿਚ ਹੈ ਹੀਰ ਰਾਂਝੇ ਦੀ ਪ੍ਰੇਮ ਕਹਾਣੀ ਨੂੰ ਵੀ ਦ੍ਰਿਸ਼ਟਾਂਤ ਵਜੋਂ ਕਾਵਿ ਬੰਦ ਕੀਤਾ ਹੈ।

ਇਕ ਹੋਰ ਬਾਰਾਮਾਹ ਕਵੀ ਰੁਲੀਆ ਰਾਮ ਤੇ ਦੇਵੀ ਦਾਸ ਦੀ ਸਾਂਝੀ ਰਚਨਾ ਹੈ। ਇਸ ਰਚਨਾ ਵਿਚ ਵੀ ਰਾਧਾ ਕ੍ਰਿਸ਼ਨ ਦੀ ਪ੍ਰੀਤ ਦਾ ਵਰਣਨ ਹੈ। ਗਿਆਰਾਂ ਮਹੀਨਿਆਂ ਦਾ ਵਰਣਨ ਬਿਰਹਾ ਨਾਲ ਸਬੰਧਤ ਹੈ ਜਦਕਿ ਫੱਗਣ ਵਿਚ ਵਸਲ ਦਾ ਆਨੰਦ ਹੈ। ਵਸਲ ਦੇ ਇਸ ਆਨੰਦ ਦਾ ਨਮੂਨਾ ਦੇਖੋ :

ਫਗਣ ਫਾਗ ਰਹੀਆਂ ਖੇਲ, ਸਈਆਂ ਕੰਤ ਗਲ ਮੇਲ।
ਲਾਵਣ ਅਤਰ ਫੁਲੇਲ, ਕਈ ਕਰਨ ਕੁਲੇਲ।

ਇਸ ਬਾਰਾਮਾਹ ਦੀ ਭਾਸ਼ਾ ਸਰਲ ਪਰ ਭਾਵਪੂਰਤ ਹੈ। ਇਸ ਦੌਰ ਦੇ ਕੁਝ ਹੋਰ ਕਵੀ ਵੀ ਹਨ, ਜਿੰਨ੍ਹਾਂ ਨੇ ਬਾਰਾਮਾਹ ਰਚੇ। ਕਵੀ ਦਿਆਲ ਸਿੰਘ ਅਤੇ ਕਵੀ ਬਾਲ ਮੁਕੰਦ। ਇਹਨਾਂ ਦੀਆਂ ਰਚਨਾਵਾਂ ਵਿਚ ਵੀ ਰਾਧਾ ਦਾ ਬਿਰਹਾ ਵਰਣਨ ਪ੍ਰੇਮ ਪ੍ਰਸੰਗ ਵਿਸ਼ੇਸ਼ ਖਿੱਚ ਦਾ ਕੇਂਦਰ ਹਨ। ਬਾਲ ਮੁਕੰਦ ਦਾ ਬਿਰਹਾ ਵਰਣਨ ਪ੍ਰਕਿਰਤੀ ਚਿਤਰਨ ਨਾਲ ਹੋਰ ਖਿੱਚ ਭਰਪੂਰ ਬਣ ਗਿਆ ਹੈ :

ਚੜ੍ਹਦੇ ਵਿਸਾਖ ਕੋਕਿਲਾ ਬੋਲਣ, ਬੈਠੀ ਅੰਬ ਦੀ ਡਾਲੀ ਜੀ।
ਜਿਉਂ ਕਰ ਕੰਵਲ ਫੁਲਾ ਵਿਚ ਸੋਭੈ, ਸੋਭੇ ਰਾਤ ਚੰਦਾਲੀ ਜੀ।
ਕ੍ਰਿਸ਼ਨ ਬਿਨਾ ਮੇਰੀ ਸੇਜ ਨਾ ਸੋਹਵੈ, ਕਿਉਂਕਰ ਸੇਜ ਨਿਰਾਰੀ ਜੀ।

ਬਾਲ ਮੁਕੰਮਦਾ ਵੰਞ ਆਖ ਸ਼ਾਮ ਨੂੰ, ਕਿਉਂ ਰਾਧਕਾ ਮਨੋ ਵਿਸਾਰੀ ਜੀ।

ਕਵੀ ਰਾਮ ਸਿੰਘ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਦਾ ਦਰਬਾਰੀ ਕਵੀ ਸੀ ਅਤੇ ਮਿਠੜੇ ਸਿਰਲੇਖ ਅਧੀਨ 1850 ਈ. ਤੋਂ ਪਹਿਲਾਂ ਉਹ ਇਹ ਰਚਨਾ ਕਰ ਚੁੱਕਿਆ ਸੀ। ਕਬਿੱਤ ਛੰਦ ਵਿਚ ਲਿਖੇ ਇਹ ਮਿਠੜੇ ਰਾਧਾ ਤੇ ਗੋਪੀਆਂ ਦੀ ਬਿਰਹਾ ਵੇਦਨਾ ਨੂੰ ਪ੍ਰਗਟ ਕਰਦੇ ਹਨ।

ਕਵੀ ਰਾਮ ਦਾਸ ਰਚਿਤ 'ਮੁੰਦਰੀ ਲੀਲ੍ਹਾ' ਇਕ ਛੋਟੇ ਆਕਾਰ ਦੀ ਅਪ੍ਰਕਾਸ਼ਿਤ ਰਚਨਾ ਹੈ। ਇਸ ਰਚਨਾ ਵਿਚ ਕ੍ਰਿਸ਼ਨ ਜੀ ਵੱਲੋਂ ਇਕ ਗੋਪੀ ਦੇ ਸਿਰ ਤੋਂ ਮਟਕੀ ਉਤਾਰਨ ਦੀ ਘਟਨਾ ਬਿਆਨੀ ਹੈ।

ਕੁਝ ਸਿੱਖ ਕਵੀਆਂ ਨੇ ਵੀ ਗੁਰੂ ਕਵੀਆਂ ਅਤੇ ਗੁਰਬਾਣੀ ਸਬੰਧੀ ਕੁਝ ਕਾਵਿ ਰਚਨਾਵਾਂ ਕੀਤੀਆਂ। ਇਹਨਾਂ ਉਤੇ ਹਿੰਦੀ ਤੇ ਬ੍ਰਿਜ ਭਾਸ਼ਾ ਦਾ ਡੂੰਘਾ ਪ੍ਰਭਾਵ ਹੈ, ਜਿਸ ਕਾਰਨ ਇਹਨਾਂ ਨੂੰ ਪੰਜਾਬੀ ਰਚਨਾਵਾਂ ਨਹੀਂ ਕਿਹਾ ਜਾ ਸਕਦਾ।

\-----

## ਪਿਛਲੇ ਮੱਧ ਕਾਲ (1800-1850 ਈ.) ਦੀ ਵਾਰਤਕ

ਭਾਵੇਂ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬ ਦੀ ਪੰਜਾਬੀ ਵਿਚ ਕਾਫ਼ੀ ਨਿਖਾਰ ਆ ਗਿਆ ਸੀ ਪਰ ਇਸ ਦੌਰ ਵਿਚ ਅਰਬੀ, ਫ਼ਾਰਸੀ ਦੇ ਪ੍ਰਭਾਵ ਤੋਂ ਇਸ ਖਿੱਤੇ ਦੀ ਪੰਜਾਬੀ ਮੁਕਤ ਨਹੀਂ ਸੀ ਹੋਈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ 17ਵੀਂ-18ਵੀਂ ਸਦੀ ਵਿਚ ਜੋ ਗੱਦ ਰਚਨਾ ਦੇ ਦਰਸ਼ਨ ਹੁੰਦੇ ਹਨ। ਉਸ ਦਾ ਕੋਈ ਖ਼ਾਸ ਪ੍ਰਭਾਵ ਇਸ ਪੰਜਾਹ ਸਾਲ ਦੀ ਵਾਰਤਕ ਵਿਚ ਨਹੀਂ ਮਿਲਦਾ। ਫੇਰ ਵੀ ਇਸ ਵਿਚ ਕੁਝ ਗੱਦ ਰਚਨਾਵਾਂ ਸਾਖੀਆਂ, ਟੀਕੇ ਅਤੇ ਅਨੁਵਾਦ ਇਸ ਦੌਰ ਵਿਚ ਲਿਖੇ ਮਿਲਦੇ ਹਨ।

**ਸਾਖੀਆਂ**

ਇਸ ਕਾਲ-ਖੰਡ ਵਿਚ 1823 ਵਿਚ ਲਿਖੀ 'ਮਾਲਵੇ ਦੇਸ਼ਾਟਨ ਦੀ ਸਾਖੀ ਪੋਥੀ' ਦੇ ਰੂਪ ਵਿਚ ਉਪਲਬਧ ਹੈ। ਇਸ ਦੇ ਲੇਖਕ ਦਾ ਨਾਂ ਪਤਾ ਨਹੀਂ ਚਲਦਾ ਪਰ ਭਾਸ਼ਾ ਅਤੇ ਅੰਦਰਲੇ ਹੋਰ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਮਾਵਲੇ ਦੇ ਕਿਸੇ ਉਦਾਸੀ ਸਾਧ ਦੀ ਰਚਨਾ ਹੈ ਜੋ ਮਾਲਵੇ ਵਿਚ ਘੁੰਮਦਾ ਰਿਹਾ ਹੈ। ਡਾ.ਹਰਨਾਮ ਸਿੰਘ ਸ਼ਾਨ ਅਨੁਸਾਰ ਇਸ ਦਾ ਰਚਨਾਕਾਰ ਸਾਧੂ ਦਿਆਲ ਦਾਸ ਹੈ, ਜਿਸ ਨੂੰ ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲੀ ਵਾਰ 1950 ਵਿਚ ਖਾਲਸਾ ਸਮਾਚਾਰ ਵਿਚ ਛਾਪਿਆ। ਇਸ ਰਚਨਾ ਵਿਚ 118 ਸਾਖੀਆਂ ਹਨ, ਜਿੰਨ੍ਹਾਂ ਵਿਚੋਂ 38 ਗੁਰੂ ਤੇਗ਼ ਬਹਾਦਰ ਨਾਲ ਤੇ ਬਾਕੀ 80 ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹਨ। ਇਹਨਾਂ ਸਾਖੀਆਂ ਵਿਚ ਕਥਾ ਰਸ ਵੀ ਹੈ ਤੇ ਭਾਸ਼ਾ ਦੀ ਸਾਦਗੀ ਵੀ। ਦੋਵੇਂ ਗੁਰੂ ਸਾਹਿਬਾਨਾਂ ਪ੍ਰਤੀ ਸ਼ਰਧਾ ਇਹਨਾਂ ਸਾਖੀਆਂ ਦਾ ਮੁੱਖ ਵਿਸ਼ਾ ਹੈ।

### ਟੀਕੇ

ਬਹੁਤੇ ਟੀਕੇ ਇਸ ਕਾਲ ਦੇ ਗੁਰਬਾਣੀ ਨਾਲ ਸਬੰਧਤ ਹਨ। 1802 ਈ. ਵਿਚ ਆਨੰਦ ਘਣ ਦੁਆਰਾ ਲਿਖਿਆ ਇਕ ਟੀਕਾ 'ਆਨੰਦ ਸਾਹਿਬ' ਹੈ। ਇਹ ਟੀਕਾ ਕਾਸ਼ੀ ਵਿਚ ਲਿਖਿਆ ਗਿਆ। ਇਸ ਟੀਕੇ ਦੀ ਭਾਸ਼ਾ ਸ਼ੈਲੀ ਲੇਖਕ ਨੇ 18ਵੀਂ ਸਦੀ ਵਿਚ ਲਿਖੇ ਇਸ ਵੰਨਗੀ ਦੇ ਸਾਹਿਤ ਨਾਲ ਮਿਲਦੀ ਹੈ।

ਇਸ ਕਾਲ ਦਾ ਦੂਜਾ ਟੀਕਾ ਭਾਈ ਸੰਤੋਖ ਸਿੰਘ ਦਾ ਹੈ। ਇਹ ਟੀਕਾ ਭਾਈ ਸੰਤੋਖ ਸਿੰਘ ਨੇ ਕੈਥਲ ਦੇ ਰਾਜਾ ਭਾਈ ਉਦੈ ਸਿੰਘ ਦੇ ਕਹਿਣ 'ਤੇ ਲਿਖਿਆ। ਆਨੰਦ ਘਣ ਦੁਆਰਾ 1795 ਵਿਚ ਲਿਖੇ ਟੀਕੇ ਦੁਆਰਾ ਭਾਈ ਉਦੈ ਸਿੰਘ ਸਹਿਮਤ ਨਹੀਂ ਸਨ, ਜਿਸ ਨਾਲ ਜਪੁਜੀ ਦੇ ਟੀਕੇ ਦੀ ਰਚਨਾ ਉਸ ਨੇ ਭਾਈ ਸੰਤੋਖ ਸਿੰਘ ਤੋਂ ਕਰਵਾਈ ਜੋ 'ਸਰਬ ਗੰਜਨੀ' ਸਿਰਲੇਖ ਅਧੀਨ ਉਪਲਬਧ ਹੈ। ਇਸ ਨਾਲ ਆਨੰਦ ਘਣ ਦਾ ਹੰਕਾਰ ਤੋੜਿਆ ਗਿਆ ਅਤੇ ਨਾਲ ਹੀ ਜਗਿਆਸੂ ਦੇ ਬਲ ਵਿਚ ਪੈਦਾ ਹੋਣ ਵਾਲੇ ਹਉਮੈ ਦਾ ਖੰਡਨ ਹੁੰਦਾ ਹੈ। ਇਹ ਕੋਈ ਸਧਾਰਨ ਟੀਕਾ ਨਹੀਂ ਹੈ। ਇਸ ਵਿਚ ਜਪੁਜੀ ਦੀਆਂ ਵੱਖ-ਵੱਖ ਪਉੜੀਆਂ ਦੀ ਵਿਆਖਿਆ ਕੀਤੀ ਗਈ ਹੈ।

### ਅਨੁਵਾਦ

1823 ਈ. ਵਿਚ ਅਬੁਲ ਫ਼ਜ਼ਲ ਦੁਆਰਾ ਲਿਖੀ ਰਚਨਾ 'ਆਇਨ-ਏ-ਅਕਬਰੀ' ਦਾ ਅਨੁਵਾਦ 'ਸੁਮਤਿ ਪ੍ਰਕਾਸ਼' ਸਿਰਲੇਖ ਅਧੀਨ ਕੀਤਾ। ਅਫ਼ਸੋਸ ਦੀ ਗੱਲ ਇਹ ਹੈ ਕਿ ਛੇ ਸੌ ਤੋਂ ਵੱਧ ਪੰਨਿਆਂ ਦੀ ਰਚਨਾ ਅਜੇ ਅਣਪ੍ਰਕਾਸ਼ਿਤ ਪਈ ਹੈ। ਇਸ ਕਾਲ ਦੀ ਦੂਜੀ ਅਨੁਵਾਦਿਤ ਰਚਨਾ 'ਸੁਨੀਤਿ ਪ੍ਰਕਾਸ਼' ਹੈ। ਇਸ ਦੇ ਲੇਖਕ ਦਾ ਕੋਈ ਪਤਾ ਨਹੀਂ ਹੈ। ਪਰ ਇਸ ਰਚਨਾ ਵਿਚ ਸਿਆਸੀ ਤੇ ਸਦਾਚਾਰਕ ਬੋਲਾਂ ਸਬੰਧੀ ਰਾਜੇ-ਮਹਾਰਾਜਿਆਂ ਤੋਂ ਵੱਡੀ ਆਸ ਰੱਖੀ ਗਈ ਹੈ। ਅਨੁਵਾਦਕ ਅਰਬੀ, ਫ਼ਾਰਸੀ ਦਾ ਚੰਗਾ ਜਾਣੂ ਜਾਪਦਾ ਹੈ।

'ਭਗਵਤ ਗੀਤਾ' ਦਾ ਅਨੁਵਾਦ ਜੋ ਪਹਿਲਾਂ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਹੋਇਆ ਸੀ, ਉਸ ਨੂੰ ਫ਼ਕੀਰ ਨੂਰ ਸ਼ਾਹ ਨੇ ਇਹ ਅਨੁਵਾਦ ਪੰਜਾਬੀ ਵਿਚ ਕੀਤਾ। ਇਹ ਰਚਨਾ ਵੀ ਅਜੇ ਅਣਪ੍ਰਕਾਸ਼ਿਤ ਪਈ ਹੈ। 'ਜ਼ਫ਼ਰਨਾਮਾ' ਗੁਰੂ ਗੋਬਿੰਦ ਸਿੰਘ ਜੀ ਦਾ ਉਹ ਖ਼ਤ ਸੀ ਜੋ ਉਹਨਾਂ ਨੇ ਔਰੰਗਜ਼ੇਬ ਨੂੰ ਲਿਖਿਆ ਸੀ। ਇਹ ਰਚਨਾ ਗੁਰੂ ਸਾਹਿਬ ਨੇ ਫ਼ਾਰਸੀ ਵਿਚ ਕੀਤੀ ਸੀ, ਜਿਸ ਦਾ ਪੰਜਾਬੀ ਅਨੁਵਾਦ ਸਭ ਤੋਂ ਪਹਿਲਾਂ ਪੰਜਾਬ ਸਿੰਘ ਬਹਿਲੋ ਨੇ ਇਸ ਕਾਲ ਵਿਚ ਕੀਤਾ। ਇਸ ਤੋਂ ਪਤਾ ਲਗਦਾ ਹੈ ਕਿ ਅਨੁਵਾਦਕ ਫ਼ਾਰਸੀ ਦਾ ਚੰਗਾ ਵਿਦਵਾਨ ਸੀ, ਜਿਸ ਨੂੰ ਪੰਜਾਬੀ ਉਤੇ ਵੀ ਉਸ ਸਮੇਂ ਅਨੁਸਾਰ ਲੋੜੀਂਦੀ ਪਕੜ ਹਾਸਲ ਸੀ। ਇਹ ਰਚਨਾ ਵੀ ਅਜੇ ਤਕ ਛਪੀ ਨਹੀਂ ਹੈ।

'ਆਈਨ-ਏ-ਅਕਬਰੀ' ਦਾ ਅਨੁਵਾਦ 1828 ਈ. ਵਿਚ ਮਹਿਤਾਬ ਸਿੰਘ ਸ਼ੇਰੂਵਾਲਾ ਨੇ ਕੀਤਾ। ਕੁਝ ਵਿਦਵਾਨਾਂ ਦਾ ਮਤ ਹੈ ਕਿ ਇਹ ਰਚਨਾ ਮਹਿਤਾਬ ਸਿੰਘ ਦੀ ਨਹੀਂ ਹੈ, ਉਸ ਨੇ ਤਾਂ ਇਸ ਰਚਨਾ ਦੀ ਸਿਰਫ਼ ਨਕਲ ਹੀ ਤਿਆਰ ਕੀਤੀ ਹੈ। ਅਸਲ ਵਿਚ ਆਈਨ-ਏ-ਅਕਬਰੀ ਅਬੁਲ ਫ਼ਜ਼ਲ ਦੀ ਰਚਨਾ ਹੈ, ਜਿਸ ਵਿਚ ਅਕਬਰ ਦੇ ਰਾਜ ਪ੍ਰਬੰਧ ਸਬੰਧੀ ਵੇਰਵੇ ਦਰਜ ਹਨ।

ਉਪਰੋਕਤ ਰਚਨਾਵਾਂ ਤੋਂ ਇਲਾਵਾ ਇਸ ਕਾਲ ਵਿਚ ਕੁਝ ਹੋਰ ਅਨੁਵਾਦ ਵੀ ਮਿਲਦੇ ਹਨ। ਜਿਵੇਂ ਕਿਸ਼ੋਰ ਦਾਸ ਦੁਆਰਾ ਭਗਵਤ ਗੀਤਾ, ਭਾਈ ਪਰਤਾਪ ਸਿੰਘ ਦੁਆਰਾ ਰਾਧਾ ਗੋਬਿੰਦ ਸੰਗਤੀ ਅਤੇ ਇਕ ਅਗਿਆਤ ਲੇਖਕ ਵੱਲੋਂ ਵਿਸ਼ਨੂ ਪੁਰਾਣ ਦਾ ਅਨੁਵਾਦ ਹੋਇਆ ਹੈ।

ਉਪਰੋਕਤ ਚਰਚਾ ਤੋਂ ਸਿੱਧ ਹੁੰਦਾ ਹੈ ਕਿ 19ਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬੀ ਵਾਰਤਕ ਤਿੰਨ ਰੂਪਾਂ ਵਿਚ ਮਿਲਦੀ ਹੈ। ਸਾਖੀਆਂ, ਟੀਕੇ ਅਤੇ ਅਨੁਵਾਦ। ਪਰ ਭਾਸ਼ਾ ਦੇ ਪੱਖੋਂ ਇਸ ਦੌਰ ਵਿਚ ਖ਼ੂਬਸੂਰਤ ਪੰਜਾਬੀ ਦੀ ਆਸ ਰੱਖੀ ਜਾ ਸਕਦੀ ਸੀ। ਉਸ ਪੱਖੋਂ ਕੋਈ ਵੀ ਪ੍ਰਭਾਵਸ਼ਾਲੀ ਰਚਨਾ ਨਹੀਂ ਹੋਈ।

– – – – –

ਇਸ ਚੌਥੇ ਅਤੇ ਅੰਤਿਮ ਭਾਗ ਵਿਚ ਅਸੀਂ ਆਧੁਨਿਕ ਪੰਜਾਬੀ ਸਾਹਿਤ ਦੀ ਹਰ ਵਿਧਾ ਉਤੇ ਵਿਚਾਰ ਕੀਤਾ ਹੈ ਅਤੇ ਲੋੜੀਂਦੇ ਸਿੱਟੇ ਵੀ ਕੱਢੇ ਹਨ। ਇਸ ਖੰਡ ਦੀ ਅਧਿਆਇ-ਵੰਡ ਹੇਠ ਲਿਖੇ ਅਨੁਸਾਰ ਹੈ:

## ਆਧੁਨਿਕ ਪੰਜਾਬੀ ਕਵਿਤਾ (1850–2015 ਤਕ)

19ਵੀਂ ਸਦੀ ਦੇ ਅੰਤਿਮ ਦਹਾਕੇ ਜਾਂ 20ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਬੱਝਦਾ ਹੈ। ਇਹ ਆਧੁਨਿਕ ਪੰਜਾਬੀ ਸਾਹਿਤ ਪ੍ਰਮੁੱਖ ਰੂਪ ਵਿਚ ਪੰਜਾਬੀ ਸਾਹਿਤ ਦੀ ਪਰੰਪਰਾ ਉਤੇ ਬਰਤਾਨਵੀ ਰਾਜ, ਪੱਛਮੀ ਸਭਿਆਚਾਰ 19ਵੀਂ ਸਦੀ ਦੇ ਯੂਰਪੀਨ ਸਾਹਿਤ ਦੁਆਰਾ ਪਏ ਪੱਛਮੀ ਪ੍ਰਭਾਵ ਤੇ ਭਾਰਤ; ਵਿਸ਼ੇਸ਼ ਰੂਪ ਵਿਚ ਪੰਜਾਬ ਵਿਚ ਚੱਲੀਆਂ ਧਾਰਮਿਕ, ਰਾਜਨੀਤਕ ਤੇ ਸਾਮਾਜਿਕ/ਸਭਿਆਚਾਰਕ ਲਹਿਰਾਂ ਦੀ ਉਪਜ ਹੈ। ਇਸ ਪ੍ਰਭਾਵ ਦੇ ਫਲਸਰੂਪ ਪੰਜਾਬ ਵਿਚ ਜਾਗੀਰਦਾਰੀ ਦੀ ਟੁੱਟ ਭੱਜ ਅਤੇ ਮੱਧ ਸ਼੍ਰੇਣੀ ਦੇ ਵਿਕਾਸ ਦਾ ਆਰੰਭ ਹੋਇਆ। ਅੰਗਰੇਜ਼ ਸਾਮਰਾਜ ਦੀ ਵਿਦਿਅਕ ਨੀਤੀ ਨੇ ਪ੍ਰਤੱਖ ਤੇ ਪ੍ਰੋਖ ਦੋਹਾਂ ਰੂਪਾਂ ਵਿਚ ਪੰਜਾਬੀ ਸਾਹਿਤ ’ਤੇ ਡੂੰਘਾ ਪ੍ਰਭਾਵ ਪਾਇਆ।

ਪੰਜਾਬ ਦੇ ਸਭਿਆਚਾਰਕ ਜੀਵਨ ਉਤੇ ਇਹ ਪ੍ਰਭਾਵ ਭਾਰਤ ਦੀਆਂ ਹੋਰ ਕੌਮੀਅਤਾਂ ਦੇ ਮੁਕਾਬਲੇ ਵਿਚ ਕੋਈ ਅੱਧੀ ਸਦੀ ਦੇ ਕਰੀਬ ਪਛੜ ਕੇ ਪੈਣਾ ਆਰੰਭ ਹੋਇਆ। ਬੰਗਾਲੀ, ਮਰਾਠੀ, ਤਾਮਿਲ ਤੇ ਹਿੰਦੀ ਵਾਲਿਆਂ ਨੇ ਯੂਰਪੀਨ ਸਾਹਿਤਾਂ ਦੀਆਂ ਪ੍ਰਾਪਤੀਆਂ ਨੂੰ ਅੰਗਰੇਜ਼ੀ ਤੋਂ ਅਨੁਵਾਦਾਂ ਦੁਆਰਾ ਆਪਣੀਆਂ ਭਾਸ਼ਾਵਾਂ ਵਿਚ ਰਚਾਇਆ ਪਰ ਪੰਜਾਬੀਆਂ ਨੇ ਇਹਨਾਂ ਸਾਹਿਤਾਂ ਨਾਲ ਆਪਣੀ ਸਾਂਝ ਉਰਦੂ ਤੇ ਹਿੰਦੀ ਵਿਚ ਮਿਲਦੇ ਅਨੁਵਾਦਾਂ ਰਾਹੀਂ ਪਾਈ।

ਆਧੁਨਿਕ ਸਾਹਿਤ ਦੇ ਵਿਸ਼ਾ-ਵਸਤੂ ਅਤੇ ਕਲਾ ਪੱਖ ਵਿਚ ਇਹ ਤਬਦੀਲੀ ਇਕਦਮ ਨਹੀਂ ਆਉਂਦੀ। ਹਰ ਕਿਸਮ ਦੇ ਨਵੇਂ ਰੂਪਾਂ ਤੇ ਖ਼ਾਸ ਤੌਰ ’ਤੇ ਕਵਿਤਾ ਵਿਚ ਵਿਸ਼ਾ-ਵਸਤੂ ਦਾ ਵੀ ਤੇ ਵਿਧੀ ਦਾ ਵੀ ਮੱਧਕਾਲੀ ਪ੍ਰਭਾਵ ਵੀ ਜਾਰੀ ਰਹਿੰਦਾ ਹੈ; ਜੋ 20ਵੀਂ ਸਦੀ ਦੇ ਤੀਜੇ-ਚੌਥੇ ਦਹਾਕੇ ਤਕ ਕਾਫੀ ਪ੍ਰਬਲ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਅਸੀਂ ਆਧੁਨਿਕ ਸਾਹਿਤ ਨੂੰ ਚਾਰ ਮੁੱਖ ਪੜਾਵਾਂ ਵਿਚ ਵੰਡ ਸਕਦੇ ਹਾਂ :

ੳ) ਪਹਿਲਾ ਪੜਾ 1900–1935 ਤਕ

ਅ) ਦੂਜਾ ਪੜਾ 1935–1947 ਤਕ

ੲ) ਤੀਜਾ ਪੜਾ 1947–1960 ਤਕ

ਸ) ਚੌਥਾ ਪੜਾ 1961 ਤੋਂ ਹੁਣ ਤਕ

ਜਿੱਥੋਂ ਤਕ ਕਵਿਤਾ ਦਾ ਸਬੰਧ ਹੈ, ਅਸੀਂ 1947 ਤਕ ਦੇ/ਦੀ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਿਚਾਰ ਸਕਦੇ ਹਾਂ :

### 1. ਨਵ ਰਹੱਸਵਾਦੀ ਕਵਿਤਾ

ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਭਾਈ ਵੀਰ ਸਿੰਘ ਸਿੱਖੀ ਵਿਚਾਰਧਾਰਾ ਨੂੰ ਆਪਣੀ ਕਵਿਤਾ ਦਾ ਮੁੱਖ ਆਧਾਰ ਬਣਾਉਂਦਾ ਹੈ। ਭਾਈ ਵੀਰ ਸਿੰਘ ਤੇ ਕੁਝ ਹੋਰ ਕਵੀ ਪ੍ਰਕਿਰਤੀ ਵਿਚੋਂ ਵੀ ਨਿਰਾਕਾਰ ਬ੍ਰਹਮ ਦੇ ਝਉਲੇ ਪੈਂਦੇ ਵੇਖਦੇ ਹਨ। ਪੁਰਾਤਨ ਰਹੱਸਵਾਦ ਦੇ ਟਾਕਰੇ 'ਤੇ ਇੱਥੇ ਇਹਨਾਂ ਕਵੀਆਂ ਵਿਚ ਵਰਨਣ, ਰੂਪ ਸ਼ੈਲੀ ਆਦਿ ਦੇ ਅੰਤਰ ਬੜੇ ਸਪਸ਼ਟ ਹਨ। ਇਸ ਲਈ ਨਿਸ਼ਚੇ ਹੀ ਇਸ ਲਈ ਅਧਿਆਤਮਕ ਅਨੁਭਵ ਵਿਚ ਕੁਝ ਨਵਾਂਪਣ ਵੀ ਆਇਆ ਹੈ। ਜਿਵੇਂ :

> ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ
> ਅਸਾਂ ਧਾ ਗਲਵੱਕੜੀ ਪਾਈ
> ਨਿਰਾ ਨੂਰ ਤੁਸੀਂ ਹੱਥ ਨਾ ਆਏ
> ਸਾਡੀ ਕੰਬਦੀ ਰਹੀ ਕਲਾਈ (ਭਾਈ ਵੀਰ ਸਿੰਘ)

ਪ੍ਰੋ.ਪੂਰਨ ਸਿੰਘ ਦੀ ਕਵਿਤਾ ਵਿਚ ਇਹ ਰਹੱਸਵਾਦੀ ਚੇਤਨਾ ਧਰਤੀ ਦੇ ਵਧੇਰੇ ਨੇੜੇ ਦੀ ਵਸਤੂ ਜਾਪਦੀ ਹੈ। ਧਨੀ ਰਾਮ ਚਾਤ੍ਰਿਕ, ਬਾਵਾ ਬਲਵੰਤ ਅਤੇ ਪ੍ਰੀਤਮ ਸਿੰਘ ਸਫ਼ੀਰ ਆਪਣੀ ਕਵਿਤਾ ਵਿਚ ਕਿਤੇ ਕਿਤੇ ਰਹੱਸਵਾਦੀ ਜਾਪਦੇ ਹਨ ਪਰ ਭਾਈ ਵੀਰ ਸਿੰਘ ਵਾਂਗ ਉਹ ਨਿਰੋਲ ਅਰਸ਼ੀ ਕਵੀ ਨਹੀਂ ਹਨ। ਉਹਨਾਂ ਦੀ ਕਵਿਤਾ (ਸਫ਼ੀਰ ਨੂੰ ਛੱਡ ਕੇ) ਹੌਲੀ-ਹੌਲੀ ਯਥਾਰਥਵਾਦੀ ਤੇ ਵਿਗਿਆਨਕ ਦ੍ਰਿਸ਼ਟੀ ਦੀ ਧਾਰਨੀ ਬਣਦੀ ਗਈ।

### 2. ਛਾਇਆਵਾਦੀ ਕਵਿਤਾ

1947 ਤੋਂ ਪਹਿਲਾਂ ਦੇ ਕੁਝ ਕਵੀ ਆਧੁਨਿਕ ਹੋਣ ਦੇ ਬਾਵਜੂਦ ਵੀ ਅੰਗਰੇਜ਼ੀ ਦੇ ਰੁਮਾਂਟਿਕ ਕਵੀਆਂ ਵਾਂਗ ਸਮੂਹ ਵਿਸ਼ਵ ਵਿਚ ਆਪਣੀ ਸਸੀਮ ਆਤਮਾ ਨੂੰ ਅਸੀਮ ਰੂਪ ਵਿਚ ਪਸਰੀ ਹੋਈ ਵੇਖਦੇ ਹਨ ਅਤੇ ਵਿਅਕਤੀਗਤ ਸ਼ੈਲੀ ਤੇ ਸੁਹਜ ਨੂੰ ਵਧੇਰੇ ਮਹੱਤਵ ਦਿੰਦੇ ਹਨ। ਜਿੱਥੇ ਰਹੱਸਵਾਦੀ ਕਵੀ ਕਿਸੇ ਕਾਦਰ ਨੂੰ ਤੱਕਦੇ ਹਨ, ਉਥੇ ਛਾਇਆਵਾਦੀ ਉਸ ਵਿਚੋਂ ਆਪਣੀ ਆਤਮਾ ਨੂੰ ਪ੍ਰਤੀਬਿੰਬਤ ਹੁੰਦੀ ਵੇਖਦੇ ਹਨ। 1947 ਤਕ ਦੀ ਕਵਿਤਾ ਵਿਚ ਪ੍ਰੋ.ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਬਾਵਾ ਬਲਵੰਤ ਦੀ ਕਵਿਤਾ ਵਿਚ ਛਾਇਆਵਾਦੀ ਪ੍ਰਭਾਵ ਕਾਫ਼ੀ ਸ਼ਕਤੀਸ਼ਾਲੀ ਰੂਪ ਵਿਚ ਉਘੜਿਆ ਹੈ ਪਰੰਤੂ ਬੰਗਲਾ ਕਵਿਤਾ ਤੇ ਖ਼ਾਸ ਤੌਰ 'ਤੇ ਮਹਾਂ ਕਵੀ ਟੈਗੋਰ ਦੀ ਕਵਿਤਾ ਅਤੇ ਹਿੰਦੀ ਦੇ ਛਾਇਆਵਾਦੀ ਕਵੀਆਂ ਦੇ ਟਾਕਰੇ ਉਤੇ ਪੰਜਾਬੀ ਦੀ ਛਾਇਆਵਾਦੀ ਕਵਿਤਾ ਕੋਈ ਬਹੁਤੀ ਮੁੱਲਵਾਨ ਨਹੀਂ ਹੈ।

### 3. ਪ੍ਰਕਿਰਤੀ ਚਿਤਰਨ

ਭਾਵੇਂ ਛਾਇਆਵਾਦੀ ਕਵਿਤਾ ਵੀ ਇਕ ਪ੍ਰਕਾਰ ਦੀ ਪ੍ਰਕਿਰਤੀ ਚਿਤਰਣ ਦੀ ਕਵਿਤਾ ਹੀ ਹੈ ਪਰ ਭਾਈ ਵੀਰ ਸਿੰਘ ਦਾ ਪ੍ਰਕਿਰਤੀ ਚਿਤਰਣ ਕੇਵਲ ਛਾਇਆਵਾਦੀ ਕਵਿਤਾ ਤਕ ਸੀਮਤ ਕਰਨਾ ਯੋਗ ਨਹੀਂ, ਉਸ ਨੂੰ ਪੰਜਾਬੀ ਦਾ ਵਰਡਜ਼ਵਰ ਕਿਹਾ ਗਿਆ ਹੈ। ਉਹ ਵਰਡਜ਼ਵਰਥ ਵਾਂਗ ਹੀ ਪ੍ਰਕਿਰਤੀ ਨੂੰ ਆਰੋਪਤ ਤੇ ਆਲੰਬਨ ਦੋਹਾਂ ਰੂਪਾਂ ਵਿਚ ਪੇਸ਼ ਕਰਦਾ ਹੈ। 'ਵੈਰੀ ਨਾਗ ਦੇ ਚਸ਼ਮੇ' ਵਿਚ ਉਸ ਦਾ ਆਰੋਪ ਬਿਲਕੁਲ ਸਪਸ਼ਟ ਹੈ :

ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿੱਚ ਵੱਜਦਾ
ਕੁਦਰਤ ਤੇ ਕਾਦਰ ਦਾ ਜਲਵਾ ਲੈ ਲੈਂਦਾ ਇੱਕ ਸਜਦਾ।

ਪਰ ਕੁਝ ਕਵਿਤਾਵਾਂ ਵਿਚ ਉਹ ਪ੍ਰਕਿਰਤੀ ਚਿਤਰਣ ਦਾ ਦੂਜਾ ਰੂਪ ਅਰਥਾਤ ਜਲ, ਥਲ ਤੇ ਅਸਮਾਨ ਦੇ ਚਿਤਰਣ ਨੂੰ ਦ੍ਰਿਸ਼ ਵਰਨਣ ਦੇ ਰੂਪ ਵਿਚ ਪੇਸ਼ ਕਰਦਾ ਹੈ। ਖ਼ਾਸ ਤੌਰ ’ਤੇ ਕਸ਼ਮੀਰ ਦੇ ਨਜ਼ਾਰੇ ਪੇਸ਼ ਕਰਨ ਵਿਚ ਉਹ ਕਈ ਥਾਵਾਂ ’ਤੇ ਬਾਹਰਮੁਖੀ ਜਾਪਦਾ ਹੈ। ਪ੍ਰੋ.ਪੂਰਨ ਸਿੰਘ ਦਾ ਪ੍ਰਕਿਰਤੀ ਚਿਤਰਣ ਅੰਤਰਮੁਖੀ ਤੇ ਬਾਹਰਮੁਖੀ ਕਾਵਿ ਦਾ ਸੁਮੇਲ ਹੈ। ਲਾਲਾ ਕਿਰਪਾ ਸਾਗਰ, ਧਨੀ ਰਾਮ ਚਾਤ੍ਰਿਕ ਵੀ ਵਧੇਰੇ ਕਰਕੇ ਬਾਹਰਮੁਖੀ ਪ੍ਰਕਿਰਤੀ ਚਿਤਰਣ ਦੇ ਕਵੀ ਹਨ। ਕਿਰਪਾ ਸਾਗਰ ਤਾਂ ਆਪਣੇ ਮਹਾਂ ਕਾਵਿ ‘ਲਖਸ਼ਮੀ ਦੇਵੀ’ ਵਿਚ ਨਿਰੋਲ ਬਾਹਰਮੁਖੀ ਪ੍ਰਕਿਰਤੀ ਚਿਤਰਣ ’ਤੇ ਟੇਕ ਰਖਦਾ ਹੈ। ਜਿਵੇਂ :

ਉੱਡੀ ਚੱਪੇ ਲਾਂਦਿਆਂ ਚੁੰਨੀ ਸਿਰੋਂ ਅਲੱਗ
ਧਰਤੀ ਮਾਂ ਦਾ ਚੰਦਰਮਾ ਜਿਉਂ ਚੜ੍ਹਿਆ ਵੇਖੇ ਜੱਗ।

ਪ੍ਰੋ.ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ ਤੇ ਬਾਵਾ ਬਲਵੰਤ ਕੁਦਰਤੀ ਦ੍ਰਿਸ਼ਾਂ ਨੂੰ ਵਧੇਰੇ ਕਰਕੇ ਬਾਹਰਮੁਖੀ ਰੂਪ ਵਿਚ ਹੀ ਚਿਤਰਦੇ ਹਨ। ਮੋਹਨ ਸਿੰਘ ਦੀ ਕਵਿਤਾ ‘ਤਵੀ’, ‘ਲਿੱਧਰੀ ਨੂੰ’ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਲਗਭਗ ਦੋ ਦਰਜਨ ਕਵਿਤਾਵਾਂ ਹਨ ਜੋ ਧਰਤੀ ਦੇ ਭੂ-ਦ੍ਰਿਸ਼ਾਂ ਦਾ ਪਦਾਰਥਕ ਮਹੱਤਵ ਉਜਾਗਰ ਕਰਦੀਆਂ ਹਨ ਪਰ ਅਭੀਵਿਅਕਤੀ ਦੇ ਪੱਧਰ ’ਤੇ ਇਹ ਰੁਮਾਂਟਿਕ ਵੀ ਹੋ ਨਿਬੜਦੀਆਂ ਹਨ ਜੋ ਇਸ ਕਿਸਮ ਦੀਆਂ ਕਵਿਤਾਵਾਂ ਦੀ ਇਕ ਲੋੜ ਵੀ ਹੈ। ਬਾਵਾ ਬਲਵੰਤ ਪ੍ਰਕਿਰਤੀ ਨੂੰ ਮਾਨਵੀ ਸਰੋਕਾਰਾਂ ਦੇ ਪ੍ਰਸੰਗ ਵਿਚ ਕਾਵਿ ਅਭੀਵਿਅਕਤੀ ਪ੍ਰਦਾਨ ਕਰਦਾ ਹੈ :

ਹੇ ਉਸ਼ੇ!
ਹੇ ਦਿੱਵ ਜੋਤ!
ਖੋਲ੍ਹ ਸਾਂਝਤਾ ਦਾ ਸ੍ਰੋਤ!

### 4. ਦੇਸ਼ ਭਗਤੀ

ਭਾਵੇਂ ਦੇਸ਼ ਭਗਤੀ ਦਾ ਜਜ਼ਬਾ ਦੁਨੀਆਂ ਦੇ ਹਰ ਸਾਹਿਤ ਵਿਚ ਹਰ ਸਮੇਂ ਕਿਸੇ ਨਾ ਕਿਸੇ ਰੂਪ ਵਿਚ ਅਭੀਵਿਅਕਤੀ ਗ੍ਰਹਿਣ ਕਰਦਾ ਰਿਹਾ ਹੈ ਪਰੰਤੂ ਉਹਨਾਂ ਦੇਸ਼ਾਂ ਦੇ ਆਧੁਨਿਕ ਸਾਹਿਤ ਵਿਚ ਦੇਸ਼ ਭਗਤੀ ਦਾ ਜਜ਼ਬਾ ਵਧੇਰੇ ਪ੍ਰਬਲ ਨਜ਼ਰ ਆਉਂਦਾ ਹੈ, ਜਿੱਥੇ ਸਾਮਰਾਜੀ ਜ਼ੁਲਮਾਂ ਕਾਰਨ ਲੋਕ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਬਹਿਬਲ ਹਨ। 1947 ਤੋਂ ਪਹਿਲਾਂ ਭਾਰਤ ਅੰਗਰੇਜ਼ ਸਾਮਰਾਜ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ, ਜਿਸ ਕਾਰਨ ਇਸ ਕਠੋਰ ਯਥਾਰਥ ਨੂੰ ਇਕ ਵੰਗਾਰ ਦੇ ਰੂਪ ਵਿਚ ਹੋਰਾਂ ਭਾਸ਼ਾਵਾਂ ਦੇ ਕਵੀਆਂ ਦੇ ਨਾਲ-ਨਾਲ ਪੰਜਾਬੀ ਕਵੀਆਂ ਨੇ ਵੀ ਕਾਵਿ ਰੂਪਾਂਤਰਣ ਕੀਤਾ ਹੈ। ਗ਼ਦਰ ਲਹਿਰ, ਕਾਂਗਰਸ ਦਾ ਆਜ਼ਾਦੀ ਅੰਦੋਲਨ, ਨਾਮਧਾਰੀ ਲਹਿਰ, ਅਕਾਲੀ ਲਹਿਰ ਆਦਿ ਰਾਜਨੀਤਕ, ਧਾਰਮਿਕ ਤੇ ਸੁਧਾਰਕ ਲਹਿਰਾਂ ਦੇ ਪ੍ਰਭਾਵ ਅਧੀਨ ਪੰਜਾਬੀ ਕਵੀਆਂ ਨੇ ਦੇਸ਼ ਭਗਤੀ ਦੇ ਜਜ਼ਬੇ ਨੂੰ ਬੜੇ ਹੀ ਖ਼ੂਬਸੂਰਤ ਪਰ ਸਰਲ ਅੰਦਾਜ਼ ਵਿਚ ਜ਼ੁਬਾਨ ਦਿੱਤੀ। ਗ਼ਦਰ ਲਹਿਰ ਦੇ ਕਵੀਆਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਕੁਝ ਹੋਰ ਗੁੰਮਨਾਮ ਕਵੀਆਂ ਦੀ

ਕਵਿਤਾ ਵਿਚ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦੀ ਵੰਗਾਰ ਬੜੀ ਉੱਚੀ ਹੈ। ਇਹਨਾਂ ਤੋਂ ਇਲਾਵਾ ਬਾਂਕੇ ਦਿਆਲ, ਬਿਸਮਿਲ ਆਦਿ ਕਵੀ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਲਈ ਆਪਣੀਆਂ ਕਵਿਤਾਵਾਂ ਰਾਹੀਂ ਲੋਕਾਂ ਨੂੰ ਪ੍ਰੇਰਿਤ ਕਰਦੇ ਹਨ। ਉਪਰੰਤ ਧਨੀ ਰਾਮ ਚਾਤ੍ਰਿਕ, ਫ਼ਿਰੋਜ਼ਦੀਨ ਸ਼ਰਫ਼, ਹਮਦਮ, ਮੁਨਸ਼ਾ ਸਿੰਘ ਦੁਖੀ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ, ਗਿਆਨੀ ਹੀਰਾ ਸਿੰਘ ਦਰਦ, ਦਰਸ਼ਨ ਸਿੰਘ ਆਵਾਰਾ, ਬਾਵਾ ਬਲਵੰਤ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਵਿਧਾਤਾ ਸਿੰਘ ਤੀਰ ਆਦਿ ਕਵੀ ਉਦੋਂ ਤਕ ਆਪਣੀਆਂ ਕਵਿਤਾਵਾਂ ਰਾਹੀਂ ਸਾਮਰਾਜ ਵਿਰੋਧੀ ਸੁਰ ਪ੍ਰਬਲ ਰਖਦੇ ਹਨ ਜਦ ਤਕ ਦੇਸ਼ ਆਜ਼ਾਦ ਨਹੀਂ ਹੋ ਜਾਂਦਾ। ਜਿਵੇਂ :

ਲੈ ਲੈ ਆਪਣੀ ਨੜੀ ਨਵਾਬੀ
ਦੇ ਮੈਨੂੰ ਮੇਰੀ ਆਜ਼ਾਦੀ। (ਮੋਹਨ ਸਿੰਘ)

ਭਾਈ ਵੀਰ ਸਿੰਘ ਦੀ ਦੇਸ਼ ਭਗਤੀ ਦਾ ਸੁਰ ਬਹੁਤ ਮੱਧਮ ਹੈ। ਪ੍ਰੋ.ਪੂਰਨ ਸਿੰਘ ਦੀ ਦੇਸ਼ ਭਗਤੀ ਪੰਜਾਬ ਦੀ ਧਰਤੀ ਦੇ ਮੋਹ ਵਿਚੋਂ ਅਭੀਵਿਅਕਤੀ ਗ੍ਰਹਿਣ ਕਰਦੀ ਹੈ :

ਪੰਜਾਬ ਜਿਹਾ ਮਿਲਖ ਮੈਨੂੰ ਕੋਈ ਨਹੀਂ ਦਿਸਦਾ
ਹਸਦਾ ਤੇ ਵੱਸਦਾ ਮਜੂਰੀ ਕਰਦਾ ਪਿਆਰ ਦੀ।

ਪ੍ਰੋ.ਪੂਰਨ ਸਿੰਘ ਨੂੰ ਪੰਜਾਬ ਦੇ ਜਵਾਨਾਂ ’ਤੇ ਮਾਣ ਹੈ ਜੋ ਪੂਰੇ ਸਵੈਮਾਣ ਨਾਲ ਜੀਵਨ ਜਿਉਣਾ ਲੋਚਦੇ ਹਨ :

ਪੰਜਾਬ ਦੇ ਜਵਾਨ
ਮੌਤ ਨੂੰ ਮਖੌਲਾਂ ਕਰਨ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ।

ਇਸੇ ਤਰ੍ਹਾਂ ਲਾਲਾ ਕਿਰਪਾ ਸਾਗਰ ਵੀ ਆਪਣੀ ਕਵਿਤਾ ਵਿਚ ਪੰਜਾਬ ਦੀ ਧਰਤੀ ਦਾ ਮੋਹ ਕਈ ਥਾਵਾਂ ’ਤੇ ਪ੍ਰਗਟਾਉਂਦਾ ਹੈ। ਉਹ ਮਰਨ ਸਮੇਂ ਵੀ ਇਸ ਧਰਤੀ ’ਤੇ ਹੀ ਮਰਨਾ ਚਾਹੁੰਦਾ ਹੈ ਪਰੰਤੂ ਇਹ ਕਵੀ ਚਾਤ੍ਰਿਕ, ਮੋਹਨ ਸਿੰਘ, ਅੰਮ੍ਰਿਤਾ, ਬਾਵਾ ਬਲਵੰਤ, ਅਵਤਾਰ ਸਿੰਘ ਆਜ਼ਾਦ, ਹਮਦਮ ਅਤੇ ਹੋਰ ਸਟੇਜੀ ਕਵੀਆਂ ਵਾਂਗ ਸਪਸ਼ਟ ਤੌਰ ’ਤੇ ਸਾਮਰਾਜ ਵਿਰੋਧੀ ਨਹੀਂ ਹਨ; ਕੇਵਲ ਮੱਧਮ ਸੁਰੀਏ ਸਾਮਰਾਜ ਵਿਰੋਧੀ ਕਵੀ ਜਾਪਦੇ ਹਨ।

### 5. ਰੁਮਾਂਟਿਕ ਪ੍ਰਗਤੀਸ਼ੀਲ ਸੁਧਾਰਵਾਦੀ ਕਵਿਤਾ

1947 ਤਕ ਦੀ ਆਧੁਨਿਕ ਪੰਜਾਬੀ ਕਵਿਤਾ ’ਤੇ ਵਿਚਾਰ ਕਰਨ ਸਮੇਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ 1935–47 ਤਕ ਦੀ ਪੰਜਾਬੀ ਕਾਵਿ ਰਚਨਾ ਸਮੇਂ ਭਾਈ ਵੀਰ ਸਿੰਘ ਆਪਣੀਆਂ ਅਧਿਆਤਮਵਾਦੀ–ਰਹੱਸਵਾਦੀ ਸੁਰਾਂ ਅਲਾਪਦਾ ਹੈ। ਲਾਲਾ ਧਨੀ ਰਾਮ ਚਾਤ੍ਰਿਕ ਤੇ ਕੁਝ ਹੋਰ ਕਵੀ ਨਿਰੋਲ ਰੁਮਾਂਟਿਕ ਸੁਧਾਰਵਾਦੀ ਪੈਂਤੜੇ ਤੋਂ ਕਾਵਿ ਰਚਨਾ ਕਰਦੇ ਹਨ। ਉਥੇ ਇਹ ਕਵੀ ਪੰਜਾਬੀ ਜਨ ਜੀਵਨ ਨੂੰ ਚਿਤਰਨ ਸਮੇਂ ਯਥਾਰਥ ਦੇ ਬਹੁਤ ਨੇੜੇ ਰਹਿੰਦੇ ਹਨ। ਇਸ ਦਾ ਇਕ ਕਾਰਨ ਤਾਂ ਪੰਜਾਬੀ ਸਭਿਆਚਾਰ ਦੇ ਮੋਹ ਦੀ ਕਾਵਿ–ਅਭੀਵਿਅਕਤੀ ਵਿਚ ਨੀਹਿਤ ਹੈ ਤੇ ਦੂਜਾ ਕਾਰਨ ਪਰੰਪਰਾਵਾਦੀ ਵਿਚਾਰਾਂ ਦੇ ਟੁੱਟਣ ਵਿਚ ਨਿਰਧਾਰਿਤ ਕੀਤਾ ਜਾ ਸਕਦਾ ਹੈ। ਪਰੰਪਰਾਵਾਂ ਤੇ ਰੂੜ੍ਹੀਆਂ ਦੇ ਟੁੱਟਣ ਦਾ ਵਰਤਾਰਾ ਉਸ ਅੰਤਰਰਾਸ਼ਟਰੀ ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਦਾ ਸਿੱਟਾ ਹੈ ਜੋ 1935

ਈ. ਵਿਚ ਪੈਰਿਸ ਪ੍ਰਗਤੀਵਾਦੀ ਸੰਮੇਲਨ ਨਾਲ ਬਾਕਾਇਦਾ ਸ਼ੁਰੂ ਹੋ ਚੁੱਕੀ ਸੀ। 1936 ਵਿਚ ਭਾਰਤ ਵਿਚ ਵੀ ਇਸੇ ਪੈਰਿਸ ਸੰਮੇਲਨ ਦੇ ਅਨੁਕਰਨ ਵਜੋਂ ਭਾਰਤੀ ਲੇਖਕਾਂ ਦਾ ਇਕ ਸੰਮੇਲਨ ਲਖਨਊ ਵਿਚ ਹੋਇਆ, ਜਿਸ ਦੀ ਪ੍ਰਧਾਨਗੀ ਮੁਨਸ਼ੀ ਪ੍ਰੇਮ ਚੰਦ ਨੇ ਕੀਤੀ। ਮੁਨਸ਼ੀ ਪ੍ਰੇਮ ਚੰਦ ਇਕ ਪਾਸੇ ਗਾਂਧੀ ਭਗਤ ਸੀ, ਉਥੇ ਦੂਜੇ ਪਾਸੇ ਉਹ ਸਮਾਜਵਾਦ ਦਾ ਸਮਰਥਕ ਵੀ ਸੀ। ਇਸੇ ਤਰ੍ਹਾਂ ਕੁਝ ਹੋਰ ਲੇਖਕ ਵੀ ਜਾਂ ਤਾਂ ਉਦਾਰਵਾਦੀ-ਰਾਸ਼ਟਰਵਾਦੀ ਸਨ ਜਾਂ ਮਾਰਕਸਵਾਦੀ-ਸਮਾਜਵਾਦੀ।

1936 ਦੇ ਲਖਨਊ ਸੰਮੇਲਨ ਰਾਹੀਂ ਹੀ ਪਹਿਲੀ ਵਾਰ ਬਾਕਾਇਦਾ ਰੂਪ ਵਿਚ ਭਾਰਤੀ ਲੇਖਕਾਂ ਦਾ ਦਿਸ਼ਾ ਨਿਰਦੇਸ਼ਨ ਕੀਤਾ ਗਿਆ। ਫਾਸਿਜ਼ਮ ਦਾ ਵਿਰੋਧ, ਸੁਤੰਤਰਤਾ ਸੰਗਰਾਮ ਦਾ ਸਮਰਥਨ, ਉੱਚ ਚਿੰਤਨ ਰਾਹੀਂ ਜੀਵਨ ਦੇ ਯਥਾਰਥ ਦਾ ਪ੍ਰਕਾਸ਼, ਗਤੀਸ਼ੀਲ ਜੀਵਨ ਵਿਚ ਸੰਘਰਸ਼ ਦਾ ਮਹੱਤਵ ਅਤੇ ਸੁਹਜਭਾਵੀ ਹੋ ਕੇ ਸਾਹਿਤ ਸਿਰਜਣਾ ਪ੍ਰਗਤੀਵਾਦੀ ਸਾਹਿਤ ਦਾ ਆਧਾਰ ਮੰਨਿਆ ਗਿਆ। ਭਾਰਤ ਵਿਚ ਹੋਏ 1938 ਤੇ 1942 ਦੇ ਪ੍ਰਗਤੀਸ਼ੀਲ ਸੰਮੇਲਨਾਂ ਨੇ ਵੀ ਇਹਨਾਂ ਦਿਸ਼ਾ ਨਿਰਦੇਸ਼ਾਂ ਨੂੰ ਹੀ ਸੁਦ੍ਰਿੜ੍ਹ ਕੀਤਾ। ਪੰਜਾਬੀ ਵਿਚ ਵੀ ਇਸ ਲਹਿਰ ਦਾ ਪ੍ਰਭਾਵ 1935-36 ਤੋਂ ਪਿੱਛੋਂ ਵਿਆਪਕ ਨਜ਼ਰ ਆਉਂਦਾ ਹੈ। ਪੰਜਾਬੀ ਕਵੀ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਅਵਤਾਰ ਸਿੰਘ ਆਜ਼ਾਦ, ਗਿਆਨੀ ਹੀਰਾ ਸਿੰਘ ਦਰਦ, ਪਿਆਰਾ ਸਿੰਘ ਸਹਿਰਾਈ, ਦੇਵਿੰਦਰ ਸਤਿਆਰਥੀ, ਹਰਿੰਦਰ ਸਿੰਘ ਰੂਪ, ਡਾ.ਦੀਵਾਨ ਸਿੰਘ ਕਾਲੇਪਾਣੀ ਆਦਿ ਕਵੀ ਸਮਕਾਲੀ ਕਠੋਰ ਤੇ ਕਰੂਰ ਯਥਾਰਥ ਨੂੰ ਪ੍ਰਗਤੀਵਾਦੀ ਧਾਰਾ ਦੇ ਪ੍ਰਭਾਵ ਅਧੀਨ ਕਦੇ ਯਥਾਰਥਵਾਦੀ ਅਤੇ ਕਦੇ ਰੁਮਾਂਟਿਕ-ਸੁਧਾਰਵਾਦੀ ਨਜ਼ਰੀਏ ਤੋਂ ਆਪਣੀਆਂ ਕਾਵਿ ਰਚਨਾਵਾਂ ਵਿਚ ਕਾਵਿ ਅਭੀਵਿਅਕਤੀ ਪ੍ਰਦਾਨ ਕਰਦੇ ਹਨ। ਉਹਨਾਂ ਦੀ ਕ੍ਰਾਂਤੀਕਾਰੀ ਕਵਿਤਾ ਵਿਚ ਫਾਸਿਜ਼ਮ ਸਾਮਰਾਜ ਅਤੇ ਜੰਗ ਪ੍ਰਤੀ ਘ੍ਰਿਣਾ, ਕਿਰਤੀ ਕਾਮੇ ਦੀ ਵਡਿਆਈ, ਸਮਾਜਕ-ਆਰਥਿਕ ਸਮਾਨਤਾ ਲਈ ਵੰਗਾਰ ਆਦਿ ਥੀਮਿਕ ਇਕਾਈਆਂ ਕਦੇ ਉਚੀ ਸੁਰ ਵਿਚ ਅਤੇ ਕਦੇ ਕੁਝ ਮੱਧਮ ਸੁਰ ਵਿਚ ਸਪਸ਼ਟ ਸੁਣਾਈ ਦਿੰਦੀਆਂ ਹਨ। ਪ੍ਰੋ.ਮੋਹਨ ਸਿੰਘ, ਬਾਵਾ ਬਲਵੰਤ ਅਤੇ ਅੰਮ੍ਰਿਤਾ ਪ੍ਰੀਤਮ ਇਸ ਧਾਰਾ ਦੇ ਪ੍ਰਮੁੱਖ ਕਵੀ ਹਨ। ਮੋਹਨ ਸਿੰਘ ਤੇ ਅੰਮ੍ਰਿਤਾ ਜਿੱਥੇ ਆਪਣੀ ਨਿੱਜੀ ਪਿਆਰ ਦੀ ਕਾਵਿ ਅਭੀਵਿਅਕਤੀ ਕਰਦੇ ਹਨ, ਉਥੇ ਉਹ ਸਮਾਜਵਾਦ ਪ੍ਰਤੀ ਵੀ ਸਮਰਪਤ ਨਜ਼ਰ ਆਉਂਦੇ ਹਨ। ਉਹਨਾਂ ਦੀ ਨਿੱਜ ਤੇ ਪਰ ਦੀ ਸਾਂਝ ਦੀ ਕਾਵਿ ਅਭੀਵਿਅਕਤੀ ਨੂੰ (ਬਾਵਾ ਬਲਵੰਤ ਨੂੰ ਛੱਡ ਕੇ) ਪੰਜਾਬੀ ਦੇ ਹੋਰ ਕਵੀਆਂ ਨੇ ਵੀ ਅਪਣਾਇਆ ਹੈ, ਜਿਸ ਕਾਰਨ ਉਹਨਾਂ ਦੀ ਪ੍ਰਗਤੀਸ਼ੀਲ ਕਵਿਤਾ ਨੂੰ ਅੰਮ੍ਰਿਤਾ-ਮੋਹਨ ਸਿੰਘ ਧਾਰਾ ਦਾ ਨਾਂ ਵੀ ਦੇ ਦਿੱਤਾ ਗਿਆ ਹੈ। ਪਿਆਰ ਤੇ ਨਾਰੀ ਚੇਤਨਾ ਵਿਚ ਮੋਹਨ ਸਿੰਘ ਅਤੇ ਅੰਮ੍ਰਿਤਾ ਦੀ ਵਿਦਰੋਹੀ ਸੁਰ ਸਭ ਤੋਂ ਬਲਵਾਨ ਹੈ। ਜਿਵੇਂ ਮੋਹਨ ਸਿੰਘ ਕਹਿੰਦਾ ਹੈ :

ਮੈਂ ਤਾਂ ਜਾਣਿਆ ਸੰਗਵੀ ਬੁਝ ਗਈ ਏ
ਰਿਹਾ ਨਾਮ ਨਿਸ਼ਾਨ ਨਾ ਅੱਗ ਦਾ ਈ।
ਰੱਬ ਖ਼ੈਰ ਕਰੇ ਇਹ ਕੀ ਸੇਕ ਜਿਹਾ
ਫੇਰ ਵਿਚ ਕਲੇਜੇ ਦੇ ਮੱਘਦਾ ਈ।
ਹੌਲੀ ਹੌਲੀ ਦਿਲ ਭੋਇੰ 'ਤੇ ਉਗੇ ਜੰਗਲ
ਬਣੇ ਤੁਰੰਤ ਭਬੂਕੜਾ ਅੱਗ ਦਾ ਈ। (ਮੋਹਨ ਸਿੰਘ)

ਅੰਮ੍ਰਿਤਾ ਪ੍ਰੀਤਮ ਨਾਰੀ ਚੇਤਨਾ ਦੀ ਪ੍ਰਮੁੱਖ ਤੇ ਪ੍ਰਤੀਨਿਧ ਕਵਿੱਤਰੀ ਹੈ ਜੋ ਇਕ ਤਾਂ ਇਸਤਰੀ ਹੋਣ ਕਾਰਨ ਦੂਜੇ ਪ੍ਰਗਤੀਵਾਦੀ ਹੋਣ ਕਾਰਨ ਇਸ ਤਰ੍ਹਾਂ ਕਹਿੰਦੀ ਹੈ :

ਅੰਨ ਦਾਤਾ
ਮੈਂ ਚੰਮ ਦੀ ਗੁੱਡੀ ਖੇਡ ਲੈ ਖਿਡਾ ਲੈ
ਲਹੂ ਦਾ ਪਿਆਲਾ ਪੀ ਲੈ ਪਿਲਾ ਲੈ
ਤੇਰੇ ਸਾਹਵੇਂ ਖੜ੍ਹੀ ਹਾਂ, ਅਹਿ ਵਰਤਣ ਦੀ ਸ਼ੈ
ਜਿਵੇਂ ਚਾਹੇ ਵਰਤ ਲੈ।

ਇਹਨਾਂ ਨਿੱਜਵਾਦੀ ਸੁਰਾਂ ਦੇ ਨਾਲ-ਨਾਲ ਵਿਸ਼ਵ ਚੇਤਨਾ, ਵਿਸ਼ਵ ਸ਼ਾਂਤੀ ਦੀ ਅਕਾਂਖਿਆ ਦੇ ਰੂਪ ਵਿਚ ਲਗਭਗ ਸਭ ਪ੍ਰਗਤੀਵਾਦੀ ਕਵੀਆਂ ਦੀ ਪ੍ਰਮੁੱਖ ਥੀਮਿਕ ਇਕਾਈ ਹੈ :

ਮੁੱਕ ਜਾਵਣ ਕੈਦਾਂ ਹੱਦ ਬੰਦੀਆਂ, ਵੰਡ ਰਹੇ ਨਾ ਕਾਣੀ।
ਹਰ ਇਕ ਬੰਦਾ ਸ਼ਾਹ ਦੁਨੀਆਂ ਦਾ ਹਰ ਇਕ ਤੀਵੀਂ ਰਾਣੀ। (ਪ੍ਰੀਤਮ ਸਿੰਘ ਸਫ਼ੀਰ)

ਕਾਲੇ ਨੱਚਣ, ਗੋਰੇ ਨੱਚਣ, ਨੱਚਣ ਅਮੀਰ ਕੰਗਾਰ ਵਲੇ।
ਬ੍ਰਾਹਮਣ ਦੇ ਗਲ ਜੰਜੂ ਹੋਵਣ ਚਮਰੇਟੀ ਦੇ ਵਾਲ ਵਲੇ। (ਮੋਹਨ ਸਿੰਘ)

ਤੂੰ ਝੁਗੀਆਂ ਦਾ ਆ ਕੇ ਅੰਦਰੋਂ ਵੀ ਰੰਗ ਲਾਲ ਕਰ।
ਤੂੰ ਹੱਡੀਆਂ ਦੀ ਗਾਰ ਦਾ ਕਦੇ ਤਾਂ ਕੁਝ ਖ਼ਿਆਲ ਕਰ।
ਦੂਰ ’ਤੇ ਕਰੀਬ ’ਤੇ ਅਮੀਰ ’ਤੇ ਗਰੀਬ ’ਤੇ।
ਤੂੰ ਆਪਣੀ ਕਲਮ ਫੇਰਦੀ ਜਾ ਹਰ ਬੁਰੇ ਨਸੀਬ ’ਤੇ। (ਬਾਵਾ ਬਲਵੰਤ)

ਇਸ ਤਰ੍ਹਾਂ ਹੀ ਆਦਰਸ਼ਵਾਦ ਰਹੱਸਵਾਦ ਦੀ ਅਸਵੀਕ੍ਰਿਤੀ ਅਤੇ ਯਥਾਰਥ ਦੀ ਪ੍ਰਵਾਨਗੀ 1947 ਤਕ ਦੀ ਪ੍ਰਗਤੀਸ਼ੀਲ ਕਵਿਤਾ ਵਿਚ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ :

ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖ ਧੰਦਾ।
ਖੋਹਲਣ ਲੱਗਿਆਂ ਪੇਚ ਇਸ ਦੇ ਕਾਫ਼ਰ ਹੋ ਜਾਏ ਬੰਦਾ। (ਮੋਹਨ ਸਿੰਘ)

ਇਹ ਦੇਵਤੇ ਪਾਖੰਡ ਤੇ ਕੁਰਬਾਨੀਆਂ ਪਾਖੰਡ।
ਆਦਮੀ ਦਾ ਅਸਲ ਹੈ ਦਾਰੂ ਹੀ ਆਦਮੀ। (ਬਾਵਾ ਬਲਵੰਤ)

ਇਸ ਤਰ੍ਹਾਂ ਨਾਲ 1935-47 ਤਕ ਦੀ ਕਵਿਤਾ ਸਭ ਤੋਂ ਬਲਵਾਨ ਸੁਰ ਪ੍ਰਗਤੀਵਾਦੀ ਧਾਰਾ ਵਿਚ ਹੈ। ਜੋ ਭਾਰਤ ਆਜ਼ਾਦ ਹੋ ਜਾਣ ਪਿੱਛੋਂ ਵੀ ਜਾਰੀ ਰਹਿੰਦੀ ਹੈ।

**ਆਧੁਨਿਕ ਰੂਪਾਕਾਰ**

ਆਧੁਨਿਕ ਪੰਜਾਬੀ ਕਵਿਤਾ ਨਾ ਕੇਵਲ ਵਿਸ਼ਾ-ਵਸਤੂ ਪੱਖੋਂ ਹੀ ਯਥਾਰਥ ਪ੍ਰਤੀ ਵਧੇਰੇ ਚੇਤਨ ਨਜ਼ਰ ਆਉਂਦੀ ਹੈ ਤੇ ਇਸੇ ਕਾਰਨ ਪੁਰਾਤਨ ਪੰਜਾਬੀ ਕਵਿਤਾ ਨਾਲੋਂ ਸਹਿਜੇ ਹੀ ਨਿਖੇੜੀ ਜਾ ਸਕਦੀ ਹੈ, ਸਗੋਂ ਰੂਪਾਕਾਰ ਤੇ ਸ਼ਿਲਪ ਵਿਧਾਨ ਪੱਖੋਂ ਵੀ 1900-1947 ਤਕ ਦੀ ਕਵਿਤਾ ਵਿਚ ਸਪਸ਼ਟ ਨਿਖੇੜਾ ਦੇਖਿਆ ਜਾ ਸਕਦਾ ਹੈ। ਲੰਮੇਰੇ ਕਾਵਿ ਰੂਪਾਂ ਦੀ ਥਾਂ ਗੀਤ, ਗ਼ਜ਼ਲ ਅਤੇ ਰੁਬਾਈ ਆ ਜਾਂਦੀ ਹੈ। ਜੋ ਲੰਮੇਰਾ ਕਾਵਿ ਰੂਪ ਸਿਰਜਿਆ ਵੀ ਗਿਆ ਹੈ, ਉਹ ਕਿੱਸਾ ਕਾਵਿ ਤੇ ਵਾਰ ਨਾਲੋਂ ਵੀ ਭਿੰਨ ਹੈ। ਅੰਗਰੇਜ਼ੀ ਮਹਾਂ ਕਾਵਿ ਦੇ ਪੈਟਰਨ ਉਤੇ ਭਾਈ ਵੀਰ ਸਿੰਘ, ਲਾਲਾ ਕਿਰਪਾ ਸਾਗਰ ਤੇ ਅਵਤਾਰ ਸਿੰਘ ਆਜ਼ਾਦ ਨੇ ਮਹਾਂ ਕਾਵਿ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਪ੍ਰੋ.ਪੂਰਨ ਸਿੰਘ ਨੇ ਰਵਾਇਤੀ ਛੰਦ ਬੱਧ ਕਵਿਤਾ ਦਾ ਤਿਆਗ ਕਰਕੇ ਵਾਲਟ ਵਿੱਟਮੈਨ ਦੀ ਕਵਿਤਾ ਦਾ ਅਨੁਸਰਨ ਕਰਦਿਆਂ ਖੁੱਲ੍ਹੀ ਕਵਿਤਾ ਰਚਨੀ ਸ਼ੁਰੂ ਕੀਤੀ ਅਤੇ ਦੀਵਾਨ ਸਿੰਘ ਕਾਲੇਪਾਣੀ ਨੇ ਵੀ ਖੁੱਲ੍ਹੀਆਂ ਉਡਾਰੀਆਂ ਮਾਰੀਆਂ। 1947 ਤੋਂ ਪਹਿਲਾਂ ਹੋਰ ਕੁਝ ਪੰਜਾਬੀ ਕਵੀਆਂ ਨੇ ਵੀ ਛੰਦਾਬੰਦੀ ਦੀ ਕਰੜੀ ਜਕੜ ਨੂੰ ਤਿਆਗਣ ਦਾ ਯਤਨ ਕੀਤਾ। ਇਸ ਤਰ੍ਹਾਂ 1947 ਤਕ ਦੀ ਪੰਜਾਬੀ ਕਵਿਤਾ ਵਸਤੂ ਅਤੇ ਰੂਪ ਦੋਹਾਂ ਪੱਖਾਂ ਤੋਂ ਪੁਰਾਤਨ ਕਵਿਤਾ ਤੋਂ ਇਕਦਮ ਹੌਲੀ ਹੌਲੀ ਆਪਣਾ ਵੱਖਰਾ ਕਾਵਿ ਮੁਹਾਂਦਰਾ ਸਿਰਜਦੀ ਪ੍ਰਤੀਤ ਹੁੰਦੀ ਹੈ।

**ਪ੍ਰਗਤੀਵਾਦੀ ਕਵਿਤਾ**

1935 ਤੋਂ 1947 ਤਕ ਦੀ ਪੰਜਾਬੀ ਕਵਿਤਾ ਨਾਲੋਂ 1947 ਤੋਂ 1960 ਤਕ ਦੀ ਪੰਜਾਬੀ ਕਵਿਤਾ ਦਾ ਪ੍ਰਮੁੱਖ ਵਸਤੂਗਤ (ਵਿਸ਼ੇਗਤ) ਅੰਤਰ ਇਹ ਹੈ ਕਿ 1947 ਤੋਂ ਪਹਿਲਾਂ ਦੀ ਇਸ ਕਵਿਤਾ ਵਿਚ ਅੰਗਰੇਜ਼ ਸਾਮਰਾਜ ਦਾ ਵਿਰੋਧ ਅਤੇ ਦੇਸ਼ ਭਗਤੀ ਦਾ ਵਿਸ਼ਾ ਇਸ ਕਾਲ ਖੰਡ ਵਿਚ ਛਾਇਆ ਰਹਿੰਦਾ ਹੈ ਪਰ 1947 ਪਿੱਛੋਂ ਕੁਝ ਸਾਲ ਤਾਂ ਭਾਰਤ-ਪਾਕਿ ਵੰਡ ਦੀ ਕਾਵਿ ਅਭੀਵਿਅਕਤੀ ਰੁਦਨਮਈ ਲਹਿਜ਼ੇ ਵਿਚ ਹੁੰਦੀ ਹੈ ਤੇ ਉਸ ਤੋਂ ਪਿੱਛੋਂ ਪ੍ਰਗਤੀਵਾਦੀ ਕਾਵਿਧਾਰਾ ਸਾਮਾਜਿਕ-ਆਰਥਿਕ ਅਸਮਾਨਤਾ ਨੂੰ ਆਪਣਾ ਮੁਕੰਮਲ ਆਧਾਰ ਮਿੱਥ ਕੇ ਜਾਗੀਰਦਾਰੀ-ਸਰਮਾਏਦਾਰੀ ਦੇ ਵਿਰੋਧ ਦੀ ਕਾਵਿ ਅਭੀਵਿਅਕਤੀ ਕਰਦੀ ਹੈ। ਕਿਸਾਨ ਲਹਿਰਾਂ, ਅਮਨ ਲਹਿਰ ਅਤੇ ਅਮਰੀਕੀ ਸਾਮਰਾਜ ਦੇ ਵਿਰੋਧ ਵਜੋਂ ਸਾਮਰਾਜਵਾਦ ਦਾ ਨਿਖੇਧ ਵੱਡੀ ਪੱਧਰ 'ਤੇ ਇਸ ਦੌਰ ਦੇ ਪੰਜਾਬੀ ਕਵੀਆਂ ਦੀ ਕਵਿਤਾ ਦਾ ਕੇਂਦਰ-ਬਿੰਦੂ ਬਣ ਜਾਂਦਾ ਹੈ। ਪ੍ਰੋ.ਮੋਹਨ ਸਿੰਘ (ਕੱਚ ਸੱਚ, ਆਵਾਜ਼ਾਂ, ਵੱਡਾ ਵੇਲਾ), ਅੰਮ੍ਰਿਤਾ ਪ੍ਰੀਤਮ (ਲੰਮੀਆਂ ਵਾਟਾਂ, ਮੈਂ ਤਵਾਰੀਖ ਹਾਂ ਹਿੰਦ ਦੀ, ਸਰਘੀ ਵੇਲਾ, ਸੁਨੇਹੜੇ), ਅਵਤਾਰ ਸਿੰਘ ਆਜ਼ਾਦ (ਜੀਵਨ ਨਾਦ, ਸੋਨ ਸਿਖਰਾਂ), ਬਾਵਾ ਬਲਵੰਤ (ਸੁਗੰਧ ਸਮੀਰ), ਪ੍ਰੀਤਮ ਸਿੰਘ ਸਫ਼ੀਰ (ਆਦਿ-ਜੁਗਾਦਿ), ਦੇਵਿੰਦਰ ਸਤਿਆਰਥੀ (ਮੁੜ੍ਹਕਾ ਤੇ ਕਣਕ, ਬੁੱਢੀ ਨਹੀਂ ਧਰਤੀ ਤੇ ਲੱਕ ਟੁਣੂ ਟੁਣੂ), ਪਿਆਰਾ ਸਿੰਘ ਸਹਿਰਾਈ (ਸਮੇਂ ਦੀ ਵਾਰ, ਲਗਰਾਂ ਤੇ ਰੁਣ-ਝੁਣ), ਹਰਿੰਦਰ ਸਿੰਘ ਰੂਪ (ਨਵਾਂ ਪੰਧ), ਸੰਤ ਇੰਦਰ ਸਿੰਘ ਚੱਕ੍ਰਵਰਤੀ (ਮਾਲਵੇਂਦਰ) ਆਦਿ ਕਵੀਆਂ ਦੀਆਂ ਰਚਨਾਵਾਂ ਵਿਚੋਂ ਹੇਠ ਲਿਖੀਆਂ ਥੀਮਿਕ ਇਕਾਈਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ :

**ਸਾਮਾਜਿਕ-ਆਰਥਿਕ ਅਸਮਾਨਤਾ**

ਦੋ ਟੋਟਿਆਂ ਵਿੱਚ ਭੋਂ ਟੁੱਕੀ
ਇੱਕ ਮਹਿਲਾਂ ਦਾ ਇੱਕ ਢੋਕਾਂ ਦਾ

ਦੋ ਹਿੱਸਿਆਂ ਵਿੱਚ ਖ਼ਲਕਤ ਵੰਡੀ
ਇੱਕ ਲੋਕਾਂ ਦਾ ਇੱਕ ਜੋਕਾਂ ਦਾ (ਪ੍ਰੋ.ਮੋਹਨ ਸਿੰਘ)

**ਵਿਸ਼ਵ-ਸ਼ਾਂਤੀ**

ਅਮਨ ਅਮਨ ਹੈ ਬੜਾ ਗਰਭ ਪੀੜਾ ਦੇ ਵਿੱਚ
ਨਵੇਂ ਬੱਚੇ ਦੇ ਰੋਣ ਦੀ ਆਵਾਜ਼ ਵਿੱਚ।
'ਰਾਮ-ਸਤਿ' ਬੋਲਦੀ ਕਿਸੇ ਭੀੜ ਦੇ ਵਿੱਚ। (ਪ੍ਰੀਤਮ ਸਿੰਘ ਸਫ਼ੀਰ)

**ਰੋਹ ਤੇ ਵਿਦਰੋਹ**

ਮੁਰਝਾਏ ਹੋਏ ਫੁੱਲ ਤੇ ਸਤਾਈਆਂ ਹੋਈਆਂ ਲਗਰਾਂ,
ਲਾਹ ਦੇਣਗੇ ਇਹ ਮਾਲੀ ਦੀ ਦਸਤਾਰ ਕਿਸੇ ਦਿਨ। (ਬਾਵਾ ਬਲਵੰਤ)

ਪਰ ਇਹ ਸਾਰੇ ਕਵੀ ਸਾਮਾਜਿਕ-ਆਰਥਿਕ ਸਮਾਨਤਾ ਦੀ ਅਕਾਂਖਿਆ ਕਰਦੇ ਕਰਦੇ ਆਪਣੇ ਨਿੱਜੀ ਪਿਆਰ ਦਾ ਅਲਾਪ ਵੀ ਕਰਦੇ ਰਹਿੰਦੇ ਹਨ। ਪਰ ਤੇ ਨਿੱਜ ਦੀ ਇਹ ਕਾਵਿ ਅਭੀਵਿਅਕਤੀ ਹੀ ਅੰਮ੍ਰਿਤਾ-ਮੋਹਨ ਸਿੰਘ ਕਾਵਿ ਪਰੰਪਰਾ ਦਾ ਮੁੱਖ ਪਛਾਣ ਚਿੰਨ੍ਹ ਬਣਦੀ ਹੈ। ਇਹਨਾਂ ਸਾਲਾਂ ਵਿਚ ਸਫ਼ੀਰ ਸਪਸ਼ਟ ਤੌਰ 'ਤੇ ਕਿਸੇ ਅਦ੍ਰਿਸ਼ਟਮਾਨ ਦੇ ਲੜ ਲੱਗਣ ਦੀ ਚੇਸ਼ਟਾ ਕਰਦਾ ਜਾਪਦਾ ਹੈ :

ਦੇਖ, ਮਿੱਟੀ ਦੇ ਕਿਣਕਿਆਂ ਨੂੰ ਦੇਖ
ਆਪਣੇ ਰਿਸ਼ਤਿਆਂ ਨੂੰ ਪਛਾਣ।
ਹਵਾ ਵਿੱਚ ਕਹਿੰਦੇ ਨੇ ਹੁੰਦਾ ਹੈ ਪਾਣੀ
ਨਜ਼ਰ ਆਉਂਦਾ ਨਹੀਂ,
ਇਸ ਤਰ੍ਹਾਂ ਕੁਝ ਆਤਮਾ ਨੂੰ ਜਾਣ
... ... ... ...
ਬੰਦ ਕਰਕੇ ਦੇਖ, ਖ਼ਿਆਲ ਦੀ ਹਰਕਤ ਨੂੰ
ਪਾ ਹਨੇਰਾ ਕੋਈ ਚਾਨਣ ਨੂੰ ਪਛਾਣ। (ਪ੍ਰੀਤਮ ਸਿੰਘ ਸਫ਼ੀਰ)

ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਵੀ ਵਧੇਰੇ ਨਿੱਜ ਮੁਖੀ ਹੋਏ ਜਾਪਦੇ ਹਨ, ਉਂਜ ਇਸ ਦੌਰ ਵਿਚ ਆਪਣੀ ਵਚਨ ਬੱਧਤਾ ਕਾਰਨ ਤਖ਼ਤ ਸਿੰਘ, ਸੰਤੋਖ ਸਿੰਘ ਧੀਰ, ਪ੍ਰਭਜੋਤ ਕੌਰ, ਅਜਾਇਬ ਚਿੱਤਰਕਾਰ, ਸੁਰਜੀਤ ਰਾਮਪੁਰੀ, ਗੁਰਚਰਨ ਰਾਮਪੁਰੀ, ਐਸ.ਐਸ.ਮੀਸ਼ਾ, ਜਗਤਾਰ ਆਦਿ ਨੂੰ ਅੰਮ੍ਰਿਤਾ-ਮੋਹਨ ਸਿੰਘ ਪਰੰਪਰਾ ਦੇ ਕਵੀ ਕਿਹਾ ਜਾ ਸਕਦਾ ਹੈ।

ਡਾ.ਹਰਿਭਜਨ ਸਿੰਘ, ਡਾ.ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ ਆਦਿ ਕਵੀ ਅੰਮ੍ਰਿਤਾ-ਮੋਹਨ ਸਿੰਘ ਪਰੰਪਰਾ ਨੂੰ ਛੱਡ ਕੇ ਆਪਣੀ ਵੱਖਰੀ ਪਹਿਚਾਣ ਦੇ ਆਹਰ ਵਿਚ ਜਾਪਦੇ ਹਨ। ਭਾਵੇਂ ਹਰਿਭਜਨ ਸਿੰਘ ਦੇ ਪਹਿਲੇ ਕਾਵਿ ਸੰਗ੍ਰਹਿ 'ਲਾਸਾਂ' (1956) ਉਤੇ ਬਾਵਾ ਬਲਵੰਤ ਕਾਵਿ ਦਾ ਵਿਆਪਕ ਪ੍ਰਭਾਵ ਨਜ਼ਰ ਆਉਂਦਾ ਹੈ ਪਰ ਪਿੱਛੋਂ

ਉਹ ਸੁਹਜਵਾਦ ਦੇ ਨਾਂ ਹੇਠ ਜਿਸ ਤਰ੍ਹਾਂ ਦੀ ਕਾਵਿ-ਸਿਰਜਣਾ ਕਰਦਾ ਹੈ, ਉਸ ਦਾ ਭਾਵ-ਪ੍ਰਬੰਧ ਪ੍ਰਯੋਗਵਾਦੀ/ਆਧੁਨਿਕਵਾਦ ਨਾਲ ਮਿਲਦਾ ਜੁਲਦਾ ਹੈ। ਡਾ.ਜਸਵੰਤ ਸਿੰਘ ਨੇਕੀ ਦੀ ਕਵਿਤਾ ਵਿਚਲਾ ਮਨੋਵਿਗਿਆਨਕ ਪੱਖ ਅਤੇ ਬੌਧਿਕ ਅੰਸ਼ ਪੰਜਾਬੀ ਕਵਿਤਾ ਦੀ ਪ੍ਰਕਿਰਤੀ ਵਿਚ ਨਵੇਂ ਪ੍ਰਤੀਮਾਨ ਸਿਰਜਦਾ ਹੈ। ਸ਼ਿਵ ਕੁਮਾਰ ਦੀ ਰੁਦਨਮਈ ਕਾਵਿ ਅਭੀਵਿਅਕਤੀ ਜਿਸ ਦਾ ਆਰੰਭ 1960 ਤੋਂ ਪਹਿਲਾਂ ਹੀ ਹੋ ਚੁੱਕਾ ਸੀ, ਆਪਣੀ ਪ੍ਰਭਾਵਸ਼ਾਲੀ ਪੇਂਡੂ ਬਿੰਬਾਵਲੀ ਕਾਰਨ ਵੱਖਰਾ ਸਿਰ ਕੱਢਦੀ ਪ੍ਰਤੀਤ ਹੁੰਦੀ ਹੈ। ਸ਼ਿਵ ਕੁਮਾਰ ਦੀ ਕਵਿਤਾ ਵਿਚੋਂ ਇਕ ਨਮੂਨਾ ਵੇਖੋ :

ਭੱਠੀ ਵਾਲੀਏ,<br>
ਚੰਬੇ ਦੀ ਡਾਲੀਏ ਨੀ<br>
ਪੀੜਾਂ ਦਾ ਪਰਾਗਾ ਭੁੰਨ ਦੇ।

ਸ਼ਿਵ ਕੁਮਾਰ ਕਾਵਿ ਦੀ ਸਰੋਦੀ/ਪ੍ਰਗੀਤਮਈ ਕਾਵਿ ਅਭੀਵਿਅਕਤੀ ਆਧੁਨਿਕ ਪੰਜਾਬੀ ਕਵਿਤਾ ਨੂੰ ਇਕ ਨਵਾਂ ਸਿਖਰ ਪ੍ਰਦਾਨ ਕਰਦੀ ਹੈ। ਪਰ ਅਸਲ ਵਿਚ ਇਹਨਾਂ ਕਵੀਆਂ ਦੀ ਪਛਾਣ 1960 ਪਿੱਛੋਂ ਹੀ ਪੂਰੀ ਤਰ੍ਹਾਂ ਸਥਾਪਤ ਹੁੰਦੀ ਹੈ।

**ਤੀਜੇ ਦੌਰ ਦੀ ਕਵਿਤਾ : 1960 ਤੋਂ 1990**

1960 ਤੋਂ 1990 ਤਕ ਜਿੱਥੇ ਪ੍ਰੋ.ਮੋਹਨ ਸਿੰਘ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਸੁਰਜੀਤ ਰਾਮਪੁਰੀ, ਅਜਾਇਬ ਚਿੱਤਰਕਾਰ, ਹਰਭਜਨ ਸਿੰਘ ਹੁੰਦਲ, ਤਾਰਾ ਸਿੰਘ ਕਾਮਿਲ, ਗੁਰਚਰਨ ਰਾਮਪੁਰੀ, ਨਿਰੰਜਨ ਸਿੰਘ ਨੂਰ, ਪ੍ਰੀਤਮ ਸਿੰਘ ਰਾਹੀ, ਬਿਸਮਿਲ ਫ਼ਰੀਦਕੋਟੀ ਆਦਿ ਕਵੀ ਪ੍ਰਗਤੀਵਾਦੀ ਕਵਿਤਾ ਦੇ ਮਾਡਲ ਨੂੰ ਹੀ ਅਪਣਾਈ ਰੱਖਦੇ ਹਨ, ਉਥੇ ਅੰਮ੍ਰਿਤਾ ਪ੍ਰੀਤਮ, ਡਾ.ਹਰਿਭਜਨ ਸਿੰਘ, ਡਾ.ਜਗਤਾਰ, ਰਵਿੰਦਰ ਰਵੀ ਆਦਿ ਕਵੀ ਪ੍ਰਯੋਗਵਾਦ ਦਾ ਪ੍ਰਭਾਵ ਕਬੂਲਦੇ ਹੋਏ ਨਵੀਂ ਚੇਤਨਾ ਦੀ ਕਵਿਤਾ ਵੱਲ ਉਲਰਦੇ ਹਨ।

ਕਰਤਾਰ ਸਿੰਘ ਬਲੱਗਣ, ਦੀਪਕ ਜੈਤੋਈ, ਮੁਸ਼ਤਾਕ ਸਿੰਘ, ਰਾਮ ਨਾਰਾਇਣ ਸਿੰਘ ਦਰਦੀ, ਬਰਕਤ ਰਾਮ ਯੁਮਨ, ਈਸ਼ਰ ਸਿੰਘ ਭਾਈਆ ਆਦਿ ਕਵੀ ਸਟੇਜੀ ਕਾਵਿ ਦੇ ਦਾਇਰੇ ਤੋਂ ਬਾਹਰ ਨਹੀਂ ਨਿੱਕਲਦੇ। 1960 ਤੋਂ 1990 ਤਕ ਦੀ ਕਵਿਤਾ ਵਿਚ ਰੂਪਕ ਪੱਖੋਂ ਇਕ ਵੱਡੀ ਤਬਦੀਲੀ ਦ੍ਰਿਸ਼ਟੀਗੋਚਰ ਇਹ ਹੁੰਦੀ ਹੈ ਕਿ ਹੌਲੀ ਹੌਲੀ ਗੀਤ ਦੀ ਥਾਂ ਗ਼ਜ਼ਲ ਲੈਂਦੀ ਜਾ ਰਹੀ ਹੈ। ਡਾ.ਸਾਧੂ ਸਿੰਘ ਹਮਦਰਦ ਪੰਜਾਬੀ ਵਿਚ ਗ਼ਜ਼ਲ ਰਚਨਾ ਦੀ ਇਕ ਲਹਿਰ ਉਸਾਰਨ ਲਈ ਆਪਣੇ ਦੈਨਿਕ ਪੱਤਰ 'ਅਜੀਤ' ਨੂੰ ਗ਼ਜ਼ਲ ਪ੍ਰਤੀ ਸਮਰਪਤ ਕਰ ਦਿੰਦਾ ਹੈ। ਹਮਦਰਦ ਦੇ ਯਤਨਾਂ ਕਾਰਨ ਵੀ ਅਤੇ ਲੋਕਾਂ ਦੇ ਛੰਦ-ਬੱਧ ਕਵਿਤਾ ਦੇ ਝੁਕਾ ਕਾਰਨ ਵੀ ਗ਼ਜ਼ਲ ਹੀ 80ਵਿਆਂ (1980-90) ਪੰਜਾਬੀ ਕਵਿਤਾ ਦੀ ਮੁੱਖ ਸਿਨਫ਼ ਬਣ ਜਾਂਦੀ ਹੈ। 60ਵੇਂ ਦਹਾਕੇ ਦੇ ਮੁੱਢ ਵਿੱਚ ਪ੍ਰਿੰ.ਤਖ਼ਤ ਸਿੰਘ, ਠਾਕੁਰ ਭਾਰਤੀ, ਚਾਨਣ ਗੋਬਿੰਦਪੁਰੀ, ਮੁਜਰਮ ਦਸੂਹੀ, ਬਿਸ਼ਨ ਸਿੰਘ ਉਪਾਸਕ, ਬਰਕਤ ਰਾਮ ਯੁਮਨ, ਪ੍ਰੋ.ਮੋਹਨ ਸਿੰਘ, ਬਾਵਾ ਬਲਵੰਤ, ਅਜਾਇਬ ਚਿੱਤਰਕਾਰ, ਅਜਾਇਬ ਹੁੰਦਲ, ਸ਼ਿਵ ਕੁਮਾਰ ਆਦਿ ਕਵੀ ਪੰਜਾਬੀ ਗ਼ਜ਼ਲ ਦਾ ਮੂੰਹ-ਮੁਹਾਂਦਰਾ ਸੰਵਾਨ ਵਿਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।

ਇਹਨਾਂ 30 ਸਾਲਾਂ ਵਿਚ ਤਿੰਨ ਸਾਹਿਤਕ ਲਹਿਰਾਂ ਦੇ ਪ੍ਰਭਾਵ ਅਧੀਨ ਜੋ ਕਵਿ ਅਭੀਵਿਅਕਤੀ ਹੁੰਦੀ ਹੈ, ਉਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

**1. ਪ੍ਰਯੋਗਵਾਦ/ਆਧੁਨਿਕਵਾਦ**

ਪ੍ਰਯੋਗਵਾਦੀ ਕਾਵਿਧਾਰਾ (1960-64) ਦੇ ਆਰੰਭ ਦੀ ਗੱਲ ਪ੍ਰਗਤੀਵਾਦੀ ਕਾਵਿਧਾਰਾ ਵਿਚ ਹੋਰ ਕੁਝ ਨਵਾਂ ਨਾ ਲਿਖੇ ਜਾਣ ਦੇ ਕਾਰਨ ਵਜੋਂ ਹੋਂਦ ਗ੍ਰਹਿਣ ਕਰਦੀ ਹੈ। ਪ੍ਰਯੋਗਵਾਦ ਦੇ ਆਰੰਭ ਬਾਰੇ ਪ੍ਰਯੋਗਵਾਦੀਆਂ ਦਾ ਮੱਤ ਸੀ ਕਿ ਪ੍ਰਗਤੀਵਾਦੀ ਕਵਿਤਾ ਵੇਲਾ ਵਿਹਾ ਚੁੱਕੀ ਹੈ। ਇਸ ਤਰ੍ਹਾਂ ਦੀ ਕਵਿਤਾ ਵਿਚ ਕੁਝ ਵੀ ਹੋਰ ਨਵਾਂ ਨਹੀਂ ਲਿਖਿਆ ਜਾ ਸਕਦਾ। ਪ੍ਰਗਤੀਵਾਦੀ ਕਵਿਤਾ ਆਪਣੇ ਸ਼੍ਰੇਣਿਕ ਚਰਿੱਤਰ ਕਾਰਨ ਮਨੁੱਖ ਦੇ ਨਿੱਜੀ ਹਾਵਾਂ-ਭਾਵਾਂ ਦੀ ਗੱਲ ਨਹੀਂ ਕਰਦੀ। ਇਹ ਕਵਿਤਾ ਕਲਾ-ਸੁਹਜ ਨੂੰ ਵੀ ਅਣਗੌਲਿਆ ਕਰਦੀ ਹੈ। ਇਹ ਕਵਿਤਾ ਬਹੁਤ ਸ਼ੋਰੀਲੀ (ਲਾਊਡ) ਹੈ। ਇਸ ਵਿਚ ਨਾਹਰੇਬਾਜ਼ੀ ਦਾ ਸੁਰ ਇੰਨਾ ਬਲਵਾਨ ਹੈ ਕਿ ਇਸ ਵਿਚੋਂ ਕਲਾ ਬਿਲਕੁਲ ਖਾਰਜ ਹੋ ਜਾਂਦੀ ਹੈ। ਪ੍ਰਯੋਗਵਾਦੀਆਂ ਅਨੁਸਾਰ ਪ੍ਰਗਤੀਵਾਦੀ ਕਾਵਿਧਾਰਾ ਦੀਆਂ ਇਹਨਾਂ ਕਮਜ਼ੋਰੀਆਂ ਕਾਰਨ ਹੀ ਪੰਜਾਬੀ ਕਵਿਤਾ ਵਿਚ ਕਿਸੇ ਅਜਿਹੀ ਸਾਹਿਤਕ ਲਹਿਰ ਦੀ ਲੋੜ ਪਈ ਹੈ ਜੋ ਕਾਵਿ-ਕਲਾ ਦੇ ਨਵੇਂ ਨਵੇਂ ਪ੍ਰਯੋਗਾਂ ਰਾਹੀਂ ਮਨੁੱਖ ਦੀਆਂ ਨਿੱਜੀ ਭਾਵਨਾਵਾਂ ਨੂੰ ਵੀ ਜ਼ੁਬਾਨ ਦੇ ਸਕੇ। ਪੰਜਾਬੀ ਕਵਿਤਾ ਵਿਚ ਇਸ ਧਾਰਨਾ ਦਾ ਪ੍ਰਵੇਸ਼ ਹੀ ਪਹਿਲਾਂ ਪ੍ਰਯੋਗਵਾਦ ਅਤੇ ਪਿੱਛੋਂ ਪ੍ਰਯੋਗਸ਼ੀਲਤਾ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਡਾ.ਜਸਬੀਰ ਸਿੰਘ ਆਹਲੂਵਾਲੀਆ ਨੂੰ ਪ੍ਰਯੋਗਵਾਦ ਦਾ ਮੋਢੀ ਮੰਨਿਆ ਜਾਂਦਾ ਹੈ। ਪ੍ਰੀਤਮ ਸਿੰਘ ਵੀ ਇਸ ਧਾਰਾ ਦੇ ਸਮਰਥਕ ਰਹੇ ਹਨ। ਅਜਾਇਬ ਕਮਲ, ਰਵਿੰਦਰ ਰਵੀ (ਕਨੇਡਾ) ਵੀ ਇਸ ਧਾਰਾ ਦੇ ਮੋਢੀ ਮੰਨੇ ਜਾਂਦੇ ਹਨ। ਹਿੰਦੀ ਦੇ ਪ੍ਰਸਿੱਧ ਪ੍ਰਯੋਗਵਾਦੀ ਕਵੀ ਗਿਰਜਾ ਸ਼ੰਕਰ ਮਾਥੁਰ ਨੇ 30 ਦਸੰਬਰ 1962 ਨੂੰ ਜਲੰਧਰ ਵਿਖੇ ਪੰਜਾਬੀ ਲੇਖਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਯੋਗਵਾਦ ਦੇ ਸਿਧਾਂਤਾਂ/ਲੱਛਣਾਂ ’ਤੇ ਹੇਠ ਲਿਖੇ ਅਨੁਸਾਰ ਚਾਨਣਾ ਪਾਇਆ :

1. ਕਿਸੇ ਵਾਦ ਵਿਵਾਦ ਵਿਚ ਨਾ ਬੱਝਣਾ
2. ਵਿਅਕਤੀ ਦੀ ਛੋਟੀ ਤੋਂ ਛੋਟੀ ਕ੍ਰਿਆ ਦੀ ਅਭੀਵਿਅਕਤੀ
3. ਸਮੁੱਚੇ ਅਨਿਆਏ ਦਾ ਵਿਰੋਧ
4. ਆਤਮਹੀਣ ਕਰਨ ਵਾਲੀਆਂ ਪ੍ਰਸਥਿਤੀਆਂ ਦੀ ਵਿਰੋਧਤਾ
5. ਹਰੇਕ ਕਿਸਮ ਦੇ ਪਾਖੰਡ ਫਰੇਬ ਦੀ ਵਿਰੋਧਤਾ
6. ਗਿਆਨ ਨੂੰ ਵਿਗਿਆਨ ਦੇ ਰੂਪ ਵਿਚ ਗ੍ਰਹਿਣ ਕਰਨਾ ਨਾ ਕਿ ਸ਼ਾਸਤਰ ਦੇ ਰੂਪ ਵਿਚ।

ਪੰਜਾਬੀ ਦੇ ਪ੍ਰਯੋਗਵਾਦੀ ਕਵੀ ਇਸ ਪ੍ਰਭਾਵ ਅਧੀਨ ਜਿਸ ਤਰ੍ਹਾਂ ਦੀ ਕਵਿਤਾ ਲਿਖਦੇ ਹਨ, ਉਸ ਵਿਚ ਲਘੂ ਵਿਸ਼ਾਦ ਗ੍ਰਸਤ ਮਨੁੱਖ ਦੀ ਨਿਰਾਸ਼ਾ, ਭਟਕਣ, ਬੇਬਸੀ ਤੇ ਅਤ੍ਰਿਪਤੀ ਨੂੰ ਛੰਦ-ਮੁਕਤ/ਲੈਅ-ਮੁਕਤ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਇਹਨਾਂ ਵਿਚ ਕਲਾਹੀਣਤਾ ਤੇ ਸਾਹਿਤਕ ਕਚਿਆਈ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ। ਲਘੂ ਮਨੁੱਖ ਦੇ ਇਸ ਵਿਸ਼ਾਦ, ਬੇਬਸੀ ਤੇ ਦੁਚਿੱਤੀ ਦਾ ਇਕ ਨਮੂਨਾ ਵੇਖੋ :

ਕਈ ਭਰਮ ਭੁਲੇਖੇ ਪ੍ਰਛਾਵੇਂ

ਰਾਹ ਚਲਦਿਆਂ ਚਲਦਿਆਂ ਨਾਲ ਚੱਲੇ
ਮੇਰੇ ਚਾਰ ਚੁਫੇਰੇ ਪਸਰ ਗਏ
ਹਰ ਮੋੜ ’ਤੇ ਇਹਨਾਂ ਰਾਹ ਮੱਲੇ
... ... ... ...
ਉਹਨਾਂ ਰਾਹਾਂ ’ਤੇ ਅਕਸਰ ਬੈਠਾ ਰਿਹਾ
ਜਿਨ੍ਹਾਂ ਰਾਹਾਂ ਦੀ ਕੋਈ ਖ਼ਬਰ ਨਹੀਂ
ਮੇਰੀ ਬੇਹੋਸ਼ੀ ਨੇ ਕਈ ਰੰਗ ਬਦਲੇ
ਤਾਹੀਓਂ ਤਾਂ ਬੁੱਲ੍ਹਾਂ ’ਤੇ ਉਜਰ ਨਹੀਂ (ਡਾ.ਜਸਬੀਰ ਸਿੰਘ ਆਹਲੂਵਾਲੀਆ)

ਕਦੇ-ਕਦਾਈਂ ਸਾਡੀ ਸ਼ਕਤੀ
ਰੇਤੇ ਦੇ ਵਿੱਚ
ਮੋਟਰ ਦੇ ਇੰਜਣ ਦੀ ਤਰ੍ਹਾਂ
ਤ੍ਰਾਣ ਲਗਾ ਕੇ ਪਹੀਆਂ ਉਤੇ ਘੁੰਮ ਜਾਂਦੀ ਹੈ। (ਰਵਿੰਦਰ ਰਵੀ)

ਹਰ ਪਲ ਆਪਣਾ ਏਦਾਂ ਬੀਤੇ
ਕੱਚਾ ਜਿਵੇਂ ਸੰਖੀਆ ਖਾਣਾ
ਜੀਕਣ ਘੋਟ ਧਤੂਰਾ ਪੀਣਾ
ਆਪਣਾ ਆਪਾ
ਇੱਕ ਛਿਣ ਅੰਦਰ ਭੇਸ ਬਦਲ ਕੇ
ਬਣ ਕੇ ਭੂਤ, ਚੁੜੇਲ ਡਰਾਵੇ।
ਨਿੰਮੋਝੂਣਾ, ਡਿਗਦਾ, ਢਹਿੰਦਾ,
ਚੱਕਰ ਖਾਂਦਾ ਬੇਬਸ ਹੋਇਆ।
ਇੱਕ ਬੁੱਢੇ ਪਿੱਪਲ ਦੇ ਗਲ ਨੂੰ
ਜਾਂਦਾ ਮੈਂ ਬਾਹਾਂ ਪਾ ਬਹਿੰਦਾ। (ਅਜਾਇਬ ਕਮਲ)

1965 ਤੋਂ 1970 ਵਿਚਕਾਰ ਚੱਲੀ ਜੁਝਾਰ ਵਿਦਰੋਹੀ ਕਾਵਿਧਾਰਾ ਨੇ ਪ੍ਰਯੋਗਸ਼ੀਲ ਕਵਿਤਾ ਦੇ ਪ੍ਰਭਾਵ ਨੂੰ ਕਾਫ਼ੀ ਮੱਠਾ ਕਰ ਦਿੱਤਾ ਸੀ ਪਰ ਪਿੱਛੋਂ 70ਵਿਆਂ (1970-80) ਦੇ ਦਹਾਕੇ ਵਿਚ ਇਹ ਕਾਵਿਧਾਰਾ ਆਧੁਨਿਕਤਾਵਾਦ ਜਾਂ ਨਵੀਂ ਚੇਤਨਾ ਦੀ ਕਵਿਤਾ ਦੇ ਸਿਰਲੇਖ ਅਧੀਨ ਪੰਜਾਬੀ ਆਲੋਚਕਾਂ ਲਈ ਖਿੱਚ ਦਾ ਕਾਰਨ ਬਣੀ ਰਹੀ। ਰਵੀ, ਆਹਲੂਵਾਲੀਆ, ਅਜਾਇਬ ਕਮਲ ਤੋਂ ਇਲਾਵਾ ਪੰਜਾਬੀ ਦੇ ਪ੍ਰਮੁੱਖ ਸ਼ਾਇਰਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਡਾ.ਹਰਿਭਜਨ ਸਿੰਘ, ਡਾ.ਜਸਵੰਤ ਸਿੰਘ ਨੇਕੀ, ਸਤੀ ਕੁਮਾਰ, ਹਰਨਾਮ, ਸੁਖਬੀਰ, ਡਾ.ਜਗਤਾਰ, ਅਮਿਤੋਜ਼, ਪ੍ਰਮਿੰਦਰਜੀਤ, ਐਸ.ਐਸ.ਮੀਸ਼ਾ ਆਦਿ ਆਧੁਨਿਕਵਾਦੀ ਕਵੀ ਲਘੂ-ਮਨੁੱਖ ਦੀ ਦੁਬਿਧਾ-ਗ੍ਰਸਤ

ਮਾਨਸਿਕਤਾ, ਵਿਸ਼ਾਦ ਅਤੇ ਲਿੰਗ ਅਤ੍ਰਿਪਤੀ ਨੂੰ ਨਵੇਂ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਪ੍ਰਗਟ ਕਰਨ ਦਾ ਯਤਨ ਕਰਦੇ ਹਨ। ਕੁਝ ਉਦਾਹਰਨਾ ਦੇਖੋ :

ਕਦੀ ਦਰਪਣ 'ਚ ਆਪਣੇ ਆਪ ਨੂੰ ਮਿਲਦਾ ਹਾਂ, ਤਾਂ
ਖੰਡਿਤ ਜਿਹਾ ਦੀਦਾਰ ਹੁੰਦਾ ਹੈ
ਅਬਾਜੂ ਹੱਥ, ਅਮੋੜ ਗਰਦਨ, ਅਸਿਰ ਮੱਥਾ
ਕਿਸੇ ਬੁਰਕੀ ਹੋਈ ਤਸਵੀਰ ਦੇ
ਬਾਕੀ ਬਚੇ ਹਿੱਸੇ
ਮੈਂ ਆਪਣੇ ਆਪ ਦੀ ਬਾਕੀ
ਆਪਣਾ ਸਗਲ ਦੀਦਾਰ ਮੰਗਦਾ ਹਾਂ। (ਜਸਵੰਤ ਸਿੰਘ ਨੇਕੀ)

ਦਿਨ ਚੜ੍ਹੇ ਜਦ ਭਾਲ ਹੋਵੇ
ਪਾਨ ਦੇ ਰਾਜੇ ਦੇ ਕੱਪੜੇ
ਹੁਕਮ ਦੀ ਤਿੱਕੀ ਦੇ ਬਿਸਤਰ 'ਚੋਂ ਮਿਲਣ
ਚਿੜੀ ਦੇ ਗੋਲੇ ਦੀ ਚੱਪਲ
ਇੱਟ ਦੀ ਬੇਗਮ ਦੇ.... (ਜਗਤਾਰ)

ਇਹ ਦੀਵਾਰ ਕਦੇ ਮਕਾਨ ਸੀ
ਹੁਣ ਇਸ ਤਰ੍ਹਾਂ ਦੀਆਂ ਤਿੰਨ ਦੀਵਾਰਾਂ
ਗਰਕ ਗਈਆਂ ਹਨ
.... .... ... ...
ਇਸ ਦੀਵਾਰ ਦੇ ਕੋਲ ਹੀ ਕਿਤੇ ਦਬਿਆ ਹੈ ਭਵਿੱਖ
ਮੈਂ ਕਰ ਰਿਹਾ ਹਾਂ ਉਡੀਕ, ਆਪਣੀ ਔਲਾਦ ਦੀ
ਮੈਂ ਕਰ ਰਿਹਾ ਹਾਂ ਉਡੀਕ, ਜੰਗਲੀ ਘੋੜਿਆਂ ਦੀ (ਸਤੀ ਕੁਮਾਰ)

ਇਸ ਤਰ੍ਹਾਂ ਆਧੁਨਿਕਵਾਦੀ ਕਵਿਤਾ ਵਿਚ ਲਘੂ ਮਨੁੱਖ ਦੀ ਵਿਸ਼ਾਦ-ਗ੍ਰਸਤ ਸਥਿਤੀ, ਸਹਿਮ, ਇਕਲਾਪਾ, ਲਿੰਗਕ ਭਟਕਣ, ਮਸਨੂਈ ਜ਼ਿੰਦਗੀ ਦਾ ਬਿੰਬ ਕਿਤੇ ਲੈਅ-ਤਾਲ ਯੁਕਤ ਤੇ ਵਧੇਰੇ ਕਰਕੇ ਲੈਅ-ਮੁਕਤ ਢੰਗ ਨਾਲ ਪੇਸ਼ ਹੁੰਦਾ ਹੈ। ਵਸਤੂ ਤੇ ਵਿਧੀ ਪੱਖੋਂ ਇਹ ਪ੍ਰਗਯੋਗਵਾਦੀ ਧਾਰਾ ਦੀ ਸੰਪੂਰਨਤਾ ਦੀ ਸੂਚਕ ਹੈ।

1960 ਤੋਂ 1980 ਤਕ ਦੀ ਕਵਿਤਾ ਵਿਚ ਸ਼ਿਵ ਕੁਮਾਰ, ਸੁਰਜੀਤ ਪਾਤਰ ਤੇ ਕਵਿੱਤਰੀਆਂ ਵਿਚੋਂ ਮਨਜੀਤ ਟਿਵਾਣਾ ਦਾ ਯੋਗਦਾਨ ਵਿਸ਼ੇਸ਼ ਮਹੱਤਵ ਰਖਦਾ ਹੈ। ਭਾਵੇਂ ਸ਼ਿਵ ਕੁਮਾਰ ਅਸਲ ਵਿਚ ਬਿਰਹਾ ਅਤੇ ਰੁਦਨ ਦਾ ਕਵੀ ਹੈ ਅਤੇ ਉਸ ਦੀ ਇਹ ਕਾਵਿ ਅਭੀਵਿਅਕਤੀ 'ਪੀੜਾਂ ਦਾ ਪਰਾਗਾ', 'ਲਾਜਵੰਤੀ', 'ਆਟੇ ਦੀਆਂ ਚਿੜੀਆਂ', 'ਆਰਤੀ' ਤੇ 'ਮੈਨੂੰ ਵਿਦਾ ਕਰੋ' ਕਾਵਿ ਸੰਗ੍ਰਹਿਆਂ ਵਿਚ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰ ਨਾਲ

ਹੀ ਉਹ ਪ੍ਰਯੋਗਵਾਦੀ/ਆਧੁਨਿਕਵਾਦੀ ਕਾਵਿ ਧਾਰਾਵਾਂ ਦੇ ਪ੍ਰਭਾਵ ਅਧੀਨ ਰਾਖਦਾਨੀ, ਬਨਵਾਸੀ ਅਤੇ ਬੀਹੀ ਦੀ ਬੱਤੀ ਤੇ ਮੈਂ ਤੇ ਮੈਂ ਵਰਗੀਆਂ ਕਵਿਤਾਵਾਂ ਲਿਖਦਾ ਹੈ ਅਤੇ ਜੁਝਾਰ-ਵਿਦਰੋਹੀ ਕਾਵਿ ਧਾਰਾਵਾਂ ਦੇ ਪ੍ਰਭਾਵ ਅਧੀਨ 'ਆਰਤੀ' ਜਿਹੀਆਂ ਕਵਿਤਾਵਾਂ ਦੀ ਸਿਰਜਣਾ ਕਰਦਾ ਹੈ। ਉਸ ਦੀ ਅਸਲ ਪ੍ਰਾਪਤੀ ਪੰਜਾਬੀ ਪੇਂਡੂ ਸਭਿਆਚਾਰ ਨੂੰ ਪ੍ਰਗੀਤਮਈ ਸ਼ੈਲੀ ਵਿਚ ਅਭੀਵਿਅਕਤ ਕਰਨ ਵਿਚ ਨੀਹਿਤ ਹੈ। ਸੁਰਜੀਤ ਪਾਤਰ ਦਾ 'ਹਵਾ ਵਿਚ ਲਿਖੇ ਹਰਫ਼' ਗ਼ਜ਼ਲ ਸੰਗ੍ਰਹਿ ਰਾਹੀਂ ਯਥਾਰਥ ਨੂੰ ਵਿਅਕਤੀਮੁਖੀ ਅਤੇ ਸਮਾਜਮੁਖੀ ਦੋਹਾਂ ਰੂਪਾਂ ਵਿਚ ਅਭੀਵਿਅਕਤ ਕਰਨ ਵਿਚ ਸਫਲ ਹੋਇਆ ਹੈ ਪਰ ਪਾਠਕਾਂ ਅਤੇ ਸਰੋਤਿਆਂ ਵੱਲੋਂ ਉਸ ਦੀ ਜਨਮੁਖੀ ਚੇਤਨਾ ਦੀ ਕਾਵਿ ਅਭੀਵਿਅਕਤੀ ਨੂੰ ਵਧੇਰੇ ਪ੍ਰਵਾਨਗੀ ਮਿਲੀ ਹੈ। ਇਕ ਉਦਾਹਰਨ ਵੇਖੋ :

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ,
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ,
ਮੇਰਾ ਜੀਣਾ ਮੇਰੇ ਯਾਰ ਕਿੰਞ ਸਹਿਣਗੇ।

'ਹਨੇਰੇ ਵਿਚ ਸੁਲਗਦੀ ਵਰਣਮਾਲਾ' ਕਾਵਿ-ਸੰਗ੍ਰਹਿ ਦਾ ਪ੍ਰਕਾਸ਼ਨ ਭਾਵੇਂ 1992 ਵਿਚ ਹੋਇਆ ਹੈ ਪਰ ਇਸ ਦੀਆਂ ਬਹੁਤ ਸਾਰੀਆਂ ਨਜ਼ਮਾਂ 1980 ਤੋਂ ਪਹਿਲਾਂ ਰਚੀਆਂ ਗਈਆਂ ਹਨ। ਇਹਨਾਂ ਰਚਨਾਵਾਂ ਵਿਚ ਕਵੀ ਪਾਤਰ ਆਧੁਨਿਕ ਜੀਵਨ ਦੇ ਵਿਰੋਧਾਂ ਨੂੰ ਖ਼ੂਬਸੂਰਤ ਕਾਵਿ-ਬਿੰਬ ਵਿਚ ਢਾਲਦਾ ਨਜ਼ਰ ਆਉਂਦਾ ਹੈ। ਇਸ ਸੰਗ੍ਰਹਿ ਦੀ ਨਜ਼ਮ 'ਘਰਰ-ਘਰਰ' ਹਵਾਲੇ ਵਜੋਂ ਦਿੱਤੀ ਜਾ ਸਕਦੀ ਹੈ।

ਮਨਜੀਤ ਟਿਵਾਣਾ ਪੂਰਬਲੀਆਂ ਪੰਜਾਬੀਆਂ ਕਵਿੱਤਰੀਆਂ ਵਾਂਗ ਵਧੇਰੇ ਕਰਕੇ ਇਸਤਰੀ ਚੇਤਨਾ ਨੂੰ ਹੀ ਕਾਵਿ ਅਭੀਵਿਅਕਤੀ ਪ੍ਰਦਾਨ ਕਰਦੀ ਹੈ, ਉਂਜ ਉਸ ਦੀ ਕਵਿਤਾ ਵਿਚ ਮੱਧ ਸ਼੍ਰੇਣਿਕ ਸ਼ਹਿਰੀ ਜੀਵਨ ਦੀ ਝਲਕ ਨਵੇਂ-ਅਨੂਠੇ ਬਿੰਬਾਂ ਰਾਹੀਂ ਖ਼ੂਬਸੂਰਤ ਕਾਵਿ ਅਭੀਵਿਅਕਤੀ ਗ੍ਰਹਿਣ ਕਰਦੀ ਹੈ।

1960 ਤੋਂ 1980 ਦੀ ਕਵਿਤਾ ਵਿਚ ਵਿਦਰੋਹੀ/ਜੁਝਾਰ ਕਾਵਿਧਾਰਾ ਦਾ ਸਮਾਂ 1965 ਤੋਂ 1970 ਤਕ ਕਿਹਾ ਜਾ ਸਕਦਾ ਹੈ, ਜਿਸ ਸਬੰਧੀ ਅਸੀਂ ਹੇਠ ਲਿਖੇ ਅਨੁਸਾਰ ਵਿਚਾਰ ਕਰ ਸਕਦੇ ਹਾਂ।

### 1. ਜੁਝਾਰ ਵਿਦਰੋਹੀ ਕਾਵਿਧਾਰਾ

ਜੁਝਾਰ ਕਾਵਿਧਾਰਾ 1964 ਤੋਂ 1970-72 ਵਿਚਕਾਰ ਪੰਜਾਬੀ ਕਵਿਤਾ ਦੀ ਪ੍ਰਮੁੱਖ ਤੇ ਸ਼ਕਤੀਸ਼ਾਲੀ ਸੁਰ ਬਣ ਕੇ ਨਾ ਕੇਵਲ ਪਾਠਕਾਂ ਤੇ ਸਰੋਤਿਆਂ ਦਾ ਧਿਆਨ ਹੀ ਖਿੱਚਦੀ ਹੈ, ਸਗੋਂ ਪ੍ਰਮੁੱਖ ਪੰਜਾਬੀ ਲੇਖਕਾਂ ਨੂੰ ਵੀ ਇਸ ਦੇ ਰਚਨਾਤਮਕ ਪੱਖ ਵੱਲ ਆਕਰਸ਼ਤ ਕਰਦੀ ਹੈ। ਨਕਸਲੀ ਰਾਜਨੀਤੀ ਇਸ ਕਾਵਿਧਾਰਾ ਦੀ ਪ੍ਰੇਰਕ ਸ਼ਕਤੀ ਹੈ। ਨਕਸਲੀ ਰਾਜਨੀਤੀ ਦਾ ਜਨਮ ਵਿਸ਼ਵ ਕਮਿਊਨਿਸਟ ਪਾਰਟੀਆਂ ਦੀ ਦੁਫੇੜ ਵਿਚੋਂ ਹੋਇਆ। ਇਸ ਰਾਜਨੀਤੀ ਅਨੁਸਾਰ ਲੁੱਟ-ਖਸੁੱਟ ਨੂੰ ਖ਼ਤਮ ਕਰਨ ਦੇ ਤੌਰ ਤਰੀਕੇ ਹਥਿਆਰਬੰਦ ਘੋਲਾਂ ਦੇ ਰੂਪ ਵਿਚ ਅਪਣਾਉਣ ਦੀ ਲੋੜ ਹੈ। ਬੁਰਜੁਆ ਲੋਕਤੰਤਰ ਅਥਵਾ ਵੋਟ ਦੀ ਰਾਜਨੀਤੀ ਦਾ ਨਕਸਲੀ ਲਹਿਰ ਮੁਕੰਮਲ ਤੌਰ 'ਤੇ ਵਿਰੋਧ ਕਰਦੀ ਸੀ, ਸੋ ਇਸ ਨਕਸਲੀ ਰਾਜਨੀਤੀ ਦੇ ਪ੍ਰਭਾਵ ਅਧੀਨ ਪੰਜਾਬ ਵਿਚ ਜਿਹੜਾ ਸਾਹਿਤ ਰਚਿਆ ਗਿਆ, ਉਸ ਨੂੰ ਜੁਝਾਰ ਵਿਦਰੋਹੀ ਸਾਹਿਤ ਦਾ ਨਾਉਂ ਦਿੱਤਾ ਗਿਆ। ਇਸ ਰਾਜਨੀਤਕ ਲਹਿਰ ਦੇ ਪ੍ਰਭਾਵ ਅਧੀਨ ਵਧੇਰੇ ਕਵਿਤਾ ਹੀ ਲਿਖੀ

ਗਈ, ਕਿਉਂਕਿ ਕਵਿਤਾ ਅਕਸਰ ਸਮਕਾਲੀਨ ਮਸਲਿਆਂ ਨੂੰ ਹੋਰਾਂ ਸਾਹਿਤਕ ਰੂਪਾਂ ਨਾਲੋਂ ਪਹਿਲਾਂ ਆਪਣੀ ਪਕੜ ਵਿਚ ਲੈਂਦੀ ਹੈ। ਜੁਝਾਰ ਕਾਵਿਧਾਰਾ ਨੂੰ ਕਈ ਹੋਰ ਸਿਰਲੇਖਾਂ ਅਧੀਨ ਵੀ ਵਿਚਾਰਿਆ ਗਿਆ ਹੈ। ਡਾ.ਰਵਿੰਦਰ ਸਿੰਘ ਰਵੀ ਨੇ ਇਸ ਕਾਵਿਧਾਰਾ ਨੂੰ ਜੁਝਾਰ/ਇਤਿਹਾਸਕ ਚੇਤਨਾ ਮੁਖੀ ਕਿਹਾ ਹੈ। ਕੁਝ ਵਿਦਵਾਨ ਇਸ ਨੂੰ ਨਕਸਲੀ ਕਾਵਿਧਾਰਾ ਵੀ ਕਹਿ ਦਿੰਦੇ ਹਨ।

ਪਾਸ਼ (ਲੋਹ ਕਥਾ), ਸੰਤ ਰਾਮ ਉਦਾਸੀ (ਲਹੂ ਭਿੱਜੇ ਬੋਲ), ਦਰਸ਼ਨ ਖਟਕੜ, ਅਮਰਜੀਤ ਚੰਦਨ, ਹਰਭਜਨ ਹਲਵਾਰਵੀ, ਸੰਤ ਸੰਧੂ, ਗੁਰਦੀਪ ਗਰੇਵਾਲ, ਮਹਿੰਦਰਪਾਲ ਭੱਠਲ, ਲੋਕ ਨਾਥ, ਲਾਲ ਸਿੰਘ ਦਿਲ, ਜੁਝਾਰ ਸਿੰਘ ਆਦਿ ਕਵੀ ਇਸ ਲਹਿਰ ਦੀ ਹੀ ਦੇਣ ਹਨ। ਡਾ.ਜਗਤਾਰ ਤੇ ਸੁਖਬੀਰ ਜੋ ਆਧੁਨਿਕਵਾਦੀ ਕਾਵਿਧਾਰਾ ਵਿਚ ਪੇਸ਼ ਪੇਸ਼ ਰਹੇ ਹਨ, ਇਸ ਕਾਵਿਧਾਰਾ ਵਿਚ ਵੀ ਆਪਣੀ ਵਿਸ਼ੇਸ਼ ਪਹਿਚਾਣ ਬਣਾਉਣ ਵਿਚ ਸਫਲ ਰਹੇ। ਪ੍ਰਗਤੀਵਾਦੀ ਦ੍ਰਿਸ਼ਟੀ ਦੇ ਕੁਝ ਕਵੀਆਂ ਉਤੇ ਵੀ ਇਸ ਕਾਵਿਧਾਰਾ ਦਾ ਪ੍ਰੋਖ ਪ੍ਰਭਾਵ ਨਜ਼ਰ ਆਉਂਦਾ ਹੈ। ਜੁਝਾਰ ਵਿਦਰੋਹੀ ਕਾਵਿਧਾਰਾ ਦਾ ਪ੍ਰੋਖ ਪ੍ਰਭਾਵ ਕਬੂਲਣ ਵਾਲਿਆਂ ਵਿਚ ਜੋਗਾ ਸਿੰਘ, ਕਰਤਾਰ ਕੈਂਥ, ਰਵਿੰਦਰ ਭੱਠਲ, ਫਤਹਿਜੀਤ, ਹਰਭਜਨ ਹੁੰਦਲ ਆਦਿ ਦੇ ਨਾਂ ਵਰਣਨਯੋਗ ਹਨ। ਸੰਤ ਰਾਮ ਉਦਾਸੀ, ਜੈਮਲ ਪੱਡਾ ਅਤੇ ਕੁਝ ਹੋਰ ਘੱਟ ਜਾਣੇ-ਪਛਾਣੇ ਕਵੀਆਂ ਨੂੰ ਛੱਡ ਕੇ ਇਸ ਧਾਰਾ ਦੇ ਬਹੁਤੇ ਕਵੀਆਂ ਨੇ ਛੰਦ-ਮੁਕਤ ਰਚਨਾਵਾਂ ਦੀ ਰਚਨਾ ਕੀਤੀ ਹੈ। ਇਹਨਾਂ ਵਿਚ ਬਹੁਤੇ ਕਵੀਆਂ ਦੀਆਂ ਨਜ਼ਮਾਂ ਕਲਾ ਪੱਖੋਂ ਵੀ ਊਣੀਆਂ ਹਨ।

ਬੁਰਜੁਆ ਲੋਕਤੰਤਰ ਪ੍ਰਤੀ ਬੇਪਨਾਹ ਘ੍ਰਿਣਾ, ਦਹਿਸ਼ਤ/ਹਿੰਸਾ, ਨਾਇਕ ਬਣਨ ਦੀ ਨਿੱਜਵਾਦੀ ਚੇਸ਼ਠਾ, ਸਮਾਜਵਾਦ ਦੀ ਸਥਾਪਨਾ ਲਈ ਇਨਕਲਾਬੀ ਸ਼ਕਤੀਆਂ ਦਾ ਸਮਰਥਨ ਆਦਿ ਇਸ ਕਾਵਿਧਾਰਾ ਦੀਆਂ ਪ੍ਰਮੁੱਖ ਥੀਮਿਕ ਇਕਾਈਆਂ ਹਨ, ਜਿੰਨ੍ਹਾਂ ਦੇ ਨਮੂਨੇ ਹੇਠਾਂ ਦੇ ਰਹੇ ਹਾਂ :

ਅਸਭਯ ਤੇ ਜਾਂਗਲੀ ਲੋਕਾਂ ਨੇ
ਸ਼ੀਸ਼ੇ ਦਾ ਮਰਤਮਾਨ ਤੋੜ ਦਿੱਤਾ ਹੈ
ਚੋਣਾਂ ਦੀ ਮਰੀ ਮਛਲੀ 'ਚੋਂ ਬਦਬੂ ਆਉਂਦੀ ਹੈ (ਲੋਕ ਨਾਥ)

ਜੰਗਲਾਂ 'ਚੋਂ ਚਲਾ ਦਿਆਂਗੇ ਐਟਮ ਬੰਬ
ਸਾੜ ਦਿਆਂਗੇ ਧਰਮ ਪੋਥੀਆਂ ਅਸੀਂ ਗੰਦੇ ਅੰਡਿਆਂ ਤਕ ਪੀ ਜਾਵਾਂਗੇ
ਤੇ ਹਰ ਸਵਾਲ ਦਾ ਜੁਆਬ ਲੱਭਾਂਗੇ ਤੋਪਾਂ ਦੀ ਅੱਗ ਚ। (ਲੋਕ ਨਾਥ)

ਅਸੀਂ ਤਾਂ ਜੰਮਣਾ ਨਹੀਂ ਸੀ
ਅਸੀਂ ਲੜਨਾ ਨਹੀਂ ਸੀ
ਅਸੀਂ ਤਾਂ ਬਹਿ ਕੇ ਹੇਮਕੁੰਟ ਦੇ ਉਤੇ
ਭਗਤੀ ਕਰਨੀ ਸੀ.......
ਪਰ ਇਤਿਹਾਸਕ ਵਿਵੇਕ ਦੀ ਮਜਬੂਰੀ ਹੀ ਐਸੀ ਕਿ....
...ਮੈਂ ਕਹਿ ਉਠਿਆ ਚੱਲ ਬਈ ਸੰਤ ਸੰਧੂ

ਹੇਠਾਂ ਧਰਤੀ ’ਤੇ ਚੱਲੀਏ
ਪਾਪਾਂ ਦਾ ਭਾਰ ਵਧਦਾ ਜਾਂਦਾ ਹੈ
ਤੇ ਅਸੀਂ ਹੁਣ ਆਏ ਹਾਂ
ਇਹ ਲਓ ਸਾਡਾ ਜ਼ਫ਼ਰਨਾਮਾ
ਸਾਨੂੰ ਸਾਡੇ ਹਿੱਸੇ ਦੀ ਕਟਾਰ ਦੇ ਦੇਵੋ
ਅਸਾਡਾ ਪੇਟ ਹਾਜ਼ਰ ਹੈ.... (ਪਾਸ਼)

ਉਹ ਆ ਰਿਹਾ ਹੈ, ਉਹ ਆਵੇਗਾ, ਉਸ ਦੇ ਹੱਥ ਵਿੱਚ ਬੰਦੂਕ ਹੋਵੇਗੀ
ਜਿਸ ਨੂੰ ਉਹ ਮਧੁਰ ਰਾਗਣੀਆਂ ਦਾ ਸਾਜ਼ ਕਹਿੰਦਾ ਹੈ
ਜਲਾਵਤਨ ਬੋਲਾਂ ਨੂੰ ਉਹਨਾਂ ਦਾ ਵਤਨ ਮਿਲੇਗਾ
ਇਕ ਨਹੀਂ, ਦੋ ਨਹੀਂ, ਕਿੰਨੇ ਵੀਅਤਨਾਮਾਂ ਵਿਚ
ਉਹ ਆਵੇਗਾ
ਭਵਿੱਖ ਸਾਡੇ ਕਦਮਾਂ ’ਚ ਹੋਵੇਗਾ। (ਅਮਰਜੀਤ ਚੰਦਨ)

ਜੁਝਾਰ ਵਿਦਰੋਹੀ ਕਾਵਿਧਾਰਾ ਨਕਸਲੀ ਲਹਿਰ ਦੇ ਮੱਠਾ ਪੈ ਜਾਣ ਨਾਲ ਹੀ ਆਪਣਾ ਰਚਨਾਤਮਕ ਅਮਲ ਗੁਆ ਬੈਠੀ, ਜਿਸ ਦੇ ਸਿੱਟੇ ਵਜੋਂ ਇਕ ਵਾਰ ਫੇਰ ਪ੍ਰਯੋਗਸ਼ੀਲ ਲਹਿਰ ਵਿਅਕਤੀਮੁਖੀ ਕਾਵਿ ਅਭੀਵਿਅਕਤੀ ਵੱਲ ਰੁਚਿਤ ਹੋਈ ਅਤੇ ਆਧੁਨਿਕਵਾਦੀ ਕਵਿਤਾ ਜਾਂ ਨਵੀਂ ਕਵਿਤਾ ਦੇ ਨਾਂ ਨਾਲ ਪ੍ਰਸਿੱਧ ਹੋਈ।

9ਵੇਂ ਦਹਾਕੇ (1981-90) ਵਿਚ ਰਚੀ ਗਈ ਪੰਜਾਬੀ ਕਵਿਤਾ ਦਾ ਮੁੱਖ ਸਰੋਕਾਰ ਪੰਜਾਬ ਸੰਤਾਪ ਹੈ। ਡਾ.ਸਤਿੰਦਰ ਸਿੰਘ ਨੂਰ ਨੇ ਇਸ ਕਾਲ ਦੀ ਪੰਜਾਬੀ ਕਵਿਤਾ ਦਾ ਵਿਸ਼ਲੇਸ਼ਣ ਕਰਦੇ ਹੋਏ ਲਗਭਗ ਵੀਹ ਅਜਿਹੀ ਮੌਲਿਕ ਜਾਂ ਸੰਪਾਦਿਤ ਪੁਸਤਕਾਂ ਦੀ ਸੂਚੀ ਦਿੱਤੀ ਹੈ ਜਿਹੜੀਆਂ ਪੂਰੀਆਂ ਦੀਆਂ ਪੂਰੀਆਂ ਪੰਜਾਬ ਦੇ ਸੰਤਾਪ ਨੂੰ ਮੁਖ਼ਾਤਬ ਹਨ। ਇਹਨਾਂ ਪੁਸਤਕਾਂ ਦੇ ਕਰਤਿਆਂ ਤੇ ਸੰਪਾਦਕਾਂ ਵਿਚ ਹਰਿੰਦਰ ਸਿੰਘ ਮਹਿਬੂਬ (ਸ਼ਹੀਦ ਦੀ ਅਰਦਾਸ), ਹਰਭਜਨ ਸਿੰਘ ਹੁੰਦਲ (ਅੱਗ ਦਾ ਬੂਟਾ), ਪ੍ਰੀਤਮ ਸਿੰਘ ਰਾਹੀ (ਸੰਪਾ. ਪੰਜਾਬ ਬੋਲਦਾ ਹੈ), ਪ੍ਰਮਿੰਦਰਜੀਤ (ਸੰਪਾ. ਕਵਿਤਾ ਪੰਜਾਬ), ਗੁਰਸ਼ਰਨ ਸਿੰਘ (ਸੰਪਾ. ਪਹੁੰਚੇ ਤਾਂ ਕਿਸ ਮੁਕਾਮ ’ਤੇ), ਰਾਜਬੀਰ (ਧੁਖ਼ਦਾ ਸ਼ਹਿਰ), ਮੇਜਰ ਪਿਆਰਾ ਸਿੰਘ (ਸੱਚ ਦੀ ਬਾਣੀ), ਬਲਵੀਰ ਆਤਿਸ਼ (ਪਾਗਲ ਘੋੜਿਆਂ ਦੇ ਸੁੰਮਾਂ ਹੇਠ), ਧਰਮ ਕੰਮੇਆਣਾ (ਸਮਕਾਲ), ਬਚਨਜੀਤ (ਸੰਪਾ. ਸਿਰਨਾਵਾਂ ਪੰਜ-ਆਬ), ਅਨੂਪ ਵਿਰਕ (ਪਿੱਪਲ ਦੇ ਪੱਤਿਆ ਵੇ), ਗੁਰਭਜਨ ਗਿੱਲ (ਹਰ ਧੁਖਦਾ ਪਿੰਡ ਮੇਰਾ ਹੈ), ਅਜਾਇਬ ਹੁੰਦਲ (ਗੱਲ ਜਦੋਂ ਤੁਰੀ), ਡਾ.ਐੱਸ.ਤਰਸੇਮ (ਸੂਹੀ ਮਹਿਕ ਸਿਆਹ ਮੌਸਮ) ਅਤੇ ਸਵਰਨਜੀਤ ਸਵੀ (ਦਰਦ ਪਿਆਦੇ ਹੋਣ ਦਾ) ਦਾ ਨਾਮ ਵਿਸ਼ੇਸ਼ ਤੌਰ ’ਤੇ ਲਿਆ ਜਾ ਸਕਦਾ ਹੈ। ਇਹਨਾਂ ਤੋਂ ਇਲਾਵਾ ਡਾ.ਹਰਿਭਜਨ ਸਿੰਘ, ਤਾਰਾ ਸਿੰਘ, ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਰਵਿੰਦਰ ਸਿੰਘ ਰਵੀ, ਇਕਬਾਲ ਰਾਮੂਵਾਲੀਆ, ਮਨਜੀਤ ਇੰਦਰਾ, ਹਰਭਜਨ ਸਿੰਘ ਹਲਵਾਰਵੀ, ਜੋਗਾ ਸਿੰਘ ਅਤੇ ਲੋਕ ਨਾਥ ਵਰਗੇ ਕਵੀਆਂ ਦੀਆਂ ਰਚਨਾਵਾਂ ਵਿਚੋਂ ਵੀ ਪੰਜਾਬ ਸੰਤਾਪ ਦੀ ਭਾਵਨਾ ਉਭਰਵੇਂ ਰੂਪ ਵਿਚ ਅਭੀਵਿਅਕਤ ਹੁੰਦੀ ਹੈ। ਇਸ ਤਰ੍ਹਾਂ ਦੀ ਕਵਿਤਾ ਦਾ ਵਿਚਾਰਧਾਰਕ ਪੈਂਤੜਾ ਤੇ ਮੁਹਾਵਰਾ ਦੇਖੋ :

ਲੱਗੀ ਨਜ਼ਰ ਪੰਜਾਬ ਨੂੰ, ਇਹਦੀ ਨਜ਼ਰ ਉਤਾਰੋ
ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ (ਸੁਰਜੀਤ ਪਾਤਰ)

ਚੰਡੀਗੜ੍ਹ ਦੇ ਬਾਗ਼ਾਂ 'ਚ ਜੀਕਣ ਖ਼ੁਸ਼ਬੋਹੀਣ ਗੁਲਾਬ ਹੈ
ਮੈਨੂੰ ਅੱਜਕੱਲ੍ਹ ਜਾਪੇ ਏਦਾਂ ਆਪਣਾ ਦੇਸ਼ ਪੰਜਾਬ ਹੈ (ਗੁਰਭਜਨ ਗਿੱਲ)

ਇਕ ਵੀ ਨਾ ਸੂਹਾ ਸਾਲੂ ਵਿਕ ਰਿਹਾ ਬਾਜ਼ਾਰ ਵਿੱਚ
ਦਰਜ਼ੀ ਸਾਰੇ ਸੀਣ ਵਿੱਚ ਮਸਰੂਫ਼ ਨੇ ਚਿੱਟੇ ਕਫ਼ਨ (ਡਾ.ਐੱਸ.ਤਰਸੇਮ)

ਇਸ ਦਹਾਕੇ ਵਿਚ ਪੈਦਾ ਹੋਈ ਪੰਜਾਬੀ ਕਵਿਤਾ ਇਕ ਹੋਰ ਪ੍ਰਮੁੱਖ ਲੱਛਣ, ਉੱਤਰ ਆਧੁਨਿਕਵਾਦੀ ਭਾਵ-ਬੋਧ ਦਾ ਪ੍ਰਗਟਾ ਕਰਨਾ ਹੈ। ਉੱਤਰ ਆਧੁਨਿਕਵਾਦੀ ਭਾਵ-ਬੋਧ ਬਹੁ-ਕੌਮੀ ਪੂੰਜੀਵਾਦੀ (ਮਲਟੀ ਨੈਸ਼ਨਲ ਕੈਪਟਾਲਿਜ਼ਮ), ਹਰੀ ਕ੍ਰਾਂਤੀ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਈ ਇਕ ਨਵੀਨ ਜੀਵਨ ਸ਼ੈਲੀ ਵਿਚੋਂ ਉਤਪੰਨ ਹੋਇਆ ਹੈ। ਇਸ ਦਾ ਇਕ ਪ੍ਰਮੁੱਖ ਪਹਿਚਾਣ ਬਿੰਦੂ (ਵਸ਼ਿਸ਼ ਸੰਸਕ੍ਰਿਤੀ) ਹਾਈ ਬਰੋ ਕਲਚਰ ਅਤੇ ਜਨ ਸੰਸਕ੍ਰਿਤੀ ਵਿਚਲੀ ਵੰਡ ਰੇਖਾ ਨੂੰ ਮਿਟਾ ਦੇਣਾ ਹੈ। ਇਹੋ ਕਾਰਨ ਹੈ ਕਿ ਅੱਜ ਜਿਹੜੇ ਟੀ.ਵੀ. ਸੀਰੀਅਲ ਬੁੱਧਜੀਵੀਆਂ ਨੂੰ ਪਸੰਦ ਹਨ, ਉਹੀ ਆਮ ਆਦਮੀ ਦਾ ਕਰੇਜ਼ ਬਣੇ ਹੋਏ ਹਨ। ਉੱਤਰ ਆਧੁਨਿਕਵਾਦ ਨੇ ਪਸੰਦ-ਪਸੰਦ ਵਿਚਲੀ ਦੁਫੇੜ/ਖਾਈ ਖ਼ਤਮ ਕਰਕੇ ਹਰ ਇਕ ਨੂੰ ਇਕੋ ਮਾਨਸਿਕਤਾ ਉੱਪਰ ਲੈ ਆਂਦਾ ਹੈ। ਸੁਰਜੀਤ ਪਾਤਰ ਦੇ ਨਾਮ ਦਾ ਜ਼ਿਕਰ ਇਸ ਪ੍ਰਸੰਗ ਵਿਚ ਵੀ ਕਰਨਾ ਬਣਦਾ ਹੈ, ਕਿਉਂਕਿ ਉਸ ਦੀਆਂ ਨਜ਼ਮਾਂ ਬੁੱਧੀਜੀਵੀਆਂ ਅਤੇ ਅਵਾਮ ਦੋਹਾਂ ਦੀ ਭਾਵੁਕ ਤ੍ਰਿਪਤੀ ਦਾ ਸਾਂਝਾ ਮਾਧਿਅਮ ਬਣਦੀਆਂ ਹਨ।

ਉੱਤਰ ਆਧੁਨਿਕਵਾਦੀ ਦੌਰ ਦੀ ਕਵਿਤਾ ਵਿਚ ਕਵੀਆਂ ਦੀ ਵਿਅਕਤੀਗਤ ਸ਼ੈਲੀ ਕਿਸੇ ਹੱਦ ਤਕ ਲੋਪ ਹੈ। ਸਵਰਨਜੀਤ ਸਵੀ, ਅਮਰਜੀਤ ਕੌਂਕੇ, ਦਰਸ਼ਨ ਦਰਵੇਸ਼, ਅਮਰਦੀਪ ਸਿੰਘ ਗਿੱਲ ਆਦਿ ਬਹੁਤ ਸਾਰੇ ਨਵੇਂ ਕਵੀ ਭਾਸ਼ਾ ਅਤੇ ਸ਼ੈਲੀ ਦਾ ਕੋਈ ਵਿਅਕਤੀਗਤ ਮੁਹਾਵਰਾ ਸਿਰਜਣ ਦੀ ਬਜਾਇ ਪੂਰਬ-ਵਰਤੀ ਸ਼ੈਲੀਆਂ ਦਾ ਪੁਨਰ ਲੇਖਣ ਕਰ ਰਹੇ ਹਨ।

8ਵੇਂ ਤੇ 9ਵੇਂ ਦਹਾਕੇ ਦੀ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਨਾਰੀ ਲੇਖਕਾਵਾਂ ਨੇ ਵੀ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਮਨਜੀਤ ਟਿਵਾਣਾ, ਮਨਜੀਤ ਇੰਦਰਾ, ਪਾਲ ਕੌਰ ਅਤੇ ਸੁਰਜੀਤ ਸਖੀ ਵਰਗੀਆਂ ਕਵਿੱਤਰੀਆਂ ਇਸ ਦੌਰ ਵਿਚ ਕਾਫ਼ੀ ਕਮਰਸ਼ੀਅਲ ਰਹੀਆਂ ਹਨ। ਇਹਨਾਂ ਕਵਿੱਤਰੀਆਂ ਨੇ ਆਪਣੇ ਇਸਤਰੀਤਵ ਨੂੰ ਲੁਕੋਣ ਜਾਂ ਰਹੱਸਵਾਦੀ ਬਣਾਉਣ ਦੀ ਚੇਸ਼ਠਾ ਨਹੀਂ ਕੀਤੀ ਅਤੇ ਨਾ ਹੀ ਇਸਤਰੀ ਦੀ ਹੋਂਦ ਨੂੰ ਤਰਸ ਦੀ ਪਾਤਰ ਬਣਾ ਕੇ ਪੇਸ਼ ਕੀਤਾ ਹੈ। ਬਲਕਿ ਇਸਤਰੀਤਵ ਨੂੰ ਵੱਧ ਤੋਂ ਵੱਧ ਉਭਾਰਿਆ ਹੈ ਅਤੇ ਇਸਤਰੀ ਦੀਆਂ ਉਮੰਗਾਂ ਅਤੇ ਸੁਪਨਿਆਂ ਦੀ ਪੇਸ਼ਕਾਰੀ ਬੜੀ ਦਲੇਰੀ ਨਾਲ ਕੀਤੀ ਹੈ। ਇਹ ਇਸਤਰੀਆਂ ਕਨਜਿਊਮਰ ਸੁਸਾਇਟੀ ਦੇ ਤਕਾਜ਼ਿਆਂ ਤੋਂ ਭਲੀ-ਭਾਂਤ ਜਾਣੂੰ ਹਨ। ਇਸ ਲਈ ਇਹਨਾਂ ਦੀਆਂ ਰਚਨਾਵਾਂ ਵਿਚ ਵਸਤੂ ਸਮੱਗਰੀ ਦੀ ਪੇਸ਼ਕਾਰੀ ਚੌਂਕਾ ਦੇਣ ਵਾਲੇ ਅੰਦਾਜ਼ ਵਿਚ ਹੋਈ ਹੈ।

- - - - -

# ਆਧੁਨਿਕ ਪੰਜਾਬੀ ਨਾਟਕ

ਪੰਜਾਬੀ ਨਾਟਕ ਦਾ ਪ੍ਰਚਲਨ ਨੋਰ੍ਹਾ ਰਿਚਰਡਜ਼ ਦੀ ਪ੍ਰੇਰਨਾ ਹੇਠ ਆਈ.ਸੀ. ਨੰਦਾ ਦੇ 'ਸੁਹਾਗ' (1913) ਦੁਆਰਾ ਹੀ ਸੰਭਵ ਹੋ ਸਕਿਆ, ਜਿਸ ਨੇ ਮੁੜ ਨਿਰੰਤਰ ਨਾਟ-ਰਚਨਾ ਕਰਦਿਆਂ ਆਪਣੇ ਆਪ ਨੂੰ ਪੰਜਾਬੀ ਦੇ ਮੋਢੀ ਨਾਟਕਕਾਰ ਦੇ ਤੌਰ 'ਤੇ ਸਥਾਪਤ ਕੀਤਾ। ਨੰਦਾ ਦੇ ਵਿਕਾਸ ਵਿਚ ਮਿਸਿਜ਼ ਨੋਰ੍ਹਾ ਰਿਚਰਡਜ਼ ਦੀ ਸ਼ਖ਼ਸੀਅਤ ਅਤੇ ਥੀਏਟਰ-ਕਾਰਜ ਵਰਣਨਯੋਗ ਹਨ। 20ਵੀਂ ਸਦੀ ਦੇ ਦੂਜੇ ਦਹਾਕੇ ਦੇ ਆਰੰਭ ਵਿਚ ਮਿਸਿਜ਼ ਨੋਰ੍ਹਾ ਰਿਚਰਡਜ਼ ਆਪਣੇ ਪਤੀ ਨਾਲ ਆਇਰਲੈਂਡ ਤੋਂ ਲਾਹੌਰ ਆਈ। ਪਹਿਲੇ ਸਾਲ ਹੀ ਉਸ ਨੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸ਼ੈਕਸਪੀਅਰ ਦਾ ਨਾਟਕ 'ਏ ਮਿਡ ਸਮਰ ਨਾਈਟ ਡਰੀਮ' ਪੇਸ਼ ਕੀਤਾ। ਈਸ਼ਵਰ ਚੰਦਰ ਨੰਦਾ 'ਤੇ ਇਸ ਯਥਾਰਥਵਾਦੀ ਪੇਸ਼ਕਾਰੀ ਦਾ ਡੂੰਘਾ ਪ੍ਰਭਾਵ ਪਿਆ। ਮਿਸਿਜ਼ ਨੋਰ੍ਹਾ ਰਿਚਰਡਜ਼ ਦੀ ਪ੍ਰੇਰਨਾ ਤੇ ਅਗਵਾਈ ਸਦਕਾ ਆਈ.ਸੀ.ਨੰਦਾ ਨੇ ਜੋ ਨਾਟਕ ਲਿਖੇ, ਉਹ ਆਧੁਨਿਕ ਭਾਂਤ ਦੇ ਪਹਿਲੇ ਪੰਜਾਬੀ ਨਾਟਕ ਸਨ। ਇਸੇ ਲਈ ਨੰਦਾ ਨੂੰ ਪੰਜਾਬੀ ਨਾਟਕ ਦਾ ਪਿਤਾਮਾ ਆਖਿਆ ਜਾਂਦਾ ਹੈ। ਇਸ ਨਾਟਕਕਾਰ ਨੇ ਆਪਣੇ ਪਹਿਲੇ ਯਤਨ ਨਾਲ ਹੀ ਪੰਜਾਬੀ ਨਾਟਕ ਨੂੰ ਸਮਕਾਲੀ ਸਥਿਤੀ ਦਾ ਹਾਣੀ ਬਣਾਇਆ। ਇਸ ਦੇ ਨਾਟਕਾਂ ਵਿਚ ਉਹ ਗੱਲਾਂ ਸਾਰੀਆਂ ਲੋਪ ਹੋ ਗਈਆਂ, ਜਿਹੜੀਆਂ ਕਿ ਇਸ ਤੋਂ ਪਹਿਲਾਂ ਦੇ ਪੰਜਾਬੀ ਨਾਟਕਾਂ ਵਿਚ ਵੇਖਣ ਨੂੰ ਆਮ ਮਿਲਦੀਆਂ ਸਨ। ਨੰਦੇ ਦੇ ਨਾਟਕ ਪਹਿਲੀ ਵਾਰ ਸਾਧਾਰਨ ਜਨ-ਸਮੂਹ ਦੀ ਗੱਲ ਕਰਦੇ ਹਨ। ਉਹ ਬਜ਼ੁਰਗ ਪੀੜ੍ਹੀ ਦੇ ਮੁਕਾਬਲੇ ਨਵੀਨ ਪੀੜ੍ਹੀ ਦੀ ਹਮਾਇਤ ਕਰਦਾ ਹੈ, ਪਰੰਤੂ ਉਹ ਨਵੀਨ ਪੀੜ੍ਹੀ ਦੀ ਹਮਾਇਤ ਕਰਦਾ ਹੋਇਆ ਵੀ ਬਜ਼ੁਰਗ ਪੀੜ੍ਹੀ ਨਾਲ ਉਹਨਾਂ ਦਾ ਨਾਤਾ ਨਹੀਂ ਤੋੜਦਾ, ਸਗੋਂ ਉਹਨਾਂ ਨਾਲ ਸਮਝੌਤਾ ਕਰਵਾਉਂਦਾ ਹੈ। ਉਸ ਦੇ ਨਾਟਕ 'ਸਭੱਦਰਾ' ਤੇ 'ਵਰ ਘਰ' ਵਿਚ ਇਹੋ ਰੁਚੀਆਂ ਪ੍ਰਧਾਨ ਹਨ। 'ਸੁਭੱਦਰਾ' ਵਿਚ ਪੇਂਡੂ ਮੱਧ ਸ਼੍ਰੇਣੀ ਅਤੇ 'ਵਰ ਘਰ' ਵਿਚ ਸ਼ਹਿਰੀ ਮੱਧ ਸ਼੍ਰੇਣੀ ਦੇ ਘਰੋਗੀ ਜੀਵਨ ਨੂੰ ਪੇਸ਼ ਕੀਤਾ ਗਿਆ ਹੈ। ਨੰਦਾ ਦੇ ਭਾਵੇਂ ਪੂਰੇ ਨਾਟਕ ਹੋਣ ਤੇ ਭਾਵੇਂ ਇਕਾਂਗੀ, ਇਹ ਤਕਨੀਕ ਤੇ ਰੰਗਮੰਚ ਪੱਖੋਂ ਪੂਰੇ ਉਤਰਦੇ ਹਨ। ਇਹਨਾਂ ਦੇ ਇਕਾਂਗੀ ਸੰਗ੍ਰਹਿ 'ਝਲਕਾਰੇ', 'ਲਿਸ਼ਕਾਰੇ' ਤੇ 'ਚਮਕਾਰੇ' ਹਨ।

ਜਿਸ ਪੰਜਾਬੀ ਨਾਟਕ ਨੂੰ ਆਈ.ਸੀ.ਨੰਦਾ ਨੇ ਪੱਛਮੀ ਲੀਹਾਂ 'ਤੇ ਤੋਰਿਆ, ਉਸ ਨੂੰ ਇਹਨਾਂ ਲੀਹਾਂ 'ਤੇ ਪੱਕਿਆਂ ਕਰਨ ਅਤੇ ਉਸ ਦੇ ਮੂੰਹ ਮੁਹਾਂਦਰੇ ਨੂੰ ਨਿਖਾਰਨ ਦਾ ਸਿਹਰਾ ਹਰਚਰਨ ਸਿੰਘ ਦੇ ਸਿਰ 'ਤੇ ਬੱਝਦਾ ਹੈ। ਹਰਚਰਨ ਸਿੰਘ ਨੇ ਆਪਣੇ ਪਹਿਲੇ ਨਾਟਕ 'ਕਮਲਾ ਕੁਮਾਰੀ' ਰਾਹੀਂ 1973 ਵਿਚ ਪੰਜਾਬੀ ਨਾਟਕ ਖੇਤਰ ਵਿਚ ਪ੍ਰਵੇਸ਼ ਕੀਤਾ। 1937 ਤੋਂ 1947 ਤਕ ਦੇ ਵਰ੍ਹੇ ਪੰਜਾਬੀ ਨਾਟਕ ਰੰਗਮੰਚ ਦੇ ਮੌਲਣ ਤੇ ਵਿਕਸਣ ਦੇ ਵਿਸ਼ੇਸ਼ ਵਰ੍ਹੇ ਸਨ। ਇਸ ਸਮੇਂ ਅੰਦਰ ਹੀ ਪੰਜਾਬੀ ਦੇ ਪ੍ਰਮੁੱਖ ਨਾਟਕਕਾਰ ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ ਖੋਸਲਾ, ਗੁਰਦਿਆਲ ਸਿੰਘ ਫੁੱਲ ਆਦਿ ਪੰਜਾਬੀ ਨਾਟ-ਖੇਤਰ ਵਿਚ ਆਏ। ਜਿੰਨੇ ਨਾਟਕ ਇਸ ਸਮੇਂ ਵਿਚ ਲਿਖੇ ਗਏ, ਉਹ ਆਪਣੇ ਆਪ ਵਿਚ ਇਕ ਵਿਲੱਖਣ ਉਦਾਹਰਨ ਹੈ।

ਹਰਚਰਨ ਸਿੰਘ ਆਪਣੇ ਪਹਿਲੇ ਨਾਟਕ 'ਕਮਲਾ ਕੁਮਾਰੀ' ਤੋਂ ਲੈ ਕੇ ਹੁਣ ਤਕ ਨਿਰੰਤਰ ਗਤੀਸ਼ੀਲ ਹੈ। 'ਦੂਰ ਦੁਰਾਡੇ ਸ਼ਹਿਰੋਂ', 'ਰਾਜਾ ਪੋਰਸ', 'ਅਨਜੋੜ', 'ਖੇਡਣ ਦੇ ਦਿਨ ਚਾਰ', 'ਦੋਸ਼', 'ਤੇਰਾ ਘਰ ਸੋ ਮੇਰਾ ਘਰ', 'ਪੁੰਨਿਆ ਦਾ ਚੰਨ', 'ਰੱਤਾ ਸਾਲੂ', 'ਸ਼ੋਭਾ ਸ਼ਕਤੀ', 'ਕੰਚਨ ਮਾਟੀ', 'ਮਿਟੀ ਧੁੰਦ ਜਗ ਚਾਨਣ ਹੋਆ', 'ਇਤਿਹਾਸ ਜਵਾਬ ਮੰਗਦਾ ਹੈ', 'ਚਮਕੌਰ ਦੀ ਗੜ੍ਹੀ', 'ਕੱਲ੍ਹ ਅੱਜ ਤੇ ਭਲਕ', 'ਹਾਜੀ ਸੁਲਤਾਨ', 'ਰਾਣੀ ਜਿੰਦਾਂ', 'ਮਸੀਹਾ

ਸੂਲੀ ’ਤੇ ਮੁਸਕਾਇਆ’, ‘ਕਾਮਾ ਗਾਟਾ ਮਾਰੂ’ ਤੇ ‘ਅੰਬਰ ਕਾਲਾ’ ਆਦਿ ਉਸ ਦੇ ਕੁਝ ਚਰਚਿਤ ਨਾਟਕ ਹਨ। ਹਰਚਰਨ ਸਿੰਘ ਨੇ ਨਾਟਕ ਕਲਾ ਦੀ ਹਰ ਵੰਨਗੀ ਤੇ ਹੱਥ ਅਜ਼ਮਾਇਆ। ਉਸ ਨੇ ਹਰ ਤਰ੍ਹਾਂ ਦੇ ਨਾਟਕ ਲਿਖੇ ਹਨ--ਮੈਲੋਡਰਾਮਾ, ਦੁਖਾਂਤਕ ਅਤੇ ਸੁਖਾਂਤਕ। ਹਰਚਰਨ ਸਿੰਘ ਦੇ ਮੁਢਲੇ ਨਾਟਕਾਂ ਵਿਚ ਰੁਮਾਂਟਿਕ ਰੰਗ ਪ੍ਰਧਾਨ ਹੈ। ਬਾਅਦ ਦੇ ਨਾਟਕ ਯਥਾਰਥਵਾਦੀ ਹਨ ਤੇ ‘ਕੱਲ੍ਹ ਅੱਜ ਤੇ ਭਲਕ’ ਦੇ ਨਾਲ ਉਸ ਦੀ ਰਚਨਾ ਵਿਚ ਬਰੈਖਤ ਦੇ ਐਪਿਕ ਥੀਏਟਰ ਦਾ ਵੀ ਪ੍ਰਵੇਸ਼ ਹੁੰਦਾ ਹੈ। ਹਰਚਰਨ ਸਿੰਘ ਦੇ ਸਾਰੇ ਦੇ ਸਾਰੇ ਨਾਟਕ ਰੰਗਮੰਚ ਨੂੰ ਮੁੱਖ ਰੱਖ ਕੇ ਲਿਖੇ ਗਏ ਹਨ ਅਤੇ ਰੰਗਮੰਚ ਅਨੁਸਾਰ ਢੁਕਵੇਂ ਹਨ।

ਪੰਜਾਬੀ ਨਾਟਕ ਦੇ ਇਤਿਹਾਸ ਤੇ ਵਿਕਾਸ ਦੇ ਸੰਦਰਭ ਵਿਚ ਸੰਤ ਸਿੰਘ ਸੇਖੋਂ ਦਾ ਨਾਂ ਖ਼ਾਸ ਮਹੱਤਵ ਦਾ ਧਾਰਨੀ ਹੈ, ਕਿਉਂਕਿ ਸੇਖੋਂ ਨਾਲ ਉਚੇਰੀ ਬੌਧਿਕ ਪੱਧਰ ਦੇ ਨਾਟਕਾਂ ਦਾ ਆਰੰਭ ਹੁੰਦਾ ਹੈ। ਸੰਤ ਸਿੰਘ ਸੇਖੋਂ ’ਤੇ ਬਹੁਤ ਸਾਰੇ ਬਾਹਰਲੇ ਪ੍ਰਭਾਵ ਪਏ ਜੋ ਉਸ ਦੀ ਕਲਾ ਵਿਚੋਂ ਪ੍ਰਤੱਖ ਰੂਪ ਵਿਚ ਵੇਖੇ ਜਾ ਸਕਦੇ ਹਨ। ਬਰਨਾਰਡ ਸ਼ਾਅ ਪਾਸੋਂ ਉਹ ਸਰੀਰਕ ਕਾਰਜ ਦੀ ਥਾਂ ਬੌਧਿਕ ਕਾਰਜ ਦੀ ਰੁਚੀ ਗ੍ਰਹਿਣ ਕਰਦਾ ਹੈ। ਫਰਾਇਡ ਅਤੇ ਡੀ.ਐਚ.ਲਾਰੰਸ ਤੋਂ ਉਹ ਲਿੰਗ-ਵਾਸ਼ਨਾ ਤੇ ਨਗਨਵਾਦ ਦਾ ਅਸਰ ਕਬੂਲਦਾ ਹੈ। ਰੂਸੀ ਸਾਹਿਤ ਦੇ ਅਧਿਐਨ ਤੋਂ ਉਸ ਵਿਚ ਸਮਾਜਵਾਦੀ ਚੇਤਨਤਾ ਆਈ ਅਤੇ ਇਹਨਾਂ ਸਾਰੇ ਪ੍ਰਭਾਵਾਂ ਨੂੰ ਉਹ ਆਪਣੇ ਨਿੱਜੀ ਅਨੁਭਵ ਦੀ ਬੌਧਿਕ ਪੁੱਠ ਚੜ੍ਹਾ ਕੇ ਨਵੇਂ ਰੂਪ ਵਿਚ ਆਪਣੇ ਨਾਟਕਾਂ ਰਾਹੀਂ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਉਸ ਦੇ ਪ੍ਰਮੁੱਖ ਨਾਟਕ ਹਨ-—‘ਕਲਾਕਾਰ’, ‘ਨਾਰਕੀ’, ‘ਵਾਰਸ’, ‘ਭੂਮੀਦਾਨ’, ‘ਮੋਇਆਂ ਸਾਰ ਨਾ ਕਾਈ’, ‘ਬੇੜਾ ਬੰਧ ਨਾ ਸਕਿਓ’, ‘ਦਮਯੰਤੀ’, ‘ਮਿੱਤਰ ਪਿਆਰਾ’, ‘ਬੰਦਾ ਬਹਾਦਰ’ ਅਤੇ ‘ਵੱਡਾ ਘੱਲੂਘਾਰਾ’ ਆਦਿ। ਸੰਤ ਸਿੰਘ ਸੇਖੋਂ ਨੇ ਆਪਣੇ ਨਾਟਕਾਂ ਵਿਚ ਨਵੇਂ ਵਿਸ਼ੇ ਲਏ ਅਤੇ ਉਹਨਾਂ ਦਾ ਨਿਭਾ ਬੌਧਿਕ ਰੱਖਿਆ। ਮਾਰਕਸਵਾਦੀ ਵਿਚਾਰਧਾਰਾ ਨੂੰ ਗ੍ਰਹਿਣ ਕਰਨ ਕਰਕੇ ਉਸ ਦੀ ਪਹੁੰਚ ਸਮਾਜਵਾਦੀ ਯਥਾਰਥਵਾਦ ਵਾਲੀ ਹੈ। ਨੰਦਾ ਤੇ ਹਰਚਰਨ ਸਿੰਘ ਵਾਂਗ ਉਸ ਦੇ ਨਾਟਕ ਆਸਾਨੀ ਨਾਲ ਰੰਗਮੰਚ ’ਤੇ ਨਹੀਂ ਖੇਡੇ ਜਾ ਸਕਦੇ, ਸਗੋਂ ਉਹਨਾਂ ਲਈ ਵੱਖਰੇ ਰੰਗਮੰਚੀ ਪਰਿਪੇਖ ਸਿਰਜਣ ਦੀ ਲੋੜ ਹੈ।

ਬਲਵੰਤ ਗਾਰਗੀ ਦੇ ਪੰਜਾਬੀ ਨਾਟਕ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਪੰਜਾਬੀ ਨਾਟਕ ਆਪਣੀ ਵਿਕਾਸ ਯਾਤਰਾ ਦੀ ਇਕ ਹੋਰ ਪੁਲਾਂਘ ਪੁਟਦਾ ਹੈ। ਉਸ ਨੇ ਸੁਚੇਤ ਰੂਪ ਵਿਚ ਨਾਟਕ ਨੂੰ ਉਸ ਸਿਸਟਮ ਪ੍ਰਤੀ ਨਫ਼ਰਤ ਪੈਦਾ ਕਰਨ ਲਈ ਵਰਤਿਆ, ਜਿਸ ਵਿਚ ਅਣਹੋਣੀਆਂ ਵਾਪਰਦੀਆਂ ਹਨ। ਉਸ ਦੇ ਨਾਟਕਾਂ ਵਿਚ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ। ਉਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਨਾਟਕੀ ਵਿਸ਼ਿਆਂ ਦੇ ਸਫਲਤਾ ਪੂਰਬਕ ਨਾਟਕੀ ਸੁਭਾ ਕਰਕੇ ਹੈ। ਪਾਤਰ ਉਸਾਰੀ ਪੱਖੋਂ ਗਾਰਗੀ ਸਫਲ ਹੈ। ਚਿੰਨ੍ਹਵਾਦ ਉਸ ਦੇ ਨਾਟਕਾਂ ਦਾ ਵਿਸ਼ੇਸ਼ ਲੱਛਣ ਹੈ। ਗਾਰਗੀ ਪੰਜਾਬੀ ਦਾ ਇਕੋ ਇਕ ਅਜਿਹਾ ਨਾਟਕਕਾਰ ਹੈ, ਜਿਸ ਨੇ ਦੁਨੀਆਂ ਭਰ ਦੇ ਉੱਨਤ ਮੰਚ ਵੇਖੇ ਹਨ ਤੇ ਇਸੇ ਕਰਕੇ ਹੀ ਉਸ ਨੂੰ ਰੰਗਮੰਚ ਦੀ ਸੂਝ ਬਾਕੀ ਨਾਟਕਕਾਰਾਂ ਨਾਲੋਂ ਵਧੇਰੇ ਹੈ। ਮੰਚ ਸਬੰਧੀ ਉਹ ਨਵੇਂ ਨਵੇਂ ਤਜਰਬੇ ਕਰਦਾ ਰਹਿੰਦਾ ਹੈ। ਉਸ ਦੇ ਕੁਝ ਕੁ ਨਾਟਕ ਇਸ ਪ੍ਰਕਾਰ ਹਨ—‘ਲੋਹਾ ਕੁੱਟ’, ‘ਸੈੱਲ ਪੱਥਰ’, ‘ਕੇਸਰੋ’, ‘ਕਣਕ ਦੀ ਬੱਲੀ’, ‘ਧੂਣੀ ਦੀ ਅੱਗ’, ‘ਜਗ ਚਾਨਣ ਹੋਆ’, ‘ਸੁਲਤਾਨ ਰਜ਼ੀਆ’, ‘ਸੌਕਣ’ ਤੇ ‘ਮਿਰਜ਼ਾ ਸਾਹਿਬਾਂ’ ਆਦਿ।

ਕਰਤਾਰ ਸਿੰਘ ਦੁੱਗਲ ਭਾਵੇਂ ਬੁਨਿਆਦੀ ਤੌਰ ’ਤੇ ਕਹਾਣੀਕਾਰ ਹੈ ਪਰੰਤੂ ਫਿਰ ਵੀ ਪੰਜਾਬੀ ਨਾਟਕ ਦੇ ਇਤਿਹਾਸ ਤੇ ਵਿਕਾਸ ਦੀ ਗੱਲ ਕਰਦਿਆਂ ਉਸ ਦਾ ਜ਼ਿਕਰ ਕੀਤੇ ਬਿਨਾਂ ਅੱਗੇ ਨਹੀਂ ਲੰਘਿਆ ਜਾ ਸਕਦਾ। ਦੁੱਗਲ

ਦੇ ਨਾਟਕਾਂ ਵਿਚ ਵਿਸ਼ੈ ਵੰਨਗੀ ਹੈ। ਕਲਾ ਪੱਖੋਂ ਉਸ ਦੇ ਨਾਟਕ ਸਫਲ ਆਖੇ ਜਾ ਸਕਦੇ ਹਨ। ਭਾਵੇਂ ਦੁੱਗਲ ਨੇ ਬਹੁਤੇ ਨਾਟਕ ਰੇਡੀਓ ਤੋਂ ਪ੍ਰਸਾਰਨ ਕਰਨ ਹਿਤ ਲਿਖੇ ਪਰੰਤੂ ਇਹ ਰੰਗਮੰਚ 'ਤੇ ਵੀ ਬਾਖ਼ੂਬੀ ਖੇਡੇ ਜਾ ਸਕਦੇ ਹਨ ਅਤੇ ਕਈ ਨਾਟਕ ਤਾਂ ਰੰਗਮੰਚ 'ਤੇ ਖੇਡੇ ਵੀ ਗਏ ਹਨ। ਦੁੱਗਲ ਦੇ ਨਾਟਕ ਇਸ ਪ੍ਰਕਾਰ ਹਨ: 'ਪੁਰਾਣੀਆਂ ਬੋਤਲਾਂ', 'ਮਿੱਠਾ ਪਾਣੀ', 'ਕੋਹ ਕਨ', 'ਬੁੱਧ ਸ਼ਰਨਨ ਗਛਾਮਿ' ਅਤੇ 'ਸ਼ੋਰ ਤੇ ਸੰਗੀਤ' ਆਦਿ।

ਗੁਰਦਿਆਲ ਸਿੰਘ ਖੋਸਲਾ ਨੇ ਭਾਵੇਂ ਬਹੁਤ ਘੱਟ ਗਿਣਤੀ ਵਿਚ ਨਾਟਕ ਲਿਖੇ ਪਰੰਤੂ ਉਸ ਦਾ ਨਾਂ ਇਸ ਕਰਕੇ ਵਿਸ਼ੇਸ਼ ਤੌਰ 'ਤੇ ਲਿਆ ਜਾਂਦਾ ਹੈ ਕਿ ਖੋਸਲਾ ਨੇ ਪੰਜਾਬੀ ਰੰਗਮੰਚ ਦੇ ਨਿਰਮਾਣ ਵਿਚ ਹਮੇਸ਼ਾ ਖ਼ਾਸ ਦਿਲਚਸਪੀ ਵਿਖਾਈ। ਖੋਸਲਾ ਨੇ ਪਹਿਲਾਂ ਲਾਹੌਰ ਤੇ ਫੇਰ ਵੰਡ ਪਿੱਛੋਂ ਸ਼ਿਮਲੇ ਤੇ ਦਿੱਲੀ ਵਿਚ ਰੰਗਮੰਚ ਦਾ ਨਿਰਮਾਣ ਕੀਤਾ ਅਤੇ ਪੰਜਾਬੀ ਨਾਟਕਕਾਰਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਨਾਟਕ ਛਪਵਾਉਣ ਤੋਂ ਪਹਿਲਾਂ ਰੰਗਮੰਚ 'ਤੇ ਖਿਡਵਾਉਣ ਤਾਂ ਜੋ ਜੇ ਕੋਈ ਔਗੁਣ ਰਹਿ ਗਏ ਹੋਣ ਤਾਂ ਉਹਨਾਂ ਵਿਚ ਸੁਧਾਰ ਕੀਤਾ ਜਾ ਸਕੇ। ਖੋਸਲਾ ਦੇ ਦੋ ਪੂਰੇ ਨਾਟਕ ਮਿਲਦੇ ਹਨ—'ਬੂਹੇ ਬੈਠੀ ਧੀ' ਅਤੇ 'ਮਰ ਮਿਟਣ ਵਾਲੇ'। 'ਬੂਹੇ ਬੈਠੀ ਧੀ' ਵਿਆਹ ਸਮੱਸਿਆ ਬਾਰੇ ਹੈ ਅਤੇ 'ਮਰ ਮਿਟਣ ਵਾਲੇ' ਦੇਸ਼ ਦੀ ਵੰਡ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ। ਬਹੁਤੀ ਉਸ ਨੇ ਇਕਾਂਗੀ ਰਚਨਾ ਕੀਤੀ। ਉਸ ਦਾ ਇਕਾਂਗੀ 'ਮੁਰਦੇ ਦਾ ਰਾਸ਼ਨ' ਬਹੁਤ ਪ੍ਰਸਿੱਧ ਹੋਇਆ।

ਗੁਰਦਿਆਲ ਸਿੰਘ ਫੁੱਲ ਨੇ ਦੋ ਦਰਜਨ ਦੇ ਕਰੀਬ ਪੂਰੇ ਨਾਟਕ ਰਚੇ ਹਨ। ਇਸ ਦੇ ਨਾਟਕਾਂ ਵਿਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਲਈਆਂ ਗਈਆਂ ਹੁੰਦੀਆਂ ਹਨ ਜਿਹੜੀਆਂ ਸਾਡੇ ਸਮਾਜਿਕ ਯਥਾਰਥ ਨਾਲ ਜੁੜੀਆਂ ਹੋਈਆਂ ਹਨ। ਫੁੱਲ ਦੀ ਕਲਾ ਇਸ ਗੱਲ ਵਿਚ ਲੁਕੀ ਹੋਈ ਹੈ ਕਿ ਉਹ ਜੀਵਨ ਦੀ ਨਿੱਕੀ ਤੋਂ ਨਿੱਕੀ ਘਟਨਾ, ਜੇ ਉਹ ਨਾਟਕੀ ਰੂਪ ਧਾਰ ਸਕਦੀ ਹੋਵੇ, 'ਤੇ ਵੀ ਉਹ ਨਾਟਕ ਲਿਖ ਸਕਦਾ ਹੈ ਪਰੰਤੂ ਉਸ ਦੀ ਕਲਾ ਵਿਚ ਇਕ ਘਾਟ ਹੈ ਕਿ ਉਹ ਕਹਾਣੀ ਦੀ ਉਸਾਰੀ ਤੇ ਵਾਰਤਾਲਾਪ ਦੀ ਚੁਸਤੀ ਵੱਲ ਬਹੁਤਾ ਧਿਆਨ ਨਹੀਂ ਦਿੰਦਾ। ਉਸ ਦੇ ਕਈ ਨਾਟਕ ਇਹਨਾਂ ਦੋਸ਼ਾਂ ਕਾਰਨ ਹੀ ਸਾਧਾਰਨ ਗੱਲਬਾਤ ਹੀ ਹੋ ਨਿੱਬੜਦੇ ਹਨ। ਵੈਸੇ ਉਸ ਦੇ ਨਾਟਕਾਂ ਵਿਚ ਵਿਸ਼ਿਆਂ ਦੀ ਵੰਨ-ਸੁਵੰਨਤਾ ਦਿਸਦੀ ਹੈ। ਉਸ ਨੇ ਸਮਾਜਿਕ, ਰਾਜਨੀਤਕ, ਧਾਰਮਿਕ ਤੇ ਇਤਿਹਾਸਕ ਨਾਟਕ ਲਿਖੇ ਹਨ। ਨਾਟਕ ਰਚਨਾ ਦੇ ਤਕਨੀਕ ਪੱਖੋਂ ਵੀ ਫੁੱਲ ਨਵੀਨਤਾ ਵਿਚ ਯਕੀਨ ਰਖਦਾ ਹੈ। ਰੰਗਮੰਚ ਪੱਖੋਂ ਫੁੱਲ ਦੇ ਨਾਟਕ ਸਫਲ ਹੁੰਦੇ ਹਨ। ਉਸ ਦੇ ਕੁਝ ਕੁ ਨਾਟਕ ਇਸ ਪ੍ਰਕਾਰ ਹਨ—'ਕਾਲਜੀਏਟ', 'ਜੋੜੀ', 'ਸਾਥੀ', 'ਭੁੱਖ', 'ਆਦਮੀ ਦੀ ਅਕਲ', 'ਕਲਾ ਤੇ ਜ਼ਿੰਦਗੀ', 'ਧਰਤੀ ਦੀ ਜਾਈ', 'ਧਰਤੀ ਦੀ ਆਵਾਜ਼', 'ਓੜਕ ਸੱਚ ਰਹੀ', 'ਕਲਜੁਗ ਰਥ ਅਗਨ ਕਾ', 'ਸਭ ਕੁਝ ਹੋਤ ਉਪਾਏ', 'ਜਿਨ ਸਚ ਪਲੈ ਹੋਇ' ਤੇ 'ਚੋਅ ਅਜੇ ਨਹੀਂ ਸੁਕਾ' ਆਦਿ।

ਰੋਸ਼ਨ ਲਾਲ ਅਹੂਜਾ ਇਕ ਅਜਿਹਾ ਨਾਟਕਕਾਰ ਹੈ, ਜਿਸ ਨੇ ਆਪਣੇ ਨਾਟਕਾਂ ਵਿਚ ਸ਼ਾਸਤਰੀ ਸ਼ੁਧਤਾ ਲਿਆਉਣ ਦਾ ਯਤਨ ਕੀਤਾ। ਆਹੂਜਾ ਦੇ ਨਾਟਕਾਂ ਦੇ ਵਿਸ਼ੇ ਯੁਗ-ਅਨੁਕੂਲ ਚੇਤੰਨਤਾ ਤੋਂ ਕਾਫ਼ੀ ਪਛੜੇ ਹੋਏ ਹੁੰਦੇ ਹਨ। ਉਸ ਦੇ ਪੂਰੇ ਨਾਟਕ 'ਤਲਾਕ', 'ਸਹਿਯੋਗ', 'ਭੂਮੀਦਾਨ' ਤੇ 'ਕਾਲਿੰਗਾ ਦਾ ਦੁਖਾਂਤ' ਹਨ।

ਅਮਰੀਕ ਸਿੰਘ ਨੇ ਪੰਜਾਬੀ ਨਾਟਕ ਦੇ ਵਿਕਾਸ ਕ੍ਰਮ ਵਿਚ ਆਪਣਾ ਯੋਗ ਹਿੱਸਾ ਪਾਇਆ। ਉਹ ਕਲਾ ਨੂੰ ਸਿਰਫ਼ ਗੰਭੀਰ ਵਿਸ਼ੇ ਵਸਤੂ ਵਾਸਤੇ ਹੀ ਨਹੀਂ ਵਰਦਾ, ਸਗੋਂ ਵਿਅੰਗ-ਸ਼ੈਲੀ ਨੂੰ ਵੀ ਬਾਖ਼ੂਬੀ ਵਰਤਦਾ ਹੈ। ਉਸ ਦੀ ਵਿਸ਼ੇਸ਼ਤਾ ਇਸ ਵਿਚ ਹੈ ਕਿ ਉਸ ਦਾ ਆਪਣੇ ਨਾਟਕਾਂ ਦੇ ਵਿਸ਼ੇ ਤੇ ਪਾਤਰਾਂ ਸਬੰਧੀ ਮਨੋਵਿਗਿਆਨਿਕ ਬੋਧ ਬੜਾ ਡੂੰਘਾ ਤੇ ਸਪਸ਼ਟ ਹੈ। ਅਮਰੀਕ ਸਿੰਘ ਦੇ ਨਾਟਕ ਰੰਗਮੰਚ ਪੱਖੋਂ ਪੂਰੇ ਉਤਰਦੇ ਹਨ ਅਤੇ ਇਹਨਾਂ ਨੂੰ ਸਫਲਤਾ ਨਾਲ

ਸਟੇਜ ’ਤੇ ਖੇਡਿਆ ਜਾ ਸਕਦਾ ਹੈ। ਅਮਰੀਕ ਸਿੰਘ ਨੇ ਤਿੰਨ ਨਾਟਕ ਹੀ ਲਿਖੇ ਹਨ : ‘ਕੰਮ ਕਿ ਘੜੰਮ’, ‘ਰਾਹਾਂ ਦੇ ਨਿਖੇੜ ਤੇ’ ਅਤੇ ‘ਪਰਛਾਵਿਆਂ ਦੀ ਪਕੜ’।

ਪੰਜਾਬੀ ਨਾਟ-ਖੇਤਰ ਵਿਚ ਕਪੂਰ ਸਿੰਘ ਘੁੰਮਣ ਦਾ ਨਾਂ ਨਵੇਂ ਮੰਚ ਤਜਰਬਿਆਂ ਕਰਕੇ ਇਕ ਮਹੱਤਵਪੂਰਨ ਨਾਂ ਹੈ। ਭਾਵੇਂ ਘੁੰਮਣ ਨੇ ਆਪਣੀ ਨਾਟਕ ਰਚਨਾ ਪਰੰਪਰਾਗਤ ਢੰਗ ਨਾਲ ਹੀ ਸ਼ੁਰੂ ਕੀਤੀ ਪਰੰਤੂ ਆਹਿਸਤਾ ਆਹਿਸਤਾ ਉਸ ਦੀ ਨਾਟਕੀ ਸੂਝ ਨੇ ਵਿਕਾਸ ਕਰਕੇ ਪੰਜਾਬੀ ਨਾਟਕ ਖੇਤਰ ਵਿਚ ਵਿਸ਼ੇ ਤੇ ਰੂਪ ਪੱਖੋਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਪੰਜਾਬੀ ਨਾਟਕ ਯਥਾਰਥਵਾਦ ਦੇ ਬਾਹਰੀ ਸੰਕਲਪ ਨਾਲੋਂ ਟੁੱਟ ਕੇ ਅੰਦਰਲੇ ਮਨੋਵਿਗਿਆਨਕ ਯਥਾਰਥ ਨਾਲ ਜੁੜਿਆ। ਘੁੰਮਣ ਦੇ ਨਾਟਕਾਂ ਵਿਚ ਪ੍ਰਚੱਲਿਤ ਸਮਾਜਿਕ ਸਮੱਸਿਆਵਾਂ ਨੂੰ ਵੀ ਥਾਂ ਮਿਲੀ ਅਤੇ ਸਾਧਾਰਨ ਜੀਵਨ ਦੀਆਂ ਅਸਾਧਾਰਨ ਘਟਨਾਵਾਂ ਨੂੰ ਵੀ। ਘੁੰਮਣ ਪ੍ਰਤੀਕਵਾਦ ਲਹਿਰ ਤੋਂ ਵੀ ਕਾਫ਼ੀ ਪ੍ਰਭਾਵਿਤ ਹੋਇਆ ਅਤੇ ਉਸ ਨੇ ਆਪਣੇ ਕਈ ਨਾਟਕਾਂ ਵਿਚ ਇਸ ਦਾ ਪ੍ਰਯੋਗ ਕੀਤਾ। ਨਾਟਕ ਰਚਨਾ ਪੱਖੋਂ ਘੁੰਮਣ ਪਾਤਰਾਂ ਨੂੰ ਘਟਨਾਵਾਂ ਵਿਚ ਫਿੱਟ ਨਹੀਂ ਕਰਦਾ, ਸਗੋਂ ਉਹ ਪਾਤਰਾਂ ਨੂੰ ਪਹਿਲੋਂ ਸੋਚਦਾ ਹੈ ਤੇ ਫਿਰ ਨਾਟਕ ਲਿਖਦਾ ਹੈ। ਇਹੀ ਕਾਰਨ ਹੈ ਕਿ ਉਸ ਦੇ ਨਾਟਕ ਪਾਤਰਾਂ ਦੀ ਸ਼ਖ਼ਸੀਅਤ ਵਿਚੋਂ ਜਨਮ ਲੈਂਦੇ ਹਨ।

ਕਪੂਰ ਸਿੰਘ ਘੁੰਮਣ ਨੂੰ ਰੰਗਮੰਚ ਨਾਲ ਅੰਤਾਂ ਦਾ ਇਸ਼ਕ ਸੀ, ਜਿਸ ਨੂੰ ਉਸ ਨੇ ਸੱਚਮੁੱਚ ਇਕ ਆਸ਼ਿਕ ਜਿਹੀ ਆਸ਼ਨਾਈ ਨਾਲ ਨਿਭਾਇਆ। ਘੁੰਮਣ ਨੇ ਰੰਗਮੰਚ ’ਤੇ ਨਵੇਂ ਤਜਰਬੇ ਕਰਨ ਲਈ ‘ਰੂਪਕ ਕਲਾ ਸੰਗਮ’ ਨਾਂ ਦੀ ਨਾਟਕ-ਮੰਡਲੀ ਬਣਾਈ ਅਤੇ ਇਸ ਮੰਡਲੀ ਦੇ ਕਲਾਕਾਰਾਂ ਨੇ ਨਵੇਂ ਤਜਰਬੇ ਕਰਨ ਅਤੇ ਰੰਗਮੰਚ ਨੂੰ ਨਵੀਆਂ ਦਿਸ਼ਾਵਾਂ ਦੇਣ ਵਿਚ ਸ਼ਲਾਘਾਯੋਗ ਕੀਤਾ। ਘੁੰਮਣ ਦੇ ਤਕਰੀਬਨ ਸਾਰੇ ਨਾਟਕ ਰੰਗਮੰਚ ਦੀ ਛੋਹ ਪ੍ਰਾਪਤ ਕਰ ਚੁੱਕੇ ਹਨ। ਘੁੰਮਣ ਦੇ ਪੂਰੇ ਨਾਟਕ ਇਸ ਪ੍ਰਕਾਰ ਹਨ—‘ਜਿਉਂਦੀ ਲਾਸ਼’, ‘ਅਨਹੋਣੀ’, ‘ਜੋੜੀਆਂ ਜਗ ਥੋੜ੍ਹੀਆਂ’, (ਬੰਦਰਾਲੀ) ‘ਪੁਤਲੀ ਘਰ’, ‘ਅਤੀਤ ਦੇ ਪਰਛਾਵੇਂ’, ‘ਜ਼ਿੰਦਗੀ ਤੋਂ ਦੂਰ’, ‘ਬੁਝਾਰਤ’, ‘ਵਿਸਮਾਦਨਾਦ’, ‘ਮਾਨਸ ਕੀ ਏਕ ਜਾਤ’, ‘ਮੂਕ ਮੰਸਾਰ’, ‘ਰਾਣੀ ਕੋਕਲਾਂ’, ‘ਰੋਡਾ ਜਲਾਲੀ’, ‘ਪਾਗਲ ਲੋਕ’ ਅਤੇ ‘ਪਾਣੀ ਤੇ ਟੂਰਨਾ’ ਆਦਿ।

ਕਪੂਰ ਸਿੰਘ ਘੁੰਮਣ ਤੋਂ ਬਾਅਦ ਸੁਰਜੀਤ ਸਿੰਘ ਸੇਠੀ ਇਕ ਅਜਿਹਾ ਪ੍ਰਤਿਭਾਸ਼ੀਲ ਨਾਟਕਕਾਰ ਹੈ, ਜਿਸ ਨੇ ਪੰਜਾਬੀ ਨਾਟਕ ਖੇਤਰ ਵਿਚ ਕਈ ਨਵੇਂ ਪ੍ਰਯੋਗ ਕੀਤੇ। ਭਾਵੇਂ ਉਸ ਨੇ ਵੀ ਘੁੰਮਣ ਵਾਂਗ ਪਰੰਪਰਾਗਤ ਸ਼ੈਲੀ ਵਿਚ ਲਿਖਣਾ ਸ਼ੁਰੂ ਕੀਤਾ ਪਰੰਤੂ ਜਲਦੀ ਹੀ ਉਸ ਦੀ ਕਲਾ ਮਨੋਵਿਗਿਆਨਕ ਰੂਪ ਦੇ ਵਿਸ਼ਿਆਂ ਵੱਲ ਪਰਿਵਰਤਿਤ ਹੋਈ। ਪਿਛਲੇ ਕੁਝ ਵਰ੍ਹਿਆਂ ਵਿਚ ਐਬਸਰਡ ਨਾਟਕ ਦੀ ਚਰਚਾ ਹੁੰਦੀ ਰਹੀ ਹੈ ਅਤੇ ਪੰਜਾਬੀ ਨਾਟਕ ਖੇਤਰ ਵਿਚ ਸੇਠੀ ਨੇ ਇਸ ਲਹਿਰ ਨਾਲ ਸਬੰਧਤ ਕੀਤਾ ਜਾਂਦਾ ਰਿਹਾ ਹੈ। ਸੇਠੀ ਬਹੁਤੀ ਥਾਂ ਆਪਣੇ ਐਬਸਰਡ ਨਾਟਕਾਂ ਵਿਚ ਕਾਮੂ ਦੇ ਉਹਨਾਂ ਵਿਚਾਰਾਂ ਨੂੰ ਹੀ ਪੇਸ਼ ਕਰਦਾ ਨਜ਼ਰ ਆਉਂਦਾ ਹੈ ਕਿ ਜੇ ਮਨੁੱਖ ਜ਼ਿੰਦਗੀ ਦੇ ਅਰਥ ਗੁਆ ਚੁੱਕਾ ਹੈ ਤਾਂ ਉਹ ਆਤਮਘਾਤ ਵਿਚ ਕਲਿਆਣ ਕਿਉਂ ਨਹੀਂ ਵੇਖਦਾ। ‘ਕਿੰਗ ਮਿਰਜ਼ਾ ਤੇ ਸਪੇਰਾ’ ਸੇਠੀ ਦਾ ਅਜਿਹਾ ਹੀ ਇਕ ਨਾਟਕ ਹੈ। ਸੇਠੀ ਦੇ ਐਬਸਰਡ ਨਾਟਕਾਂ ਵਿਚ ਪਾਤਰਾਂ ਦੇ ਵਾਕ ਭਾਵੇਂ ਊਲ-ਜਲੂਲ ਜਿਹੇ ਲਗਦੇ ਹਨ ਪਰੰਤੂ ਵਾਸਤਵਿਕ ਵਿਚ ਹਰ ਵਾਕ ਆਪਣੇ ਆਪ ਵਿਚ ਇਕ ਵੱਡੀ ਚੋਟ ਤੇ ਸਮਾਜ ਦੀਆਂ ਕੁਰਖਤ ਤੇ ਕੌੜੀਆਂ ਹਕੀਕਤਾਂ ’ਤੇ ਸਿੱਧਾ ਵਿਅੰਗ ਹੁੰਦਾ ਹੈ।

ਸੇਠੀ ਦੀ ਰੰਗਮੰਚੀ ਸੂਝ ਬੜੀ ਪਕੇਰੀ ਹੈ। ਪੰਜਾਬੀ ਯੂਨੀਵਰਸਿਟੀ ਦੇ ਨਾਟਕ ਵਿਭਾਗ ਨਾਲ ਸਬੰਧਤ ਹੋਣ ਕਰਕੇ ਅਤੇ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰਖਦੇ ਹੋਏ ਸੇਠੀ ਨੇ ਆਪਣੇ ਨਾਟਕਾਂ ਵਿਚ ਰੰਗਮੰਚ ਪੱਖੋਂ ਵੀ ਕਈ ਪ੍ਰਯੋਗ ਕੀਤੇ ਹਨ। ਉਸ ਦੇ ਤਕਰੀ-ਬਨਸਾਰੇ ਦੇ ਸਾਰੇ ਨਾਟਕ ਰੰਗਮੰਚੀ ਛੋਹ ਪ੍ਰਾਪਤ ਕਰ ਚੁੱਕੇ ਹਨ। ਉਸ ਦੇ ਨਾਟਕ ਇਸ ਪ੍ਰਕਾਰ ਹਨ—'ਕਾਫੀ ਹਾਊਸ', 'ਕੱਚਾ ਘੜਾ', 'ਕਾਦਰਯਾਰ', 'ਭਰਿਆ ਭਰਿਆ ਸੱਖਣਾ ਸੱਖਣਾ', 'ਕਿੰਗ ਮਿਰਜ਼ਾ ਤੇ ਸਪੇਰਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ', 'ਦੇਵਤਿਆਂ ਦਾ ਥੀਏਟਰ', 'ਇਕ ਬਗਲਾ ਯਾਰ ਬਣਾਇਆ', 'ਮੇਰਾ ਮਿਰਜ਼ਾ ਯਾਰ', 'ਮੈਂ ਵੀ ਹਾਂ ਨਾਟਕ ਦੀ ਪਾਤਰ', 'ਸੁਪਨਾ ਮੁੱਕਿਆ ਰਾਤ ਨਾ ਬੀਤੀ', 'ਉਸਦਾ ਪਰਛਾਵਾਂ', 'ਦੀਵਾਰਾਂ ਤੇ ਦਰਵਾਜ਼ੇ', 'ਮੁਗ਼ਲਾਨੀ ਬੇਗਮ', 'ਸੱਚ ਦੇ ਅੱਥਰੂ', 'ਰੇਪ...ਰੇਪ...ਰੇਪ...', 'ਸਫ਼ਰ ਬਾਕੀ ਤਲਾਸ਼ ਬਾਕੀ ਹੈ' ਆਦਿ।

ਹਰਸਰਨ ਸਿੰਘ ਘੁੰਮਣ-ਸੇਠੀ ਦੀ ਪੀੜ੍ਹੀ ਦਾ ਇਕ ਹੋਰ ਨਾਟਕਕਾਰ ਹੈ, ਜਿਸ ਨੇ ਨਾਟਕ ਖੇਤਰ ਵਿਚ ਨਵੇਂ ਪ੍ਰਯੋਗ ਕਰਕੇ ਪੰਜਾਬੀ ਨਾਟਕ ਨੂੰ ਨਵੀਂ ਨੁਹਾਰ ਦਿੱਤੀ। ਹਰਸਰਨ ਸਿੰਘ ਮੂਲ ਰੂਪ ਵਿਚ ਮੱਧ-ਸ਼੍ਰੇਣੀ ਦੇ ਹੇਠਲੇ ਵਰਗ ਦਾ ਚਿੱਤਰਕਾਰ ਹੈ। ਉਸ ਦੇ ਨਾਟਕਾਂ ਦਾ ਵਸਤੂ-ਖੇਤਰ ਸ਼ਹਿਰਾਂ ਵਿਚ ਵਸਦੇ ਇਸ ਵਰਗ ਦੇ ਲੋਕ ਹੀ ਹਨ। ਉਹ ਆਪ ਇਸ ਸ਼੍ਰੇਣੀ ਦਾ ਜੰਮਪਲ ਹੈ, ਇਸੇ ਲਈ ਉਸ ਦੇ ਨਾਟਕਾਂ ਵਿਚ ਇਸ ਸ਼੍ਰੇਣੀ ਦੀਆਂ ਵਿਭਿੰਨ ਸਮਾਜਕ ਤੇ ਆਰਥਿਕ ਸਮੱਸਿਆਵਾਂ ਨੂੰ ਲਿਆ ਗਿਆ ਹੈ।

ਕਲਾ ਪੱਖ ਤੋਂ ਹਰਸਰਨ ਸਿੰਘ ਦੀ ਆਪਣੀ ਇਕ ਅੱਡਰੀ ਧਾਰਨਾ ਹੈ। ਉਹ ਕਲਾ ਲਈ ਇਕ ਨਿਸਚਿਤ ਦ੍ਰਿਸ਼ਟੀਕੋਣ ਦੀ ਅਵਸ਼ਕਤਾ ਨੂੰ ਤਾਂ ਮੰਨਦਾ ਹੈ ਪਰੰਤੂ ਪ੍ਰਚਾਰ ਦਾ ਮਾਧਿਅਮ ਨਹੀਂ ਮੰਨਦਾ।

ਹਰਸਰਨ ਸਿੰਘ ਵਿਸ਼ਵ ਪੱਧਰ 'ਤੇ ਹੋ ਰਹੇ ਨਾਟਕਾਂ ਵਿਚਲੇ ਕਲਾ ਅਤੇ ਰੰਗਮੰਚੀ ਪ੍ਰਯੋਗਾਂ ਤੋਂ ਜਾਣੂੰ ਹੈ ਅਤੇ ਉਹਨਾਂ ਨੂੰ ਆਪਣੀ ਨਾਟਕ-ਰਚਨਾ ਵੇਲੇ ਅਪਣਾ ਰਿਹਾ ਹੈ। ਹਰਸਰਨ ਸਿੰਘ ਦੇ ਨਾਟਕ ਇਸ ਪ੍ਰਕਾਰ ਹਨ— 'ਜਿਗਰਾ', 'ਫੁੱਲ ਕੁਮਲਾ ਗਿਆ', 'ਅਪਰਾਧੀ', 'ਉਦਾਸ ਲੋਕ', 'ਦੋਜ਼ਖੀ', 'ਸਬੰਧ', 'ਲੰਮੇ ਸਮੇਂ ਦਾ ਨਰਕ', 'ਨਿਜ਼ਾਮ ਸੱਕਾ', 'ਕੁਲਛਣੇ', 'ਰਾਜਾ', 'ਇਕਾਈ ਦਹਾਈ ਸੈਂਕੜਾ' ਆਦਿ।

ਘੁੰਮਣ, ਸੇਠੀ ਅਤੇ ਹਰਸਰਨ ਸਿੰਘ ਤੋਂ ਇਲਾਵਾ ਇਸ ਦੂਜੀ ਪੀੜ੍ਹੀ ਦੇ ਹੋਰ ਨਾਟਕਕਾਰ ਹਨ, ਪਰਿਤੋਸ਼ ਗਾਰਗੀ, ਗੁਰਚਰਨ ਸਿੰਘ ਜਾਸੂਜਾ, ਭਾਗ ਸਿੰਘ, ਪਾਂਧੀ ਨਨਕਾਣਵੀ ਅਤੇ ਬਲਬੀਰ ਸਿੰਘ ਆਦਿ।

ਆਤਮਜੀਤ, ਅਜਮੇਰ ਸਿੰਘ ਔਲਖ ਤੇ ਚਰਨ ਦਾਸ ਸਿੱਧੂ ਦੇ ਪੰਜਾਬੀ ਨਾਟਕ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਪੰਜਾਬੀ ਨਾਟਕ ਵਿਚ ਇਕ ਨਵਾਂ ਮੋੜ ਆਇਆ ਹੈ। ਪੰਜਾਬੀ ਨਾਟਕ ਖੇਤਰ ਵਿਚ ਨਵੀਂ ਭਾਂਤ ਦੇ ਵਿਸ਼ੇ ਨੇ ਜਨਮ ਲਿਆ ਹੈ ਅਤੇ ਇਹਨਾਂ ਨਾਲ ਤੀਜੀ ਪੀੜ੍ਹੀ ਦਾ ਪ੍ਰਵੇਸ਼ ਹੁੰਦਾ ਹੈ।

ਆਤਮਜੀਤ ਨੇ ਆਪਣੇ ਨਾਟਕਾਂ ਵਿਚ ਸ਼ਹਿਰੀ ਜੀਵਨ ਸਬੰਧੀ ਨਵੇਂ ਪ੍ਰਯੋਗ ਕੀਤੇ ਹਨ। ਉਹ ਮਹਿਸੂਸ ਕਰਦਾ ਹੈ ਕਿ ਮਨੁੱਖ ਨਿਰਾ ਮੁਲੰਮਾ ਹੈ, ਬਾਹਰਲਾ ਵਿਖਾਵਾ ਹੈ ਅਤੇ ਅਧੂਰਾ ਚਿੰਨ੍ਹ ਹੈ। ਆਪਣੇ ਨਾਟਕਾਂ ਵਿਚ ਉਸ ਨੇ ਅਜੋਕੇ ਮਨੁੱਖ ਦੀਆਂ ਅੰਦਰਲੀਆਂ ਜ਼ਹਿਰਾਂ, ਅਤ੍ਰਿਪਤੀਆਂ ਅਤੇ ਆਪਹੁਦਰੀਆਂ ਦਾ ਚਿੰਨ੍ਹਾਤਮਕ ਪ੍ਰਗਟਾ ਕੀਤਾ ਹੈ। ਆਤਮਜੀਤ ਨੇ ਪੰਜਾਬੀ ਨਾਟਕ ਨੂੰ ਚਿੰਤਨ ਵੱਲ ਮੋੜਿਆ ਹੈ ਅਤੇ ਸਮੱਸਿਆ ਦਾ ਵਿਸ਼ਲੇਸ਼ਣ ਇਕ ਨਵੇਂ ਢੰਗ ਨਾਲ ਕੀਤਾ ਹੈ। ਆਤਮਜੀਤ ਨੇ ਮੁੱਢ ਵਿਚ 'ਐਬਸਰਡ ਦੇ ਥੀਏਟਰ' ਦੇ ਪ੍ਰਭਾਵ ਨੂੰ ਵੀ ਕਬੂਲਿਆ।

ਆਤਮਜੀਤ ਆਪਣੇ ਨਾਟਕਾਂ ਨੂੰ ਕਿਤਾਬੀ ਰੂਪ ਦੇਣ ਤੋਂ ਪਹਿਲਾਂ ਰੰਗਮੰਚ ’ਤੇ ਪੇਸ਼ ਕਰਦਾ ਹੈ ਅਤੇ ਉਸ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰ ਲੈਂਦਾ ਹੈ, ਇਸ ਲਈ ਆਖ ਸਕਦੇ ਹਾਂ ਕਿ ਆਤਮਜੀਤ ਦੇ ਨਾਟਕ ਰੰਗਮੰਚ ਦੀ ਕੁਠਾਲੀ ਵਿਚ ਢਲੇ ਹੁੰਦੇ ਹਨ। ਆਤਮਜੀਤ ਦੇ ਨਾਟਕ ਇਸ ਪ੍ਰਕਾਰ ਹਨ—‘ਕਬਰਸਤਾਨ’, ‘ਚਾਬੀਆਂ’, ‘ਹਵਾ ਮਹਿਲ’, ‘ਰਿਸ਼ਤਿਆਂ ਦਾ ਕੀ ਰੱਖੀਏ ਨਾਂ’, ‘ਸ਼ਹਿਰ ਬੀਮਾਰ ਹੈ’, ‘ਸੀਣਾਂ’, ‘ਫਰਸ਼ ਵਿਚ ਉਗਿਆ ਰੁੱਖ’, ਅਣਪ੍ਰਕਾਸ਼ਿਤ ਨਾਟਕ ‘ਅਜੀਤ ਰਾਮ’ ਤੇ ‘ਸਕੂਟਰੀ’।

ਅਜਮੇਰ ਸਿੰਘ ਔਲਖ ਨੇ ਮਲਵੱਈ ਉਪਭਾਸ਼ਾ ਵਿਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਸਮੱਸਿਆਵਾਂ, ਵਿਸ਼ੇਸ਼ ਕਰ ਕਿਰਸਾਣੀ ਜੀਵਨ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ। ਅਜਿਹੀਆਂ ਕਿਰਸਾਣੀ ਜੀਵਨ ਦੀਆਂ ਮੂਲ ਸਮੱਸਿਆਵਾਂ ਦਾ ਜ਼ਿਕਰ ਪੰਜਾਬੀ ਨਾਵਲਾਂ ਤੇ ਕਹਾਣੀ ਵਿਚ ਤਾਂ ਕੀਤਾ ਗਿਆ ਹੈ ਪਰੰਤੂ ਨਾਟਕਾਂ ਵਿਚ ਇਹਨਾਂ ਨੂੰ ਪੇਸ਼ ਕਰਕੇ ਔਲਖ ਨੇ ਪੰਜਾਬੀ ਨਾਟਕ ਖੇਤਰ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਹੈ।

ਅਜਮੇਰ ਸਿੰਘ ਔਲਖ ਦਾ ਮੰਚ ਪੱਖ ਸਾਦਾ, ਸੰਕੇਤਮਈ ਅਤੇ ਸੁਖਾਵੀਂ ਪ੍ਰਦਰਸ਼ਨੀ ਵਾਲਾ ਹੈ। ਇਸ ਦੇ ਨਾਟਕ ਰੰਗਮੰਚ ਪੱਖੋਂ ਸਫਲ ਨਾਟਕ ਹਨ ਅਤੇ ਇਹ ਵਿਕਸਿਤ ਅਵਿਕਸਿਤ, ਪੇਂਡੂ ਸ਼ਹਿਰੀ ਹਰ ਤਰ੍ਹਾਂ ਦੀ ਸਟੇਜ ’ਤੇ ਖੇਡੇ ਜਾ ਸਕਦੇ ਹਨ। ਅਜਮੇਰ ਸਿੰਘ ਔਲਖ ਦੇ ਨਾਟਕ-ਸੰਗ੍ਰਹਿ ਇਸ ਪ੍ਰਕਾਰ ਹਨ—‘ਅਰਬਦ ਨਰਬਦ ਧੁੰਦੂਕਾਰਾ’, ‘ਬੇਗਾਨੇ ਬੋਹੜ ਦੀ ਛਾਂ’, ‘ਅੰਨ੍ਹੇ ਨਿਸ਼ਾਨਚੀ’ ਅਤੇ ਵੱਡਾ ਨਾਟਕ ‘ਸੱਤ ਬੇਗਾਨੇ’।

ਚਰਨ ਦਾਸ ਸਿੱਧੂ ਇਸ ਪੀੜ੍ਹੀ ਦਾ ਅਗਲਾ ਪ੍ਰਮੁੱਖ ਨਾਟਕਕਾਰ ਹੈ, ਜਿਸ ਨੇ ਦਰਜਨ ਦੇ ਕਰੀਬ ਯਥਾਰਥਵਾਦੀ ਸ਼ੈਲੀ ਦੇ ਵੱਡੇ ਨਾਟਕ ਲਿਖੇ ਹਨ। ਉਹ ਦੁਆਬੀ ਉਪਭਾਸ਼ਾ ਨੂੰ ਵਰਤਦਾ ਹੈ ਅਤੇ ਉਸ ਦੇ ਬਹੁਤੇ ਨਾਟਕਾਂ ਦੇ ਪਾਤਰ ਪੰਜਾਬ ਦੇ ਖਿੱਤੇ ਦੁਆਬੇ ਨਾਲ ਸਬੰਧ ਰਖਦੇ ਹਨ। ਉਹ ਸਮਾਜਿਕ ਸਮੱਸਿਆਵਾਂ ਨੂੰ ਆਪਣੇ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ ਅਤੇ ਵਿਸ਼ੇਸ਼ ਕਰ ਵਹਿਮਾਂ-ਭਰਮਾਂ ਵਿਚ ਫਸੇ ਲੋਕਾਂ ਨੂੰ ਨਵੀਂ ਵਿਦਿਆ ਅਤੇ ਜੀਵਨ ਦ੍ਰਿਸ਼ਟੀ ਦਾ ਸੰਦੇਸ਼ ਪਹੁੰਚਾਉਂਦਾ ਹੈ। ਉਸ ਦੇ ਨਾਟਕ ਹਨ—‘ਕੱਲ੍ਹ ਕਾਲਜ ਬੰਦ ਰਹੇਗਾ’, ‘ਬਾਬਾ ਬੰਤੂ’, ‘ਭਜਨੋ’, ‘ਅੰਬੀਆਂ ਨੂੰ ਤਰਸੇਂਗੀ’, ‘ਪੰਜ ਖੂਹਾਂ ਵਾਲੇ’, ‘ਇੰਦੂ ਮਤੀ ਸਤਿਦੇਵ’, ‘ਲੇਖੂ ਕਰੇ ਕਵੱਲੀਆਂ’, ‘ਭਾਈਆ ਹਾਕਮ ਸਿੰਹੁ’, ‘ਮਸਤ ਮੋਘੋਵਾਲੀਆ’, ‘ਬਾਤ ਫੱਤੂ ਝੀਰ ਦੀ’ ਅਤੇ ਅਣਪ੍ਰਕਾਸ਼ਿਤ ਨਾਟਕ ‘ਸ਼ੈਕਸਪੀਅਰ ਦੀ ਧੀ’, ‘ਸ਼੍ਰੀਮਦ ਰੇਖਾ ਗ੍ਰੰਥ’ ਅਤੇ ‘ਜੀਤਾ ਫਾਹੇ ਲੱਗਣਾ’।

ਇਸ ਪੀੜ੍ਹੀ ਦਾ ਇਕ ਹੋਰ ਨਾਟਕਕਾਰ ਗੁਰਸ਼ਰਨ ਸਿੰਘ ਹੈ, ਜਿਸ ਨੇ ਇਕ ਰੰਗਕਰਮੀ ਦੇ ਤੌਰ ’ਤੇ ਆਪਣਾ ਥੀਏਟਰ ਜੀਵਨ ਸ਼ੁਰੂ ਕੀਤਾ ਅਤੇ ਮੁੜ ਅੱਠਵੇਂ ਦਹਾਕੇ ਵਿਚ ਉਪਰੋਕਤ ਪੀੜ੍ਹੀ ਦੇ ਸਮਾਨਾਂਤਰ ਨਾਟ-ਰਚਨਾ ਵੀ ਕੀਤੀ। ਉਸ ਦੇ ਪ੍ਰਮੁੱਖ ਨਾਟਕ ਹਨ—‘ਬੰਦ ਕਮਰੇ’, ‘ਚਾਂਦਨੀ ਚੌਕ ਤੋਂ ਸਰਹਿੰਦ ਤੀਕ’, ‘ਧਮਕ ਨਗਾਰੇ ਦੀ’, ‘ਸੀਸ ਤਲੀ ਤੇ’ ਅਤੇ ਪੰਜਾਬ ਸਮੱਸਿਆ ਨਾਲ ਸਿੱਧੇ ਸਬੰਧਤ ਲਘੂ ਨਾਟਕ ‘ਕਰਫਿਊ’, ‘ਪੰਘੂੜਾ’, ‘ਇੱਕੀਵੀਂ ਸਦੀ’ ਤੇ ‘ਰਾਜ ਸਾਹਿਬਾਂ ਦਾ’ ਆਦਿ।

ਤੀਜੀ ਪੀੜ੍ਹੀ ਦੇ ਉਪਰੋਕਤ ਚੌਹਾਂ ਨਾਟਕਕਾਰਾਂ ਦੇ ਸਮਾਨਾਂਤਰ ਅੱਠਵੇਂ ਦਹਾਕੇ ਵਿਚ ਪੰਜਾਬੀ ਨਾਟ-ਰਚਨਾ ਦੇ ਖੇਤਰ ਵਿਚ ਪ੍ਰਵੇਸ਼ ਕਰਨ ਵਾਲੇ ਹੋਰ ਪ੍ਰਮੁੱਖ ਨਾਂ ਹਨ—ਕਾਵਿ ਨਾਟਕਕਾਰ ਰਵਿੰਦਰ ਰਵੀ (ਬੀਮਾਰ ਨਦੀ, ਅੱਧੀ ਰਾਤ ਦੁਪਹਿਰ, ਦਰ ਦੀਵਾਰਾਂ, ਰੂਹ ਪੰਜਾਬ ਦੀ ਤੇ ਸਿਫ਼ਰ ਨਾਟਕ ਆਦਿ) ਸੀ.ਐਲ.ਨਾਰੰਗ (‘ਸਾਹਿਬਾਂ’ ਤੇ

'ਉਰਮਿਲਾ' ਆਦਿ), ਅਮਰਜੀਤ ਗਰੇਵਾਲ (ਦੋ ਘੜੀਆਂ ਦਾ ਨਾਟਕ ਅਤੇ ਚੂਹੇ ਦੌੜ) ਅਤੇ ਤਰਸੇਮ ਨੀਲਗਿਰੀ (ਚੱਕਰਵਿਊ, ਲੰਮੀ ਸੜਕ ਲਾਹੌਰ ਦੀ ਅਤੇ ਛਿੜਿਆਂ ਦਾ ਗੀਤ)

ਪੰਜਾਬੀ ਵਿਚ ਇਸ ਸਮੇਂ ਨਾਟ ਰਚਨਾ ਦੇ ਪੱਖ ਤੋਂ ਕਾਫੀ ਸੰਤੋਖ ਵਾਲੀ ਸਥਿਤੀ ਹੈ। ਕਈ ਨਵੇਂ ਨਾਟਕਕਾਰਾਂ ਨੇ ਪੰਜਾਬੀ ਨਾਟਕ ਖੇਤਰ ਵਿਚ ਪ੍ਰਵੇਸ਼ ਕੀਤਾ ਹੈ, ਜਿੰਨ੍ਹਾਂ ਵਿਚੋਂ ਦਰਸ਼ਨ ਮਿਤਵਾ, ਡਾ.ਸਾਧੂ ਸਿੰਘ, ਨਵਨਿੰਦਰਾ ਬਹਿਲ, ਰਮਾ ਰਤਨ, ਸਰਬਜੀਤ ਬੇਦੀ, ਮਨਜੀਤਪਾਲ ਕੌਰ, ਸੁਦਰਸ਼ਨ ਮੈਣੀ ਅਤੇ ਡਾ.ਸਤੀਸ਼ ਕੁਮਾਰ ਵਰਮਾ ਗਿਣਨ ਯੋਗ ਹਨ, ਜਿੰਨ੍ਹਾਂ ਤੋਂ ਪੰਜਾਬੀ ਨਾਟਕ ਨੂੰ ਆਸਾਂ ਹਨ।

## ਪੰਜਾਬੀ ਇਕਾਂਗੀ

ਉਂਜ ਤਾਂ ਇਕਾਂਗੀ ਨਾਟਕ ਪੱਛਮ ਵਿਚ ਵੀ ਇਕ ਨਵੀਂ ਸਾਹਿਤਕ ਕਾਢ ਹੈ ਅਤੇ 19ਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਪੈਦਾ ਹੋਈ ਕਲਾ ਹੈ, ਪਰੰਤੂ ਪੰਜਾਬੀ ਵਿਚ ਇਹ ਬਿਲਕੁਲ ਹੀ ਨਵੀਂ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਪ੍ਰਚੱਲਿਤ ਤੇ ਪ੍ਰਫੁੱਲਿਤ ਹੋਈ ਹੈ। ਤੀਹ ਚਾਲੀ ਸਾਲ ਦੇ ਸਮੇਂ ਵਿਚ ਹੀ ਬਹੁਤ ਸਾਰੇ ਇਕਾਂਗੀ ਨਾਟਕ ਲਿਖੇ ਗਏ ਤੇ ਸਟੇਜ 'ਤੇ ਖੇਡੇ ਗਏ।

ਪੰਜਾਬੀ ਇਕਾਂਗੀ ਦੇ ਲਿਖਣ ਵਿਚ ਈਸ਼ਵਰ ਚੰਦਰ ਨੰਦਾ (30.9.1892 ਤੋਂ 3.9.1966) ਪਹਿਲ ਕਰਦਾ ਹੈ। ਸਭ ਤੋਂ ਪਹਿਲਾਂ ਉਸ ਨੇ 'ਸੁਹਾਗ' ਨਾਂ ਦਾ ਇਕਾਂਗੀ 1913 ਵਿਚ ਲਿਖਿਆ ਤੇ ਸਟੇਜ ਕੀਤਾ। 'ਸੁਹਾਗ' ਵਸਤੂ ਦੇ ਬਣਤਰ ਦੀ ਦ੍ਰਿਸ਼ਟੀ ਤੋਂ ਉਤਮ ਕਿਰਤ ਹੈ। ਪੈਸੇ ਲੈ ਕੇ ਜਬਰ-ਵਿਆਹ ਇਸ ਦਾ ਮੂਲ ਵਿਸ਼ਾ ਹੈ। ਨੰਦਾ ਦੀ ਕਲਾ ਦੇ ਸਾਰੇ ਅੰਸ਼ਾਂ, ਯਥਾ ਲਟਕਾਅ, ਖੁੱਲ੍ਹਾ ਹਾਸਾ, ਕੜਾਕੇਦਾਰ ਤੇ ਵਾਸਤਵਿਕ ਵਾਰਤਾਲਾਪ ਤੇ ਤਿੱਖਾ ਗਰਮ ਕਾਰਜ ਉਸ ਵਿਚ ਆ ਗਏ ਹਨ। ਨੰਦਾ ਦੀਆਂ ਸਾਰੀਆਂ ਰਚਨਾਵਾਂ ਵਿਚੋਂ ਉਹ ਵਧੇਰੇ ਅਗਰਗਾਮੀ ਹੈ। ਇਸ ਤੋਂ ਪਿੱਛੋਂ ਉਸ ਦੇ ਇਕਾਂਗੀ ਸੰਗ੍ਰਹਿ 'ਝਲਕਾਰੇ' ਤੇ 'ਲਿਸ਼ਕਾਰੇ' ਛਪੇ ਹਨ।

ਪ੍ਰੋਫ਼ੈਸਰ ਨੰਦਾ ਦੇ ਦੋਵੇਂ ਇਕਾਂਗੀ ਸੰਗ੍ਰਹਿ ਆਪਣੇ ਵਿਸ਼ੇ ਤੇ ਰੂਪ ਦੇ ਪੱਖ ਤੋਂ ਉਸ ਦੇ ਪੂਰੇ ਨਾਟਕਾਂ ਵਾਲੀ ਤਕਨੀਕ ਦੇ ਹੀ ਧਾਰਨੀ ਹਨ।

ਇਸ ਤੋਂ ਬਾਅਦ ਡਾ.ਮੋਹਣ ਸਿੰਘ ਦੇ ਇਕਾਂਗੀ 'ਪੰਖੜੀਆਂ' ਨਾਂ ਦੀ ਪੁਸਤਕ ਵਿਚ ਛਪੇ। ਇਸ ਵਿਚ ਚਾਰ ਇਕਾਂਗੀ (ਗੁਰੂ, ਭਗਤਨ, ਆਤਮਾ ਆਦਿ ਹਨ) ਇਸ ਦੌਰਾਨ ਕਿਰਪਾ ਸਾਗਰ ਦੇ ਲਿਖੇ ਨਾਟਕ 'ਰਣਜੀਤ ਸਿੰਘ' ਦੇ ਅੰਤ ਵਿਚ 'ਝੂੰਗਾ' ਨਾਂ ਦਾ ਇਕਾਂਗੀ ਆਉਂਦਾ ਹੈ। ਇਹ ਇਕਾਂਗੀ ਉਪਹਾਸ ਦੀਆਂ ਹੱਦਾਂ ਨੂੰ ਛੂੰਹਦਾ ਹੈ ਅਤੇ ਬੜਾ ਹੀ ਰੌਚਕ ਅਤੇ ਉਸ ਸਮੇਂ ਦੇ ਦਰਸ਼ਕਾਂ ਦੀ ਪੱਧਰ ਅਨੁਕੂਲ ਹੈ।

ਅਸਲ ਵਿਚ ਇਕਾਂਗੀ ਦੀ ਰਚਨਾ 1930 ਈਸਵੀ ਤੋਂ ਬਾਅਦ ਸ਼ੁਰੂ ਹੁੰਦੀ ਹੈ ਅਤੇ ਇਸ ਦੌਰ ਦੇ ਸਭ ਤੋਂ ਪ੍ਰਤੀਨਿਧ ਇਕਾਂਗੀ ਲੇਖਕ ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ ਅਤੇ ਕਰਤਾਰ ਸਿੰਘ ਦੁੱਗਲ ਹਨ।

ਹਰਚਰਨ ਸਿੰਘ ਇਹਨਾਂ ਵਿਚੋਂ ਸਭ ਤੋਂ ਵਧੇਰੇ ਇਕਾਂਗੀ ਲਿਖਣ ਵਾਲਾ ਹੈ। ਇਸ ਦੇ ਤਿੰਨ ਇਕਾਂਗੀ ਸੰਗ੍ਰਹਿ—ਜੀਵਨ ਲੀਲ੍ਹਾ, ਸਪਤ ਰਿਸ਼ੀ, ਪੰਜ ਗੀਟੜਾ 1947 ਈ. ਤਕ ਛਪ ਚੁੱਕੇ ਸਨ। ਨਵਾਂ ਚਾਨਣ, ਮਨ ਦੀ ਮਨ ਵਿਚ, ਵਰ ਦੀ ਲੋੜ, ਲੁਕਣ ਮੀਟੀ, ਹੰਸ, ਸੰਦੇਸ਼ਾ, ਰੋਟੀ ਦਾ ਸਵਾਲ, ਦਿਲ ਦਰਿਆ, ਗਰੀਬ ਨਿਵਾਜ, ਬੇਜਾਨ ਚੀਜ਼ ਆਪ ਦੇ ਉਘੇ ਇਕਾਂਗੀ ਹਨ। ਹਰਚਰਨ ਸਿੰਘ ਇਕਾਂਗੀ ਨਾਲੋਂ ਪੂਰੇ ਨਾਟਕ ਲਿਖਣ ਵਿਚ ਵਧੇਰੇ ਸਫਲ ਹੈ।

ਸੰਤ ਸਿੰਘ ਸੇਖੋਂ (30.5.1908 ਤੋਂ 7.10.1997) ਆਪ ਦਾ ਕੇਵਲ ਇਕੋ ਇਕਾਂਗੀ ਸੰਗ੍ਰਹਿ 'ਛੇ ਘਰ' ਹੀ ਛਪਿਆ ਸੀ। ਬੁੱਧੀ-ਪ੍ਰਧਾਨ ਅੰਸ਼ ਦੀ ਪ੍ਰਬਲਤਾ ਕਰਕੇ ਦ੍ਰਿਸ਼ਟੀਕੋਣ ਵਜੋਂ ਸਮਾਜਵਾਦੀ ਯਥਾਰਥਵਾਦ ਨੂੰ ਅਪਣਾਉਣ ਕਰਕੇ ਅਤੇ ਹੋਰ ਨਾਟਕੀ ਗੁਣ ਰੱਖਣ ਕਰਕੇ ਸੇਖੋਂ ਦੀ ਕਲਾ ਨੂੰ ਇਸ ਕਾਲ ਦੀ ਪ੍ਰਤੀਨਿਧ ਕਲਾ ਕਿਹਾ ਜਾ ਸਕਦਾ ਹੈ। ਮਹਾਤਮ, ਹੜਤਾਲ, ਇਕ ਐਤਵਾਰ ਤੇ ਭਾਵੀ ਇਸ ਦੇ ਵਧੀਆ ਇਕਾਂਗੀ ਹਨ। ਇਹਨਾਂ ਨਾਟਕਾਂ ਨੂੰ ਦੇਖ ਕੇ ਅਸੀਂ ਸੰਤੁਸ਼ਟ ਹੋ ਜਾਂਦੇ ਹਾਂ ਕਿ ਇਸ ਵਿਚ ਪੂਰਾ ਕੁਝ ਜੋ ਆ ਸਕਦਾ ਸੀ, ਆ ਗਿਆ ਹੈ। ਬੌਧਿਕ ਨਾਟਕਾਂ ਵਿਚ ਜੋ ਘਾਟ ਕਾਰਜ ਦੀ ਰਹਿ ਜਾਂਦੀ ਹੈ, ਉਹ ਸੇਖੋਂ ਦੇ ਇਕਾਂਗੀਆਂ ਵਿਚੋਂ ਲੁਪਤ ਹੈ। ਜਿੱਥੇ ਕਿਤੇ ਇਸ ਤਰ੍ਹਾਂ ਦਾ ਸਰੀਰਕ ਕਾਰਜ ਨਹੀਂ ਸੀ ਆ ਸਕਦਾ, ਜਿਵੇਂ ਇਕ ਐਤਵਾਰ ਵਿਚ, ਉਥੇ ਵਾਰਤਾਲਾਪ ਦੀ ਚੁਸਤੀ ਅਤੇ ਸ਼ਿੰਗਾਰ ਨੇ ਇਸ ਨੂੰ ਪੂਰਾ ਕਰ ਦਿੱਤਾ ਹੈ। ਸੇਖੋਂ ਵਿਚ ਹਾਸਾ ਹੈ, ਪਰ ਅਸੀਂ ਉਸ ਨੂੰ ਬੌਧਿਕ ਭਾਂਤ ਦਾ ਹਾਸ-ਰਸ ਹੀ ਕਹਾਂਗੇ, ਜੋ ਵਿਸ਼ੇਸ਼ ਕਰਕੇ ਲਿੰਗ ਸਬੰਧੀ ਗੱਲਾਂ ਤੋਂ ਉਪਜਦਾ ਹੈ।

ਸੇਖੋਂ ਦੀ ਵਾਰਤਾਲਾਪ ਬੜੀ ਵਿਅੰਗ-ਭਰੀ, ਜ਼ੋਰਦਾਰ ਅਤੇ ਆਦਰਸ਼ਕ ਹੈ। ਇਹਨਾਂ ਨਾਟਕਾਂ ਦੀ ਵੱਡੀ ਸਿਫ਼ਤ ਘੱਟ ਪਾਤਰ ਤੇ ਥੋੜ੍ਹੀਆਂ ਝਾਕੀਆਂ ਕਰਕੇ ਹੈ।

ਬਲਵੰਤ ਗਾਰਗੀ (4.12.1916 ਤੋਂ 21.4.2003) ਬਲਵੰਤ ਗਾਰਗੀ ਨੂੰ ਵਧੇਰੇ ਕਰਕੇ ਪੂਰੇ ਨਾਟਕਾਂ ਦੇ ਲੇਖਕ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਇਸ ਕਾਲ ਵਿਚ ਬੇਬੇ ਤੇ ਕੁਆਰੀ ਟੀਸੀ, ਇਕਾਂਗੀਆਂ ਦੇ ਦੋ ਸੰਗ੍ਰਹਿ ਦਿੱਤੇ ਹਨ। ਉਸ ਦੀ ਸਫਲਤਾ ਨਰੋਏ ਵਿਸ਼ੇ-ਵਸਤੂ ਦੀ ਚੋਣ ਅਤੇ ਸਟੇਜ ਦੇ ਨਿਕਟ ਹੋਣ ਕਰਕੇ ਹੈ।

ਕਰਤਾਰ ਸਿੰਘ ਦੁੱਗਲ (1.3.1917 ਤੋਂ 26.1.2012) ਦੁੱਗਲ ਦੀ ਪੁਸਤਕ 'ਇਕ ਸਿਫ਼ਰ ਸਿਫ਼ਰ' ਵਿਚ ਛਣਕਾਰ, ਵੀਹ ਵਰ੍ਹੇ ਬਾਅਦ ਤੇ ਪੋਠੋਹਾਰਨ ਉਸ ਦੇ ਵਧੀਆ ਇਕਾਂਗੀ ਹਨ। ਆਪਣੇ ਕਾਵਿ-ਨਾਟਕਾਂ ਵਿਚ ਦੁੱਗਲ ਬਹੁਤਾ ਸਫਲ ਨਹੀਂ ਰਿਹਾ। ਉਸ ਦੀ ਕਵਿਤਾ ਫੁਸਫੁਸੀ ਤੇ ਢਿੱਲੀ ਹੈ। 'ਔਹ ਗਏ ਸਾਜਨ ਔਹ ਗਏ' ਨਾਂ ਦੇ ਸੰਗ੍ਰਹਿ ਵਿਚ ਉਸ ਦੇ ਰੇਡੀਓ ਨਾਟਕ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ (26.4.1895 ਤੋਂ 20.8.1977) ਇਸ ਦਾ ਇਕਾਂਗੀ 'ਪ੍ਰੀਤ ਮੁਕਟ' ਰੁਮਾਂਟਿਕ ਦ੍ਰਿਸ਼ਟੀ ਤੋਂ ਲਿਖਿਆ ਗਿਆ ਹੈ ਅਤੇ ਬਣਤਰ ਵਜੋਂ ਭਾਵੇਂ ਇਸ ਨੂੰ ਇਕਾਂਗੀ ਨਾਂਹ ਵੀ ਕਿਹਾ ਜਾਵੇ, ਵਸਤੂ ਵਜੋਂ ਇਹ ਮਹਾਨ ਕ੍ਰਿਤ ਹੈ। 'ਪੂਰਬ ਪੱਛਮ' ਇਸ ਦਾ ਇਕ ਹੋਰ ਇਕਾਂਗੀ ਹੈ, ਜਿਸ ਵਿਚ ਵੀ ਬਣਤਰ ਦਾ ਨੁਕਸ ਹੈ। 'ਸਾਡੀ ਹੋਣੀ ਦਾ ਲਿਸ਼ਕਾਰਾ' ਵਿਚ ਇਕ ਲੇਖਕ ਸਮਾਜਕ ਦ੍ਰਿਸ਼ਟੀ ਨੂੰ ਅਪਣਾਉਂਦਾ ਹੈ ਅਤੇ ਸ਼੍ਰੇਣੀ-ਯੁੱਧ ਦਾ ਸਪਸ਼ਟ ਰੂਪ ਵਿਚ ਵਰਣਨ ਕਰਦਾ ਹੈ।

– – – – –

## ਆਧੁਨਿਕ ਗਲਪ ਸਾਹਿਤ/ਨਾਵਲ

ਨਾਵਲ ਮਹਾਂ-ਕਾਵਿ ਦਾ ਉਤਰ-ਅਧਿਕਾਰੀ ਹੈ ਅਤੇ ਆਧੁਨਿਕ ਸਾਹਿਤ ਦਾ ਪ੍ਰਮੁੱਖ ਪ੍ਰਤੀਨਿਧ ਸਾਹਿਤਕ ਰੂਪ ਵੀ। ਪੱਛਮ ਵਿਚ ਨਾਲਵ ਪਿਛਲੀਆਂ ਕੁਝ ਸਦੀਆਂ ਤੋਂ ਹੀ ਪ੍ਰਚੱਲਿਤ ਹੋਇਆ ਹੈ ਅਤੇ ਪੰਜਾਬੀ ਨਾਵਲ ਦਾ ਜਨਮ ਪੱਛਮੀ ਸਾਹਿਤ ਦੇ ਪਏ ਪ੍ਰਭਾਵਾਂ ਦਾ ਹੀ ਸਿੱਟਾ ਹੈ।

ਹਰ ਸਮਾਜ ਵਿਚ ਨਾਵਲ ਰਚਨਾ ਉਦੋਂ ਹੀ ਆਰੰਭ ਹੁੰਦੀ ਹੈ ਜਦੋਂ ਸਮਾਜ ਵਿਚ ਚੇਤਨਤਾ ਆ ਜਾਵੇ। ਇਹ ਚੇਤਨਤਾ ਸਮਾਜ ਵਿਚ ਪੂੰਜੀਵਾਦੀ ਆਰਥਿਕ ਪ੍ਰਬੰਧ ਦੇ ਆ ਜਾਣ ਨਾਲ ਆਰੰਭ ਹੁੰਦੀ ਹੈ। ਇਸ ਲਈ ਨਾਵਲ ਕਾਲ ਨੂੰ ਅਸੀਂ ਪੂੰਜੀਵਾਦੀ ਸਮਾਜ ਦੀ ਉਪਜ ਹੀ ਮੰਨਦੇ ਹਾਂ।

ਪਹਿਲੋਂ ਪਹਿਲ ਨਾਵਲਾਂ ਵਿਚ ਕਿਸੇ ਮਨੁੱਖ ਦੇ ਜੀਵਨ ਸਬੰਧੀ ਸਾਖੀਆਂ ਵਰਗੇ ਬਿਰਤਾਂਤ ਹੁੰਦੇ ਸਨ। ਇਸ ਅਵਸਥਾ ਨੂੰ ਨਾਵਲਾਂ ਦਾ ਮੁਢਲਾ ਇਤਿਹਾਸਕ ਪੜਾ ਕਹਿ ਸਕਦੇ ਹਾਂ।

ਭਾਈ ਵੀਰ ਸਿੰਘ (5.12.1872 ਤੋਂ 10.6.1957) ਨੇ ਇਤਿਹਾਸਕ ਨਾਵਲ 'ਸੁੰਦਰੀ', 'ਬਿਜੈ ਸਿੰਘ' ਤੇ 'ਸਤਵੰਤ ਕੌਰ' ਸਭ ਤੋਂ ਪਹਿਲਾਂ ਲਿਖੇ। ਇਹਨਾਂ ਨਾਵਲਾਂ ਵਿਚ 18ਵੀਂ ਸਦੀ ਦੇ ਉਸ ਸਮੇਂ ਦੀਆਂ ਘਟਨਾਵਾਂ ਦਾ ਜ਼ਿਕਰ ਹੈ ਜਦੋਂ ਪੰਜਾਬ ਵਿਚ ਸਿੱਖ ਜ਼ੁਲਮ ਸਹਿੰਦੇ ਅਤੇ ਅਨਿਆਂ ਦਾ ਟਾਕਰਾ ਕਰਦੇ ਹੋਏ ਵੀ ਉਨਤੀ ਵੱਲ ਜਾ ਰਹੇ ਸਨ। ਇਹ ਨਾਵਲ ਪਾਤਰ-ਉਸਾਰੀ ਪੱਖੋਂ ਆਦਰਸ਼ਕ, ਘਟਨਾਵਾਂ ਵੱਲੋਂ ਰੁਮਾਂਟਿਕ ਅਤੇ ਦ੍ਰਿਸ਼ਟੀ ਵਜੋਂ ਸੁਧਾਰਕ ਹਨ। ਭਾਈ ਸਾਹਿਬ ਦੇ ਇਹ ਨਾਵਲ, ਪਾਤਰ-ਉਸਾਰੀ ਤੇ ਗੋਂਦ ਦੇ ਪੱਖ ਤੋਂ ਢਿੱਲੇ ਜ਼ਰੂਰ ਹਨ ਪਰੰਤੂ ਨਾਵਲ-ਕਲਾ ਦੇ ਇਤਿਹਾਸ ਦੀ ਮੁਢਲੀ ਅਵਸਥਾ ਅਤੇ ਪੰਜਾਬੀ ਸਮਾਜ ਦੀ ਪਛੜੀ ਹੋਈ ਦਸ਼ਾ ਨੂੰ ਮੁੱਖ ਰੱਖ ਕੇ ਅਜਿਹਾ ਹੋਣਾ ਅਨੁਚਿਤ ਨਹੀਂ ਜਾਪਦਾ। ਭਾਈ ਸਾਹਿਬ ਦਾ ਅਗਲਾ ਨਾਵਲ 'ਬਾਬਾ ਨੌਧ ਸਿੰਘ' ਸਮਾਜ ਸੁਧਾਰ ਦੇ ਆਸ਼ੇ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ ਅਤੇ ਉਸ ਸਮੇਂ ਵਿਚ ਜਦੋਂ ਹਿੰਦੂ ਮੁਸਲਮਾਨ ਅਤੇ ਸਿੱਖ ਧਾਰਮਿਕ ਲਹਿਰਾਂ ਦੇ ਪ੍ਰਭਾਵ ਥੱਲੇ ਆਪਣੇ ਧਰਮ ਦੀ ਉਚਤਾ ਨੂੰ ਸਿੱਧ ਕਰ ਰਹੇ ਸਨ, ਉਹਨਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਾ ਹੈ।

ਭਾਈ ਮੋਹਨ ਸਿੰਘ ਵੈਦ (7.3.1881 ਤੋਂ 3.10.1936) ਭਾਈ ਮੋਹਨ ਸਿੰਘ ਵੈਦ ਭਾਈ ਵੀਰ ਸਿੰਘ ਦਾ ਸਮਕਾਲੀ ਸੀ। ਉਸ ਨੇ ਉਸ ਸਮੇਂ ਦੀਆਂ ਸਮਾਜਿਕ ਤੇ ਧਾਰਮਿਕ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਕੁਝ ਮੌਲਿਕ, ਅਧਾਰਿਤ ਤੇ ਅਨੁਵਾਦਿਤ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। ਇਕ ਸਿੱਖ ਘਰਾਣਾ, ਸੁਖੀ ਪਰਿਵਾਰ, ਸ੍ਰੇਸ਼ਟ ਕੁਲਾਂ ਦੀ ਚਾਲ, ਸੁਸ਼ੀਲ ਵਿਧਵਾ, ਸੁਭਾਗ ਕੌਰ, ਦੰਪਤੀ ਪਿਆਰ, ਸੁਘੜ ਕੌਰ, ਵਕੀਲ ਦੀ ਕਿਸਮਤ, ਸੁਖਦੇਵ ਕੌਰ ਆਦਿ ਉਸ ਦੇ ਕੁਝ ਕੁ ਪ੍ਰਸਿੱਧ ਨਾਵਲ ਹਨ। ਧਾਰਮਿਕ ਤੇ ਸਦਾਚਾਰਕ ਸਮੱਸਿਆਵਾਂ ਨੂੰ ਕਰਤਾ ਨੇ ਬੜੀ ਸੂਝ ਨਾਲ ਚਿਤਰਿਆ ਹੈ ਅਤੇ ਆਪਣੇ ਆਸ਼ੇ ਅਨੁਕੂਲ ਸਿੱਟੇ ਵੀ ਕੱਢੇ ਹਨ।

ਚਰਨ ਸਿੰਘ ਸ਼ਹੀਦ (8.3.1891 ਤੋਂ 24.8.1935) ਦੇ ਨਾਵਲ ਦਲੇਰ ਕੌਰ (ਇਤਿਹਾਸਕ), ਚੰਚਲ ਮੂਰਤੀ ਤੇ ਦੋ ਵਹੁਟੀਆਂ (ਸਮਾਜ ਸੁਧਾਰਕ) ਪ੍ਰਕਾਸ਼ਿਤ ਹੋਏ। ਸ਼ਹੀਦ ਜੀ ਨੇ ਕੁਝ ਕੁ ਨਾਵਲ ਅਨੁਵਾਦ ਵੀ ਕੀਤੇ ਹਨ, ਜਿੰਨ੍ਹਾਂ ਵਿਚੋਂ ਜੋਗਣ, ਜਾਦੂਗਰਨੀ, ਜਗਤ ਤਮਾਸ਼ਾ, ਕੌਣ ਜਿੱਤਿਆ ਤੇ ਬਾਦਸ਼ਾਹੀ ਚੋਜ ਵਰਣਨ ਯੋਗ ਹਨ। ਚਰਨ ਸਿੰਘ ਸ਼ਹੀਦ, ਭਾਈ ਵੀਰ ਸਿੰਘ ਤੇ ਮੋਹਣ ਸਿੰਘ ਵੈਦ ਦੇ ਵਿਚਕਾਰ ਆ ਖਲੋਂਦਾ ਹੈ।

ਇਸ ਦੌਰ ਦੇ ਹੋਰ ਲੇਖਕ ਅਮਰ ਸਿੰਘ ਤੇ ਰੂਪ ਲਾਲ ਹਨ। ਅਮਰ ਸਿੰਘ ਛੋਟੀ ਨੂੰਹ, ਘਰ ਦਾ ਨਿਰਬਾਹ ਤੇ ਪ੍ਰੇਮ ਕੌਰ ਆਦਿ ਤੇ ਰੂਪ ਲਾਲ ਦਾ ਬੀਰ ਸਿੰਘ, ਸਾਡਾ ਵਿਸ਼ੇਸ਼ ਧਿਆਨ ਖਿਚਦੇ ਹਨ। ਰਾਜਸੀ ਸੰਗਰਾਮ ਤੋਂ ਪ੍ਰੇਰਿਤ ਹੋ ਕੇ ਸ.ਹਰਬਖ਼ਸ਼ ਸਿੰਘ ਨੇ ਆਪਣਾ ਨਾਵਲ ਸ਼ਕੁੰਤਲਾ ਅਰਥਾਤ ਆਜ਼ਾਦੀ ਪ੍ਰਾਪਤੀ ਲਿਖਿਆ। ਇਹ ਨਾਵਲ ਆਪਣੇ ਆਕਾਰ ਵਿਚ ਪੰਜਾਬੀ ਨਾਵਲਾਂ ਵਿਚੋਂ ਸਭ ਤੋਂ ਵੱਡਾ ਹੈ ਅਤੇ ਇਸ ਵਿਚ ਭਾਰਤੀ ਸੁਤੰਤਰਤਾ ਲਈ ਚਲਾਈ ਗਈ ਲਹਿਰ ਦੇ ਪਹਿਲੇ ਦੌਰਾਂ ਦਾ ਜ਼ਿਕਰ ਆਉਂਦਾ ਹੈ। ਇਹ ਪੰਜਾਬੀ ਵਿਚ ਆਪਣੀ ਕਿਸਮ ਦਾ ਪਹਿਲਾ ਨਾਵਲ ਹੈ।

ਪ੍ਰੋ.ਪੂਰਨ ਸਿੰਘ (18.2.1881 ਤੋਂ 31.3.1931) ਨੇ ਇਸ ਕਾਲ ਵਿਚ ਇਕ ਲਘੂ ਨਾਵਲ 'ਚੁਪ ਪ੍ਰੀਤ' ਲਿਖਿਆ, ਜੋ ਬੋਲੀ ਤੇ ਵਿਸ਼ੇ ਦੇ ਪੱਖ ਤੋਂ ਭਾਵੇਂ ਭਾਈ ਵੀਰ ਸਿੰਘ ਦੀ ਛਾਪ ਦੀ ਸਾਖੀ ਭਰਦਾ ਹੈ, ਪਰ ਅਧਿਆਤਮਕ ਪ੍ਰੀਤੀ ਤੇ ਪ੍ਰਤੀਤੀ ਦਾ ਅਜਿਹਾ ਸੁੰਦਰ ਕਥਨ ਘੱਟ ਹੀ ਕਿਸੇ ਗਲਪ ਦਾ ਵਿਸ਼ਾ ਬਣਿਆ ਹੋਵੇਗਾ। ਇਹ ਗੁਰੂ ਨਾਨਕ ਦੇਵ ਜੀ ਦੇ ਵਰੋਸਾਏ ਇਕ ਅਫ਼ਗਾਨ ਦੰਪਤੀ ਦੀ ਕਹਾਣੀ ਹੈ, ਜੋ ਬਗ਼ਦਾਦ ਦੇ ਗੁਰੂ ਸਵਾਰੇ ਪੀਰ ਤੋਂ ਨਾਮ ਦੀ ਅਮੁੱਲੀ ਦਾਤ ਪ੍ਰਾਪਤ ਕਰਦੇ ਹਨ। ਇਸ ਨਾਵਲ ਵਿਚ ਭਾਵੇਂ ਕੁਝ ਕਾਂਡਾਂ ਵਿਚ ਦਾਰਸ਼ਨਿਕ ਵਿਚਾਰ ਆਏ ਹਨ ਪਰ ਇਸ ਦੀ ਸਮੁੱਚੀ ਸ਼ੈਲੀ ਤੇ ਵਰਣਨ ਬੜਾ ਆਨੰਦ-ਵਰਧਕ ਤੇ ਆਕਰਸ਼ਕ ਹੈ।

ਮਾਸਟਰ ਤਾਰਾ ਸਿੰਘ (24.6.1886 ਤੋਂ 22.11.1967) ਦੇ 'ਪ੍ਰੇਮ ਲਗਨ' ਤੇ 'ਬਾਬਾ ਤੇਗ਼ਾ ਸਿੰਘ' ਇਸ ਕਾਲ ਦੇ ਦੋ ਹੋਰ ਪ੍ਰਸਿੱਧ ਨਾਵਲ ਹਨ। ਬਾਬਾ ਤੇਗ਼ਾ ਸਿੰਘ ਸਿੱਖ ਇਤਿਹਾਸ ਨਾਲ ਸਬੰਧਤ ਹੋਣ ਕਰਕੇ ਇਤਿਹਾਸਕ ਨਾਵਲ ਹੈ ਅਤੇ ਪ੍ਰੇਮ ਲਗਨ ਵਿਚ ਅਕਾਲੀ ਲਹਿਰ ਵੇਲੇ ਦੇ ਹਾਲਾਤ ਦੱਸੇ ਗਏ ਹਨ। ਪ੍ਰੋ.ਨੰਦਾ ਦੇ ਨਾਵਲ 'ਮੁਰਾਦ' ਤੇ 'ਤੇਜ ਕੌਰ', ਮੀਰਾਂ ਬਖ਼ਸ਼ ਮਿਨਹਾਸ ਦਾ 'ਨਵਾਬ ਖ਼ਾਂ', ਪ੍ਰਿੰ.ਨਿਰੰਜਨ ਸਿੰਘ ਦਾ 'ਪ੍ਰੇਮ ਕਣੀ' ਪਹਿਲੇ ਦੌਰ ਦੇ ਯਤਨ ਕਹੇ ਜਾ ਸਕਦੇ ਹਨ। ਸਰ ਜੋਗਿੰਦਰ ਸਿੰਘ ਦਾ 'ਕਾਮਨੀ' ਤੇ 'ਕਮਲਾ' ਵੀ ਵਿਸ਼ੇਸ਼ ਵਰਣਨ ਦੇ ਪਾਤਰ ਹਨ। ਜੋਸ਼ੂਆ ਫ਼ਜ਼ਲ ਦੀਨ ਦਾ ਨਾਵਲ 'ਪ੍ਰਭਾ' ਸਫਲ ਢੰਗ ਦੀ ਮਨੋਵਿਗਿਆਨਿਕ ਰਚਨਾ ਹੈ। ਗੁਰਬਖ਼ਸ਼ ਸਿੰਘ ਦੀ 'ਅਣਵਿਆਹੀ ਮਾਂ' ਨੇ ਵੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

ਨਾਨਕ ਸਿੰਘ (4.7.1897 ਤੋਂ 28.12.1971) ਪੰਜਾਬੀ ਨਾਵਲ ਕਲਾ ਦਾ ਸਭ ਤੋਂ ਉਘਾ ਤੇ ਮੌਲਿਕ ਲੇਖਕ ਨਾਨਕ ਸਿੰਘ ਹੈ। ਆਪ ਨੇ 1947 ਤਕ ਲਗਭਗ ਡੇਢ ਦਰਜਨ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ। ਇਹਨਾਂ ਦੇ ਬਹੁਤੇ ਨਾਵਲ ਮੱਧ ਸ਼੍ਰੇਣੀ ਨਾਂਲ ਸਬੰਧ ਰਖਦੇ ਹਨ ਅਤੇ ਉਹਨਾਂ ਦੇ ਜੀਵਨ ਦੀ ਵਿਆਖਿਆ ਕਰਦੇ ਹਨ। ਜੇ ਨਾਨਕ ਸਿੰਘ ਨੂੰ ਹੇਠੀ ਸ਼ਹਿਰੀ ਮੱਧ-ਸ਼੍ਰੇਣੀ ਦਾ ਪ੍ਰਤੀਨਿਧ ਨਾਵਲਕਾਰ ਕਹਿ ਦਿੱਤਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਉਹ ਇਸ ਸ਼੍ਰੇਣੀ ਦੀ ਨਿਰੀ ਪ੍ਰਤੀਨਿਧਤਾ ਹੀ ਨਹੀਂ ਕਰਦਾ, ਸਗੋਂ ਵਕਾਲਤ ਵੀ ਕਰਦਾ ਹੈ। ਆਪ ਦੇ ਇਕ ਦੋ ਨਾਵਲਾਂ ਤੋਂ ਛੁੱਟ ਬਹੁਤ ਘੱਟ ਨਾਵਲ ਪੇਂਡੂ ਜੀਵਨ ਨਾਲ ਸਬੰਧ ਰਖਦੇ ਹਨ, ਜਿਨ੍ਹਾਂ ਵਿਚੋਂ 'ਚਿੱਟਾ ਲਹੂ' ਇਕ ਕਿਹਾ ਜਾ ਸਕਦਾ ਹੈ। ਪਰ ਉਸ ਵਿਚ ਵੀ ਕਿਉਂ ਜੋ ਲੇਖਕ ਨੂੰ ਪੇਂਡੂ ਜੀਵਨ ਦਾ ਪੂਰਾ ਅਨੁਭਵ ਨਹੀਂ, ਇਸ ਲਈ ਪੇਂਡੂ ਜੀਵਨ ਆਪਣੇ ਵਿਸਥਾਰ ਅਤੇ ਵਾਸਤਵਿਕ ਰੂਪ ਵਿਚ ਨਹੀਂ ਉਘੜ ਸਕਿਆ। ਆਪ ਦੇ ਕੁਝ ਕੁ ਪ੍ਰਸਿੱਧ ਨਾਵਲ ਚਿੱਟਾ ਲਹੂ, ਮਤਰੇਈ ਮਾਂ, ਕਾਗਤਾਂ ਦੀ ਬੇੜੀ, ਦੂਰ ਕਿਨਾਰਾ, ਜੀਵਨ ਸੰਗਰਾਮ, ਲਵ ਮੈਰਿਜ, ਗੰਗਾਜਲੀ ਵਿਚ ਸ਼ਰਾਬ, ਫ਼ੌਲਾਦੀ ਫੁੱਲ, ਪਵਿੱਤਰ ਪਾਪੀ, ਅੱਧ ਖਿੜਿਆ ਫੁੱਲ, ਗ਼ਰੀਬ ਦੀ ਦੁਨੀਆ, ਪਿਆਰ ਦੀ ਦੁਨੀਆ ਆਦਿ।

ਨਾਨਕ ਸਿੰਘ ਉਤੇ ਮੁਨਸ਼ੀ ਪ੍ਰੇਮ ਚੰਦ ਦਾ ਬੜਾ ਡੂੰਘਾ ਪ੍ਰਭਾਵ ਸੀ। ਆਪ ਨੂੰ ਨਾਵਲ ਰਚਨਾ ਦੀ ਲਗਨ ਹੀ ਉਸ ਦੇ ਪ੍ਰਭਾਵ ਹੇਠਾਂ ਲੱਗੀ। ਨਾਨਕ ਸਿੰਘ ਕਹਾਣੀ ਦੀ ਰੌਚਕਤਾ ਉਤੇ ਬਹੁਤ ਜ਼ੋਰ ਲਾ ਦਿੰਦਾ ਹੈ ਅਤੇ ਜਜ਼ਬਾਤੀ ਮੌਕਾ-ਮੇਲ ਦੀ ਵਰਤੋਂ ਨਾਲ ਆਪਣੇ ਨਾਵਲਾਂ ਵਿਚ ਫਿੱਕ ਨਹੀਂ ਪੈਣ ਦਿੰਦਾ। ਨਾਨਕ ਸਿੰਘ ਦੇ ਨਾਵਲਾਂ ਵਿਚ ਸੁਧਾਰ ਦੀ ਰੁਚੀ ਪ੍ਰਧਾਨ ਹੁੰਦੀ ਹੈ। ਅਸੀਂ ਉਸ ਦੇ ਨਾਵਲਾਂ ਨੂੰ ਸਮਾਜ-ਸੁਧਾਰਕ ਤੇ ਉਪਦੇਸ਼ਾਤਮਿਕ ਕਹਿ ਸਕਦੇ ਹਾਂ। ਪਾਤਰ ਉਸਾਰੀ ਵਿਚ ਨਾਨਕ ਸਿੰਘ ਬਹੁਤ ਘੱਟ ਯਥਾਰਥਵਾਦੀ ਹੈ। ਉਸ ਦੇ ਪਾਤਰ ਆਦਰਸ਼ਕ ਅਤੇ ਅਸਾਧਾਰਨ ਸੁਭਾ ਦੇ ਵਧਾਏ ਫੁਲਾਏ ਢਾਂਚੇ ਹੁੰਦੇ ਹਨ ਅਤੇ ਇਹ ਦੋਸ਼ ਜਿਹੜੇ ਉਹ ਆਪਣੇ ਵਧੀਆ ਪਾਤਰ, ਯਥਾ, ਬਚਨ ਸਿੰਘ,

ਸੁੰਦਰੀ, ਸਰੋਜ, ਵਰਿਆਮ ਸਿੰਘ, ਮਾਸਟਰ ਬਲਵੰਤ ਤੇ ਕਿਦਾਰ ਨਾਥ ਆਦਿ ਗਿਣਦਾ ਹੈ, ਉਹਨਾਂ ਉਤੇ ਲਾਇਆ ਜਾ ਸਕਦਾ ਹੈ।

ਨਾਨਕ ਸਿੰਘ ਨੇ ਜਿਸ ਤਰ੍ਹਾਂ ਆਪਣੇ ਨਾਵਲਾਂ ਵਿਚ ਧਰਮ ਨਿਰਪੇਖ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਪ੍ਰਚਾਰਿਆ ਹੈ, ਉਹ ਉਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਗਰੀਬਾਂ ਤੇ ਦੁਖੀਆਂ ਨਾਲ ਹਮਦਰਦੀ ਉਸ ਦੇ ਨਾਵਲਾਂ ਵਿਚ ਭਰਪੂਰ ਮਾਤਰਾ ਵਿਚ ਵੇਖੀ ਜਾ ਸਕਦੀ ਹੈ। ਸਮਕਾਲੀ ਸਮਾਜ ਦੀਆਂ ਸਮੱਸਿਆਵਾਂ ਤੇ ਸਮਾਜਕ ਬੁਰਾਈਆਂ ਦੇ ਅਨੇਕ ਪੱਖ ਉਸ ਦੀ ਨੀਝਵਾਨ ਦ੍ਰਿਸ਼ਟੀ ਤੇ ਸੁਹਿਰਦ ਸੁਧਾਰਵਾਦੀ ਭਾਵਨਾ ਦੁਆਰਾ ਇਹਨਾਂ ਨਾਵਲਾਂ ਵਿਚ ਭਲੀ-ਭਾਂਤ ਮੂਰਤੀਮਾਨ ਹੋਏ ਹਨ। ਉਪਰੋਕਤ ਦ੍ਰਿਸ਼ਟੀਕੋਣ ਤੋਂ ਵਾਚਿਆਂ ਨਾਨਕ ਸਿੰਘ ਨੂੰ ਠੀਕ ਅਰਥਾਂ ਵਿਚ ਸਮਾਜਕ ਨਾਵਲਾਂ ਦਾ ਪਿਤਾਮਾ ਜਾਂ ਸੰਸਥਾਪਕ ਮੰਨਿਆ ਜਾ ਸਕਦਾ ਹੈ।

1947 ਤਕ ਪੰਜਾਬੀ ਨਾਵਲ ਦੇ ਖੇਤਰ ਵਿਚ ਕੁਝ ਹੋਰ ਨਾਵਲਕਾਰ ਵੀ ਪ੍ਰਵੇਸ਼ ਕਰ ਚੁੱਕੇ ਸਨ, ਜਿਨ੍ਹਾਂ ਦੀ ਰਚਨਾ 1947 ਤੋਂ ਪਿੱਛੋਂ ਹੀ ਵਧੇਰੇ ਪ੍ਰਵਾਨ ਚੜ੍ਹੀ। ਪਰ ਮੁੱਖ ਰੂਪ ਵਿਚ ਸਾਡਾ ਨਾਵਲ ਯਥਾਰਥਵਾਦ ਵੱਲ ਮੋੜਾ ਖਾਣ ਲੱਗ ਪਿਆ ਸੀ ਤੇ ਨਾਨਕ ਸਿੰਘ ਦੀ ਉਪ-ਭਾਵੁਕਤਾ ਵਾਲੀ ਦ੍ਰਿਸ਼ਟੀ ਦਾ ਚੇਤੰਨ ਤੌਰ ’ਤੇ ਤਿਆਗ ਕੀਤਾ ਜਾਣ ਲੱਗ ਪਿਆ ਸੀ। ਯਥਾਰਥਵਾਦੀ ਨਾਵਲਕਾਰਾਂ ਵਿਚੋਂ ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਤੇ ਡਾ.ਗੁਰਚਰਨ ਸਿੰਘ ਦੇ ਨਾਂ ਵਿਸ਼ੇਸ਼ ਤੌਰ ’ਤੇ ਵਰਣਨ ਯੋਗ ਹਨ। ਸੁਰਿੰਦਰ ਸਿੰਘ ਨਰੂਲਾ ਦਾ ‘ਪਿਉ ਪੁੱਤਰ’ ਪੰਜਾਬੀ ਦਾ ਪਹਿਲਾ ਸਫਲ ਯਥਾਰਥਵਾਦੀ ਨਾਵਲ ਹੈ। ਇਸ ਵਿਚ ਅੰਮ੍ਰਿਤਸਰ ਦੇ ਜੀਵਨ ਦੀਆਂ ਦੋ ਪੁਸ਼ਤਾਂ ਦੇ ਯਥਾਰਥਵਾਦੀ ਜੀਵਨ ਢੰਗ ਦਾ ਵਰਣਨ ਹੈ। ਵਿਸਥਾਰ ਤੇ ਵੇਰਵਾ ਬੜਾ ਭਰਪੂਰ ਤੇ ਵਾਸਤਵਿਕ ਹੈ। ‘ਰੰਗ-ਮਹਲ’ ਵਿਚ ਉਸ ਨੇ ਬਾਹਰਲੇ ਯਥਾਰਥ ਦੇ ਨਾਲ ਮਨੋਵਿਗਿਆਨਕ ਯਥਾਰਥਵਾਦ ਨੂੰ ਵੀ ਆਪਣਾ ਵਿਸ਼ਾ ਬਣਾਇਆ ਹੈ।

‘ਲਹੂ-ਮਿੱਟੀ’ ਨੂੰ ਪੰਜਾਬੀ ਦੇ ਯਥਾਰਥਵਾਦੀ ਨਾਵਲ ਦੀ ਅਤਿ ਸਫਲ ਕਿਰਤ ਕਿਹਾ ਜਾ ਸਕਦਾ ਹੈ। ਇਸ ਵਿਚ ਸੰਤ ਸਿੰਘ ਸੇਖੋਂ ਨੇ ਪੰਜਾਬ ਦੇ ਕਿਰਸਾਣੀ ਜੀਵਨ ਵਿਚੋਂ ਇਕ ਮੁਜ਼ਾਰੇ ਦੇ ਛੋਟੇ ਪਰਿਵਾਰ, ਜੋ ਪੱਛਮੀ ਪੰਜਾਬ ਵਿਚ ਜਾ ਵਸਿਆ, ਦੇ ਜੀਵਨ-ਸੰਗਰਾਮ ਦਾ ਚਿੱਤਰ ਪੇਸ਼ ਕੀਤਾ ਹੈ ਅਤੇ ਕਿਰਸਾਣੀ ਜੀਵਨ ਦੀ ਕਠਿਨ-ਘਾਲ ਦਾ ਵਰਣਨ ਕੀਤਾ ਹੈ। ਵਿਜੈ ਸਿੰਘ, ਦਿਆ ਕੌਰ ਤੇ ਮਦਨ ਆਪਣੇ ਆਪਣੇ ਥਾਂ ਬੜੇ ਸਫਲ ਪਾਤਰ ਹਨ।

ਕਰਤਾਰ ਸਿੰਘ ਦੁੱਗਲ (1.3.1917 ਤੋਂ 26.1.2012) ਨੇ ਆਪਣੇ ਨਾਵਲ ‘ਆਂਦਰਾਂ’ ਵਿਚ ਯਥਾਰਥਵਾਦੀ ਢੰਗ ਨਾਲ ਸ਼੍ਰੇਣਿਕ ਸੰਗਰਾਮ ਤੇ ਮਨੋਵਿਗਿਆਨਕ ਅੰਤਰ ਸਬੰਧਾਂ ਦਾ ਜ਼ਿਕਰ ਕੀਤਾ ਹੈ। ਇਹ ਨਾਵਲ ਆਪਣੇ ਵਿਸ਼ੇ ਦੇ ਨਿਭਾ ਕਰਕੇ ਪੰਜਾਬੀ ਨਾਵਲ ਸਾਹਿਤ ਵਿਚ ਅਦੁੱਤੀ ਵਿਸ਼ੇਸ਼ਤਾ ਰਖਦਾ ਹੈ, ਭਾਵੇਂ ਕਿਤੇ ਕਿਤੇ ਕੁਝ ਪ੍ਰਕ੍ਰਿਤੀਵਾਦੀ ਕੋਝਾਂ ਦਾ ਵੀ ਸ਼ਿਕਾਰ ਹੈ।

ਜਸਵੰਤ ਸਿੰਘ ਕੰਵਲ (27.6.1919) ਤੇ ਨਰਿੰਦਰਪਾਲ ਸਿੰਘ (17.10.1924 ਤੋਂ 8.5.2003) ਜਸਵੰਤ ਸਿੰਘ ਤੇ ਨਰਿੰਦਰਪਾਲ ਸਿੰਘ ਦੋ ਹੋਰ ਨਾਵਲਕਾਰ ਹਨ, ਜਿਨ੍ਹਾਂ ਨੇ 1947 ਤੋਂ ਪਹਿਲਾਂ ਆਪਣੀਆਂ ਇੱਕਾ-ਦੁੱਕਾ ਰਚਨਾਵਾਂ ਰਚ ਕੇ ਨਾਨਕ ਸਿੰਘ ਦੇ ਉਤਰਾਧਿਕਾਰੀ ਤੇ ਛੋਟੇ ਸਮਕਾਲੀ ਦੇ ਰੂਪ ਵਿਚ ਮੈਦਾਨ ਵਿਚ ਆਉਣਾ ਸ਼ੁਰੂ ਕਰ ਦਿੱਤਾ ਸੀ। ਮਲਾਹ ਤੇ ਸੈਨਾਪਤੀ ਨਰਿੰਦਰਪਾਲ ਸਿੰਘ ਦੀਆਂ 1947 ਤੋਂ ਪਹਿਲਾਂ ਦੀਆਂ ਰਚਨਾਵਾਂ ਹਨ। ‘ਸੈਨਾਪਤੀ’ ਵਿਚ ਮੱਧਕਾਲ ਦੇ ਅਧੋਗਤੀ ਵਿਚ ਜਾ ਰਹੇ ਰਾਜਪੂਤੀ ਸਮਾਜ ਦਾ ਵਰਣਨ ਕੀਤਾ ਗਿਆ ਹੈ, ਜਿਸ

ਵਿਚ ਲੇਖਕ ਪੰਜਾਬ ਦੇ ਪੇਂਡੂ ਸਮਾਜ ਦੀ ਕੁੱਖ ਵਿਚ ਝਾਕਣ ਲਈ ਉਤਸੁਕ ਪ੍ਰਤੀਤ ਹੁੰਦਾ ਹੈ। ਯਥਾਰਥਵਾਦ ਦੇ ਨਾਲ ਨਾਲ ਆਦਰਸ਼ਵਾਦ ਤੇ ਰੁਮਾਂਸਵਾਦ ਵਿਚੋਂ ਵਿਸ਼ੇ ਲੈ ਕੇ ਕੁਝ ਸਫਲ ਰਚਨਾਵਾਂ ਕੀਤੀਆਂ ਹਨ।

ਇਸ ਕਾਲ ਵਿਚ ਦੋ ਹੋਰ ਵਰਣਨ ਯੋਗ ਨਾਵਲਕਾਰ ਮਹਿੰਦਰ ਸਿੰਘ ਕੰਵਰ ਕਰਤਾ 'ਜਵਾਰ ਭਾਟਾ' ਤੇ 'ਪੱਤਝੜ' ਤੇ ਪ੍ਰੀਤਮ ਸਿੰਘ ਭਾਟੀਆ ਕਰਤਾ 'ਤਕਸ਼ਿਲਾ' ਤੇ 'ਅਸ਼ੋਕ' ਹੋਏ ਪਰ ਇਹ ਦੋਵੇਂ 1947 ਤੋਂ ਪਿੱਛੋਂ ਕੋਈ ਨਾਵਲ ਰਚਨਾ ਨਾ ਕਰ ਸਕੇ।

ਨਾਨਕ ਸਿੰਘ ਸਮਕਾਲੀ ਜੀਵਨ ਵਿਚੋਂ ਵਿਸ਼ੇ ਲੈ ਕੇ ਵੀ ਆਪਣੇ ਪਹਿਲੇ ਸਮਾਜਿਕ ਸੁਧਾਰਵਾਦੀ ਰੰਗ ਨੂੰ ਨਹੀਂ ਛੱਡ ਸਕਿਆ। ਪਾਤਰ ਉਸਾਰੀ ਦੇ ਪੱਖ ਤੋਂ ਵੀ ਉਹ ਆਪਣੀ ਪਹਿਲੀ ਆਦਰਸ਼ਵਾਦੀ ਪ੍ਰਵਿਰਤੀ ਨੂੰ ਹੀ ਅਪਣਾਉਂਦਾ ਰਿਹਾ ਹੈ—ਗੁਣਾਤਮਕ ਦ੍ਰਿਸ਼ਟੀ ਤੋਂ ਉਸ ਦੀ ਨਾਵਲ ਕਲਾ ਨੇ ਬਹੁਤਾ ਵਿਕਾਸ ਨਹੀਂ ਕੀਤਾ। ਇਕ ਦੋ ਨਾਵਲਾਂ ਵਿਚ ਉਸ ਨੇ ਜ਼ਰੂਰ ਆਪਣੇ ਪਰੰਪਰਾਗਤ ਤੇ ਪ੍ਰਚੱਲਿਤ ਵਿਸ਼ਿਆਂ ਨੂੰ ਛੱਡ ਕੇ ਦੂਜੇ ਖੇਤਰਾਂ ਵਿਚੋਂ ਵੀ ਕੁਝ ਸਮੱਗਰੀ ਲਈ ਹੈ। ਵਿਸ਼ੇਸ਼ ਕਰਕੇ 'ਅਣਸੀਤੇ ਜ਼ਖ਼ਮ', 'ਇਕ ਮਿਆਨ ਦੋ ਤਲਵਾਰਾਂ' ਤੇ 'ਗਗਨ ਦਮਾਮਾ ਬਾਜਿਓ' ਵਿਚ, ਪਰ ਕਲਾਤਮਕ ਪੱਖ ਤੋਂ ਇਹਨਾਂ ਵਿਚ ਬਹੁਤਾ ਅੰਤਰ ਨਹੀਂ।

ਜਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ ਤੇ ਸੋਹਣ ਸਿੰਘ ਸੀਤਲ ਤਕਨੀਕ ਦੇ ਪੱਖ ਤੋਂ ਨਾਨਕ ਸਿੰਘ ਦੇ ਹੀ ਉਤਰਾਧਿਕਾਰੀ ਹਨ। ਕੰਵਲ ਵਿਚ ਇਹ ਸੁਧਾਰਵਾਦ ਮੱਧ ਸ਼੍ਰੇਣੀ ਦੇ ਆਸ਼ੇ ਦੇ ਨਾਲ-ਨਾਲ ਸਮਾਜਵਾਦੀ ਦ੍ਰਿਸ਼ਟੀਕੋਣ ਨੂੰ ਲੈਂਦਾ ਹੈ ਅਤੇ ਜਿੱਥੇ ਨਾਨਕ ਸਿੰਘ ਦੀ ਪਾਤਰ ਉਸਾਰੀ ਆਦਰਸ਼ਵਾਦੀ ਹੈ, ਉਥੇ ਉਹ ਯਥਾਰਥਵਾਦ ਨੂੰ ਨਿਭਾਉਣ ਦਾ ਯਤਨ ਕਰਦਾ ਹੈ। ਇਸ ਤੋਂ ਉਪਰੰਤ ਕੰਵਲ ਦੇ ਨਾਵਲ ਨਾਵਲ ਪਿੰਡਾਂ ਦੀ ਭੋਇੰ ਤੇ ਕਿਰਸਾਣੀ ਸਮਾਜ ਵਿਚ ਵਿਚਰਦੇ ਹਨ, ਪਰ ਕਲਾਤਮਕ ਪਹਿਲੂ ਇਹਨਾਂ ਦਾ ਕਮਜ਼ੋਰ ਹੈ। ਸਮਾਜਿਕ ਸਿਧਾਂਤਾਂ ਦਾ ਉਹ ਨਾਨਕ ਸਿੰਘ ਤੋਂ ਵਧੇਰੇ ਤੀਬਰਤਾ ਨਾਲ ਜਾਣੂ ਲਗਦਾ ਹੈ ਅਤੇ ਉਸ ਦੇ ਨਾਵਲਾਂ ਨੂੰ ਨਾਨਕ ਸਿੰਘ ਦੇ ਨਾਵਲਾਂ ਦਾ ਅਗਲਾ ਪੜਾ ਹੀ ਆਖਿਆ ਜਾ ਸਕਦਾ ਹੈ। ਨਰਿੰਦਰਪਾਲ ਸਿੰਘ ਕਲਾ ਪੱਖ ਤੋਂ ਨਾਨਕ ਸਿੰਘ ਨਾਲ ਮਿਲਦਾ ਜਾਪਦਾ ਹੈ। ਉਸ ਦੀ ਕਲਾ ਵਿਚ ਵਿਕਾਸ ਵੀ ਹੋਇਆ ਹੈ। ਕੁਝ ਨਾਵਲਾਂ ਵਿਚ ਉਸ ਨੇ ਇਸਤਰੀ ਜਾਤੀ ਦੀਆਂ ਕੁਝ ਸਮੱਸਿਆਵਾਂ ਨੂੰ ਵਾਸਤਵਿਕ ਤੇ ਅਗਰਗਾਮੀ ਦ੍ਰਿਸ਼ਟੀਕੋਣ ਤੋਂ ਲਿਆ ਹੈ ਅਤੇ ਕੁਝ ਵਿਚ ਪਾਤਰਾਂ ਦੇ ਮਨੋਵਿਗਿਆਨਕ ਬਿੰਬ ਉਸਾਰੇ ਹਨ। ਉਸ ਦੇ ਇਤਿਹਾਸਕ ਨਾਵਲ ਨਿਵੇਕਲਾ ਸਥਾਨ ਬਣਾ ਗਏ ਹਨ। ਕੰਵਲ ਵਾਂਗ ਸੋਹਣ ਸਿੰਘ ਸੀਤਲ ਨੂੰ ਪਿੰਡਾਂ ਦੇ ਯਥਾਰਥਕ ਜੀਵਨ ਨਾਲ ਡੂੰਘਾ ਅਨੁਭਵ ਹੈ। ਉਹ ਆਪਣੇ ਨਾਵਲਾਂ ਵਿਚ ਪੇਂਡੂ ਜੀਵਨ ਦੀਆਂ ਭਾਵੁਕ ਸਮੱਸਿਆਵਾਂ ਤੇ ਚਲੰਤ ਰਾਜਸੀ ਲਹਿਰਾਂ ਦੇ ਪ੍ਰਭਾਵਾਂ ਨੂੰ ਆਪਣੇ ਨਾਵਲਾਂ ਵਿਚ ਸੁੰਦਰ ਭਾਂਤ ਅੰਕਿਤ ਕਰ ਸਕਿਆ ਹੈ। ਵਿਸ਼ੇਸ਼ ਕਰਕੇ 'ਤੂਤਾਂ ਵਾਲਾ ਖੂਹ' ਤੇ 'ਜੰਗ ਜਾਂ ਅਮਨ' ਵਿਚ। ਗਿਆਨੀ ਕੇਸਰ ਸਿੰਘ ਦੇ ਨਾਵਲ ਦੱਖਣ ਪੂਰਬੀ ਏਸ਼ੀਆ ਦੀ ਸੁਤੰਤਰਤਾ ਦੀਆਂ ਲਹਿਰਾਂ ਨਾਲ ਸਬੰਧਤ ਹਨ ਅਤੇ ਡੂੰਘੇ ਮਾਨਵਵਾਦੀ ਭਾਵਾਂ ਨਾਲ ਓਤਪ੍ਰੋਤ ਹਨ। ਉਸ ਦੀ ਨਾਵਲ ਰਚਨਾ ਨਾਲ ਪੰਜਾਬੀ ਗਲਪ ਸਾਹਿਤ ਨੂੰ ਨਰੋਆ ਤੇ ਬਲਵਾਨ ਵਿਸ਼ਾ-ਵਸਤੂ ਪ੍ਰਾਪਤ ਹੋਇਆ ਹੈ ਅਤੇ ਯਥਾਰਥਵਾਦੀ ਬਿਰਤਾਂਤਕ ਕਲਾ ਦੇ ਉਤਮ ਨਮੂਨੇ ਹਨ। ਇਸੇ ਪਰੰਪਰਾ ਦਾ ਇਕ ਹੋਰ ਨਾਵਲਕਾਰ ਹਰੀ ਸਿੰਘ ਦਿਲਬਰ (1914 ਤੋਂ 11.11.1998), ਦ੍ਰਿਸ਼ਟੀਕੋਣ ਦੇ ਪੱਖ ਤੋਂ ਉਹ ਆਦਰਸ਼ਵਾਦੀ ਸੀ, ਪਰ ਉਹ ਪੇਂਡੂ ਸਮਾਜ ਦੀ ਆਤਮਾ ਨੂੰ ਸਮਝਣ ਤੇ ਅਨੁਭਵ ਕਰਨ ਵਾਲਾ ਨਾਵਲਕਾਰ ਸੀ। ਇਹ ਵਾਤਾਵਰਣ ਉਸ ਦੇ ਨਾਵਲ ਦੇ ਜੁੱਸੇ ਵਿਚ ਇਕ-ਜਾਨ ਹੋ ਜਾਂਦਾ ਹੈ।

ਅੰਮ੍ਰਿਤਾ ਪ੍ਰੀਤਮ ਰੁਮਾਂਟਿਕ-ਆਦਰਸ਼ਵਾਦੀ ਹੈ ਅਤੇ ਸ਼ੈਲੀ ਦਾ ਸੁਹਜ ਦੂਜੇ ਨਾਵਲਕਾਰਾਂ ਦੇ ਟਾਕਰੇ 'ਤੇ ਵਧੇਰੇ ਨਿਖੇੜ ਦਿੰਦੀ ਹੈ। ਨਵੇਂ ਨਾਵਲਾਂ ਵਿਚ ਅੰਮ੍ਰਿਤਾ ਪ੍ਰੀਤਮ ਨੇ ਸਥੂਲ ਯਥਾਰਥਵਾਦੀ ਤੇ ਜਿਨਸੀ ਭਾਵਾਂ ਦਾ ਖੁੱਲ੍ਹਾ ਤੇ ਉਕਸਾਊ ਵਰਣਨ ਕੀਤਾ ਹੈ।

ਪਰ ਅੱਜ ਦੀ ਵੱਡੀ ਵਿਸ਼ੇਸ਼ਤਾ ਯਥਾਰਥਵਾਦ ਵੱਲ ਨੂੰ ਮੋੜ ਹੈ। ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ, ਸੁਰਜੀਤ ਸਿੰਘ ਸੇਠੀ, ਕਰਤਾਰ ਸਿੰਘ ਦੁੱਗਲ, ਗੁਰਚਰਨ ਸਿੰਘ ਤੇ ਨਿਰੰਜਨ ਤਸਨੀਮ ਆਦਿ ਯਥਾਰਥਵਾਦੀ ਸਾਹਿਤ ਦਾ ਮੁੱਢ ਬੰਨ੍ਹਣ ਦਾ ਯਤਨ ਕੀਤਾ ਹੈ।

ਰਾਜਿੰਦਰ ਸਿੰਘ ਬੇਦੀ ਦੇ ਨਾਵਲ 'ਇਕ ਚਾਦਰ ਅੱਧੋਰਾਣੀ' ਤੇ ਖ਼ੁਸ਼ਵੰਤ ਸਿੰਘ 'ਪਾਕਿਸਤਾਨ ਮੇਲ' ਦੇ ਤਜਰਬੇ ਵਰਣਨ ਯੋਗ ਹਨ। ਯਥਾਰਥਵਾਦੀ ਨਾਵਲ ਕਿੰਨੀਆਂ ਕੁ ਭਾਵਾਤਮਕ ਡੂੰਘਾਈਆਂ ਛੂਹ ਸਕਦਾ ਹੈ, ਇਸ ਦੀ ਉਦਾਹਰਨ ਪੰਜਾਬੀ ਵਿਚ 'ਇਕ ਚਾਦਰ ਅੱਧੋਰਾਣੀ' ਵਿਚ ਪ੍ਰਸਤੁਤ ਹੈ। ਹਰਨਾਮ ਦਾਸ ਸਹਿਰਾਈ ਦੇ ਪ੍ਰਯੋਗ ਵੀ ਬੜੇ ਦਲੇਰਾਨਾ ਤੇ ਨਿਵੇਕਲੇ ਹਨ।

ਗੁਰਦਿਆਲ ਸਿੰਘ ਦਾ 'ਮੜ੍ਹੀ ਦਾ ਦੀਵਾ', 'ਅਣਹੋਏ' ਆਦਿ ਵੀ ਵਰਣਨ ਯੋਗ ਕ੍ਰਿਤਾਂ ਹਨ। ਸੁਰਿੰਦਰਜੀਤ ਬਰਾੜ ਤੇ ਮਨਜੀਤ ਸਿੰਘ ਰਾਣਾ ਨੇ ਵੀ ਯਥਾਰਥਵਾਦੀ ਪ੍ਰਵਿਰਤੀਆਂ ਨੂੰ ਨਵੇਂ ਰੰਗ ਵਿਚ ਉਭਾਰਿਆ ਹੈ। ਮੋਹਨ ਕਾਹਲੋਂ ਦੇ ਨਾਵਲ ਗੂਹੜੀ ਰੰਗਤ ਤੇ ਜਿਨਸੀ ਭਾਵਾਂ ਦੇ ਖੁੱਲ੍ਹੇ ਬਿਆਨ ਕਾਰਨ ਵੱਖਰੇ ਰੰਗ ਵਾਲੇ ਹਨ। ਕਈ ਵਾਰ ਯਥਾਰਥ, ਆਦਰਸ਼ ਸਵੈ-ਅਨੁਭੂਤੀ ਦੀ ਤਿੱਖੀ ਚੇਤਨਤਾ ਤੇ ਗੋਂਦ ਦੇ ਵਰਣਨ ਦਾ ਸਹਿਜ ਪ੍ਰਵਾਹ, ਸੰਗਠਿਤ ਰੂਪ ਵਿਚ ਕੇਂਦਰਿਤ ਹੋ ਕੇ ਵਿਸਤ੍ਰਿਤ ਸੰਸਾਰ ਰਚ ਦਿੰਦਾ ਹੈ। ਜੋਤ ਖੁੱਸਣ ਤੋਂ ਪਿੱਛੋਂ ਲਿਖਿਆ ਗਿਆ ਕਿਰਪਾਲ ਸਿੰਘ ਕਸੇਲ ਦਾ ਨਾਵਲ 'ਵਾਰਡ ਨੰਬਰ ਦਸ' ਇਸ ਨਵੇਂ ਰੂਪ ਦੀ ਵੰਨਗੀ ਦਾ ਹੀ ਨਾਵਲ ਕਿਹਾ ਜਾ ਸਕਦਾ ਹੈ।

ਪੰਜਾਬੀ ਨਾਵਲ ਵਿਚ ਦੂਜੀ ਪ੍ਰਵਿਰਤੀ ਇਤਿਹਾਸਕ ਨਾਵਲਾਂ ਵੱਲ ਰੁਚੀ ਹੈ। ਨਰਿੰਦਰਪਾਲ ਸਿੰਘ, ਹਰਨਾਮ ਦਾਸ ਸਹਿਰਾਈ, ਇੰਦਰ ਸਿੰਘ ਚੱਕਰਵਰਤੀ, ਸੋਹਣ ਸਿੰਘ ਸੀਤਲ ਤੇ ਸੁਰਿੰਦਰ ਸਿੰਘ ਨਰੂਲਾ ਨੇ ਵੀ ਇਸ ਪਾਸੇ ਧਿਆਨ ਦਿੱਤਾ ਹੈ। ਅਜਿਹੇ ਨਾਵਲਾਂ ਦੀ ਨੀਂਹ ਭਾਈ ਵੀਰ ਸਿੰਘ ਰੱਖੀ ਸੀ, ਪਰ ਭਾਈ ਸਾਹਿਬ ਦਾ ਦ੍ਰਿਸ਼ਟੀਕੋਣ ਸੰਕੀਰਣਤਾ ਵਾਲਾ ਸੀ। ਹੁਣ ਜਜ਼ਬਾਤੀ ਪੱਧਰ ਨੂੰ ਛੱਡ ਕੇ ਨਿਰੋਲ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਨਾਵਲ ਲਿਖੇ ਜਾ ਰਹੇ ਹਨ। ਇਹਨਾਂ ਇਤਿਹਾਸਕ ਨਾਵਲਾਂ ਦਾ ਵੱਡਾ ਲਾਭ ਇਹ ਹੋਵੇਗਾ ਕਿ ਪੰਜਾਬ ਦੇ ਜੀਵਨ ਦਾ ਬਹੁਤ ਸਾਰਾ ਪੱਖ ਜੋ ਹਾਲੀ ਸਾਡੇ ਸਾਹਿਤ ਦਾ ਅੰਗ ਨਹੀਂ ਬਣ ਸਕਿਆ ਅਤੇ ਜਿਸ ਵਿਚ ਕਲਾ ਸੰਪੰਨ ਸਾਹਿਤ ਉਪਜਾਉਣ ਦੀ ਸੰਭਾਵਨਾ ਮੌਜੂਦ ਹੈ, ਇਸ ਦੇ ਕਲਾਵੇ ਵਿਚ ਆ ਜਾਵੇਗੀ। ਦੂਜੇ ਦੇਸ਼ਾਂ ਤੇ ਹੋਰ ਭਾਰਤੀ ਪ੍ਰਦੇਸ਼ਕ ਭਾਸ਼ਾਵਾਂ ਵਿਚੋਂ ਨਾਵਲ ਦੇ ਹੋਏ ਅਨੁਵਾਦ ਸ਼ਲਾਘਾਯੋਗ ਪ੍ਰਵਿਰਤੀ ਦੇ ਸੂਚਕ ਹਨ, ਜਿਸ ਨਾਲ ਪੰਜਾਬੀ ਨਾਵਲ ਅਵੱਸ਼ ਭਰਪੂਰ ਹੋਇਆ ਹੈ। ਪੰਜਾਬੀ ਨਾਵਲ ਵਿਚ ਕੁਝ ਦੂਜੇ ਦੇਸ਼ਾਂ ਨਾਲ ਸਬੰਧਤ ਵਿਸ਼ੇ ਆ ਰਹੇ ਹਨ। ਗਿਆਨੀ ਕੇਸਰ ਸਿੰਘ ਦਾ ਨਾਵਲ 'ਲਹਿਰ ਵਧਦੀ ਗਈ', ਦੂਜੇ ਮਹਾਂ-ਯੁੱਧ ਸਮੇਂ ਮਲਾਇਆ ਦੇ ਸੁਤੰਤਰਤਾ ਸੰਗਰਾਮ ਨਾਲ ਸਬੰਧ ਰਖਦਾ ਹੈ। ਸੋਹਣ ਸਿੰਘ ਸੀਤਲ ਦਾ 'ਕਾਲੇ ਪਰਛਾਵੇਂ' ਮਲੇਸ਼ੀਆ ਦੇ ਜੀਵਨ ਨਾਲ ਅਤੇ 'ਬਾਬਾ ਹਰੀ ਸਿੰਘ ਉਸਮਾਨ' ਵੀ ਹਿੰਦ ਚੀਨ ਦੇਸ਼ਾਂ ਨਾਲ ਸਬੰਧਤ ਹੈ। ਇਸੇ ਤਰ੍ਹਾਂ ਨਰਿੰਦਰਪਾਲ ਸਿੰਘ ਦੇ ਨਾਵਲ 'ਅਮਨ ਦੇ ਰਾਹ' ਵਿਚ ਬਰਮਾ ਵਿਚ ਦੂਜੇ ਮਹਾਂ-ਯੁੱਧ ਦੇ ਸਮੇਂ ਦਾ ਵਰਣਨ ਮਿਲਦਾ ਹੈ।

ਦੇਵਿੰਦਰ ਸਤਿਆਰਥੀ ਦਾ ਨਾਵਲ 'ਘੋੜਾ ਬਾਦਸ਼ਾਹ' ਅਨਾਵਲ ਦਾ ਇਕ ਨਵਾਂ ਤਜਰਬਾ ਹੈ। ਸੁਖਬੀਰ ਦੀ ਦੇਣ ਇਕ ਨਿਵੇਕਲੇ ਅਰਥ ਰਖਦੀ ਹੈ। ਉਸ ਦਾ ਚਿੰਤਨ ਗੰਭੀਰਤਾ ਵਾਲਾ ਅਤੇ ਸ਼ੈਲੀ ਆਧੁਨਿਕ ਮੁਹਾਂਦਰੇ ਵਾਲੀ ਹੈ। ਦੋਵੇਂ ਨਾਵਲਕਾਰਾਂ ਦੇ ਆਗਮਨ ਨਾਲ ਪੰਜਾਬੀ ਨਾਵਲ ਵਿਚ ਵਧੇਰੇ ਡੂੰਘਾਈ, ਬਹੁ-ਪਖਤਾ ਤੇ ਭਰਪੂਰਤਾ ਆ ਗਈ ਹੈ। ਸਥਾਨਕ ਰੰਗ ਦਾ ਗੂੜ੍ਹਾਪਣ ਅਤੇ ਮਨੋਵਿਸ਼ਲੇਸ਼ਣ ਦਾ ਸੰਘਣਾਪਣ, ਬੌਧਿਕ ਤਰਕ ਤੇ ਸੂਖਮ ਵਿਅੰਗ ਆਦਿ ਨਾਲ ਪੰਜਾਬੀ ਨਾਵਲ ਦੇ ਨਵੇਂ ਅਰਥ-ਵਿਸਥਾਰ ਨੂੰ ਗ੍ਰਹਿਣ ਕੀਤਾ ਹੈ, ਨਵੇਂ ਆਧੁਨਿਕ ਰੰਗ ਨਿਖਾਰੇ ਹਨ।

### ਨਾਨਕ ਸਿੰਘ ਤੇ ਉਸ ਦੇ ਉਤਰਾਧਿਕਾਰੀ

ਨਾਨਕ ਸਿੰਘ (4.7.1897 ਤੋਂ 28.12.1971) ਨੇ ਇਸ ਕਾਲ ਵਿਚ ਵੀ ਉਸ ਜੋਸ਼ ਤੇ ਉਤਸ਼ਾਹ ਨਾਲ ਉਪਨਿਆਸ ਰਚਨਾ ਜਾਰੀ ਰੱਖੀ, ਜਿਸ ਨਾਲ ਕਿ ਉਸ ਨੇ ਇਸ ਕਲਾ ਨੂੰ ਆਰੰਭ ਕਰਕੇ ਪ੍ਰਵਾਨ ਚੜ੍ਹਾਇਆ ਸੀ। ਸਾਮਿਅਕ ਵਿਸ਼ਿਆਂ ਦੇ ਨਾਲ ਨਾਲ ਉਸ ਨੇ ਕੁਝ ਆਰਥਿਕ ਤੇ ਰਾਜਸੀ ਸਮੱਸਿਆਵਾਂ ਨੂੰ ਵੀ ਲਿਆ ਹੈ। 1947 ਵਿਚ ਫ਼ਿਰਕੂ ਫ਼ਸਾਦਾਂ ਤੇ ਉਹਨਾਂ ਦੇ ਪਰਿਣਾਮ ਵਜੋਂ ਵਾਪਰੀਆਂ ਅਮਾਨਵੀ ਘਟਨਾਵਾਂ ਸਭ ਤੋਂ ਪਹਿਲਾਂ ਉਸ ਦੀਆਂ ਮਾਨਵਵਾਦੀ ਭਾਵਨਾਵਾਂ ਨੂੰ ਹਲੂਣ ਗਈਆਂ ਤੇ ਉਸ ਨੇ ਇਸ ਮਾਰੂ ਹੱਤਿਆ-ਕਾਂਡ ਸਬੰਧੀ ਦੋ ਨਾਵਲ 'ਖ਼ੂਨ ਦੇ ਸੋਹਿਲੇ' ਅਤੇ 'ਅੱਗ ਦੀ ਖੇਡ' ਲਿਖੇ, ਜਿੰਨ੍ਹਾਂ ਵਿਚ ਇਕੋ ਪਰਿਵਾਰ ਦੇ ਪਾਤਰ ਪਹਿਲਾਂ ਰਾਵਲਪਿੰਡੀ ਦੇ ਇਲਾਕੇ ਤੇ ਫਿਰ ਅੰਮ੍ਰਿਤਸਰ ਵਿਚ ਵਾਪਰੀਆਂ ਉਪਦਰੀ ਘਟਨਾਵਾਂ ਬਾਰੇ ਆਪਣੇ ਪ੍ਰਤੀਕਰਮ ਤੇ ਅਨੁਭਵ ਦਰਸਾਉਂਦੇ ਹਨ। 'ਚਿੱਤ੍ਰਕਾਰ', 'ਪੁਜਾਰੀ' ਤੇ 'ਮੰਝਧਾਰ' ਆਦਿ ਨਾਵਲਾਂ ਵਿਚ ਉਸ ਨੇ ਸ਼ਰਨਾਰਥੀਆਂ ਦੇ ਮੁੜ ਵਸੇਬੇ, ਸਮਲਿੰਗ ਤੇ ਸੁਤੰਤਰਤਾ ਤੋਂ ਪਿੱਛੋਂ ਨਿੱਤ ਵਧਦੇ ਭ੍ਰਿਸ਼ਟਾਚਾਰ ਦਾ ਵਰਨਣ ਕੀਤਾ ਹੈ। 'ਕਟੀ ਹੋਈ ਪਤੰਗ', 'ਸੰਗਮ' ਤੇ 'ਆਦਮ ਖ਼ੋਰ' ਵਿਚ ਉਸ ਨੇ ਇਸਤਰੀ ਸਮਾਜ ਤੇ ਵਿਸ਼ੇਸ਼ ਕਰਕੇ ਉਸ ਉਪਰ ਹੋ ਰਹੇ ਅਨਿਆਏ ਦਾ ਜ਼ਿਕਰ ਕੀਤਾ ਹੈ ਅਤੇ ਇਸਤਰੀਆਂ ਨੂੰ ਸਾਹਸਵਾਨ ਬਣਨ ਦੀ ਪ੍ਰੇਰਨਾ ਕੀਤੀ ਹੈ। ਪਿਛਲੇ ਨਾਵਲ ਵਿਚ ਸਾਮਵਾਦੀ ਵਿਚਾਰਧਾਰਾ ਨੂੰ ਹੀ ਪ੍ਰਗਟਾਇਆ ਗਿਆ ਹੈ। 'ਨਾਸੂਰ' ਵਿਚ ਮਨੋਵਿਗਿਆਨਕ ਸਮੱਸਿਆ ਪ੍ਰਮੁੱਖ ਹੈ। ਇਸੇ ਦੌਰ ਦੇ ਉਸ ਦੇ ਦੋ ਲਘੂ ਉਪਨਿਆਸ 'ਅਣਸੀਤੇ ਜ਼ਖ਼ਮ' ਤੇ 'ਪੱਥਰ ਦੇ ਖੰਭ' ਵਿਸ਼ੇਸ਼ ਤੌਰ 'ਤੇ ਵਰਨਣ ਯੋਗ ਹਨ। ਪਹਿਲੇ ਵਿਚ ਉਤਰ ਪ੍ਰਦੇਸ਼ ਦੇ ਤਰਾਈ ਇਲਾਕੇ ਵਿਚ ਪੰਜਾਬੀ ਅਬਾਦਕਾਰਾਂ ਨਾਲ ਕੀਤੇ ਜਾ ਰਹੇ ਵਿਤਕਰੇ ਦਾ ਜ਼ਿਕਰ ਕੀਤਾ ਗਿਆ ਹੈ ਤੇ ਦੂਜੇ ਵਿਚ ਪ੍ਰੀਤ ਦਾ ਬੜਾ ਭਾਵੁਕ ਬਿਆਨ ਹੈ। 1960 ਤੋਂ ਪਿੱਛੋਂ ਦੀਆਂ ਰਚਨਾਵਾਂ ਵਿਚੋਂ 'ਕੋਈ ਹਰਿਆ ਬੂਟ ਰਿਹੋ ਰੀ', 'ਇਕ ਮਿਆਨ ਦੋ ਤਲਵਾਰਾਂ' ਤੇ 'ਗਗਨ ਦਮਾਮਾ ਬਾਜਿਓ' ਵਿਚ ਉਸ ਨੇ ਸੁਤੰਤਰਤਾ ਸੰਗਰਾਮ ਤੇ ਵਿਸ਼ੇਸ਼ ਕਰਕੇ ਕਰਤਾਰ ਸਿੰਘ ਸਰਾਭਾ ਦੇ ਗ਼ਦਰ ਪਾਰਟੀ ਦੇ ਸਾਮਰਾਜ ਵਿਰੋਧੀ ਅੰਦੋਲਨ ਨੂੰ ਆਪਣਾ ਵਿਸ਼ਾ ਬਣਾਇਆ ਹੈ। 'ਗਗਨ ਦਮਾਮਾ ਬਾਜਿਓ' 1965 ਦੇ ਹਿੰਦ-ਪਾਕਿ ਯੁੱਧ ਨਾਲ ਸਬੰਧਤ ਹੈ। 'ਆਸਤਕ ਨਾਸਤਕ', 'ਬੰਜਰ' ਤੇ 'ਮੰਝਧਾਰ' ਉਸ ਦੇ ਹੋਰ ਵਰਣਨ ਯੋਗ ਨਾਵਲ ਹਨ।

ਜਸਵੰਤ ਸਿੰਘ ਕੰਵਲ (23.6.1919) ਦਾ ਪ੍ਰੇਰਨਾ ਸਰੋਤ ਅਗਰਗਾਮੀ ਚੇਤੰਨਤਾ ਤੇ ਸਾਮਵਾਦੀ ਆਦਰਸ਼ ਹਨ। ਇਹੋ ਕਾਰਨ ਹੈ ਕਿ ਨਾਨਕ ਸਿੰਘ ਦੀ ਰਚਨਾ ਕਾਲ ਨਾਲ ਵਿਆਪਕ ਸਾਂਝ ਰਖਦਾ ਹੋਇਆ ਵੀ ਉਹ ਉਸ ਤੋਂ ਭਿੰਨ ਰੰਗ ਦੇਣ ਵਿਚ ਸਫਲ ਹੋਇਆ ਹੈ।

ਨਰਿੰਦਰਪਾਲ ਸਿੰਘ (17.10.1924 ਤੋਂ 8.5.2003), ਨਾਨਕ ਸਿੰਘ ਦਾ ਸਮਕਾਲੀ ਵੀ ਸੀ ਤੇ ਉਤਰਾਧਿਕਾਰੀ ਵੀ। ਇਸ ਕਾਲ ਵਿਚ ਉਸ ਨੇ ਚਾਰ ਸਮਾਜਿਕ ਨਾਵਲ 'ਇਕ ਰਾਹ ਇਕ ਪੜਾ', 'ਅਮਨ ਦੇ ਰਾਹ', 'ਸ਼ਕਤੀ', 'ਤ੍ਰੀਆ ਜਾਲ' ਲਿਖੇ ਹਨ, ਜਿੰਨ੍ਹਾਂ ਵਿਚੋਂ ਪਹਿਲੇ ਦੋ ਸਮਾਜਿਕ ਸਮੱਸਿਆਵਾਂ ਨਾਲ ਸਬੰਧਤ ਹਨ। ਜੀਵਨ ਵਿਚ ਆਏ ਖ਼ਲਾਅ ਨੂੰ ਭਰਨ ਲਈ ਕਿਹੜੀ ਸ਼ਕਤੀ ਕੰਮ ਕਰ ਸਕਦੀ ਹੈ, ਪ੍ਰੀਤ ਜਾਂ ਆਦਰਸ਼ ਅਤੇ ਜੰਗ ਕਿੰਨੀ ਭਿਅੰਕਰ ਤੇ ਕਰੂਰ ਹੈ, 'ਅਮਨ ਦੇ ਰਾਹ' ਵਿਚ ਇਸ ਵਿਸ਼ੇ ਨੂੰ ਨਿਭਾਇਆ ਗਿਆ ਹੈ। ਬਰ੍ਹਮਾ ਤੋਂ ਲੈ ਕੇ ਪੱਛਮੀ ਪੰਜਾਬ ਤਕ ਇਸ ਦੀ ਕਹਾਣੀ ਫੈਲੀ ਹੋਈ ਹੈ। 'ਸ਼ਕਤੀ' ਤੇ 'ਤ੍ਰੀਆ ਜਾਲ' ਵਿਚ ਇਸਤਰੀ ਦੀਆਂ ਸਮੱਸਿਆਵਾਂ ਨੂੰ ਲਿਆ ਗਿਆ ਹੈ, ਪਰ ਇਹਨਾਂ ਚੌਹਾਂ ਨਾਵਲਾਂ ਵਿਚ ਦੇਸ਼-ਵੰਡ ਦਾ ਜ਼ਿਕਰ ਕਿਸੇ ਨਾ ਕਿਸੇ ਤਰ੍ਹਾਂ ਆਇਆ ਹੈ, ਜਿੱਥੇ ਲੇਖਕ ਨੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਅਪਣਾਉਣ ਦਾ ਯਤਨ ਕੀਤਾ ਹੈ।

ਸੋਹਣ ਸਿੰਘ ਸੀਤਲ (7.8.1909 ਤੋਂ 23.9.1998) ਦਾ ਨਾਂ ਸਿੱਖ ਜਗਤ ਵਿਚ ਢਾਡੀ ਦੇ ਤੌਰ 'ਤੇ ਬੜਾ ਪ੍ਰਸਿੱਧ ਹੈ ਅਤੇ ਉਸ ਦੇ ਇਤਿਹਾਸਕ ਬਿਰਤਾਂਤ ਅਤੇ ਢਾਡੀ ਵਾਰਾਂ ਬੜੀਆਂ ਹਰਮਨ ਪਿਆਰੀਆਂ ਹਨ, ਪਰ ਨਾਵਲ ਕਲਾ ਦੇ ਖੇਤਰ ਵਿਚ ਉਸ ਦੀ ਦੇਣ ਬੜੀ ਵਿਸ਼ੇਸ਼ ਹੈ, ਜਿਸ ਕਾਰਨ ਉਸ ਨੇ ਨਾਨਕ ਸਿੰਘ ਦੇ ਉਧਾਧਿਕਾਰੀਆਂ ਵਿਚ ਆਪਣਾ ਨਿਵੇਕਲਾ ਸਥਾਨ ਬਣਾ ਲਿਆ ਹੈ। ਉਸ ਨੇ ਨਾਵਲ ਰਚਨਾ 1947 ਤੋਂ ਪਿੱਛੋਂ ਹੀ ਸ਼ੁਰੂ ਕੀਤੀ ਅਤੇ ਭਿੰਨ-ਭਿੰਨ ਵਿਸ਼ਿਆਂ ਨੂੰ ਅਪਣਾਇਆ।

ਕੇਸਰ ਸਿੰਘ ਕਨੇਡਾ (1.1.1912 ਤੋਂ 20.9.2006) ਸੁਤੰਤਰਤਾ ਕਾਲ ਦੇ ਪੰਜਾਬੀ ਨਾਵਲਕਾਰਾਂ ਵਿਚ ਕਨੇਡਾ ਨਿਵਾਸੀ ਕੇਸਰ ਸਿੰਘ ਦਾ ਯੋਗਦਾਨ ਬਹੁਤ ਵੱਡਾ ਹੈ। ਪੰਜਾਬੀ ਦੇ ਇਤਿਹਾਸਕ ਨਾਵਲਾਂ ਦੇ ਖੇਤਰ ਵਿਚ ਉਸ ਨੇ ਇਕ ਨਵੀਂ ਪਰੰਪਰਾ ਨੂੰ ਤੋਰਿਆ ਹੈ। ਉਸ ਦੇ ਬਹੁਤੇ ਇਤਿਹਾਸਕ ਨਾਵਲ 1914-15 ਦੀ ਗ਼ਦਰ ਪਾਰਟੀ ਲਹਿਰ ਨਾਲ ਸਬੰਧਤ ਹਨ, ਜਿਸ ਵਿਚ ਭਾਰਤ ਦੀ ਆਜ਼ਾਦੀ ਲਈ ਸੁਦੇਸ਼ ਅਤੇ ਵਿਦੇਸ਼ਾਂ ਵਿਚ ਕ੍ਰਾਂਤੀਕਾਰੀ ਸੰਗਰਾਮ ਜਥੇਬੰਦ ਕੀਤੇ ਅਤੇ ਬਹੁਤ ਸਾਰੇ ਗ਼ਦਰੀ ਸੂਰਬੀਰ ਤੇ ਇਨਕਲਾਬੀ ਸੁਤੰਤਰਤਾ ਸੰਗਰਾਮੀ ਦਿੱਤੇ।

ਨਾਨਕ ਸਿੰਘ ਦੇ ਉਤਰਾਧਿਕਾਰੀਆਂ ਵਿਚ ਹਰੀ ਸਿੰਘ ਦਿਲਬਰ, ਤਰਲੋਕ ਸਿੰਘ, ਸਾਧੂ ਸਿੰਘ ਹਮਦਰਦ, ਗਿਆਨੀ ਭਜਨ ਸਿੰਘ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਵੀ ਹਨ।

ਸੰਤ ਇੰਦਰ ਸਿੰਘ ਚੱਕਰਵਰਤੀ (1.7.1904 ਤੋਂ 7.3.1971) ਨੇ ਪੰਜਾਬੀ ਵਿਚ ਤਿੰਨ ਨਾਵਲ 'ਬੀਤ ਰਾਗ', 'ਅੜਬੰਗੀ' ਤੇ 'ਜੈ' ਦਿੱਤੇ ਹਨ। ਇਹ ਤਿੰਨੇ 'ਪਹਿਲਾ ਮਰਨ ਕਬੂਲ' ਵਿਚ ਸੰਕਲਿਤ ਹਨ ਅਤੇ ਨਾਮਧਾਰੀ ਲਹਿਰ ਨਾਲ ਸਬੰਧਤ ਹਨ।

ਸੁਰਿੰਦਰ ਸਿੰਘ ਨਰੂਲਾ (18.11.1917 ਤੋਂ 16.6.2007) ਨੇ ਆਪਣੇ ਨਾਵਲਾਂ 'ਪਿਉ-ਪੁੱਤਰ' ਤੇ 'ਰੰਗ ਮਹਲ' ਨਾਲ ਯਥਾਰਥਵਾਦੀ ਨਾਵਲਕਾਰ ਦੇ ਤੌਰ 'ਤੇ ਆਪਣੀ ਥਾਂ ਬਣਾ ਲਈ ਸੀ। ਅੰਮ੍ਰਿਤਸਰ ਦੇ ਸ਼ਹਿਰੀ ਸਮਾਜ ਨੂੰ ਉਸ ਨੇ ਬੜੀ ਡੂੰਘੀ ਨੀਝ ਨਾਲ ਵਾਚਿਆ ਹੈ ਤੇ ਇਸ ਦੀ ਕੁੱਖ ਵਿਚ ਬਦਲ ਰਹੀਆਂ ਆਰਥਿਕ ਪ੍ਰਸਥਿਤੀਆਂ ਦਾ ਉਸ ਨੇ ਡੂੰਘਾ ਵਿਸ਼ਲੇਸ਼ਣ ਕੀਤਾ ਹੈ। ਆਮ ਤੌਰ 'ਤੇ ਪੰਜਾਬੀ ਪਾਠਕਾਂ ਲਈ ਨਰੂਲਾ ਦੇ ਨਾਵਲਾਂ ਦੀ ਯਥਾਰਥਵਾਦੀ ਸ਼ੈਲੀ ਦੀ ਅਲੂਣੀ ਸਿਲ ਨੂੰ ਚੱਟਣਾ ਕਠਿਨ ਪ੍ਰਤੀਤ ਹੁੰਦਾ ਹੈ, ਪਰ ਸੂਖਮ ਬਿਰਤੀ ਵਾਲੇ ਬੌਧਿਕ ਪਾਠਕਾਂ ਲਈ ਨਰੂਲਾ ਸੋਚ ਜਗਾਊ ਵੀ ਸੀ ਅਤੇ ਸਮਕਾਲੀ ਯਥਾਰਥ ਦੇ ਸਮਾਜਿਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ ਵਿਸ਼ਲੇਸ਼ਣ ਵਿਚ ਉਹ ਸਪਸ਼ਟ ਦ੍ਰਿਸ਼ਟੀ ਨੂੰ ਅਪਣਾਉਂਦਾ ਰਿਹਾ ਹੈ। ਉਸ ਦਾ ਵਧੇਰੇ ਕਰਕੇ

ਦ੍ਰਿਸ਼ਟੀਕੋਣ ਇਤਿਹਾਸਕ ਪਦਾਰਥਵਾਦ ਦੇ ਸਮਾਜਿਕ ਦਰਸ਼ਨ ਉਤੇ ਆਧਾਰਿਤ ਹੁੰਦਾ ਸੀ। 'ਨੀਲੀਬਾਰ' ਉਸ ਦਾ ਸ਼ਾਹਕਾਰ ਹੈ, ਜਿਸ ਵਿਚ ਉਸ ਦਾ ਇਤਿਹਾਸਕ ਯਥਾਰਥਵਾਦ ਰੌਚਕ ਰੂਪ ਧਾਰਨ ਕਰ ਲੈਂਦਾ ਹੈ ਅਤੇ ਇਸ ਦੇ ਜੰਗਲੀ ਕਬੀਲਿਆਂ ਨਾਲ ਸਬੰਧਤ ਪਾਤਰ ਮੁਬਾਰਕ ਅਤੇ ਆਦਰਸ਼ਵਾਦੀ ਈਸਾਈ ਪਾਦਰੀ ਹੇਮਿਲਟਨ ਆਪਣੇ ਤੌਰ 'ਤੇ ਸਾਰਥਕ ਭੂਮਿਕਾ ਨਿਭਾਉਂਦੇ ਹਨ। ਨਰੂਲਾ ਦੇ ਕਈ ਨਾਵਲ ਤੇ ਬਹੁਤ ਸਾਰੀਆਂ ਦੇਸੀ ਤੇ ਵਿਦੇਸ਼ੀ ਭਾਸ਼ਾਵਾਂ ਵਿਚ ਪ੍ਰਕਾਸ਼ਤ ਹੋਏ ਹਨ ਅਤੇ ਉਸ ਦੇ ਨਾਵਲਾਂ ਉਤੇ ਡੂੰਘੀ ਆਲੋਚਨਾਤਮਕ ਚਰਚਾ ਹੋਈ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਅਤੇ ਵਿਸ਼ੇਸ਼ ਕਰਕੇ ਯਥਾਰਥਵਾਦੀ ਨਾਵਲਾਂ ਦੀ ਪਰੰਪਰਾ ਵਿਚ ਉਸ ਦਾ ਯੋਗਦਾਨ ਸੰਸਥਾਪਕ ਵਾਲਾ ਹੈ।

ਸੰਤ ਸਿੰਘ ਸੇਖੋਂ (30.5.1908 ਤੋਂ 7.10.1997) ਦਾ ਨਾਵਲ 'ਲਹੂ ਮਿੱਟੀ' ਪੰਜਾਬੀ ਦਾ ਪਹਿਲਾ ਪ੍ਰਮਾਣਿਕ ਨਾਵਲ ਹੈ, ਜਿਸ ਵਿਚ ਇਕ ਗਰੀਬ ਕਿਰਸਾਣ ਦੇ ਜੀਵਨ ਨੂੰ ਸਮਾਜਿਕ ਤੇ ਆਰਥਿਕ ਪਰਕਰਨ ਵਿਚ ਰੱਖ ਕੇ ਬਿਆਨਿਆ ਗਿਆ ਹੈ।

ਕਰਤਾਰ ਸਿੰਘ ਦੁੱਗਲ (1.3.1917 ਤੋਂ 26.1.2012) ਨੇ ਪੰਜਾਬੀ ਵਿਚ ਕਈ ਨਾਵਲ ਲਿਖ ਕੇ ਪੰਜਾਬੀ ਨਾਵਲ-ਕਲਾ ਨੂੰ ਵਿਸ਼ੇਸ਼ ਦੇਣ ਦਿੱਤੀ ਹੈ। 1947 ਤੋਂ ਪਹਿਲਾਂ ਲਿਖਿਆ ਗਿਆ 'ਆਂਦਰਾਂ' ਵਿਸ਼ੇਸ਼ ਤੌਰ 'ਤੇ ਆਪਣੇ ਵਿਸ਼ੇ-ਵਸਤੂ ਤੇ ਸੰਰਚਨਾ ਵਿਧੀ ਕਰਕੇ ਵਿਸ਼ੇਸ਼ ਸਥਾਨ ਰਖਦਾ ਹੈ।

ਗੁਰਚਰਨ ਸਿੰਘ (18.2.1917 ਤੋਂ 21.12.2009) ਕਰਤਾ 'ਵਗਦੀ ਸੀ ਰਾਵੀ' ਅਤੇ ਰਾਮ ਸਿੰਘ ਦੱਤ ਕਰਤਾ 'ਨਦੀ ਕਿਨਾਰੇ' ਦੋ ਹੋਰ ਵਰਣਨਯੋਗ ਨਾਵਲਕਾਰ ਹਨ। ਇਹਨਾਂ ਨੇ ਯਥਾਰਥਵਾਦੀ ਸ਼ੈਲੀ ਅਪਣਾਉਣ ਤੇ ਨਿਖਾਰਨ ਦਾ ਯਤਨ ਕੀਤਾ ਹੈ।

**ਇਸਤਰੀ ਨਾਵਲਕਾਰ**

ਅੰਮ੍ਰਿਤਾ ਪ੍ਰੀਤਮ (31.8.1919 ਤੋਂ 3.10.2005) ਨਾਵਲ ਰਚਨਾ ਵਿਚ ਵੀ ਅੰਮ੍ਰਿਤਾ ਪ੍ਰੀਤਮ ਦੀ ਇਕ ਨਿਵੇਕਲੀ, ਭਾਵੁਕ ਤੇ ਰੁਮਾਂਟਿਕ ਸ਼ੈਲੀ ਸਾਹਮਣੇ ਆਉਂਦੀ ਹੈ, ਜਿੰਨ੍ਹਾਂ ਵਿਚਲੀਆਂ ਕਾਵਿਕ ਛੁਹਾਂ ਕਾਰਨ ਉਹ ਆਪਣੇ ਪਾਠਕਾਂ ਨੂੰ ਬਹੁਤ ਹੱਦ ਤਕ ਟੁੰਬ ਜਾਂਦੀ ਹੈ। 'ਪਿੰਜਰ' (ਇਸ ਨਾਵਲ ਉਤੇ ਫਿਲਮਾਂਕਣ ਵੀ ਕੀਤਾ ਗਿਆ ਹੈ), 'ਡਾਕਟਰ ਦੇਵ', 'ਆਲ੍ਹਣਾ', 'ਅਸ਼ੂ', 'ਇਕ ਸੁਆਲ', 'ਬੰਦ ਦਰਵਾਜ਼ਾ', 'ਚੱਕ ਨੰਬਰ ਛੱਤੀ', 'ਰੰਗ ਦਾ ਪੱਤਾ', 'ਦਿਲ ਦੀਆਂ ਗਲੀਆਂ', 'ਇਕ ਸੀ ਅਨੀਤਾ', 'ਬੁਲਾਵਾ', 'ਜਲਾਵਤਨ', 'ਯਾਤਰੀ', 'ਜੇਬਕਤਰੇ', 'ਪੱਕੀ ਹਵੇਲੀ', 'ਅੱਕ ਦਾ ਬੂਟਾ', 'ਕੋਈ ਨਹੀਂ ਜਾਣਦਾ', 'ਇਹ ਸੱਚ ਹੈ', 'ਤੇਰ੍ਹਵਾਂ ਸੂਰਜ', 'ਉਨਿੰਜਾ ਦਿਨ', 'ਅੱਗ ਦੀ ਲਕੀਰ' ਆਦਿ ਉਸ ਦੇ ਕੁਝ ਵਰਣਨਯੋਗ ਨਾਵਲ ਹਨ।

ਸੁਰਿੰਦਰਜੀਤ ਬਰਾੜ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਤੇ ਬਲਵਿੰਦਰ ਜੀਤ ਹੋਰ ਵਰਣਨ ਯੋਗ ਇਸਤਰੀ ਨਾਵਲਕਾਰ ਹਨ।

ਦਲੀਪ ਕੌਰ ਟਿਵਾਣਾ (4.5.1932) ਨੇ ਕਹਾਣੀਕਾਰ ਦੇ ਤੌਰ 'ਤੇ ਆਪਣਾ ਸਥਾਨ ਬਣਾ ਲਿਆ ਹੈ, ਦੇ ਨਾਵਲ 'ਏਹੋ ਹਮਾਰਾ ਜੀਵਣਾ' ਤੇ 'ਅਗਨੀ ਪ੍ਰੀਖਿਆ' ਵੀ ਵਰਣਨ ਯੋਗ ਹਨ।

**ਨਵੀਨ ਨਾਵਲਕਾਰ**

ਸੁਰਜੀਤ ਸਿੰਘ ਸੇਠੀ (1.10.1928 ਤੋਂ 21.3.1995) ਇਕ ਬੰਨੇ ਯਥਾਰਥਵਾਦੀ ਨਾਵਲਕਾਰ ਸੀ, ਉਹ ਦੂਜੇ ਪਾਸੇ ਪ੍ਰਯੋਗਵਾਦੀ ਵੀ ਸੀ। ਉਸ ਦੇ ਨਾਵਲ 'ਇਕ ਸ਼ਹਿਰ ਦੀ ਗੱਲ', 'ਰੇਤ ਦਾ ਪਹਾੜ' ਤੇ 'ਕੰਧੀ ਉਤੇ ਰੁੱਖੜਾ' ਪਹਿਲੇ ਪੜਾ ਦੇ ਨਾਵਲ ਹਨ, ਜਿਨ੍ਹਾਂ ਵਿਚੋਂ ਪਹਿਲੇ ਦੋਹਾਂ ਵਿਚ ਭਾਰਤ ਦੇ ਪ੍ਰਸਿੱਧ ਉਦਯੋਗਿਕ ਨਗਰਾਂ ਦੇ ਧਨਾਢ ਜੀਵਨ ਦਾ ਵਰਣਨ ਕੀਤਾ ਗਿਆ ਹੈ ਅਤੇ ਉਸ ਭ੍ਰਿਸ਼ਟਾਚਾਰ ਉਤੇ ਪ੍ਰਕਾਸ਼ ਪਾਉਣ ਦਾ ਯਤਨ ਕੀਤਾ ਗਿਆ ਹੈ ਜੋ ਇਸ ਸਮਾਜ ਦੀ ਕੁੱਖ ਵਿਚ ਲਾਵੇ ਵਾਂਗ ਖੌਲ ਰਿਹਾ ਹੈ।

ਮਹਿੰਦਰ ਸਿੰਘ ਸਰਨਾ (25.7.1923 ਤੋਂ 28.1.2001) ਨੇ 'ਪੀੜਾਂ ਮੱਲੇ ਰਾਹ' ਤੇ 'ਕਾਗਾਂ ਦੇ ਕੰਢੇ' ਨਾਵਲ ਰਚੇ। 'ਪੀੜਾਂ ਮੱਲੇ ਰਾਹ' ਪੰਜਾਬੀ ਨਾਵਲ ਦੇ ਇਤਿਹਾਸ ਵਿਚ ਆਪਣੇ ਵਿਚਲੇ ਸਥਾਨਕ ਰੰਗ, ਹਾਸ ਤੇ ਵਿਅੰਗ ਦੀ ਰੁਮਾਂਟਿਕ ਆਦਰਸ਼ਵਾਦੀ ਭਾਵਨਾ ਕਾਰਨ ਬੜਾ ਹੀ ਪਿਆਰਾ ਤੇ ਵਧੀਆ ਨਾਵਲ ਹੈ, ਜਿਸ ਵਿਚ ਪਿਤਾ ਤੇ ਪੁੱਤਰ ਦੋਹਾਂ ਦੀ ਪ੍ਰੀਤ ਦਾ ਕੇਂਦਰ ਇਕ ਵਿਅਕਤੀ ਬਣ ਜਾਂਦਾ ਹੈ।

ਹਰਨਾਮ ਦਾਸ ਸਹਿਰਾਈ (13.4.1920 ਤੋਂ 13.1.2001) ਨੇ ਆਪਣੇ ਨਿਰਸੰਕੋਚ ਯਥਾਰਥਵਾਦੀ ਵਰਣਨ ਕਰਕੇ ਨਵੇਂ ਨਾਵਲਕਾਰਾਂ ਵਿਚ ਆਪਣੀ ਥਾਂ ਬਣਾ ਲਈ ਹੈ। 'ਸਫ਼ੈਦ ਪੋਸ਼' ਤੇ 'ਪਥਿਕ' ਵਿਚ ਉਸ ਨੇ ਉਚੇਰੀ ਮੱਧ-ਸ਼੍ਰੇਣੀ ਤੇ ਅਧਿਕਾਰੀ ਵਰਗ ਵਿਚ ਨਿੱਤ ਵਧ ਰਹੇ ਭ੍ਰਿਸ਼ਟਾਚਾਰ ਤੇ ਅਨੈਤਿਕ ਇਸਤਰੀ ਪੁਰਸ਼ ਸਬੰਧਾਂ ਦਾ ਜ਼ਿਕਰ ਕੀਤਾ ਹੈ।

ਗੁਰਦਿਆਲ ਸਿੰਘ ਨਾਲ ਪੰਜਾਬੀ ਨਾਵਲ ਦੀ ਯਥਾਰਥਵਾਦੀ ਪਰੰਪਰਾ ਵਿਚ ਨਵਾਂ ਮੋੜ ਆਇਆ। ਉਸ ਦਾ ਯਥਾਰਥਵਾਦ ਬੜਾ ਨਿੱਗਰ ਤੇ ਗੂੜ੍ਹੇ ਸਥਾਨਕ ਰੰਗਣ ਵਾਲੇ ਸਭਿਆਚਾਰਕ ਘਟਨਾਵਾਂ ਤੇ ਦ੍ਰਿਸ਼ਾਂ ਨਾਲ ਭਰਪੂਰ ਹੈ। ਉਸ ਦੇ ਪਾਤਰ ਜਨ ਸਾਧਾਰਨ ਤੇ ਨਿਮਨ ਸ਼੍ਰੇਣੀਆਂ ਵਿਚੋਂ ਉਠਦੇ ਹਨ ਅਤੇ ਹਰ ਇਕ ਆਪਣੇ ਵਿਸ਼ੇਸ਼ ਵਿਅਕਤਿਤਵ ਦਾ ਧਾਰਨੀ ਹੁੰਦਾ ਹੈ। ਆਪਣੇ ਪਹਿਲੇ ਨਾਵਲ 'ਮੜ੍ਹੀ ਦਾ ਦੀਵਾ' ਨਾਲ ਹੀ ਉਸ ਨੇ ਸੂਝਵਾਨ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਸੀ।

ਉਸ ਦਾ ਦੂਜਾ ਨਾਵਲ 'ਅਣਹੋਏ' ਉਸ ਦੀ ਪ੍ਰਮੁੱਖ ਕਿਰਤ ਹੈ, ਜਿਸ ਵਿਚ ਉਸ ਨੇ ਇਕ ਸ਼ਿਲਪੀ ਤਰਖਾਣ ਬਿਸ਼ਨੇ ਨੂੰ ਕੇਂਦਰੀ ਪਾਤਰ ਦੇ ਰੂਪ ਵਿਚ ਪੇਸ਼ ਕੀਤਾ ਹੈ, ਪਰ ਇਹ ਸਿਰੜੀ ਤੇ ਸੁਚੱਜਾ ਕਿਰਤੀ ਸ਼ਹਿਰ ਵਿਚ ਬਦਲ ਰਹੀਆਂ ਆਰਥਿਕ ਪ੍ਰਸਥਿਤੀਆਂ ਵਿਚ ਆਪਣੇ ਆਪ ਨੂੰ ਢਾਲ ਨਹੀਂ ਸਕਿਆ।

'ਅੱਧ ਚਾਨਣੀ ਰਾਤ' ਤੇ 'ਅੰਨ੍ਹੇ ਘੋੜੇ ਦਾ ਦਾਨ' ਵਿਚ ਵੀ ਉਸ ਨੇ ਮਾਲਵਾ ਭੂ-ਖੰਡ ਦੇ ਕਿਸਾਨਾਂ ਦੇ ਜੀਵਨ ਦੀਆਂ ਜਟਿਲ ਸਮੱਸਿਆਵਾਂ, ਵਿਸ਼ੇਸ਼ ਕਰਕੇ ਭੂਮੀ ਤੇ ਇਸਤਰੀ ਕਾਰਨ ਪੈਂਦੀਆਂ ਗੁੰਝਲਾਂ ਤੇ ਲੜਾਈ ਝਗੜਿਆਂ ਦਾ ਵਰਣਨ ਕੀਤਾ ਹੈ। 'ਅੰਨ੍ਹੇ ਘੋੜੇ ਦਾ ਦਾਨ' ਵਿਚ ਟੁੱਟ ਰਹੇ ਕਿਰਸਾਨੀ ਸਮਾਜ ਦੇ ਚਿੱਤਰ ਨੂੰ ਪੇਸ਼ ਕੀਤਾ ਹੈ। 'ਪਰਸਾ' ਉਸ ਦਾ ਬਹੁ-ਚਰਚਿਤ ਨਾਵਲ ਹੈ। ਇਸ ਵਿਚ ਵੀ ਮਾਲਵੇ ਦੇ ਇਕ ਪੇਂਡੂ ਬ੍ਰਾਹਮਣ ਦਾ ਜੀਵਨ ਬਿਰਤਾਂਤ ਹੈ, ਜੋ ਬਿਸ਼ਨੇ ਵਾਂਗ ਬੜਾ ਅੱਖੜ ਤੇ ਪੀਢੇ ਤੇ ਅਣਖੀ ਸੁਭਾ ਵਾਲਾ ਹੈ।

ਨਰਿੰਜਨ ਤਸਨੀਮ (1.5.1929) ਨੇ 'ਪਰਛਾਵੇਂ', 'ਕਸਕ', 'ਤ੍ਰੇੜਾਂ ਤੇ ਰੂਪ', 'ਇਕ ਹੋਰ ਨਵਾਂ ਸਾਲ' ਆਦਿ ਨਾਵਲ ਲਿਖੇ ਹਨ, ਜਿਨ੍ਹਾਂ ਵਿਚ ਪ੍ਰੀਤ ਦੇ ਕਲਪਿਤ ਆਦਰਸ਼ ਨੂੰ ਕੌੜੇ ਯਥਾਰਥ ਵਿਚ ਲਪੇਟ ਕੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਵਿਸ਼ੇਸ਼ ਕਰਕੇ ਇਸਤਰੀ ਦੇ ਮਾਨਸਿਕ ਪੱਖ, ਪਿਆਰ ਤੇ ਵਿਆਹੁਤਾ ਜੀਵਨ ਨਾਲ

ਸਬੰਧਤ ਮਨੋਵਿਗਿਆਨਕ ਪ੍ਰਸਥਿਤੀਆਂ ਨੂੰ ਵਿਸ਼ਾ ਬਣਾਇਆ ਗਿਆ ਹੈ। 'ਇਕ ਹੋਰ ਨਵਾਂ ਸਾਲ' ਵਿਚ ਇਕ ਰਿਕਸ਼ਾ ਵਾਹੁਣ ਵਾਲੇ ਦੀ ਮਨੋ-ਸਥਿਤੀ ਨੂੰ ਸ਼ਹਿਰ ਦੀ ਤਿੱਖੀ ਰਫ਼ਤਾਰ ਦੇ ਟਾਕਰੇ 'ਤੇ ਰੱਖ ਕੇ ਅਾਂਤ੍ਰਿਕ ਮਨ-ਬਚਨੀ ਦੀ ਟੈਕਨੀਕ ਵਰਤੀ ਹੈ।

'ਗਵਾਚੇ ਅਰਥ' ਵਿਚ ਤਸਨੀਮ ਦੀ ਨਾਵਲ ਕਲਾ ਸਭ ਤੋਂ ਵਧੇਰੇ ਨਿੱਖਰਵੇਂ ਰੂਪ ਵਿਚ ਪ੍ਰਗਟ ਹੋਈ ਹੈ। ਇਸ ਨਾਵਲ ਵਿਚ ਦੇਸ਼-ਵੰਡ ਤੋਂ ਪਹਿਲਾਂ ਦੇ ਸਰਬ ਸਾਂਝੇ ਸਭਿਆਚਾਰਕ ਪਿਛੋਕੜ ਨੂੰ ਲੈ ਕੇ ਵਰਤਮਾਨ ਕਾਲ ਦੇ ਦੁਖਾਂਤ ਤਕ ਦੀ ਕਥਾ ਨੂੰ ਪ੍ਰਸਤੁਤ ਕਰਨ ਦਾ ਸਫਲ ਯਤਨ ਕੀਤਾ ਹੈ।

ਸੁਰਿੰਦਰ ਸਿੰਘ ਜੌਹਰ (12.7.1927 ਤੋਂ 21.2.2007) ਨੇ 'ਰਾਹਾਂ ਦੀ ਧੂੜ', 'ਟੁੱਟੀਆਂ ਤੰਦਾਂ', 'ਰੇਤ ਤੇ ਕੁਝ' ਆਦਿ ਨਾਵਲ ਲਿਖੇ ਹਨ, ਜਿਨ੍ਹਾਂ ਵਿਚ ਉਸ ਨੇ ਮੱਧ-ਸ਼੍ਰੇਣਿਕ ਖੇਤਰਾਂ ਤੇ ਸਰਕਾਰੀ ਅਦਾਲਤਾਂ ਵਿਚ ਨਿੱਤ ਵਧ ਰਹੇ ਭ੍ਰਿਟਾਚਾਰ ਦਾ ਜ਼ਿਕਰ ਕੀਤਾ ਹੈ।

ਕਿਰਪਾਲ ਸਿੰਘ ਕਸੇਲ (19.3.1928) ਵਿਸ਼ੇਸ਼ ਪ੍ਰਸਥਿਤੀਆਂ ਦੀ ਮਜਬੂਰੀ ਨੇ ਪ੍ਰੋਫ਼ੈਸਰ ਕਸੇਲ ਦੀ ਆਲੋਚਨਾਤਮਕ ਸੂਝ ਨੂੰ ਸਿਰਜਣਾਤਮਕ ਖੇਤਰ ਵੱਲ ਟੁੰਬ ਦਿੱਤਾ ਹੈ ਤੇ ਉਸ ਨੇ 'ਵਾਰਡ ਨੰਬਰ ਦਸ' ਨਾਵਲ ਪੰਜਾਬੀ ਜਗਤ ਨੂੰ ਦਿੱਤਾ। ਇਹ ਨਾਵਲ ਆਪਣੇ ਵਿਸ਼ੇ-ਵਸਤੂ, ਤਕਨੀਕ, ਪਾਤਰ ਵਿਸਤਾਰ ਤੇ ਹੋਰ ਸਮੱਗਰੀ ਕਾਰਨ ਖ਼ਾਸ ਮਹੱਤਤਾ ਰਖਦਾ ਹੈ।

ਕਸੇਲ ਦਾ ਦੂਜਾ ਨਾਵਲ 'ਪੁਸ਼ਪਬਨ' ਹੈ ਜੋ 'ਵਾਰਡ ਨੰਬਰ ਦਸ' ਦਾ ਹੀ ਅਗਲਾ ਵਿਸਥਾਰ ਹੈ। ਇਸ ਵਿਚ ਨੇਤਰਹੀਣ ਪਾਤਰ ਜਿਵੇਂ ਈ.ਐਮ.ਜੌਹਨਸਨ, ਲਛਮਣ ਸਿੰਘ ਗੰਧਰਵ ਤੇ ਪ੍ਰੋ.ਕਸੇਲ ਇਸ ਦੇ ਮੁੱਖ ਪਾਤਰਾਂ ਵਿਚੋਂ ਹਨ।

ਮੋਹਨ ਕਾਹਲੋਂ (1933) ਨੇ 'ਮਛਲੀ ਇਕ ਦਰਿਆ ਦੀ', 'ਬੇੜੀ ਤੇ ਬਰੇਤਾ', 'ਪ੍ਰਦੇਸੀ ਰੁੱਖ', 'ਗੋਰੀ ਨਦੀ ਦਾ ਗੀਤ', 'ਬਾਰਾਂਦਰੀ' ਤੇ 'ਕਾਲੀ ਮਿੱਟੀ' ਆਦਿ ਨਾਵਲ ਦਿੱਤੇ ਹਨ, ਜਿਨ੍ਹਾਂ ਦੀਆਂ ਕਹਾਣੀਆਂ ਦੇ ਪਿਛੋਕੜ, ਗੁਰਦਾਸਪੁਰ ਜ਼ਿਲ੍ਹੇ ਦੇ ਪਾਕਿਸਤਾਨ ਵਿਚ ਜਾ ਚੁੱਕੇ ਇਲਾਕੇ ਨਾਲ ਸਬੰਧਤ ਹਨ।

ਓਮ ਪ੍ਰਕਾਸ਼ ਗਾਸੋ (9.4.1933) ਨੇ ਪਿਛਲੇ ਇਕ ਦਹਾਕੇ ਵਿਚ ਕਈ ਨਾਵਲ 'ਸੁਪਨੇ ਤੇ ਸੰਸਕਾਰ', 'ਕਪੜਵਾਸ', 'ਆਸ ਅੱਥਰੂ', 'ਪੰਚਨਾਦ', 'ਮਿੱਟੀ ਦਾ ਮੁੱਲ', 'ਲੋਹੇ ਲਾਖੇ', 'ਇਨਾਮ' ਤੇ 'ਬੁਝ ਰਹੀ ਬੱਤੀ ਦਾ ਚਾਨਣ ਲਿਖੇ ਹਨ।

ਰਾਮ ਸਰੂਪ ਅਣਖੀ (28.2.1932 ਤੋਂ 14.2.2010) ਨੇ ਭਾਵੇਂ ਨਾਵਲ 'ਪਰਦਾ ਤੇ ਰੌਸ਼ਨੀ' ਅਤੇ 'ਸੁਲਗਦੀ ਰਾਤ' 1970 ਦੇ ਦਹਾਕੇ ਵਿਚ ਲਿਖੇ, ਪਰ ਉਸ ਦੀ ਵਿਸ਼ੇਸ਼ ਪ੍ਰਸਿੱਧੀ ਅੱਸੀਆਂ ਦੇ ਦਹਾਕੇ ਵਿਚ ਲਿਖੇ ਵਿਸ਼ੇਸ਼ ਨਾਵਲ 'ਕੋਠੇ ਖੜਕ ਸਿੰਘ' ਕਰਕੇ ਹੋਈ। 'ਕੋਠੇ ਖੜਕ ਸਿੰਘ' ਵੱਡ-ਆਕਾਰੀ ਨਾਵਲ ਹੈ, ਜਿਸ ਦੇ ਚਾਰ ਖੰਡ ਹਨ। 'ਪਰਤਾਪੀ' ਪੇਂਡੂ ਜੀਵਨ ਦੇ ਸਮਾਜਿਕ, ਸਭਿਆਚਾਰਕ ਅਰਥਚਾਰੇ ਦੇ ਵਰਣਨ ਤੇ ਵੇਰਵਿਆਂ ਵਿਚ ਲੇਖਕ ਦੇ ਭਰਪੂਰ ਅਨੁਭਵ ਅਤੇ ਘੋਖਵੀਂ ਦ੍ਰਿਸ਼ਟੀ ਦਾ ਲਖਾਇਕ ਹੈ।

ਸੁਖਬੀਰ (9.7.1925 ਤੋਂ 23.2.2012) ਆਪਣੇ ਗੰਭੀਰ ਸੁਹਿਰਦ ਵਿਅਕਤਿਤਵ ਅਤੇ ਕੁਲ ਵਕਤੀ ਸਾਹਿਤ ਕਰਮੀ ਹੋਣ ਦੇ ਨਾਤੇ ਜਿੱਥੇ ਪ੍ਰਤੀਬੱਧ ਲੇਖਕ ਸੀ, ਉਥੇ ਉਹ ਕਲਾ ਪ੍ਰਤੀ ਸੁਚੇਤ ਨਾਵਲਕਾਰ ਹੈ। ਉਸ ਦੇ ਨਾਵਲਾਂ ਵਿਚ ਜਿੱਥੇ ਭਾਰਤ ਦੇ ਮਹਾਂਨਗਰਾਂ ਦੇ ਜਨ-ਜੀਵਨ ਦਾ ਵੇਰਵੇ ਸਹਿਤ ਵਰਣਨ ਹੁੰਦਾ ਹੈ, ਉਥੇ ਉਸ ਦੇ

ਪਾਤਰ ਅਨੇਕ ਵਰਗਾਂ ਨਾਲ ਸਬੰਧ ਰਖਦੇ ਹੋਏ ਆਪਣੇ ਵਿਚਲੀਆਂ ਅੰਤਰੀਵ ਵਿਸ਼ੇਸ਼ਤਾਵਾਂ ਨੂੰ ਅਛੋਪਲੇ ਹੀ ਉਜਾਗਰ ਕਰ ਦਿੰਦੇ ਹਨ। ਸ਼ਹਿਰੀ ਮੱਧ-ਸ਼੍ਰੇਣੀ ਤੇ ਉਪਰਲੀ ਸ਼੍ਰੇਣੀ ਦੇ ਖੋਖਲੇਪਣ ਦੇ ਫੋਕਟ ਪਰਪੰਚਾਂ ਦਾ ਮੁਖੌਟਾ ਧਾਰੀ ਵਰਣਨ ਤਾਂ ਅਨੇਕ ਨਾਵਲਾਂ ਵਿਚ ਆਇਆ ਹੈ, ਪਰ ਮਹਾਂਨਗਰਾਂ ਵਿਚ ਵਧ ਰਹੀ ਅਨੇਕ ਵਿਕਰਿਤ ਮਾਨਸਿਕਤਾ ਬਾਰੇ ਉਹਨਾਂ ਪਾਤਰਾਂ ਦਾ ਵਰਣਨ ਬਹੁਤ ਘੱਟ ਮਿਲਦਾ ਹੈ, ਜੋ ਆਪਣੀਆਂ ਮਾਨਸਿਕ ਕਮਜ਼ੋਰੀਆਂ ਕਾਰਨ ਮਨੁੱਖੀ ਕਦਰਾਂ-ਕੀਮਤਾਂ ਤੋਂ ਵੀ ਹੀਣੇ ਹੋ ਚੁੱਕੇ ਹਨ। 'ਅੱਧੇ-ਪੌਣੇ' ਨਾਵਲ ਵਿਚ ਅਜਿਹੇ ਪਾਤਰਾਂ ਦੇ ਕਰੁਣਾਮਈ ਯਥਾਰਥਕ ਚਿੱਤਰ ਨੂੰ ਪੇਸ਼ ਕੀਤਾ ਗਿਆ ਹੈ। 'ਪਾਣੀ ਤੇ ਪੁਲ' (1984), 'ਰਾਤ ਦਾ ਚਿਹਰਾ' (1965), 'ਸੜਕਾਂ ਤੇ ਕਮਰੇ' (1970), 'ਗਰਦਸ਼' (1973) ਤੇ 'ਕੱਚ ਦਾ ਸ਼ਹਿਰ' (ਬਾਲ ਨਾਵਲ) ਉਸ ਦੇ ਵਿਲੱਖਣ ਸ਼ੈਲੀ ਦੇ ਨਾਵਲ ਹਨ।

ਕੇ.ਐਲ.ਗਰਗ (13.4.1943) ਇਕ ਤੀਖਣ ਬੁੱਧੀ ਤੇ ਸੁਚੇਤ ਸੋਚਣੀ ਦਾ ਸਾਹਿਤਕਾਰ ਹੈ, ਜਿਸ ਨੇ ਹਾਸ ਵਿਅੰਗ ਦੇ ਖੇਤਰ ਵਿਚ ਨਾਮਣਾ ਖੱਟਣ ਦੇ ਨਾਲ ਨਾਲ ਵਾਰਤਕ ਅਤੇ ਨਾਵਲ ਵਿਧੇ ਉਤੇ ਸੁਚੱਜਾ ਕਾਰਜ ਕੀਤਾ ਹੈ। 'ਦਰਅਸਲ' ਨਾਵਲ ਉਚ ਦੁਮਾਲੜੇ ਸਾਹਿਤਕਾਰਾਂ ਦੀ ਦੂਹਰੀ ਮਾਨਸਿਕਤਾ ਨੂੰ ਦਰਸਾਉਂਦਾ ਨਾਵਲ ਹੈ, ਜਿਸ ਵਿਚ ਸਜੱਗ ਸੋਚਣੀ ਨੂੰ ਪਰਣਾਏ ਸਾਹਿਤਕਾਰਾਂ ਦੀ ਕਰਨੀ ਤੇ ਕਥਨੀ ਵਾਲੇ ਅੰਤਰ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ। ਉਸ ਦਾ ਇਕ ਹੋਰ ਬਹੁਤ ਵਧੀਆ ਨਾਵਲ 'ਤਮਾਸ਼ਾ' ਆਇਆ ਹੈ, ਜੋ ਬਾਣੀਆਂ ਦੇ ਮਲੰਮਾਧਾਰੀ ਕਿਰਦਾਰ ਨੂੰ ਅਭਿਵਿਅਕਤ ਕਰਕੇ ਉਹਨਾਂ ਦੀ ਘਿਨਾਉਣੀ ਤੇ ਮਾਰੂ ਸੋਚ ਦਾ ਪ੍ਰਗਟਾਵਾ ਕਰਕੇ ਆਪਣੀ ਨਿਰਪੱਖਤਾ ਦਾ ਸਬੂਤ ਦੇਣ ਵਿਚ ਕਾਮਯਾਬ ਨਾਵਲਕਾਰ ਸਿੱਧ ਹੋਇਆ ਹੈ। ਆਪ ਦਾ ਨਾਵਲ 'ਤਲਾਸ਼' ਅਜੋਕੀ ਪਰਿਵਾਰਕ ਕਬੀਲਦਾਰੀ ਦੇ ਦੁਖਾਂਤ ਨੂੰ ਬਿਆਨ ਕਰਦਾ ਹੈ।

ਡਾ.ਜੋਗਿੰਦਰ ਸਿੰਘ ਕੈਰੋਂ (12.4.1941) ਨੇ ਆਪਣੇ ਦੋ ਨਾਵਲ 'ਨਾਦ ਬਿੰਦ' ਅਤੇ 'ਸਭਨਾਂ ਜਿੱਤੀਆਂ ਬਾਜ਼ੀਆਂ' ਲਿਖੇ ਹਨ।

ਸ.ਸੋਜ਼ (7.10.1939 ਤੋਂ 21.4.2008) ਪੱਛਮੀ ਤੇ ਪੂਰਬੀ ਸਾਹਿਤ ਦਾ ਅਧਿਐਨ ਕਰਤਾ ਅਤੇ ਜਗਿਆਸੂ ਹੋਣ ਕਾਰਨ ਪੰਜਾਬੀ ਨਾਵਲ ਵਿਚ ਨਿਵੇਕਲਾ ਰੰਗ ਲੈ ਕੇ ਆਇਆ ਅਤੇ ਉਸ ਨੇ ਆਲੇ-ਦੁਆਲੇ ਦੇ ਜੀਵਨ ਵਿਚੋਂ ਵਿਭਿੰਨ ਵਿਸ਼ਿਆਂ ਦੀ ਚੋਣ ਕਰਕੇ ਹਰ ਇਕ ਰਚਨਾ ਵਿਚ ਨਵਾਂ ਰੰਗ ਭਰਨ ਦਾ ਸਫਲ ਯਤਨ ਕੀਤਾ ਹੈ। 'ਇਕ ਮਕਾਨ ਖ਼ਾਲੀ ਜਿਹਾ' ਪ੍ਰਤੀਕਾਤਮਕ ਨਾਵਲ ਹੈ। ਇਸ ਵਿਚ ਵੰਡ ਪਿੱਛੋਂ ਸ਼ਹਿਰ ਵਿਚ ਵਸ ਰਹੀਆਂ ਦੋ ਬਰਾਦਰੀਆਂ ਦੇ ਸਭਿਆਚਾਰਕ ਵਖਰੇਵਿਆਂ ਤੇ ਪਰਸਪਰ ਵਧ ਰਹੇ ਸਹਿਚਾਰ ਦੇ ਅੰਤਰਗਤ ਕਰਮਾਂ ਪ੍ਰਤਿਕਰਮਾਂ ਦਾ ਵਰਣਨ ਕੀਤਾ ਹੈ। ਆਪਣੇ ਬਹੁਤੇ ਨਾਵਲਾਂ ਵਿਚ ਉਹ ਅਸਤਿਤਵਵਾਦੀ ਦ੍ਰਿਸ਼ਟੀਕੋਣ ਨੂੰ ਪ੍ਰਗਟਾਉਂਦਾ ਹੈ, ਜਿਸ ਦਾ ਉਦਾਹਰਨ ਉਸ ਦਾ 'ਮਰਸੀਆ' ਹੈ।

ਅਵਤਾਰ ਸਿੰਘ ਬਿਲਿੰਗ (13.4.1952) ਇਕ ਅਜਿਹਾ ਮਿਸਾਲੀ ਨਾਵਲਕਾਰ ਹੈ, ਜਿਸ ਨੇ ਗਿਣਾਤਮਕ ਪੱਖੋਂ ਭਾਵੇਂ ਬਹੁਤ ਘੱਟ ਨਾਵਲ ਲਿਖੇ ਹਨ, ਪਰੰਤੂ ਗੁਣਾਤਮਕ ਪੱਖੋਂ ਬਹੁਤ ਹੀ ਵਧੀਆ ਨਾਵਲ ਸਿਰਜਣਾ ਕੀਤੀ, ਜਿਸ ਦੀ ਤਾਈਦ ਨਾਵਲਕਾਰ ਸ.ਕਰਤਾਰ ਸਿੰਘ ਦੁੱਗਲ ਨੇ ਵੀ ਬੜੀ ਵਾਰ ਆਪਣੇ ਭਾਸ਼ਣਾਂ ਵਿਚ ਕੀਤੀ ਹੈ। ਕਹਾਣੀਆਂ ਲਿਖਣ ਦੇ ਨਾਲ ਨਾਲ 'ਨਰੰਜਣ ਮਸ਼ਾਲਚੀ', 'ਖੇੜੇ ਸੁੱਖ ਵਿਹੜੇ ਸੁੱਖ' ਅਤੇ 'ਇਹਨਾਂ ਰਾਹਾਂ ਉਤੇ' ਲਿਖੇ ਹਨ, ਜੋ ਬੜੇ ਮਕਬੂਲ ਹੋਏ ਹਨ।

ਜਸਦੇਵ ਸਿੰਘ ਧਾਲੀਵਾਲ (1937) ਮਾਲਵੇ ਦੇ ਇਸ ਜੰਮਪਲ ਨਾਵਲਕਾਰ ਨੇ ਹੁਣ ਤਕ ਅੱਧੀ ਦਰਜਨ ਨਾਵਲਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿਚੋਂ ਕੁਝ ਪ੍ਰੇਮ ਦੇ ਬਿਰਤਾਂਤ ਹਨ, ਕੁਝ ਸਮਾਜਿਕ ਤੇ ਆਰਥਿਕ ਬਿਰਤਾਂਤ ਨਾਲ ਸਬੰਧ ਰਖਦੇ ਹਨ ਅਤੇ ਕੁਝ ਪੰਜਾਬ ਦੀਆਂ ਆਰਥਿਕ ਪ੍ਰਸਥਿਤੀਆਂ ਦੀ ਉਪਜ ਹਨ। 'ਪਿਆਰ ਬੇਵਫ਼ਾ ਨਹੀਂ' ਅਤੇ 'ਦਿਲ ਦਾ ਕੌਲ ਫੁੱਲ' ਮੁੱਖ ਰੂਪ ਵਿਚ ਪ੍ਰੀਤ ਦੇ ਬਿਰਤਾਂਤ ਹਨ, ਜਿਸ ਵਿਚ ਕੁਝ ਪਾਤਰ ਆਦਰਸ਼ਵਾਦੀ ਸਰੂਪ ਨਾਲ ਬੜੀ ਦ੍ਰਿੜ੍ਹਤਾ ਨਾਲ ਜੁੜੇ ਰਹਿੰਦੇ ਹਨ। 'ਅੰਨ੍ਹੀ ਗਲੀ ਦੇ ਰਾਹੀ' ਇਕ ਸਮਾਜਿਕ ਨਾਵਲ ਹੈ, ਜਿਸ ਵਿਚ ਵਿਆਹੁਤਾ ਜੀਵਨ ਵਿਚ ਅਸੰਗਤੀਆਂ ਕਾਰਨ ਵਿਸ਼ਾਦ ਤੇ ਦੁਖਾਂਤ ਉਤਪੰਨ ਹੁੰਦਾ ਹੈ। 'ਅੱਧੀ ਰਾਤ ਤੋਂ ਬਾਅਦ' ਵਿਚ ਸਾਕਾ ਨੀਲਾ ਤਾਰਾ ਤੋਂ ਉਪਰੰਤ ਪੰਜਾਬ ਵਿਚ ਜੋ ਵਾਪਰਿਆ, ਉਸ ਦਾ ਕਰੁਣਾਮਈ ਵਰਣਨ ਕੀਤਾ ਗਿਆ ਹੈ। ਜਸਦੇਵ ਸਿੰਘ ਧਾਲੀਵਾਲ ਪੇਂਡੂ ਸਮਾਜ ਦੇ ਭਾਈਚਾਰੇ ਤੇ ਅਰਥਚਾਰੇ ਦਾ ਸੁਘੜ ਵਿਸ਼ਲੇਸ਼ਕ ਹੈ।

ਗੁਰਮੁਖ ਸਿੰਘ ਸਹਿਗਲ (15.5.1932) ਨੇ ਆਪਣੀ ਪ੍ਰੌੜ੍ਹ ਆਯੂ ਵਿਚ ਪੰਜਾਬੀ ਨਾਵਲ ਨੂੰ ਨਿਵੇਕਲੇ ਰੰਗ ਦੀ ਦੇਣ ਦਿੱਤੀ ਹੈ। ਉਸ ਦਾ ਨਾਵਲ 'ਨਦੀਓਂ ਵਿਛੜੇ ਨੀਰ' ਅਣਵੰਡੇ ਪੰਜਾਬ ਦੇ ਉਤਰ-ਪੱਛਮੀ ਸਰਹੱਦੀ ਪ੍ਰਾਂਤ ਦੀ ਪਠਾਣੀ ਸੰਸਕ੍ਰਿਤੀ ਨਾਲ ਸਬੰਧਤ ਹੈ। ਭਿੰਨ-ਭਿੰਨ ਪਠਾਣ ਕਬੀਲਿਆਂ ਵਿਚ ਰਹਿ ਰਹੇ ਇਸਲਾਮੀ ਪਿਛੋਕੜ ਵਿਚ ਹਿੰਦੂ ਸਿੱਖਾਂ ਦੀ ਘੱਟ ਗਿਣਤੀ ਦੇ ਪਰਸਪਰ ਵਿਵਹਾਰ ਤੇ ਆਚਾਰ ਦਾ ਸੁੰਦਰ ਚਿੱਤਰ ਇਸ ਨਾਵਲ ਵਿਚ ਪੇਸ਼ ਕੀਤਾ ਗਿਆ ਹੈ। ਪਹਿਲੇ ਨਾਵਲ ਵਿਚ ਪ੍ਰੀਤ ਕਹਾਣੀ ਵੀ ਚਲਦੀ ਹੈ ਅਤੇ ਸੂਬਾ ਸਰਹੱਦ ਤੋਂ ਜਲਾਲਾਬਾਦ ਤੇ ਕਾਬਲ ਦੇ ਅੰਦਰਲੇ ਇਲਾਕੇ ਨਾਲ ਨਾਵਲ ਦਾ ਕਥਾਨਕ ਜੁੜਿਆ ਹੋਇਆ ਹੈ। ਕਾਬਲ ਦੇ ਇਲਾਕੇ ਦਾ ਸਥਾਨਕ ਵਰਣਨ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਦੂਜੇ ਨਾਵਲ 'ਲੁਆੜਗੀ' ਵਿਚ ਆਂਚਲਿਕਤਾ ਦਾ ਅੰਸ਼ ਤੇ ਪਠਾਣਾਂ ਦੇ ਕਬੀਲਿਆਂ ਦੇ ਹਿੰਦੂ ਸਮਾਜ ਪ੍ਰਤੀ ਵਤੀਰੇ ਦਾ ਦਿਲ ਖਿੱਚਵਾਂ ਵਰਣਨ ਪੇਸ਼ ਕੀਤਾ ਗਿਆ ਹੈ।

ਮਿੱਤਰ ਸੈਨ ਮੀਤ (20.10.1952) ਪੰਜਾਬੀ ਨਾਵਲ ਸਾਹਿਤ ਵਿਚ ਇਕ ਵਿਲੱਖਣ ਹਸਤਾਖਰ ਦੇ ਤੌਰ 'ਤੇ ਉਭਰਿਆ ਹੈ। ਆਰਥਿਕ, ਸਮਾਜਿਕ ਤੇ ਰਾਜਨੀਤਿਕ ਵਿਸੰਗਤੀਆਂ ਨਾਲ ਸਬੰਧਤ ਤਿੰਨ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਉਸ ਨੇ ਆਪਣੇ ਵਿਦਿਆਰਥੀ ਜੀਵਨ ਵਿਚ 'ਅੱਗ ਦੇ ਬੀਜ' ਤੇ 'ਕਾਫ਼ਲਾ' ਦੋ ਨਾਵਲ ਦਿੱਤੇ, ਜਿਨ੍ਹਾਂ ਉਤੇ ਨਕਸਲੀ ਅੰਦੋਲਨ ਦਾ ਪ੍ਰਭਾਵ ਸੀ। ਪੰਜਾਬ ਸਮੱਸਿਆ ਦੇ ਦੁਖਾਂਤ ਦੌਰਾਨ ਉਸ ਨੇ 'ਤਫ਼ਤੀਸ਼', 'ਕਟਹਿਰਾ', 'ਕੌਰਵ ਸਭਾ' ਅਤੇ 'ਸੁਧਾਰ ਘਰ' ਚਾਰ ਅਜਿਹੇ ਨਾਵਲ ਦਿੱਤੇ ਹਨ, ਜਿਨ੍ਹਾਂ ਦਾ ਸਬੰਧ ਰਾਜਨੀਤਿਕ ਧਾਂਦਲੀਆਂ, ਭਾਰਤੀ ਕਾਰਜ ਪਾਲਿਕਾ, ਨਿਆਂ-ਪਾਲਿਕਾ ਅਤੇ ਜੇਲ੍ਹ ਪ੍ਰਬੰਧ ਦੀਆਂ ਕਮਜ਼ੋਰ ਕੜੀਆਂ ਨੂੰ ਬੜੇ ਹੀ ਕਲਾਮਈ ਢੰਗ ਨਾਲ ਰੌਚਿਕ ਗਲਪ ਵਿਚ ਢਾਲਿਆ ਹੈ।

ਕਰਮਜੀਤ ਸਿੰਘ ਕੁੱਸਾ (1.1.1954 ਤੋਂ 20.3.1998) ਨੇ ਛੇ ਨਾਵਲ—ਬੁਰਕੇ ਵਾਲੇ ਲੁਟੇਰੇ, ਰਾਤ ਦਾ ਰਾਹੀ, ਰੋਹੀ ਬੀਆਬਾਨ, ਅੱਗ ਦਾ ਗੀਤ, ਜ਼ਖ਼ਮੀ ਦਰਿਆ ਤੇ ਅਕਾਲ ਪੁਰਖੀ ਲਿਖੇ ਹਨ। ਇਹਨਾਂ ਨਾਵਲਾਂ ਵਿਚ ਉਸ ਨੇ ਮਾਲਵੇ ਦੇ ਸਭਿਆਚਾਰਕ ਪਿਛੋਕੜ ਵਿਚ ਛੋਟੀ ਕਿਰਸਾਣੀ ਦੇ ਜੀਵਨ-ਯਥਾਰਥ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।

ਸਤਿੰਦਰ ਸਿੰਘ ਨੰਦਾ (1951) ਨੇ ਦੋ ਕਹਾਣੀ ਸੰਗ੍ਰਹਿ 'ਉਜੜਿਆ ਚਮਨ' ਅਤੇ 'ਨਿਹੁੰ ਜ਼ੋਰੀਂ ਟੁਟਦੇ' ਰਚਣ ਪਿੱਛੋਂ ਦੋ ਨਾਵਲ 'ਦਰਦਮੰਦਾਂ ਦੇ ਹਾਣੀ' ਅਤੇ 'ਜੋਕ ਤੇ ਲੋਕ' ਦਿੱਤੇ ਹਨ, ਜਿਨ੍ਹਾਂ ਵਿਚ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਨੂੰ ਕਲਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਗੁਲਜ਼ਾਰ ਸਿੰਘ ਸੰਧੂ (27.2.1935) ਦਾ ਨਾਵਲ 'ਕੰਧੀਂ ਜਾਏ' ਦੱਖਣੀ ਭਾਰਤ ਦੇ ਇਕ ਅਨਾਥ ਆਸ਼ਰਮ ਦੇ ਜੀਵਨ ਦੇ ਵਰਤਾਰੇ ਦਾ ਵਿਲੱਖਣ ਭਾਂਤ ਦਾ ਬਿਰਤਾਂਤ ਹੈ।

ਕਰਮਜੀਤ ਸਿੰਘ ਔਜਲਾ (21.12.1944) ਪੰਜਾਬੀ ਦਾ ਨਵੇਂ ਦੌਰ ਦਾ ਨਾਵਲਕਾਰ ਹੈ, ਜਿਸ ਨੇ ਪੰਜਾਬ ਦੇ ਸੰਤਾਪ ਤੇ ਰਾਸ਼ਟਰੀ ਭ੍ਰਿਸ਼ਟਾਚਾਰ ਦੇ ਵਧ ਰਹੇ ਕੋਹੜ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਕਰਮ ਪ੍ਰਤਿਕਰਮ ਵਜੋਂ ਆਪਣੀ ਰਚਨਾ ਕੀਤੀ ਹੈ। ਕੂੜ ਫਿਰੈ ਪ੍ਰਧਾਨ, ਏਵ ਨਾ ਜੀਵਿਆ ਜਾਇ, ਜੇ ਰਤ ਪੀਵਹਿ ਮਾਣਸਾ, ਛੇਵਾਂ ਅਤੇ ਸੱਤਵਾਂ ਦਰਿਆ ਅਤੇ ਆਪਣਿਆਂ ਦੀ ਉਡੀਕ—ਉਸ ਦੇ ਪ੍ਰਮੁੱਖ ਨਾਵਲ ਹਨ।

ਇਸ ਕਾਲ ਵਿਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੋਂ ਬਿਨਾਂ ਹੋਰ ਇਸਤਰੀ ਨਾਵਲਕਾਰ ਸਾਹਮਣੇ ਆਏ ਹਨ, ਉਹਨਾਂ ਵਿਚ ਸ਼੍ਰੀਮਤੀ ਕੈਲਾਸ਼ਪੁਰੀ, ਅਜੀਤ ਕੌਰ, ਬਲਜੀਤ ਬਲੀ, ਬਚਿੰਤ ਕੌਰ ਆਦਿ ਸ਼ਾਮਲ ਹਨ।

ਬਲਦੇਵ ਸਿੰਘ (11.12.1942) ਪੰਜਾਬੀ ਸਾਹਿਤ ਵਿਚ 'ਸੜਕਨਾਮਾ' ਵਿਸ਼ੇਸ਼ਣ ਨਾਲ ਜਾਣਿਆ ਜਾਂਦਾ ਹੈ, ਪਰ ਉਸ ਨੇ ਕਹਾਣੀਆਂ, ਨਾਟਕ, ਬਾਲ ਸਾਹਿਤ, ਸਫ਼ਰਨਾਮਾ ਆਦਿ ਵਿਧਾਵਾਂ ਉਤੇ ਸਫਲ ਕਲਮ ਅਜ਼ਮਾਈ ਕਰਨ ਤੋਂ ਇਲਾਵਾ ਬਹੁਤ ਹੀ ਵਧੀਆ ਨਾਵਲ ਦੂਸਰਾ ਹੀਰੋਸ਼ੀਮਾ, ਕੱਲਰੀ ਧਰਤੀ, ਕੱਚੀਆਂ ਕੰਧਾਂ, ਸੂਲੀ ਟੰਗੇ ਪਹਿਰ, ਜੀ.ਟੀ.ਰੋਡ, ਲਾਲ ਬੱਤੀ, ਅੰਨਦਾਤਾ, ਪੰਜਵਾਂ ਸਾਹਿਬਜ਼ਾਦਾ ਅਤੇ ਸਤਲੁਜ ਵਹਿੰਦਾ ਰਿਹਾ ਰਹੇ ਹਨ, ਜੋ ਏਨੇ ਮਕਬੂਲ ਹੋਏ ਹਨ ਕਿ ਸਥਾਪਤ ਨਾਵਲਕਾਰਾਂ ਨੂੰ ਵੀ ਸੋਚਣ ਉਤੇ ਮਜਬੂਰ ਕਰ ਦਿੱਤਾ ਹੈ। ਬਲਦੇਵ ਸਿੰਘ ਦੇ 'ਅੰਨਦਾਤਾ' ਤੇ ਮਨਮੋਹਨ ਬਾਵਾ ਦਾ ਨਾਵਲ 'ਯੁੱਧਨਾਦ' ਇਸ ਨੂੰ ਸਮਝਣ ਵਾਲੇ ਨਾਵਲ ਹਨ।

ਬਸੰਤ ਕੁਮਾਰ ਰਤਨ ਦੇ ਨਾਵਲ 'ਸੱਤ ਵਿੱਢਾ ਖੂਹ' ਵਿਚ ਪੇਂਡੂ ਸਮਾਜ ਦੇ ਨੀਵੇਂ ਤੇ ਉਪਰਲੇ ਵਰਗ ਦੇ ਆਪਸੀ ਸਬੰਧਾਂ ਨੂੰ ਦਰਸਾ ਕੇ ਵਿਆਪਕ ਸਮੱਸਿਆਵਾਂ ਦੇ ਹੱਲ ਦਾ ਸੁਝਾ ਦਿੱਤਾ ਗਿਆ ਹੈ।

ਇੰਦਰ ਸਿੰਘ ਖ਼ਾਮੋਸ਼ (23.11.1931) ਦਾ ਨਾਵਲ 'ਰਿਸ਼ਤਿਆਂ ਦੇ ਰੰਗ' ਇਕ ਪਰਿਵਾਰ ਦੇ ਜੀਵਨ ਦੇ ਆਲੇ ਦੁਆਲੇ ਹੀ ਘੁੰਮਦਾ ਹੈ। ਇਸ ਦਾ ਅੰਤ ਬੜਾ ਪ੍ਰਭਾਵਸ਼ਾਲੀ ਹੈ। ਹੋਰ ਵਰਣਨਯੋਗ ਨਾਵਲੀ ਕਿਰਤਾਂ ਵਿਚੋਂ ਮੁਖ਼ਤਾਰ ਗਿੱਲ ਦਾ 'ਕਾਲੇ ਪਹਿਰ' ਤੇ ਮੋਹਨ ਲਾਲ ਦਾ 'ਪੋਟਾ ਪੋਟਾ ਦਰਦ' ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ।

ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਲੇਖਕਾਂ ਵੱਲੋਂ ਵੀ ਕੁਝ ਕੁ ਸਫਲ ਨਾਵਲ ਦ੍ਰਿਸ਼ਟੀਗੋਚਰ ਹੋਏ ਹਨ। ਇਹਨਾਂ ਵਿਚੋਂ ਸਵਰਨ ਚੰਦਨ ਦੇ ਤਿੰਨ ਨਾਵਲ 'ਨਵੇਂ ਰਿਸ਼ਤੇ', 'ਕੰਜਕਾਂ', 'ਕੱਚੇ ਘਰ' ਅਤੇ 'ਕਥ-ਕਾਨ ਤੇ ਦਰਿਆ' ਬੜੀਆਂ ਮਹੱਤਵਪੂਰਨ ਕਿਰਤਾਂ ਹਨ। ਇਹਨਾਂ ਦਾ ਮੁੱਖ ਵਿਸ਼ਾ ਵਿਦੇਸ਼ਾਂ ਵਿਚ ਜਾ ਵਸੇ ਪੰਜਾਬੀਆਂ ਦੇ ਓਪਰੇ ਮਾਹੌਲ ਵਿਚ ਪਰਵੇਸ਼ ਉਪਰੰਤ, ਪੇਸ਼ ਆਉਂਦੀਆਂ ਭਿੰਨ-ਭਿੰਨ ਸਮੱਸਿਆਵਾਂ ਦਾ ਵਰਣਨ ਹੈ। ਹਰਿੰਦਰ ਸਿੰਘ ਬਜਾਜ ਦਾ ਨਾਵਲ 'ਸੱਜਣਾਂ ਬਾਝ ਹਨੇਰਾ' ਵੀ ਇਕ ਹੋਰ ਸਫਲ ਕ੍ਰਿਤ ਹੈ।

– – – – –

## ਨਿੱਕੀ ਕਹਾਣੀ

ਭਾਵੇਂ ਨਿੱਕੀ ਕਹਾਣੀ ਪੱਛਮੀ ਸਾਹਿਤ ਵਿਚ ਵੀ ਨਵਾਂ ਰੂਪ ਹੈ ਪਰ ਪੰਜਾਬੀ ਸਾਹਿਤ ਵਿਚ ਥੋੜ੍ਹੇ ਜਿਹੇ ਸਮੇਂ ਵਿਚ ਇਸ ਨੇ ਜੋ ਉਨਤੀ ਕਰ ਲਈ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਪੰਜਾਬੀ ਕਹਾਣੀ ਇਸ ਸਦੀ ਦੀ ਦੂਜੀ ਚੌਥਾਈ ਦੇ ਆਰੰਭ ਤੋਂ ਹੀ ਸ਼ੁਰੂ ਹੁੰਦੀ ਹੈ, ਪਰ ਇਸ ਕਾਲ ਵਿਚ ਜਿੰਨੀਆਂ ਕਹਾਣੀਆਂ ਪੰਜਾਬੀ ਵਿਚ ਰਚੀਆਂ

ਗਈਆਂ ਹਨ ਅਤੇ ਜਿੰਨੇ ਕਹਾਣੀ ਲੇਖਕ ਪੰਜਾਬੀ ਨੇ ਪੈਦਾ ਕੀਤੇ ਹਨ, ਉਹਨਾਂ ਵੱਲ ਦੇਖ ਕੇ ਜਿੰਨਾ ਵੀ ਮਾਣ ਕੀਤਾ ਜਾਵੇ, ਥੋੜ੍ਹਾ ਹੈ। ਪੰਜਾਬੀ ਸਾਹਿਤ ਵਿਚ ਲਗਭਗ ਹਰ ਵਿਸ਼ੇ 'ਤੇ ਕਹਾਣੀਆਂ ਲਿਖੀਆਂ ਗਈਆਂ ਮਿਲਦੀਆਂ ਹਨ।

ਸਭ ਤੋਂ ਪਹਿਲਾਂ ਪਹਿਲੀ ਕਹਾਣੀ ਕਮਲਾ ਅਕਾਲੀ ਨੇ ਸਰਬਲੋਹ ਦੀ ਵਹੁਟੀ, ਫੇਰ ਚਰਨ ਸਿੰਘ ਸ਼ਹੀਦ, ਬਿਹਾਰੀ ਲਾਲ ਪੁਰੀ, ਬਲਵੰਤ ਸਿੰਘ ਚਤਰਥ, ਕੇਸਰ ਸਿੰਘ, ਅਭੈ ਸਿੰਘ, ਜੋਸ਼ੂਆ ਫ਼ਜ਼ਲਦੀਨ, ਡਾ.ਮੋਹਣ ਸਿੰਘ, ਨਾਨਕ ਸਿੰਘ, ਗੁਰਮੁਖ ਸਿੰਘ ਮੁਸਾਫ਼ਰ, ਗਿਆਨੀ ਹੀਰਾ ਸਿੰਘ ਦਰਦ ਤੇ ਗੁਰਬਖ਼ਸ਼ ਸਿੰਘ ਨੇ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। ਇਹ ਕਹਾਣੀ ਰਚਨਾ ਦਾ ਪਹਿਲਾ ਦੌਰ ਸੀ ਜੋ 1925 ਤੋਂ 1935 ਤਕ ਦਾ ਕਿਹਾ ਜਾ ਸਕਦਾ ਹੈ। ਇਸੇ ਦੌਰ ਵਿਚ ਕੇ.ਐਸ.ਪੰਛੀ ਨੇ ਰੂਸੀ ਕਹਾਣੀਆਂ ਦਾ ਅਨੁਵਾਦ ਤੇ ਕੁਝ ਮੌਲਿਕ ਕਹਾਣੀਆਂ, 'ਫੁਲਝੜੀਆਂ' ਨਾਂ ਦੀ ਪੁਸਤਕ ਵਿਚ ਦਿੱਤੀਆਂ, ਜੋ ਜਜ਼ਬੇ, ਵੇਗ ਅਤੇ ਅਗਰਗਾਮੀ ਵਿਸ਼ੇ ਕਰਕੇ ਸ਼ਲਾਘਾਯੋਗ ਹਨ। ਚਰਨ ਸਿੰਘ ਨੇ 'ਹਸਦੇ-ਹੰਝੂ' ਨਾਂ ਦੀ ਪੁਸਤਕ ਵਿਚ ਆਪਣੀਆਂ ਕਹਾਣੀਆਂ ਦਿੱਤੀਆਂ। ਆਪਣੇ ਨਾਵਲਾਂ ਨਾਲੋਂ ਇਹਨਾਂ ਕਹਾਣੀਆਂ ਦੀ ਆਪਣੀ ਨਿਵੇਕਵੀ ਸ਼ੈਲੀ ਹੈ ਅਤੇ ਬਹੁਤ ਸੋਹਣਾ ਨਾਟਕੀ ਤੇ ਹਾਸ-ਰਸੀ ਵਾਤਾਵਰਨ ਪੈਦਾ ਕੀਤਾ ਗਿਆ ਹੈ। ਜੋਸ਼ੂਆ ਫ਼ਜ਼ਲਦੀਨ ਦੀਆਂ 'ਅਦਬੀ ਅਫ਼ਸਾਨੇ' ਨਾਂ ਦੀ ਪੁਸਤਕ ਵਿਚ ਛਪੀਆਂ ਕਹਾਣੀਆਂ, ਉਪਦੇਸ਼ਾਤਮਿਕ ਤੇ ਸਮਾਜ ਸੁਧਾਰਕ ਹਨ। ਨਾਨਕ ਸਿੰਘ ਨੇ ਕਹਾਣੀਆਂ ਦੀਆਂ ਪੰਜ ਪੁਸਤਕਾਂ ਸੱਧਰਾਂ ਦੇ ਹਾਰ, ਹੰਝੂਆਂ ਦੇ ਹਾਰ, ਮਿੱਧੇ ਹੋਏ ਫੁੱਲ, ਠੰਡੀਆਂ ਛਾਵਾਂ ਤੇ ਗੁੰਝਲਾਂ ਦਿੱਤੀਆਂ ਹਨ। ਕਹਾਣੀਕਾਰ ਦੇ ਤੌਰ 'ਤੇ ਨਾਨਕ ਸਿੰਘ ਦੀ ਦੇਣ ਬੜੀ ਵਡਮੁੱਲੀ ਹੈ। ਉਸ ਦੇ ਨਾਵਲਾਂ ਦੀ ਤੁਲਨਾ ਵਿਚ ਉਸ ਦੀਆਂ ਕਹਾਣੀਆਂ ਵਧੇਰੇ ਯਥਾਰਥਵਾਦੀ ਹਨ। ਉਸ ਦੇ ਕਈ ਪਾਤਰ ਜਿਵੇਂ ਭੂਆ ਤੇ ਕਲੋ ਆਦਿ ਅਭੁੱਲ ਹਨ, ਜੋ ਪਾਠਕਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਸੋਹਣ ਸਿੰਘ ਜੋਸ਼ ਨੇ ਪੰਜਾਬੀ ਵਿਚ ਇਨਕਲਾਬੀ ਕਹਾਣੀਆਂ ਲਿਖਣ ਵਿਚ ਪਹਿਲ ਕੀਤੀ। ਇਸ ਦੇ ਨਾਲ ਹੀ ਉਸ ਨੇ ਬੰਗਾਲੀ ਤੇ ਮਰਾਠੀ ਸਾਹਿਤ ਦੀਆਂ ਕਹਾਣੀਆਂ ਦੇ ਅਨੁਵਾਦ ਵੀ ਛਾਪੇ।

ਗੁਰਮੁਖ ਸਿੰਘ ਮੁਸਾਫ਼ਰ (15.1.1899 ਤੋਂ 18.1.1976) ਕਰਤਾ ਵੱਖਰੀ ਦੁਨੀਆ, ਸਭ ਹੱਛਾ, ਸਸਤਾ ਤਮਾਸ਼ਾ ਆਦਿ, ਦੀਆਂ ਕਹਾਣੀਆਂ ਉਸ ਦੀ ਜ਼ਿੰਦਗੀ ਦੇ ਰਾਜਸੀ ਸੰਗਰਾਮਾਂ ਦੇ ਚੌਗਿਰਦੇ ਵਿਚੋਂ ਨਿੱਕਲਦੀਆਂ ਹਨ।

ਨਵੀਨ ਰੂਪ ਦੀ ਅਸਲੀ ਕਹਾਣੀ ਤਾਂ 1935 ਤੋਂ ਉਪਜੀ। ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਗੁਰਬਖ਼ਸ਼ ਸਿੰਘ, ਦੇਵਿੰਦਰ ਸਤਿਆਰਥੀ, ਰਾਜਿੰਦਰ ਸਿੰਘ ਬੇਦੀ, ਨੌਰੰਗ ਸਿੰਘ (ਭੁੱਖੀਆਂ ਰੂਹਾਂ ਤੇ ਬੋਝਲ ਪੰਡ), ਮਹਿੰਦਰ ਸਿੰਘ ਸਰਨਾ, ਅੰਮ੍ਰਿਤਾ ਪ੍ਰੀਤਮ (ਛੱਬੀ ਵਰ੍ਹੇ ਬਾਅਦ ਤੇ ਕੁੰਜੀਆਂ), ਮੋਹਨ ਸਿੰਘ (20.10.1995 ਤੋਂ 3.5.1978) ਨਿੱਕੀ ਨਿੱਕੀ ਵਾਸ਼ਨਾ, ਕੁਲਵੰਤ ਸਿੰਘ ਵਿਰਕ (29.7.1909 ਤੋਂ 22.4.1993) ਛਾਹ ਵੇਲਾ, ਧਰਤੀ ਤੇ ਆਕਾਸ਼, ਹਰਚਰਨ ਸਿੰਘ (10.12.1914 ਤੋਂ 12.4.2006) ਸਿੱਪੀਆਂ, ਗੁਰਚਰਨ ਸਿੰਘ (18.2.1917 ਤੋਂ 21.12.2009) ਵਣ ਤੇ ਕਰੀਰ, ਹੀਰਾ ਸਿੰਘ (ਆਸ ਦੀ ਤੰਦ), ਸੁਰਿੰਦਰ ਸਿੰਘ ਨਰੂਲਾ (ਜਗਰਾਤਾ, ਲੋਕ ਪ੍ਰਲੋਕ) ਹਨ।

ਕਰਤਾਰ ਸਿੰਘ ਦੁੱਗਲ (1.3.1917 ਤੋਂ 26.1.2012) ਇਸ ਦੌਰ ਦਾ ਸਭ ਤੋਂ ਵੱਧ ਕਹਾਣੀਆਂ ਲਿਖਣ ਵਾਲਾ ਲੇਖਕ ਕਰਤਾਰ ਸਿੰਘ ਦੁੱਗਲ ਹੈ। 1947 ਤਕ ਛਪੀਆਂ ਉਸ ਦੀਆਂ ਪੁਸਤਕਾਂ ਪਿੱਪਲ ਪੱਤੀਆਂ,

ਸਿਲ-ਵਟੇ, ਸਵੇਰ ਸਾਰ ਤੇ ਕੁੜੀ ਕਹਾਣੀ ਕਰਦੀ ਗਈ, ਹਨ। ਦੁੱਗਲ ਨਵੀਨ ਸ਼ੈਲੀ ਦਾ ਲੇਖਕ ਹੈ। ਉਸ ਦੀਆਂ ਕਹਾਣੀਆਂ ਵਿਚ ਲਿੰਗ ਭਾਵਾਂ ਨੂੰ ਸਮਾਜਕ ਤੇ ਮਨੋਵਿਗਿਆਨਕ ਰੂਪ ਦਿੱਤਾ ਜਾਂਦਾ ਹੈ।

ਸੰਤ ਸਿੰਘ ਸੇਖੋਂ (31.5.1908 ਤੋਂ 7.10.1997) 1947 ਤਕ ਸੇਖੋਂ ਦੀਆਂ ਕਹਾਣੀਆਂ ਦਾ ਕੇਵਲ ਇਕੋ ਸੰਗ੍ਰਹਿ 'ਸਮਾਚਾਰ' ਛਪਿਆ ਸੀ। ਇਹਨਾਂ ਵਿਚ ਸਮਾਜਵਾਦੀ ਯਥਾਰਥਵਾਦ ਦੀ ਦ੍ਰਿਸ਼ਟੀ ਪ੍ਰਧਾਨ ਹੈ। ਬੌਧਿਕ ਪ੍ਰਬਲਤਾ ਵੀ ਇਹਨਾਂ ਕਹਾਣੀਆਂ ਵਿਚ ਨਜ਼ਰੀਂ ਪੈਂਦੀ ਹੈ। 'ਪੇਮੀ ਦੇ ਨਿਆਣੇ' ਉਸ ਦੀ ਅਤਿ ਸਫਲ ਮਨੋਵਿਗਿਆਨਕ ਰਚਨਾ ਹੈ। 'ਅਣਜੰਮੇ' ਕਹਾਣੀ ਵਿਚ ਪਰਿਵਾਰ ਨਿਯੋਜਨ ਦੀ ਸਮੱਸਿਆ ਅਤਿ ਕਲਾਤਮਕ ਢੰਗ ਨਾਲ ਪੇਸ਼ ਕੀਤੀ ਗਈ ਹੈ।

ਗੁਰਬਖ਼ਸ਼ ਸਿੰਘ (26.4.1895 ਤੋਂ 20.8.1977) ਅਨੋਖੇ ਤੇ ਇਕੱਲੇ, ਵੀਣਾ ਵਿਨੋਦ, ਨਾਗ ਪ੍ਰੀਤ ਦਾ ਜਾਦੂ, ਪ੍ਰੀਤ ਕਹਾਣੀਆਂ, ਅਸਮਾਨੀ ਮਹਾਂ ਨਦੀ ਆਦਿ ਆਪ ਦੀਆਂ ਪ੍ਰਸਿੱਧ ਕਹਾਣੀਆਂ ਦੀਆਂ ਪੁਸਤਕਾਂ ਹਨ। ਆਪ ਦੀਆਂ ਬਹੁਤ ਸਾਰੀਆਂ ਕਹਾਣੀਆਂ ਪੁਰਾਣੀ ਸ਼ੈਲੀ ਦੀਆਂ ਧਾਰਨੀ ਹਨ ਅਤੇ ਪ੍ਰੀਤ ਇਹਨਾਂ ਕਹਾਣੀਆਂ ਦਾ ਮੂਲ ਵਿਸ਼ਾ ਹੈ।

ਸੁਜਾਨ ਸਿੰਘ (29.7.1909 ਤੋਂ 22.4.1993) ਕਰਤਾ—ਦੁਖ ਸੁਖ, ਇਸ ਕਾਲ ਦਾ ਇਕ ਉਘਾ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਰੁਮਾਂਟਿਕ, ਯਥਾਰਥਵਾਦੀ ਅਤੇ ਸੁਧਾਰਵਾਦੀ ਅੰਸ਼ ਨੂੰ ਪ੍ਰਗਟਾਉਂਦੀਆਂ ਹਨ। ਫਿਰ ਉਹ ਸਮਾਜਵਾਦੀ ਦ੍ਰਿਸ਼ਟੀਕੋਣ ਵੱਲ ਪਰਤਿਆ। ਸੁਜਾਨ ਸਿੰਘ ਦੀਆਂ ਕਈ ਕਹਾਣੀਆਂ ਤਕਨੀਕ ਦੇ ਪੱਖ ਤੋਂ ਬਹੁਤ ਸਫਲ ਹਨ।

ਦੇਵਿੰਦਰ ਸਤਿਆਰਥੀ (28.5.1908 ਤੋਂ 12.2.2003) ਦੀਆਂ ਕਹਾਣੀਆਂ (ਕੁੰਗਪੋਸ਼ ਤੇ ਸੋਨਾ ਗਾਚੀ) ਵਿਚ ਲੋਕ-ਗੀਤਾਂ ਦੀ ਰੂਹ ਧੜਕਦੀ ਹੈ। ਆਮ ਤੌਰ 'ਤੇ ਉਸ ਦੀਆਂ ਕਹਾਣੀਆਂ ਅਗਰਗਾਮੀ ਦ੍ਰਿਸ਼ਟੀਕੋਣ ਦੀਆਂ ਲਖਾਇਕ ਹਨ।

ਮਹਿੰਦਰ ਸਿੰਘ ਸਰਨਾ (25.9.1925 ਤੋਂ 28.1.2001) ਕਰਤਾ—'ਸ਼ਗਨਾਂ ਭਰੀ ਸਵੇਰ' ਇਸ ਦੌਰ ਦਾ ਸ੍ਰੇਸ਼ਟ ਕਹਾਣੀਕਾਰ ਹੈ, ਜਿਸ ਨੇ ਪੰਜਾਬੀ ਕਹਾਣੀ ਕਲਾ ਵਿਚ ਆਪਣੀ ਨਿਵੇਕਲੀ ਛਾਪ ਨੂੰ ਉਜਾਗਰ ਕੀਤਾ ਹੈ। ਗੁਰਚਰਨ ਸਿੰਘ ਦੀਆਂ ਕਹਾਣੀ ਦਾ ਭਾਵੇਂ ਇਕੋ ਹੀ ਕਹਾਣੀ ਸੰਗ੍ਰਹਿ 'ਵਣ ਤੇ ਕਰੀਰ' ਪ੍ਰਕਾਸ਼ਿਤ ਹੋਇਆ ਹੈ, ਜਿਸ ਦੀਆਂ ਕਹਾਣੀਆਂ ਵਿਚ ਲਿੰਗ-ਖੁੱਲ੍ਹਾਂ ਦਾ ਨਿਰਸੰਕੋਚ ਬਿਆਨ ਹੈ, ਫਿਰ ਵੀ ਉਸ ਦਾ 'ਡੁੱਡਾ' ਵਰਗੀ ਕਹਾਣੀ ਪੰਜਾਬੀ ਕਹਾਣੀ ਕਲਾ ਵਿਚ ਉਸ ਦੀ ਅਮਰ ਦੇਣ ਮੰਨੀ ਜਾ ਸਕਦੀ ਹੈ।

ਰਾਜਿੰਦਰ ਸਿੰਘ ਬੇਦੀ (1.9.1915 ਤੋਂ 11.11.1984) ਦੀਆਂ ਕਹਾਣੀਆਂ 'ਹੱਡੀਆਂ ਤੇ ਫੁੱਲ', 'ਘਰ ਵਿਚ ਬਾਜ਼ਾਰ ਵਿਚ', ਨੂੰ ਕਹਾਣੀ ਕਲਾ ਦੇ ਪ੍ਰਮਾਣਿਕ ਨਮੂਨੇ ਕਿਹਾ ਜਾ ਸਕਦਾ ਹੈ। ਉਹ ਭਾਰਤ ਦਾ ਸ਼੍ਰੋਮਣੀ ਕਹਾਣੀਕਾਰ ਸੀ। ਭਾਵੇਂ ਮੁੱਖ ਰੂਪ ਵਿਚ ਉਹ ਉਰਦੂ ਕਹਾਣੀਕਾਰ ਸੀ, ਪਰ ਉਸ ਦੀਆਂ ਕਹਾਣੀਆਂ ਦੇ ਪੰਜਾਬੀ ਅਨੁਵਾਦ ਨਾਲ ਪੰਜਾਬੀ ਕਹਾਣੀ ਦੇ ਭੰਡਾਰ ਵਿਚ ਚੋਖਾ ਵਾਧਾ ਹੋਇਆ ਹੈ।

ਨਵੀਨ ਪੋਚ ਵਿਚੋਂ ਹਰੀ ਸਿੰਘ ਦਿਲਬਰ (1.6.1914 ਤੋਂ 11.11.1998) ਕਰਤਾ 'ਝੱਖੜ' ਤੇ ਕੁਲਵੰਤ ਸਿੰਘ ਵਿਰਕ ਕਰਤਾ 'ਛਾਹ ਵੇਲਾ' ਤੇ 'ਧਰਤੀ ਤੇ ਆਕਾਸ਼' ਅਤਿ ਸਕਲ ਕਹਾਣੀਕਾਰ ਹਨ। ਵਿਰਕ ਦੀਆਂ ਕਹਾਣੀਆਂ ਤਕਨੀਕੀ ਪੱਖ ਤੋਂ ਬੜੀਆਂ ਸੰਪੂਰਨ ਹਨ। ਕਹਾਣੀਆਂ ਵਿਚ ਪੇਂਡੂ ਜੀਵਨ ਤੇ ਵਾਤਾਵਰਨ ਨੂੰ

ਖ਼ੂਬੀ ਨਾਲ ਚਿਤਰਿਆ ਹੈ। ਜਸਵੰਤ ਸਿੰਘ ਕੰਵਲ (ਕੰਡੇ), ਸੰਤੋਖ ਸਿੰਘ ਧੀਰ (2.12.1920 ਤੋਂ 8.2.2010) ਸਿੱਟਿਆਂ ਦੀ ਛਾਂ, ਲੋਚਨ ਬਖ਼ਸ਼ੀ (15.1.1923 ਤੋਂ 23.8.2001) ਪਾਪ ਪੁੰਨ ਤੋਂ ਪਰੇ, ਕਰਤਾਰ ਸਿੰਘ ਸੂਰੀ (16.10.1927) ਜੀਵਨ ਪ੍ਰਭਾਤ ਤੇ ਸੁਰਜੀਤ ਸਿੰਘ ਸੇਠੀ (1.10.1928 ਤੋਂ 21.3.1995) ਇਸ ਕਾਲ ਦੇ ਹੋਰ ਵਰਣਨਯੋਗ ਕਹਾਣੀਕਾਰ ਹਨ।

1947 ਤੋਂ ਲੈ ਕੇ ਹੁਣ ਤਕ ਦੇ ਸਮੇਂ ਵਿਚ ਕਵਿਤਾ ਨੂੰ ਛੱਡ ਕੇ, ਸ਼ਾਇਦ ਪੰਜਾਬੀ ਨਿੱਕੀ ਕਹਾਣੀ ਵਿਚ ਸਭ ਤੋਂ ਵੱਧ ਪ੍ਰਗਤੀ ਹੋਈ ਅਤੇ ਕਵਿਤਾ ਦੇ ਟਾਕਰੇ ਉਤੇ ਵਧੇਰੇ ਮਾਣ ਕਰਨ ਵਾਲੀ, ਚਿਰੰਜੀਵ ਗੌਰਵ ਦੀ ਧਾਰਨੀ, ਰਚਨਾ ਪ੍ਰਾਪਤ ਹੋਈ ਹੈ। ਇਸ ਵਿਚ ਅਣਗਿਣਤ ਪ੍ਰਯੋਗ, ਆਦਰਸ਼ਵਾਦੀ, ਪ੍ਰਤੀਕਾਤਮਕ, ਰੋਮਾਂਸ ਭਰਪੂਰ ਮਿੰਨੀ ਕਹਾਣੀ ਤੇ ਅਕਹਾਣੀ ਕਈ ਵੰਨਗੀਆਂ ਮਿਲਦੀਆਂ ਹਨ। ਸਮੁੱਚੇ ਤੌਰ ’ਤੇ ਸਾਰੀ ਰਚਨਾ ਨੂੰ ਤਿੰਨ ਖੇਤਰਾਂ ਵਿਚ ਰੱਖ ਕੇ ਵਿਚਾਰਿਆ ਜਾ ਸਕਦਾ ਹੈ :

ੳ) ਪਹਿਲੇ ਪੋਚ ਦੇ ਆਦਰਸ਼ਵਾਦੀ ਲੇਖਕ

ਅ) ਯਥਾਰਥਵਾਦੀ ਤੇ ਦੂਜੇ ਪੋਚ ਦੇ ਪ੍ਰੌੜ੍ਹ ਕਲਾਕਾਰ ਅਤੇ

ੲ) ਮਨੋਵਿਗਿਆਨਕ ਢੰਗ ਦੇ ਨਵੇਂ ਪ੍ਰਯੋਗਕਾਰ

**ਆਦਰਸ਼ਵਾਦੀ ਲੇਖਕ**

ਇਹ ਕਹਾਣੀਕਾਰ ਆਪਣੇ ਵਿਸ਼ੇ ਕਰਕੇ ਹੀ ਆਦਰਸ਼ਵਾਦੀ ਨਹੀਂ, ਸਗੋਂ ਰੂਪ ਕਰਕੇ ਵੀ ਆਦਰਸ਼ਵਾਦੀ ਤੇ ਪੁਰਾਤਨ ਤਕਨੀਕ ਦੇ ਧਾਰਨੀ ਹਨ। ਭਾਵੇਂ ਇਸ ਵਿਚ ਵੀ ਸੰਦੇਹ ਨਹੀਂ ਕਿ ਇਹਨਾਂ ਦੁਆਰਾ ਨਵੀਂ ਸ਼ੈਲੀ ਦੀਆਂ ਕਹਾਣੀਆਂ ਵੀ ਲਿਖੀਆਂ ਗਈਆਂ ਹਨ। ਇਸ ਵੰਨਗੀ ਦੇ ਕਹਾਣੀਕਾਰ ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਡਾਕਟਰ ਮੋਹਨ ਸਿੰਘ, ਨੌਰੰਗ ਸਿੰਘ, ਹਰੀ ਸਿੰਘ ਦਿਲਬਰ ਤੇ ਸੋਹਣ ਸਿੰਘ ਸੀਤਲ ਆਦਿ ਹਨ।

**ਯਥਾਰਥਵਾਦੀ ਕਹਾਣੀਕਾਰ**

ਸੰਤ ਸਿੰਘ ਸੇਖੋਂ ਤੇ ਉਸ ਦੇ ਸਮਕਾਲੀਆਂ ਨਾਲ ਪੰਜਾਬੀ ਨਿੱਕੀ ਕਹਾਣੀ ਦੂਜੇ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਸੇਖੋਂ, ਦੁੱਗਲ, ਸੁਜਾਨ ਸਿੰਘ, ਦੇਵਿੰਦਰ ਸਤਿਆਰਥੀ, ਵਿਰਕ, ਸੰਤੋਖ ਸਿੰਘ ਧੀਰ ਤੇ ਡਾ.ਗੁਰਚਰਨ ਸਿੰਘ ਸਭ ਉਚੀ ਸਾਹਿਤਕ ਸੂਝ ਵਾਲੇ ਵਿਅਕਤੀ ਹਨ ਤੇ ਇਹਨਾਂ ਦਾ ਸਾਹਿਤ ਦਾ ਬੋਧ ਵੀ ਚੋਖਾ ਵਿਸ਼ਾਲ ਸੀ। ਉਹ ਆਪਣੇ ਅਧਿਐਨ ਤੇ ਪਾਠਕ ਦੇ ਅਨੁਭਵ ਵਾਲੀ ਸਮੱਗਰੀ ਦਾ ਅਨੁਕਰਣ ਨਹੀਂ ਕਰਦੇ, ਸਗੋਂ ਮੌਲਿਕ ਢੰਗ ਨਾਲ ਉਹਨਾਂ ਬਾਰੇ ਆਪਣੀ ਨਿਵੇਕਲੀ ਸੂਝ-ਬੂਝ ਤੇ ਵਿਚਾਰ ਭਰੀ ਦ੍ਰਿਸ਼ਟੀ ਰਖਦੇ ਸਨ। ਇਹਨਾਂ ਨੇ ਵਿਸ਼ੇ ਪੱਖ ਤੋਂ ਕਹਾਣੀ ਨੂੰ ਯਥਾਰਥਵਾਦੀ ਰੰਗ ਤੇ ਤਕਨੀਕ ਦੀ ਦ੍ਰਿਸ਼ਟੀ ਤੋਂ ਆਧੁਨਿਕ ਸ਼ੈਲੀ ਪ੍ਰਦਾਨ ਕੀਤੀ ਹੈ। ਇਹ ਸਭ ਪ੍ਰਬੀਨ ਕਲਾਕਾਰ ਸਨ ਤੇ ਕਹਾਣੀ ਦੇ ਰੂਪ ਵਿਧਾਨ ਦੇ ਮਾਹਰ। ਇਹਨਾਂ ਦੀ ਸ਼ੈਲੀ ਪਕੇਰੀ ਤੇ ਹੰਢੀ ਰਸੀ ਹੋਈ ਹੈ। ਲਗਭਗ ਸਾਰਿਆਂ ਵਿਚ ਵੱਧ ਘੱਟ ਮਾਤਰਾ ਵਿਚ ਫ਼ਰਾਇਡਵਾਦੀ ਪ੍ਰਭਾਵ ਵੀ ਮੌਜੂਦ ਹਨ ਅਤੇ ਉਹ ਲੋੜ ਤੋਂ ਵਧੇਰੇ ਨਿਰਸੰਕੋਚ ਹੋ ਕੇ ਲਿੰਗ ਕਾਮਨਾ ਦਾ ਵਰਣਨ ਕਰਦੇ ਸਨ, ਪਰ ਬਹੁਤਿਆਂ ਦਾ ਦ੍ਰਿਸ਼ਟੀਕੋਣ ਸਮਾਜਵਾਦੀ ਜਾਂ ਅਗਰਗਾਮੀ ਹੈ। ਪੇਂਡੂ ਤੇ ਸ਼ਹਿਰੀ ਸਮਾਜ ਬਾਰੇ ਸੰਤੁਲਿਤ ਬੋਧ ਰਖਦੇ ਸਨ। ਇਹੋ ਕਾਰਨ ਹੈ ਇਹਨਾਂ ਰਾਹੀਂ ਕਹਾਣੀ ਦਾ ਮੁਹਾਂਦਰਾ ਤੇ ਨੈਣ

ਨਕਸ਼ ਨਿੱਖਰੇ ਤੇ ਚਮਕੇ ਹਨ ਅਤੇ ਬਹੁਤਿਆਂ ਦੀਆਂ ਕਹਾਣੀਆਂ ਨਮੂਨੇ ਦੀਆਂ ਆਦਰਸ਼ਕ ਰਚਨਾਵਾਂ ਬਣ ਗਈਆਂ ਹਨ। ਫਿਰ ਵੀ ਇਹਨਾਂ ਨੂੰ ਪਹਿਲੀ ਪੀੜ੍ਹੀ ਦੇ ਯਥਾਰਥਵਾਦੀ ਕਹਾਣੀਕਾਰ ਕਿਹਾ ਜਾ ਸਕਦਾ ਹੈ।

**ਨਵੇਂ ਪ੍ਰਯੋਗਕਾਰ**

ਮਹਿੰਦਰ ਸਿੰਘ ਸਰਨਾ (1925) ਕਰਤਾ 'ਸ਼ਗਨਾਂ ਭਰੀ ਸਵੇਰ, ਪੱਥਰ ਦੇ ਆਦਮੀ, ਵੰਝਲੀ ਤੇ ਵਿਲਕਣੀ, ਸੁਪਨਿਆਂ ਦੀ ਸੀਮਾ, ਕਾਲਿੰਗਾ' ਆਦਿ ਇਸ ਕਾਲ ਦਾ ਉਘਾ ਲੇਖਕ ਸੀ, ਜਿਸ ਦੀ ਨਾਵਲਾਂ ਵਰਗੀ ਸੂਖਮ ਸ਼ੈਲੀ ਤੇ ਰੁਮਾਂਟਿਕ ਕਲਪਨਾ ਦੇ ਆਦਰਸ਼ ਉਸ ਦੀਆਂ ਪਹਿਲੀਆਂ ਕਹਾਣੀਆਂ ਵਿਚ ਵਿਆਪਕ ਰੂਪ ਵਿਚ ਨਿੱਖਰੇ ਹਨ। ਸਥਾਨਕ ਤੇ ਪ੍ਰਤੀਕਮਈ ਵਾਤਾਵਰਣ ਰਚ ਸਕਣ ਵਿਚ ਵੀ ਉਹ ਬੜਾ ਸਫਲ ਸੀ। ਪਿੰਡਾਂ ਦਾ ਕਿਰਸਾਣੀ ਵਾਤਾਵਰਣ ਬੰਨ੍ਹਣ ਵਿਚ ਉਸ ਦੀ ਕਲਾ ਚੋਖੀ ਨਿਪੁੰਨ ਹੈ ਅਤੇ ਦੇਸ਼-ਵੰਡ ਸਬੰਧੀ ਲਿਖੀਆਂ ਕਹਾਣੀਆਂ ਵਿਚ ਕਰੁਣਾ-ਰਸ ਡੂੰਘਾ ਤੇ ਪਾਠਕ ਦੇ ਮਨ 'ਤੇ ਅਮਿੱਟ ਪ੍ਰਭਾਵ ਪਾਉਣ ਵਾਲਾ ਹੈ।

ਜਸਟਿਸ ਮਹਿੰਦਰ ਸਿੰਘ ਜੋਸ਼ੀ (10.10.1919 ਤੋਂ 6.8.2009) ਨੇ ਭਾਵੇਂ ਨਾਵਲ 'ਤਾਰਿਆਂ ਦੇ ਪੈਰ ਚਿਤਰ' ਵੀ ਰਚਿਆ ਹੈ, ਪਰ ਪੰਜਾਬੀ ਗਲਪ ਖੇਤਰ ਵਿਚ ਉਸ ਦੀ ਪ੍ਰਸਿੱਧੀ ਵਧੇਰੇ ਕਰਕੇ ਇਕ ਸ੍ਰੇਸ਼ਟ ਕਹਾਣੀਕਾਰ ਕਰਕੇ ਹੋਈ ਹੈ। ਉਸ ਨੇ ਦਸ ਤੋਂ ਵੀ ਵਧੀਕ ਕਹਾਣੀ ਸੰਗ੍ਰਹਿ ਰਚੇ ਸਨ। ਇਹਨਾਂ ਵਿਚੋਂ ਵਧੇਰੇ ਪ੍ਰਸਿੱਧ 'ਦਿਲ ਤੋਂ ਦੂਰ', 'ਸਹੁੰ ਮੈਨੂੰ ਆਪਣੀ', 'ਦਰੋਪਤੀ ਦਾ ਦੋਸ਼' ਅਤੇ 'ਮੇਰੇ ਪੱਤੇ ਮੇਰੀ ਖੇਡ' ਆਦਿ ਹਨ।

ਗੁਲਜ਼ਾਰ ਸਿੰਘ ਸੰਧੂ (1933) ਵੀ ਮਹਿੰਦਰ ਸਿੰਘ ਜੋਸ਼ੀ ਵਾਂਗ ਇਕ ਨਾਵਲ ਦਾ ਕਰਤਾ ਹੈ, ਪਰ ਉਸ ਨੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਸਿੱਧੀ ਤੇ ਮਾਨਤਾ ਕਹਾਣੀਕਾਰ ਦੇ ਤੌਰ 'ਤੇ ਪ੍ਰਾਪਤ ਕੀਤੀ ਹੈ। ਉਸ ਨੇ 80-90 ਦੇ ਲਗਭਗ ਕਹਾਣੀਆਂ ਲਿਖੀਆਂ ਹਨ ਅਤੇ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ 'ਹੁਸਨ ਤੇ ਹਾਣੀ', 'ਇਕ ਸਾਂਝ ਪੁਰਾਣੀ', 'ਸੋਨੇ ਦੀ ਇੱਟ' ਤੇ 'ਅਮਰ ਕਥਾ' ਹਨ। ਭਾਵੇਂ ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਵਿਸ਼ੇ ਵੰਨਗੀ ਦ੍ਰਿਸ਼ਟੀਗੋਚਰ ਹੁੰਦੀ ਹੈ, ਪਰ ਵਧੇਰੇ ਕਰਕੇ ਉਸ ਦੀਆਂ ਕਹਾਣੀਆਂ ਪੰਜਾਬ ਦੇ ਕਿਰਸਾਣੀ ਸਮਾਜ ਨਾਲ ਸਬੰਧ ਰਖਦੀਆਂ ਹਨ।

ਰਾਮ ਸਰੂਪ ਅਣਖੀ ਦੀ ਪੰਜਾਬੀ ਸਾਹਿਤ ਵਿਚ ਪ੍ਰਸਿੱਧੀ ਕਹਾਣੀਕਾਰ ਦੇ ਤੌਰ 'ਤੇ ਹੋਈ ਸੀ, ਪਰ 1987 ਵਿਚ ਉਸ ਦੇ ਨਾਵਲ 'ਕੋਠੇ ਖੜਕ ਸਿੰਘ' ਨੂੰ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਪ੍ਰਾਪਤ ਹੋਣ ਪਿੱਛੋਂ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਵੀ ਉਸ ਨੇ ਉਚਿਤ ਸਥਾਨ ਬਣਾ ਲਿਆ। ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ 'ਸੁੱਤਾ ਨਾਗ', 'ਮਨੁੱਖ ਦੀ ਮੌਤ', 'ਕੰਧ ਵਿਚ ਉਗਿਆ ਦਰੱਖ਼ਤ' ਤੇ 'ਰਤ ਦਾ ਕੁੰਗੂ' ਹਨ।

ਪ੍ਰੇਮ ਪ੍ਰਕਾਸ਼ (7.4.1932) ਆਪਣੇ ਨਾਵਲ 'ਦਸਤਾਵੇਜ਼' ਵਿਚ ਨਕਸਲਵਾਦੀ ਲਹਿਰ ਤੋਂ ਪ੍ਰਭਾਵਿਤ ਹੋਇਆ ਸੀ। ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਵੀ ਵਰਤਮਾਨ ਸਦੀ ਦੇ ਸੱਤਵੇਂ ਅੱਠਵੇਂ ਦਹਾਕੇ ਦੀ ਇਸ ਜੁਝਾਰੂ ਲਹਿਰ ਦੀਆਂ ਝਲਕਾਂ ਦਿਖਾਈ ਦਿੰਦੀਆਂ ਹਨ। ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ 'ਕਚਕੜੇ', 'ਨਮਾਜ਼ੀ', 'ਮੁਕਤੀ', 'ਸ਼ਵੇਤਾਂਬਰ ਨੇ ਕਿਹਾ ਸੀ' ਅਤੇ 'ਰੰਗ ਮੰਚ ਤੇ ਭਿਕਸ਼ੂ' ਆਦਿ ਹਨ। ਪੰਜਾਬੀ ਦੇ ਕਹਾਣੀ ਜਗਤ ਵਿਚ ਉਸ ਨੂੰ ਇਕ ਵਿਲੱਖਣ ਪ੍ਰਵਿਰਤੀ ਵਾਲੇ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ।

ਵਰਿਆਮ ਸੰਧੂ (10.9.1945) ਪੰਜਾਬੀ ਦੇ ਪ੍ਰਬੀਨ ਕਹਾਣੀਕਾਰਾਂ ਵਿਚੋਂ ਸ਼੍ਰੋਮਣੀ ਮੰਨਿਆ ਜਾਂਦਾ ਹੈ। ਮਾਝੇ ਦਾ ਜੰਮਪਲ ਹੋਣ ਕਰਕੇ ਉਸ ਦੀਆਂ ਕਹਾਣੀਆਂ ਕੇਂਦਰੀ ਪੰਜਾਬੀ ਦੇ ਕਿਰਸਾਣੀ ਸਮਾਜ ਦਾ ਚਿੱਤਰ ਪੇਸ਼ ਕਰਦੀਆਂ ਹਨ। ਪੁਰਾਣੇ ਜਾਗੀਰਦਾਰੀ ਪੇਂਡੂ ਸਮਾਜ ਵਿਚ ਰਿਸ਼ਤਿਆਂ ਦੀ ਟੁੱਟ-ਭੱਜ ਛੋਟੀ ਕਿਰਸਾਣੀ ਅਤੇ ਨਿਮਨ ਵਰਗ ਦੇ ਲੋਕਾਂ ਵਿਚ ਵਧ ਰਹੀ ਆਰਥਿਕ ਖਿੱਚੋਤਾਣ ਦੇ ਫਲਸਰੂਪ ਸਮਾਜਿਕ ਰਿਸ਼ਤਿਆਂ ਵਿਚ ਉਤਪੰਨ ਹੋਣ ਵਾਲੀਆਂ ਤ੍ਰੇੜਾਂ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਸਫਲ ਭਾਂਤ ਚਿਤਰਦਾ ਹੈ। ਸਮਾਜ ਵਿਚ ਆ ਰਹੇ ਨਵੇਂ ਪਰਿਵਰਤਨਾਂ ਦਾ ਬਿਆਨ ਕਰਦਾ ਹੈ ਅਤੇ ਮਾਝੇ ਦੀ ਟਕਸਾਲੀ ਬੋਲੀ ਵਰਤ ਕੇ ਪੰਜਾਬੀ ਗਲਪ ਸਾਹਿਤ ਵਿਚ ਸੋਹਣ ਸਿੰਘ ਸੀਤਲ ਵਰਗੀ ਪਰੰਪਰਾ ਨੂੰ ਅੱਗੇ ਤੋਰ ਰਿਹਾ ਹੈ। ਦੂਜੇ ਸ਼ਬਦਾਂ ਵਿਚ ਉਸ ਦੀ ਕਹਾਣੀ ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਤੇ ਗੁਲਜ਼ਾਰ ਸਿੰਘ ਸੰਧੂ ਦੇ ਅਗਲੇ ਪੜਾਉ ਦੀ ਸੂਚਕ ਹੈ।

ਗੁਰਦਿਆਲ ਸਿੰਘ (1933) ਜਿੱਥੇ ਪ੍ਰਮੁੱਖ ਨਾਵਲਕਾਰ ਹੈ, ਉਥੇ ਸ਼੍ਰੋਮਣੀ ਕਹਾਣੀਕਾਰ ਵੀ ਹੈ। ਉਸ ਨੇ ਕਈ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ ਵਿਚੋਂ ਕੁਝ ਵਰਣਨਯੋਗ 'ਬਕਲਮ ਖ਼ੁਦ', 'ਸੱਗੀ ਫੁੱਲ', 'ਚੰਨ ਦਾ ਬੂਟਾ', 'ਕੁੱਤਾ ਤੇ ਆਦਮੀ' ਤੇ 'ਪੱਕਾ ਟਿਕਾਣਾ' ਆਦਿ। ਗੁਰਦਿਆਲ ਸਿੰਘ ਆਪਣੀਆਂ ਕਹਾਣੀਆਂ ਵਿਚ ਮਾਲਵੇ ਦਾ ਸਭਿਆਚਾਰਕ ਪਿਛੋਕੜ ਬੜੀ ਬਾਰੀਕੀ ਤੇ ਵਿਸਥਾਰ ਨਾਲ ਚਿਤਰਦਾ ਹੈ ਅਤੇ ਗਰੀਬ ਤੇ ਦਲਿਤ ਨਿਮਨ ਵਰਗ ਦੇ ਕਿਰਤੀ ਕਿਰਸਾਣਾਂ, ਸ਼ਿਲਪਕਾਰਾਂ ਤੇ ਛੋਟੇ ਹਟਵਾਣੀਆਂ ਦਾ ਕਹਾਣੀਕਾਰ ਹੈ। ਉਹ ਆਪਣੇ ਪਾਤਰਾਂ ਨੂੰ ਬੜੀ ਸੂਝ-ਬੂਝ ਨਾਲ ਵਾਸਤਵਿਕ ਰੰਗ ਵਿਚ ਨਿਖਾਰ ਕੇ ਪੇਸ਼ ਕਰਦਾ ਹੈ ਅਤੇ ਮਲਵਈ ਭਾਸ਼ਾ ਦਾ ਪਾਤਰਾਂ ਦੇ ਸੰਵਾਦਾਂ ਵਿਚ ਬੜਾ ਯੁਕਤੀ ਪੂਰਵਕ ਪ੍ਰਯੋਗ ਕਰਦਾ ਹੈ ਅਤੇ ਉਸ ਦੀਆਂ ਰਚਨਾਵਾਂ ਮਾਲਵੇ ਦਾ ਸਭਿਆਚਾਰ ਕੋਸ਼ ਹੀ ਪ੍ਰਤੀਤ ਹੁੰਦੀਆਂ ਹਨ।

ਗੁਰਬਚਨ ਸਿੰਘ ਭੁੱਲਰ (18.3.1937) ਪੰਜਾਬੀ ਦੇ ਚੋਣਵੇਂ ਕਹਾਣੀਕਾਰਾਂ ਵਿਚੋਂ ਇਕ ਹੈ। ਉਸ ਦੇ ਵਰਣਨਯੋਗ ਕਹਾਣੀ ਸੰਗ੍ਰਹਿ 'ਓਪਰਾ ਮਰਦ', 'ਮੈਂ ਗ਼ਜ਼ਨਵੀ ਨਹੀਂ', 'ਵਖਤਾਂ ਮਾਰੇ' ਅਤੇ 'ਦੀਵੇ ਵਾਂਗ ਬਲਦੀ ਅੱਖ' ਆਦਿ ਹਨ। ਗੁਰਬਚਨ ਸਿੰਘ ਭੁੱਲਰ ਸ਼ਹਿਰੀ ਪੇਂਡੂ ਸਮਾਜ ਵਿਚੋਂ ਕਹਾਣੀਆਂ ਦੇ ਵਿਸ਼ਿਆਂ ਦੀ ਚੋਣ ਕਰਦਾ ਹੈ ਅਤੇ ਆਪਣੀ ਜਨਮ ਭੂਮੀ ਬਠਿੰਡੇ ਦੇ ਸਥਾਨਕ ਸਭਿਆਚਾਰ ਤੇ ਕਿਰਸਾਣੀ ਸਮਾਜ ਦੇ ਅਰਥਚਾਰੇ ਤੇ ਸਮਾਜਿਕ ਰਹਿਤ ਬਹਿਤ ਦਾ ਆਪਣੀਆਂ ਕਹਾਣੀਆਂ ਰਾਹੀਂ ਸੁੰਦਰ ਵਿਸ਼ਲੇਸ਼ਣ ਤੇ ਚਿਤਰਨ ਕਰਦਾ ਹੈ। ਉਸ ਦੀਆਂ ਕਹਾਣੀਆਂ ਦੀਆਂ ਘਟਨਾਵਾਂ ਤੇ ਪਾਤਰ ਪਾਠਕਾਂ ਲਈ ਆਕਰਸ਼ਣ ਦਾ ਕਾਰਨ ਬਣਦੀਆਂ ਹਨ, ਕਿਉਂ ਜੋ ਉਹਨਾਂ ਵਿਚ ਜੀਵਨ ਦੀ ਕੋਈ ਮੁੱਖ ਸਮੱਸਿਆ ਛੁਪੀ ਹੋਈ ਹੁੰਦੀ ਹੈ।

ਡਾ.ਐੱਸ.ਤਰਸੇਮ (21.12.1942) ਨੇ ਪੰਜਾਬੀ ਕਹਾਣੀ ਨੂੰ ਕਣਕ ਦਾ ਬੁੱਕ, ਅੱਜ ਦੇ ਮਸੀਹੇ, ਪਾਟਿਆ ਦੁੱਧ ਅਤੇ ਫੈਲਦੇ ਰਿਸ਼ਤੇ—ਚਾਰ ਕਹਾਣੀ ਸੰਗ੍ਰਹਿ ਦਿੱਤੇ ਹਨ ਜੋ ਹੁਣ 'ਚਾਰ ਖਣ' ਦੇ ਰੂਪ ਵਿਚ ਇਕ ਥਾਂ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਮੁਢਲੀਆਂ ਕਹਾਣੀਆਂ ਵਿਚ ਕਿਰਤੀ ਦੀ ਲੁੱਟ ਤੇ ਸੰਘਰਸ਼ ਨੂੰ ਰੁਮਾਂਟਿਕ-ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਬਦਲਦੇ ਦਾਇਰੇ, ਫੈਲਦੇ ਰਿਸ਼ਤੇ, ਪਿੱਪਲ ਵਾਲਾ ਘਰ ਅਤੇ ਚਮੇਲੀ ਚਾਰ ਅਜਿਹੀਆਂ ਕਹਾਣੀਆਂ ਹਨ, ਜੋ ਪੰਜਾਬ ਦੇ ਕਸਬਿਆਂ ਦੇ ਮਹਾਜਨੀ ਜੀਵਨ ਦੇ ਰਿਸ਼ਤਿਆਂ ਦੀ ਅੰਦਰਲੀ ਟੁੱਟ-ਭੱਜ ਨੂੰ ਬੜੇ ਸੂਖਮ ਗਲਪੀ ਬਿੰਬ ਵਿਚ ਢਾਲਣ ਦਾ ਯਤਨ ਹੈ।

ਨਵਤੇਜ ਸਿੰਘ (8.1.1925 ਤੋਂ 20.8.1981) ਕਰਤਾ 'ਦੇਸ਼ ਵਾਪਸੀ', 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ' ਅਤੇ 'ਚਾਨਣ ਦੇ ਬੀਜ' ਵਿਚ ਆਪਣਾ ਨਵਾਂ ਤੇ ਨਿਵੇਕਲਾ ਰੰਗ ਵਿਗਿਆਨਕ ਤੱਥਾਂ ਤੇ ਰੁਮਾਂਟਿਕ ਸ਼ੈਲੀ ਜਾਂ ਇਸ ਦੇ ਉਲਟ ਰੁਮਾਂਟਿਕ ਮਨੋਭਾਵਾਂ ਤੇ ਮਨੋਵਿਗਿਆਨਕ ਸ਼ੈਲੀ ਨੂੰ ਇਉਂ ਇਕ ਸੁਰ ਕਰ ਜਾਂਦਾ ਸੀ ਕਿ ਇਹਨਾਂ ਨੂੰ ਨਿਖੇੜਨਾ ਕਠਿਨ ਹੋ ਜਾਂਦਾ ਹੈ। ਨਾਟਕੀ ਤੱਤਾਂ ਨਾਲ ਕਾਵਿਮਈ ਰੰਗ ਵਧੇਰੇ ਭਰ ਦਿੰਦਾ ਸੀ। ਅੰਤਰਰਾਸ਼ਟਰੀ ਚੇਤੰਨਤਾ ਤੇ ਸਮਾਜਵਾਦੀ ਤੇ ਪ੍ਰਗਤੀਵਾਦੀ ਰੂਪ ਦਾ ਆਦਰਸ਼ਵਾਦ, ਉਸ ਦੀ ਰਚਨਾ ਉਤੇ ਸਦਾ ਛਾ ਜਾਂਦਾ ਰਿਹਾ ਹੈ। ਕਈ ਵਾਰ ਤਾਂ ਉਸ ਦੀ ਕਹਾਣੀ ਸਪਸ਼ਟ ਨਾਹਰੇਬਾਜ਼ੀ ਦਾ ਸ਼ਿਕਾਰ ਹੋ ਜਾਂਦੀ ਹੈ, ਜਿਸ ਵਿਚ ਉਪ-ਭਾਵੁਕ ਜਿਹਾ ਸਿਧਾਂਤਵਾਦ ਦ੍ਰਿਸ਼ਟੀਗੋਚਰ ਹੁੰਦਾ ਹੈ।

ਸੁਰਜੀਤ ਸਿੰਘ ਸੇਠੀ (1.10.1928 ਤੋਂ 21.3.1995) ਕਰਤਾ 'ਮਹੀਂਵਾਲ', 'ਅੰਗਰੇਜ਼ ਅੰਗਰੇਜ਼ ਸਨ', 'ਸਲਾਮ', 'ਡੂੰਘੇ ਪਾਣੀਆਂ ਦੇ ਹਾਣੀ' ਮਨੋਵਿਗਿਆਨਕ ਸ਼ੈਲੀ ਦਾ ਸ੍ਰੇਸ਼ਟ ਕਹਾਣੀਕਾਰ ਸੀ। ਉਹ ਆਪਣੇ ਪਾਤਰਾਂ ਦਾ ਬਰੀਕ ਤੇ ਡੂੰਘਾ ਮਨੋਵਿਸ਼ਲੇਸ਼ਣ ਕਰਦਾ ਹੈ ਅਤੇ ਸੂਖਮ ਵਾਰਤਾਲਾਪ ਤੇ ਦ੍ਰਿਸ਼ਟੀ ਪਿਛੋਕੜ ਨੂੰ ਅਜਿਹੀਆਂ ਕਾਲਪਨਿਕ ਛੁਹਾਂ ਨਾਲ ਉਸਾਰਦਾ ਹੈ ਕਿ ਸਾਰੀ ਕਹਾਣੀ ਉਤੇ ਉਸ ਦਾ ਜਾਦੂ ਅਸਰ ਛਾਇਆ ਰਹਿੰਦਾ ਹੈ।

ਕਰਤਾਰ ਸਿੰਘ ਸੂਰੀ (16.10.1927) ਨੇ 'ਅਰਸ਼ ਤੇ ਫ਼ਰਸ਼', 'ਪ੍ਰਭਾਤ ਕਿਰਨਾਂ', 'ਭਗਵਾਨ ਮਹਿੰਗਾ ਹੈ' ਤੇ 'ਪੁਰਾਣੇ ਪਿੰਜਰ' ਆਦਿ ਕਹਾਣੀ ਸੰਗ੍ਰਹਿ ਦਿੱਤੇ ਹਨ, ਜਿਨ੍ਹਾਂ ਵਿਚ ਉਹ ਭਾਵੁਕਤਾ ਦਾ ਤਿਆਗ ਕਰਕੇ ਬੌਧਿਕ ਸਤਾਹ ਉਤੇ ਕੁਝ ਵਰਣਨਯੋਗ ਵਿਸ਼ੇਸ਼ਤਾ ਦਰਸਾ ਸਕਿਆ ਹੈ।

ਪਰ ਇਸ ਦੌਰ ਦੇ ਕਹਾਣੀਕਾਰਾਂ ਵਿਚੋਂ ਉਪਰਲੀ ਅਮੀਰ ਸ਼੍ਰੇਣੀ ਤੇ ਉਪਰਲੀ ਮੱਧ-ਸ਼੍ਰੇਣੀ ਡੰਪ-ਪਸਾਰੇ ਤੇ ਕੁੜਾਵੇ ਪੌਦ ਤੋਂ ਪਰਦਾ ਚਾਕ ਕਰਨ ਤੇ ਕੌੜੀ ਹਕੀਕਤ ਨੂੰ ਨੰਗਾ ਕਰ ਸਕਣ ਦੀ ਯੋਗਤਾ ਜੋ ਹਰਬੰਸ ਸਿੰਘ ਜੌਲੀ ਨੂੰ ਪ੍ਰਾਪਤ ਹੋਈ ਹੈ, ਉਹ ਉਸੇ ਦੇ ਹੀ ਹਿੱਸੇ ਆਈ ਹੈ। 'ਚੀਕਾਂ', 'ਪ੍ਰੀਤ ਮਿਲਣੀ' ਤੇ 'ਇਕ ਰਾਤ ਪ੍ਰਭਾਤ' ਉਹਦੇ ਕਹਾਣੀ ਸੰਗ੍ਰਹਿ ਹਨ।

ਜਸਵੰਤ ਸਿੰਘ ਵਿਰਦੀ (7.5.1934 ਤੋਂ 1.7.2011) ਕਰਤਾ 'ਪੀੜ ਪਰਾਈ', 'ਗ਼ਮ ਦਾ ਸਾਕ', 'ਨਦੀ ਦਾ ਪਾਣੀ', 'ਸੀਸ ਭੇਟ', 'ਨੁੱਕਰ ਵਾਲੀ ਗਲੀ', ਪੰਜਾਬੀ ਦਾ ਹੰਢਿਆ ਹੋਇਆ ਕਹਾਣੀਕਾਰ ਹੈ, ਜਿਸ ਦੀ ਕਲਾ ਦੀ ਪਕਿਆਈ ਤੇ ਵਿਸ਼ਿਆਂ ਦੀ ਵਿਭਿੰਨਤਾ ਉਸ ਨੂੰ ਪਹਿਲੀ ਕਤਾਰ ਦੇ ਕਹਾਣੀਕਾਰਾਂ ਵਿਚ ਲਿਆ ਖੜ੍ਹਾ ਕਰਦੀ ਹੈ।

**ਇਸਤਰੀ ਲੇਖਕ**

ਪੰਜਾਬੀ ਨਿੱਕੀ ਕਹਾਣੀ ਦੇ ਵਿਕਾਸ ਵਿਚ ਕੁਝ ਕੁ ਇਸਤਰੀ ਲੇਖਕਾਂ ਨੇ ਵੀ ਯੋਗ ਹਿੱਸਾ ਪਾਇਆ ਹੈ। ਇਹਨਾਂ ਦਾ ਜਗਤ ਤਾਂ ਭਾਵੇਂ ਨਿਰਾਲਾ ਨਹੀਂ, ਪਰ ਅਨੁਭਵ ਜ਼ਰੂਰ ਵਿਲੱਖਣ ਹੈ। ਵਿਸ਼ੇਸ਼ ਕਰਕੇ ਪੁਰਸ਼ ਪ੍ਰਧਾਨ ਸਮਾਜ ਤੇ ਸਾਮੰਤਵਾਦੀ ਯੁਗ ਦੇ ਕਠੋਰ ਦਮਨ ਨੇ ਇਹਨਾਂ ਦੀ ਵਿਅਕਤੀਗਤ ਸੁਤੰਤਰਤਾ ਨੂੰ ਨਪੀੜੀ ਰੱਖਿਆ ਹੈ। ਜਿੱਥੇ ਹਉਕੇ ਤੇ ਸਿਸਕੀਆਂ ਹਨ, ਉਥੇ ਇਸਤਰੀ ਮਨ ਵਿਚ ਉਭਰ ਰਿਹਾ ਸੰਘਰਸ਼, ਬਲ ਤੇ ਆਧੁਨਿਕ ਯੁੱਗ ਦੀ ਸੁਤੰਤਰ ਚੇਤੰਨਤਾ ਵੀ ਦ੍ਰਿਸ਼ਟੀਗੋਚਰ ਹੋਈ ਹੈ। ਸ਼ੈਲੀ ਦੇ ਪੱਖ ਤੋਂ ਵੀ ਅਨੂਠੀ ਪ੍ਰਕਾਰ ਦੀ ਕਾਵਿਮਈ ਭਾਵੁਕਤਾ ਤੇ

ਤਿੱਖਾ ਵੇਗ ਵੇਖਣ ਵਿਚ ਆਉਂਦਾ ਹੈ। ਉਪਭਾਵੁਕਤਾ, ਨਿਰਾਸ਼ਾ, ਵਿਸ਼ਾਦ ਤੋਂ ਕੋਈ ਕੋਈ ਲੇਖਕਾ ਹੀ ਪੂਰਨ ਤੌਰ ’ਤੇ ਸੁਤੰਤਰ ਹੋ ਸਕੀ ਹੈ। ਜਿਨ੍ਹਾਂ ਇਸਤਰੀ ਲੇਖਕਾਂ ਨੇ ਕਹਾਣੀ ਰਚਨਾ ਨੂੰ ਕਲਾ ਰੂਪ ਵਜੋਂ ਅਪਣਾਇਆ ਹੈ, ਉਹਨਾਂ ਵਿਚੋਂ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਐੱਨ ਕੌਰ, ਸ਼ਰਨ ਮੱਕੜ, ਚੰਦਨ ਨੇਗੀ, ਬਲਜੀਤ ਬਲੀ, ਰਾਜਿੰਦਰ ਕੌਰ (ਸਤਰੰਗੀ ਕਲਪਨਾ ਤੋਂ ਲੈ ਕੇ ‘ਜਦੋਂ ਖੰਭ ਲੱਗ ਜਾਣ’ ਤਕ ਤੇ ਰਾਜ ਬੇਦੀ ਹਨ। ਅੰਮ੍ਰਿਤਾ ਪ੍ਰੀਤਮ ਜਿੱਥੇ ਆਪਣੀ ਕਵਿਤਾ ਵਿਚ ਇਸਤਰੀ ਜਾਤੀ ਦੀ ਆਵਾਜ਼ ਦੇ ਰੂਪ ਵਿਚ ਜਾਣੀ ਤੇ ਸਤਿਕਾਰੀ ਜਾਂਦੀ ਹੈ, ਉਥੇ ਉਸ ਦੀਆਂ ਕਹਾਣੀਆਂ ਵਿਚ ਲੋਕ ਗੀਤਾਂ ਵਾਲੀ ਸਰਲ ਭਾਵੁਕਤਾ ਅਤੇ ਸ਼ੈਲੀ ਵਿਚ ਕਾਵਿਮਈ ਅੰਸ਼ ਮੌਜੂਦ ਹੈ। ਉਸ ਦੀ ਕਹਾਣੀ ਵਧੇਰੇ ਰੌਚਿਕ ਤੇ ਰਸਦਾਇਕ ਹੁੰਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਹਾਣੀ ਬਿਰਤਾਂਤ ਕਾਵਿ ਰਸ ਨਾਲ ਹੀ ਭਰਪੂਰ ਹੈ। ‘ਮੋਮਬੱਤੀਆਂ ਦਾ ਭੇਦ’ ਅਤੇ ‘ਕੁੰਜੀਆਂ’ ਆਦਿ ਉਸ ਦੇ ਵਰਣਨਯੋਗ ਸੰਗ੍ਰਹਿ ਹਨ। ‘ਕਿਣਕੇ’ ਪ੍ਰਭਜੋਤ ਕੌਰ ਦਾ ਵਰਣਨਯੋਗ ਕਹਾਣੀ ਸੰਗ੍ਰਹਿ ਹੈ।

ਦਲੀਪ ਕੌਰ ਟਿਵਾਣਾ (4.5.1932) ਇਸਤਰੀ ਲੇਖਕਾਂ ਵਿਚੋਂ ਕਹਾਣੀ ਦੇ ਖੇਤਰ ਵਿਚ ਵਿਸ਼ੇਸ਼ ਦੇਣ ਦਲੀਪ ਕੌਰ ਟਿਵਾਣਾ ਦੀ ਹੈ। ਉਸ ਨੇ ਹੁਣ ਤਕ ‘ਪ੍ਰਬਲ ਵਹਿਣ’, ‘ਤਰਾਟਾਂ’, ‘ਵੈਰਾਗੇ ਨੈਣ’, ‘ਤੂੰ ਭਰੀਂ ਹੁੰਗਾਰਾ’ ਆਦਿ ਕਹਾਣੀ ਸੰਗ੍ਰਹਿ ਦਿੱਤੇ ਹਨ।

ਅਜੀਤ ਕੌਰ (16.11.1934) ਨੇ ਪੰਜਾਬੀ ਕਹਾਣੀ ਵਿਚ ਵਿਸ਼ੇ ਤੇ ਸ਼ੈਲੀ ਦੇ ਪੱਖ ਤੋਂ ਨਵੇਂ ਚਮਤਕਾਰੀ ਗੁਣ ਲਿਆਂਦੇ ਹਨ ਅਤੇ ਇਕ ਪ੍ਰਕਾਰ ਨਿਰਸੰਕੋਚ ਬਿਆਨ ਸਾਹਮਣੇ ਲਿਆਂਦਾ ਹੈ। ਅਜੀਤ ਕੌਰ ਦੀਆਂ ‘ਫਾਲਤੂ ਔਰਤ’ ਦੀਆਂ ਕਹਾਣੀਆਂ ਇਸਤਰੀ ਦੇ ਜੀਵਨ ਦੀ ਇਕੱਲਤਾ ਜੋ ਵੱਖ-ਵੱਖ ਛਿਣਾਂ ਵਿਚ ਉਸ ਦੇ ਮਨ ਉਤੇ ਭਾਰੂ ਰਹਿੰਦੀ ਹੈ, ਦਾ ਸੁੰਦਰ ਤੇ ਆਧੁਨਿਕ ਢੰਗ ਦਾ ਬੋਧ ਕਰਾਉਂਦੀਆਂ ਹਨ। ਉਹ ਵੀ ਇਹਨਾਂ ਕਹਾਣੀਆਂ ਵਿਚ ਗਵਾਚੇ ਜਾਂ ਖੰਡਿਤ ਆਪੇ ਦੀ ਭਾਲ ਵਿਚ ਹੈ। ਉਸ ਦੀ ਸ਼ੈਲੀ ਵਿਚ ਕਹਾਣੀ ਦਾ ਨਵੀਨਤਮ ਰੰਗ, ਭਾਵੁਕਤਾ ਤੇ ਰਸਮਾਚਾਰ ਦਾ ਤਿਆਗ ਕਰਕੇ ਜੀਵਨ ਨੂੰ ਉਸ ਦੇ ਨੰਗੇ ਰੂਪ ਵਿਚ ਵੇਖਣਾ, ਘੋਖਣਾ, ਮਾਣਨਾ ਤੇ ਪੇਸ਼ ਕਰਨਾ ਹੈ। ‘ਸਾਵੀਆਂ ਚਿੜੀਆਂ’, ‘ਧੁੱਪ ਵਾਲਾ ਸ਼ਹਿਰ’, ‘ਗੁਲਬਾਨੋ’ ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ।

ਚੰਦਨ ਨੇਗੀ (26.6.1937) ਦੀਆਂ ਕਹਾਣੀਆਂ ਇਸਤਰੀ ਕਹਾਣੀਕਾਰਾਂ ਵਿਚੋਂ ਆਪਣੀ ਪ੍ਰਮਾਣਿਕਤਾ ਅਤੇ ਕਲਾਮਈ ਨਿਪੁੰਨਤਾ ਕਾਰਨ ਉਚਿਤ ਗੌਰਵ ਦੀਆਂ ਧਾਰਨੀ ਹਨ। ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ — ਮੇਰਾ ਆਪਾ ਮੋੜ ਦੇ, ਚਿਤ੍ਰਗੁਪਤ, ਕਰੜਾ ਸਾਰ, ਗੰਧ ਕਥੂਰੀ, ਬਾਰ ਪਰਾਇ, ਸਗਲ ਸੰਗ ਅਤੇ ਸੁਲਗਦੇ ਰਾਹ ਹਨ। ਉਹ ਸਮਾਜਿਕ ਜੀਵਨ ਨੂੰ ਚਿਤਰਨ ਵਾਲੀ ਵੱਡੀ ਕਹਾਣੀਕਾਰ ਹੈ ਅਤੇ ਜਿਸ ਸਹਿਜ ਢੰਗ ਨਾਲ ਸਮਾਜਿਕ ਜੀਵਨ ਦਾ ਵਿਸ਼ਲੇਸ਼ਣ ਪ੍ਰਸਤੁਤ ਕਰਦੀ ਹੈ, ਉਸ ਵਿਚ ਸਹਿਜ ਪ੍ਰਵਾਹ ਵੀ ਹੈ, ਗਹਿਰ ਗੰਭੀਰਤਾ ਅਤੇ ਪ੍ਰਮਾਣਿਕਤਾ ਵੀ। ਇਹਨਾਂ ਕਹਾਣੀਆਂ ਵਿਚ ਇਸਤਰੀ ਪੁਰਸ਼, ਅੰਤਰ ਜਾਤੀ, ਉਚੇ ਨੀਵੇਂ ਵਰਗਾਂ, ਪ੍ਰੇਮ ਸਬੰਧਾਂ ਵਿਚ ਸੰਜੋਗ ਵਿਜੋਗ, ਪਾਤਰਾਂ ਦੀ ਅੰਤਰੀਵ ਮਨੋ-ਵੇਦਨਾ ਤੇ ਅਕਾਂਖਿਆਵਾਂ ਦਾ ਪਰਸਪਰ ਤਣਾਉ ਤੇ ਟਕਰਾਉ ਸਹਿਜ ਰੂਪ ਵਿਚ ਇਸ ਤਰ੍ਹਾਂ ਪ੍ਰਗਟ ਹੋ ਜਾਂਦਾ ਹੈ, ਜਿਵੇਂ ਉਸ ਨੇ ਸੰਪੂਰਨ ਸਮਾਜ ਨੂੰ ਦਰਪਣ ਰੂਪ ਵਿਚ ਦਰਸਾ ਦਿੱਤਾ ਹੋਵੇ। ਨਾਰੀ ਜੀਵਨ ਦੀਆਂ ਸੰਵੇਦਨਾਵਾਂ ਨੂੰ ਵਰਣਨ ਕਰਨ ਸਮੇਂ ਉਹ ਨਾਰੀ ਦਾ ਉਚੇਚਾ ਪੱਖ ਹੀ ਨਹੀਂ, ਸਗੋਂ ਸੰਤੁਲਿਤ ਦ੍ਰਿਸ਼ਟੀਕੋਣ ਦੁਆਰਾ ਉਸ ਦੀ ਕਰੁਣਾਮਈ ਸਥਿਤੀ ਨੂੰ ਸਹਿਜ ਰੂਪ ਵਿਚ ਉਜਾਗਰ ਕਰ ਦਿੰਦੀ ਹੈ। ਉਸ ਦਾ ਸਮਾਜਿਕ ਜੀਵਨ ਦਾ ਚਿੱਤਰ ਭਰਪੂਰ ਰੂਪ ਵਿਚ ਸੰਪੂਰਨ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ

ਹੈ ਤੇ ਉਸ ਦੀਆਂ ਕਹਾਣੀਆਂ ਵਿਚ ਵਿਸ਼ੇ ਦੀ ਵੰਨਗੀ ਤੇ ਕਲਾ ਨਿਪੁੰਨਤਾ ਇਕਦਮ ਪਾਠਕਾਂ ਦੇ ਮਨਾਂ ਉਤੇ ਵਿਆਪਕ ਪ੍ਰਭਾਵ ਪਾਉਂਦੇ ਹਨ। ਇਸ ਦ੍ਰਿਸ਼ਟੀ ਤੋਂ ਉਸ ਦੀ ਤੁਲਨਾ ਪ੍ਰਸਿੱਧ ਹਿੰਦੀ ਲੇਖਕਾ ਕ੍ਰਿਸ਼ਨਾ ਸੋਬਤੀ ਨਾਲ ਕੀਤੀ ਜਾ ਸਕਦੀ ਹੈ।

ਬਚਿੰਤ ਕੌਰ (8.2.1940) ਦੀਆਂ ਕਹਾਣੀਆਂ ਇਸਤਰੀ ਦੇ ਦਰਦ ਤੇ ਸੰਘਰਸ਼ ਦੀ ਯਥਾਰਥਮੁਖੀ ਤਸਵੀਰ ਪੇਸ਼ ਕਰਦੀਆਂ ਹਨ। ਮੰਜ਼ਿਲ, ਸੂਹਾ ਰੰਗ, ਸਿਆਹ ਰੰਗ, ਭੁੱਬਲ ਦੀ ਅੱਗ, ਕਿਆਰੀ ਲੌਂਗਾਂ ਦੀ, ਖੁਰੇ ਹੋਏ ਰੰਗ, ਮੁਕਲਾਵੇ ਵਾਲੀ ਰਾਤ, ਜਿਉਂਦੇ ਪਲ ਮੋਏ ਪਲ ਉਸ ਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ।

ਬਲਜੀਤ ਬਲੀ (15.5.1939), ਸ਼ਰਨ ਮੱਕੜ (18.3.1939 ਤੋਂ 10.11.2009), ਸੁਖਵੰਤ ਕੌਰ ਮਾਨ (19.1.1937) ਤੇ ਬੀਬਾ ਕੁਲਵੰਤ ਇਸਤਰੀ ਕਹਾਣੀਕਾਰਾਂ ਦੀਆਂ ਆਪਣੀਆਂ ਨਿਵੇਕਲੀਆਂ ਵਿਸ਼ੇਸ਼ਤਾਵਾਂ ਲਈ ਬੈਠੀਆਂ ਹਨ। ਬਲਜੀਤ ਬਲੀ ਤੇ ਸੁਖਵੰਤ ਮਾਨ ਦੀਆਂ ਕਹਾਣੀਆਂ ਵਿਚ ਪੇਂਡੂ ਸਮਾਜ ਦਾ ਪਿਛੋਕੜ ਹੈ, ਉਥੇ ਸ਼ਰਨ ਮੱਕੜ ਦੀਆਂ ਕਹਾਣੀਆਂ ਸ਼ਹਿਰੀ ਸਮਾਜ ਨਾਲ ਸਬੰਧ ਰਖਦੀਆਂ ਹਨ, ਪਰ ਇਹਨਾਂ ਸਾਰੀਆਂ ਇਸਤਰੀ ਕਹਾਣੀਕਾਰਾਂ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਤੇ ਆਧੁਨਿਕ ਹੈ।

ਕੈਲਾਸ਼ ਪੁਰੀ (17.4.1928) ਪ੍ਰਵਾਸੀ ਕਹਾਣੀਕਾਰਾਂ ਵਿਚ ਸੁਪ੍ਰਸਿੱਧ ਤੇ ਸਰਬਾਂਗੀ ਲੇਖਕਾ ਦਾ ਨਾਂ ਵਿਸ਼ੇਸ਼ ਤੌਰ ’ਤੇ ਵਰਣਨਯੋਗ ਹੈ। ਉਸ ਦੇ ਤਿੰਨ ਕਹਾਣੀ ਸੰਗ੍ਰਹਿ—ਇਕ ਸ਼ੱਕ, ਦੋ ਤਜਵੀਜ਼ਾਂ ਅਤੇ ਲੇਡੀ ਮਾਰਗ੍ਰੇਟ ਪ੍ਰਕਾਸ਼ਿਤ ਹੋਏ ਹਨ। ਇਸ ਵਿਚ ਸੰਦੇਹ ਨਹੀਂ ਕਿ ਆਦਰਸ਼ਕ ਮਾਨਵਵਾਦੀ ਦ੍ਰਿਸ਼ਟੀਕੋਣ ਰਖਦੀ ਉਹ ਪੂਰਬ ਦੀਆਂ ਜੀਵਨ ਕੀਮਤਾਂ ਦੀ ਸਮਰਥਕ ਹੈ ਅਤੇ ਵਿਸ਼ਵ ਚੇਤਨਾ ਦੀ ਹਾਣੀ ਲੇਖਕਾ ਹੈ। ਵੀਨਾ ਵਰਮਾ ਵੀ ਇਕ ਹੋਰ ਅਜਿਹੀ ਪ੍ਰਵਾਸੀ ਕਹਾਣੀਕਾਰ ਹੈ, ਜੋ ‘ਮੁੱਲ ਦੀ ਤੀਵੀਂ’, ‘ਫਰੰਗੀਆਂ ਦੀ ਨੂੰਹ’ ਅਤੇ ‘ਜੋਗੀਆਂ ਦੀ ਧੀ’ ਨਾਲ ਸਨਮੁਖ ਹੁੰਦੀ ਹੈ, ਜਿਨ੍ਹਾਂ ਵਿਚ ਅਸ਼ਲੀਲ ਅੰਸ਼ ਵਧੇਰੇ ਹਨ, ਪਰ ਉਹ ਜੀਵਨ ਦੀ ਵਾਸਤਵਿਕਤਾ ਤੋਂ ਭਲੀ ਪ੍ਰਕਾਰ ਜਾਣੂ ਹੈ ਅਤੇ ਪਾਤਰਾਂ ਦੇ ਧੁਰ ਅੰਦਰ ਉਤਰ ਕੇ ਉਹਨਾਂ ਦਾ ਸੁੰਦਰ ਤੇ ਕਲਾਮਈ ਮਨੋਵਿਸ਼ਲੇਸ਼ਣ ਵੀ ਪੇਸ਼ ਕਰਦੀ ਹੈ।

### ਨਵੀਨਤਮ ਕਹਾਣੀ

ਪਿਛਲੇ ਪੰਦਰਾਂ ਵੀਹ ਸਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕਈ ਕਾਰਨਾਂ ਕਰਕੇ ਵਿਸ਼ੇਸ਼ ਹਨ। ਸਮਕਾਲੀ ਜੀਵਨ ਵਿਚ ਜਟਿਲਤਾਵਾਂ, ਬੁੱਧੀਮਾਨ ਲੇਖਕਾਂ ਦੀ ਆਧੁਨਿਕਤਾ ਯੁਗ ਚੇਤੰਨਤਾ, ਅਸਤਿਤਵਾਦ ਵਰਗਾ ਪੀਢਾ ਤੇ ਜਟਿਲ ਮਨੋਵਿਗਿਆਨਕ ਅਨੁਭਵ ਤੇ ਦਰਸ਼ਨ ਜੀਵਨ ਦੀ ਨਿਰਾਰਥਕਤਾ ਉਤੇ ਤਿੱਖਾ ਕਟਾਖਸ਼ ਕਰਨ ਦੀ ਯੋਗਤਾ ਅਤੇ ਨਵੀਨ ਭਾਂਤ ਦੇ ਕਲਾਤਮਕ ਪ੍ਰਯੋਗ ਆਦਿ ਤੱਤਾਂ ਨੇ ਲੇਖਕਾਂ ਦੀ ਸਾਹਿਤਕ ਪਕੜ ਨੂੰ ਡੂੰਘਾ ਤੇ ਮਾਰਮਿਕ ਬਣਾ ਦਿੱਤਾ ਹੈ। ਅਨੇਕ ਵਿਸ਼ੇ ਆਪਣੇ ਆਪ ਵਿਚ ਸੰਪੂਰਨ ਨਹੀਂ, ਸਗੋਂ ਅਨੁਭਵ ਦੇ ਜਗਤ ਦੀਆਂ ਲਘੂ ਟੁਕੜੀਆਂ ਤੇ ਮਘਦੀਆਂ ਜੁਗਨੂੰ ਚਮਕਾਂ ਨਾਲ ਭਰਪੂਰ ਹਨ, ਇਕ ਛਿਣ ਦਾ ਭਰਪੂਰ ਤੇ ਪਸਾਰਮਈ ਝਲਕਾਰਾ, ਸੁਪਨਮਈ ਦ੍ਰਿਸ਼ਾਂ ਦੀ ਚਿੰਨ੍ਹਮਈ ਕਲਪਨਾ ਵਿਚ ਲੁਕਿਆ ਯਥਾਰਥ, ਮਨੁੱਖ ਦੇ ਗਵਾਚੇ ਆਪੇ ਦੀ ਭਾਲ, ਜੀਵਨ ਦੀ ਨਿਰਾਰਥਕਤਾ ਅਤੇ ਸਾਰਥਿਕਤਾ ਆਦਿ ਸਭ ਇਹਨਾਂ ਸਾਲਾਂ ਵਿਚ ਨਿੱਕੀ ਕਹਾਣੀ ਦੇ ਵਿਸ਼ੇ ਬਣੇ ਹਨ। ਇਕ ਕਲਾ-ਰੂਪ ਕਹਾਣੀ ਨਾ ਰਹਿ ਕੇ ਅਕਹਾਣੀ ਦਾ ਰੂਪ ਧਾਰਨ ਕਰ ਗਿਆ ਹੈ ਅਤੇ ਮੱਧ ਕਾਲ ਦੇ ਟੋਟਕਿਆਂ ਵਰਗੀ ਆਧੁਨਿਕ ਕਾਲ ਦੇ ਚੁਟਕਲਿਆਂ ਵਰਗੀ ਮਿੰਨੀ ਕਹਾਣੀ ਵੀ ਇਸੇ ਕਾਲ ਦੀ ਹੀ ਦੇਣ ਹੈ। ਨਿੱਕੀ ਕਹਾਣੀ ਲੇਖਕਾਂ

ਦੇ ਨਾਲ ਮੱਧ ਪੂਰਵ ਅਫ਼ਰੀਕਾ, ਅਮਰੀਕਾ, ਕਨੇਡਾ, ਇੰਗਲੈਂਡ ਅਤੇ ਦੱਖਣ-ਪੂਰਬ ਏਸ਼ੀਆ ਵਿਚ ਜੰਮੀ ਹੈ, ਜਿਸ ਨਾਲ ਇਸ ਦਾ ਵਿਸ਼ੇ-ਖੇਤਰ ਸੰਸਾਰ-ਵਿਆਪੀ, ਕਾਫ਼ੀ ਵਿਸਥਾਰ ਪੂਰਵਕ ਅਤੇ ਬਹੁ-ਪੱਖੀ ਬਣਿਆ ਹੈ। ਕਈ ਪ੍ਰਯੋਗ, ਕਈ ਰਸਤੇ ਅਤੇ ਕਈ ਨਵੇਕਲੇ ਰੂਪ ਕਹਾਣੀ ਕਲਾ ਨੇ ਇਸ ਦੌਰ ਵਿਚ ਪਾਰ ਕੀਤੇ ਹਨ। ਕਹਾਣੀ ਵਿਸ਼ੇ ਚੇਤਨਾ ਅਤੇ ਪੱਖ ਤੋਂ ਹੀ ਨਹੀਂ, ਸਗੋਂ ਸ਼ਿਲਪ ਦੀ ਦ੍ਰਿਸ਼ਟੀ ਤੋਂ ਵੀ ਆਪਣੇ ਜੁਗ ਦੀ ਹਾਣੀ ਬਣ ਗਈ ਹੈ। ਜਸਵੰਤ ਸਿੰਘ ਵਿਰਦੀ, ਰਵਿੰਦਰ ਰਵੀ, ਸੁਖਬੀਰ, ਮਹਿੰਦਰ ਸਿੰਘ ਜੋਸ਼ੀ, ਗੁਲਜ਼ਾਰ ਸੰਧੂ, ਗੁਰਬਚਨ ਸਿੰਘ ਭੁੱਲਰ, ਗੁਰਬਖਸ਼ ਬਾਹਲਵੀ, ਭੁਪਿੰਦਰ ਸਿੰਘ, ਗੁਰਮੇਲ ਪੰਨੂ, ਮੋਹਨ ਭੰਡਾਰੀ, ਰਾਮ ਸਰੂਪ ਅਣਖੀ, ਨਰਿੰਜਨ ਤਸਨੀਮ, ਤੇਜਵੰਤ ਸਿੰਘ ਮਾਨ, ਪਰਗਟ ਸਿੰਘ ਸਿੱਧੂ, ਜਰਨੈਲ ਪੁਰੀ, ਕੇਵਲ ਸੂਦ, ਡਾ.ਜੋਗਿੰਦਰ ਸਿੰਘ ਨਿਰਾਲਾ, ਗੁਲ ਚੌਹਾਨ, ਧਿਆਨ ਸਿੰਘ ਸ਼ਾਹ ਸਿਕੰਦਰ, ਜਗਦੀਸ਼ ਅਰਮਾਨੀ, ਕਿਰਪਾਲ ਕਜ਼ਾਕ, ਜਸਦੇਵ ਧਾਲੀਵਾਲ, ਪ੍ਰੇਮ ਗੋਰਖੀ, ਮੁਖ਼ਤਾਰ ਗਿੱਲ, ਸਤਿੰਦਰ ਸਿੰਘ ਨੰਦਾ, ਬੀ.ਐਸ.ਬੀਰ, ਐਸ.ਸਾਕੀ ਸਾਡੇ ਨਵੀਂ ਪੀੜ੍ਹੀ ਦੇ ਵਰਣਨਯੋਗ ਕਹਾਣੀਕਾਰ ਹਨ, ਜਿਨ੍ਹਾਂ ਦੀਆਂ ਕਹਾਣੀਆਂ ਰਾਹੀਂ ਪੰਜਾਬੀ ਕਹਾਣੀ ਦਾ ਨਵੀਂ ਦਿਸ਼ਾ ਵੱਲ ਵਿਕਾਸ ਹੋਇਆ ਅਤੇ ਹੋ ਰਿਹਾ ਹੈ। ਇਹਨਾਂ ਵਿਚੋਂ ਕੁਝ ਇਕ ਵਿਸ਼ੇਸ਼ ਕਰਕੇ ਕਿਰਪਾਲ ਕਜ਼ਾਕ, ਗੁਰਬਖ਼ਸ਼ ਬਾਹਲਵੀ, ਮੇਵਾ ਸਿੰਘ ਤੁੰਗ ਅਤੇ ਧਿਆਨ ਸਿੰਘ ਆਦਿ ਦੀਆਂ ਪ੍ਰਾਪਤੀਆਂ ਆਪਣੇ ਪੂਰਬਵਰਤੀ ਕਹਾਣੀਕਾਰਾਂ ਤੋਂ ਕਾਫੀ ਅੱਗੇ ਲੰਘ ਚੁੱਕੀਆਂ ਹਨ ਜੋ ਆਧੁਨਿਕ ਸਾਹਿਤ ਦੇ ਇਸ ਸੁਪ੍ਰਸਿੱਧ ਤੇ ਅਤਿ ਲਚਕੀਲੇ ਰੂਪ ਦੀ ਕਲਾਮਈ ਸਮਰੱਥਾ ਦਾ ਚਮਕਦਾ ਪ੍ਰਮਾਣ ਹੀ ਨਹੀਂ, ਸਗੋਂ ਆਸਵੰਦ ਭਵਿੱਖ ਦਾ ਸੂਚਕ ਵੀ ਹੈ।

ਸੰਖੇਪ ਵਿਚ ਅਸੀਂ ਕੁਝ ਕੁ ਉਘੇ ਕਹਾਣੀਕਾਰਾਂ ਤੇ ਉਹਨਾਂ ਦੀਆਂ ਕਲਾ ਕ੍ਰਿਤਾਂ ਦਾ ਵੇਰਵਾ ਦੇ ਰਹੇ ਹਾਂ, ਜਿਨ੍ਹਾਂ ਨੇ ਪਿਛਲੇ ਕੁਝ ਵਰ੍ਹਿਆਂ ਵਿਚ ਹੀ ਪੰਜਾਬੀ ਸਾਹਿਤ ਜਗਤ ਵਿਚ ਆਪਣੇ ਲਈ ਵਿਸ਼ੇਸ਼ ਥਾਂ ਬਣਾ ਲਈ ਹੈ। ਡਾ.ਅਜੀਤ ਸਿੰਘ ਕਰਤਾ ਸੱਚ ਦੇ ਰੂਪ, ਰੰਗ ਆਪੋ ਆਪਣਾ, ਤੇਰੀ ਗੱਲ ਮੇਰੀ ਗੱਲ। ਅਜੀਤ ਸੈਣੀ ਕਰਤਾ ਗ਼ਲਤ ਨੰਬਰ ਸਹੀ ਨੰਬਰ, ਹੱਡੀ ਤੇ ਕੁੱਤੇ, ਲਹੂ ਬੋਲ ਪਿਆ। ਹਮਦਰਦਵੀਰ ਨੌਸ਼ਹਿਰਵੀ ਕਰਤਾ ‘ਸਲੀਬ ਉਤੇ ਟੰਗਿਆ ਮਨੁੱਖ, ਬਰਫ਼ ਦੇ ਆਦਮੀ, ਖੰਡਿਤ ਮਨੁੱਖ ਦੀ ਕਥਾ ਤੇ ਨਿੱਕੇ ਵੱਡੇ ਹਿਟਲਰ। ਗੁਰਦੇਵ ਰੁਪਾਣਾ ਕਰਤਾ ਇਕ ਟੋਟਾ ਔਰਤ, ਆਪਣੀ ਅੱਖ ਦਾ ਜਾਦੂ। ਗੁਰਮੁਖ ਸਿੰਘ ਜੀਤ ਕਰਤਾ ਫੁੱਲਾਂ ਦੇ ਪਰਛਾਵੇਂ ਤੇ ਸੁਪਨੇ ਦੀ ਤਾਜਪੋਸ਼ੀ। ਗੁਰਮੇਲ ਮਡਾਹੜ ਕਰਤਾ ਅਣਗੌਲੇ ਆਦਮੀ, ਜਾਗਦੇ ਲੋਕ, ਕੱਚੇ ਕੋਠਿਆਂ ਦੇ ਵਾਸੀ। ਗੁਲ ਚੌਹਾਨ ਕਰਤਾ ਸਾਈਡ ਪੋਜ਼, ਰੇਸ਼ਮਾ ਦਾ ਪੰਜਵਾਂ ਚਿਰਾਗ਼। ਪ੍ਰੇਮ ਗੋਰਖੀ ਕਰਤਾ ਮਿੱਟੀ ਰੰਗੇ ਲੋਕ, ਅਰਜਨ ਸਫੈਦੀ ਵਾਲਾ। ਭੁਪਿੰਦਰ ਸਿੰਘ ਪੀ.ਸੀ.ਐਸ. ਕਰਤਾ ਉਚਾ ਟਿੱਲਾ, ਸਾਇਰਨ ਦੀ ਆਵਾਜ਼, ਮੀਨਾ ਬਾਜ਼ਾਰ, ਇਕ ਕਿਨਾਰੇ ਵਾਲਾ ਦਰਿਆ। ਭੁਪਿੰਦਰ ਸੂਦਨ ਕਰਤਾ ਕੌੜਾ ਸੱਚ, ਮੈਨੂੰ ਲੱਭ ਲਓ, ਕਾਹਦੇ ਲਈ, ਵਣਜਾਰੇ। ਮੋਹਨ ਸਿੰਘ ਕੁਕੜਪਿੰਡੀਆ ਕਰਤਾ ‘ਰੂਹ ਦੇ ਜ਼ਖ਼ਮ’, ‘ਸੱਚ ਦਾ ਝੰਡਾ। ਬਲਦੇਵ ਸਿੰਘ ਕਰਤਾ ਸੜਕਨਾਮਾ। ਤਲਵਿੰਦਰ ਸਿੰਘ ਕਰਤਾ ਲੋਅ ਹੋਣ ਤਕ ਤੇ ਕਾਲ ਚੱਕਰ। ਗੁਰਦਿਆਲ ਦਲਾਲ ਕਰਤਾ ਅੱਗ ਅਜੇ ਸੁਲਗਦੀ ਹੈ ਆਦਿ ਵਰਣਨ ਯੋਗ ਨਾਂ ਹਨ।

ਡਾ.ਐੱਸ.ਤਰਸੇਮ (30.12.1942) ਦੀਆਂ ਪਹਿਲੀਆਂ ਕਹਾਣੀਆਂ ਵਿਚ ਪ੍ਰਗਤੀਵਾਦੀ ਚੇਤੰਨਤਾ ਪ੍ਰਧਾਨ ਸੀ, ਪਰ ਉਸ ਦਾ ਕਹਾਣੀ ਸੰਗ੍ਰਹਿ ‘ਫੈਲਦੇ ਰਿਸ਼ਤੇ’ ਵਿਚ ਮਾਲਵੇ ਭੂ-ਖੰਡ ਵਿਚ ਮਹਾਜਨੀ ਤੇ ਖੱਤਰੇਟੇ ਸਮਾਜ ਦਾ ਚਲਦਾ ਸਹਿਜ ਚਿੱਤਰ ਪੇਸ਼ ਕੀਤਾ ਗਿਆ ਹੈ। ਉਸ ਦੀ ਇਸ ਸੰਗ੍ਰਹਿ ਦੀ ਕਹਾਣੀ ‘ਚਮੇਲੀ’ ਵਿਸ਼ੇਸ਼ ਤੌਰ ’ਤੇ ਉਚਤਮ ਕਲਾ ਕਿਰਤਾਂ ਵਿਚ ਸਥਾਨ ਪ੍ਰਾਪਤ ਕਰ ਗਈ ਹੈ।

ਕਿਰਪਾਲ ਕਜ਼ਾਕ (15.1.1943) ਜੋ ਨਵੀਨ ਕਹਾਣੀ ਦਾ ਸਿਧਾਂਤਕਾਰ, ਪ੍ਰਯੋਗਕਾਰ ਤੇ ਸ਼ਿਲਪਕਾਰ ਹੈ, ਦੀਆਂ ਕਹਾਣੀਆਂ ਵਿਚ ਸਮਾਜਿਕ ਰਿਸ਼ਤਿਆਂ ਵਿਸ਼ੇਸ਼ ਕਰਕੇ ਟਪਰੀਵਾਸਾਂ, ਸਿਕਲੀਗਰਾਂ ਆਦਿ ਕਬੀਲਿਆਂ ਦੇ ਜਨ-ਜੀਵਨ ਤੋਂ ਬਿਨਾਂ ਦਲਿਤ ਤੇ ਸਮਰੱਥ ਵਰਗ ਨੂੰ ਕਲਾਮਈ ਪ੍ਰਤੀਕਾਂ ਦੁਆਰਾ ਸੰਤੁਲਿਤ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਉਹ ਆਪਣੀਆਂ ਕਹਾਣੀਆਂ ਦੀ ਭਾਸ਼ਾ ਤੇ ਸ਼ੈਲੀ ਉਤੇ ਵਿਸ਼ੇਸ਼ ਧਿਆਨ ਦਿੰਦਾ ਹੈ। ਪ੍ਰੇਮ ਗੋਰਖੀ ਤੇ ਮੁਖ਼ਤਾਰ ਗਿੱਲ ਨੇ ਆਪਣੇ ਇਲਾਕੇ ਦੀ ਆਂਚਲਿਕਤਾ ਨੂੰ ਪਿਛੋਕੜ ਵਿਚ ਰੱਖ ਕੇ ਦਲਿਤ ਵਰਗ ਦੇ ਜੀਵਨ ਦਾ ਸੁੰਦਰ ਬਿਰਤਾਂਤ ਆਪਣੀਆਂ ਕਹਾਣੀਆਂ ਵਿਚ ਪ੍ਰਗਟਾਇਆ ਹੈ। ਰਵਿੰਦਰ ਰਵੀ, ਮਨਜੀਤ ਰਾਣਾ, ਅਜਾਇਬ ਕਮਲ ਅਤੇ ਰਘਬੀਰ ਢੰਡ ਆਦਿ ਪ੍ਰਮੁੱਖ ਕਹਾਣੀਕਾਰਾਂ ਨੇ ਪ੍ਰਵਾਸੀਆਂ ਦੇ ਜੀਵਨ-ਸਮਾਚਾਰਾਂ ਦਾ ਤੇ ਪ੍ਰਦੇਸਾਂ ਵਿਚ ਆਏ ਦੋ ਪੀੜ੍ਹੀਆਂ ਤੇ ਦੋ ਦੇਸ਼ਾਂ ਦੀਆਂ ਸੰਸਕ੍ਰਿਤੀਆਂ ਦੇ ਅੰਤਰਗਤ ਆਏ ਸਮਾਜਿਕ ਸੰਕਟ ਦਾ ਦਿਲ ਖਿੱਚਵਾਂ ਵਰਣਨ ਪੇਸ਼ ਕੀਤਾ ਹੈ। ਇਸ ਨਾਲ ਪੰਜਾਬੀ ਕਹਾਣੀ ਵਿਚ ਵਿਸ਼ੇ ਪੱਖ ਤੋਂ ਵਿਸ਼ਵ-ਵਿਆਪੀ ਵਿਸਥਾਰ ਸੰਭਵ ਹੋ ਸਕਿਆ ਹੈ। ਨੌਜਵਾਨ ਕਹਾਣੀਕਾਰ ਬਲਬੀਰ ਜਸਵਾਲ ਦਾ ਕਹਾਣੀ ਸੰਗ੍ਰਹਿ 'ਆਪਣੇ ਹਿੱਸੇ ਦੀ ਛਾਂ' ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ, ਜਿਸ ਵਿਚ ਲੇਖਕ ਨੇ ਅਜੋਕੇ ਭ੍ਰਿਸ਼ਟ ਰਾਜਨੀਤਕ ਅਤੇ ਸਮਾਜਿਕ ਢਾਂਚੇ ਵਿਚ ਇਕ ਆਮ ਮਨੁੱਖ ਦੀ ਦੁਰਦਸ਼ਾ ਦਾ ਬਿਆਨ ਬਹੁਤ ਹੀ ਯਥਾਰਥਕ ਲਹਿਜੇ ਵਿਚ ਕੀਤਾ ਹੈ।

**ਪੰਜਾਬੀ ਮਿੰਨੀ ਕਹਾਣੀ**

ਪਿਛਲੇ 50 ਕੁ ਸਾਲਾਂ ਵਿਚ ਪੰਜਾਬੀ ਸਾਹਿਤ ਵਿਚ ਮਿੰਨੀ ਕਹਾਣੀ ਦੀ ਨਵੀਂ ਵਿਧਾ ਹੋਂਦ ਵਿਚ ਆਈ ਹੈ, ਜੋ ਪੁਰਾਤਨ ਕਾਲ ਦੀ ਲਘੂ ਕਥਾ ਟੋਟਕਿਆਂ ਤੇ ਦੰਦ ਕਥਾਵਾਂ ਤੋਂ ਭਿੰਨ ਹੈ। ਇਸ ਵਿਚ ਜੀਵਨ ਪ੍ਰਵਾਹ ਦੇ ਇਕੋ ਨੁਕਤੇ ਨੂੰ ਪਕੜ ਕੇ ਉਸ ਦੇ ਦੁਆਲੇ ਕੁਝ ਵਾਕਾਂ ਵਿਚ ਇਕ ਹੀ ਕਾਲਪਨਿਕ ਚਿੱਤਰ ਉਸਾਰ ਦਿੱਤਾ ਜਾਂਦਾ ਹੈ, ਜਿਸ ਨੂੰ ਪਾਠਕ ਆਪਣੀ ਕਲਪਨਾ ਦੁਆਰਾ ਸੰਪੂਰਨ ਦ੍ਰਿਸ਼ ਦਾ ਰੂਪ ਦੇ ਦਿੰਦਾ ਹੈ। ਇਸ ਦਾ ਆਕਾਰ ਕੁਝ ਵਾਕਾਂ ਤੇ ਵੱਧ ਤੋਂ ਵੱਧ ਇਕ ਦੋ ਪੈਰ੍ਹਿਆਂ ਤਕ ਸੀਮਿਤ ਹੁੰਦਾ ਹੈ, ਪਰ ਇਸ ਵਿਚ ਵਰਣਨ ਕੀਤੀ ਗਈ ਘਟਨਾ ਜਾਂ ਵਿਚਾਰ ਕਈ ਵਾਰ ਬੜਾ ਸੂਖਮ ਤੇ ਸੋਚ ਜਗਾਊ ਅਥਵਾ ਕਈ ਵਾਰ ਕਰੁਣਾ ਭਰਪੂਰ ਤੇ ਦਿਲ ਨੂੰ ਹਿਲਾ ਦੇਣ ਵਾਲਾ ਹੁੰਦਾ ਹੈ। ਪੰਜਾਬੀ ਦੇ ਦੈਨਿਕ ਪੱਤਰਾਂ ਨੇ ਇਸ ਨਵੀਨ ਗਲਪ ਵਿਧਾ ਨੂੰ ਪ੍ਰਚੱਲਿਤ ਕਰਨ ਦੀ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਇਹ ਵਿਧਾ ਭਵਿੱਖ ਵਿਚ, ਕਿਵੇਂ ਪ੍ਰਵਾਨ ਚੜ੍ਹੇਗੀ ਤੇ ਕੀ ਵਿਸ਼ੇਸ਼ ਪ੍ਰਾਪਤੀਆਂ ਕਰ ਸਕੇਗੀ, ਇਸ ਬਾਰੇ ਕੁਝ ਕਹਿਣਾ ਅਗੇਤਰਾ ਜਾਪਦਾ ਹੈ। ਭਾਵੇਂ ਇਸ ਵਿਚ ਕੋਈ ਵੀ ਸੰਦੇਹ ਨਹੀਂ ਕਿ ਇਸ ਮਿੰਨੀ ਕਹਾਣੀ ਦੇ ਸ਼ਿਲਪ ਅਤੇ ਵਿਸ਼ੇਸ਼ਤਾ ਬਾਰੇ ਡਾ.ਅਨੂਪ ਸਿੰਘ (28.8.1940), ਡਾ.ਮਹਿਤਾਬੁਦੀਨ ਅਤੇ ਕਰਮਵੀਰ ਸੂਰੀ ਨੇ ਆਲੋਚਨਾਤਮਕ ਪੁਸਤਕਾਂ ਲਿਖੀਆਂ ਹਨ, ਪਰ ਮਿੰਨੀ ਕਹਾਣੀ ਦੀ ਇਹ ਵਿਧਾ ਨੇ ਹਾਲੀ ਆਪਣੇ ਆਪ ਨੂੰ ਸਥਾਪਤ ਕਰਨਾ ਹੈ। ਵੱਧ ਤੋਂ ਵੱਧ ਇਸ ਨੂੰ ਇਕ ਸਮਕਾਲੀ ਪ੍ਰਵਿਰਤੀ ਹੀ ਕਿਹਾ ਜਾ ਸਕਦਾ ਹੈ। ਫਿਰ ਵੀ ਵੱਖ ਵੱਖ ਕਹਾਣੀਕਾਰਾਂ ਨੇ, ਜਿੰਨ੍ਹਾਂ ਵਿਚੋਂ ਭੁਪਿੰਦਰ ਸਿੰਘ, ਗੁਰਮੇਲ ਮਡਾਹੜ, ਦਲੀਪ ਸਿੰਘ ਭੂਪਾਲ, ਜਗਦੀਸ਼ ਅਰਮਾਨੀ ਵਰਗੇ ਕਹਾਣੀਕਾਰਾਂ ਦੇ ਵੀ ਮਿੰਨੀ ਕਹਾਣੀਆਂ ਦੇ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ, ਇਸ ਲਈ ਮਿੰਨੀ ਕਹਾਣੀਕਾਰਾਂ ਬਾਰੇ ਚਰਚਾ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ।

ਇਹਨਾਂ ਪ੍ਰਮੁੱਖ ਮਿੰਨੀ ਕਹਾਣੀਕਾਰਾਂ ਵਿਚ ਵਰਣਨਯੋਗ ਨਾਂ ਸਤਵੰਤ ਕੈਂਥ ਕਰਤਾ ਬਰਫ਼ੀ ਦਾ ਟੁਕੜਾ, ਕੀੜੀਆਂ ਦਾ ਭੌਣ, ਫਿਰ ਕੀ ਹੋਇਆ ਆਦਿ। ਦਲੀਪ ਸਿੰਘ ਭੂਪਾਲ ਕਰਤਾ ਗ੍ਰਹਿਣੇ ਸੂਰਜ, ਭੁਪਿੰਦਰ ਸਿੰਘ ਕਰਤਾ ਸੌ ਪਤ ਮਛਲੀ ਦੇ, ਡਾ.ਸੁਲੱਖਣ ਮੀਤ ਕਰਤਾ ਸੁਲਗਦੀ ਬਰਫ਼, ਜਗਦੀਸ਼ ਅਰਮਾਨੀ ਕਰਤਾ ਪ੍ਰਤਿਬਿੰਬ ਤੇ ਕੂੜ ਫਿਰੇ ਪ੍ਰਧਾਨ, ਸ਼ਰਨ ਮੱਕੜ ਕਰਤਾ ਖੁੰਡੀ ਧਾਰ, ਰਾਜਿੰਦਰ ਕੌਰ ਵੰਤਾ ਕਰਤਾ ਸਕਤਾ ਤੇ ਲੂਣਾ ਰੋ ਪਈ, ਅਮਰ ਕੋਮਲ ਕਰਤਾ ਅਸੀਂ ਤੁਸੀਂ, ਬਲਬੀਰ ਪਰਵਾਨਾ ਕਰਤਾ ਸਰਗਮ ਵਿਹੂਣੇ ਸਾਜ਼, ਗੁਰਮੇਲ ਮਡਾਹੜ ਕਰਤਾ ਜੁਗਨੂੰਆਂ ਦੀ ਤਲਾਸ਼, ਕਰਮਵੀਰ ਸਿੰਘ ਕਰਤਾ ਮਾਇਆ ਜਾਲ ਅਤੇ ਨਿੱਕੀਆਂ ਗੱਲਾਂ ਵੱਡੀਆਂ ਗੱਲਾਂ ਵਰਨਣ ਯੋਗ ਮਿੰਨੀ ਕਹਾਣੀ ਸੰਗ੍ਰਹਿ ਹਨ। ਇਸ ਤਰ੍ਹਾਂ ਮਿੰਨੀ ਕਹਾਣੀ ਦੇ ਵਿਸ਼ੇ ਵਸਤੂ ਵਿਚ ਕਾਫ਼ੀ ਵੰਨਗੀ ਵੀ ਹੈ ਤੇ ਕਹਾਣੀ ਜੁਗਤਾਂ ਵਿਚ ਵਿਵਿਧਤਾ ਵੀ ਹੈ, ਪਰ ਕਈ ਵਾਰ ਬਹੁਤੇ ਕਹਾਣੀਕਾਰ ਭਾਸ਼ਾ ਦੇ ਸੁਹਜ ਤੇ ਸੰਜਮ ਵੱਲ ਧਿਆਨ ਨਹੀਂ ਦਿੰਦੇ ਜਾਪਦੇ। ਵਾਸਤਵ ਵਿਚ ਮਿੰਨੀ ਕਹਾਣੀ ਘਟਨਾ ਜਾਂ ਵਿਚਾਰ ਬਿੰਦੂ ਉਤੇ ਉਸਾਰੀ ਜਾਂਦੀ ਹੈ।

– – – – –

## ਵਾਰਤਕ

ਉਂਜ ਤਾਂ ਪੰਜਾਬੀ ਵਾਰਤਕ ਆਧੁਨਿਕ ਕਾਲ ਤੋਂ ਲਗਭਗ ਦੋ ਢਾਈ ਸੌ ਸਾਲ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ ਅਤੇ 17ਵੀਂ ਸਦੀ ਵਿਚ ਤਾਂ ਇਸ ਦਾ ਇਕ ਨਿਸ਼ਚਿਤ ਰੂਪ ਵੀ ਬੱਝ ਚੁੱਕਾ ਸੀ। ਇਸੇ ਤਰ੍ਹਾਂ ਆਧੁਨਿਕ ਕਾਲ ਤੋਂ ਪਹਿਲਾਂ ਕਰਤਾ 'ਪੁਰਾਤਨ ਜਨਮ ਸਾਖੀ' ਅਤੇ 'ਭਾਈ ਬਾਲੇ ਵਾਲੀ ਜਨਮ ਸਾਖੀ' ਅੱਡਣ ਸ਼ਾਹ ਕਰਤਾ 'ਪ੍ਰੇਮ-ਸੁਮਾਰਗ' ਤੇ ਭਾਈ ਮਨੀ ਸਿੰਘ ਜੀ ਆਦਿ ਕੁਝ ਕੁ ਉਘੇ ਵਾਰਤਕ ਲਿਖਾਰੀ ਹੋ ਚੁੱਕੇ ਸਨ, ਜਿਨ੍ਹਾਂ ਦੀ ਆਪਣੀ ਨਿੱਖੜਵੀਂ ਗਦ-ਸ਼ੈਲੀ ਸੀ, ਪਰ ਉਸ ਸਾਰੀ ਵਾਰਤਕ ਨੂੰ ਅਸੀਂ ਪੁਰਾਤਨ ਵਾਰਤਕ ਹੀ ਕਹਿੰਦੇ ਹਾਂ।

ਲੋਕਾਂ ਦੇ ਨਿੱਤ ਦੇ ਕਾਰ-ਵਿਹਾਰ ਦੀਆਂ ਗੱਲਾਂ ਦੀ ਚਰਚਾ ਵਾਰਤਕ ਵਿਚ ਹੋਣ ਲੱਗੀ ਅਤੇ ਨਿਰੋਲ ਸੁਹਜ-ਸੁਆਦ ਦੇਣ ਵਾਲੀ ਮਨੋਰੰਜਕ ਵਾਰਤਕ ਦਾ ਰਿਵਾਜ ਵੀ ਇਸ ਸਮੇਂ ਪਿਆ। ਇਸ ਆਧੁਨਿਕ ਵਾਰਤਕ ਨੂੰ ਪ੍ਰਫੁੱਲਿਤ ਕਰਨ ਲਈ ਈਸਾਈ ਮਿਸ਼ਨਰੀਆਂ ਤੇ ਪੱਛਮੀ ਵਿਦਵਾਨਾਂ ਦਾ ਬਹੁਤ ਯੋਗਦਾਨ ਹੈ, ਕਿਉਂ ਜੋ ਉਹਨਾਂ ਨੇ ਹੀ ਆਧੁਨਿਕ ਪੰਜਾਬੀ ਵਿਆਕਰਣ ਦੀ ਨਿਯਮਾਵਲੀ ਨੂੰ ਘੜਿਆ। ਪੰਜਾਬੀ ਸਮਾਚਾਰ ਪੱਤਰਾਂ ਦੇ ਪ੍ਰਚੱਲਿਤ ਹੋਣ ਨਾਲ ਆਧੁਨਿਕ ਪੰਜਾਬੀ ਵਾਰਤਕ ਦੀ ਰਚਨਾ ਦੇ ਅਨੁਸਾਰੀ ਵਾਤਾਵਰਣ ਹੋਂਦ ਵਿਚ ਆ ਗਿਆ।

ਗਲਪ, ਇਤਿਹਾਸ ਤੇ ਨਾਟਕ ਆਦਿ ਗਦ ਵਿਚ ਰਚੇ ਜਾਣ ਲੱਗੇ, ਪਰ ਇੱਥੇ ਕੇਵਲ ਉਹਨਾਂ ਲੇਖਕਾਂ ਨੂੰ ਹੀ ਸ਼ਾਮਲ ਕੀਤਾ ਜਾ ਰਿਹਾ ਹੈ, ਜਿੰਨ੍ਹਾਂ ਨੇ ਵਾਰਤਕ ਨੂੰ ਨਿਰੋਲ ਵਾਰਤਕ ਰਚਨਾ ਦੇ ਤੌਰ 'ਤੇ ਅਪਣਾਇਆ। ਪੰਜਾਬੀ ਵਾਰਤਕ ਨੂੰ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਪ੍ਰੋ.ਪੂਰਨ ਸਿੰਘ, ਗੁਰਬਖ਼ਸ਼ ਸਿੰਘ, ਲਾਲ ਸਿੰਘ ਕਮਲਾ ਅਕਾਲੀ ਤੇ ਤੇਜਾ ਸਿੰਘ ਨੇ ਇਕ ਉਨਤ ਪੜਾਉ ਤਕ ਅਪੜਾ ਦਿੱਤਾ ਹੈ। ਜਿਵੇਂ ਕਵਿਤਾ ਦੇ ਖੇਤਰ ਵਿਚ ਹੋਇਆ, ਤਿਵੇਂ ਹੀ ਵਾਰਤਕ ਵਿਚ ਆਪਣੀ ਪੁਰਾਤਨ ਮਰਿਆਦਾ ਨਾਲੋਂ ਇਕਦਮ ਤੋੜਿਆ ਨਹੀਂ ਜਾ ਸਕਿਆ। ਇਸ ਕਾਲ ਵਿਚ ਵੀ ਅਤੇ ਖ਼ਾਸ ਕਰਕੇ ਪਹਿਲੇ ਦੌਰ ਵਿਚ ਕੁਝ ਲੇਖਕ ਅਜਿਹੇ ਸਨ, ਜੋ ਪੁਰਾਤਨ ਢੰਗ ਅਨੁਸਾਰ ਲਿਖਦੇ ਰਹੇ ਅਤੇ ਕੁਝ ਅਜਿਹੇ ਸਨ ਜਿਨ੍ਹਾਂ ਵਿਚ ਆਧੁਨਿਕ ਤੇ ਪੁਰਾਤਨ ਤੱਤ ਮਿਸ਼ਰਤ ਰੂਪ ਵਿਚ ਮਿਲਦੇ ਹਨ। ਜਾਗ੍ਰਿਤੀ ਕਾਲ ਦੇ ਲੇਖਕ ਸ਼ਰਧਾ ਰਾਮ ਫਿਲੌਰੀ, ਗਿਆਨੀ ਗਿਆਨ ਸਿੰਘ ਤੇ ਡਾ.ਚਰਨ ਸਿੰਘ ਆਦਿ ਵਿਚ ਇਹ ਰੁਚੀ ਸਪਸ਼ਟ

ਤੌਰ ’ਤੇ ਦੇਖੀ ਜਾ ਸਕਦੀ ਹੈ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦੀ ਵਾਰਤਕ ਵਿਚ ਪੁਰਾਤਨ ਵਾਰਤਕ ਸ਼ੈਲੀ ਦਾ ਰੰਗ ਮੌਜੂਦ ਹੈ।

ਆਧੁਨਿਕ ਕਾਲ ਵਿਚ ਵਾਰਤਕ ਦੀ ਉਪਜ ਲਈ ਅਨੁਸਾਰੀ ਸ਼ਕਤੀਆਂ ਬਹੁਤ ਛੇਤੀ ਉਪਜ ਤੇ ਵਧ ਫੁਲ ਰਹੀਆਂ ਹਨ। ਜਦੋਂ ਪੱਛਮੀ ਸਭਿਆਚਾਰ ਤੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਪੰਜਾਬ ਉਤੇ ਪੈਣ ਲੱਗਾ ਤਾਂ ਅਨੁਸਾਰੀ ਹਾਲਤਾਂ ਦੇ ਵਾਧੇ ਨਾਲ ਨਿੱਤ ਦੀਆਂ ਗੱਲਾਂ ਵੀ ਵਾਰਤਕ ਵਿਚ ਆਉਣ ਲੱਗੀਆਂ। ਸਕੂਲਾਂ ਦੇ ਵਿਦਿਆਰਥੀਆਂ ਲਈ ਪਾਠ-ਪੁਸਤਕਾਂ ਰਚੀਆਂ ਗਈਆਂ ਤੇ ਪੁਰਾਤਨਤਾ ਦੇ ਅੰਸ਼ ਘਟਣ ਲੱਗੇ। ਇਸ ਕਾਲ ਵਿਚ ਅਜਿਹੇ ਲੇਖਕ ਮੁੜ ਪੈਦਾ ਹੋਏ, ਜਿੰਨ੍ਹਾਂ ਨੇ ਆਧੁਨਿਕ ਕਾਲ ਵਿਚ ਪੰਜਾਬੀ ਵਾਰਤਕ ਦਾ ਮੁੱਢ ਬੰਨ੍ਹਿਆ। ਇਸ ਕਾਲ ਵਿਚ ਉਪਜੇ ਪੰਜਾਬੀ ਸਮਾਚਾਰ ਪੱਤਰਾਂ ਨੇ ਵੀ ਆਧੁਨਿਕ ਵਾਰਤਕ ਨੂੰ ਪ੍ਰਫੁੱਲਿਤ ਕਰਨ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਇਸ ਸਮੇਂ ਸ਼ਰਧਾ ਰਾਮ ਫ਼ਿਲੌਰੀ, ਗਿਆਨੀ ਗਿਆਨ ਸਿੰਘ, ਬਿਹਾਰੀ ਲਾਲ ਪੁਰੀ, ਗਿਆਨੀ ਦਿੱਤ ਸਿੰਘ, ਡਾ.ਚਰਨ ਸਿੰਘ ਆਦਿ ਅਜਿਹੇ ਉਘੇ ਲੇਖਕ ਹਨ, ਜਿੰਨ੍ਹਾਂ ਦੀਆਂ ਲਿਖਤਾਂ ਦੁਆਰਾ ਪੰਜਾਬੀ ਵਾਰਤਕ ਦੇ ਆਧੁਨਿਕ ਮੁਹਾਂਦਰੇ ਤੇ ਨਕਸ਼ਾਂ ਨੂੰ ਉਘਾੜਿਆ ਗਿਆ। ਨਾਮਧਾਰੀ ਸਤਿਗੁਰੂ ਰਾਮ ਸਿੰਘ ਵਰਗੇ ਕੁਝ ਲੇਖਕ ਅਜਿਹੇ ਵੀ ਸਨ ਜੋ ਹਾਲੀ ਪੁਰਾਤਨ ਲੀਹਾਂ ਉਤੇ ਹੀ ਹੁਕਮਨਾਮੇ ਲਿਖਦੇ ਰਹੇ। ਫਿਰ ਵੀ ਇਹਨਾਂ ਵਿਚ ਨਵੀਨ ਸ਼ੈਲੀ ਦੀ ਝਲਕ ਸਾਫ਼ ਉਘੜਦੀ ਦਿਖਾਈ ਦਿੰਦੀ ਹੈ।

ਆਧੁਨਿਕ ਪੰਜਾਬੀ ਵਾਰਤਕ ਦਾ ਸਭ ਤੋਂ ਪਹਿਲਾ ਵਾਰਤਕ ਲਿਖਾਰੀ ਪੰਡਤ ਸ਼ਰਧਾ ਰਾਮ ਹੈ। ਉਸ ਨੇ ਪੰਜਾਬੀ ਵਿਚ ਦੋ ਹੀ ਪੁਸਤਕਾਂ ‘ਸਿੱਖਾਂ ਦੇ ਰਾਜ ਦੀ ਵਿਥਿਆ’ ਤੇ ‘ਪੰਜਾਬੀ ਬਾਤ-ਚੀਤ’ ਲਿਖੀਆਂ। ਇਹ ਦੋਵੇਂ ਪੁਸਤਕਾਂ ਅੰਗਰੇਜ਼ ਅਧਿਕਾਰੀਆਂ ਦੇ ਕਹੇ ’ਤੇ ਲਿਖੀਆਂ ਗਈਆਂ।

ਗਿਆਨੀ ਗਿਆਨ ਸਿੰਘ ਪੰਜਾਬੀ ਵਾਰਤਕ ਦੇ ਮੁਢਲੇ ਲੇਖਕਾਂ ਵਿਚੋਂ ਸਨ। ਭਾਈ ਸੰਤੋਖ ਸਿੰਘ ਜੀ ਨੇ ਪੰਜਾਬ ਦੇ (ਸਿੱਖ) ਇਤਿਹਾਸ ਨੂੰ ਆਪਣੀ ਬ੍ਰਿਜੀ ਕਵਿਤਾ ਰਾਹੀਂ ਪੇਸ਼ ਕੀਤਾ ਅਤੇ ਇਤਿਹਾਸ ਲਿਖਣ ਦੀ ਲੀਹ ਤੋਰੀ ਸੀ। ‘ਪੰਥ ਪ੍ਰਕਾਸ਼’ ਵਰਗੇ ਮਹਾਂ-ਕਾਵਿ ਵਿਚ ਲਿਖ ਕੇ ਭਾਈ ਸੰਤੋਖ ਸਿੰਘ ਦਾ ਅਨੁਸਰਨ ਕੀਤਾ, ਉਥੇ ਗਿਆਨੀ ਗਿਆਨ ਸਿੰਘ ਜੀ ਨੇ ਇਸੇ ਇਤਿਹਾਸ ਨੂੰ ਪੰਜਾਬੀ ਵਾਰਤਕ ਵਿਚ ਲਿਖ ਕੇ ਜਨ-ਸਾਧਾਰਨ ਤਕ ਪਹੁੰਚਾਉਣ ਦੀ ਪਹਿਲ ਕੀਤੀ। ਆਪ ਦੀ ਵਾਰਤਕ ਵਿਚ ਆਧੁਨਿਕਤਾ ਦੇ ਅੰਸ਼ ਸ਼ਰਧਾ ਰਾਮ ਨਾਲੋਂ ਵੀ ਵਧੇਰੇ ਹਨ। ਤਵਾਰੀਖ਼ ਗੁਰੂ ਖ਼ਾਲਸਾ (ਤਿੰਨ ਜਿਲਦਾਂ) ਤੇ ਸ਼ਮਸ਼ੇਰ ਖ਼ਾਲਸਾ ਉਹਨਾਂ ਦੀਆਂ ਵਾਰਤਕ ਦੀਆਂ ਪੁਸਤਕਾਂ ਹਨ।

ਬਿਹਾਰੀ ਲਾਲ ਪੁਰੀ ਵੀ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀ ਲੇਖਕਾਂ ਵਿਚੋਂ ਸਨ। ਆਪ ਨੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਕੁਝ ਪੁਸਤਕਾਂ ਰਚੀਆਂ, ਜਿਨ੍ਹਾਂ ਵਿਚੋਂ ਕੁਝ ਕੁ ਦੇ ਨਾਂ ਇਹ ਹਨ—ਵਿਦਿਆ ਰਤਨਾਕਰ, ਚਰਿਤ੍ਰਾਵਲੀ ਤੇ ਅਨੇਕ ਦਰਸ਼ਨ ਆਦਿ। ਇਹਨਾਂ ਤੋਂ ਛੁੱਟ ਪੰਜਾਬੀ ਵਾਰਤਕ ਤੇ ਪਿੰਗਲ ਉਤੇ ਵੀ ਕਿਤਾਬਾਂ ਲਿਖੀਆਂ। ਇਹਨਾਂ ਦੀ ਵਾਰਤਕ ਬੜੀ ਸਰਲ ਤੇ ਸਪਸ਼ਟ ਹੈ। ਕਿਸੇ ਉਚੇਚ ਦਾ ਪ੍ਰਭਾਵ ਨਹੀਂ ਪੈਂਦਾ। ਵਹਾਅ ਬੜਾ ਕੁਦਰਤੀ ਹੈ।

ਭਾਈ ਦਿੱਤ ਸਿੰਘ (1843-1901) ਜਾਗ੍ਰਿਤੀ ਕਾਲ ਦੇ ਉਘੇ ਗਦ ਲੇਖਕ ਸਨ। ਆਪ ਉਤੇ ਸਿੰਘ ਸਭਾ ਲਹਿਰ ਦਾ ਚੋਖਾ ਪ੍ਰਭਾਵ ਪਿਆ ਤੇ ਆਪ ਇਸ ਲਹਿਰ ਦੇ ਮੋਢੀਆਂ ਵਿਚੋਂ ਸਨ। ਨੀਤੀ ਪਰਕਾਸ਼, ਗੁਰਮਤ ਆਰਤੀ

ਪ੍ਰਬੋਧ, ਧਰਮ-ਦਰਪਨ, ਸ੍ਰੀ ਗੁਰੂ ਨਾਨਕ ਪ੍ਰਬੋਧ, ਸ੍ਰੀ ਗੁਰੂ ਅਰਜਨ ਪ੍ਰਬੋਧ, ਸ੍ਰੀ ਗੁਰਬਾਣੀ ਪ੍ਰਬੋਧ, ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ, ਦੁਰਗਾ ਪ੍ਰਬੋਧ, ਦੰਭ ਵਿਡਾਰਨ, ਗੁਗਾ ਗਪੌੜਾ ਆਦਿ ਆਪ ਦੀਆਂ ਗਦ ਰਚਨਾਵਾਂ ਹਨ।

ਡਾ.ਚਰਨ ਸਿੰਘ (1853-1908) ਪੰਜਾਬੀ ਦੇ ਉਘੇ ਲੇਖਕ ਭਾਈ ਵੀਰ ਸਿੰਘ ਦੇ ਪਿਤਾ ਹੀ ਨਹੀਂ, ਸਗੋਂ ਪੰਜਾਬੀ ਦੇ ਮੋਢੀ ਤੇ ਨਾਮੀ ਸਾਹਿਤਕਾਰਾਂ ਵਿਚੋਂ ਹੋਏ ਹਨ। ਆਪ ਨੇ ਗਦ ਤੇ ਪਦ ਦੋਹਾਂ ਵਿਚ ਰਚਨਾ ਕੀਤੀ। ਮਹਾਰਾਣੀ ਸ਼ਰਾਬ ਕੌਰ, ਜੰਗ ਮੜੌਲੀ, ਹੀਰ ਭਾਈ ਗੁਰਦਾਸ ਤੇ ਬਾਣੀ ਬਿਉਰਾ, ਆਪ ਦੀਆਂ ਪ੍ਰਸਿੱਧ ਵਾਰਤਕ ਰਚਨਾਵਾਂ ਹਨ। ਆਪ ਵੀ ਸਿੰਘ ਸਭਾ ਲਹਿਰ ਦੇ ਬਾਨੀਆਂ ਵਿਚੋਂ ਸਨ।

ਡਾ.ਚਰਨ ਸਿੰਘ ਨਾਲ ਪਹਿਲੀ ਵਾਰ ਆਧੁਨਿਕ ਪੰਜਾਬੀ ਵਾਰਤਕ ਨੇ ਸਾਹਿਤਕ ਰੂਪ ਧਾਰਿਆ। ਉਸ ਦੀ ਸ਼ੈਲੀ ਵਿਚ ਕਈ ਅਜਿਹੀਆਂ ਵਿਸ਼ੇਸ਼ਤਾਵਾਂ ਤੇ ਗੁਣ ਹਨ, ਜਿਨ੍ਹਾਂ ਨੇ ਉਸ ਦੀ ਵਾਰਤਕ ਨੂੰ ਠੁੱਕਦਾਰ ਤੇ ਰਸਦਾਇਕ ਬਣਾ ਦਿੱਤਾ, ਜਿਸ ਨੂੰ ਪੜ੍ਹਨ ਨਾਲ ਮਨ ਉਤੇ ਸਾਹਿਤਕ ਅਤੇ ਉਤਮ ਕਲਾਮਈ ਕ੍ਰਿਤ ਦਾ ਪ੍ਰਭਾਵ ਪੈਂਦਾ ਹੈ।

ਇਸੇ ਕਾਲ ਵਿਚ ਵਿਦੇਸ਼ੀ ਇਸਾਈ ਮਿਸ਼ਨਰੀਆਂ ਨੇ ਵੀ ਪੰਜਾਬੀ ਗਦ ਨੂੰ ਆਧੁਨਿਕ ਬਣਾਉਣ ਵਿਚ ਹਿੱਸਾ ਪਾਇਆ। ਸੀਰਾਮਪੁਰ (ਕਲਕੱਤਾ) ਵਿਚ ਪ੍ਰਿੰਟਿੰਗ ਪ੍ਰੈੱਸ ਲਾ ਕੇ ਇਹਨਾਂ ਪਾਦਰੀਆਂ ਨੇ 1811 ਵਿਚ ਪੰਜਾਬੀ ਵਿਆਕਰਣ ਤੇ 1812 ਵਿਚ ਅੰਜੀਲ ਦੇ ਕੁਝ ਭਾਗ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਕੀਤਾ। ਅੰਜੀਲ ਦੇ ਇਸ ਅਨੁਵਾਦ ਦੀ ਕਾਪੀ ਪਾਦਰੀ ਲੋਰੀ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ। ਪੰਜਾਬ ਵਿਚ ਸਭ ਤੋਂ ਪਹਿਲਾ ਕੇਂਦਰ ਲੁਧਿਆਣੇ ਵਿਚ ਸਥਾਪਤ ਕੀਤਾ ਗਿਆ। ਛੇਤੀ ਪਿੱਛੋਂ ਬਟਾਲਾ, ਲਾਹੌਰ ਤੇ ਸਿਆਲਕੋਟ ਵਿਚ ਵੀ ਮਿਸ਼ਨ ਕੇਂਦਰ ਬਣਾਏ ਗਏ।

ਪੰਜਾਬੀ ਵਾਰਤਕ ਦਾ ਮੁੱਢ ਇਸ ਕਾਲ ਵਿਚ ਬੱਝ ਚੁੱਕਾ ਸੀ। ਕਾਫ਼ੀ ਹੱਦ ਤਕ ਉਸ ਦਾ ਚਿਹਰਾ-ਮੁਹਰਾ ਵੀ ਨਿੱਖਰ ਚੁੱਕਾ ਸੀ। ਪੰਜਾਬੀ ਪੱਤਰਕਾਰੀ ਦੇ ਵਾਧੇ ਨਾਲ ਵੀ ਪੰਜਾਬੀ ਵਾਰਤਕ ਦਿਨੋ ਦਿਨ ਉੱਨਤ ਹੋਣ ਲੱਗੀ, ਕਿਉਂ ਜੋ ਇਸ ਕਾਲ ਵਿਚ ਤੀਹ ਪੈਂਤੀ ਪੱਤਰ ਚਾਲੂ ਹੋ ਚੁੱਕੇ ਸਨ।

ਜੇ ਪਹਿਲਾਂ ਜਾਗ੍ਰਿਤੀ ਕਾਲ ਵਿਚ ਆਧੁਨਿਕ ਪੰਜਾਬੀ ਵਾਰਤਕ ਦਾ ਮੁੱਢ ਬੱਝਾ ਤਾਂ ਪਰਿਵਰਤਨ ਕਾਲ ਵਿਚ ਇਸ ਵਿਚ ਸ਼ੈਲੀ ਤੇ ਵਿਸ਼ੇ ਦੇ ਪੱਖ ਤੋਂ ਕਾਫ਼ੀ ਵਿਕਾਸ ਹੋਇਆ। ਕੁਝ ਇਕ ਅਜਿਹੇ ਗਦ-ਲੇਖਕ ਵੀ ਉਠੇ ਜਿਨ੍ਹਾਂ ਦਾ ਲਿਖਣ ਢੰਗ, ਪਹਿਲਿਆਂ ਦੇ ਟਾਕਰੇ 'ਤੇ ਵਧੇਰੇ ਸਾਹਿਤਕ ਤੇ ਸੁਲਝਿਆ ਹੋਇਆ ਸੀ; ਜਿਵੇਂ ਭਾਈ ਵੀਰ ਸਿੰਘ ਤੇ ਭਾਈ ਮੋਹਨ ਸਿੰਘ ਵੈਦ (7.3.1881 ਤੋਂ 3.10.1936) ਆਦਿ। ਪ੍ਰੋ.ਪੂਰਨ ਸਿੰਘ ਨੇ ਵਾਰਤਕ ਵਿਚ ਨਵੇਂ ਤਜਰਬੇ ਵੀ ਕੀਤੇ। ਸਭ ਤੋਂ ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਨਿਬੰਧ ਜੋ ਵਾਰਤਕ ਦਾ ਸਭ ਤੋਂ ਕਲਾਮਈ ਰੂਪ ਹੈ, ਵੀ ਇਸੇ ਕਾਲ ਵਿਚ ਹੋਂਦ ਵਿਚ ਆਇਆ।

ਭਾਈ ਵੀਰ ਸਿੰਘ ਪੰਜਾਬੀ ਦੇ ਸ਼੍ਰੋਮਣੀ ਗਦ-ਲੇਖਕਾਂ ਵਿਚੋਂ ਸਨ। ਆਪ ਦੀ ਰਚਨਾ ਦਾ ਆਕਾਰ ਤੇ ਮਿਆਰ ਉਸ ਸਮੇਂ ਦੇ ਸਾਰੇ ਗਦ-ਲੇਖਕਾਂ ਨਾਲੋਂ ਵੱਧ ਹੈ। ਜਿੱਥੋਂ ਤਕ ਸ਼ੈਲੀ ਦਾ ਸਬੰਧ ਹੈ, ਆਪ ਪਹਿਲੇ ਗੱਦਕਾਰ ਸਨ, ਜਿੰਨ੍ਹਾਂ ਦਾ ਲਿਖਣ ਢੰਗ ਇੰਨਾ ਸੁਲਝਿਆ ਹੋਇਆ, ਕਲਾ-ਪੂਰਨ, ਬਹੁ-ਭਾਂਤੀ, ਵਿਸ਼ੇ ਅਨੁਸਾਰ ਬਦਲਣ ਵਾਲਾ ਤੇ ਰਸਵੰਤ ਹੈ। ਇਸੇ ਕਰਕੇ ਹੀ ਆਪ ਦਾ ਨਾਂ ਪੰਜਾਬੀ ਦੇ ਮੁਢਲੇ ਗਦ ਲੇਖਕਾਂ ਵਿਚੋਂ ਸਭ ਤੋਂ ਵੱਧ ਉਘਾ ਹੈ।

ਭਾਈ ਮੋਹਨ ਸਿੰਘ ਵੈਦ (7.3.1881 ਤੋਂ 3.10.1936) ਭਾਈ ਵੀਰ ਸਿੰਘ ਤੋਂ ਪਿੱਛੋਂ ਭਾਈ ਮੋਹਨ ਸਿੰਘ ਵੈਦ ਪਰਿਵਰਤਨ ਕਾਲ ਦੇ ਸਭ ਤੋਂ ਵੱਡੇ ਗਦ-ਲੇਖਕ ਹਨ। ਸਿੰਘ ਸਭਾ ਲਹਿਰ ਨਾਲ ਸਬੰਧ ਤੇ ਪੰਥਕ

ਸੁਧਾਰ ਰੁਚੀਆਂ ਰੱਖਣ ਕਰਕੇ ਆਪ ਨੇ ਸਾਹਿਤ ਵੀ ਜਨ-ਸਾਧਾਰਨ ਨੂੰ ਧਰਮ ਤੇ ਆਚਰਨ ਸਬੰਧੀ ਉਪਦੇਸ਼ ਦੇਣ ਲਈ ਲਿਖਿਆ। ਆਪ ਨਾ ਕੇਵਲ ਸਾਹਿਤਕਾਰ ਹੀ ਸਨ, ਸਗੋਂ ਸਮਾਜਿਕ ਆਗੂ ਵੀ ਜੋ ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਜੀਵਨ-ਮਸਲਿਆਂ ਵਿਚ ਬੜੀ ਦਿਲਚਸਪੀ ਰਖਦੇ ਸਨ। ਆਪ ਭਾਰਤ ਦੇ ਪ੍ਰਸਿੱਧ ਵੈਦ ਵੀ ਸਨ। ਆਪ ਦੀ ਰਚਨਾ ਵਿਚ ਅਨੇਕ-ਭਾਂਤੀ ਸਮੱਗਰੀ ਹੈ।

ਭਾਈ ਕਾਨ੍ਹ ਸਿੰਘ ਨਾਭਾ (30.8.1861 ਤੋਂ 23.11.1938) ਆਪਣੇ ਸਮੇਂ ਦੇ ਪ੍ਰਮੁੱਖ ਵਿਦਵਾਨ ਤੇ ਗੁਰਮਤਿ ਅਚਾਰੀਆ ਸਨ। ਗੁਰ-ਸ਼ਬਦ ਰਤਨਾਕਰ ਮਹਾਨ ਕੋਸ਼ ਆਪ ਦੀ ਅਦੁੱਤੀ ਵਿਦਵਤਾ ਤੇ ਵਡਮੁੱਲੀ ਸਾਹਿਤਕ ਘਾਲਣਾ ਦਾ ਉਤਕ੍ਰਿਸ਼ਟ ਪ੍ਰਮਾਣ ਹੈ। ਸਿੱਖ ਧਰਮ, ਇਤਿਹਾਸ ਤੇ ਗੁਰਬਾਣੀ ਸਬੰਧੀ ਉਹਨਾਂ ਦਾ ਗਿਆਨ ਆਦਰਣੀਯ ਤੇ ਪ੍ਰਮਾਣਿਕ ਮੰਨਿਆ ਜਾਂਦਾ ਹੈ। ਆਪ ਨੇ ਗੁਰਮਤਿ ਸੁਧਾਕਰ, ਗੁਰਮਤਿ ਪ੍ਰਭਾਕਰ, ਗੁਰ ਛੰਦ ਦੀਵਾਕਰ ਤੇ 'ਹਮ ਹਿੰਦੂ ਨਹੀਂ' ਆਦਿ ਗਦ ਪੁਸਤਕਾਂ ਲਿਖੀਆਂ ਹਨ। ਭਾਵੇਂ ਇਹਨਾਂ ਰਚਨਾਵਾਂ ਦਾ ਵਿਸ਼ਾ ਸਿੱਖ ਮਤ ਦੇ ਸੰਪਰਦਾਈ ਗਿਆਨ ਤੱਥਾਂ ਨਾਲ ਸਬੰਧਤ ਹੈ ਪਰ ਆਪ ਵਿਲੱਖਣ ਲਿਖਣ ਸ਼ੈਲੀ ਦੇ ਮਾਲਕ ਸਨ। ਆਪ ਦੀ ਰਚਨਾ ਵਿਚ ਵਿਦਵਤਾ ਤੇ ਬੌਧਿਕ ਨਿਆਂਇ ਅਨੁਸਾਰ ਤਰਕ ਵਿਤਰਕ ਵਿਧੀ ਤੋਂ ਬਿਨਾਂ ਸਾਹਿਤਕ ਗੁਣਾਂ ਨਾਲ ਭੂਸ਼ਿਤ ਰਸ ਸ਼ੈਲੀ ਦਾ ਪਰੀਚੈ ਵੀ ਮਿਲਦਾ ਹੈ।

ਪ੍ਰੋ.ਪੂਰਨ ਸਿੰਘ (18.2.1881 ਤੋਂ 31.3.1931) ਕਵਿਤਾ ਵਾਂਗ ਹੀ ਵਾਰਤਕ ਦੇ ਖੇਤਰ ਵਿਚ ਵੀ ਉਸ ਦੀ ਨਿਵੇਕਲੀ, ਨਿੱਗਰ ਤੇ ਵਿਸ਼ੇਸ਼ ਥਾਂ ਹੈ। ਵਾਰਤਕ ਰਚਨਾ ਭਾਵੇਂ ਉਸ ਦੀ ਬਹੁਤੀ ਨਹੀਂ ਮਿਲਦੀ, ਕੇਵਲ 'ਖੁੱਲ੍ਹੇ ਲੇਖ' ਨਾਂ ਦੀ ਇਕੋ ਪੁਸਤਕ ਤੇ ਕੁਝ ਟਰੈਕਟ ਹਨ, ਪਰ ਤਾਂ ਵੀ ਇਹ ਰਚਨਾ ਉਸ ਦੀ ਵਿਲੱਖਣ ਸ਼ੈਲੀ ਕਰਕੇ ਤੇ ਉਸ ਨੂੰ ਦੂਜਿਆਂ ਨਾਲੋਂ ਵਖਰਿਆਉਂਦੀ ਹੈ।

ਚਰਨ ਸਿੰਘ ਸ਼ਹੀਦ 3.1891 ਤੋਂ 24.8.1935 ਪਰਿਵਰਤਨ ਕਾਲ ਦੇ ਕੁਝ ਕੁ ਚੋਣਵੇਂ ਵਾਰਤਕ ਲੇਖਕਾਂ ਵਿਚੋਂ ਸ਼ਹੀਦ ਦਾ ਨਾਂ ਵੀ ਖ਼ਾਸ ਤੌਰ 'ਤੇ ਵਰਣਨਯੋਗ ਹੈ। ਸ਼ਹੀਦ ਦੀ ਵਾਰਤਕ ਪੱਤਰਕਾਰੀ ਦੀ ਪੱਧਰ ਤੋਂ ਉਪਰ ਨਹੀਂ ਉਠ ਸਕੀ, ਕਿਉਂ ਜੋ ਉਸ ਦੀ ਬਹੁਤੀ ਰਚਨਾ 'ਮੌਜੀ' ਤੇ 'ਹੰਸ' ਲਈ ਲਿਖੀ ਗਈ ਸੀ। ਫਿਰ ਵੀ ਸ਼ਹੀਦ ਨੇ ਪੰਜਾਬੀ ਵਾਰਤਕ ਵਿਚ ਕੁਝ ਨਵੇਂ ਵਾਧੇ ਕੀਤੇ ਹਨ ਅਤੇ ਖ਼ਾਸ ਕਰਕੇ 'ਹਾਸ-ਰਸੀ' ਤੇ ਵਿਅੰਗਮਈ ਵਾਰਤਕ ਲਿਖਣ ਦੀ ਪਿਰਤ ਪਾਈ।

ਭਾਈ ਸਾਹਿਬ ਭਾਈ ਰਣਧੀਰ ਸਿੰਘ (21.7.1898 ਤੋਂ 7.12.1972) ਨੇ ਵੀ ਪੰਜਾਬੀ ਵਾਰਤਕ ਵਿਚ ਹੇਠ ਲਿਖੀਆਂ ਪੁਸਤਕਾਂ ਲਿਖੀਆਂ—ਚਰਨ ਕਮਲ ਦੀ ਮੌਜ, ਸੱਚਖੰਡ ਦਰਸ਼ਨ, ਅਣਡਿੱਠੀ ਦੁਨੀਆ, ਗੁਰਮਤ ਵਿਵੇਕ, ਜੇਲ੍ਹ ਚਿੱਠੀਆਂ, ਨਾਮ ਅਭਿਆਸ, ਗੁਰਮਤਿ ਲੇਖ, ਅਨਹਦ ਸ਼ਬਦ ਤੇ ਦਸਮ ਦੁਆਰ ਆਦਿ।

ਬਾਵਾ ਬੁਧ ਸਿੰਘ (1878-1931) ਨੇ ਪੰਜਾਬੀ ਵਾਰਤਕ ਵਿਚ ਸਮਾਲੋਚਨਾ ਸਬੰਧੀ ਰਚਨਾਵਾਂ ਰਚ ਕੇ ਵਾਧਾ ਕੀਤਾ ਹੈ। ਬਾਵਾ ਜੀ ਨਿਵੇਕਲੀ ਸ਼ੈਲੀ ਦੇ ਮਾਲਕ ਸਨ। ਉਸ ਦੀ ਸ਼ੈਲੀ ਵਿਚ ਰਸ ਹੈ, ਦਲੀਲ ਹੈ, ਲੈਅ ਤੇ ਕਵੀਆਂ ਵਾਲਾ ਅਲੰਕਾਰਕ ਬਿਆਨ ਹੈ। ਭਾਵੇਂ ਉਸ ਦੀ ਸ਼ੈਲੀ ਇੰਨੀ ਉਘੜਵੀਂ ਨਹੀਂ, ਜਿੰਨੀ ਭਾਈ ਵੀਰ ਸਿੰਘ ਦੀ, ਫਿਰ ਵੀ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਉਸ ਦੇ ਵਰਣਨ ਤੋਂ ਬਿਨਾਂ ਅੱਗੇ ਨਹੀਂ ਜਾਇਆ ਜਾ ਸਕਦਾ।

1930 ਈਸਵੀ ਤੋਂ ਬਾਅਦ ਪਹਿਲੀ ਵਾਰ ਗਦ-ਸਾਹਿਤ ਕਵਿਤਾ ਦੇ ਮੁਕਾਬਲੇ ਵਿਚ ਸਾਹਮਣੇ ਆਉਂਦਾ ਹੈ ਤੇ ਲੋਕਾਂ ਦੀ ਰੁਚੀ ਕਵਿਤਾ ਵੱਲੋਂ ਹਟ ਕੇ ਵਾਰਤਕ ਵੱਲ ਮੁੜਦੀ ਹੈ। ਇਸੇ ਕਾਲ ਵਿਚ ਪੰਜਾਬੀ ਵਾਰਤਕ ਨੂੰ

ਚੇਤੰਨ ਲੇਖਕਾਂ ਨੇ ਹੱਥ ਪਾਇਆ ਤੇ ਇਸ ਨੂੰ ਉਸ ਪੱਧਰ ’ਤੇ ਪਹੁੰਚਾਇਆ ਜਿਹੜਾ ਕਿ ਸੰਸਾਰ ਦੀਆਂ ਹੋਰ ਉਨਤ ਤੇ ਵਿਗਸਤ ਭਾਸ਼ਾਵਾਂ ਦਾ ਹੈ।

ਗੁਰਬਖ਼ਸ਼ ਸਿੰਘ ਵਰਗੇ ਕੁਝ ਕੁ ਅਜਿਹੇ ਲੇਖਕ ਮੈਦਾਨ ਵਿਚ ਆਏ, ਜਿੰਨ੍ਹਾਂ ਨੇ ਗਦ-ਰੂਪ ਨੂੰ ਹੀ ਆਪਣੇ ਵਿਚਾਰਾਂ ਦੇ ਪ੍ਰਗਟਾ ਦਾ ਮਾਧਿਅਮ ਬਣਾਇਆ ਤੇ ਹਰ ਪ੍ਰਕਾਰ ਦੇ ਵਿਚਾਰ ਤੇ ਭਾਵ ਇਸ ਦੁਆਰਾ ਪ੍ਰਗਟ ਕੀਤੇ। ਗੁਰਬਖ਼ਸ਼ ਸਿੰਘ ਇਸ ਦੌਰ ਦਾ ਪ੍ਰਤੀਨਿਧ ਤੇ ਸ਼੍ਰੋਮਣੀ ਲੇਖਕ ਸੀ।

ਪ੍ਰਿੰਸੀਪਲ ਤੇਜਾ ਸਿੰਘ (2.6.1894 ਤੋਂ 10.1.1957) ਨੇ ਭਾਵੇਂ ਬਹੁਤੀ ਗਦ-ਰਚਨਾ ਨਹੀਂ ਕੀਤੀ ਪਰ ਫਿਰ ਵੀ ਜੋ ਕੁਝ ਲਿਖਿਆ ਹੈ, ਉਹ ਇੰਨਾ ਸ਼ੁੱਧ ਤੇ ਚੰਗੇਰਾ ਹੈ ਕਿ ਉਸ ਨੂੰ ਟਕਸਾਲੀ ਲੇਖਕ ਮੰਨਣਾ ਪੈਂਦਾ ਹੈ। ਤੇਜਾ ਸਿੰਘ ਨੇ ਪੰਜਾਬੀ ਵਾਰਤਕ ਦੇ ਰੂਪ ਨੂੰ ਨਿਖਾਰਨ ਲਈ ਸਭ ਤੋਂ ਵੱਧ ਯਤਨ ਕੀਤਾ ਹੈ ਅਤੇ ਵਾਰਤਕ ਨੂੰ ਨਿਰੋਲ ਸਾਹਿਤਕ ਪੱਧਰ ’ਤੇ ਲਿਆਂਦਾ ਹੈ। ਉਸ ਦੇ ਲੇਖਾਂ ਤੇ ਲੇਖਣੀ ਸਦਕਾ ਪੰਜਾਬੀ ਭਾਸ਼ਾ ਦਾ ਪੱਧਰ ਆਦਰਸ਼ਕ ਬਣ ਗਿਆ ਹੈ। ਤੇਜਾ ਸਿੰਘ ਜੋ ਕੁਝ ਕਹਿਣਾ ਚਾਹੁੰਦਾ, ਬਹੁਤ ਸੌਖੇ, ਸਪਸ਼ਟ ਤੇ ਦਿਲਚਸਪ ਰੂਪ ਵਿਚ ਕਹਿ ਜਾਂਦਾ ਸੀ। ਇਸੇ ਕਰਕੇ ਅਸੀਂ ਉਸ ਨੂੰ ਪੰਜਾਬੀ ਦਾ ਪ੍ਰਮੁੱਖ ਗਦਕਾਰ ਮੰਨਦੇ ਹਾਂ। ਆਪ ਨੇ ਵਿਹਲੀਆਂ ਗੱਲਾਂ, ਸਾਊਪੁਣਾ, ਘਰ ਦਾ ਪਿਆਰ ਤੇ ਗ਼ੁਸਲਖ਼ਾਨਾ ਆਦਿ ਤੁਛ ਜਿਹੇ ਵਿਸ਼ਿਆਂ ਉਤੇ ਬਹੁਤ ਸੁੰਦਰ ਤੇ ਕਲਾਮਈ ਲੇਖ ਲਿਖੇ ਹਨ।

ਲਾਲ ਸਿੰਘ ਕਮਲਾ ਅਕਾਲੀ (1889-1977) ਨੇ 1947 ਤਕ ‘ਮੇਰਾ ਵਲਾਇਤੀ ਸਫ਼ਰਨਾਮਾ, ਮੌਤ ਰਾਣੀ ਦਾ ਘੁੰਡ ਤੇ ਜੀਵਨ ਨੀਤੀ ਗਦ ਰਚਨਾਵਾਂ ਦਿੱਤੀਆਂ ਹਨ। ਉਸ ਦੇ ਲਿਖਣ ਢੰਗ ਵਿਚ ਜਿਥੇ ਇਕ ਬਿਰਤਾਂਤੀ ਤੇ ਵਰਣਨੀ ਰਸ ਹੈ, ਉਥੇ ਦੂਜੇ ਬੰਨੇ ਗੰਭੀਰ ਦਾਰਸ਼ਨਿਕ ਪੱਖ ਵੀ ਆਇਆ ਹੈ। ਬੋਲੀ ਬੜੀ ਠੇਠ, ਸਪਸ਼ਟ ਤੇ ਰਸਦਾਇਕ ਹੈ। ਕਿਤੇ-ਕਿਤੇ ਹਾਸ-ਰਸੀ ਬਿਆਨ ਵੀ ਹੈ।

ਪ੍ਰੋਫ਼ੈਸਰ ਸਾਹਿਬ ਸਿੰਘ (16.2.1892 ਤੋਂ 19.10.1977) ਜੋਧ ਸਿੰਘ, ਐਸ.ਐਸ.ਅਮੋਲ ਆਦਿ ਲੇਖਕਾਂ ਨੇ ਪੰਜਾਬੀ ਵਾਰਤਕ ਨੂੰ ਸੁੱਧ ਬਣਾਉਣ ਦਾ ਯਤਨ ਕੀਤਾ। ਪ੍ਰੋਫ਼ੈਸਰ ਸਾਹਿਬ ਸਿੰਘ ਨੇ ਧਾਰਮਿਕ ਵਿਸ਼ਿਆਂ ਉਤੇ ਲੇਖ ਲਿਖੇ, ਜਿਨ੍ਹਾਂ ਵਿਚ ਕਈ ਸਿਧਾਂਤਕ ਮਸਲਿਆਂ ਨੂੰ ਸਿੱਧ ਕੀਤਾ ਤੇ ਕਈ ਗੱਲਾਂ ਉਤੇ ਚਾਨਣਾ ਪਾਇਆ। ਵਿਆਖਿਆਮਈ ਤੇ ਗਿਆਨਮਈ ਵਾਰਤਕ ਦਾ ਇਹ ਚੰਗਾ ਉਦਾਹਰਨ ਹਨ। ਇਹਨਾਂ ਦੀ ਭਾਸ਼ਾ ਸਰਲ, ਸਪਸ਼ਟ ਤੇ ਬਾ-ਮੁਹਾਵਰਾ ਹੈ।

ਪ੍ਰਿੰਸੀਪਲ ਜੋਧ ਸਿੰਘ (31.5.1882 ਤੋਂ 4.12.1981) ਨੇ ਤੇਜਾ ਸਿੰਘ ਵਾਂਗ ਰਚਨਾ ਭਾਵੇਂ ਥੋੜ੍ਹੀ ਕੀਤੀ ਹੈ ਫਿਰ ਵੀ ਉਹਨਾਂ ਦੀ ਵਾਰਤਕ ਬੜੀ ਸੁਲਝੀ ਹੋਈ ਤੇ ਨਿਪੁੰਨ ਹੈ। ਗੁਰਮਤਿ ਨਿਰਣਯ, ਸਿੱਖੀ ਕੀ ਹੈ, ਪ੍ਰਾਚੀਨ ਬੀੜਾਂ ਬਾਰੇ, ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਆਦਿ ਆਪ ਦੀਆਂ ਪ੍ਰਸਿੱਧ ਗਦ-ਰਚਨਾਵਾਂ ਹਨ।

ਜੀਵਨੀਆਂ ਵਿਚੋਂ ਮੁਨਸ਼ਾਂ ਸਿੰਘ ਦੁਖੀ ਦੀ ਪੁਸਤਕ, ਜੀਵਨੀ ਭਾਈ ਮੋਹਨ ਸਿੰਘ ਵੈਦ ਤੇ ਪ੍ਰੋਫ਼ੈਸਰ ਕਰਤਾਰ ਸਿੰਘ ਰਚਿਤ, ਜੀਵਨ ਕਥਾ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਸੋਹਣੀਆਂ ਰਚਨਾਵਾਂ ਹਨ।

ਸਫ਼ਰਨਾਮਿਆਂ ਵਿਚੋਂ ਕਮਲਾ ਅਕਾਲੀ ਦਾ ‘ਮੇਰਾ ਵਲਾਇਤੀ ਸਫ਼ਰਨਾਮਾ’, ਡਾ.ਸ਼ੇਰ ਸਿੰਘ ਦੀ ‘ਪ੍ਰਦੇਸ ਯਾਤਰਾ’, ਡਾ.ਹਰਦਿੱਤ ਸਿੰਘ ਢਿੱਲੋਂ ਦਾ ‘ਅਮਰੀਕਾ ਦਾ ਚੱਕਰ’, ਪ੍ਰਦੁਮਨ ਸਿੰਘ ਦਾ ‘ਸੈਲ ਸਪਾਟੇ’, ਨਰਿੰਦਰ ਪਾਲ ਦਾ ‘ਦੇਸਾਂ-ਪ੍ਰਦੇਸਾਂ ਵਿਚ’ ਵਰਣਨਯੋਗ ਹਨ।

**ਨਿਬੰਧ ਰਚਨਾ**

ਇਸ ਕਾਲ ਵਿਚ ਮੌਲਿਕ ਤੇ ਸਿਰਜਣਾਤਮਕ ਨਿਬੰਧ ਭਾਵੇਂ ਬਹੁਤੀ ਮਾਤਰਾ ਵਿਚ ਨਹੀਂ ਲਿਖੇ ਗਏ ਅਤੇ ਆਦਰਸ਼ਕ ਰੂਪ ਦੀ ਨਿੱਖਰੀ ਪ੍ਰਮਾਣਿਕ ਗਦ ਸ਼ੈਲੀ ਦਾ ਸੁਹਜਵਾਦੀ ਸੰਕਲਪ ਵੀ ਬਹੁਤੇ ਲੇਖਕਾਂ ਵਿਚ ਸਪਸ਼ਟ ਦਿਖਾਈ ਨਹੀਂ ਦਿੰਦਾ, ਫਿਰ ਵੀ ਨਿਬੰਧ ਕਲਾ ਵਿਚ ਅਨੇਕ ਪ੍ਰਕਾਰ ਦੀਆਂ ਵੰਨਗੀਆਂ ਦੇਖੀਆਂ ਜਾ ਸਕਦੀਆਂ ਹਨ। ਸੁਹਜਵਾਦੀ ਸੰਕਲਪਾਂ ਵਾਲੀ ਰਸਿਕ ਤੇ ਪ੍ਰਭਾਵ-ਵਾਦੀ ਰਚਨਾ ਦੇ ਟਾਕਰੇ ਤੇ ਬੁੱਧੀ ਪ੍ਰਧਾਨ, ਗਿਆਨ-ਵਰਧਕ, ਵਿਗਿਆਨਕ ਸੰਕਲਪਾਂ ਦੀ ਜਾਣਕਾਰੀ ਦੇਣ ਵਾਲੀ ਅਤੇ ਉਪਯੋਗਵਾਦੀ ਸ਼ੈਲੀ ਵਧੇਰੇ ਪ੍ਰਚੱਲਿਤ ਦਿਸਦੀ ਹੈ। 'ਨਿਬੰਧਾਂ' ਵਿਚ ਆਲੋਚਨਾਤਮਿਕ ਲੇਖਾਂ, ਗੋਸ਼ਟੀ-ਪੱਤਰਾਂ, ਖੋਜ-ਪੱਤਰਾਂ ਦਾ ਰਿਵਾਜ ਵਧੇਰੇ ਪਿਆ ਹੈ, ਖ਼ਾਸ ਕਰਕੇ ਅਕਾਡਮਿਕ ਖੇਤਰ ਵਿਚ। ਇਹ ਰਚਨਾ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜੀਆਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ।

ਗੁਰਬਖ਼ਸ਼ ਸਿੰਘ (26.4.1895 ਤੋਂ 20.8.1977) ਵਿਚਾਰ ਅਧੀਨ ਕਾਲ ਦਾ ਵੀ ਸ਼੍ਰੋਮਣੀ ਗਦ-ਲੇਖਕ ਤੇ ਨਿਬੰਧਕਾਰ ਸੀ। ਨਵੀਂ ਦੁਨੀਆਂ, ਚੰਗੇਰੀ ਦੁਨੀਆਂ, ਖੁੱਲ੍ਹਾ ਦਰ, ਨਵਾਂ ਸ਼ਿਵਾਲਾ, ਜ਼ਿੰਦਗੀ ਦੀ ਰਾਸ, ਜ਼ਿੰਦਗੀ ਦੀ ਕਵਿਤਾ, ਜ਼ਿੰਦਗੀ ਦੇ ਗੀਤ—ਉਸ ਦੀਆਂ ਪ੍ਰਮੁੱਖ ਗਦ ਰਚਨਾਵਾਂ ਹਨ। 1947 ਤੋਂ ਪਹਿਲਾਂ ਉਹ ਵਿਅਕਤੀਵਾਦੀ ਆਦਰਸ਼ਵਾਦ ਤੇ ਮਾਨਵਵਾਦੀ ਸੁਹਜਵਾਦ ਦਾ ਸਮਰਥਕ ਸੀ। ਇਸ ਕਾਲ ਵਿਚ ਉਸ ਨੇ ਸਮਾਜਵਾਦੀ ਜੀਵਨ-ਲਕਸ਼ਾਂ, ਅਗਰਗਾਮੀ ਵਿਚਾਰਧਾਰਾਵਾਂ, ਵਿਸ਼ਵ ਵਿਆਪੀ ਅਮਨ ਅੰਦੋਲਨ ਤੇ ਇਨਕਲਾਬੀ ਮਨੁੱਖ ਦੇ ਨਵੇਂ ਅਮਲ ਨੂੰ ਚਿਤਰਨ ਦਾ ਯਤਨ ਕੀਤਾ ਹੈ। ਪੰਜਾਬੀ ਦੇ ਬਹੁਤ ਸਾਰੇ ਲੇਖਕ ਉਸ ਦੇ ਮਾਸਿਕ ਪੱਤਰ 'ਪ੍ਰੀਤ ਲੜੀ' ਨਾਲ ਜੁੜੇ ਰਹੇ ਹਨ ਅਤੇ ਉਸ ਤੋਂ ਪ੍ਰਭਾਵਿਤ ਵੀ ਹੁੰਦੇ ਹਨ। ਇਸ ਲਈ 1931 ਤੋਂ ਪਿੱਛੋਂ ਦੇ ਕਾਲ ਨੂੰ ਜੇ ਗੁਰਬਖ਼ਸ਼ ਸਿੰਘ ਦਾ ਕਾਲ ਵੀ ਕਹਿ ਦਿੱਤਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਪ੍ਰਿੰ.ਤੇਜਾ ਸਿੰਘ (2.6.1894 ਤੋਂ 10.1.1958) ਪੰਜਾਬੀ ਨਿਬੰਧ ਕਲਾ ਨੂੰ ਸ਼ਾਸਤਰੀ ਰੂਪ ਵਿਚ ਨਿਖਾਰਨ ਦਾ ਸਭ ਤੋਂ ਵੱਧ ਸਿਹਰਾ ਪ੍ਰਿੰ.ਤੇਜਾ ਸਿੰਘ ਦੇ ਸਿਰ ਹੈ, ਜਿਸ ਨੇ ਆਪਣੀ ਲੇਖਣੀ ਵਿਚ 'ਖੋਜੀ ਉਪਜੇ ਬਾਦੀ ਬਿਨਸੈ' ਦੀ ਗੁਰ-ਉਕਤੀ ਨੂੰ ਆਧਾਰ ਬਣਾ ਕੇ ਸਾਹਿਤ ਦੇ ਕਲਾਤਮਕ ਆਦਰਸ਼ ਨੂੰ ਸਦਾ ਧਿਆਨ ਵਿਚ ਰੱਖਿਆ ਹੈ। ਪੱਛਮੀ ਨਿਬੰਧ ਲੇਖਕਾਂ ਦੇ ਬੌਧਿਕ ਆਸ਼ਿਆਂ ਤੇ ਸ਼ੈਲੀ-ਗਤ ਸੰਕਲਪਾਂ ਨੂੰ ਸਾਹਮਣੇ ਰੱਖ ਕੇ, ਆਧਾਰਿਤ ਜਾਂ ਮੌਲਿਕ ਰੂਪ, ਉਚੇ ਪੱਧਰ ਦੀ ਪ੍ਰਮਾਣਿਕ ਗਦ-ਰਚਨਾ ਕੀਤੀ ਅਤੇ ਭਾਸ਼ਾ ਦੀ ਸਰਲਤਾ ਤੇ ਸਰਸਤਾ ਨੂੰ ਪੂਰਨ ਉਤਕ੍ਰਿਸ਼ਟ ਸਾਹਿਤਕ ਸ਼ੈਲੀ ਵਿਚ ਲਿਸ਼ਕਾ ਕੇ ਪੇਸ਼ ਕੀਤਾ। ਮੱਧ-ਸ਼੍ਰੇਣਿਕ ਚੇਤਨਤਾ ਤੇ ਵਿਗਿਆਨਕ ਉਦਾਰਤਾਵਾਦ ਦੇ ਨਾਲ ਨਾਲ ਉਹਨਾਂ ਨੇ ਗੁਰਮਤਿ ਨੂੰ ਨਵੇਂ ਅਰਥ ਤੇ ਦਿਸ਼ਾਵਾਂ ਵਿਚ ਰੂਪਮਾਨ ਕੀਤਾ। ਵਿਅਕਤੀਗਤ ਅਨੁਭਵ ਦੀ ਛੁਹ ਦੁਆਰਾ ਆਪ ਦੇ ਵਿਚਾਰ ਤੇ ਸ਼ੈਲੀ ਮੌਲਿਕ ਰੰਗ ਵਿਚ ਰੰਗੇ ਗਏ ਹਨ।

ਇਸ ਕਾਲ ਵਿਚ ਤੇਜਾ ਸਿੰਘ ਦਾ ਧਿਆਨ ਅੰਗਰੇਜ਼ੀ-ਪੰਜਾਬੀ ਕੋਸ਼, ਸਵੈ-ਜੀਵਨੀ ਪ੍ਰਮਾਣਿਕ ਪੰਜਾਬੀ ਰਚਨਾ ਸ਼ੈਲੀ ਤੇ ਆਲੋਚਨਾਤਮਕ ਲੇਖਾਂ ਨੇ ਮੱਲੀ ਰੱਖਿਆ। 'ਨਵੀਆਂ ਸੋਚਾਂ' ਦੇ ਕੁਝ ਲੇਖ ਵੀ ਇਸੇ ਕਾਲ ਵਿਚ ਲਿਖੇ ਗਏ। 'ਘਰ ਦਾ ਪਿਆਰ' ਵਿਚ ਜਿਸ ਤੀਖਣ ਕਰੁਣਾ-ਮਈ ਸਵਰ ਵਿਚ ਆਪਣੇ ਵਤਨ ਨੂੰ ਯਾਦ ਕਰਦਾ ਹੈ, ਉਹ ਉਸ ਦੇ ਮਾਨਵਵਾਦੀ ਚਿੰਤਨ ਦੇ ਭਾਵੁਕਤਾ ਦਾ ਲਖਾਇਕ ਹੈ। ਤੇਜਾ ਸਿੰਘ ਦੀ ਰਚਨਾ ਦੇ ਕੁਝ ਸੰਗ੍ਰਹਿ 'ਘਰ ਦਾ ਪਿਆਰ ਤੇ ਹੋਰ ਲੇਖ' ਅਤੇ 'ਗੁਸਲਖ਼ਾਨਾ ਤੇ ਹੋਰ ਲੇਖ' ਇਸ ਕਾਲ ਵਿਚ ਜ਼ਰੂਰ ਪ੍ਰਕਾਸ਼ਿਤ ਹੋਏ ਹਨ, ਪਰ ਉਹਨਾਂ

ਵਿਚ ਬਹੁਤੇ ਲੇਖ ਪੁਰਾਣੇ ਹਨ। 'ਮਾਨਾਂ ਦਾ ਅੰਤ' ਦੀ ਕਰੁਣ-ਕਥਾ ਬੜੀ ਜਜ਼ਬਾਤੀ ਸ਼ੈਲੀ ਵਿਚ ਲਿਖੀ ਗਈ ਕ੍ਰਿਤ ਹੈ। ਜਿੱਥੋਂ ਤਕ ਪੰਜਾਬੀ ਅਤੇ ਇਸ ਦੀ ਸ਼ੈਲੀ ਨੂੰ ਉਤਕ੍ਰਿਸ਼ਟਤਾ ਪ੍ਰਦਾਨ ਕਰਨ ਦਾ ਸਬੰਧ ਹੈ, ਪ੍ਰਿੰ.ਤੇਜਾ ਸਿੰਘ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੌਰਵਮਈ ਤੇ ਸੰਸਥਾ ਦੀ ਪਦਵੀ ਰਖਦਾ ਹੈ। ਨਵੇਂ ਲੇਖਕਾਂ ਨੂੰ ਪ੍ਰੇਰਨ ਤੇ ਉਤਸਾਹਿਤ ਕਰਨ, ਪੰਜਾਬੀ ਭਾਸ਼ਾ ਤੇ ਸਾਹਿਤ ਦਾ ਮੁੱਢ ਬੰਨ੍ਹਣ, ਗੁਰਮਤਿ ਦੀ ਵਿਆਖਿਆ ਤੇ ਕੋਸ਼ਕਾਰੀ ਸਬੰਧੀ ਉਸ ਦਾ ਵਿਸ਼ੇਸ਼ ਯਤਨ ਇਤਿਹਾਸਕ ਗੌਰਵ ਦਾ ਧਾਰਨੀ ਹੈ।

ਹਰਿੰਦਰ ਸਿੰਘ ਰੂਪ (1907 ਤੋਂ 1954) ਨੇ 1947 ਤੋਂ ਪਿੱਛੋਂ ਪੰਜਾਬੀ ਨਿਬੰਧ ਕਲਾ ਵਿਚ ਸੂਖਮ ਹਾਸ-ਰਸ ਤੇ ਬੌਧਿਕ ਵਿਅੰਗ ਨੂੰ ਲਿਆ ਕੇ ਇਸ ਵਿਚ ਇਕ ਨਵੀਂ ਸੰਭਾਵਨਾ ਨੂੰ ਉਜਾਗਰ ਕੀਤਾ। ਸਿੱਖ ਤੇ ਸਿੱਖੀ, ਚੁੰਝਾਂ ਪਉਂਚੇ, ਰੂਪ ਰੰਗ ਤੇ ਭਾਈ ਗੁਰਦਾਸ ਦੀ ਰਚਨਾ—ਉਸ ਦੀਆਂ ਵਿਸ਼ੇਸ਼ ਗੱਦ ਪੁਸਤਕਾਂ ਹਨ। ਪਹਿਲੀ ਪੁਸਤਕ ਸਾਂਸਕ੍ਰਿਤਕ ਇਤਿਹਾਸ ਤੇ ਕਲਾ ਦੇ ਕਈ ਅਦੁੱਤੀ ਪੱਖਾਂ 'ਤੇ ਰੌਸ਼ਨੀ ਪਾਉਂਦੀ ਹੈ। ਰੂਪ ਆਪਣਾ ਸਬੰਧ ਗਿਆਨੀ ਸੰਪਰਦਾਇ ਨਾਲ ਜੋੜਦਾ ਸੀ। ਇਸ ਲਈ ਸਿੱਖੀ ਸਮਾਜ, ਸਾਹਿਤ ਤੇ ਕਲਾ ਦਾ ਗਿਆਨ ਉਸ ਨੂੰ ਪਰੰਪਰਾਗਤ ਰੀਤੀ ਅਨੁਸਾਰ ਹੀ ਪ੍ਰਾਪਤ ਹੋ ਗਿਆ। ਭੂਪਵਾਦੀ ਸੰਸਕ੍ਰਿਤੀ ਦੀ ਕੁੱਖ ਵਿਚ ਪਲੇ ਤੇ ਵੱਡੇ ਹੋਏ ਕਈ ਹੁਨਰ, ਉਸ ਦੇ ਅਨੁਭਵ ਦੇ ਭਾਗ ਬਣੇ ਹੋਏ ਸਨ। ਲੋਕਾਂ ਦੇ ਸ਼ੁਗਲ, ਚੇਟਕਾਂ ਤੇ ਸੁਆਦਾਂ ਦਾ ਉਸ ਨੂੰ ਚੋਖਾ ਗਿਆਨ ਸੀ। ਇਸ ਲਈ ਉਸ ਨੇ ਕਲਾ ਤੇ ਸੰਸਕ੍ਰਿਤੀ ਤੋਂ ਬਿਨਾਂ ਪਸ਼ੂ-ਪੰਛੀ ਧਨ ਤੇ ਉਹਨਾਂ ਦੀ ਪ੍ਰਕ੍ਰਿਤੀ ਬਾਰੇ ਵਿਸ਼ਾਲ ਵਾਕਫ਼ੀਅਤ ਦਿੱਤੀ ਹੈ। ਕਾਂ, ਬਾਂਦਰ, ਸਿਉਂਕ, ਕਿਰਲੀ ਆਦਿ ਵਿਸ਼ਿਆਂ ਤੋਂ ਲੈ ਕੇ ਉਹ 'ਰਸਗੁਲੇ', 'ਲੂਣ ਦੀਆਂ ਸੇਵੀਆਂ' ਆਦਿ ਮਜ਼ਮੂਨ 'ਤੇ ਨਿਬੰਧ ਲਿਖ ਸਕਦਾ ਸੀ, ਜਿਨ੍ਹਾਂ ਵਿਚ ਪ੍ਰਮਾਣਿਕ ਜਾਣਕਾਰੀ ਤੋਂ ਛੁੱਟ ਵਿਅੰਗਾਤਮਕ ਢੰਗ ਨਾਲ ਵਰਤਮਾਨ ਆਵਰਣ ਤੇ ਟੀਕਾ ਟਿੱਪਣੀ ਕੀਤੀ ਗਈ ਹੈ। ਸ਼ੈਲੀ ਭਾਵੇਂ ਸਰਲ, ਸ਼ੁੱਧ ਤੇ ਬਾਮੁਹਾਵਰਾ ਹੈ, ਪਰ ਭਾਸ਼ਾ ਦਾ ਸਰੂਪ ਕਿਤੇ-ਕਿਤੇ ਅੱਥਰਾ ਵੀ ਪ੍ਰਤੀਤ ਹੁੰਦਾ ਹੈ। 'ਰੂਪ ਰੰਗ' ਵਿਚ 'ਮੇਰਾ ਨੜੋਆ' ਨਾਂ ਦਾ ਉਸ ਦਾ ਪ੍ਰਸਿੱਧ ਲੇਖ ਦਰਜ ਹੈ, ਜਿਸ ਨੂੰ ਲਿਖਣ ਤੋਂ ਕੁਝ ਮਹੀਨੇ ਬਾਅਦ ਹੀ ਉਹ ਪਰਿਵਾਰਕ ਦੁਖਾਂਤਕ-ਹੱਤਿਆਂ ਦਾ ਸ਼ਿਕਾਰ ਹੋ ਗਿਆ।

ਕਪੂਰ ਸਿੰਘ (2.3.1909 ਤੋਂ 13.8.1986) ਨੇ 'ਪੁੰਡ੍ਰੀਕ', 'ਬਹੁ ਵਿਸਥਾਰ' ਤੇ 'ਸਪਤ ਸ੍ਰਿੰਗ' ਨਾਂ ਦੀਆਂ ਗੱਦ ਪੁਸਤਕਾਂ ਦਿੱਤੀਆਂ ਹਨ, ਜਿਨ੍ਹਾਂ ਵਿਚੋਂ ਪਿਛਲੀ ਲੇਖਾਂ ਦੇ ਰੂਪ ਵਿਚ ਜੀਵਨੀਆਂ ਹਨ। ਕਪੂਰ ਸਿੰਘ ਨਾਲ ਪਹਿਲੀ ਵਾਰੀ ਪੰਜਾਬੀ ਨਿਬੰਧ-ਕਲਾ ਵਿਚ ਪ੍ਰੌਢ ਰੂਪ ਦੀ ਬੌਧਿਕ ਤੇ ਸੁਗਿਆਨਕ ਸ਼ੈਲੀ ਦਾ ਵਾਧਾ ਹੋਇਆ ਹੈ। ਉਸ ਨੂੰ ਦਰਸ਼ਨ, ਆਧੁਨਿਕ ਗਿਆਨ-ਵਿਗਿਆਨ ਤੇ ਸਾਹਿਤ ਆਦਿ ਵਿਸ਼ਿਆਂ ਸਬੰਧੀ ਵਿਸ਼ੇਸ਼ ਜਾਣਕਾਰੀ ਪ੍ਰਾਪਤ ਸੀ। ਇਸ ਸਾਰੀ ਸਮੱਗਰੀ ਨੂੰ ਉਹ ਆਪਣੇ ਲੇਖਾਂ ਵਿਚ ਬੌਧਿਕ ਤੇ ਵਿਦਵਤਾ ਪੂਰਨ ਸ਼ੈਲੀ ਵਿਚ ਗੁੰਦ ਕੇ ਮੌਲਿਕ ਰੰਗ ਵਿਚ ਪੇਸ਼ ਕਰ ਸਕਿਆ ਹੈ। ਵਿਵੇਕਸ਼ੀਲਤਾ ਤੇ ਗੱਲ ਨੂੰ ਚਿੱਥ-ਚਿੱਥ ਕੇ ਤੇ ਗੰਭੀਰ ਰੂਪ ਦੇ ਕੇ, ਉਸ ਨੂੰ ਪ੍ਰਮਾਣਾਂ ਰਾਹੀਂ ਸਿੱਧ ਕਰ ਸਕਣਾ, ਉਸ ਦੀ ਲੇਖਣੀ ਦੇ ਵੱਡੇ ਗੁਣ ਹਨ। ਉਸ ਦਾ ਦ੍ਰਿਸ਼ਟੀਕੋਣ ਨਾ ਤਾਂ ਸੰਪਰਦਾਈ ਹੈ, ਨਾ ਸੰਕੀਰਨ, ਸਗੋਂ ਵਿਸ਼ਾਲ ਤੇ ਪਰਪੱਕ ਹੈ। ਸ਼ਬਦ-ਭੰਡਾਰ ਤੇ ਪੱਖ ਤੋਂ ਉਹ ਸੰਸਕ੍ਰਿਤ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਕਰਦਾ ਹੈ। ਉਸ ਦੀ ਸ਼ੈਲੀ ਵਿਚ ਵੰਨਗੀ ਤੇ ਸੁਹਜ ਹੈ, ਭਾਵੇਂ ਬਹੁਤੀ ਰਚਨਾ ਬੌਧਿਕ ਜਾਂ ਵਿਆਖਿਆਮਈ ਵਾਰਤਕ ਦੇ ਘੇਰੇ ਵਿਚ ਵੀ ਉਹ ਲਿਖ ਸਕਿਆ ਹੈ। ਅਜਿਹੇ ਇਕ ਲੇਖ ਵਿਚ ਉਸ ਨੇ ਪ੍ਰੋਫ਼ੈਸਰ ਪੂਰਨ ਸਿੰਘ ਦੀ

ਅੰਤਰਮੁਖੀ ਸੁਹਜਾਤਮਕ ਸ਼ੈਲੀ ਵਿਚ ਵੀ ਲਿਖਿਆ ਹੈ। ਸਿੱਖ ਮਤ ਸਬੰਧੀ ਉਸ ਦੇ ਵਿਚਾਰ ਬੜੇ ਪਰਪੱਕ, ਮੌਲਿਕ ਤੇ ਕ੍ਰਾਂਤੀਕਾਰੀ ਹਨ, ਜਿਸ ਕਰਕੇ ਉਹ ਸਿੱਖ ਦਰਸ਼ਨ ਦਾ ਉਗਰਵਾਦੀ ਵਿਆਖਿਆਕਾਰ ਮੰਨਿਆ ਜਾਂਦਾ ਹੈ।

ਲਾਲ ਸਿੰਘ ਕਮਲਾ ਅਕਾਲੀ (14.6.1889 ਤੋਂ 1977) 'ਜੀਵਨ ਨੀਤੀ', 'ਮਨ ਦੀ ਮੌਜ', 'ਦੋ ਉਤਮ ਨਿਬੰਧ ਰਚਨਾਵਾਂ', 'ਮੌਤ ਰਾਣੀ ਦਾ ਘੁੰਢ' ਤੇ 'ਭਾਰਤ ਦੇ ਭਰਪੂਰ ਭੰਡਾਰੇ' ਆਮ ਵਾਕਫ਼ੀ ਦੇ ਵਿਸ਼ਿਆਂ ਨਾਲ ਸਬੰਧਤ ਆਪ ਦੀਆਂ ਗੱਦ ਪੁਸਤਕਾਂ ਹਨ। 'ਜੀਵਨ ਨੀਤੀ' ਵਿਚਲੇ ਨਿਬੰਧ ਕਮਲਾ ਅਕਾਲੀ ਦੀ ਸੁਵਿਕਸਿਤ ਤੇ ਮੌਲਿਕ ਨਿਬੰਧ-ਕਲਾ ਦੀ ਸਾਖੀ ਭਰਦੇ ਹਨ। 'ਜੱਟ ਦਾ ਆਰਟ' ਤੇ 'ਪੈਰ ਦੀ ਜੁੱਤੀ', 'ਚਲਦਾ ਫਿਰਦਾ ਹੋਟਲ' ਆਦਿ ਨਿੱਕੇ ਨਿੱਕੇ ਵਿਸ਼ਿਆਂ ਉਤੇ ਉਸ ਨੇ ਬੜੇ ਸੁੰਦਰ, ਰੌਚਿਕ, ਹਲਕੇ ਤੇ ਵਿਨੋਦਾਤਮਕ ਨਿਬੰਧ ਲਿਖੇ ਹਨ। ਉਸ ਦੀ ਭਰਪੂਰ ਤੇ ਵਿਸ਼ਾਲ ਵਾਕਫ਼ੀਅਤ, ਸ਼ੈਲੀ ਦਾ ਸੁਹਜ ਤੇ ਆਪਣੇ ਰੰਗ ਵਿਚ ਭਿੱਜੀ ਸ਼ੈਲੀ, ਇਕਦਮ ਪਾਠਕਾਂ ਨੂੰ ਪ੍ਰਭਾਵਿਤ ਕਰਦੀ ਹੈ। ਕਮਲਾ ਅਕਾਲੀ ਜਨ ਸਾਧਾਰਨ ਦਾ ਲੇਖਕ ਸੀ। ਇਸ ਲਈ ਹਰ ਆਯੂ ਤੇ ਸ਼੍ਰੇਣੀ ਦਾ ਪਾਠਕ ਉਸ ਦੀਆਂ ਰਚਨਾਵਾਂ ਦਾ ਆਨੰਦ ਮਾਣ ਸਕਦਾ ਹੈ। ਕਿਤੇ ਕਿਤੇ ਬੜੇ ਸੁੰਦਰ ਵਾਕ, ਹਾਸ ਤੇ ਵਿਅੰਗ ਨਾਲ ਟੁਣਕਦੀਆਂ ਪੰਗਤੀਆਂ ਪਾਠਕ ਨੂੰ ਇਕਦਮ ਝੂਣ ਕੇ ਗੁਦਗੁਦਾ ਜਾਂਦੀਆਂ ਹਨ।

ਡਾ.ਬਲਬੀਰ ਸਿੰਘ (12.10.1896 ਤੋਂ 2.1.1974) ਜਿੱਥੇ ਗੁਰਮਤਿ ਸਾਹਿਤ ਦੇ ਗੰਭੀਰ ਚਿੰਤਕ ਅਤੇ ਵਿਆਖਿਆਕਾਰ ਸਨ, ਉਥੇ ਉਹ ਪ੍ਰਮੁੱਖ ਬੁੱਧੀਵਾਨ ਤੇ ਆਧੁਨਿਕ ਗਿਆਨ, ਵਿਗਿਆਨ ਦੇ ਵਿਸ਼ੇਸ਼ ਜਾਣਕਾਰ ਵੀ ਸਨ। ਆਪ ਦਾ ਆਰੰਭਿਕ ਜੀਵਨ ਪ੍ਰੋ.ਪੂਰਨ ਸਿੰਘ ਵਰਗੀ ਮਹਾਨ ਪ੍ਰਤਿਭਾ ਵਾਲੀ ਸ਼ਖ਼ਸੀਅਤ ਦੇ ਨੇੜਲੇ ਸਹਿਚਾਰ ਵਿਚ ਗੁਜ਼ਰਿਆ। ਆਪਣੇ ਵੱਡੇ ਭਾਈ ਡਾ.ਭਾਈ ਵੀਰ ਸਿੰਘ ਜੀ ਤੋਂ ਵੀ ਆਪ ਨੇ ਬਹੁਤ ਕੁਝ ਗ੍ਰਹਿਣ ਕੀਤਾ, ਪਰ ਵਿਸ਼ੇਸ਼ਤਾ ਵਾਲੀ ਗੱਲ ਇਹ ਹੈ ਕਿ ਆਪ ਦੀ ਰਚਨਾ ਇਹਨਾਂ ਦੋਹਾਂ ਪ੍ਰਮੁੱਖ ਸਾਹਿਤਕਾਰਾਂ ਤੋਂ ਵੱਖਰਾ ਤੇ ਵਿਸ਼ੇਸ਼ ਰੰਗ ਧਾਰਨ ਕਰ ਗਈ ਹੈ। 'ਚਰਣ ਹਰੀ ਵਿਸਥਾਰ' ਤੋਂ ਪਿੱਛੋਂ ਉਹਨਾਂ ਨੇ 'ਕਲਮ ਦੀ ਕਰਾਮਾਤ', 'ਲੰਮੀ ਨਦਰ' ਤੇ 'ਸ਼ੁੱਧ ਸਰੂਪ' ਨਿਬੰਧ ਪੁਸਤਕਾਂ ਦਿੱਤੀਆਂ ਹਨ। ਆਪ ਮੌਲਿਕ ਚਿੰਤਨ ਤੇ ਸੁਵਿਕਸਿਤ ਸ਼ੈਲੀ ਦੇ ਸੁਆਮੀ ਸਨ। ਆਪ ਦੀ ਰਚਨਾ ਵਿਚ ਪੱਛਮੀ ਤੇ ਪੂਰਬੀ ਦਰਸ਼ਨ, ਇਤਿਹਾਸ, ਮਿਥਿਹਾਸ ਤੇ ਸਾਹਿਤ ਦੇ ਪ੍ਰਮਾਣ ਥਾਂ ਪੁਰ ਥਾਂ ਮਿਲਦੇ ਹਨ, ਜਿੱਥੋਂ ਆਪ ਦੇ ਵਿਸ਼ਾਲ ਅਧਿਐਨ ਸੋਮਿਆਂ ਤੇ ਸੁਤੰਤਰ ਵਿਚਾਰਧਾਰਾ ਦਾ ਗਿਆਨ ਹੁੰਦਾ ਹੈ। ਪ੍ਰਿੰ.ਤੇਜਾ ਸਿੰਘ ਭਾਵੇਂ ਬੜੀ ਰਸਿਕ ਸ਼ੈਲੀ ਵਿਚ ਲਿਖਣ ਵਾਲੇ ਲੇਖਕ ਸਨ, ਪਰ ਉਹਨਾਂ ਵਿਚ ਡਾ.ਬਲਬੀਰ ਸਿੰਘ ਵਰਗੀ ਗੰਭੀਰਤਾ ਉਤਪੰਨ ਨਹੀਂ ਹੋ ਸਕੀ। ਜਿੱਥੇ ਤੇਜਾ ਸਿੰਘ ਸੂਖਮ ਸਾਹਿਤਕ ਲੇਖਕ ਸੀ, ਉਥੇ ਡਾ.ਬਲਬੀਰ ਸਿੰਘ ਗੰਭੀਰ ਦਾਰਸ਼ਨਿਕ ਚਿੰਤਕ ਤੇ ਮੌਲਿਕ ਅਨੁਭਵ ਵਾਲਾ ਲੇਖਕ ਸੀ। 'ਮੈਨਾ' ਟ੍ਰੈਕਟ ਵਿਚ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਸਬੰਧੀ ਪ੍ਰਤੀਕਾਤਮਕ ਢੰਗ ਨਾਲ ਸੁੰਦਰ ਪ੍ਰਕਾਸ਼ ਪਾਇਆ ਹੈ। 'ਨਿਰੁਕਤ' ਵਿਚ ਸ਼ਬਦਾਂ ਦੀ ਵਿਆਖਿਆ ਕਰਨ ਸਮੇਂ ਵੀ ਉਹਨਾਂ ਦੀ ਵਿਦਵਤਾ, ਅਨੁਭਵੀ ਅੰਤਰ-ਦ੍ਰਿਸ਼ਟੀ ਤੇ ਸ਼ੈਲੀ ਦੀ ਰਸਿਕਤਾ ਪ੍ਰਤੱਖ ਦਿਖਾਈ ਦਿੰਦੀ ਹੈ।

ਗੁਰਬਚਨ ਸਿੰਘ ਤਾਲਿਬ (16.4.1911 ਤੋਂ 9.4.1986) ਪ੍ਰਸਿੱਧ ਪੰਜਾਬੀ ਵਿਦਵਾਨ, ਆਲੋਚਕ ਤੇ ਲੇਖਕ ਸੀ। ਸਾਹਿਤ ਦਾ ਪ੍ਰਬੀਨ ਸ਼ਾਸਤਰੀ ਗਿਆਨ, ਉਤਕ੍ਰਿਸ਼ਟਤਾ ਦਾ ਲਖਾਇਕ, ਸੂਖਮ ਅਨੁਭਵ, ਚਿੰਤਨ ਤੇ ਕਲਾ ਸੰਪੰਨ ਦ੍ਰਿਸ਼ਟੀਕੋਣ ਉਸ ਨੂੰ ਵਿਸ਼ੇਸ਼ ਬੁੱਧੀਮਾਨ ਦੇ ਰੂਪ ਵਿਚ ਉਜਾਗਰ ਕਰਦੇ ਹਨ। ਉਸ ਨੇ ਸਿਰਜਣਾਤਮਕ ਤੇ ਆਲੋਚਨਾਤਮਕ ਦੋਹਾਂ ਸ਼ੈਲੀਆਂ ਵਿਚ ਹੀ ਲਿਖਿਆ ਹੈ। 'ਅਣਪਛਾਤੇ ਰਾਹ' ਉਸ ਦੀ ਵਿਸ਼ੇਸ਼ ਗਦ-ਰਚਨਾ ਹੈ,

ਜਿਸ ਵਿਚ ਸਿਰਜਣਾਤਮਕ ਤੇ ਆਲੋਚਨਾਤਮਕ ਦੋਹਾਂ ਸ਼੍ਰੇਣੀਆਂ ਦੇ ਨਿਬੰਧ ਮੌਜੂਦ ਹਨ। ਬਾਬਾ ਫ਼ਰੀਦ, ਭਾਈ ਵੀਰ ਸਿੰਘ ਤੇ ਗੁਰੂ ਨਾਨਕ ਸਬੰਧੀ ਆਪ ਦੀਆਂ ਪੁਸਤਕਾਂ, ਖੋਜ ਤੇ ਉਚੇਰੀ ਸਾਹਿਤਕ ਕਲਾ ਦੀਆਂ ਮੀਲ ਪੱਥਰ ਆਖੀਆਂ ਜਾ ਸਕਦੀਆਂ ਹਨ।

ਸਾਹਿਬ ਸਿੰਘ (16.2.1892 ਤੋਂ 29.10.1977) ਭਾਵੇਂ ਧਾਰਮਿਕ ਲੇਖਕਾਂ ਤੇ ਸਿੱਖ ਚਿੰਤਕਾਂ ਵਿਚੋਂ ਵਿਸ਼ੇਸ਼ ਸੀ, ਪਰ ਉਹ ਇਕ ਨਿਪੁੰਨ ਨਿਬੰਧਕਾਰ ਤੇ ਸ੍ਰੇਸ਼ਟ ਸ਼ੈਲੀਕਾਰ ਵੀ ਸੀ। ਉਸ ਨੇ ਧਾਰਮਿਕ ਲੇਖ 'ਕੁਝ ਹੋਰ ਧਾਰਮਿਕ ਲੇਖ', 'ਗੁਰਮਤਿ ਪ੍ਰਕਾਸ਼', 'ਧਰਮ ਤੇ ਸਦਾਚਾਰ', 'ਸਰਬੱਤ ਦਾ ਭਲਾ', 'ਬੁਰਾਈ ਦਾ ਟਾਕਰਾ' ਆਦਿ ਨਿਬੰਧ ਰਚਨਾਵਾਂ ਕੀਤੀਆਂ ਹਨ। ਆਪ ਦੇ ਲੇਖ ਭਾਵੇਂ ਸਿੱਖ ਇਤਿਹਾਸ, ਗੁਰਬਾਣੀ ਤੇ ਸਿੱਖ ਆਚਰਣ ਸਬੰਧੀ ਮੌਲਿਕ ਪ੍ਰਕਾਸ਼ ਪਾਉਂਦੇ ਹਨ, ਫਿਰ ਵੀ ਇਹਨਾਂ ਦੇ ਕਲਾਤਮਕ ਤੱਤਾਂ ਨੂੰ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦਾ ਦਸ ਜਿਲਦਾਂ ਵਿਚ ਟੀਕਾ ਆਪ ਦੀ ਬਹੁਤ ਵਡਮੁੱਲੀ ਦੇਣ ਹੈ।

ਨਰਿੰਦਰਪਾਲ ਸਿੰਘ (17.10.1924 ਤੋਂ 8.5.2003) ਇਕ ਸਫਲ ਨਿਬੰਧਕਾਰ ਹੈ। ਭਾਵੇਂ ਉਸ ਦੀ ਨਿਬੰਧ ਰਚਨਾ ਉਸ ਦੀ ਸਮੁੱਚੀ ਸਾਹਿਤਕ ਸਿਰਜਣਾ ਵਿਚ ਦੂਜਾ, ਤੀਜਾ ਅਸਥਾਨ ਹੀ ਰਖਦੀ ਹੈ। 'ਨਿਕ ਸੁਕ' ਉਸ ਦਾ ਨਿਬੰਧ ਸੰਗ੍ਰਹਿ ਹੈ। ਇਹਨਾਂ ਨਿਬੰਧਾਂ ਦਾ ਵਿਸ਼ਾ ਬਹੁ-ਭਾਂਤੀ ਤੇ ਹਲਕੇ ਫੁਲਕੇ ਮਜ਼ਮੂਨਾਂ ਨਾਲ ਸਬੰਧਤ ਹੈ। ਨਰਿੰਦਰਪਾਲ ਸਿੰਘ ਉਦੇਸ਼, ਬੌਧਿਕ ਜਾਣਕਾਰੀ ਦੇਣਾ ਤੇ ਆਪਣੇ ਪਾਠਕਾਂ ਦਾ ਮਨੋਰੰਜਨ ਕਰਨਾ ਹੁੰਦਾ ਸੀ। ਉਸ ਕੋਲ ਸੁਲਝੀ ਹੋਈ ਸ਼ੈਲੀ ਮੌਜੂਦ ਸੀ। ਇਹ ਨਿਬੰਧ ਗੁੰਝਲਦਾਰ ਜਾਂ ਕਠਿਨ ਨਹੀਂ ਹਨ, ਸਗੋਂ ਆਮ ਪੱਧਰ ਦੇ ਪਾਠਕਾਂ ਦੀ ਰੌਚਿਕਤਾ ਦਾ ਕਾਰਨ ਬਣਦੇ ਹਨ। ਉਹ ਗੁਰਬਾਣੀ ਦੇ ਹਵਾਲੇ ਵੀ ਦਿੰਦਾ ਹੈ ਅਤੇ ਆਧੁਨਿਕ ਗਿਆਨ, ਵਿਗਿਆਨ ਦੇ ਹਵਾਲੇ ਵੀ। ਘੱਟੋ-ਘੱਟ ਇਹ ਹਲਕੇ ਵਿਸ਼ਿਆਂ ਉਤੇ ਪੜ੍ਹਨ ਯੋਗ ਤੇ ਵਿਚਾਰ-ਉਕਸਾਊ ਸਮੱਗਰੀ ਆਪਣੇ ਵਿਚ ਸਮਾਈ ਬੈਠੇ ਹਨ।

ਈਸ਼ਵਰ ਚਿੱਤਰਕਾਰ (11.12.1913 ਤੋਂ 2.12.1968) ਪੰਜਾਬੀ ਦਾ ਸੁਲਝਿਆ ਹੋਇਆ ਕਵੀ ਤੇ ਸ੍ਰੇਸ਼ਟ ਗੱਦਕਾਰ ਸੀ। 'ਕਲਮ ਦੀ ਆਵਾਜ਼' ਤੇ 'ਗੱਲਬਾਤ' ਉਸ ਦੀਆਂ ਵਿਸ਼ੇਸ਼ ਗੱਦ-ਰਚਨਾਵਾਂ ਹਨ। ਜਿੱਥੇ ਕਵਿਤਾ ਵਿਚ ਚਿੱਤਰਕਾਰ ਗੰਭੀਰ ਤੇ ਆਧੁਨਿਕ ਕਲਾਤਮਕ ਤੱਤਾਂ ਨੂੰ ਅਪਣਾਉਂਦਾ ਤੇ ਯੁਗ-ਚੇਤਨਾ ਨਾਲ ਬਰ ਮੇਚਦਾ ਦਿਖਾਈ ਦਿੰਦਾ ਹੈ, ਉਥੇ ਉਹ ਆਪਣੀ ਗੱਦ ਰਚਨਾ ਵਿਚ ਹੌਲਾ-ਫੁੱਲ ਤੇ ਮਨੋਰੰਜਕ ਵਿਸ਼ਿਆਂ ਦੁਆਰਾ ਵਿਅੰਗਮਈ ਤੇ ਹਸਾਉਣਾ ਵਾਤਾਵਰਨ ਪੈਦਾ ਕਰਦਾ ਹੈ। ਉਸ ਵਿਚ ਬੌਧਿਕ ਕਟਾਖ਼ਸ਼ ਚੋਖਾ ਹੁੰਦਾਹੈ ਤੇ ਛੋਟੀਆਂ-ਛੋਟੀਆਂ ਟਕੋਰਾਂ ਦੀ ਭਰਮਾਰ ਹੁੰਦੀ ਹੈ। ਬਹੁਤ ਵਾਰੀ ਉਸ ਦੇ ਲੇਖ ਪਾਤਰ ਚਿਤਰ ਤੇ ਵਿਸ਼ੇਸ਼ ਕਰਕੇ ਵਿਅੰਗ ਹੋਣ ਦਾ ਪ੍ਰਭਾਵ ਦੇ ਜਾਂਦੇ ਹਨ।

ਸ.ਸ.ਅਮੋਲ (6.1.1908 ਤੋਂ 7.9.1992) ਪੰਜਾਬੀ ਗਦ ਦੇ ਬਹੁਪੱਖੀ ਉਸਰਈਆਂ ਵਿਚੋਂ ਸਨ। ਆਪ ਪ੍ਰਿੰ.ਤੇਜਾ ਸਿੰਘ ਵਰਗੀ ਸਰਲ, ਸ਼ੁੱਧ ਤੇ ਟਕਸਾਲੀ ਵਾਰਤਕ ਲਿਖ ਸਕਦੇ ਸਨ, ਪਰ ਜੇ ਆਪ ਵਿਚ ਤੇਜਾ ਸਿੰਘ ਵਰਗੀ ਡੂੰਘਾਈ ਨਹੀਂ ਤਾਂ ਉਸ ਦੇ ਟਾਕਰੇ 'ਤੇ ਬਹੁਤ ਵੱਡੀ ਵੰਨ-ਸੁਵੰਨਤਾ ਜ਼ਰੂਰ ਹੈ। ਆਪ ਦੀ ਰਚਨਾ ਸੁਲਝੇ ਤੇ ਸਾਧੇ ਹੋਏ ਵਾਕਾਂ ਦੀ ਮਿੱਠੀ-ਮਿੱਠੀ ਰਵਾਨੀ ਤੇ ਰਸਿਕ ਅਨੁਭਵੀ ਪ੍ਰਕਾਸ਼ ਪਾਉਂਦੀ ਹੈ। ਆਪਣੇ ਨਿਬੰਧਾਂ ਵਿਚ ਉਹ ਭਰਪੂਰ ਵਾਕਫ਼ੀਅਤ ਦੇ ਜਾਂਦੇ ਹਨ ਅਤੇ ਪਾਠਕਾਂ ਦਾ ਮਨੋਰੰਜਨ ਵੀ ਕਰਦੇ ਹਨ। ਆਪ ਆਪਣੀ ਰਚਨਾ ਨੂੰ ਲੋਕਾਂ ਦੇ ਨੇੜੇ ਰੱਖਣ ਦੇ ਇਛੁੱਕ ਹਨ, ਇਸੇ ਲਈ ਆਪ ਦੀ ਰਚਨਾ ਵਿਚ ਬੌਧਿਕ ਅਤੇ ਪੰਡਤਾਊ ਅੰਸ਼ਾਂ ਦੀ ਥਾਂ ਸਰਲ ਭਾਵੀ

ਸਰਬ-ਵਿਆਪਕਤਾ ਆ ਗਈ ਹੈ, ਪਰ ਇਹ ਸਰਲਤਾ ਨਾ ਤਾਂ ਸਾਹਿਬ ਸਿੰਘ ਜਿੰਨੀ ਅਕੇਵੇਂਦਾਰ ਹੋ ਨਿੱਬੜਦੀ ਹੈ ਤੇ ਨਾ ਤਾਰਨ ਸਿੰਘ ਜਿੰਨੀ ਸਿੱਧ-ਪੱਧਰੀ। ਇਹ ਦੋਵੇਂ ਲੇਖਕ ਕਈ ਵਾਰ ਆਪਣੇ ਵਿਸ਼ੇ ਨਾਲ ਜੁੜੀ ਸ਼ਰਧਾ ਭਾਵ ਕਾਰਨ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦੇ ਹਨ।

ਪਿਆਰਾ ਸਿੰਘ ਪਦਮ (28.5.1921 ਤੋਂ 1.5.2001) ਦੇ ਨਿਬੰਧ ਵਿਸ਼ੇਸ਼ ਆਸ਼ੇ ਨੂੰ ਰੱਖਣ ਉਪਰੰਤ ਵੀ ਆਪਣੇ ਸਾਹਿਤਕ ਗੁਣਾਂ ਕਰਕੇ ਵਿਲੱਖਣ ਤੇ ਨਿਵੇਕਲੇ ਗੌਰਵ ਦੇ ਧਾਰਨੀ ਹਨ। ਇਹਨਾਂ ਵਿਚ ਜਾਣਕਾਰੀ ਦੇਣ ਦਾ ਆਸ਼ਾ ਵਧੇਰੇ ਪ੍ਰਧਾਨ ਹੁੰਦਾ ਹੈ, ਪਰ ਇਹ ਕਲਾ ਤੱਤਾਂ ਵਿਚ ਊਣੇ ਨਹੀਂ ਹੁੰਦੇ, ਸਗੋਂ ਇਕ ਰਸਿਕ ਕਿਰਤ ਵਾਲਾ ਪੂਰਾ ਸੁਹਜ-ਸਵਾਦ ਦੇ ਜਾਂਦੇ ਹਨ। ਉਸ ਦਾ ਝੁਕਾ ਵੀ ਸਾਦਾਪਣ ਤੇ ਸੁੰਦਰਤਾ ਭਰਨ ਵੱਲ ਹੈ। ਉਹ ਆਪਣੇ ਵਿਸ਼ਿਆਂ ਵਿਚ ਭਰਪੂਰ ਵਾਕਫ਼ੀਅਤ ਤੇ ਪ੍ਰਮਾਣਿਕ ਲਿਖਤਾਂ ਦੇ ਹਵਾਲੇ ਵੀ ਦਿੰਦਾ ਹੈ। ਉਸ ਦੀ ਲੇਖਣੀ ਰਸ ਭਰਪੂਰ ਤੇ ਪੜ੍ਹਨ ਯੋਗ ਹੁੰਦੀ ਹੈ। ਉਹ ਜਨ-ਸਾਧਾਰਨ ਦਾ ਸੂਝਵਾਨ ਲੇਖਕ ਹੈ ਅਤੇ ਪ੍ਰੀਸ਼ਰਮ ਨਾਲ ਸਿਧ-ਹਥ ਲਿਖਾਰੀ ਬਣ ਗਿਆ ਹੈ। ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਵਿਤਾ, ਸੋਲਾਂ-ਕਲਾ, ਕਲਮ ਦੇ ਧਨੀ, ਪੰਜ ਦਰਿਆ—ਉਸ ਦੀਆਂ ਪ੍ਰਸਿੱਧ ਗੱਦ ਰਚਨਾਵਾਂ ਹਨ।

ਗਿਆਨੀ ਲਾਲ ਸਿੰਘ (18.1.1916 ਤੋਂ 17.5.1996) ਆਪਣੀ ਵਿਸ਼ੇਸ਼ ਸੁਭਾਸ਼ਣੀ ਯੋਗਤਾ, ਵਿਚਾਰਾਂ ਦੀ ਉਦਾਰਤਾ ਤੇ ਮਾਨਵਵਾਦੀ ਆਸ਼ਿਆਂ ਕਾਰਨ ਪੰਜਾਬੀ ਜਨਤਾ ਵਿਚ ਆਮ ਤੌਰ 'ਤੇ ਅਤੇ ਸਿੱਖ ਧਾਰਮਿਕ ਮੰਡਲਾਂ ਵਿਚ ਖ਼ਾਸ ਤੌਰ 'ਤੇ ਹਰਮਨ ਪਿਆਰੇ ਸਨ। ਆਪ ਨੇ ਵੀ 'ਵਿਚਾਰ ਪ੍ਰਵਾਹ' ਨਾਂ ਦੇ ਲੇਖ ਸੰਗ੍ਰਹਿ ਵਿਚ ਉਤਮ ਸ਼੍ਰੇਣੀ ਦੇ ਮੌਲਿਕ ਨਿਬੰਧ ਲਿਖੇ ਹਨ। 'ਮਿੱਤਰ ਪਿਆਰੇ, ਖ਼ੁਸ਼ੀ, ਆਤਮ-ਵਿਸ਼ਵਾਸ, ਵਿਆਹ, ਪੰਜਾਬ' ਆਦਿ ਸਾਧਾਰਨ ਪਰ ਗੰਭੀਰ ਵਿਸ਼ਿਆਂ ਉਤੇ ਆਪ ਨੇ ਸੁਲਝੇ ਹੋਏ ਕਲਾਤਮਕ ਢੰਗ ਨਾਲ ਪ੍ਰਕਾਸ਼ ਪਾਇਆ ਹੈ। ਉਹ ਪੰਜਾਬੀ ਭਾਸ਼ਾ ਨੂੰ ਸੁੰਦਰ, ਸਰਲ ਅਤੇ ਟਕਸਾਲੀ ਅਰਥਾਤ ਲੋਕ-ਮੰਡਲਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਅਤੇ ਉਹਨਾਂ ਦੇ ਆਸ਼ਿਆਂ ਤੇ ਹਾਵਾਂ-ਭਾਵਾਂ ਦੀ ਪੂਰੀ ਪ੍ਰਤੀਨਿਧਤਾ ਕਰਦੀ ਹੋਈ ਵੇਖਣਾ ਲੋਚਦੇ ਸਨ। ਜਿਵੇਂ ਆਪ ਦਾ ਵਿਅਕਤੀਤਵ ਪੰਜਾਬੀਅਤ ਦਾ ਮੁਜੱਸਮਾ ਸੀ, ਤਿਵੇਂ ਹੀ ਆਪ ਦੀ ਲਿਖਤ ਪੰਜਾਬੀ ਦੇ ਖ਼ਮੀਰ ਤੇ ਮਹਿਕਦੇ ਸੁਰਾਂਗਲੇ, ਜਿਉਂਦੇ ਸਾਹਾਂ ਤੇ ਲਹੂ ਮਾਸ ਦੀ ਨਿੱਘ ਨਾਲ ਓਤਪ੍ਰੋਤ ਹੈ। ਆਪ ਦੀ ਰਚਨਾ ਆਤਮਕ ਤੌਰ 'ਤੇ ਚੜ੍ਹਦੀ ਕਲਾ ਦਾ ਪ੍ਰਭਾਵ ਪਾਉਣ ਵਾਲੀ ਹੈ। ਇਹ ਕਾਵਿਮਈ ਤੇ ਅਲੰਕਾਰਕ ਛੁਹਾਂ ਨਾਲ ਭਰਪੂਰ ਹੁੰਦੀ ਹੋਈ ਵੀ, ਸਰਲ ਭਾਵੀ ਗਦ ਰਚਨਾ ਦਾ ਆਦਰਸ਼ਕ ਨਮੂਨਾ ਕਹੀ ਜਾ ਸਕਦੀ ਹੈ। ਆਪਣੇ ਸਾਹਿਤਕ ਲੇਖਾਂ ਵਿਚ ਵੀ ਗਿਆਨੀ ਲਾਲ ਸਿੰਘ ਸਿਰਜਣਾਤਮਕ ਤੱਤਾਂ ਨੂੰ ਪੂਰੀ ਤਰ੍ਹਾਂ ਨਿਭਾਉਂਦੇ ਹਨ। ਘੱਟੋ-ਘੱਟ ਇਹ ਘੋਟਵੀਂ ਬੌਧਿਕਤਾ ਦਾ ਪ੍ਰਭਾਵ ਨਹੀਂ ਦਿੰਦੇ, ਸਗੋਂ ਸੂਝ ਤੇ ਰਸਿਕਤਾ ਵਾਲੇ ਸੁਹਜ-ਆਨੰਦ ਦਾ ਪਰੀਚੈ ਦਿੰਦੇ ਹਨ।

ਡਾ.ਜੀਤ ਸਿੰਘ ਸੀਤਲ (1.9.1911 ਤੋਂ 8.4.1987) ਪੰਜਾਬੀ ਦੇ ਇਕ ਚੇਤੰਨ ਸ਼ੈਲੀਕਾਰ ਤੇ ਸ੍ਰੇਸ਼ਟ ਗਦ-ਲੇਖਕ ਸਨ। ਭਾਵੇਂ ਆਪ ਗਦ ਲੇਖਕ ਵਾਲਾ ਬੌਧਿਕ ਤੇ ਕਟਾਖ਼ਸ਼ਮਈ ਅੰਦਾਜ਼ ਰਖਦੇ ਸਨ, ਪਰ ਆਪ ਦੇ ਨਿਬੰਧਾਂ ਵਿਚ ਸ਼ੈਲੀ ਆਪ-ਮੁਹਾਰੇ ਵੀ ਕਾਵਿਮਈ ਤੇ ਅਲੰਕਾਰਕ ਹੋ ਜਾਂਦੀ ਸੀ। ਅਨੁਭਵੀ ਪਕੜ ਤੇ ਨਿੰਮ੍ਹੇ ਵਿਅੰਗ ਤੋਂ ਛੁਟ ਆਪ ਆਪਣੇ ਬਾਰੇ ਪੂਰਨ ਜਾਣਕਾਰੀ ਦੇ ਜਾਂਦੇ ਸਨ। ਆਪ ਭਾਵੇਂ ਨਿਬੰਧ ਲਿਖਣ ਤੇ ਭਾਵੇਂ ਆਲੋਚਨਾਤਮਕ ਲੇਖ, ਸ਼ੈਲੀ ਦੀ ਚਮਕ ਦਮਕ ਤੇ ਸ਼ਬਦਾਂ ਦੀ ਸਜਵੀਂ ਫਬਵੀਂ ਚੋਣ ਉਹਨਾਂ ਦੀ ਰਚਨਾ ਵਿਚ ਇਕਦਮ ਆ ਉਜਾਗਰ

ਹੁੰਦੀ ਹੈ। ਆਪ ਕੋਲ ਕੋਮਲ ਭਾਵੁਕਤਾ ਤੇ ਸੂਖਮ ਬੌਧਿਕ ਰੰਗ ਸੀ ਅਤੇ ਇਕ ਕਸਬੀ ਲੇਖਕ ਵਾਂਗ ਹਰ ਵਿਸ਼ੇ 'ਤੇ ਸੁੰਦਰ ਗਦ ਰਚਨਾ ਕਰ ਸਕਦੇ ਸਨ। 'ਮਿਤਰ ਅਸਾਡੇ ਸੇਈ' ਆਪ ਦੀ ਵਿਸ਼ੇਸ਼ ਗਦ-ਪੁਸਤਕ ਹੈ।

ਬਾਵਾ ਬਲਵੰਤ (ਅਗਸਤ 1915 ਤੋਂ 24.6.1972) ਕਵੀ ਤੋਂ ਛੁਟ ਗਦ-ਲੇਖਕ ਵੀ ਸੀ। ਉਸ ਦਾ ਇਕ ਨਿਬੰਧ ਸੰਗ੍ਰਹਿ 'ਕਿਸ ਕਿਸ ਤਰ੍ਹਾਂ ਦੇ ਨਾਚ' ਛਪਿਆ ਹੈ। ਇਸ ਵਿਚ ਪਹਿਲੀ ਵਾਰ ਪਾਠਕਾਂ ਨੂੰ ਪ੍ਰਗਤੀਵਾਦੀ ਚਿੰਤਨ ਅਤੇ ਕਿਰਤੀ ਮਾਨਵਵਾਦੀ ਲਕਸ਼ਾਂ ਤੋਂ ਜਾਣੂ ਕਰਵਾਇਆ ਗਿਆ ਹੈ। ਬਾਵਾ ਬਲਵੰਤ ਦੀ ਗਦ-ਸ਼ੈਲੀ ਬੜੀ ਸਰਲ, ਹੌਲੀ ਫੁਲ, ਚੁਸਤ, ਕਾਟਵੀਂ ਤੇ ਹਾਸ ਵਿਅੰਗ ਨਾਲ ਭਰਪੂਰ ਹੈ। ਉਹ ਕਿਰਤੀ ਵਰਗ ਦੀ ਸਾਧਾਰਨ ਬੁਧਤਾ, ਵਪਾਰੀ ਸ੍ਰੇਣੀ ਦੇ ਢੋਲ ਦਾ ਪੋਲ, ਲੋਟੂ ਤੇ ਜਾਬਰ ਸ੍ਰੇਣੀ ਦੇ ਜ਼ੁਲਮ ਨੂੰ ਨੰਗਾ ਕਰਦਾ ਹੋਇਆ, ਸਮਾਜਿਕ ਲਹਿਰਾਂ, ਅੰਦੋਲਨਾਂ ਦੀ ਇਤਿਹਾਸਕ ਸਾਰਥਕਤਾ ਤੇ ਸਮਾਜਵਾਦੀ ਚੇਤੰਨਤਾ ਨੂੰ ਸੁਹਿਰਦਤਾ ਨਾਲ ਚਿਤਰਦਾ ਹੈ। ਵਾਧਾ ਇਹ ਹੈ ਕਿ ਬਾਵਾ ਬਲਵੰਤ ਕਵੀ ਹੋਣ ਉਤੇ ਵੀ ਗਦ ਕੋਲੋਂ ਕਵਿਤਾ ਦਾ ਕੰਮ ਨਹੀਂ ਲੈਂਦਾ। ਇਸ ਲਈ ਉਸ ਦੀ ਗਦ ਰਚਨਾ ਸਰਲ, ਸਪਸ਼ਟ ਤੇ ਬੋਲ-ਚਾਲ ਦੀ ਬੋਲੀ ਨੂੰ ਆਧਾਰ ਬਣਾਉਂਦੀ ਹੈ।

ਬਾਵਾ ਬਲਵੰਤ ਨੇ ਨਾ ਕੇਵਲ ਸਿਰਜਣਾਤਮਕ ਗਦ-ਨਿਬੰਧਾਂ ਦੀ ਹੀ ਰਚਨਾ ਕੀਤੀ ਹੈ, ਸਗੋਂ ਉਸ ਦੇ ਆਲੋਚਨਾਤਮਕ ਲੇਖ ਵੀ ਉਸ ਦੇ ਸੁਘੜ ਸ਼ੈਲੀਕਾਰ ਹੋਣ ਦਾ ਪਰੀਚੈ ਦਿੰਦੇ ਹਨ।

ਸੁਜਾਨ ਸਿੰਘ (29.7.1909 ਤੋਂ 22.4.1993) ਕਹਾਣੀਕਾਰ ਨੇ ਪੰਜਾਬੀ ਨਿਬੰਧ ਲੇਖਕਾਂ ਵਿਚ ਆਪਣਾ ਆਦਰਯੋਗ ਸਥਾਨ ਬਣਾ ਲਿਆ ਹੈ। 'ਖੁੰਬਾਂ ਦਾ ਸ਼ਿਕਾਰ' ਤੇ 'ਜੰਮੂ ਜੀ ਤੁਸੀਂ ਬੜੇ ਰਾ' ਪੁਸਤਕਾਂ ਵਿਚ ਬਹੁਤ ਉਤਮ ਲੇਖ ਹਨ ਤੇ ਦੋ ਰੇਖਾ ਚਿਤਰ। ਉਹ ਸੋਟੀ, ਧਾਨ ਦਾ ਕੋਠਾ ਆਦਿ ਨਿੱਕੇ ਤੇ ਤੁਛ ਵਿਸ਼ਿਆਂ ਨੂੰ ਲੈ ਕੇ ਉਹਨਾਂ ਉਪਰ ਗੰਭੀਰ ਤੇ ਆਧੁਨਿਕ ਚੇਤੰਨਤਾ ਨਾਲ ਭਰਪੂਰ ਲੇਖ ਲਿਖ ਦਿੰਦਾ ਹੈ। ਲੇਖਾਂ ਵਿਚ ਵੀ ਉਹ ਸਾਹਿਤਕਾਰ ਦੇ ਸਮਾਜਿਕ ਕਰਤਵ ਨੂੰ ਨਹੀਂ ਭੁਲਾਉਂਦਾ। ਉਸ ਦੀ ਭਾਸ਼ਾ ਸ਼ੁੱਧ ਤੇ ਜਨਤਾ ਦੀ ਬੋਲੀ ਵਿਚੋਂ ਉਭਰੀ, ਸਾਹਿਤਕ ਗੁਣਾਂ ਨਾਲ ਭਰਪੂਰ ਹੁੰਦੀ ਹੈ। ਇਹਨਾਂ ਸੰਗ੍ਰਹਿਆਂ ਵਿਚ ਉਸ ਨੇ ਆਪਣੇ ਮਿੱਤਰ ਉਸਤਾਦ ਪਾਲ ਸਿੰਘ ਦਾ ਸੁਹਣਾ ਰੇਖਾ-ਚਿੱਤਰ ਉਲੀਕਿਆ ਹੈ। 'ਕਲਗੀ ਦੀਆਂ ਅਣੀਆਂ' ਅਤੇ 'ਧਰਤੀ ਦੇ ਲਾਲ' ਦੇ ਜੀਵਨੀ ਲੇਖਾਂ ਅਤੇ ਜਨਮ ਸਾਖੀਆਂ ਵਿਚ ਨਵੇਂ ਕੋਣਾਂ ਦਾ ਵਾਧਾ ਕੀਤਾ ਹੈ। ਉਪਰੰਤ ਇਹਨਾਂ ਗਦ-ਰਚਨਾਵਾਂ ਵਿਚ ਸੁਜਾਨ ਸਿੰਘ ਦੀ ਗਦ ਸ਼ੈਲੀ ਦੇ ਸਾਰੇ ਕਲਾਮਈ ਤੱਤ ਵਿਦਮਾਨ ਹਨ।

ਮੁਬਾਰਕ ਸਿੰਘ (1.1.1918 ਤੋਂ 12.11.1997) ਤੀਖਣ ਬੁੱਧੀਮਾਨ, ਰਸਿਕ ਸਾਹਿਤ ਪ੍ਰੇਮੀ, ਉਦਾਰਚਿਤ ਮਾਨਵਵਾਦੀ ਤੇ ਸਰਗਰਮ ਸਮਾਜ ਸੇਵਕ ਸੀ। ਉਸ ਨੇ ਅੰਗਰੇਜ਼ੀ ਤੇ ਪੱਛਮੀ ਸਾਹਿਤ ਦਾ ਵਿਸ਼ੇਸ਼ ਅਧਿਐਨ ਕੀਤਾ ਸੀ। ਉਸ ਦਾ ਆਰੰਭਕ ਸਾਹਿਤਕ ਜੀਵਨ ਸਫਲ ਪੱਤਰਕਾਰ ਦਾ ਸੀ ਤੇ ਫਿਰ ਪਿੱਛੋਂ ਕੁਝ ਵਰ੍ਹੇ ਉਹ ਪੰਜਾਬੀ ਪ੍ਰਕਾਸ਼ਕ ਵੀ ਰਿਹਾ, ਜਿਸ ਨਾਲ ਪੰਜਾਬੀ ਸਾਹਿਤ ਵੱਲ ਉਸ ਦੀ ਰੁਚੀ ਹੋਰ ਵਧ ਗਈ। ਪੰਜਾਬੀ ਦੀਆਂ ਸਾਹਿਤਕ ਸੰਸਥਾਵਾਂ—ਪੰਜਾਬੀ ਸਾਹਿਤ ਸਮੀਖਿਆ ਬੋਰਡ, ਪੰਜਾਬੀ ਸਾਹਿਤ ਅਕੈਡਮੀ, ਗੁਰੂ ਨਾਨਕ ਮੰਡਲ ਆਦਿ ਨਾਲ ਉਹ ਡੂੰਘੀ ਤਰ੍ਹਾਂ ਸਬੰਧਤ ਰਿਹਾ। ਇਸੇ ਸੁਹਿਰਦ ਲਗਨ ਨੇ ਉਸ ਨੂੰ ਪੰਜਾਬੀ ਗਦ ਰਚਨਾ ਵੱਲ ਪ੍ਰੇਰਿਆ। ਕਿਉਂ ਜੋ ਉਸ ਦੀ ਸੂਝ-ਬੂਝ ਤਿੱਖੀ, ਅਨੁਭਵ ਸੂਖਮ ਤੇ ਬੌਧਿਕ ਨਿਰਣੇ ਕਰ ਸਕਣ ਦੀ ਯੋਗਤਾ, ਬੜੀ ਮੌਲਿਕ ਤੇ ਨਿੱਗਰ ਸੀ, ਇਸ ਲਈ ਉਹ ਸਰਲ, ਸਿਧ-ਪਧਰੀ ਤੇ ਦਿਲ ਵਿਚ ਇਕਦਮ ਧਸ ਜਾਣ ਵਾਲੀ ਪ੍ਰਭਾਵਸ਼ਾਲੀ ਵਾਰਤਕ ਲਿਖ ਸਕਦਾ ਹੈ। ਅਜਿਹਾ ਕਰਨ ਸਮੇਂ ਉਸ ਕੋਲ ਅਨੁਭਵ ਆਪਣਾ ਹੁੰਦਾ ਸੀ ਅਤੇ ਪੈਟਰਨ

ਜਾਂ ਵਰਣ-ਰੂਪ ਪੱਛਮੀ ਲੇਖਕਾਂ ਵਾਲਾ, ਚੁਸਤ, ਛਾਂਟਵਾ ਤੇ ਕਲਾਮਈ। ਮੁਬਾਰਕ ਸਿੰਘ ਦੇ ਰੇਖਾ ਚਿੱਤਰ ਤੇ ਸਵੈ-ਜੀਵਨੀ ਨਾਲ ਸਬੰਧਤ ਝਲਕਾਂ ਆਪਣੀ ਹੀ ਕਿਸਮ ਦਾ ਸੁਹਜ-ਸਵਾਦ ਲਈ ਬੈਠੀਆਂ ਹਨ। ਉਹ ਸਮਕਾਲੀ ਜੀਵਨ ਦੇ ਅੰਦਰਲੇ ਖੋਖਲੇਪਣ ਨੂੰ ਸਹਿਜ ਸੁਭਾ ਹੀ ਨੰਗਾ ਕਰ ਸਕਦਾ ਹੈ। ਭਾਵੇਂ ਉਪਰਲੀ ਦ੍ਰਿਸ਼ਟੀ ਤੋਂ ਵੇਖਿਆਂ, ਉਸ ਦੀ ਰਚਨਾ ਸਿਧ-ਪਧਰੀ, ਅਥਰੀ, ਅਨਘੜ ਤੇ ਕਿਸੇ ਵਿਸ਼ੇਸ਼ ਤਰਤੀਬ ਤੋਂ ਸੱਖਣੀ ਪ੍ਰਤੀਤ ਹੁੰਦੀ ਹੈ, ਪਰ ਗੱਲ ਇਸ ਦੇ ਬਿਲਕੁਲ ਉਲਟ ਹੁੰਦੀ ਹੈ। ਉਹ ਸਹਿਜ ਸੁਭਾ ਹੀ ਸਾਦਗੀ ਵਿਚ ਸੁੰਦਰਤਾ ਭਰ ਸਕਦਾ ਹੈ। 'ਨਵਾਂ ਜੀਵਨ' ਉਸ ਦੇ ਲੇਖਾਂ ਦਾ ਸੰਗ੍ਰਹਿ ਹੈ।

ਸੁਰਜੀਤ ਸਿੰਘ ਭਾਟੀਆ (28.6.1924 ਤੋਂ 21.9.2006) ਨੇ ਆਪਣੀਆਂ ਅੱਧੀ ਦਰਜਨ ਤੋਂ ਵਧੇਰੇ ਪੁਸਤਕਾਂ ਰਾਹੀਂ ਪੰਜਾਬੀ ਗਦ-ਸਾਹਿਤ ਵਿਚ ਮਹੱਤਵਪੂਰਨ ਵਾਧਾ ਕੀਤਾ ਹੈ। ਹਉਮੈ, ਸੂਰਜ ਏਕੋ ਰੁਤ ਅਨੇਕ, ਪੰਜ ਕੂਲ੍ਹਾਂ, ਸਿਫ਼ਤਾਂ ਦੇ ਘਰ, ਸੁਚੇਤ ਚੇਤਨਾ ਤੇ ਵਿਅੰਗੜੀਆਂ ਉਸ ਦੀਆਂ ਕੁਝ ਕੁ ਵਰਣਨ ਯੋਗ ਰਚਨਾਵਾਂ ਹਨ। ਸੁਰਜੀਤ ਸਿੰਘ ਪਾਸ ਇਕ ਸੁਲਝੀ ਹੋਈ ਵਿਲੱਖਣ ਸ਼ੈਲੀ ਹੈ ਤੇ ਪੰਜਾਬੀ ਜੀਵਨ, ਸਭਿਆਚਾਰ, ਰਸਮਾਂ-ਰੀਤਾਂ, ਵਰਤ-ਵਰਤਾਰਾ, ਚਜ ਆਚਾਰ, ਗਿਆਨ ਵਿਗਿਆਨ ਤੇ ਇਹੋ ਜਿਹੇ ਹੋਰ ਅਨੇਕ ਵਿਸ਼ਿਆਂ ਨਾਲ ਸਬੰਧਤ ਅਥਾਹ ਗਿਆਨ ਦਾ ਭੰਡਾਰ ਸੀ। ਉਸ ਦਾ ਗੱਲ ਕਹਿਣ ਦਾ ਆਪਣਾ ਅਨੋਖਾ ਅੰਦਾਜ਼ ਹੈ ਤੇ ਸ਼ੁੱਧ ਟਕਸਾਲੀ ਭਾਸ਼ਾ ਦੀ ਵਡਮੁੱਲੀ ਦਾਤ ਸੀ।

ਕਿਰਪਾਲ ਸਿੰਘ ਕਸੇਲ (19.3.1928) ਦਾ 'ਇੰਦਰ ਧਨੁਸ਼' ਉਸ ਦੇ ਮੌਲਿਕ ਦਾਰਸ਼ਨਿਕ ਤੇ ਸਿਰਜਣਾਤਮਕ ਨਿਬੰਧਾਂ ਦਾ ਸੰਗ੍ਰਹਿ ਹੈ। ਇਸ ਵਿਚ ਸੱਤ ਲੇਖ—ਕਲਾ ਤੇ ਕਲਾਕਾਰ ਦੀ ਮਹਿਮਾ, ਸੁੱਚੀ ਕਿਰਤ, ਆਦਰਸ਼ ਪੁਰਸ਼, ਧਰਮ ਤੇ ਸਦਾਚਾਰ, ਮਾਨਵਵਾਦ, ਮਾਨਵ ਸੰਸਕ੍ਰਿਤੀ ਦੇ ਸੋਮੇ ਤੇ ਚਰਨ ਕੰਵਲ ਵਰਗੇ ਸੂਖਮ ਵਿਸ਼ਿਆਂ ਉਪਰ ਸੰਕਲਿਤ ਹਨ, ਜੋ ਆਪਣੇ ਮੌਲਿਕ ਦ੍ਰਿਸ਼ਟੀਕੋਣ ਤੇ ਸੁੰਦਰ ਰਸਿਕ ਸ਼ੈਲੀ ਕਾਰਨ ਵਿਸ਼ੇਸ਼ ਮਹੱਤਵ ਗ੍ਰਹਿਣ ਕਰ ਗਏ ਹਨ। ਇਹਨਾਂ ਸੱਤ ਲੇਖਾਂ ਵਿਚ ਵਿਚਾਰ ਤੇ ਅਨੁਭਵ ਦਾ ਬਿੰਦੂ, ਇਕ ਸੂਤਰ ਵਿਚ ਪਰੋਇਆ ਗਿਆ ਹੈ, ਜਿਸ ਵਿਚ ਅਧਿਆਤਮਕ ਆਦਰਸ਼ਾਂ ਤੇ ਪ੍ਰਗਤੀਵਾਦੀ ਚਿੰਤਨ ਦੀ ਪੂਰਨ ਇਕਸੁਰਤਾ ਵਿਖਾਈ ਦਿੰਦੀ ਹੈ। ਇਹ ਲੇਖ ਕਿਸੇ ਬੌਧਿਕ ਪ੍ਰੀਸ਼ਰਮ ਜਾਂ ਕਲਾਤਮਿਕ ਅਭਿਆਸ ਦੀ ਦੇਣ ਨਹੀਂ, ਸਗੋਂ ਦੈਵੀ ਕਰਮ ਦੇ ਆਪ-ਮੁਹਾਰੇ ਸਹਿਜ ਪ੍ਰਗਟਾ ਵਜੋਂ ਹੋਂਦ ਵਿਚ ਆਏ ਹਨ।

- - - - -

## ਆਲੋਚਨਾ

ਪੰਜਾਬੀ ਵਿਚ ਆਲੋਚਨਾ ਦੀ ਪਰੰਪਰਾ ਬਹੁਤ ਪੁਰਾਣੀ ਮੰਨੀ ਜਾਂਦੀ ਹੈ। ਆਲੋਚਨਾ ਦਾ ਜਨਮ ਸਿੱਖ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਤੋਂ ਮੰਨਿਆ ਜਾਂਦਾ ਹੈ। ਬਾਬਾ ਫ਼ਰੀਦ ਦੇ ਲਿਖੇ ਹੋਏ ਕੁਝ ਸ਼ਲੋਕਾਂ ਉਤੇ ਸਿੱਖ ਗੁਰੂ ਸਾਹਿਬਾਨ ਦੀਆਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਪੰਜਾਬੀ ਦੀ ਪਹਿਲੀ ਆਲੋਚਨਾ ਮੰਨਿਆ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਪੰਜਾਬੀ ਦਾ ਪਹਿਲਾ ਆਲੋਚਕ ਗੁਰੂ ਨਾਨਕ ਨੂੰ ਆਖਿਆ ਜਾ ਸਕਦਾ ਹੈ, ਜਿੰਨ੍ਹਾਂ ਨੇ ਆਪਣੇ ਤੋਂ ਪਹਿਲਾਂ ਰਚੇ ਜਾ ਚੁੱਕੇ ਸਾਹਿਤ ਦੀ ਪਰਖ ਅਤੇ ਚੋਣ ਕੀਤੀ। ਇਸ ਉਪਰੰਤ ਗੁਰੂ ਅਰਜਨ ਦੇਵ ਜੀ ਨੂੰ ਵੀ ਪੰਜਾਬੀ ਦਾ ਮੁਢਲਾ ਆਲੋਚਕ ਆਖਿਆ ਜਾ ਸਕਦਾ ਹੈ, ਜਿੰਨ੍ਹਾਂ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਸਿੱਖ ਗੁਰੂਆਂ ਅਤੇ ਅਨੇਕਾਂ

ਸੂਫ਼ੀ ਕਵੀਆਂ, ਸੰਤ ਅਤੇ ਭਗਤ ਕਵੀਆਂ ਦੀ ਬਾਣੀ ਨੂੰ ਇਕੱਤਰ ਕੀਤਾ। ਇਸ ਸਾਰੀ ਬਾਣੀ ਦੇ ਅਧਿਐਨ ਉਪਰੰਤ ਇਸ ਦੀ ਚੋਣ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਯਤਨ ਕੀਤਾ। ਉਹਨਾਂ ਦੀ ਆਲੋਚਨਾਤਮਕ ਬਿਰਤੀ ਦੇ ਪ੍ਰਮਾਣ ਸਾਨੂੰ ਸਪੱਸ਼ਟ ਰੂਪ ਵਿਚ ਪ੍ਰਾਪਤ ਹੁੰਦੇ ਹਨ; ਜਦੋਂ ਉਹਨਾਂ ਨੇ ਬਹੁਤ ਸਾਰੇ ਸੂਫ਼ੀ ਕਵੀਆਂ, ਜਿੰਨ੍ਹਾਂ ਵਿਚ ਸ਼ਾਹ ਹੁਸੈਨ ਪ੍ਰਮੁੱਖ ਸੀ, ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਪ੍ਰਕਾਰ ਉਹਨਾਂ ਨੇ ਆਪਣੀ ਆਲੋਚਨਾਤਮਕ ਸੂਝ ਦਾ ਪ੍ਰਗਟਾਵਾ ਬਾਣੀਆਂ ਦੀ ਚੋਣ ਅਤੇ ਇਹਨਾਂ ਦੀ ਸੰਪਾਦਨਾਂ ਸਮੇਂ ਕੀਤਾ।

ਪੰਜਾਬੀ ਦੇ ਕੁਝ ਕਿੱਸਾ ਕਵੀ ਵੀ ਸਾਡੇ ਸਾਹਮਣੇ ਆਲੋਚਕਾਂ ਦੇ ਰੂਪ ਵਿਚ ਆਉਂਦੇ ਹਨ, ਜਿੰਨ੍ਹਾਂ ਨੇ ਆਪਣੇ ਤੋਂ ਪਹਿਲਾਂ ਲਿਖੇ ਜਾ ਚੁੱਕੇ ਕਿੱਸੇ ਅਤੇ ਆਪਣੇ ਸਮਕਾਲੀ ਕਿੱਸਾ ਲੇਖਕਾਂ ਉਤੇ ਆਲੋਚਨਾਤਮਕ ਟਿੱਪਣੀਆਂ ਪ੍ਰਸਤੁਤ ਕੀਤੀਆਂ। ਹਾਫ਼ਿਜ਼ ਬਰਖ਼ੁਰਦਾਰ ਪੰਜਾਬੀ ਦਾ ਅਜਿਹਾ ਹੀ ਕਿੱਸਾ ਕਵੀ ਸੀ, ਜਿਸ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਕਵੀ ਪੀਲੂ ਦੀ ਰਚਨਾ ਉਤੇ ਪ੍ਰਸ਼ੰਸਾਤਮਕ ਟਿੱਪਣੀ ਪੇਸ਼ ਕੀਤੀ :

> ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਨ
> ਉਹਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀ ਦਸਤ ਧਰੇਨ।

ਇਸੇ ਪ੍ਰਕਾਰ ਇਕ ਹੋਰ ਸਮਕਾਲੀ ਕਵੀ ਅਹਿਮਦ ਯਾਰ ਨੇ ਵੀ ਪੀਲੂ ਦੀ ਰਚਨਾ ਉਤੇ ਆਪਣੀ ਟਿੱਪਣੀ ਪੇਸ਼ ਕੀਤੀ ਹੈ :

> ਪੀਲੂ ਨਾਲ ਨਾ ਰੀਸ ਕਿਸੇ ਦੀ
> ਉਸ ਵਿਚੋਂ ਸੋਜ਼ ਅਲਿਹਦੀ।

ਇਸੇ ਪ੍ਰਕਾਰ ਇਕ ਹੋਰ ਸਮਕਾਲੀ ਕਿੱਸਾ ਕਵੀ ਅਹਿਮਦ ਯਾਰ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਕਵੀ ਵਾਰਸ ਸ਼ਾਹ ਬਾਰੇ ਆਪਣੀ ਰਚਨਾ ਵਿਚ ਇਸ ਪ੍ਰਕਾਰ ਯਤਨ ਕੀਤਾ ਹੈ :

> ਵਾਰਸ ਸ਼ਾਹ ਜੰਡਿਆਲੇ ਵਾਲੇ ਵਾਹ ਵਾਹ ਹੀਰ ਬਣਾਈ
> ਮੈਂ ਵੀ ਰੀਸ ਉਸੇ ਦੀ ਕੀਤੀ ਲਿਖੀ ਤੋੜ ਨਿਭਾਈ।

ਇਸ ਤੋਂ ਇਲਾਵਾ ਕੁਝ ਹੋਰ ਕਿੱਸਾਕਾਰਾਂ ਜਿਵੇਂ ਹਾਮਦ ਅਤੇ ਮੁਹੰਮਦ ਬਖ਼ਸ਼ ਆਦਿ ਨੇ ਵੀ ਆਪਣੇ ਪੂਰਬਕਾਲੀ ਅਤੇ ਸਮਕਾਲੀ ਲੇਖਕਾਂ ਅਤੇ ਉਹਨਾਂ ਦੀਆਂ ਰਚਨਾਵਾਂ ਬਾਰੇ ਟਿੱਪਣੀਆਂ ਪ੍ਰਸਤੁਤ ਕੀਤੀਆਂ, ਪਰੰਤੂ ਇਹ ਆਲੋਚਨਾ ਸਿਰਫ਼ ਪ੍ਰਸ਼ੰਸਾ ਹੀ ਹੋ ਨਿੱਬੜੀ। ਕਿਸੇ ਵੀ ਲੇਖਕ ਨੂੰ ਇਹਨਾਂ ਰਚਨਾਵਾਂ ਸਬੰਧੀ ਆਲੋਚਨਾਤਮਕ ਹੋਣ ਦਾ ਯਤਨ ਨਹੀਂ ਕੀਤਾ।

20ਵੀਂ ਸਦੀ ਦੇ ਆਰੰਭ ਵਿਚ ਅੰਗਰੇਜ਼ੀ ਰਾਜ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਆਲੋਚਨਾ ਦਾ ਮੁੱਢ ਬੰਨ੍ਹਿਆ ਜਾਂਦਾ ਆਰੰਭ ਹੋਇਆ। ਉਸ ਸਮੇਂ ਬਹੁਤ ਸਾਰਾ ਪੰਜਾਬੀ ਸਾਹਿਤ ਲੋਕਾਂ ਦੀਆਂ ਨਜ਼ਰਾਂ ਵਿਚ ਨਹੀਂ ਆਇਆ ਸੀ। ਆਮ ਪਾਠਕਾਂ ਦੇ ਮਨ ਵਿਚ ਲੇਖਕ ਅਤੇ ਉਹਨਾਂ ਦੀਆਂ ਰਚਨਾਵਾਂ ਬਾਰੇ ਬਹੁਤ ਭੁਲੇਖੇ ਹਨ। ਦੂਜੀਆਂ ਭਾਸ਼ਾਵਾਂ ਵਿਚ ਜੋ ਸਾਹਿਤਕ ਖੋਜ ਦਾ ਕੰਮ ਹੋ ਰਿਹਾ ਸੀ, ਉਸ ਅਧੀਨ ਪੰਜਾਬੀ ਵਿਚ ਵੀ ਸਾਹਿਤਕ ਖੋਜ ਦਾ ਆਰੰਭ ਹੋਇਆ। ਮੀਆਂ ਮੌਲਾ ਬਖ਼ਸ਼ ਕੁਸ਼ਤਾ, ਬਾਵਾ ਬੁੱਧ ਸਿੰਘ ਅਤੇ ਡਾ.ਮੋਹਨ ਸਿੰਘ ਦੀਵਾਨਾ ਇਸ ਪੜਾ ਉਤੇ ਕੰਮ ਕਰਨ ਵਾਲੇ ਸਨ। ਇਸ ਪਰੰਪਰਾ ਨੂੰ ਪ੍ਰੋ.ਪ੍ਰੀਤਮ ਸਿੰਘ ਅਤੇ ਪਿਆਰਾ ਸਿੰਘ ਪਦਮ ਨੇ ਅੱਗੇ ਤੋਰਨ ਦਾ ਯਤਨ ਕੀਤਾ।

ਮੌਲਾ ਬਖ਼ਸ਼ ਕੁਸ਼ਤਾ ਮੂਲ ਰੂਪ ਵਿਚ ਪੰਜਾਬੀ ਦੇ ਕਵੀ ਸਨ। ਉਹਨਾਂ ਨੇ ਹੀਰ ਰਾਂਝਾ ਕਿੱਸੇ ਦੀ ਰਚਨਾ ਵੀ ਕੀਤੀ। 1932 ਵਿਚ 'ਪੰਜਾਬ ਦੇ ਹੀਰੇ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕਰਵਾਈ, ਜਿਸ ਵਿਚ ਬਾਬਾ ਫ਼ਰੀਦ ਤੋਂ ਲੈ ਕੇ 18ਵੀਂ ਸਦੀ ਦੇ ਕੁਝ ਮਹੱਤਵਪੂਰਨ ਕਵੀਆਂ ਦੇ ਜੀਵਨ ਅਤੇ ਰਚਨਾ ਦਾ ਸੰਖੇਪ ਵੇਰਵਾ ਪ੍ਰਸਤੁਤ ਕੀਤਾ ਗਿਆ। 1947 ਤੋਂ ਬਾਅਦ ਇਕ ਹੋਰ ਪੁਸਤਕ ਉਤੇ ਉਹਨਾਂ ਨੇ ਕੰਮ ਕੀਤਾ। ਇਸ ਪੁਸਤਕ ਦਾ ਨਾਂ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਸੀ। ਕੁਸ਼ਤਾ ਜੀ ਦੀਆਂ ਇਹ ਦੋਵੇਂ ਪੁਸਤਕਾਂ ਪੰਜਾਬੀ ਦੇ ਖਿਲਰੇ ਹੋਏ ਸਾਹਿਤ ਨੂੰ ਸਾਂਭਣ ਦਾ ਉਪਰਾਲਾ ਹੀ ਸਨ। ਇਹਨਾਂ ਪੁਸਤਕਾਂ ਵਿਚ ਆਲੋਚਨਾ ਵਰਗੀ ਕੋਈ ਬਹੁਤੀ ਗੱਲ ਨਹੀਂ ਸੀ। ਇਹਨਾਂ ਨੇ ਆਪਣੇ ਤੋਂ ਬਾਅਦ ਅਗਲੇ ਖੋਜੀਆਂ ਅਤੇ ਆਲੋਚਕਾਂ ਲਈ ਭੂਮਿਕਾ ਤਿਆਰ ਕੀਤੀ।

ਬਾਵਾ ਬੁੱਧ ਸਿੰਘ ਇਸ ਕਾਲ ਦੇ ਇਕ ਹੋਰ ਪੰਜਾਬੀ ਆਲੋਚਕ ਸਨ, ਜਿੰਨ੍ਹਾਂ ਨੇ ਰਚਨਾਤਮਕ ਸਾਹਿਤ ਤੋਂ ਇਲਾਵਾ 'ਹੰਸ ਚੋਗ' (1914), 'ਕੋਇਲ ਕੂ' (1916), 'ਬੰਬੀਹਾ ਬੋਲ' (1925) ਆਦਿ ਪੁਸਤਕਾਂ ਦੀ ਰਚਨਾ ਕੀਤੀ। ਇਹ ਪੁਸਤਕਾਂ ਉਸ ਸਮੇਂ ਤਕ ਪ੍ਰਾਪਤ ਹੁੰਦੇ ਲਿਖਤੀ ਅਤੇ ਹੱਥ ਲਿਖਤ ਸਾਹਿਤ ਦਾ ਆਲੋਚਨਾਤਮਕ ਵਰਣਨ ਪੇਸ਼ ਕਰਦੀਆਂ ਹਨ। ਉਹਨਾਂ ਬਹੁਤ ਸਾਰੀਆਂ ਹੱਥ ਲਿਖਤ ਰਚਨਾਵਾਂ ਨੂੰ ਲੱਭ ਕੇ ਉਹਨਾਂ ਉਪਰ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਪ੍ਰਸਤੁਤ ਕੀਤੀਆਂ। ਇਸ ਦੇ ਨਾਲ ਨਾਲ ਉਹਨਾਂ ਨੇ ਪਹਿਲੀ ਵਾਰ ਪੰਜਾਬੀ ਸਾਹਿਤ ਕਾਲ-ਵੰਡ ਪ੍ਰਸਤੁਤ ਕੀਤੀ, ਜਿਸ ਵਿਚ ਉਹਨਾਂ ਨੇ ਉਸ ਸਮੇਂ ਤਕ ਦੇ ਪ੍ਰਾਪਤ ਪੰਜਾਬੀ ਸਾਹਿਤ ਨੂੰ ਤਿੰਨ ਪ੍ਰਮੁੱਖ ਹਿੱਸਿਆਂ ਵਿਚ ਵੰਡਣ ਦਾ ਯਤਨ ਕੀਤਾ।

ਡਾ.ਮੋਹਨ ਸਿੰਘ ਦੀਵਾਨਾ ਇਸ ਕਾਲ ਦੇ ਤੀਜੇ ਪ੍ਰਮੁੱਖ ਵਿਅਕਤੀ ਸਨ। ਉਹ ਪੰਜਾਬੀ ਸਾਹਿਤ ਦੇ ਖੇਤਰ ਵਿਚ ਬਹੁਪੱਖੀ ਵਿਦਵਤਾ ਲੈ ਕੇ ਆਏ। ਉਹ ਅਰਬੀ, ਫ਼ਾਰਸੀ, ਉਰਦੂ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਚੰਗੇ ਗਿਆਤਾ ਸਨ। ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਪਹਿਲੀ ਵਾਰ ਉਹਨਾਂ ਨੇ ਵਿਗਿਆਨਕ ਵਿਧੀ ਨਾਲ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਿਆ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਦੇ ਮੂਲ ਪਾਠ ਨਿਰਧਾਰਤ ਕੀਤੇ। ਇਹਨਾਂ ਦੀਆਂ ਰਚਨਾਵਾਂ ਵਿਚ ਆਲੋਚਨਾਤਮਕ ਵਿਧੀਆਂ ਦੀ ਜਾਣ-ਪਛਾਣ ਸਥਾਪਤ ਹੋਣੀ ਸ਼ੁਰੂ ਹੋ ਗਈ ਸੀ।

ਇਸ ਤੋਂ ਅਗਲੀ ਪੀੜ੍ਹੀ ਵਿਚ ਪ੍ਰੋ.ਪ੍ਰੀਤਮ ਸਿੰਘ ਪ੍ਰਮੁੱਖ ਖੋਜੀ ਅਤੇ ਆਲੋਚਕ ਹਨ; ਜਿੰਨ੍ਹਾਂ ਦੀ ਸੋਚ ਅਤੇ ਕੰਮ ਵਿਚ ਬੜਾ ਸੰਤੁਲਨ ਹੈ। ਉਹਨਾਂ ਨੇ ਕਾਫੀ ਸਾਰੀਆਂ ਦੁਰਲੱਭ ਪੁਸਤਕਾਂ ਸੰਪਾਦਤ ਕੀਤੀਆਂ ਅਤੇ ਉਹਨਾਂ ਦਾ ਪ੍ਰਕਾਸ਼ਨ ਕਰਵਾਇਆ। ਪਿਆਰਾ ਸਿੰਘ ਪਦਮ ਵੀ ਉਹਨਾਂ ਦੇ ਸਮਕਾਲੀ ਹੋਰ ਆਲੋਚਕ ਹਨ, ਜਿੰਨ੍ਹਾਂ ਨੇ ਡਾ.ਮੋਹਨ ਸਿੰਘ ਦੀਵਾਨਾ ਦੀ ਪਰੰਪਰਾ ਨੂੰ ਅੱਗੇ ਤੋਰਿਆ ਅਤੇ ਪੰਜਾਬੀ ਦਾ ਬਹੁਤ ਸਾਰਾ ਸਾਹਿਤ ਲੱਭ ਕੇ ਉਹਨਾਂ ਦੇ ਮੂਲ ਪਾਠਾਂ ਨੂੰ ਸੋਧ ਕੇ ਸੰਪਾਦਤ ਕੀਤਾ। ਜਿਵੇਂ ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਂਹ, ਆਸਨ ਰਚਨਾਵਲੀ, ਸ਼ਾਹ ਹੁਸੈਨ ਰਚਨਾਵਲੀ, ਸਾਈਂ ਬੁੱਲ੍ਹੇ ਸ਼ਾਹ। ਇਸ ਸਮੇਂ ਡਾ.ਹਰਨਾਮ ਸਿੰਘ ਸ਼ਾਨ, ਪਿਆਰਾ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਇਸ ਕਾਲ ਦੇ ਹੋਰ ਆਲੋਚਕ ਹਨ।

ਇਸ ਸਮੇਂ ਪ੍ਰੋ.ਪੂਰਨ ਸਿੰਘ ਨੇ ਆਪਣੀਆਂ ਵਾਰਤਕ ਰਚਨਾਵਾਂ ਵਿਚ ਕੁਝ ਨਿਬੰਧ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਲਿਖੇ। ਇਹਨਾਂ ਵਿਚੋਂ ਕਵਿਤਾ ਕਵੀ ਦਾ ਦਿਲ, ਆਰਟ, ਪੰਜਾਬੀ ਸਾਹਿਤ ਪਰਕਟਾਖਯ ਆਦਿ

ਪ੍ਰਮੁੱਖ ਹਨ। ਇਹਨਾਂ ਲੇਖਾਂ ਵਿਚ ਉਹਨਾਂ ਨੇ ਪੰਜਾਬੀ ਵਿਚ ਪ੍ਰਚੱਲਿਤ ਕੁਝ ਸੰਕਲਪ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਅਤੇ ਸਾਹਿਤ ਰਚਨਾ ਨਾਲ ਸਬੰਧਤ ਕੁਝ ਮੂਲ ਤੱਤਾਂ ਉਤੇ ਟੀਕਾ ਟਿੱਪਣੀ ਕਰਨ ਦਾ ਯਤਨ ਕੀਤਾ।

ਪੰਜਾਬੀ ਆਲੋਚਨਾ ਦੇ ਖੇਤਰ ਵਿਚ ਉਪਰੋਕਤ ਵਿਅਕਤੀਆਂ ਤੋਂ ਬਾਅਦ ਜਿਸ ਵਿਅਕਤੀ ਨੇ ਸਭ ਤੋਂ ਵੱਧ ਪ੍ਰਸ਼ੰਸਾਤਮਕ ਆਲੋਚਨਾ ਨੂੰ ਚਲਾਉਣ ਦਾ ਯਤਨ ਕੀਤਾ, ਉਹ ਪ੍ਰਿੰ.ਤੇਜਾ ਸਿੰਘ ਸੀ। 1920 ਵਿਚ ਪੰਜਾਬੀ ਵਿਚ ਚੱਲੀ ਅਕਾਲੀ ਲਹਿਰ ਨੇ ਪੰਜਾਬ ਦੇ ਰਾਜਨੀਤਕ ਅਤੇ ਸਭਿਆਚਾਰਕ ਜੀਵਨ ਵਿਚ ਹਲਚਲ ਪੈਦਾ ਕਰ ਦਿੱਤੀ। ਵਿਦਿਆ ਦਾ ਪਸਾਰਾ ਤੇਜ਼ੀ ਨਾਲ ਹੋਣ ਲੱਗਾ। ਨਵੇਂ ਨਵੇਂ ਲੇਖਕ ਸਾਹਮਣੇ ਆਏ, ਜਿੰਨ੍ਹਾਂ ਨੇ ਪੰਜਾਬੀ ਜੀਵਨ ਵਿਚ ਪੈਦਾ ਹੋ ਰਹੀਆਂ ਨਵੀਆਂ ਨਵੀਆਂ ਸਮੱਸਿਆਵਾਂ ਉਤੇ ਲਿਖਣਾ ਆਰੰਭ ਕੀਤਾ। ਅਜਿਹੀ ਸਥਿਤੀ ਵਿਚ ਆਲੋਚਕਾਂ ਦੀ ਲੋੜ ਵੀ ਪੈਦਾ ਹੋਈ ਜੋ ਇਹਨਾਂ ਨਵੇਂ ਪੈਦਾ ਹੋ ਰਹੇ ਲੇਖਕਾਂ ਨੂੰ ਦਿਸ਼ਾ-ਨਿਰਦੇਸ਼ ਦੇ ਸਕੇ। ਪ੍ਰਿੰ.ਤੇਜਾ ਸਿੰਘ ਇਹਨਾਂ ਆਲੋਚਕਾਂ ਵਿਚੋਂ ਪ੍ਰਮੁੱਖ ਸਨ। ਮੂਲ ਰੂਪ ਵਿਚ ਉਹ ਇਕ ਕਾਲਜ ਅਧਿਆਪਕ ਸਨ ਪਰ ਉਹਨਾਂ ਨੂੰ ਕਾਲਜ ਦੇ ਸੀਮਿਤ ਵਾਤਾਵਰਨ ਵਿੱਚੋਂ ਨਿੱਕਲ ਕੇ ਸਭਿਆਚਾਰਕ ਖੇਤਰ ਵਿਚ ਵਿਚਰਨ ਦਾ ਉਪਰਾਲਾ ਕੀਤਾ। ਸਿੱਖ ਧਰਮ ਦੀ ਵਿਆਖਿਆ ਨਵੇਂ ਦ੍ਰਿਸ਼ਟੀਕੋਣ ਤੋਂ ਕਰਕੇ ਅੰਗਰੇਜ਼ੀ ਵਿਚ ਇਸ ਬਾਰੇ ਕਈ ਪੁਸਤਕਾਂ ਲਿਖੀਆਂ। ਪੰਜਾਬੀ ਸਾਹਿਤ ਨਾਲ ਉਸ ਦਾ ਰਿਸ਼ਤਾ ਦੋ ਪ੍ਰਕਾਰ ਦਾ ਹੈ। ਇਕ ਪੰਜਾਬੀ ਵਾਰਤਕ ਲੇਖਕ ਦੇ ਤੌਰ 'ਤੇ ਅਤੇ ਦੂਜਾ ਪੰਜਾਬੀ ਆਲੋਚਕ ਦੇ ਤੌਰ 'ਤੇ। ਉਸ ਨੇ ਸਾਹਿਤ ਦੇ ਵੱਖ ਵੱਖ ਖੇਤਰਾਂ ਉਤੇ ਆਪਣੀ ਸੁਤੰਤਰ ਸ਼ੈਲੀ ਵਿਚ ਬਹੁਤ ਸਾਰੇ ਲੇਖ ਲਿਖੇ। ਪੰਜਾਬੀ ਭਾਸ਼ਾ ਦੇ ਪਿਛੋਕੜ ਤੋਂ ਲੈ ਕੇ ਬਾਬਾ ਫ਼ਰੀਦ ਦੀ ਰਚਨਾ ਤਕ ਅਤੇ ਆਧੁਨਿਕ ਯੁੱਗ ਵਿਚ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਤਕ ਉਸ ਨੇ ਆਪਣੀਆਂ ਆਲੋਚਨਾਤਮਕ ਟਿੱਪਣੀਆਂ ਪ੍ਰਸਤੁਤ ਕੀਤੀਆਂ। ਉਸ ਨੇ ਪੰਜਾਬੀ ਦੇ ਬਹੁਤ ਸਾਰੇ ਨਵੇਂ ਲੇਖਕਾਂ ਨੂੰ ਲੋਕਾਂ ਨਾਲ ਪ੍ਰੀਚਿਤ ਕਰਵਾਇਆ। ਅੰਮ੍ਰਿਤਾ ਪ੍ਰੀਤਮ, ਪ੍ਰੋ.ਮੋਹਨ ਸਿੰਘ ਅਤੇ ਨਾਨਕ ਸਿੰਘ ਨਾਵਲਕਾਰ ਵਰਗੇ ਵੱਡੇ ਲੇਖਕਾਂ ਨੂੰ ਪੰਜਾਬੀ ਪਾਠਕ ਜਗਤ ਨਾਲ ਪ੍ਰੀਚਿਤ ਕਰਵਾਉਣ ਵਾਲਾ ਉਹ ਇਕੱਲਾ ਹੀ ਲੇਖਕ ਸੀ।

### ਮਾਰਕਸਵਾਦੀ ਪ੍ਰਗਤੀਵਾਦੀ ਅੰਦੋਲਨ

ਪੰਜਾਬੀ 1940 ਤੋਂ 1960 ਤਕ ਦਾ ਸਮਾਂ ਆਲੋਚਨਾ ਦੇ ਖੇਤਰ ਵਿਚ ਮਹੱਤਵਪੂਰਨ ਸਮਾਂ ਮੰਨਿਆ ਜਾਂਦਾ ਹੈ। ਜਦੋਂ ਪੰਜਾਬੀ ਆਲੋਚਨਾ ਨੂੰ ਸਮੁੱਚੇ ਭਾਰਤ ਵਿਚ ਚੱਲ ਰਹੀ ਪ੍ਰਗਤੀਸ਼ੀਲ ਲਹਿਰ ਨੇ ਪ੍ਰਭਾਵ ਗ੍ਰਹਿਣ ਕੀਤਾ। ਇਸ ਸਮੇਂ ਤਕ ਰੂਸ ਵਿਚ ਮਾਰਕਸਵਾਦ ਪੂਰੀ ਤਰ੍ਹਾਂ ਪ੍ਰਚੱਲਿਤ ਹੋ ਚੁੱਕਿਆ ਸੀ। ਕਾਰਲ ਮਾਰਕਸ ਦੀਆਂ ਲਿਖਤਾਂ, ਸਾਹਿਤ ਅਤੇ ਕਲਾ ਬਾਰੇ ਉਸ ਦੇ ਵਿਚਾਰ ਪੂਰੀ ਦੁਨੀਆਂ ਵਿਚ ਪ੍ਰਚੱਲਿਤ ਹੋ ਚੁੱਕੇ ਸਨ। ਪੰਜਾਬ ਵਿਚ ਬਹੁਤ ਸਾਰੇ ਪੰਜਾਬੀ ਦੇ ਆਲੋਚਕ ਪੈਦਾ ਹੋਏ, ਜਿੰਨ੍ਹਾਂ ਨੇ ਮਾਰਕਸਵਾਦੀ ਵਿਚਾਰਾਂ ਨੂੰ ਪ੍ਰਗਟਾਉਂਦਿਆਂ ਰਚਨਾਵਾਂ ਪੇਸ਼ ਕੀਤੀਆਂ। ਇਹਨਾਂ ਰਚਨਾਵਾਂ ਦਾ ਮੁਲਾਂਕਣ ਕਿਉਂਕਿ ਰਵਾਇਤੀ ਆਲੋਚਨਾ ਵਿਧੀਆਂ ਰਾਹੀਂ ਸੰਭਵ ਨਹੀਂ ਸੀ। ਇਸ ਲਈ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਹਰਮਨ ਪਿਆਰੀ ਹੋਈ। ਪ੍ਰਿੰ.ਸੰਤ ਸਿੰਘ ਸੇਖੋਂ ਪਹਿਲਾ ਅਜਿਹਾ ਆਲੋਚਕ ਸੀ, ਜਿਸ ਨੇ ਮਾਰਕਸਵਾਦੀ ਸਾਹਿਤ ਸਿਧਾਂਤ ਅਤੇ ਮਾਰਕਸਵਾਦੀ ਫਲਸਫੇ ਦੀ ਵਿਆਖਿਆ ਕੀਤੀ ਅਤੇ ਇਹਨਾਂ ਸਿਧਾਂਤਾਂ ਨੂੰ ਪੰਜਾਬੀ ਦੀਆਂ ਪੂਰਬ ਪ੍ਰਚੱਲਿਤ ਸਾਹਿਤ ਰਚਨਾਵਾਂ ਅਤੇ ਸਮਕਾਲੀ

ਸਾਹਿਤ ਉਤੇ ਲਾਗੂ ਕਰਨ ਦਾ ਯਤਨ ਕੀਤਾ। ਸੰਤ ਸਿੰਘ ਸੇਖੋਂ ਨੇ ਆਲੋਚਨਾ ਦੇ ਸਿਧਾਂਤ ਨਿਰਧਾਰਤ ਕਰਦਿਆਂ ਪ੍ਰਸਿੱਧ ਚਾਰ ਪੁਸਤਕਾਂ ਦੀ ਰਚਨਾ ਕੀਤੀ :

1. ਸਾਹਿਤਆਰਥ
2. ਕਾਵਿ ਸ਼੍ਰੋਮਣੀ
3. ਪ੍ਰਸਿੱਧ ਪੰਜਾਬੀ ਕਵੀ
4. ਭਾਈ ਵੀਰ ਸਿੰਘ ਅਤੇ ਉਹਨਾਂ ਦਾ ਯੁੱਗ

ਸੇਖੋਂ ਨੇ ਜਿੱਥੇ ਭਾਰਤੀ ਅਤੇ ਪੱਛਮੀ ਸਾਹਿਤ ਦੀ ਤਕਨੀਕ ਨੂੰ ਵਰਤਣ ਕੀਤਾ, ਉਥੇ ਮਾਰਕਸਵਾਦੀ ਵਿਚਾਰਾਂ ਅਨੁਸਾਰ ਵੀ ਆਲੋਚਨਾ ਕੀਤੀ। ਉਹ ਹਰ ਰਚਨਾ ਦੇ ਅਧਿਐਨ ਸਮੇਂ ਉਸ ਦੇ ਲੇਖਕ ਦੀ ਸ਼ਖ਼ਸੀਅਤ ਸਮਾਜ ਵਿਚ ਉਸ ਦਾ ਵਰਗ, ਉਹ ਲੇਖਕ ਜਿਸ ਆਰਥਿਕ, ਸਮਾਜਿਕ, ਰਾਜਨੀਤਿਕ ਪ੍ਰਬੰਧ ਵਿਚ ਵਿਚਰ ਰਿਹਾ ਹੈ, ਉਸ ਪ੍ਰਬੰਧ ਦਾ ਵਿਸ਼ਲੇਸ਼ਣ ਆਦਿ ਵਰਗੀਆਂ ਗੱਲਾਂ ’ਤੇ ਪੂਰਾ ਜ਼ੋਰ ਦਿੱਤਾ।

ਪ੍ਰੋ.ਕਿਸ਼ਨ ਸਿੰਘ ਅਤੇ ਡਾ.ਅਤਰ ਸਿੰਘ ਦੋ ਹੋਰ ਪੰਜਾਬੀ ਦੇ ਪ੍ਰਸਿੱਧ ਆਲੋਚਕ ਹਨ। ਉਹਨਾਂ ਨੇ ਇਸ ਦ੍ਰਿਸ਼ਟੀਕੋਣ ਤੋਂ ਆਲੋਚਨਾ ਦੀ ਪਰੰਪਰਾ ਅੱਗੇ ਤੋਰਨ ਦਾ ਯਤਨ ਕੀਤਾ। ਪ੍ਰੋ.ਕਿਸ਼ਨ ਸਿੰਘ ਦਾ ਇਕ ਲੰਬਾ ਨਿਬੰਧ ‘ਯਥਾਰਥਵਾਦ’ ਅਤੇ ‘ਸਾਹਿਤ ਦੇ ਸੋਮੇ’ ਨਾਂ ਦੀਆਂ ਪੁਸਤਕਾਂ ਪ੍ਰਸਿੱਧ ਹਨ, ਜਿਸ ਵਿਚ ਉਸ ਨੇ ਪੰਜਾਬੀ ਦੇ ਵਧੀਆ ਸਾਹਿਤ ਦਾ ਮੁਲਾਂਕਣ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਕੀਤਾ।

ਡਾ.ਅਤਰ ਸਿੰਘ ਇਸੇ ਆਲੋਚਨਾ ਪਰੰਪਰਾ ਦੇ ਹੋਰ ਆਲੋਚਕ ਹਨ। ਇਹਨਾਂ ਨੂੰ ਸੰਤ ਸਿੰਘ ਸੇਖੋਂ ਦਾ ਉਤਰਾਧਿਕਾਰੀ ਵੀ ਆਖਿਆ ਜਾਂਦਾ ਹੈ। ਉਹਨਾਂ ਨੇ ਪੰਜਾਬੀ ਸਾਹਿਤ ਦੇ ਵੱਖ ਵੱਖ ਪੱਖਾਂ ’ਤੇ ਲੇਖ ਲਿਖੇ ਹਨ, ਜੋ ਉਹਨਾਂ ਦੀਆਂ ਪੁਸਤਕਾਂ ‘ਕਾਵਿ ਅਧਿਐਨ’, ‘ਦ੍ਰਿਸ਼ਟੀਕੋਣ’ ਅਤੇ ‘ਸਮਦਰਸ਼ਨ’ ਵਿਚ ਸ਼ਾਮਲ ਕੀਤੇ ਗਏ, ਮੱਧਕਾਲ ਦਾ ਪੰਜਾਬੀ ਸਾਹਿਤ ਉਹਨਾਂ ਦੇ ਅਧਿਐਨ ਦਾ ਖ਼ਾਸ ਖੇਤਰ ਹੈ। ਪਰੰਤੂ ਉਹਨਾਂ ਨੇ ਆਧੁਨਿਕ ਸਾਹਿਤ ਬਾਰੇ ਉਤੇਜਿਤ ਵਿਚਾਰਾਂ ਨਾਲ ਭਰਪੂਰ ਬਹੁਤ ਸਾਰੇ ਨਿਬੰਧ ਲਿਖੇ ਹਨ। ਉਹਨਾਂ ਨੇ ਪੱਛਮੀ ਅਤੇ ਭਾਰਤੀ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਹੋਇਆ ਹੈ। ਸਮਾਜ ਪ੍ਰਤੀ ਉਹਨਾਂ ਦਾ ਦ੍ਰਿਸ਼ਟੀਕੋਣ ਪ੍ਰਗਤੀਵਾਦੀ ਹੈ। ਉਹਨਾਂ ਨੇ ਅੰਗਰੇਜ਼ੀ ਵਿਚ ਆਲੋਚਨਾਤਮਕ ਨਿਬੰਧ ਲਿਖ ਕੇ ਪੰਜਾਬੀ ਸਾਹਿਤ ਨੂੰ ਪੰਜਾਬੀ ਨਾ ਪੜ੍ਹਨ ਵਾਲੇ ਲੋਕਾਂ ਨਾਲ ਪ੍ਰੀਚਿਤ ਕਰਨ ਦਾ ਵਡਮੁੱਲਾ ਯਤਨ ਕੀਤਾ ਹੈ।

**ਪੰਜਾਬੀ ਆਲੋਚਨਾ ਦੀਆਂ ਨਵੀਨ ਪ੍ਰਵਿਰਤੀਆਂ**

ਪਿਛਲੇ ਕੁਝ ਸਮੇਂ ਵਿਚ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਕੁਝ ਵਿਸ਼ੇਸ਼ ਪਰਿਵਰਤਨ ਵਾਪਰੇ ਹਨ। ਵਿਸ਼ਵ ਪੱਧਰ ਉਤੇ ਹੋ ਰਹੀ ਸਾਹਿਤ ਆਲੋਚਨਾ ਨੂੰ ਪੰਜਾਬੀ ਰਚਨਾ ਸੰਸਾਰ ਉਤੇ ਲਾਗੂ ਕਰਨ ਦਾ ਯਤਨ ਹੋ ਰਿਹਾ ਹੈ ਅਰਥਾਤ ਵਿਸ਼ਵ ਵਿਚ ਆਲੋਚਨਾ ਦੀਆਂ ਜਿਹੜੀਆਂ ਨਵੀਆਂ ਵਿਧੀਆਂ ਪ੍ਰਚੱਲਿਤ ਹੋ ਰਹੀਆਂ ਹਨ, ਉਹਨਾਂ ਅਨੁਸਾਰ ਪੰਜਾਬੀ ਸਾਹਿਤ ਦਾ ਅਧਿਐਨ ਅਤੇ ਮੁਲਾਂਕਣ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਪੰਜਾਬੀ ਵਿਚ ਪ੍ਰਚੱਲਿਤ ਪੁਰਾਣੀ ਅਤੇ ਨਵੀਂ ਆਲੋਚਨਾ ਦੇ ਦਰਮਿਆਨ ਵਿਚ ਇਕ ਨਿਖੇੜ ਪੈਦਾ ਕੀਤਾ ਜਾਵੇ। ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ ਅਤੇ ਡਾ.ਅਤਰ ਸਿੰਘ ਆਦਿ ਬੇਸ਼ੱਕ ਆਧੁਨਿਕ ਯੁੱਗਾਂ

ਦੇ ਆਲੋਚਕ ਹਨ। ਪਰ ਇਸ ਤੋਂ ਬਾਅਦ ਵੀ ਬਿਲਕੁਲ ਨਵੀਂ ਕਿਸਮ ਦੀ ਆਲੋਚਨਾ ਪੰਜਾਬੀ ਵਿਚ ਪ੍ਰਚੱਲਿਤ ਹੋ ਚੁੱਕੀ ਹੈ, ਜਿਸ ਦੇ ਸਨਮੁੱਖ ਇਹ ਸਾਰੇ ਆਧੁਨਿਕ ਆਲੋਚਕ ਪੁਰਾਣੇ ਪੈਂਦੇ ਪ੍ਰਤੀਤ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਆਲੋਚਕਾਂ ਨੇ ਪਹਿਲੀ ਵਾਰ ਸਾਹਿਤ ਰਚਨਾ ਦੇ ਖੇਤਰ ਵਿਚ ਕੁਝ ਮਹੱਤਵਪੂਰਨ ਪ੍ਰਸ਼ਨ ਪੈਦਾ ਕੀਤੇ ਪਰੰਤੂ ਵਿਸ਼ਵ ਆਲੋਚਕਾਂ ਵਿਚ ਜੋ ਨਵਾਂ ਵਿਕਾਸ ਵਾਪਰ ਰਿਹਾ ਹੈ, ਉਸ ਨਾਲ ਉਹ ਆਪਣਾ ਤਾਲਮੇਲ ਕਾਇਮ ਨਹੀਂ ਕਰ ਸਕੇ। ਸਮੁੱਚੇ ਵਿਸ਼ੇ ਵਿਚ ਕੁਝ ਨਵੀਆਂ ਆਲੋਚਨਾ ਵਿਧੀਆਂ ਪੈਦਾ ਹੋਈਆਂ ਹਨ, ਜਿੰਨ੍ਹਾਂ ਨੂੰ ਸੰਰਚਨਾਵਾਦ, ਨਵ-ਮਾਰਕਸਵਾਦ, ਰੂਪਵਾਦ ਅਤੇ ਸ਼ੈਲੀ ਵਿਗਿਆਨ ਆਦਿ ਦਾ ਨਾਂ ਦਿੱਤਾ ਜਾ ਸਕਦਾ ਹੈ। ਇਹਨਾਂ ਸਾਰੀਆਂ ਆਲੋਚਨਾ ਪਦਤੀਆਂ ਨੂੰ ਵਿਹਾਰਕ ਆਲੋਚਨਾ ਆਖਿਆ ਜਾ ਸਕਦਾ ਹੈ। ਅਜਿਹੀ ਆਲੋਚਨਾ ਦਾ ਮੁੱਢ 1970 ਵਿਚ ਡਾ.ਹਰਿਭਜਨ ਸਿੰਘ ਦੀ ਪੁਸਤਕ 'ਅਧਿਐਨ ਤੇ ਅਧਿਆਪਨ' ਤੋਂ ਮੰਨਿਆ ਜਾ ਸਕਦਾ ਹੈ, ਜਿਸ ਵਿਚ ਪਹਿਲੀ ਵਾਰ ਪੁਰਾਣੀ ਆਲੋਚਨਾ ਪਰੰਪਰਾ ਨਾਲੋਂ ਟੁੱਟ ਕੇ ਆਲੋਚਨਾ ਦੀ ਕੋਈ ਨਵੀਂ ਵਿਧੀ ਪੈਦਾ ਹੋਈ ਹੈ, ਜਿਸ ਨੂੰ ਸੰਰਚਨਾਵਾਦ ਦਾ ਨਾਂ ਦਿੱਤਾ ਗਿਆ। ਇਸੇ ਵਿਧੀ ਨੂੰ ਹੋਰ ਸੁਤੰਤਰ ਰੂਪ ਵਿਚ ਪੇਸ਼ ਕਰਦਿਆਂ ਹੋਇਆਂ ਡਾ.ਹਰਿਭਜਨ ਸਿੰਘ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ, ਜਿੰਨ੍ਹਾਂ ਵਿਚ ਪ੍ਰਮੁੱਖ ਇਹ ਹਨ :

1. ਅਧਿਐਨ ਤੇ ਅਧਿਆਪਨ, 2. ਮੁੱਲ ਤੇ ਮੁਲਾਂਕਣ, 3. ਸਾਹਿਤ ਸ਼ਾਸਤਰ, 4. ਪਾਰਗਾਮੀ, 5. ਰੂਪਕੀ, 6. ਰਚਨਾ ਸੰਰਚਨਾ ਆਦਿ ਇਸੇ ਵਿਧੀ ਅਧੀਨ ਇਕ ਹੋਰ ਆਲੋਚਕ ਡਾ.ਤਰਲੋਕ ਸਿੰਘ ਨੇ :

1. ਬਦਲਦੇ ਪਰਿਪੇਖ, 2.ਮਾਨ ਪ੍ਰਤੀਮਾਨ, 3. ਸਾਹਿਤ ਅਧਿਐਨ ਦੀ ਸੰਰਚਨਾਵਾਦੀ ਪ੍ਰਣਾਲੀ ਨਾਂ ਦੀਆਂ ਪੁਸਤਕਾਂ ਲਿਖੀਆਂ। ਇਹਨਾਂ ਪੁਸਤਕਾਂ ਦੇ ਸਾਹਮਣੇ ਆਉਣ ਨਾਲ ਸੰਰਚਨਾਵਾਦ ਦੀ ਆਲੋਚਨਾ ਦੀ ਵਿਧੀ ਵਿਚ ਸੁਤੰਤਰ ਰੂਪ ਵਿਚ ਮਾਨਤਾ ਪ੍ਰਾਪਤ ਹੋ ਗਈ। ਇਸੇ ਪ੍ਰਣਾਲੀ ਅਧੀਨ ਹੀ ਡਾ.ਆਤਮਜੀਤ ਸਿੰਘ, ਡਾ.ਜਸਬੀਰ ਸਿੰਘ ਅਤੇ ਡਾ.ਸਤਿੰਦਰ ਸਿੰਘ ਨੂਰ ਆਦਿ ਨੇ ਇੱਕਾ-ਦੁੱਕਾ ਨਿਬੰਧ ਅਤੇ ਪੁਸਤਕਾਂ ਦੀ ਰਚਨਾ ਕੀਤੀ। ਡਾ.ਸਤਿੰਦਰ ਸਿੰਘ ਨੂਰ ਦੀ ਸੰਪਾਦਨਾ ਹੇਠ '31 ਫਰਵਰੀ' ਨਾਂ ਦਾ ਛੋਟਾ ਜਿਹਾ ਮਾਸਿਕ ਪੱਤਰ ਵੀ ਕਾਫੀ ਸਮਾਂ ਨਿੱਕਲਦਾ ਰਿਹਾ, ਜੋ ਪੂਰੀ ਤਰ੍ਹਾਂ ਪੰਜਾਬੀ ਆਲੋਚਨਾ ਨੂੰ ਸਮਰਪਿਤ ਸੀ। ਇਹਨਾਂ ਸਾਰੇ ਵਿਦਵਾਨਾਂ ਦੇ ਸਾਂਝੇ ਯਤਨ ਕਿਉਂਕਿ ਦਿੱਲੀ ਵਿਚ ਹੋ ਰਹੇ ਸਨ, ਇਸ ਲਈ ਹੌਲੀ ਹੌਲੀ ਇਸ ਸਾਰੀ ਆਲੋਚਨਾ ਨੂੰ ਦਿੱਲੀ ਸਕੂਲ ਦੀ ਆਲੋਚਨਾ ਦਾ ਨਾਂ ਵੀ ਦਿੱਤਾ ਗਿਆ। ਇਸ ਲਈ ਆਲੋਚਨਾ ਦੇ ਸਾਹਮਣੇ ਹੋਣ ਨਾਲ ਨਵੀਂ ਆਲੋਚਨਾਤਮਕ ਭਾਸ਼ਾ ਵੀ ਪ੍ਰਚੱਲਿਤ ਹੋਈ। ਪੱਛਮੀ ਆਲੋਚਨਾ ਵਿਚ ਪ੍ਰਚੱਲਿਤ ਬਹੁਤ ਸਾਰੇ ਸੰਕਲਪ ਭਾਰਤੀ ਅਤੇ ਵਿਸ਼ੇਸ਼ ਕਰ ਪੰਜਾਬੀ ਵਿਦਵਾਨਾਂ ਨੇ ਗ੍ਰਹਿਣ ਕੀਤੇ। ਇਸੇ ਆਲੋਚਨਾ ਪ੍ਰਣਾਲੀ ਨੇ ਗੁਰਮਤਿ ਕਾਵਿ, ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਦੀ ਨਵੇਂ ਸਿਰਿਉਂ ਵਿਆਖਿਆ ਕੀਤੀ। ਪੰਜਾਬ ਵਿਚ ਹੋਰ ਵੀ ਕਾਫ਼ੀ ਸਾਰੇ ਵਿਅਕਤੀ ਇਸ ਵਿਧੀ ਵੱਲ ਰੁਚਿਤ ਹੋਏ; ਜਿੰਨ੍ਹਾਂ ਵਿਚ ਡਾ.ਹਰਜੀਤ ਸਿੰਘ ਗਿੱਲ, ਅਮਰੀਕ ਸਿੰਘ ਪੂਨੀ ਅਤੇ ਅਮਰਜੀਤ ਸਿੰਘ ਗਰੇਵਾਲ ਆਦਿ ਚਰਚਿਤ ਨਾਂ ਹਨ।

ਨਵੀਨ ਪੰਜਾਬੀ ਆਲੋਚਨਾ ਵਿਚ ਪਾਕਿਸਤਾਨੀ ਪੰਜਾਬੀ ਆਲੋਚਕ ਨਜ਼ਮ ਹੁਸੈਨ ਸੱਯਦ ਦੀਆਂ ਪੁਸਤਕਾਂ 'ਸੇਧਾਂ ਤੇ ਸਾਰਾਂ' ਦੇ ਨਿਬੰਧਾਂ ਦੀ ਵੀ ਚਰਚਾ ਕੀਤੀ ਜਾ ਸਕਦੀ ਹੈ। ਉਸ ਨੇ ਇਹਨਾਂ ਦੋਹਾਂ ਪੁਸਤਕਾਂ ਵਿਚ ਸ਼ਾਮਲ ਆਪਣੇ ਨਿਬੰਧਾਂ ਵਿਚ ਪੁਰਾਣੇ ਪੰਜਾਬੀ ਸਾਹਿਤ ਵਿਚ ਕੁਝ ਰਚਨਾਵਾਂ ਅਤੇ ਕਵੀਆਂ ਨੂੰ ਆਧਾਰ ਬਣਾ ਕੇ ਉਹਨਾਂ ਦੀ ਰਚਨਾ ਵਿਚਲੇ ਪ੍ਰਤੀਕਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ 'ਸੇਧਾਂ ਅਤੇ ਸਾਰਾਂ' ਵਿਚ ਕੀਤਾ ਹੈ।

ਨਵੀਂ ਪੰਜਾਬੀ ਆਲੋਚਨਾ ਕੇਵਲ ਇਹਨਾਂ ਆਲੋਚਕਾਂ ਤਕ ਹੀ ਸੀਮਿਤ ਨਹੀਂ, ਸਗੋਂ ਵੱਖਰੇ ਵਿਭਿੰਨ ਖੇਤਰਾਂ ਨਾਲ ਸਬੰਧਤ ਹੋਰ ਨੌਜਵਾਨ ਆਲੋਚਕ ਵੀ ਹਨ। ਇਹਨਾਂ ਵਿਚੋਂ ਕਈਆਂ ਨੇ ਅਜੇ ਬਹੁਤ ਘੱਟ ਲਿਖਿਆ ਹੈ ਪਰੰਤੂ ਉਹਨਾਂ ਪਾਸ ਆਲੋਚਨਾ ਦਾ ਦ੍ਰਿਸ਼ਟੀਕੋਣ ਜ਼ਰੂਰ ਮੌਜੂਦ ਹੈ। ਪ੍ਰਮੁੱਖ ਨਾਂ ਇਸ ਪ੍ਰਕਾਰ ਲਏ ਜਾ ਸਕਦੇ ਹਨ : ਡਾ.ਰਵਿੰਦਰ ਸਿੰਘ ਰਵੀ, ਡਾ.ਜੋਗਿੰਦਰ ਸਿੰਘ ਰਾਹੀ, ਡਾ.ਤੇਜਵੰਤ ਸਿੰਘ ਗਿੱਲ, ਭਗਵਾਨ ਸਿੰਘ ਜੋਸ਼, ਹਰਚਰਨ ਸਿੰਘ ਸੂਫ਼ੀ ਆਦਿ। ਇਹਨਾਂ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਦੇ ਆਲੋਚਕ ਡਾ.ਗੁਰਭਗਤ ਸਿੰਘ ਨੇ ਵੀ ਕੁਝ ਨਵੇਂ ਦ੍ਰਿਸ਼ਟੀਕੋਣ ਤੋਂ ਨਿਬੰਧ ਲਿਖਣ ਦਾ ਯਤਨ ਕੀਤਾ ਹੈ।

– – – – –